ਸਬਦੁ ਗੁਰ ਪੀਰਾ



— ਸੇਵਾ ਸਿੰਘ (ਸੰਤ)

ੴ

ਸਤਿਗੁਰ ਪ੍ਰਸਾਦਿ

ਸਬਦੁ ਗੁਰੁ ਪੀਰਾ

ਕਰਤਾ ਤੇ ਪ੍ਰਕਾਸ਼ਕ :—

ਸੇਵਾ ਸਿੰਘ (ਸੰਤ)

ਗੁਰਦੁਆਰਾ ਰਾਮਪੁਰ ਖੇੜਾ

ਡਾਕ: ਗੜ੍ਹਦੀਵਾਲਾ, ਜਿਲ੍ਹਾ: ਹੁਸ਼ਿਆਰਪੁਰ-144207 (ਪੰਜਾਬ)

ਫੋਨ : 01886-260334

ਸਭ ਹੱਕ ਕਰਤਾ ਦੇ ਰਾਖਵੇਂ ਹਨ।

ਪਹਿਲੀ ਵਾਰ :— ਜੂਨ 2004 (ਤਿੰਨ ਹਜ਼ਾਰ)

ਭੇਟਾ : 125/- ਰੁਪਏ

ਕਰਤਾ ਤੇ ਪ੍ਰਕਾਸ਼ਕ :-
ਸੇਵਾ ਸਿੰਘ (ਸੰਤ)
ਗੁਰਦੁਆਰਾ ਰਾਮਪੁਰ ਖੇੜਾ
ਡਾ: ਗੜ੍ਹਦੀਵਾਲਾ
ਜਿਲਾ:- ਹੁਸ਼ਿਆਰਪੁਰ-144207
ਫੋਨ :- 01886-260334

ਲੇਜ਼ਰ ਟਾਈਪ ਸੈਟਿੰਗ :
ਨਿਊ ਟੈੱਕ ਕੰਪਿਊਟਰ, ਜਲੰਧਰ।

ਟਾਈਟਲ ਡੀਜਾਈਨਿੰਗ :
ਹਰਜੀਤ ਆਰਟਸ ਜਲੰਧਰ।

ਛਾਪਕ :

ਸਬਦੁ ਗੁਰ ਪੀਰਾ

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥
ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ॥

ਸੋਰਠਿ ਮਹਲਾ ੧, (ਪੰਨਾ ੬੩੫)

ਤਤਕਰਾ

ਭਾਗ-1

ਚਾਰ ਸ਼ੁਭ ਗੁਣਾਂ ਦਾ ਗ੍ਰਹਿਣ

ਕੀ? ਕਿੱਥੇ

★ ਪੁਸਤਕ ਪ੍ਰਥਾਇ ਦੋ ਸ਼ਬਦ
★ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਦੀ ਲੋੜ ਕਿਉਂ ਪਈ ? 1
★ ਗੁਰਬਾਣੀ ਧੁਰ ਦਰਗਾਹ ਦਾ ਫੁਰਮਾਨ 4
★ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ 7
(ੳ) ਗੁਰੂ ਗ੍ਰੰਥ ਸਾਹਿਬ ਪ੍ਰਤੀ ਪੱਛਮੀ ਵਿਦਵਾਨਾਂ ਦੀ ਰਾਇ 11
(ਅ) ਸਤਿਗੁਰਾਂ ਖੁਦ ਗੁਰਬਾਣੀ ਦਾ ਸਤਿਕਾਰ ਕਰਨ ਦੇ ਪੂਰਨੇ ਪਾਏ 13
(ੲ) ਗੁਰਬਾਣੀ ਵਿੱਚ ਪ੍ਰਕ੍ਰਿਤੀ ਦੇ ਗੁੱਝੇ ਭੇਦਾਂ ਦੇ ਇਸ਼ਾਰੇ 18
(ਸ) ਗੁਰਬਾਣੀ ਪੜ੍ਹਨ ਤੇ ਸੁਣਨ ਦੀ ਮਹਾਨਤਾ 20
(ਹ) ਗੁਰਬਾਣੀ ਕਿਉਂ ਪੜ੍ਹਨੀ ਹੈ ? 21
★ ਮਨੁੱਖਾ ਜੀਵਨ ਦਾ ਮਨੋਰਥ 27
(ੳ) ਗੁਰਬਾਣੀ ਪੜ੍ਹਨ ਤੇ ਨਾਮ ਜਪਣ ਦਾ ਕਰਮ ਕਿਉਂ ਕਰਨਾ ਹੈ? 32
1. ਸਤਿ (ਸੱਚ) 39
(ੳ) ਸਦੀਵੀ ਹੈ 39
(i) ਆਦਿ ਸਚੁ ॥ 39
(ii) ਜੁਗਾਦਿ ਸਚੁ ॥ 43
(iii) ਹੈ ਭੀ ਸਚੁ ॥ 44
(iv) ਹੋਸੀ ਭੀ ਸਚੁ ॥ 47
(ਅ) ਸੱਚ ਇੱਕ ਹੀ ਹੈ 51
(ੲ) ਸੱਚ ਵਰਗਾ ਸੱਚ ਹੀ ਹੈ 53
(ਸ) ਸੱਚ ਕਦੀ ਘਟਦਾ ਵਧਦਾ ਨਹੀਂ 55
(ਹ) ਸੱਚ ਅਤੇ ਕੂੜ ਇਕੱਠੇ ਨਹੀਂ ਰਹਿ ਸਕਦੇ 58
(ਕ) ਸੱਚ ਨਾਲ ਕਿਵੇਂ ਮਿਲਿਆ ਜਾਵੇ ? 60
(ਖ) ਸੱਚ ਨਾਲੋਂ ਟੁੱਟਣ ਦੇ ਨੁਕਸਾਨ 65
(ਗ) ਸੱਚ ਨਾਲ ਜੁੜਨ ਦੇ ਲਾਭ 73
2. ਸੰਤੋਖ 79
(ੳ) ਸੰਤੋਖ ਦੀ ਪ੍ਰਾਪਤੀ ਕਿਵੇਂ ਹੋਵੇ ? 82
(ਅ) ਜਿਹਨਾਂ ਨੇ ਸੰਤੋਖ ਨੂੰ ਪ੍ਰਾਪਤ ਕਰ ਲਿਆ 84
(ੲ) ਅਧਿਆਤਮਿਕ ਮੰਡਲ ਵਿੱਚ ਸੰਤੋਖ ਦੀ ਮਹਾਨਤਾ 92
★ ਬੇ-ਸੰਤੋਖੀ ਦੀ ਦਸ਼ਾ 103
(ੳ) ਲੋਭੀ ਮਨੁੱਖ ਪਿਆਰ ਹੀਨ ਹੁੰਦਾ ਹੈ 103
(ਅ) ਲੋਭ ਮਨੁੱਖ ਦੇ ਸ਼ੁਭ ਗੁਣਾਂ ਨੂੰ ਕੱਜ ਲੈਂਦਾ ਹੈ 105
(ੲ) ਲੋਭ ਵਿਸ਼ਵਾਸ-ਹੀਨ ਬਣਾ ਦਿੰਦਾ ਹੈ 107
(ਸ) ਲੋਭ ਮਨ ਨੂੰ ਥਿਰ ਨਹੀਂ ਹੋਣ ਦਿੰਦਾ 109
(ਹ) ਲੋਭ ਮਨੁੱਖ ਦਾ ਧਰਮ ਕਰਮ ਵੀ ਵਿਖਾਵੇ ਵਾਲਾ ਬਣਾ ਦਿੰਦਾ ਹੈ 112
(ਕ) ਲੋਭ ਮਨੁੱਖ ਦੀ ਸੁਤੰਤਰਤਾ ਖੋਹ ਲੈਂਦਾ ਹੈ 115
(ਖ) ਲੋਭੀ ਮਨੁੱਖ ਹਮੇਸ਼ਾ ਅਤ੍ਰਿਪਤ ਰਹਿੰਦਾ ਹੈ 117
3. ਸ਼ੁਭ ਵਿਚਾਰ 121
(ੳ) ਵੀਚਾਰ ਕਿੱਥੋਂ ਪ੍ਰਾਪਤ ਹੁੰਦੇ ਹਨ ? 121
— ਪੂਰਬਲੇ ਜਨਮ ਦੇ ਸੰਸਕਾਰਾਂ ਵਿੱਚੋਂ 121
— ਵੀਚਾਰ ਸੰਸਾਰ ਵਿੱਚੋਂ ਪ੍ਰਾਪਤ ਹੁੰਦੇ ਹਨ 123
★ ਆਤਮਾ ਦੀ ਸੂਖਸ਼ਮ ਕੁੱਲੀ, ਗੁੱਲੀ, ਜੁੱਲੀ ਕਿਹੜੀ ਹੈ ? 130
★ ਮਨ ਕੀ ਹੈ ? 135
(ੳ) ਮਨ ਪ੍ਰਤੀ ਮਨੋਵਿਗਿਆਨੀਆਂ ਦੀ ਖੋਜ 139
(ਅ) ਕੀ ਮਨ ਬਦਲਿਆ ਜਾ ਸਕਦਾ ਹੈ ? 140
(ੲ) "ਮਨ ਮੈਲੇ ਸਭੁ ਕਿਛੁ ਮੈਲਾ ॥" 144
(ਸ) ਮਨ ਪਵਿੱਤਰ ਹੋਣਾ ਚਾਹੀਦਾ ਹੈ, ਬਾਣੀ ਪੜ੍ਹਨ ਦੀ ਕੀ ਲੋੜ ਹੈ ? 145
(ਹ) ਸਤਿਗੁਰਾਂ ਨੇ ਕਿਹਨਾਂ ਨੂੰ ਪ੍ਰਵਾਨ ਨਹੀਂ ਕੀਤਾ ? 150
(ਕ) ਗੁਰੂ ਦਰ ਵਿੱਚ ਕੌਣ ਪ੍ਰਵਾਨ ਹੈ ? 155
★ ਮਨ ਪਵਿੱਤਰ ਕਰਨ ਦੇ ਸਾਧਨ 157
(ੳ) ਨਾਮੁ ਜਪੁ ਦੁਆਰਾ ਮਨ ਦੀ ਪਵਿੱਤ੍ਰਤਾ 158
(ਅ) ਸਤਿ-ਸੰਗਤ ਦੁਆਰਾ ਮਨ ਦੀ ਸ਼ੁੱਧੀ 162
★ ਕੁਸੰਗਤ ਤੋਂ ਬਚਣ ਦੀ ਤਾਕੀਦ 167
★ ਗੁਰਮੁਖ ਮਨ ਨੂੰ ਮਾਰਦਾ ਨਹੀਂ, ਸੰਵਾਰਦਾ ਹੈ 173
★ ਮਨ ਨੂੰ ਕਿਵੇਂ ਸੰਵਾਰਨਾ ਹੈ ? 180
★ ਗੁਰਮਤ ਵਿੱਚ ਮਨ ਨੂੰ ਮਾਰਨ ਦਾ ਕੀ ਭਾਵ ਹੈ ? 182
★ ਮਨ ਨੂੰ ਮਿੱਤਰ ਬਣਾ ਕੇ ਕੰਮ ਲੈਣਾ ਹੈ 186
4. ਅੰਮ੍ਰਿਤ ਨਾਮ 191
(ੳ) "ਨਾਨਕ ਕੈ ਘਰਿ ਕੇਵਲ ਨਾਮੁ ॥" 203
(ਅ) ਬਾਰੰ ਬਾਰ ਨਾਮ ਜਪਣ ਦਾ ਉਪਦੇਸ਼ ਕਿਉਂ ਦਿੱਤਾ ਹੈ? 211
(ੲ) ਨਾਮ ਰਸਤਾ ਹੈ 211
(ਸ) ਨਾਮ ਹੀ ਮੰਗ ਹੈ 212
(ਹ) ਨਾਮ ਹੀ ਮੰਜ਼ਲ ਹੈ 214
(ਕ) ਗੁਰਮਤ ਪਾਂਧੀਆਂ ਲਈ ਨਾਮ ਹੀ ਸਭ ਕੁਝ ਹੈ 215
(ਖ) ਨਾਮ ਕਿਉ ਜਪਣਾ ਹੈ? 222
(ਗ) ਨਾਮ ਕਿਸ ਦਾ ਜਪਣਾ ਹੈ? 233

(ਗ) ਨਾਮ ਕਿਸ ਦਾ ਜਪਣਾ ਹੈ? 233
(ਘ) ਨਾਮ ਕਿਸ ਵੇਲੇ ਜਪਣਾ ਹੈ? 248
(ਙ) ਨਾਮ ਕਿਵੇਂ ਜਪਣਾ ਹੈ? 256
(ਚ) ਨਾਮ ਦੀ ਪ੍ਰਾਪਤੀ ਕਿਵੇਂ ਤੇ ਕਿਥੋਂ? 276
(ਛ) ਨਾਮ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ 277
(ਜ) ਜਿਨ੍ਹੀ ਨਾਮ ਧਿਆਇਆ 289

ਭਾਗ-2

ਚਾਰ ਅਉਗਣਾਂ ਦਾ ਤਿਆਗ

1. ਪਹਿਲਾ ਔਗੁਣ-ਵਿਤਕਰਾ (ਨਫਰਤ) 323
(ੳ) ਸਤਿਗੁਰਾਂ ਨੇ ਆਪ ਵਿਤਕਰੇ ਦਾ ਅਭਾਵ ਕਰਨ ਲਈ ਪੂਰਨੇ ਪਾਏ 326
(ਅ) ਉਪਦੇਸ਼ "ਚਹੁ ਵਰਨਾਂ ਕਉ ਸਾਝਾ ॥" 335
(ੲ) ਸੱਚਾ ਮੁਸਲਮਾਨ ਬਣਨ ਲਈ ਉਪਦੇਸ਼ 335
(ਸ) ਸੱਚਾ ਬ੍ਰਾਹਮਣ ਬਣਨ ਲਈ ਉਪਦੇਸ਼ 336
(ਹ) ਸੱਚਾ ਜੋਗੀ ਬਣਨ ਦਾ ਉਪਦੇਸ਼ 339
(ਕ) ਸੱਚਾ ਸਿੱਖ ਬਣਨ ਲਈ ਉਪਦੇਸ਼ 341
(ਖ) ਵੱਖ-ਵੱਖ ਕਿਰਤੀਆਂ ਨੂੰ ਉਪਦੇਸ਼ 344
(ਗ) ਮਨ ਨੂੰ ਸਚਿਆਰ ਬਣਨ ਲਈ ਉਪਦੇਸ਼ 350
(ਘ) ਸਮੁੱਚੇ ਸਰੀਰ ਦੇ ਇੰਦ੍ਰਿਆਂ ਨੂੰ ਉਪਦੇਸ਼ 370
2. ਦੂਸਰਾ ਔਗੁਣ-ਹਉਮੈਂ 378
(ੳ) ਹਉਮੈਂ ਕੀ ਹੈ ਅਤੇ ਇਸ ਦਾ ਤਿਆਗ 378
(ਅ) ਹਉਮੈਂ ਦੇ ਨੁਕਸਾਨ 389
(ੲ) ਹਉਮੈਂ ਤੋਂ ਬਚਣ ਲਈ ਸਾਧਨ 396
★ ਪਹਿਲਾ ਸਾਧਨ-ਸਤਿ-ਸੰਗਤ 396
(i) ਸਤਿ-ਸੰਗਤ ਦੀ ਮਹਾਨਤਾ 396
(ii) ਸਤਿ-ਸੰਗਤ ਵਿੱਚ ਜਾਣ ਲਈ ਕੇਹੋ ਜੇਹੀ ਬਿਰਤੀ ਬਣਾਉਣੀ ਚਾਹੀਦੀ ਹੈ 409
(iii) ਸਤਿ-ਸੰਗਤ ਵਿੱਚ ਬੈਠ ਕੇ ਪਹਿਲਾ ਕਰਮ ਕਰਨਾ ਹੈ "ਹਰਿ ਕਾ ਨਾਮੁ ਧਿਆਇ" (ਨਾਮ ਜਪੁ) 410
(iv) ਸਤਿ-ਸੰਗਤ ਵਿੱਚ ਦੂਸਰਾ ਕਰਮ ਹੈ—ਸੁਣਨ ਦਾ 412
(v) ਸਤਿ-ਸੰਗਤ ਤੋਂ ਬਾਹਰ ਆ ਕੇ ਤੀਸਰਾ ਕਰਮ ਹੈ "ਸਭਨਾਂ ਨੋ ਕਰਿ ਦਾਨੁ" 416
(vi) ਸਤਿ-ਸੰਗਤ ਦੁਆਰਾ ਹਉਮੈਂ ਦੀ ਨਿਰਵਿਰਤੀ 420
★ ਦੂਸਰਾ ਸਾਧਨ-ਨਾਮ-ਜਪੁ ਦੁਆਰਾ ਹਉਮੈਂ ਦਾ ਅਭਾਵ 423
★ ਤੀਸਰਾ ਸਾਧਨ-ਹਉਮੈਂ ਦੀ ਨਿਰਵਿਰਤੀ ਲਈ ਅਰਦਾਸ 428
(i) ਪ੍ਰਭੂ ਦਰ ਸੁਣਵਾਈ ਲਈ "ਮਨ ਤਨੁ ਅਰਪਿ ਧਰਿ" ਦੀ ਲੋੜ ਹੈ 430
(ii) ਗੁਰਬਾਣੀ ਦੁਆਰਾ ਅਰਦਾਸ ਕਰਨ ਦੀ ਅਗਵਾਈ 453
3. ਤੀਸਰਾ ਔਗੁਣ-ਕ੍ਰਿਤ ਦੀ ਉਪਾਸ਼ਨਾ 472
(ੳ) ਕ੍ਰਿਤ ਦਾ ਤਿਆਗ 472
(ਅ) ਕਰਤਾ ਕੌਣ ਹੈ? 474
(ੲ) ਕਰਤੇ ਦੀ ਸਿਫਤਿ ਸਾਲਾਹ ਕਿਉਂ ਕਰਨੀ ਹੈ? 487
(ਸ) ਸਤਿਗੁਰ ਜੀ ਨੇ ਕ੍ਰਿਤ ਦੀ ਸਿਫਤਿ ਸਾਲਾਹ ਕਰਨ ਤੋਂ ਕਿਉਂ ਵਰਜਿਆ ਹੈ? 491
(i) ਕ੍ਰਿਤ ਸੁਤੰਤਰ ਨਹੀਂ 491
(ii) ਕ੍ਰਿਤ ਕਰਤੇ ਦਾ ਪ੍ਰਛਾਵਾਂ ਹੈ 493
(iii) ਮਾਇਆ ਇੱਕ ਛਲ ਹੈ 494
(iv) ਛਲ ਕੀ ਹੈ? 497
(v) ਕ੍ਰਿਤ ਵਿੱਚ ਮਾਇਆ ਦਾ ਰਲੇਵਾਂ ਹੈ 499
4. ਚੌਥਾ ਔਗੁਣ-ਅਤਿ ਖੁਸ਼ੀ ਤੇ ਅਤਿ ਗਮੀ 506
(ੳ) ਅਤਿ ਖੁਸ਼ੀ ਤੇ ਅਤਿ ਗਮੀ 506
(ਅ) ਅਤਿ ਖੁਸ਼ੀ ਦੀ ਮਨਾਹੀ ਕਿਉਂ? 507
(ੲ) ਦੁੱਖਾਂ ਦਾ ਜਨਮ-ਦਾਤਾ ਹੈ—ਵਿਸ਼ੇ ਭੋਗ 513
(ਸ) ਦੁੱਖਾਂ ਦਾ ਦੂਸਰਾ ਕਾਰਣ ਹੈ—ਪ੍ਰਮੇਸਰ ਨੂੰ ਭੁੱਲਣਾ 515
(ਹ) ਅਤਿ ਗਮੀ ਦਾ ਤਿਆਗ ਕਿਉਂ? 521
(ਕ) ਦੁੱਖ ਤੇ ਸੁੱਖ ਨੂੰ ਇੱਕ ਸਮਾਨ ਜਾਣਨ ਦਾ ਉਪਦੇਸ਼ 528
★ ਗੁਰੂ ਗੋਰ 532
(ੳ) ਗੁਰੂ ਗੋਰ ਵਿੱਚ ਸਮਾਈ ਲੈਣ ਵਾਸਤੇ ਸ਼ਰਤਾਂ 532
(ਅ) ਗੁਰੂ ਗੋਰ ਕਿਉਂ ਕਿਹਾ ਹੈ? 533
(ੲ) (ਗੋਰ ਰੂਪੀ) ਗੁਰੂ ਵਿੱਚ ਕਿਹੜੇ-ਕਿਹੜੇ ਗੁਣ ਹਨ? 534
(i) ਪਹਿਲਾ ਗੋਰ ਦਾ ਗੁਣ—ਨਿਥਾਵੇਂ ਦਾ ਥਾਂ 534
(ii) ਦੂਸਰਾ ਗੁਣ—ਮਨੁੱਖ ਦਾ ਪੜਦਾ ਢੱਕਦੀ ਹੈ 539
(iii) ਤੀਸਰਾ ਗੁਣ—ਆਪਣਾ ਰੂਪ ਬਣਾ ਲੈਂਦੀ ਹੈ 542
(ਸ) ਗੁਰਬਾਣੀ ਦੀ ਤਰਤੀਬ—ਦੁੱਖ-ਸੁੱਖ ਇੱਕ ਸਮਾਨ 545

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

400 ਸਾਲਾ

ਸੰਪਾਦਨਾ ਸ਼ਤਾਬਦੀ ਦੇ ਸਮੇਂ

ਸਮਰਪਿਤ

ਉਸ ਅਨੰਤ ਬ੍ਰਹਮ ਦੇ ਨਾਦ ਨੂੰ
ਜਿਸ ਨੇ 400 ਸਾਲ ਪਹਿਲਾਂ
ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ
ਦੇ ਰੂਪ ਵਿੱਚ ਪ੍ਰਤੱਖ ਪ੍ਰਕਾਸ਼ਮਾਨ
ਹੋ ਕੇ ਕਲਜੁਗੀ ਅਗਿਆਨ
ਦੇ ਹਨੇਰੇ ਵਿੱਚ ਭਟਕਦੀ
ਲੋਕਾਈ ਨੂੰ ਬ੍ਰਹਮਲੀਨ
ਹੋਣ ਵਾਸਤੇ ਪੱਥ
ਪ੍ਰਦਰਸ਼ਨ ਕੀਤਾ
ਕਰ ਰਹੇ ਹਨ
ਅਤੇ ਕਰਦੇ
ਰਹਿਣਗੇ।

ਦੋ ਸ਼ਬਦ

ਸਤਿਗੁਰੂ ਜੀ ਨੇ ਸਾਨੂੰ ਸੰਸਾਰੀ ਜੀਵਾਂ ਨੂੰ ਬਿਅੰਤ ਬਖਸ਼ਸ਼ਾਂ ਕਰਕੇ ਨਿਵਾਜਿਆ ਹੈ। ਜਿਸ ਪ੍ਰਤੀ ਕੁਝ ਲਿਖ ਕੇ ਜਾਂ ਬੋਲ ਕੇ ਦੱਸਣਾ ਕਲਮ ਅਤੇ ਰਸਨਾਂ ਦੀ ਪਹੁੰਚ ਤੋਂ ਪਰ੍ਹੇ ਹੈ। ਸਤਿਗੁਰੂ ਜੀ ਦੇ ਪਰਉਪਕਾਰਾਂ ਪ੍ਰਤੀ ਸ੍ਰੀ ਗੁਰੂ ਰਾਮ ਦਾਸ ਜੀ ਦੀਆਂ ਸੂਹੀ ਰਾਗ ਵਿੱਚ ਅੰਕਿਤ ਕੀਤੀਆਂ ਪੰਗਤੀਆਂ ਹੀ ਲਿਖਣੀਆਂ ਢੁਕਦੀਆਂ ਹਨ। ਹੇ ਮਾਲਕ ਸਤਿਗੁਰੂ ਜੀਉ :—

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ॥
ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ॥੧॥

ਸੂਹੀ ਮ: ੪ (ਪੰਨਾ : ੭੩੫)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਸਾਰ ਨੂੰ ਸਭ ਤੋਂ ਵੱਡੀ ਬਖਸ਼ਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਨੂੰ ਸਤਿਗੁਰਾਂ ਨੇ ਆਪਣੀ ਹਾਜ਼ਰੀ ਵਿੱਚ ਸੰਪਾਦਿਤ ਕਰਵਾਇਆ ਤਾਂ ਜੋ ਇਸ ਦਰਗਾਹੀ ਫੁਰਮਾਨ, ਰੱਬੀ ਗਿਆਨ ਵਿੱਚ ਮਿਲਾਵਟ ਨ ਹੋ ਸਕੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਾਰ ਸੌ ਸਾਲਾ ਸ਼ਤਾਬਦੀ ਥੋੜੇ ਸਮੇਂ ਤਕ ਆ ਰਹੀ ਹੈ। ਜਿਸ ਨੂੰ ਹਰ ਗੁਰੂ ਨਾਨਕ ਨਾਮ ਲੇਵਾ, ਦੇਸ਼ਾਂ ਵਿਦੇਸ਼ਾਂ ਵਿੱਚ ਆਪੋ ਆਪਣੀ ਸ਼ਰਧਾ ਅਨੁਸਾਰ ਬੜੇ ਉਤਸ਼ਾਹ ਸਹਿਤ ਮਨਾਉਣ ਲਈ ਪ੍ਰੋਗਰਾਮ ਉਲੀਕ ਰਹੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮੁੱਚੇ ਉਪਦੇਸ਼ ਨੂੰ ਕਲਮ ਬੰਦ ਕਰਨਾ ਕਲਮ ਅਤੇ ਬੁੱਧੀ ਦੀ ਸੀਮਾ ਤੋਂ ਬਾਹਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਆਰਥਕ ਅਤੇ ਪ੍ਰਮਾਰਥਕ ਗਿਆਨ ਦਾ ਅਥਾਹ ਸਾਗਰ ਹੈ। ਜਿਸ ਵਿੱਚੋਂ ਟੁੱਬੀ ਲਾ ਕੇ ਹਰ ਜਗਿਆਸੂ ਆਪਣੀ ਆਤਮ ਦੀ ਭੁੱਖ ਦੂਰ ਕਰਨ ਵਾਸਤੇ ਆਤਮਿਕ ਭੋਜਨ ਪ੍ਰਾਪਤ ਕਰ ਕੇ ਸਦਾ ਲਈ ਤ੍ਰਿਪਤੀ ਪ੍ਰਾਪਤ ਕਰ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ, ਹਰ ਵਰਗ, ਹਰ ਦੇਸ਼, ਹਰ ਕੌਮ, ਹਰ ਨਸਲ ਦਾ ਮਨੁੱਖ ਆਪਣੀ ਆਤਮ ਨੂੰ ਬ੍ਰਹਮ ਵਿੱਚ ਲੀਨ ਕਰਨ ਦਾ ਪੱਥ ਪ੍ਰਾਪਤ ਕਰਕੇ ਬ੍ਰਹਮ ਵਿੱਚ ਸਮਾਈ ਕਰ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਸਹਿਜ, ਸੁੱਖ, ਸੁਹੇਲਾ ਜੀਵਨ ਜਿਉਣ ਲਈ ਅਗਵਾਈ ਮਿਲਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਾਰਗ ਦਰਸ਼ਨ ਅਨੁਸਾਰ, ਪ੍ਰਭੂ ਵਿੱਚ ਅਭੇਦਤਾ ਲਈ, ਕੋਈ ਸਰੀਰਕ ਹਠ ਜੋਗ ਨਹੀਂ ਕਰਨਾ। ਸਰੀਰਕ ਕਸ਼ਟ ਨਹੀਂ ਝੱਲਣੇ, ਕੋਈ ਗੈਰ ਕੁਦਰਤੀ ਜੀਵਨ ਨਹੀਂ ਜਿਉਣਾ।

ਪ੍ਰਭੂ ਪ੍ਰਾਪਤੀ ਵਾਸਤੇ ਕੋਈ ਖਾਸ, ਵੇਸ-ਭੇਖ ਨਹੀਂ ਕਰਨਾ, ਖਾਸ ਥਾਵਾਂ ਤੇ ਜੰਗਲਾਂ, ਉਦਿਆਨਾਂ, ਪਹਾੜਾਂ ਦੀਆਂ ਕੁੰਦਰਾਂ ਵਿੱਚ ਨਿਵਾਸ ਕਰਨ ਦੀ ਲੋੜ ਨਹੀਂ

ਉਹ ਮਾਲਕ ਪ੍ਰਭੂ ਨੂੰ ਹਰ ਜਗ੍ਹਾ, ਹਰ ਥਾਂ, ਹਰ ਦੇਸ਼, ਹਰ ਵੇਸ ਵਿੱਚ, ਹਰ ਸਥਿਤੀ ਵਿੱਚ ਸਹਿਜ ਮਾਰਗ ਤੇ ਚਲ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ, ਇੱਕ ਸਹਿਜ ਸੁਹੇਲਾ, ਸੰਤੁਲਨ ਵਿੱਚ ਰਹਿ ਕੇ ਰਸ ਭਰਿਆ ਜੀਵਨ ਬਤੀਤ ਕਰਨ ਦੀ ਜੀਵਨ ਜਾਚ ਪ੍ਰਦਾਨ ਕਰਦਾ ਹੈ।

ਗੁਰੂ ਗ੍ਰੰਥ ਸਾਹਿਬ ਤਾਂ :—

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ ੨ ॥

ਮ : ੫ (ਪੰਨਾ : ੫੨੨)

ਦੀ ਜੀਵਨ ਜਾਚ ਸਿਖਾਲਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 400 ਸਾਲਾ ਸ਼ਤਾਬਦੀ ਨੂੰ ਸ਼ਰਧਾ ਭੇਟ ਕਰਨ ਵਾਸਤੇ, ਮਨ ਵਿੱਚ ਉਤਸ਼ਾਹ ਪੈਦਾ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਨੂੰ ਸੰਖੇਪ ਰੂਪ ਵਿੱਚ ਲਿਖ ਕੇ ਆਪ ਸੰਗਤ ਦੀ ਭੇਟਾ ਕੀਤਾ ਜਾਵੇ ਤਾਂ ਜੋ ਅਸੀਂ ਸਾਰੇ ਗੁਰੂ ਸ਼ਬਦ ਤੋਂ ਅਗਵਾਈ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਕੁਝ ਉਚੇਰਾ ਲਿਜਾ ਸਕੀਏ। ਕਈ ਦਿਨ ਮਨ ਵਿੱਚ ਵੀਚਾਰ ਚਲਦੀ ਰਹੀ। ਪਰ ਕੋਈ ਸਾਰਥਕ ਨਤੀਜਾ ਪ੍ਰਾਪਤ ਨ ਹੋਇਆ। ਨਿਤ ਨੇਮ ਕਰਦਿਆਂ, ਗੁਰੂ ਪੰਜਵੇ ਪਾਤਸ਼ਾਹ ਜੀ ਦਾ ਮੁੰਦਾਵਣੀ ਵਾਲਾ ਸ਼ਬਦ ਮਨ ਨੂੰ ਪ੍ਰਭਾਵਿਤ ਕਰ ਗਿਆ, ਪੜ੍ਹਦਾ ਤਾਂ ਹਰ ਰੋਜ਼ ਹੀ ਸਾਂ, ਪਰ ਅੱਜ ਦੇ ਪੜ੍ਹਨ ਤੇ ਪਿਛਲੇ ਪੜ੍ਹਨ ਵਿੱਚ ਬਹੁਤ ਅੰਤਰ ਸੀ। ਇੰਝ ਮਹਿਸੂਸ ਹੋ ਗਿਆ ਕਿ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਮੁੱਚਾ ਮਜ਼ਮੂਨ ਇਸ ਸ਼ਬਦ ਵਿੱਚ ਸਤਿਗੁਰਾਂ ਨੇ ਮੂਰਤੀ ਮਾਨ ਕੀਤਾ ਹੈ। ਉਹ ਮਜ਼ਮੂਨ ਹੈ, ਸਤਿ ਦੀ ਪ੍ਰਾਪਤੀ, ਸੰਤੋਖ ਦੇ ਧਾਰਨੀ, ਸੁਭ ਵੀਚਾਰਾਂ ਦਾ ਅਮਲ ਅਤੇ ਅੰਮ੍ਰਿਤ ਨਾਮ ਨੂੰ ਨਿੱਤ ਹੀ ਹਿਰਦੇ ਵਿੱਚ ਧਾਰਨਾ। ਜਿਹੜਾ ਇਸ ਉਪਦੇਸ਼ ਦਾ ਧਾਰਨੀ ਬਣ ਜਾਵੇਗਾ ਉਸ ਦੇ ਪ੍ਰਭੂ ਪ੍ਰਾਪਤੀ ਦੇ ਰਸਤੇ ਵਿੱਚ ਤਮ ਸੰਸਾਰ ਬਾਧਾ ਨਹੀਂ ਬਣੇਗਾ। ਉਸਨੂੰ ਤਮ ਸੰਸਾਰ ਵੀ ਬ੍ਰਹਮ ਪਸਾਰ ਹੀ ਦਿਸੇਗਾ।

ਸਮੁੱਚਾ ਸ਼ਬਦ ਪੜ੍ਹੀਏ ਕੁਝ ਸੋਝੀ ਜ਼ਰੂਰ ਪੈ ਜਾਵੇਗੀ। ਥਾਲ ਵਿੱਚ ਭੋਜਨ ਪ੍ਰੋਸ ਕੇ ਸਰੀਰ ਨੂੰ ਅਹਾਰ ਦਿੱਤਾ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਆਤਮਿਕ ਭੋਜਨ ਦਾ ਥਾਲ ਪ੍ਰੋਸ ਕੇ, ਸਤਿਗੁਰਾਂ ਨੇ ਸਾਡੀ ਆਤਮਾ ਦੇ ਅਹਾਰ ਵਾਸਤੇ ਬਖਸ਼ਸ਼ ਕੀਤਾ ਹੈ ਅਤੇ ਨਾਲ ਹੀ ਤਾਕੀਦ ਕੀਤੀ ਹੈ ਕਿ ਇਸ ਆਤਮਿਕ ਅਹਾਰੀ ਭੋਜਨ ਨੂੰ ਜਿਹੜਾ ਵੀ ਭੁੰਚੇਗਾ ਉਸਨੂੰ ਜਿੱਥੇ ਸੁੱਖ ਸ਼ਾਂਤੀ ਮਿਲੇਗੀ ਉੱਥੇ ਉਸ ਦੀ ਆਤਮਾ ਦਾ ਉਧਾਰ ਹੋ ਜਾਵੇਗਾ। ਐਸੇ ਅਮੋਲਕ ਆਤਮਿਕ ਅਹਾਰ ਨੂੰ ਕਦੇ ਵੀ ਛੱਡਣਾ ਨਹੀਂ ਚਾਹੀਦਾ, ਇਸ ਨੂੰ ਨਿੱਤ ਹੀ ਹਿਰਦੇ ਵਿੱਚ ਧਾਰੀ ਰੱਖਣ ਦੀ ਲੋੜ ਹੈ। ਜੋ ਜੋ ਵੀ ਇਸ ਆਤਮ ਭੋਜਨ ਨੂੰ ਭੁੰਚੇਗਾ, ਉਸਦਾ ਅਗਿਆਨ-ਭਰਮ[1] ਦੂਰ ਹੋ ਜਾਵੇਗਾ ਅਤੇ ਉਸ ਨੂੰ ਇਹ ਸੰਸਾਰ ਹਰੀ ਦਾ ਰੂਪ ਦਿਸਣ ਲੱਗ ਪਵੇਗਾ। ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰ ਨੂੰ ਮੁੰਦਾਵਣੀ ਦੇ ਸ਼ਬਦ ਦੁਆਰਾ ਪੜ੍ਹੀਏ, ਸੋਝੀ ਪੈ ਜਾਵੇਗੀ :—

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥

ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥

ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥

ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥ ੧ ॥

ਮੁੰਦਾਵਣੀ ਮ : ੫ (ਪੰਨਾ : ੧੪੨੯)

ਸਤਿਗੁਰੂ ਜੀ ਦੇ ਉੱਪਰ ਲਿਖੇ ਮੁਖਵਾਕ ਨੂੰ ਹੀ ਅਧਾਰ ਬਣਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਸੌ ਸਾਲਾ ਸੰਪਾਦਨਾ ਸ਼ਤਾਬਦੀ ਨੂੰ ਨੱਤ-ਮਸਤਕ ਹੋਣ ਲਈ ਅਤੇ ਸ਼ਰਧਾ ਭੇਟ ਕਰਨ ਵਾਸਤੇ ਨਿਮਾਣਾ ਜਿਹਾ ਜਤਨ ਕੀਤਾ ਹੈ।

ਜਿਵੇਂ ਸਰੀਰਕ ਤੰਦਰੁਸਤੀ ਪ੍ਰਾਪਤ ਕਰਨ ਅਤੇ ਬਿਮਾਰੀ ਤੋਂ ਨਿਜ਼ਾਤ ਪਾਉਣ ਲਈ ਦਵਾਈ ਦਾ ਸੇਵਨ ਕਰਨਾ ਪੈਂਦਾ ਹੈ। ਦੂਸਰੇ ਪੱਥ ਪ੍ਰਹੇਜ਼ ਰੱਖਣਾ ਦੁਆਈ ਦੇ ਸੇਵਨ ਨਾਲੋਂ ਵਧ ਜ਼ਰੂਰੀ ਹੁੰਦਾ ਹੈ। ਇਸੇ ਤਰ੍ਹਾਂ ਜਿੱਥੇ ਤਿੰਨ ਸ੍ਰੇਸ਼ਟ ਤੱਤਾਂ ਦਾ ਆਤਮਾ ਨੂੰ ਅਹਾਰ ਅਤੇ ਅੰਮ੍ਰਿਤ ਨਾਮ ਦੀ ਔਸ਼ਧੀ ਦਾ ਸੇਵਨ ਕਰਨਾ ਮੁੰਦਾਵਣੀ ਵਿੱਚ ਸਤਿਗੁਰੂ ਜੀ ਨੇ ਦਰਸਾਇਆ ਹੈ। ਉੱਥੇ ਚਾਰ ਹੀ ਭੈੜੇ ਔਗੁਣਾਂ ਦੇ ਪ੍ਰਹੇਜ਼ਗਾਰੀ ਬਣਨ ਵਾਸਤੇ ਸਤਿਗੁਰੂ ਜੀ ਨੇ ਗੁਰਬਾਣੀ ਵਿੱਚ ਤਾਗੀਦ ਕੀਤੀ ਹੈ। ਉਹ ਅਉਗੁਣ ਹਨ, ੧. ਵਿਤਕਰਾ, ੨. ਹਉਮੈਂ, ੩. ਕ੍ਰਿਤ ਦੀ ਉਪਾਸ਼ਨਾ, ਚੌਥਾ ਹੈ ਅਤਿ ਖੁਸ਼ੀ, ਅਤਿ ਗਮੀ ਦਾ ਤਿਆਗ। ਇਹਨਾਂ ਅੱਠਾਂ ਵਿਸ਼ਿਆਂ ਨੂੰ ਮੁੱਖ ਰੱਖ ਕੇ ਗੁਰੂ ਬਖਸ਼ਸ਼ ਕੀਤੀ ਬੁੱਧੀ ਅਨੁਸਾਰ, ਗੁਰਬਾਣੀ ਦੀ ਰੋਸ਼ਨੀ ਵਿੱਚ "**ਸਬਦੁ ਗੁਰ ਪੀਰਾ**" ਪੁਸਤਕ ਆਪ ਸੰਗਤਾਂ ਦੀ ਸੇਵਾ ਵਿੱਚ ਭੇਟ ਕਰਨ ਦੀ ਖੁਸ਼ੀ ਲੈ ਰਿਹਾ ਹਾਂ।

ਭਾਵਨੀ ਇਹ ਰੱਖੀ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਅਥਾਹ ਸ਼ਬਦ ਸਮੁੰਦਰ ਨੂੰ ਜਿਸ ਪ੍ਰਤੀ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ :—

---

੧. ਗੂੜ੍ਹਾ ਅੰਧੇਰਾ

ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥
ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥

ਆਸਾ ਮ: ੪ (ਪੰਨਾ : ੪੪੨)

ਤਥਾ :— ਭਗਤਿ ਭੰਡਾਰ ਗੁਰਬਾਣੀ ਲਾਲ॥
ਗਾਵਤ ਸੁਨਤ ਕਮਾਵਤ ਨਿਹਾਲ॥ ੨॥

ਆਸਾ ਮ: ੫ (ਪੰਨਾ : ੩੭੬)

ਗੁਰਬਾਣੀ ਲਾਲਾਂ ਨੂੰ, ਖੋਜਦਿਆਂ-ਖੋਜਦਿਆਂ ਗੁਰੂ ਸ਼ਬਦ ਸਾਗਰ ਵਿੱਚ ਕੋਈ ਗੁਰਬਾਣੀ ਰਤਨ ਦਾਸ ਦੀ ਵੀ ਝੋਲੀ ਪੈ ਜਾਵੇ ਅਤੇ ਮੈਂ ਵੀ ਸ੍ਰੀ ਗੁਰੂ ਰਾਮਦਾਸ ਜੀ ਦੇ ਬਚਨ ਦਾ ਪਾਤਰ ਬਣ ਕੇ ਜਨਮਾਂ-ਜਨਮਾਂ ਦੇ ਕਿਲਵਿਖ ਨਾਸ਼ ਕਰ ਲਵਾਂ ਅਤੇ ਗੁਰੂ ਦਾ ਹੱਥ ਮੇਰੇ ਸਿਰ ਉੱਪਰ ਵੀ ਟਿਕ ਜਾਵੇ :—

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ॥
ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ॥

ਜੈਤਸਰੀ ਮ: ੪ (ਪੰਨਾ : ੬੯੬)

ਦੂਸਰੇ "ਸਬਦ ਗੁਰ ਪੀਰਾ" ਪੁਸਤਕ ਨੂੰ ਪੜ੍ਹ ਕੇ ਕੋਈ ਗੁਰੂ ਪਿਆਰਾ ਸ਼ਬਦ ਗੁਰੂ ਦੇ ਲੜ ਨਾਲ ਜੁੜ ਕੇ ਆਪਣੇ ਜੀਵਨ ਨੂੰ ਗੁਰੂ ਚਾਲੀ ਅਨੁਸਾਰ ਚਲਾ ਕੇ ਗੁਰੂ ਕ੍ਰਿਪਾ ਦਾ ਪਾਤਰ ਬਣ ਜਾਵੇ ਅਤੇ ਆਪਣੀ ਜੁੜੀ ਹੋਈ ਆਤਮਾ ਵਿੱਚੋਂ ਕੋਈ ਇੱਕ ਅੱਧ ਗੁਰੂ ਮੇਲ ਭਰੀ ਅਸੀਸ ਦਾਸ ਦੀ ਝੋਲੀ ਪਾ ਦੇਵੇ, ਇਸ ਪੁਰਸ਼ਾਰਥ ਨੂੰ ਸਫਲਾ ਸਮਝਾਂਗਾ।

"ਸਬਦ ਗੁਰ ਪੀਰਾ" ਪੁਸਤਕ ਨੂੰ ਵਾਚਦਿਆਂ, ਪੜ੍ਹਦਿਆਂ, ਕਈ ਥਾਈਂ ਆਪ ਜੀ ਨੂੰ, ਨਾਮ ਜਪਣ ਦਾ, ਸਤਿ ਸੰਗਤ ਕਰਨ ਦਾ ਅਤੇ ਗੁਰਬਾਣੀ ਤੁਕਾਂ ਦਾ ਪੁਨਰੁਕਤਿ—ਦੋਸ਼ (Repitation) ਮਹਿਸੂਸ ਹੋਵੇਗਾ। ਜਾਣਦਿਆਂ ਹੋਇਆ ਵੀ ਉਸਨੂੰ ਬਾਰ-ਬਾਰ (Repeat) ਕੀਤਾ ਹੈ ਤਾਂ ਜੋ ਗੁਰਮਤ ਦੇ ਮੁੱਖ ਅੰਗ ਸਾਡੇ ਹਿਰਦੇ ਵਿੱਚ ਟਿਕ ਜਾਣ। ਮਜ਼ਮੂਨ ਬਹੁਤ ਗਹਿਰਾ ਸੀ, ਸਮਾਂ ਬਹੁਤ ਥੋੜ੍ਹਾ ਸੀ ਕਿਉਂਕਿ ਵਿਦੇਸ਼ ਜਾਣ ਦੀ ਤਾਰੀਖ ਨੀਯਤ ਹੋ ਚੁੱਕੀ ਸੀ। ਕਾਹਲੀ-ਕਾਹਲੀ ਵਿੱਚ ਜਿਹੋ ਜਿਹਾ ਲਿਖਿਆ ਗਿਆ ਹੈ ਇਸੇ ਨੂੰ ਹੀ ਸ਼ਰਧਾ-ਭੇਟ ਸਮਝ ਕੇ ਕਬੂਲਣ ਦੀ ਫ਼ਰਾਖ-ਦਿਲੀ ਕਰਨੀ ਜੀ।

ਇਸ ਪੁਸਤਕ ਦੇ ਪਰੂਫ ਪੜ੍ਹਨ ਦੀ ਸੇਵਾ ਸ: ਸੋਹਣ ਸਿੰਘ ਜੀ ਦਿੱਲੀ ਵਾਲੇ ਅਤੇ ਬੀ. ਨਿਰਮਲ ਕੌਰ ਜੀ ਰੀਟਾਇਰਡ ਪ੍ਰਿੰਸੀਪਲ ਨੇ ਬੜੀ ਮਿਹਨਤ ਅਤੇ ਲਗਨ ਨਾਲ ਕੀਤੀ ਹੈ। ਸਤਿਗੁਰੂ ਜੀ ਸੇਵਾ ਦਾ ਫਲ ਪ੍ਰਦਾਨ ਕਰਨ ਜੀ।

ਦੂਸਰੇ ਸਬਦੁ ਗੁਰ ਪੀਰਾ ਦੀ ਛਪਾਈ ਦੀ ਸੇਵਾ ਸ: ਭੁਪਿੰਦਰ ਸਿੰਘ ਜੀ, ਬੀਬਾ ਮੀਰਚੰਦਨ ਕੌਰ (TORONTO) ਕਨੇਡਾ ਨਿਵਾਸੀਆਂ ਗੁਰੂ ਬਖਸ਼ਸ਼ ਦੁਆਰਾ ਕੀਤੀ ਹੈ। ਗੁਰੂ ਚਰਨਾਂ ਵਿੱਚ ਅਰਦਾਸ ਹੈ। ਸਤਿਗੁਰੂ ਜੀ ਆਪਣੇ ਸੇਵਕਾਂ ਨੂੰ ਹੋਰ ਚੜ੍ਹਦੀ ਕਲਾ, ਗੁਰਸਿੱਖੀ ਜੀਵਨ ਅਤੇ ਗੁਰੂ ਘਰ ਦੀ ਸੇਵਾ ਕਰਨ ਦਾ ਬਲ ਤੇ ਬੁੱਧੀ ਬਖਸ਼ਸ਼ ਕਰਨ ਜੀ। ਗੁਰੂ ਰੂਪ ਸਾਧ ਸੰਗਤ ਜੀ! ਜੋ ਕੁਝ ਵੀ ਅਲਪ ਬੁੱਧੀ ਦੇ ਨਾਲ ਗੁਰਮਤ ਵੀਚਾਰ, ਗੁਰੂ ਸਿਧਾਂਤ ਇਸ ਪੁਸਤਕ ਵਿੱਚ ਲਿਖਣ ਦਾ ਜਤਨ ਕੀਤਾ ਹੈ। ਜੋ ਸਿਧਾਂਤ, ਜੋ ਲਿਖਤ ਗੁਰਬਾਣੀ ਅਤੇ ਗੁਰਮਤ ਦੀ ਕਸਵੱਟੀ ਦੇ ਅਨੁਸਾਰ ਹੋਵੇ, ਉਸ ਨੂੰ ਗੁਰੂ ਸਿਧਾਂਤ, ਗੁਰੂ ਆਸ਼ਾ ਜਾਣ ਕੇ ਹਿਰਦੇ ਵਿੱਚ ਥਾਂ ਦੇ ਦੇਣੀ।

ਜੋ ਲਿਖਤ ਗੁਰੂ ਆਸ਼ੇ ਅਤੇ ਗੁਰਬਾਣੀ ਦੀ ਕਸਵੱਟੀ ਅਨੁਸਾਰ ਪੂਰੀ ਨ ਉਤਰਦੀ ਹੋਵੇ ਉਸ ਨੂੰ ਦਾਸ ਦੀ ਨਿੱਜੀ ਭੁੱਲ ਜਾਣ ਕੇ ਕਿਉਂਕਿ,

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥

ਮ: ੧ (ਪੰਨਾ : ੬੧)

ਤਥਾ :—ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ॥

ਮ: ੧ (ਪੰਨਾ : ੧੩੪੪)

ਅਲਪਗ ਜਾਣ ਕੇ ਨਦਰ ਅੰਦਾਜ਼ ਕਰ ਦੇਣਾ ਅਤੇ ਸੁਧਾਈ ਕਰ ਲੈਣ ਲਈ, ਲਿਖ ਭੇਜਣਾ ਜੀ, ਰਿਣੀ ਹੋਵਾਂਗਾ।

ਗੁਰੂ ਪੰਥ ਦਾ ਦਾਸ
ਸੇਵਾ ਸਿੰਘ (ਸੰਤ)
ਗੁਰਦੁਆਰਾ ਰਾਮ ਪੁਰ ਖੇੜਾ
ਡਾ: ਗੜ੍ਹਦੀਵਾਲਾ ਪਿੰਨ ਕੋਡ : 144207
ਜ਼ਿਲ੍ਹਾ ਹੁਸ਼ਿਆਰ ਪੁਰ (ਪੰਜਾਬ)
ਫੋਨ ਨੰ : 01886-260334

ਭਾਗ-ਪਹਿਲਾ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਦੀ ਲੋੜ ਕਿਉਂ ਪਈ ?

ਜਦ ਤੋਂ ਪ੍ਰਮੇਸ਼ਰ ਜੀ ਨੇ ਜਗਤ ਦੀ ਰਚਨਾ ਕੀਤੀ ਹੈ, ਉਸੇ ਸਮੇਂ ਤੋਂ ਹੀ ਅਗਿਆਨ ਭਰਮ ਵਿੱਚ ਭਟਕਦੀ ਮਨੁੱਖਤਾ ਨੂੰ ਆਪਣੇ ਮੂਲ ਨਾਲ ਜੋੜਨ ਵਾਸਤੇ ਪ੍ਰਭੂ ਜੀ ਨੇ ਅਵਤਾਰੀ ਪੁਰਸ਼ਾਂ ਨੂੰ ਸਮੇਂ-ਸਮੇਂ ਸੰਸਾਰ ਵਿੱਚ ਭੇਜਿਆ। ਉਹਨਾਂ ਨੇ ਪ੍ਰਭੂ ਜੀ ਵਲੋਂ ਬਖਸ਼ਿਸ਼ ਕੀਤੇ ਰੱਬੀ ਅਨੁਭਵ ਦੁਆਰਾ ਜਾਂ ਪ੍ਰਭੂ ਜੀ ਵਲੋਂ ਅਕਾਸ਼ ਬਾਣੀ ਦੇ ਰਾਹੀਂ ਦਿੱਤੇ ਗਿਆਨ ਦੁਆਰਾ ਮਨੁੱਖਤਾ ਨੂੰ ਸਤਿ-ਮਾਰਗ ਤੇ ਚਲਣ ਦਾ ਉਪਦੇਸ਼ ਦਿੱਤਾ।

ਅਨੁਭਵੀ ਤਜਰਬਾ ਜਾਂ ਅਕਾਸ਼ ਬਾਣੀ ਰਾਹੀਂ ਪ੍ਰਾਪਤ ਹੋਇਆ ਗਿਆਨ, ਸਦੀਵੀਂ ਸੰਸਾਰ ਵਿੱਚ ਕਾਇਮ ਰੱਖਣ ਲਈ, ਉਹਨਾਂ ਅਵਤਾਰੀ ਪੁਰਸ਼ਾਂ ਨੇ ਆਪਣੇ ਜੀਵਨ ਕਾਲ ਸਮੇਂ ਕਲਮ-ਬੰਦ ਨਹੀਂ ਕੀਤਾ ਜਾਂ ਹਾਲਾਤ ਹੀ ਐਸੇ ਸਨ ਕਿ ਉਹ ਸੰਦੇਸ਼, ਉਹਨਾਂ ਦੀ ਆਪਣੀ ਹਾਜ਼ਰੀ ਵਿੱਚ ਕਲਮ-ਬੰਦ ਨਹੀਂ ਹੋ ਸਕਿਆ। ਕਾਫੀ ਸਮੇਂ ਤੋਂ ਬਾਅਦ ਜੋ-ਜੋ ਗਿਆਨ, ਉਪਦੇਸ਼, ਅਵਤਾਰੀ ਪੁਰਸ਼ਾਂ ਦਾ ਸੰਦੇਸ਼, ਉਹਨਾਂ ਦੇ ਪੈਰੋਕਾਰਾਂ ਦੀ ਸਿਮ੍ਰਤੀ ਵਿੱਚ ਜਮ੍ਹਾਂ ਸੀ ਜਾਂ ਜੋ ਉਹਨਾਂ ਨੇ ਆਪਣੇ ਸਾਹਮਣੇ ਵਰਤਦਾ ਵੇਖਿਆ ਜਾਂ ਕੰਨੀਂ ਸੁਣਿਆ ਸੀ। ਉਸ ਨੂੰ ਆਪਣੀ ਸਿਮ੍ਰਤੀ ਚੋਂ ਕੱਢ ਕੇ ਪੁਸਤਕ ਦਾ ਰੂਪ ਦਿੱਤਾ, ਜਿਹਨਾਂ ਨੂੰ ਕਿ ਆਪਾਂ ਧਰਮ ਗ੍ਰੰਥਾਂ ਦੇ ਰੂਪ ਵਿੱਚ ਵੇਖ ਕੇ ਪੜ੍ਹ ਸੁਣ ਰਹੇ ਹਾਂ।

ਸਮੇਂ ਦੀਆਂ ਪਰਤਾਂ ਹੇਠ ਕੱਜੇ ਰਹਿਣ ਕਰਕੇ ਅਤੇ ਇੱਕ ਦੀ ਸਿਮ੍ਰਤੀ ਚੋਂ ਦੂਸਰੇ ਦੀ ਸਿਮ੍ਰਤੀ ਤੱਕ ਜਾਂਦਿਆਂ ਉਸ ਰੱਬੀ ਗਿਆਨ ਵਿੱਚ ਕਾਫੀ ਵਾਧਾ ਘਾਟਾ ਹੋ ਗਿਆ, ਜੋ ਅਵਤਾਰੀ ਪੁਰਸ਼ਾਂ ਦੇ ਨਾਉਂ ਉੱਤੇ ਲੋਕਾਈ ਨੂੰ ਕਬੂਲਣਾ ਪਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਮਹਾਨ ਕਾਰਜ ਸਤਿਗੁਰੂ ਜੀ ਨੂੰ ਇਸੇ ਕਰਕੇ ਹੀ ਕਰਨਾ ਪਿਆ ਕਿਉਂਕਿ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਸਮੇਂ ਹੀ, ਪ੍ਰਿਥੀ ਚੰਦ ਦਾ ਪੁੱਤਰ ਮਿਹਰਬਾਨ ਆਪਣੀ ਕਵਿਤਾ ਰੱਚ ਕੇ ਅਖੀਰ ਵਿੱਚ ਛਾਪ ਲਾ ਕੇ, ਤੁਕਬੰਦੀ ਕਰਕੇ ਸੰਗਤਾਂ ਨੂੰ ਭੁਲੇਖਾ ਪਾਉਣ ਲੱਗ ਪਿਆ ਸੀ ਤੇ ਉਸਨੇ ਪਹਿਲੇ ਚੌਹਾਂ ਪਾਤਸ਼ਾਹੀਆਂ ਦੀ ਬਾਣੀ ਦੇ ਨਾਲ, ਹੋਰ ਆਪਣੀ ਕਵਿਤਾ ਰਲਾ ਕੇ ਗ੍ਰੰਥ ਬਣਾ ਲਿਆ ਸੀ, ਜਿਸ ਦਾ ਹਵਾਲਾ ਬੰਸਾਵਲੀ ਨਾਮਾ ਦੇ ਕਰਤਾ ਨੇ ਹੇਠ ਲਿਖੇ ਅਨੁਸਾਰ ਦਿੱਤਾ ਹੈ

ਮਿਹਰਬਾਨ ਪੁਤ ਪ੍ਰਿਥੀਏ ਦਾ ਕਬੀਸਰੀ ਕਰੇ।
ਪਾਰਸੀ, ਹਿੰਦਵੀ, ਸੰਸਕ੍ਰਿਤ ਨਾਲੇ ਗੁਰਮੁਖੀ ਪੜ੍ਹੇ।
ਤਿਨ ਭੀ ਬਾਣੀ ਬਹੁਤ ਬਣਾਈ।
ਭੋਗੁ ਗੁਰੂ ਨਾਨਕ ਜੀ ਦਾ ਹੀ ਪਾਈ॥ ੯੦॥
ਡੂਮ ਲਗੇ ਸਬਦ ਮੀਣਿਆਂ ਦੇ ਗਾਵਨਿ॥
ਦੂਯਾ ਦਰਬਾਰ ਵਡਾ ਗੁਰਿਆਈ ਦਾ ਲਗੇ ਬਣਾਵਨਿ॥
ਮੀਣਿਆਂ ਭੀ ਪੁਸਤਿਕ ਇਕ ਗ੍ਰੰਥ ਬਣਾਇਆ॥
ਚਹੁ ਪਾਤਸ਼ਾਹੀਆਂ ਦੀ ਸ਼ਬਦ ਬਾਣੀ ਲਿਖ ਵਿੱਚ ਪਾਇਆ॥
ਤਥਾ :— ਬਚਨ ਕੀਤਾ ਭਾਈ ਗੁਰਦਾਸ ਗੁਰੂ ਕੀ ਬਾਣੀ ਜੁਦਾ ਕਰੀਏ॥
ਮੀਣੇ ਪਾਂਦੇ ਨੀ ਰਲਾ ਸੇ ਵਿਚਿ ਰਲਾ ਨ ਧਰੀਏ॥

ਇਸੇ ਕਰਕੇ ਸਤਿਗੁਰੂ ਅਰਜਨ ਦੇਵ ਜੀ ਨੇ ਪ੍ਰਮੇਸ਼ਰੀ ਗਿਆਨ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਵਿੱਚ ਮਿਲਾਵਟ ਪੈਣ ਤੋਂ ਰੋਕਣ ਲਈ ਆਪਣੀ ਹਾਜ਼ਰੀ ਵਿੱਚ ਭਾਈ ਗੁਰਦਾਸ ਜੀ ਪਾਸੋਂ, ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਕਰਵਾ ਲਈ, ਜਿਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਾਈ ਮਾਤਰ ਵੀ ਮਿਲਾਵਟ ਨਹੀਂ ਪੈ ਸਕੀ। ਗੁਰਬਾਣੀ ਨਿਰੋਲ ਧੁਰ ਦਰਗਾਹ ਦਾ ਫੁਰਮਾਨ ਹੈ, ਨਿਰੋਲ ਪ੍ਰਮੇਸ਼ਰ ਜੀ ਦਾ ਗਿਆਨ ਹੈ।

ਪੰਜਵੇ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇਸ ਮਹਾਨ ਪਰਉਪਕਾਰ ਤੋਂ ਬਾਅਦ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਵੇ ਪਾਤਸ਼ਾਹ ਜੀ ਦੇ ਸੰਪਾਦਿਤ ਕੀਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ, ਗੁਰਦੇਵ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਚੜ੍ਹਾ ਕੇ, ਭਾਈ ਮਨੀ ਸਿੰਘ ਜੀ ਦੇ ਹਸਤ ਕਮਲਾਂ ਦੁਆਰਾ ਸਾਬੋ ਕੀ ਤਲਵੰਡੀ ਵਿੱਚ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੁਬਾਰਾ ਸੰਪਾਦਨਾ ਆਪਣੀ ਹਾਜ਼ਰੀ ਵਿੱਚ ਕਰਵਾਈ।

ਬਿਨਾਂ ਮਿਲਾਵਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਨਿਰੋਲ ਰੱਬੀ-ਗਿਆਨ ਤੇ ਧੁਰ ਦਰਗਾਹ ਦਾ ਇਲਹਾਮ ਹੋਣ ਕਾਰਣ, ਧਾਰਮਿਕ ਦੁਨੀਆਂ ਵਿੱਚ ਵੱਖਰੀ ਦਿੱਖ ਰੱਖਦੇ ਹਨ। ਐਸਾ ਅਮੋਲਕ ਰੱਬੀ ਗਿਆਨ ਦਾ ਪ੍ਰਮਾਣੀਕ ਧਰਮ ਗ੍ਰੰਥ ਕਿਸੇ ਵੀ ਪੈਗੰਬਰ, ਅਵਤਾਰ ਵਲੋਂ ਆਪਣੀ ਹਾਜ਼ਰੀ ਵਿੱਚ ਰਚ ਕੇ ਸੰਸਾਰ ਦੀ ਝੋਲੀ ਵਿੱਚ ਨਹੀਂ ਪਾਇਆ ਗਿਆ। ਇਹ ਮਾਣ ਤੇ ਉੱਚ ਦਰਜਾ ਕੇਵਲ ਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਪ੍ਰਾਪਤ ਹੈ।

ਵੇਦ, ਸ਼ਾਸਤਰ, ਸਿਮਰਤੀਆਂ, ਪੁਰਾਣ, ਅੰਜੀਲ, ਤਰੇਤ, ਜੰਬੂਰ, ਬਾਈਬਲ, ਸਾਰੇ ਧਰਮ ਗ੍ਰੰਥ ਸਤਿਕਾਰ-ਯੋਗ ਹਨ, ਪਰ ਇਹਨਾਂ ਸਾਰੇ ਧਰਮ ਗ੍ਰੰਥਾਂ ਦੇ ਉਪਦੇਸ਼ ਨੂੰ

ਸਮੁੱਚੇ ਰੂਪ ਵਿੱਚ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਸਾਰੇ ਦਾ ਸਾਰਾ ਉਪਦੇਸ਼ ਉਹਨਾਂ ਅਵਤਾਰੀ ਪੁਰਸ਼ਾਂ ਦਾ ਹੀ ਹੈ ਜਿਹਨਾਂ ਦੇ ਨਾਉਂ ਤੇ ਇਹ ਧਰਮ ਗ੍ਰੰਥ ਲਿਖੇ ਗਏ ਹਨ। ਇਹਨਾਂ ਵਿੱਚ ਕਿੰਨਾ ਕੁ ਵਾਧਾ ਜਾਂ ਕਿੰਨਾ ਕੁ ਘਾਟਾ ਹੋਇਆ ਹੈ, ਕੋਈ ਇਹ ਗਰੰਟੀ ਨਾਲ ਨਹੀਂ ਕਹਿ ਸਕਦਾ ; ਪਰ ਹੋਇਆ ਜ਼ਰੂਰ ਹੈ।

ਇਸੇ ਕਰਕੇ ਹੀ ਸਤਿਗੁਰਾਂ ਅਤੇ ਭਗਤ ਜਨਾਂ ਨੇ ਆਪਣੇ ਮੁਖਾਰਬਿੰਦ ਤੋਂ, ਇਸ ਗੁਰਬਾਣੀ ਨੂੰ, ਖਸਮ ਕੀ ਬਾਣੀ, ਧੁਰ ਕੀ ਬਾਣੀ, ਬ੍ਰਹਮ ਦੀ ਵੀਚਾਰ ਲਿਖ ਕੇ ਆਪ ਤਸਦੀਕ ਕੀਤਾ ਹੈ ਕਿ ਗੁਰਬਾਣੀ ਉਪਦੇਸ਼, ਸਾਡਾ ਨਹੀਂ, ਇਹ ਉਪਦੇਸ਼ ਨਿਰੰਕਾਰ ਦਾ ਹੈ, ਕੇਵਲ ਅੱਖਰਾਂ ਦੁਆਰਾ ਸਾਡੇ ਰਾਹੀਂ ਸਾਕਾਰ ਹੀ ਹੋਇਆ ਹੈ। ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ :—

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ॥

ਗਉੜੀ ਮ : ੪ (ਪੰਨਾ : ੩੦੮)

ਗੁਰਬਾਣੀ ਧੁਰ ਦਰਗਾਹ ਦਾ ਫੁਰਮਾਨ

ਸਾਹਿਬ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ ਕਿ ਹੁਕਮੀ ਅਤੇ ਹੁਕਮ ਵਿੱਚ ਭੇਦ ਨਹੀਂ ਹੁੰਦਾ। ਗੁਰਬਾਣੀ ਸੱਚੇ ਵਾਹਿਗੁਰੂ ਦਾ ਹੁਕਮ ਹੋਣ ਕਰਕੇ, ਹੁਕਮੀ ਵਾਹਿਗੁਰੂ ਦਾ ਆਪਣਾ ਹੀ ਰੂਪ ਹੈ। ਜੋ ਸਤਿ ਸਰੂਪ ਗੁਰਬਾਣੀ ਨਾਲ ਸਾਂਝ ਪਾ ਲਵੇਗਾ, ਉਸ ਦਾ ਸੱਚ ਸਰੂਪ ਨਾਲ ਸੰਪਰਕ ਜੁੜ ਜਾਵੇਗਾ। ਇਸ ਲਈ :—

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥

ਗਉੜੀ ਮ : ੪ (ਪੰਨਾ : ੩੦੪)

ਪੰਜਵੇਂ ਪਾਤਸ਼ਾਹ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਧੁਰ ਦਰਗਾਹ ਤੋਂ ਪ੍ਰਾਪਤ ਹੋਈ ਪ੍ਰਮੇਸ਼ਰ ਜੀ ਦੀ ਬਾਣੀ ਲਿਖਿਆ ਹੈ। ਜੋ ਗੁਰਬਾਣੀ ਨੂੰ ਪੜ੍ਹੇ, ਸੁਣੇ, ਕਮਾਵੇਗਾ ਉਸ ਦੇ ਸਾਰੇ ਚਿੰਤਾ, ਝੋਰੇ ਗੁਰਬਾਣੀ ਦੂਰ ਕਰ ਦੇਵੇਗੀ ਕਿਉਂਕਿ ਅਚਿੰਤ ਦੀ ਬਾਣੀ ਹੈ :—

ਧੁਰ ਕੀ ਬਾਣੀ ਆਈ॥
ਤਿਨਿ ਸਗਲੀ ਚਿੰਤ ਮਿਟਾਈ॥
ਦਇਆਲ ਪੁਰਖ ਮਿਹਰਵਾਨਾ॥
ਹਰਿ ਨਾਨਕ ਸਾਚੁ ਵਖਾਨਾ॥੨॥

ਸੋਰਠਿ ਮ : ੫ (ਪੰਨਾ : ੬੨੮)

ਸਾਹਿਬ ਪੰਚਮ ਪਾਤਸ਼ਾਹ ਜੀ ਦਾ ਫੁਰਮਾਨ ਹੈ, ਹੇ ਮੇਰੇ ਮਨ ! ਗੁਰੂ ਦੇ ਬਚਨਾਂ ਤੇ ਪੂਰਨ ਭਰੋਸਾ ਕਰ, ਇਹ ਬਾਣੀ ਉਸ ਅਕਾਲ ਪੁਰਖ ਗੋਬਿੰਦ ਦੀ ਹੈ। ਸਤਿਗੁਰੂ ਜੀ ਦੀ ਰਸਨਾ ਦੁਆਰਾ ਉਹਨਾਂ ਦੇ ਮੁਖਾਰਬਿੰਦ ਚੋਂ ਸੰਸਾਰ ਵਿੱਚ ਪ੍ਰਗਟ ਹੋਈ ਹੈ। ਇਸ ਗੁਰਬਾਣੀ ਨੂੰ ਮੁੜ-ਮੁੜ ਕੇ ਜਪ ਤੇ ਹਿਰਦੇ ਵਿੱਚ ਵਸਾ ਲੈ। ਗੁਰਬਾਣੀ ਦੁਆਰਾ ਤੈਨੂੰ ਸਦੀਵੀਂ ਸੁੱਖ ਪ੍ਰਾਪਤ ਹੋ ਜਾਵੇਗਾ, ਤੇਰੇ ਸਾਰੇ ਦੁੱਖ ਕੱਟੇ ਜਾਣਗੇ ਤੇ ਪ੍ਰਮੇਸ਼ਰ ਜੀ ਦਾ ਨਾਮ ਤੇਰੇ ਹਿਰਦੇ ਵਿੱਚ ਵਸ ਜਾਵੇਗਾ :—

ਜਿਸੁ ਸਿਮਰਤ ਦੂਖੁ ਸਭੁ ਜਾਇ॥
ਨਾਮੁ ਰਤਨੁ ਵਸੈ ਮਨਿ ਆਇ॥੧॥
ਜਪਿ ਮਨ ਮੇਰੇ ਗੋਵਿੰਦ ਕੀ ਬਾਣੀ॥
ਸਾਧੂ ਜਨ ਰਾਮੁ ਰਸਨ ਵਖਾਣੀ॥੧॥

ਗਉੜੀ ਮ : ੫ (ਪੰਨਾ : ੧੯੨)

ਅਥਾਹ ਮਹਾਨ ਸ਼ਕਤੀ ਵਾਲੇ ਪ੍ਰਭੂ ਜੀ ਜੋ ਸਾਰਿਆਂ ਵਿੱਚ ਇੱਕ ਰਸ ਵਿਆਪਕ

ਹਨ ਅਤੇ ਸਭ ਥਾਵਾਂ ਵਿੱਚ ਪਰੀਪੂਰਨ ਹੋ ਕੇ ਰਮੇ ਹੋਏ ਹਨ। ਉਹਨਾਂ ਦਾ ਮਹਾਨ ਹੁਕਮ ਵੀ, ਹਰ ਥਾਂ ਹਰ ਜਗ੍ਹਾ ਰਮਿਆ ਹੋਇਆ ਹੈ। ਉਸ ਮਹਾਨ ਹੁਕਮ (ਬਾਣੀ) ਨੂੰ ਸਤਿਗੁਰੂ ਜੀ ਨੇ ਆਪ ਸੁਣਿਆ ਅਤੇ ਆਪ ਆਪਣੇ ਮੁਖਾਰਬਿੰਦ ਚੋਂ ਪ੍ਰਗਟ ਕੀਤਾ ਹੈ। ਜਿਨ੍ਹਾਂ-ਜਿਨ੍ਹਾਂ ਵਡਭਾਗੀਆਂ ਨੇ ਗੁਰਬਾਣੀ ਹੁਕਮ ਨੂੰ ਸੁਣਿਆ ਅਤੇ ਉਸ ਹੁਕਮ ਦੀ ਕਮਾਈ ਕੀਤੀ। ਉਹਨਾਂ ਦਾ ਨਿਸਤਾਰਾ ਹੋ ਗਿਆ। ਉਹਨਾਂ ਨੂੰ ਐਸੀ ਆਤਮਕ ਅਡੋਲਤਾ ਵਾਲੀ ਅਵਸਥਾ ਮਿਲ ਗਈ, ਜਿਸ ਦਾ ਵਰਨਣ ਕਰਨਾ ਅਤਿ ਕਠਨ ਹੈ:—

ਗੁਰ ਕੀ ਬਾਣੀ ਸਭ ਮਾਹਿ ਸਮਾਣੀ॥
ਆਪਿ ਸੁਣੀ ਤੈ ਆਪਿ ਵਖਾਣੀ॥
ਜਿਨਿ ਜਿਨਿ ਜਪੀ ਤੇਈ ਸਭ ਨਿਸਤ੍ਰੇ
ਤਿਨ ਪਾਇਆ ਨਿਹਚਲ ਥਾਨਾਂ ਹੇ॥

ਮਾਰੂ ਮ : ੫ (ਪੰਨਾ : ੧੦੭੫)

ਜਿਸਨੂੰ ਗੁਰੂ ਦੀ ਬਖਸ਼ਿਸ਼ ਪ੍ਰਾਪਤ ਹੋ ਜਾਵੇ, ਉਸਨੂੰ ਗੁਰਬਾਣੀ ਦੀ ਸਹੀ ਵੀਚਾਰ ਪ੍ਰਾਪਤ ਹੋ ਜਾਂਦੀ ਹੈ, "ਪਰ ਹੈਨ ਵਿਰਲੇ ਨਾਹੀ ਘਣੇ" ਵਾਲੀ ਗੱਲ ਹੈ। ਇਹ ਬਾਣੀ ਮਹਾਂਪੁਰਖ, ਪ੍ਰਭੂ ਪ੍ਰਮਾਤਮਾ ਦੀ ਹੈ। ਜਿਸਦੇ ਹਿਰਦੇ ਵਿੱਚ ਵਸ ਜਾਂਦੀ ਹੈ, ਉਸ ਦਾ ਨਿੱਜ ਸਰੂਪ ਵਿੱਚ ਨਿਵਾਸ ਹੋ ਜਾਂਦਾ ਹੈ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਦੱਖਣੀ ਓਅੰਕਾਰੁ ਵਿੱਚ ਬਚਨ ਹੈ :—

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ॥

ਰਾਮਕਲੀ ਮ : ੧ (ਪੰਨਾ : ੯੩੫)

ਇਹ ਬਾਣੀ ਤਾਂ ਉਸ ਅਕਾਲ ਪੁਰਖ ਦੀ ਹੈ, ਜਿਸਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਖਸਮ ਕਿਹਾ ਹੈ। ਸਾਹਿਬਾਂ ਨੇ ਫੁਰਮਾਨ ਕੀਤਾ ਹੈ, ਹੇ ਸੰਸਾਰ ਦੇ ਲੋਗੋ! ਮੇਰੇ ਮਾਲਿਕ ਵਾਹਿਗੁਰੂ ਜੀ ਦਾ, ਜੋ ਉਪਦੇਸ਼ ਮੈਨੂੰ ਪ੍ਰਾਪਤ ਹੁੰਦਾ ਹੈ ਮੈਂ ਉਸ ਦਾ ਸੰਦੇਸ਼ ਗੁਰਬਾਣੀ ਦੇ ਰੂਪ ਵਿੱਚ ਤੁਹਾਨੂੰ ਦੱਸ ਦਿੰਦਾ ਹਾਂ। ਇਹ ਗਿਆਨ, ਇਹ ਹੁਕਮ, ਉਸ ਖਸਮ ਮਾਲਕ ਦਾ ਹੈ, ਮੇਰਾ ਨਹੀਂ :—

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥

ਤਿਲੰਗ ਮ : ੧ (ਪੰਨਾ : ੭੨੨)

ਤਥਾ :—**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥**

ਸੂਹੀ ਮ: ੧ (ਪੰਨਾ : ੭੬੩)

ਪ੍ਰਮੇਸ਼ਰੀ ਬਾਣੀ ਦੀ ਮਹਾਨਤਾ ਦਰਸਾਉਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗਉੜੀ ਰਾਗ ਵਿੱਚ ਇੱਕ ਸ਼ਬਦ ਉਚਾਰਨ ਕੀਤਾ ਹੈ। ਜਦੋਂ ਸਾਹਿਬਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨੀ ਸੀ, ਥਾਂਵਾਂ-ਥਾਂਵਾਂ ਤੋਂ ਗੁਰੂ ਕੀ ਬਾਣੀ ਇਕੱਤ੍ਰਤ ਕੀਤੀ। ਗੋਇੰਦਵਾਲ ਸਾਹਿਬ ਤੋਂ ਵੀ ਪਹਿਲੇ ਸਤਿਗੁਰਾਂ ਦੀ ਬਾਣੀ ਦੀਆਂ ਪੋਥੀਆਂ ਬੜੇ ਅਦਬ ਸਤਿਕਾਰ ਨਾਲ ਪਾਲਕੀ ਵਿੱਚ ਰਖਵਾ ਕੇ ਆਪ ਗੁਰਦੇਵ ਜੀ ਨੇ ਸੰਗਤਾਂ ਸਮੇਤ ਲਿਆਂਦੀਆਂ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੂੱਖ ਭੰਜਨੀ ਬੇਰੀ ਸਾਹਿਬ ਦੇ ਲਾਗੇ ਅਠਸਠ ਵਾਲੇ ਥਾਂ ਤੇ ਸਸ਼ੋਭਤ ਕਰਕੇ ਗੁਰਬਾਣੀ ਨੂੰ ਵਾਚਿਆ। ਆਪ ਦਾ ਮਨ ਖੁਸ਼ੀ ਅਤੇ ਵੈਰਾਗ ਨਾਲ ਭਰ ਗਿਆ। ਸਾਹਿਬਾਂ ਨੇ ਆਪਣੇ ਮੁਖਾਰਬਿੰਦ ਤੋਂ ਉਚਾਰਨ ਕੀਤਾ ਕਿ ਅਸੀਂ ਬੜੇ ਭਾਗਸ਼ੀਲ ਹਾਂ, ਜਿਹਨਾਂ ਪਾਸ ਆਦਿਲੇ ਸਾਹਿਬਾਂ ਦੀ ਗੁਰਬਾਣੀ ਦਾ ਅਮੋਲਕ ਖਜ਼ਾਨਾ ਹੈ। ਜੋ ਇਸ ਗੁਰਬਾਣੀ ਨਾਲ ਜੁੜੇਗਾ ਉਹ ਸਹਿਜ-ਸੁਭਾਅ ਹੀ, ਪ੍ਰਭੂ ਦੇ ਨਾਲ ਜੁੜ ਜਾਵੇਗਾ। ਇਸ ਗੁਰਬਾਣੀ ਰੂਪ ਖਜ਼ਾਨੇ ਦਾ, ਸੰਸਾਰ ਦੇ ਰਤਨ ਜਵਾਹਰਾਤਾਂ ਨਾਲ ਮੁੱਲ ਨਹੀਂ ਪਾਇਆ ਜਾ ਸਕਦਾ। ਸੰਸਾਰ ਦਾ ਖਜਾਨਾ ਤਾਂ ਵਰਤਦਿਆਂ ਘਟਦਾ ਹੈ, ਪ਼ਰ ਇਹ ਅੱਖੁਟ ਖਜ਼ਾਨਾ ਐਸਾ ਹੈ, ਜਿਉਂ-ਜਿਉਂ ਇਸਨੂੰ ਵਰਤੋ ਇਸ ਵਿੱਚ ਤੋਟ ਨਹੀਂ ਆਉਂਦੀ ਸਗੋਂ ਵਧਦਾ ਹੀ ਵਧਦਾ ਜਾਂਦਾ ਹੈ। ਪਰ ਇਸ ਅਮੋਲਕ ਨਾਮ-ਬਾਣੀ ਦੇ ਖਜ਼ਾਨੇ ਵਿੱਚੋਂ ਬਿਨਾਂ ਭਾਗਾਂ ਤੋਂ ਕੋਈ ਲਾਹਾ ਪ੍ਰਾਪਤ ਨਹੀਂ ਕਰ ਸਕਦਾ। ਜਿਸ ਤੇ ਗੁਰੂ ਮਿਹਰ ਕਰ ਦਿੰਦਾ ਹੈ, ਉਹ ਇਸ ਅਮੋਲਕ ਖਜ਼ਾਨੇ ਵਿੱਚੋਂ ਭਾਈਵਾਲ ਬਣ ਕੇ ਆਤਮਕ ਲਾਹਾ ਖੱਟਦਾ ਹੈ :—

ਹਮ ਧਨਵੰਤ ਭਾਗਠ ਸਚ ਨਾਇ॥
ਹਰਿ ਗੁਣ ਗਾਵਹ ਸਹਜਿ ਸੁਭਾਇ॥ ੧॥ ਰਹਾਉ॥
ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥
ਤਾ ਮੇਰੈ ਮਨਿ ਭਇਆ ਨਿਧਾਨਾ॥ ੧॥
ਰਤਨ ਲਾਲ ਜਾ ਕਾ ਕਛੂ ਨ ਮੋਲੁ॥
ਭਰੇ ਭੰਡਾਰ ਅਖੂਟ ਅਤੋਲ॥ ੨॥
ਖਾਵਹਿ ਖਰਚਹਿ ਰਲਿ ਮਿਲਿ ਭਾਈ॥
ਤੋਟਿ ਨ ਆਵੈ ਵਧਦੋ ਜਾਈ॥ ੩॥
ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥
ਸੁ ਏਤੁ ਖਜਾਨੈ ਲਇਆ ਰਲਾਇ॥ ੪॥

ਗਉੜੀ ਮ: ੫ (ਪੰਨਾ : ੧੮੫-੮੬)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਾਰੀ ਅਤੇ ਗੁਰੂ ਕੀ ਬਾਣੀ ਦੀ ਅਤੁੱਟ ਕਮਾਈ ਕਰਕੇ ਗੁਰੂ ਵਿੱਚ ਪੂਰਨ ਅਭੇਦਤਾ ਨੂੰ ਪ੍ਰਾਪਤ ਕਰਨ ਵਾਲੇ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀ ਬਾਣੀ, ਕਬਿੱਤ ਸਵੱਈਆਂ ਵਿੱਚ ਗੁਰੂ ਕੀ ਬਾਣੀ ਦੀ ਮਹਾਨਤਾ, ਹੇਠ ਲਿਖੇ ਸਵੱਈਏ ਵਿੱਚ ਦਰਸਾਈ ਹੈ। ਗੁਰਬਾਣੀ ਦੀ ਮਹਾਨਤਾ ਦਰਸਾਉਣ ਤੋਂ ਪਹਿਲਾਂ, ਉਹਨਾਂ ਨੇ ਸੰਸਾਰਕ ਤਿੰਨ ਉਦਾਹਰਣਾਂ ਦਿੱਤੀਆਂ ਹਨ ਤਾਂ ਜੋ ਉਹਨਾਂ ਉਦਾਹਰਣਾਂ ਨੂੰ ਪੜ੍ਹ ਸੁਣ ਕੇ ਸਾਡੇ ਹਿਰਦੇ ਵਿੱਚ ਗੁਰੂ ਕੀ ਬਾਣੀ ਦੀ ਮਹਾਨਤਾ ਦ੍ਰਿੜ ਹੋਣ ਲਈ ਥਾਂ ਬਣ ਜਾਵੇ ਅਤੇ ਗੁਰਬਾਣੀ ਦੇ ਅਮੋਲਕ ਖਜ਼ਾਨੇ ਚੋਂ ਕੋਈ ਕਿਣਕਾ ਮਾਤਰ ਸਾਡੇ ਹਿਰਦੇ ਵਿੱਚ ਵਸਾ ਕੇ *"ਹਮ ਧਨਵੰਤ ਭਾਗਠ ਸਚ ਨਾਇ॥ ਹਰਿ ਗੁਣ ਗਾਵਹ ਸਹਜਿ ਸੁਭਾਇ॥"* ਦੇ ਭਾਈਵਾਲ ਬਣ ਸਕੀਏ।

ਭਾਈ ਗੁਰਦਾਸ ਜੀ ਨੇ ਪਹਿਲੀ ਮਿਸਾਲ ਸਮੁੰਦਰ ਦੀ ਦਿੱਤੀ ਹੈ ਕਿ ਜਿਸ ਤਰ੍ਹਾਂ ਸਮੁੰਦਰ ਹੀਰੇ ਰਤਨਾਂ, ਸੁੱਚੇ ਮੋਤੀਆਂ ਜਵਾਹਰਾਤਾਂ ਆਦਿ ਨਿਧੀਆਂ ਦਾ ਖਜ਼ਾਨਾ ਹੈ। ਪਰ ਸਮੁੰਦਰ ਦੀ ਦੌਲਤ ਡੂੰਘੀਆਂ ਚੁੱਭੀਆਂ ਲਾਉਣ ਵਾਲੇ, ਮਰਜੀਵੜੇ ਗੋਤਾਖੋਰਾਂ ਨੂੰ ਹੀ ਪ੍ਰਾਪਤ ਹੁੰਦੀ ਹੈ।

ਇਸੇ ਤਰ੍ਹਾਂ ਪਹਾੜਾਂ ਵਿੱਚ ਵੀ ਬੜੇ ਕੀਮਤੀ ਹੀਰੇ, ਰਤਨ, ਜਵਾਹਰਾਤ, ਪਾਰਸ ਪੱਥਰ ਤੇ ਸੋਨੇ ਦੀਆਂ ਖਾਣਾਂ ਹਨ। ਪਰ ਪਹਾੜਾਂ ਦੀ ਦੌਲਤ ਦਾ ਲਾਭ ਖਾਣਾਂ ਖੋਦਣ ਵਾਲੇ, ਮਿਹਨਤ ਕਰਕੇ ਪ੍ਰਾਪਤ ਕਰਦੇ ਹਨ ਅਤੇ ਉਹਨਾਂ ਰਤਨਾਂ ਦੀ ਸੋਭਾ ਸੰਸਾਰ ਵਿੱਚ ਵੀ ਪਰਗਟ ਕਰਦੇ ਹਨ।

ਪਹਾੜਾਂ ਤੇ ਸਮੁੰਦਰਾਂ ਦੀ ਤਰ੍ਹਾਂ ਜੰਗਲ ਵੀ ਅਮੋਲਕ ਦੌਲਤ ਦਾ ਭੰਡਾਰ ਹਨ। ਜੰਗਲਾਂ ਵਿਚ, ਚੰਦਨ ਅਤੇ ਸੌਂਧਾ, ਕਪੂਰ ਵਰਗੇ ਅਤਿ ਸੁਗੰਧਤ ਬ੍ਰਿਛ ਤੇ ਕੀਮਤੀ ਜੜੀ ਬੂਟੀਆਂ ਹਨ, ਪਰ ਕੋਈ ਗਾਂਧੀ[੧], ਅਤਾਰ ਲੋਕ ਹੀ, ਉਹਨਾਂ ਦੀ ਢੂੰਡ ਭਾਲ ਕਰਨ ਲਈ ਡੂੰਘੇ ਜੰਗਲਾਂ ਵਿੱਚ ਜਾਂਦੇ ਹਨ ਤੇ ਉਥੋਂ ਉਹਨਾਂ ਨੂੰ ਲਿਆ ਕੇ, ਜਿੱਥੇ ਦੌਲਤ ਪ੍ਰਾਪਤ ਕਰਦੇ ਹਨ ਉੱਥੇ ਉਹਨਾਂ ਸੁਗੰਧਤ ਅਤਰਾਂ ਦੁਆਰਾ ਸੰਸਾਰ ਦੇ ਲੋਕਾਂ ਨੂੰ ਸੁਗੰਧੀ ਵੰਡਦੇ ਹਨ।

ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲੋਕ-ਪ੍ਰਲੋਕ ਦੀ ਰੂਹਾਨੀਅਤ ਦੇ ਖਜ਼ਾਨੇ

---

੧. ਅਤਰ ਕੱਢਣ ਵਾਲੇ

ਹਨ। ਗੁਰਬਾਣੀ ਧਰਮ, ਅਰਥ, ਕਾਮ, ਮੋਖ ਦੀ ਦਾਤੀ ਹੈ, ਪਰ ਇਹ ਅਮੋਲਕ ਦਾਤਾਂ ਉਹਨਾਂ ਗੁਰੂ ਪਿਆਰੇ ਜਗਿਆਸੂਆਂ ਨੂੰ ਹੀ ਪ੍ਰਾਪਤ ਹੁੰਦੀਆਂ ਹਨ ਜੋ ਗੁਰਬਾਣੀ ਦੇ ਅਮੋਲਕ ਖਜ਼ਾਨੇ ਨੂੰ ਖੋਜਦੇ ਹਨ ਤੇ ਉਸਨੂੰ ਵਰਤੋਂ ਵਿੱਚ ਲਿਆਉਂਦੇ ਹਨ :—

ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦ੍ਰ ਬਿਖੈ,
ਹੰਸ ਮਰਜੀਵਾ ਨਿਹਚੈ ਪ੍ਰਸਾਦੁ ਪਾਵਈ॥
ਜੈਸੇ ਪਰਬਤਿ ਹੀਰਾ ਮਾਨਕ ਪਾਰਸ ਸਿਧ,
ਖਨਵਾਰਾ ਖਨਿ ਜਗ ਵਿਖੇ ਪ੍ਰਗਟਾਵਈ॥
ਜੈਸੇ ਬਨ ਬਿਖੈ ਮਲਿਆਗਰ ਸੌਂਧਾ ਕਪੂਰ,
ਸੋਧ ਕੈ ਸੁਬਾਸੀ ਸੁਬਾਸ ਬਿਹਸਾਵਈ॥
ਤੈਸੇ ਗੁਰਬਾਨੀ ਬਿਖੈ ਸਕਲ ਪਦਾਰਥ ਹੈ,
ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ॥ ੫੪੬॥

ਕਬਿੱਤ ਸਵਈਏ ਭਾ: ਗੁਰਦਾਸ ਜੀ

ਸਤਿਗੁਰੂ ਜੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਸਤਿਗੁਰਾਂ ਦੀ ਆਤਮਕ ਜੋਤ ਹੈ। ਨਿਰੋਲ ਵਾਹਿਗੁਰੂ ਦਾ ਸ਼ੁਧ ਗਿਆਨ ਹੈ। ਗੁਰੂ ਗ੍ਰੰਥ ਸਾਹਿਬ ਲਗਾਤਾਰੀ ਇੱਕ ਵਾਹਿਗੁਰੂ ਦੀ ਧੁਨ ਹੈ। ਲਗਾਤਾਰ ਅਮੂਰਤੀਮਾਨ ਦੀ ਪ੍ਰਤੱਖ ਮੂਰਤ ਹੈ। ਜਿਸ ਵਿੱਚੋਂ ਜੀਵਨ ਦੇ ਦੈਵੀ ਗੁਣਾਂ ਦਾ ਸੋਮਾਂ ਆ ਮੁਹਾਰੇ ਵਗੀ ਜਾ ਰਿਹਾ ਹੈ। ਜੋ ਸਭ ਨੂੰ ਬਿਨਾਂ ਵਿਤਕਰੇ ਸ਼ਾਂਤੀ ਪ੍ਰਦਾਨ ਕਰ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਲਗਾਤਾਰ, ਬ੍ਰਿਹੋਂ, ਬੇਨਤੀ, ਨਿਰਮਲ ਭੈਅ, ਨਿਰਮਲ ਗਿਆਨ, ਸ਼ਰਧਾ, ਪਿਆਰ, ਪ੍ਰੇਮਾ, ਭਗਤੀ, ਸੇਵਾ ਸਿਮਰਨ, ਰੱਬੀ ਗਿਆਨ, ਇਲਾਹੀ ਫੁਰਮਾਨ, ਰੱਬੀ ਨਾਦ ਅਤੇ ਸਰੋਦ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਲਗਾਤਾਰੀ ਸੰਗੀਤ ਦਾ ਅਤੇ ਕਾਵਯ ਦਾ ਰਸ ਮਈ ਪ੍ਰਵਾਹ ਚੱਲ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਆਤਮਿਕ ਮਸਤੀ ਦਾ, ਆਤਮਕ ਰਸ ਦਾ ਪ੍ਰਭੂ ਲੀਨਤਾ ਦੇ ਸਰੂਰ ਦਾ ਇੱਕ ਅਨੂਪਮ ਦਰਸ਼ਨ ਹੈ। ਸਤਿਗੁਰੂ ਅਤੇ ਭਗਤਾਂ ਦਾ ਅਸਲੀ ਰਿਦਾ ਅਤੇ ਉਹਨਾਂ ਦਾ ਆਪਣਾ ਅਲੌਕਿਕ ਇਤਿਹਾਸ ਹੈ। ਜੇ ਕਿਸੇ ਨੇ ਗੁਰੂ ਨਾਨਕ ਪਾਤਸ਼ਾਹ ਅਤੇ ਭਗਤਾਂ ਦਾ ਹਿਰਦਾ ਅਤੇ ਉਹਨਾਂ ਦੇ ਇਤਿਹਾਸ ਅਤੇ ਉਹਨਾਂ ਦੇ ਜੀਵਨ ਨੂੰ ਪੜ੍ਹਨਾ ਹੋਵੇ, ਉਹ ਪਿਆਰ ਸ਼ਰਧਾ ਭਾਵਨੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹੇ, ਇਸ ਬਾਣੀ ਵਿੱਚੋਂ, ਸਤਿਗੁਰਾਂ ਦੇ, ਭਗਤਾਂ ਦੇ ਪ੍ਰਤੱਖ ਦਰਸ਼ਨ ਉਸਨੂੰ ਹੋਣਗੇ। ਗੁਰੂ ਗ੍ਰੰਥ ਸਾਹਿਬ ਨਿਰੰਕਾਰ ਦਾ ਪ੍ਰਤੱਖ ਦਰਸਨ ਹੈ ਕਿਉਂਕਿ ਸਤਿਗੁਰਾਂ ਤੇ ਭਗਤਾਂ ਦਾ ਹਿਰਦਾ ਹਉਂ ਰਹਿਤ ਅਤੇ ਨਿਰੋਲ ਨਿਰਮਲ ਹੋਣ ਕਰਕੇ,

ਨਿਰੰਕਾਰ ਅਤੇ ਉਸਦੇ ਗਿਆਨ ਦਾ ਹੂਬਹੂ, ਚਿਤਰਨ ਉਹਨਾਂ ਦੇ ਹਿਰਦੇ ਵਿੱਚ ਹੋਇਆ ਹੈ ਜਿਵੇਂ ਨਿਰਮਲ ਸ਼ੀਸ਼ੇ ਵਿੱਚ, ਹੂਬਹੂ ਮੂਰਤ ਦਰਸ਼ਨਾਉਂਦੀ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਨਿਰੋਲ ਵਾਹਿਗੁਰੂ ਦਾ ਗਿਆਨ ਅਤੇ ਨਿਰੰਕਾਰ ਦਾ ਸਮਰੱਤਖ, ਜ਼ਹੂਰ ਹੈ। ਗੁਰੂ ਗ੍ਰੰਥ ਸਾਹਿਬ ਜੀ (ਰੱਬੀ ਗਿਆਨ) ਵਿੱਚ ਭੋਰਾ ਜਿੰਨੀ ਵੀ ਮਿਲਾਵਟ ਜਾਂ ਗੰਧਲਾਪਨ ਨਹੀਂ। ਨਿਰਮਲ ਨਿਰੰਕਾਰ ਦਾ ਆਪਣਾ ਨਿਰਮਲ ਪ੍ਰਤੀਬਿੰਬ ਹੈ। ਇਸ ਲਈ ਨਿਰੰਕਾਰ ਅਤੇ ਸਤਿਗੁਰੂ ਦਾ ਰੂਪ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੀ ਆਤਮਾ ਦੇ ਅਹਾਰ ਵਾਸਤੇ ਸਤਿਗੁਰੂ ਜੀ ਨੇ ਸਾਨੂੰ ਰੁਹਾਨੀਅਤ ਦੇ ਭੋਜਨ ਦਾ ਥਾਲ ਪ੍ਰੋਸ ਕੇ ਬਖਸ਼ਿਸ ਕੀਤਾ ਹੈ। ਇਸ ਰੂਹਾਨੀਅਤ ਭੋਜਨ ਵਿੱਚ ਆਤਮਾਂ ਦੇ ਅਹਾਰ ਦੇ ਮੁੱਖ ਚਾਰ ਤੱਤ ਪਾਏ ਹਨ। ਜੋ ਵੀ ਗੁਰੂ ਪਿਆਰਾ ਗੁਰਬਾਣੀ ਦੁਆਰਾ ਬਖਸ਼ਿਸ਼ ਕੀਤੇ ਇਹਨਾਂ ਚੌਹਾਂ ਤੱਤਾਂ ਦਾ ਅਹਾਰ ਆਪਣੀ ਆਤਮਾ ਨੂੰ ਨਿੱਤ ਹੀ ਦੇਵੇਗਾ ਉਸ ਦੀ ਆਤਮਾ, ਤਮ[1] ਸੰਸਾਰ ਵਿੱਚ ਵਿਚਰਦੀ ਹੋਈ, ਸਤਿ, ਚਿੱਤ, ਅਨੰਦ, ਪ੍ਰਕਾਸ਼ ਸਰੂਪ ਪ੍ਰਮਾਤਮਾ ਨਾਲ ਜੁੜ ਕੇ, ਸਤਿ, ਚਿੱਤ, ਅਨੰਦ, ਪ੍ਰਕਾਸ਼ ਸਰੂਪ ਹੀ ਹੋ ਜਾਵੇਗੀ। ਆਤਮਿਕ ਅਹਾਰ ਭੁੰਚਣ ਵਾਲੇ ਗੁਰੂ ਪਿਆਰੇ ਨੂੰ ਸੰਸਾਰ, ਪਸਾਰਾ ਜਾਂ ਖਿਲਾਰਾ ਨਹੀਂ ਲੱਗੇਗਾ।

ਉਸਨੂੰ ਬ੍ਰਹਮ ਪਸਾਰਾ ਹੀ ਨਜ਼ਰੀ ਆਵੇਗਾ। ਸਤਿਗੁਰੂ ਅਰਜਨ ਦੇਵ ਜੀ ਦਾ ਹੇਠ ਲਿਖਿਆ ਮੁੰਦਾਵਣੀ ਦਾ ਸ਼ਬਦ ਪੜ੍ਹੀਏ, ਪੂਰੀ ਸਪੱਸ਼ਟਤਾ ਹੋ ਜਾਵੇਗੀ :—

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥ ੧॥

ਮੁੰਦਾਵਣੀ ਮ: ੫ (ਪੰਨਾ : ੧੪੨੯)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਤਮਿਕ ਅਧਾਰ ਵਾਸਤੇ ਕੈਸਾ ਅਨਪਮ ਰੂਹਾਨੀਅਤ ਦਾ ਥਾਲ ਹੈ ? ਇਸ ਅਨੂਪਮ ਥਾਲ ਵਿੱਚ ਜੋ ਆਤਮਾ ਦੇ ਅਹਾਰ ਦੇ ਚਾਰ ਤੱਤ ਹਨ। ਉਹਨਾਂ ਨੂੰ ਥੋੜਾ ਵਿਸਥਾਰ ਵਿੱਚ ਵਾਚਣ ਦਾ ਯਤਨ ਕਰੀਏ ਤਾਂ ਜੋ ਗੁਰੂ ਰਹਿਮਤ ਸਦਕਾ ਸਾਡੀ ਆਤਮ ਵੀ ਇਹਨਾਂ ਸ੍ਰੇਸ਼ਟ ਤੱਤਾਂ ਦਾ ਅਹਾਰ ਕਰਕੇ ਅਰੋਗ ਤੇ ਬਲਵਾਨ ਹੋ ਜਾਵੇ ਅਤੇ ਆਪਣੇ ਅਸਲੀ ਰੂਪ ਵਿੱਚ ਪ੍ਰਗਟ ਹੋ, ਆਪਣੇ ਨਿੱਜ ਨਾਲ ਜੁੜ ਕੇ ਪੁਕਾਰ ਉੱਠੇ ਕਿ :—**ਸਭੁ ਨਾਨਕ ਬ੍ਰਹਮ ਪਸਾਰੋ॥ ਸਭੁ ਨਾਨਕ ਬ੍ਰਹਮ ਪਸਾਰੋ॥**

੧. ਗਾੜਾ ਅੰਧੇਰਾ

ਆਤਮਿਕ ਅਹਾਰੀ ਚਾਰ ਤੱਤ ਕਿਹੜੇ ਹਨ ?

(1) ਸਤਿ
(2) ਸੰਤੋਖ
(3) ਸ਼ੁਭ ਵੀਚਾਰ
(4) ਅੰਮ੍ਰਿਤ ਨਾਮ

ਗੁਰੂ ਬਖਸ਼ਿਸ਼ ਕੀਤੀ ਬੁੱਧੀ ਨਾਲ ਆਤਮਿਕ ਅਹਾਰੀ ਚੌਹਾਂ ਤੱਤਾਂ ਪ੍ਰਤੀ, ਗੁਰਬਾਣੀ ਦੇ ਅਧਾਰਤ ਥੋੜਾ ਵਿਸਥਾਰ ਨਾਲ ਵੀਚਾਰ ਕਰਨ ਦਾ ਯਤਨ ਕਰੀਏ ਤਾਂ ਜੋ ਵੀਚਾਰ ਕਰਦਿਆਂ-ਕਰਦਿਆਂ, ਗੁਰੂ ਉਪਦੇਸ਼ ਵਾਚਦਿਆਂ-ਵਾਚਦਿਆਂ ਕੋਈ ਕਿਨਕਾ ਮਾਤਰ ਸਾਡੇ ਹਿਰਦੇ ਵਿੱਚ ਵੀ ਘਰ ਕਰ ਜਾਵੇ। ਅਸੀਂ ਵੀ ਗੁਰੂ ਅਸੀਸ ਦੇ ਪਾਤਰ ਬਣ ਕੇ ਗੁਰੂ ਖੁਸ਼ੀ ਨੂੰ ਪ੍ਰਾਪਤ ਕਰ ਸਕੀਏ। ਸ੍ਰੀ ਗੁਰੂ ਗ੍ਰੰਥ ਸਾਹਿਬ, ਨਿਰੰਕਾਰ ਦਾ ਗਿਆਨ ਹੈ। ਇਸ ਅਨੁਭਵੀ ਗਿਆਨ ਦੀ ਵੀਚਾਰ ਕਰਨ ਵਾਸਤੇ ***"ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥"*** ਕੋਈ ਨਿਰੰਕਾਰੀ ਅਨੁਭਵੀ ਬਿਰਤੀ ਵਾਲਾ ਹੀ ਆਪ ਜਾਣ ਤੇ ਦੂਸਰਿਆਂ ਨੂੰ ਜਣਾ ਸਕਦਾ ਹੈ।

ਪਰ ਫਿਰ ਵੀ ਭਾਈ ਗੁਰਦਾਸ ਜੀ ਦੇ ਫੁਰਮਾਨ ਅਨੁਸਾਰ ਜਿਵੇਂ ਕਿ ਉਹਨਾਂ ਨੇ ਸੰਸਾਰਕ ਤਿੰਨ ਉਦਾਹਰਣਾ ਦੇ ਕੇ ਗੁਰਬਾਣੀ ਨੂੰ ਪੜ੍ਹਨ, ਸੁਣਨ, ਵੀਚਾਰਨ ਅਤੇ ਖੋਜਣ ਦੀ ਪ੍ਰੇਰਨਾ ਦਿੱਤੀ ਹੈ ਕਿ ਗੁਰਬਾਣੀ ਨੂੰ ਨੇਮ ਨਾਲ ਪੜ੍ਹਦਿਆਂ ਸੁਣਦਿਆਂ ਵੀਚਾਰਦਿਆਂ ਖੋਜਦਿਆਂ, ਕਿਸੇ ਦਿਨ ਜਗਿਆਸੂ ਗੁਰੂ ਦੇ ਸ਼ਬਦ ਵਿੱਚ ਲੀਨ ਹੋ ਕੇ ਆਤਮ ਰਸ ਨਾਲ ਖੀਵਾ ਹੋ ਕੇ ਸ਼ਬਦ ਦਾ ਹੀ ਰੂਪ ਬਣ ਜਾਂਦਾ ਹੈ।

ਭਾਈ ਗੁਰਦਾਸ ਜੀ ਨੇ ਉਦਾਹਰਣ ਦਿੱਤੀ ਹੈ ਕਿ ਜਿਸ ਤਰ੍ਹਾਂ ਜਗਦੇ ਦੀਵੇ ਉੱਤੇ ਪਤੰਗਾ ਲੱਟੂ ਹੋ ਕੇ ਘੁੰਮਣ ਘੇਰੀਆਂ ਲਾਂਉਦਾ ਹੈ। ਕਿਸੇ ਦਿਨ ਦੀਵੇ ਦੀ ਲਾਟ ਉੱਤੇ ਡਿੱਗ ਕੇ ਸੜ ਜਾਂਦਾ ਹੈ। ਆਪਣਾ ਆਪ ਮਿਟਾ ਦਿੰਦਾ ਹੈ।

ਜਿਵੇਂ ਪੰਛੀ ਹਰ ਰੋਜ਼ ਆਪਣੇ ਆਲ੍ਹਣੇ ਵਿੱਚੋਂ ਚੋਗ ਚੁਗਣ ਵਾਸਤੇ ਜੰਗਲ ਵਿੱਚ ਜਾਂਦਾ ਹੈ। ਚੋਗ ਚੁਗਣ ਉਪ੍ਰੰਤ ਮੁੜ ਆਪਣੇ ਆਲ੍ਹਣੇ ਵਿੱਚ ਵਾਪਸ ਆ ਟਿਕਾਣਾ ਕਰਦਾ ਹੈ। ਪਰ ਕਿਸੇ ਦਿਨ ਬਧਕ ਦੀ ਫਾਹੀ ਵਿੱਚ ਫੱਸ ਜਾਂਦਾ ਹੈ। ਮੁੜ ਆਪਣੇ ਟਿਕਾਣੇ ਵਿੱਚ ਨਹੀਂ ਆਉਂਦਾ।

ਜਿਵੇਂ ਭਵਰਾ ਹਰ ਰੋਜ ਕਉਲ ਫੁੱਲਾਂ ਦੇ ਰਸ ਨੂੰ ਮਾਣਦਾ ਅਤੇ ਚੂਸਦਾ ਰਹਿੰਦਾ ਹੈ। ਪਰ ਕਿਸੇ ਦਿਨ ਰਸ ਚੂਸਣ ਤੇ ਸੁਗੰਧੀ ਮਾਨਣ ਵਿੱਚ ਇੰਨਾ ਮਸਤ ਹੋ ਜਾਂਦਾ ਹੈ। ਸ਼ਾਮ ਪੈਣ ਤੇ ਕਉਲ ਫੁੱਲ ਬੰਦ ਹੋ ਜਾਂਦਾ ਹੈ ਅਤੇ ਭਵਰਾ ਕਉਲ ਫੁੱਲ ਦੇ ਸੰਪਟ ਵਿੱਚ ਹੀ ਸਮਾ ਜਾਂਦਾ ਹੈ।

ਇਸੇ ਤਰ੍ਹਾਂ ਜਿਹੜੇ ਪ੍ਰਾਣੀ ਹਰ ਰੋਜ਼ ਗੁਰੂ ਸ਼ਬਦ ਵਿੱਚ ਚੁੱਭੀਆਂ ਲਾਉਂਦੇ ਹਨ, ਗੁਰਬਾਣੀ ਅਤੇ ਗੁਰੂ ਸ਼ਬਦ ਵਿੱਚ ਇੱਕ ਦਿਨ ਐਸੇ ਲੀਨ ਹੋ ਕੇ ਖੀਵੇ ਹੋ ਜਾਂਦੇ ਹਨ ਅਤੇ ਉਹਨਾਂ ਦੀ ਸੁਰਤੀ ਗੁਰੂ ਸ਼ਬਦ ਵਿੱਚ ਲੀਨ ਹੋ ਕੇ ਪ੍ਰਭੂ ਜੀ ਨਾਲ ਅਭੇਦ ਹੋ ਜਾਂਦੀ ਹੈ। ਗੁਰੂ ਸ਼ਬਦ ਦੁਆਰਾ ਉਹ ਆਪਾ ਮਿਟਾ ਦਿੰਦੇ ਹਨ ਅਤੇ ਨਿਰੋਲ ਬ੍ਰਹਮ ਦਾ ਰੂਪ ਹੋ ਜਾਂਦੇ ਹਨ :—

ਜੈਸੇ ਦੀਪ ਦੀਪਤ ਪਤੰਗ ਲੋਟ ਪੋਟ ਹੋਤ,
ਕਬਹੂੰ ਕੈ ਜ੍ਵਾਰਾ ਮੈ ਪਰਤ ਜਰਿ ਜਾਇ ਹੈ॥
ਜੈਸੇ ਖਗ ਦਿਨ ਪ੍ਰਤਿ ਚੋਗ ਚੁਗਿ ਆਵੈ ਉਡਿ,
ਕਾਹੂ ਦਿਨ ਫਾਸੀ ਫਾਸੈ ਬਹੁਰਿ ਨ ਆਇ ਹੈ॥
ਜੈਸੇ ਅਲਿ ਕਮਲ ਕਮਲ ਪ੍ਰਤਿ ਖੋਜੈ ਨਿਤ,
ਕਬਹੂੰ ਕਮਲ ਦਲ ਸੰਪਟ ਸਮਾਇ ਹੈ॥
ਤੈਸੇ ਗੁਰਬਾਨੀ ਅਵਗਾਹਨ ਕਰਤ ਚਿਤ,
ਕਬਹੂ ਮਗਨ ਹ੍ਵੈ ਸਬਦਿ ਉਰਝਾਇ ਹੈ॥ ੫੯੦॥

(ਕਬਿਤ ਸਵਯੇ ਭਾਈ ਗੁਰਦਾਸ ਜੀ)

ਸੋ ਇਸੇ ਭਾਵਨੀ ਨਾਲ ਗੁਰਬਾਣੀ ਵੀਚਾਰ ਨੂੰ ਲੇਖਣੀ ਦਾ ਰੂਪ ਦੇਣ ਦਾ ਹੀਆ ਕੀਤਾ ਹੈ ਤਾਂ ਜੋ ਗੁਰੂ ਉਪਦੇਸ਼ ਨੂੰ ਵੀਚਾਰਦਿਆਂ, ਖੋਜਦਿਆਂ, ਕੋਈ ਕਿਣਕਾ ਮਾਤਰ ਸਾਡੇ ਹਿਰਦੇ ਵਿੱਚ ਵੀ ਟਿਕ ਜਾਵੇ ਅਤੇ ਸਤਿ, ਸੰਤੋਖ, ਸ਼ੁਭ ਵੀਚਾਰ ਅਤੇ ਨਾਮ ਤੇ ਤੱਤਾਂ ਦਾ ਅਹਾਰ ਸਾਡੀ ਆਤਮਾ ਨੂੰ ਵੀ ਪ੍ਰਾਪਤ ਹੋ ਜਾਵੇ ਅਤੇ :—

ਸਫਲ ਸਫਲ ਭਈ ਸਫਲ ਜਾਤ੍ਰਾ॥
ਆਵਣ ਜਾਣ ਰਹੇ ਮਿਲੇ ਸਾਧਾ॥੧॥

ਧਨਾਸਰੀ ਮ: ੫ (ਪੰਨਾ : ੬੮੭)

ਗੁਰੂ ਗ੍ਰੰਥ ਸਾਹਿਬ ਪ੍ਰਤੀ ਪੱਛਮੀ ਵਿਦਵਾਨਾ ਦੀ ਰਾਇ

ਪਰਲ ਐਸ ਬਕ, ਨੋਬਿਲ ਪ੍ਰਾਇਜ਼ ਵਿਜੇਤਾ ਦਾ ਗੁਰੂ ਗ੍ਰੰਥ ਪ੍ਰਤੀ ਸਤਿਕਾਰ

"ਮੈਂ ਹੋਰ ਵੱਡੇ-ਵੱਡੇ ਧਰਮਾਂ ਦੀਆਂ ਧਾਰਮਿਕ ਰਚਨਾਵਾਂ ਪੜ੍ਹੀਆਂ ਹਨ ਪਰ ਮੈਨੂੰ ਉਨ੍ਹਾਂ ਵਿਚ ਦਿਲ ਤੇ ਮਨ ਨੂੰ ਪ੍ਰਭਾਵਤ ਕਰਨ ਵਾਲੀ ਇਤਨੀ ਸ਼ਕਤੀ ਨਹੀਂ ਲੱਗੀ ਜਿਤਨੀ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਮਹਿਸੂਸ ਹੋਈ ਹੈ। ਇਹ ਬਾਣੀ ਲੰਬੀ ਹੋਣ ਦੇ ਬਾਵਜੂਦ ਵੀ ਬੜੀ ਗੁੰਦਵੀਂ ਹੈ, ਪ੍ਰਮਾਤਮਾ ਦਾ ਸਭ ਤੋਂ ਉੱਤਮ ਤੇ ਪਵਿੱਤਰ ਸੰਕਲਪ ਉਭਾਰਦੀ ਹੈ ਅਤੇ ਮਨੁੱਖੀ ਸਰੀਰ ਦੀਆਂ ਅਮਲੀ ਲੋੜਾਂ ਦੇ ਅਨੁਕੂਲ ਹੈ। ਇਨ੍ਹਾਂ ਬਾਣੀਆਂ ਵਿੱਚ ਹੈਰਾਨੀਜਨਕ ਆਧੁਨਿਕਤਾ ਮੌਜੂਦ ਹੈ।"

ਅਰਨਾਲਡ ਤਿਆਨਬੀ ਦੀ ਰਾਏ ਵਿੱਚ ਗੁਰੂ ਗ੍ਰੰਥ ਦੀ ਮਹਤੱਤਾ

"ਗੁਰੂ ਗ੍ਰੰਥ ਸਾਹਿਬ ਮਨੁੱਖੀ ਭਾਈ-ਚਾਰੇ ਦੇ ਸਾਂਝੇ ਆਤਮਿਕ ਖਜ਼ਾਨਾ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਗੁਰੂ ਗ੍ਰੰਥ ਸਾਹਿਬ ਨੂੰ ਜਿਤਨਾ ਵੱਧ ਤੋਂ ਵੱਧ ਲੋਕਾਂ ਦੇ ਸਿੱਧੇ ਸੰਪਰਕ ਵਿੱਚ ਲਿਆਇਆ ਜਾ ਸਕੇ, ਲਿਆਂਦਾ ਜਾਵੇ। ਜਿਤਨੇ ਵੀ ਧਾਰਮਿਕ ਗ੍ਰੰਥ ਉਪਲੱਬਧ ਹਨ ਉਹਨਾਂ ਵਿੱਚੋਂ ਗੁਰੂ ਗ੍ਰੰਥ ਸਾਹਿਬ ਸਭ ਤੋਂ ਵੱਧ ਸਤਿਕਾਰੀ ਹਸਤੀ ਰੱਖਦੇ ਹਨ। ਜਿਤਨਾ ਕੁਰਾਨ ਸ਼ਰੀਫ ਮੁਸਲਮਾਨਾਂ ਨੂੰ ਪਿਆਰਾ ਲੱਗਦਾ ਹੈ, ਜਿਤਨਾ ਬਾਈਬਲ ਇਸਾਈਆਂ ਨੂੰ ਪਿਆਰਾ ਲੱਗਦਾ ਹੈ, ਜਿਤਨਾ ਤੌਰਾਹ ਯਹੂਦੀਆਂ ਨੂੰ ਪਿਆਰਾ ਲੱਗਦਾ ਹੈ, ਗੁਰੂ ਗ੍ਰੰਥ ਸਾਹਿਬ ਸਿੱਖਾਂ ਲਈ ਉਸ ਤੋਂ ਵੱਧ ਮਹੱਤਵਪੂਰਣ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਸਦੀਵ ਗੁਰੂ ਹਨ। ਅਧਿਆਤਮਿਕ ਗਾਇਡ ਹਨ"। ਹਵਾਲਾ—sacred Writings of the Sikhs, (A UNESCO PUBLICATION)। ਇਸੇ ਪੁਸਤਕ ਦੇ ਪੰਨਾ 10 ਤਿਆਨਬੀ ਗੁਰੂ ਗ੍ਰੰਥ ਸਾਹਿਬ ਦੀ ਉਸਤਤੀ ਵਿੱਚ ਨਿਰਪੱਖ ਰੂਪ ਵਿੱਚ ਲਿਖਦਾ ਹੈ, 'ਮਨੁੱਖਤਾ ਦਾ ਧਾਰਮਿਕ ਭਵਿੱਖ ਧੁੰਦਲਾ ਹੈ ਪਰ ਫਿਰ ਵੀ ਇਸ ਦੇ ਬਾਵਜੂਦ ਇੱਕ ਚੀਜ਼ ਦੇਖੀ ਜਾ ਸਕਦੀ ਹੈ ਤੇ ਉਹ ਇਹ ਹੈ ਕਿ ਜੀਵਤ ਉਚੇਰੇ ਧਰਮ ਪਹਿਲੇ ਦੀ ਨਿਸਬਤ ਹੁਣ ਇੱਕ ਦੂਜੇ ਦੇ ਵਧੇਰੇ ਨੇੜੇ ਹੋ ਰਹੇ ਹਨ.........ਭਵਿੱਖ ਵਿੱਚ ਹੋਣ ਵਾਲੀ ਧਰਮਾਂ ਬਾਰੇ ਚਰਚਾ ਵਿੱਚ ਸਿੱਖ ਧਰਮ ਅਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕੋਲ ਕੁਝ ਐਸੀ ਵਿਸ਼ੇਸ਼ ਤੇ ਕੀਮਤੀ ਗੱਲ ਜ਼ਰੂਰ ਹੈ ਜੋ ਬਾਕੀ ਸਾਰੀ ਦੁਨੀਆਂ ਨੂੰ ਦੱਸੀ ਜਾ ਸਕਦੀ ਹੈ।

ਐਚ. ਐਲ. ਬਰਾਡਸ਼ਾਹ :-ਸਿੱਖੀ ਆਧੁਨਿਕ ਯੁੱਗ ਦਾ ਧਰਮ ਹੈ

ਅਮਰੀਕਨ ਲੇਖਕ ਤੇ ਇਤਿਹਾਸਕਾਰ ਸ੍ਰੀ ਬਰਾਡਸ਼ਾਹ ਸਿੱਖ ਧਰਮ ਬਾਰੇ ਲਿਖਦਿਆਂ ਹੋਇਆਂ ਕਹਿੰਦਾ ਹੈ। "ਇਹ ਧਰਮ ਸਾਇੰਸ ਦੀ ਕਸਵੱਟੀ ਉੱਤੇ ਪੂਰਾ ਉੱਤਰਦਾ ਹੈ, ਇਸ ਲਈ ਭਵਿੱਖ ਦੇ ਮਨੁੱਖ ਲਈ ਸਿੱਖ ਧਰਮ ਹੀ ਆਖਰੀ ਆਸ ਤੇ ਸਹਾਰਾ ਹੋਵੇਗਾ।"

'Sikhism is a universal world faith with a message to humanity. This is amply illustrated in the writings of Gurus. Sikhs must cease to think of their faith as just another good religion and must begin to think in terms of sikhism being the religion for this new age.... the religion preached by Guru Nanak to the faith of the new age. It completely supplants and fulfils all the former dispensation of older religions. The other religions contain truth but sikhism contains the fullness of truth.'

ਲਈ ਸੰਦੇਸ਼ ਮੌਜੂਦ ਹੈ। ਇਹ ਗੱਲ ਸਿੱਖ ਗੁਰੂ ਸਾਹਿਬਾਨ ਦੀਆਂ ਲਿਖਤਾਂ ਵਿੱਚ ਬੜੀ ਚੰਗੀ ਤਰ੍ਹਾਂ ਰੂਪਮਾਨ ਹੋਈ ਮਿਲਦੀ ਹੈ। ਸਿੱਖਾਂ ਨੂੰ ਇਹ ਸੋਚਣਾ ਬੰਦ ਕਰ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਧਰਮ ਦੂਜੇ ਧਰਮਾਂ ਵਾਂਗ ਇੱਕ ਚੰਗਾ ਧਰਮ ਹੈ ਅਤੇ ਇਵੇਂ ਸੋਚਣਾ ਸ਼ੁਰੂ ਕਰਨਾ ਚਾਹੀਦਾ ਹੈ ਕਿ ਸਿੱਖ ਧਰਮ ਇਸ ਨਵੇਂ ਯੁੱਗ ਦਾ ਧਰਮ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਚਾਰਿਆ ਧਰਮ ਨਿਰਸੰਦੇਹ ਨਵੇਂ ਯੁੱਗ ਦਾ ਧਰਮ ਹੈ। ਇਹ ਪੁਰਾਣੇ ਧਰਮਾਂ ਦੇ ਸਾਰੇ ਗੁਣਾਂ ਨੂੰ ਆਪਣੇ ਵਿੱਚ ਸਮੋਈ ਬੈਠਾ ਹੈ ਤੇ ਉਨ੍ਹਾਂ ਦੇ ਗੁਣਾਂ ਨੂੰ ਪੂਰਿਆਂ ਕਰਦਾ ਹੈ। ਬਾਕੀ ਧਰਮਾਂ ਵਿੱਚ ਸੱਚ ਦਾ ਅੰਸ਼ ਹੈ ਪਰ ਸਿੱਖ ਧਰਮ ਵਿੱਚ ਸੱਚ ਹੀ ਸੱਚ ਹੈ, ਭਰਪੂਰ ਰੂਪ ਵਿੱਚ ਸੱਚ ਹੈ ਜਾਂ ਇਵੇਂ ਕਹਿ ਲਵੋ ਇਹ ਧਰਮ ਸਾਰੀ ਦੀ ਸਾਰੀ ਸਚਾਈ ਹੈ। ਪ੍ਰੋਫੈਸਰ ਬਰਾਡਸ਼ਾਹ ਅੱਗੇ ਹੋਰ ਲਿਖਦਾ ਹੈ ਕਿ ਪੁਰਾਣੇ ਧਰਮ ਆਪਣੇ ਵਕਤਾਂ ਵਿੱਚ ਚੰਗੇ ਧਰਮ ਸਨ ਪਰ ਉਹ ਸਮਾਂ ਹੁਣ ਬੀਤ ਗਿਆ ਹੈ ਅਤੇ ਅਸੀਂ ਗੁਰੂ ਨਾਨਕ ਦੇ ਧਾਰਮਿਕ ਪ੍ਰਬੰਧ ਵਿੱਚ ਰਹਿ ਰਹੇ ਹਾਂ ਜਿਵੇਂ ਅਸੀਂ ਮੌਜੂਦਾ ਜੀਵਨ ਨੂੰ ਸੁਖਦਾਈ ਬਣਾਉਣ ਵਾਲੀਆਂ ਕਾਢਾਂ ਅਤੇ ਸਹੂਲਤਾਂ ਦੀ ਸਲਾਹੁਣਾ ਕਰਦੇ ਹਾਂ ਅਤੇ ਆਪਣੇ ਤੇਜ਼ ਰਫਤਾਰ ਹਵਾਈ-ਜਹਾਜ਼ਾਂ, ਮੋਟਰ ਗੱਡੀਆਂ ਅਤੇ ਬਿਜਲੀ ਆਦਿ ਨੂੰ ਪੁਰਾਣੇ ਜ਼ਮਾਨੇ ਦੀਆਂ ਘੋੜਾ-ਬੱਘੀਆਂ ਅਤੇ ਮੋਮਬਤੀਆਂ ਨਾਲ ਬਦਲਣ ਲਈ ਤਿਆਰ ਨਹੀਂ ਹਾਂ, ਇਸੇ ਤਰ੍ਹਾਂ ਅਸੀਂ ਗੁਰੂ ਨਾਨਕ ਦੇਵ ਦੇ ਨਵੇਂ ਯੁੱਗ ਦੇ ਧਰਮ ਨੂੰ ਕਿਸੇ ਵੀ ਪੁਰਾਣੇ ਧਰਮ ਅਤੇ ਉਸਦੇ ਅਪ੍ਰਚਲਤ ਫਲਸਫੇ ਨਾਲ ਨਹੀਂ ਬਦਲਣਾ ਚਾਹੁੰਦੇ। ਮੌਜੂਦਾ ਸਪੇਸ ਏਜ ਭਾਵ ਪੁਲਾੜੀ ਯੁੱਗ ਲਈ ਸਿੱਖ ਧਰਮ ਇੱਕ ਸਰਬ-ਸਾਂਝਾ (universal) ਧਰਮ ਹੈ (ਹਵਾਲਾ—Sikhism ; universal message, By Richardson, edition, 1991, Page 8, and also Sikh Review Feb 2002 page : 34, 35)

ਸਤਿਗੁਰਾਂ ਖੁਦ, ਗੁਰਬਾਣੀ ਸਤਿਕਾਰ ਦੇ ਪੂਰਨੇ ਪਾਏ।

ਸਤਿਗੁਰੂ ਜੀ ਨੇ ਨਿਰੰਕਾਰੀ ਉਪਦੇਸ਼ ਨੂੰ ਕਲਮਬੰਦ ਕਰਕੇ, ਇਸ ਦਰਗਾਹੀ ਕਲਾਮ ਦਾ ਨਿਰੰਕਾਰ ਜਿੰਨਾਂ ਹੀ ਸਤਿਕਾਰ ਕੀਤਾ ਅਤੇ ਜਗਿਆਸੂਆਂ ਨੂੰ ਕਰਨ ਵਾਸਤੇ ਪ੍ਰੇਰਨਾ ਦਿੱਤੀ। ਜਿਵੇਂ ਨਾਮ ਅਤੇ ਨਾਮੀ ਵਿੱਚ ਕੋਈ ਫਰਕ ਨਹੀਂ ਹੁੰਦਾ, ਆਪਸੀ ਨਾਮ ਤੇ ਨਾਮੀ ਅਭੇਦ ਹੁੰਦੇ ਹਨ। ਇਸੇ ਤਰ੍ਹਾਂ ਪ੍ਰਮੇਸ਼ਰ ਅਤੇ ਪ੍ਰਮੇਸ਼ਰੀ ਗਿਆਨ ਵਿੱਚ ਭੋਰਾ ਜਿੰਨਾ ਵੀ ਅੰਤਰ ਨਹੀਂ। ਜਿਹਨਾਂ ਨੇ ਅੰਤਰ ਸਮਝਿਆ, ਉਹਨਾਂ ਨੂੰ ਪੂਰਨ ਲਾਹਾ ਪ੍ਰਾਪਤ ਨਹੀ ਹੋ ਸਕਿਆ। ਮਾਇਆ ਦੇ ਪ੍ਰਭਾਵ ਕਾਰਨ ਸਾਡਾ ਸੰਸਾਰੀ ਲੋਕਾਂ ਦਾ ਵੀ ਇਹ ਹੀ ਹਾਲ ਹੈ। ਅਸੀਂ ਨਿਰੰਕਾਰ ਪ੍ਰਮੇਸ਼ਰ ਨੂੰ ਹੋਰ ਜਾਣਦੇ ਹਾਂ ਅਤੇ ਪ੍ਰਮੇਸ਼ਰੀ ਗਿਆਨ (ਗੁਰਬਾਣੀ) ਨੂੰ ਹੋਰ ਸਮਝਦੇ ਹਾਂ। ਜਿੰਨਾ ਚਿਰ ਇਸ ਤਰ੍ਹਾਂ ਦੀ ਮਾਇਕੀ

ਪ੍ਰਭਾਵ ਦੀ ਭਿੰਨਤਾ ਬਣੀ ਰਹੇਗੀ, ਆਤਮਿਕ ਲਾਹਾ ਪ੍ਰਾਪਤ ਨਹੀਂ ਹੋ ਸਕਦਾ। ਸਾਨੂੰ ਗੁਰਬਾਣੀ ਦਾ ਸਤਿਕਾਰ ਦ੍ਰਿੜ ਕਰਾਉਣ ਵਾਸਤੇ ਹੀ ਸਤਿਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਹਿਰਦਾ ਲਿਖਿਆ ਹੈ ਤੇ ਫੁਰਮਾਨ ਕੀਤਾ ਹੈ ਕਿ ਗੁਰੂ ਦੇ ਸਰੀਰ ਦੇ ਇੱਕੋ ਸਮੇਂ ਹਰੇਕ ਥਾਂ, ਹਰ ਸਮੇਂ ਦਰਸ਼ਨ ਨਹੀਂ ਹੋ ਸਕਦੇ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਮੇਰਾ ਹਿਰਦਾ ਹੈ। ਗੁਰੂ ਗ੍ਰੰਥ ਸਾਹਿਬ ਜੁਗੋ ਜੁਗ ਅਟੱਲ, ਹਰ ਸਮੇਂ, ਹਰ ਥਾਂ ਤੇ ਦਰਸ਼ਨ ਦੇ ਉਪਦੇਸ਼ ਕਰਕੇ ਸੰਸਾਰ ਦਾ ਭਲਾ ਕਰਦੇ ਰਹਿਣਗੇ :—

ਸ੍ਰੀ ਗੁਰੂ ਕੇਰ ਸਰੀਰ ਜਉ, ਸਭਿ ਥਾਨ ਸਮੈ ਸਭਿ ਨ ਦਰਸੈ॥
ਗ੍ਰਿੰਥ ਰਿਦਾ ਗੁਰ ਕੇ ਇਹ ਜਾਨਹੁ, ਉਤਮ ਹੈ, ਸਭ ਕਾਲ ਰਹੈ॥

ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ, ਸੰਗਤਾਂ ਨੂੰ ਸੰਬੋਧਨ ਕਰਕੇ ਫੁਰਮਾਇਆ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਦਬ ਤੇ ਸਤਿਕਾਰ ਉਹਨਾਂ ਦੇ ਨਾਲੋਂ ਵੀ ਜਿਆਦਾ ਕਰਨਾ ਹੈ ਕਿਉਂਕਿ ਇਹ ਬਾਣੀ ਅਕਾਲ ਪੁਰਖ ਦਾ ਰੂਪ ਹੈ। ਗੁਰਬਾਣੀ ਸਤਿਕਾਰ ਅਕਾਲ ਪੁਰਖ ਦਾ ਸਤਿਕਾਰ ਹੈ :—

ਮੇਰੇ ਸਰੂਪ ਤੇ ਯਾਤੇ ਹੈ ਦੀਰਘ
ਸਾਹਿਬ ਜਾਨਿ ਅਦਾਇਬ ਕੈ ਹੈ॥

ਸਤਿਗੁਰੂ ਜੀ ਨੇ ਨਿਰਾ ਸਾਨੂੰ ਅਦਬ ਕਰਨ ਵਾਸਤੇ ਕਿਹਾ ਹੀ ਨਹੀਂ, ਸਗੋਂ ਗੁਰਬਾਣੀ ਦਾ ਅਦਬ-ਸਤਿਕਾਰ ਕਰਨ ਦੇ ਖੁਦ ਆਪ ਪੂਰਨੇ ਵਾਹ ਕੇ ਦੱਸੇ। ਜਦੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਤਿਆਰ ਹੋ ਗਿਆ, ਅਤਿ ਅਦਬ ਸਤਿਕਾਰ ਨਾਲ ਰਾਮਸਰ ਸਾਹਿਬ ਤੋਂ ਬਾਬਾ ਬੁੱਢਾ ਜੀ ਦੇ ਸੀਸ ਤੇ ਸੁਸ਼ੋਭਤ ਕਰਕੇ, ਆਪ ਚੌਰ ਕਰਦੇ, ਨਗਰ ਕੀਰਤਨ ਦੇ ਰੂਪ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼[1] ਕੀਤਾ।

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਕਥਨ ਅਨੁਸਾਰ :—

ਬੁਢੇ ਕੋ ਸ਼੍ਰੀ ਗੁਰੂ ਕਹਾ ਸੀਸ ਆਪਨੇ ਧਾਰਿ॥
ਗੁਰੂ ਗ੍ਰਿੰਥ ਅਤਿ ਪ੍ਰੇਮ ਸੌਂ ਮਨ ਮੈ ਸ਼ਾਂਤਿ ਵਿਚਾਰ॥੨੦॥

(ਗੁਰ ਬਿਲਾਸ ਪਾਤਸ਼ਾਹੀ ਛੇਵੀਂ)

ਫਿਰ ਹੁਕਮ ਕੀਤਾ :—**ਬੁੱਢਾ ਨਿਜ ਸਿਰ ਪਰ ਧਰਿ ਗ੍ਰਿੰਥ॥**
ਅਗੇ ਚਲਹੁ ਸੁਧਾ ਸਰ ਪੰਥ॥

ਰਾਤ ਸੁਖਆਸਨ ਸਮੇਂ ਫੁਰਮਾਨ ਕੀਤਾ ਜਿਸ ਕੋਠਰੀ ਵਿੱਚ ਅਸੀਂ ਬਿਸਰਾਮ

---

੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਭਾਦਰੋਂ ਸੁਦੀ ਏਕਮ ਸੰਮਤ ੧੬੬੧ (ਸੰਨ ੧੬੦੪ ਈ:) ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ।

ਕਰਦੇ ਹਾਂ ਉਸ ਅਸਥਾਨ ਤੇ, ਸ੍ਰੀ ਗ੍ਰੰਥ ਸਾਹਿਬ ਨੂੰ ਸੁੱਖਆਸਨ ਕਰਨਾ ਹੈ :—

ਜਿਸ ਕੋਠਰੀ ਰਹਿਨਿ ਹਮਾਰਾ,
ਤਹਾਂ ਨਿਵਾਸ ਕਰਹੁ ਜੁਤਿਮਾਨ॥

ਬਾਬਾ ਬੁੱਢਾ ਜੀ ਦੇ ਪੁੱਛਣ ਤੇ ਕਿ ਆਪ ਜੀ ਕਿੱਥੇ ਬਿਸਰਾਮ ਕਰੋਗੇ ? ਸਾਹਿਬਾਂ ਉੱਤਰ ਦਿੱਤਾ, ਗੁਰੂ ਗ੍ਰੰਥ ਸਾਹਿਬ ਦੇ ਪਾਸ ਜ਼ਮੀਨ ਉੱਤੇ, ਸੋ ਇਵੇਂ ਹੀ ਬਚਨ ਮੰਨ ਕੇ ਸਾਹਿਬ ਗੁਰੂ ਅਰਜਨ ਦੇਵ ਜੀ ਦੇ ਅਰਾਮ ਲਈ ਜ਼ਮੀਨ ਤੇ ਬਿਸਤਰ ਵਿਛਾ ਦਿੱਤਾ। ਆਯੂ ਪ੍ਰਯੰਤ ਸਤਿਗੁਰੂ ਧਰਤੀ ਤੇ ਹੀ, ਦਰਗਾਹੀ ਹੁਕਮ ਦੇ ਸਤਿਕਾਰ ਵਿੱਚ ਭੂਮ ਆਸਣ ਹੀ ਬਿਰਾਜਦੇ ਰਹੇ :—

ਭੂਮਿ ਸੈਨ ਨਿਤਪ੍ਰਤਿ ਕਰੈਂ
ਗੁਰੂ ਗ੍ਰਿੰਥ ਕੇ ਪਾਸ॥
ਗੁਰੂ ਗ੍ਰਿੰਥ ਭਗਵੰਤ ਸਮ
ਜਾਨੈ ਕਰਿ ਅਰਦਾਸਿ॥੭੭॥

(ਗੁਰ ਬਿਲਾਸ ਪਾ : ਛੇਵੀਂ)

ਆਦਰ ਸਤਿਕਾਰ ਦਾ ਕੈਸਾ ਕਮਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਕਰ ਕੇ ਵਿਖਾਇਆ।

ਸਤਿਗੁਰੂ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਨੇ ਤਾਂ ਸੰਗਤਾਂ ਨੂੰ ਸਪਸ਼ਟ ਹੁਕਮ ਕਰ ਦਿੱਤਾ ਸੀ :—

ਜਿਨ ਭੈ ਬਾਣੀ ਅਦਬ ਨ ਧਾਰਾ॥
ਜਾਨਹੁ ਸੋ ਸਿਖ ਨਹੀਂ ਹਮਾਰਾ॥

ਇੱਕ ਸਮੇਂ ਰਾਤ ਨੂੰ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਅਰਾਮ ਕਰ ਰਹੇ ਸਨ ਕਿ ਸੰਗਤ ਸ਼ਬਦ ਪੜ੍ਹਦੀ, ਲੰਮੇ ਪੰਧ ਕਾਰਨ, ਕਾਫੀ ਦੇਰੀ ਨਾਲ ਪੁੱਜੀ। ਜਿੱਥੇ ਸਤਿਗੁਰੂ ਜੀ ਅਰਾਮ ਕਰਦੇ ਸਨ, ਉਸ ਚਉਬਾਰੇ ਦੇ ਹੇਠ, ਸੰਗਤ ਖਲੋ ਕੇ ਬੜੇ ਉਤਸ਼ਾਹ ਨਾਲ ਉੱਚੀ ਉੱਚੀ ਸ਼ਬਦ ਪੜ੍ਹਨ ਲੱਗ ਪਈ। ਗੁਰੂ ਮਹਾਰਾਜ ਜੀ ਦੀ ਜਾਗ ਖੁੱਲੀ। ਉਸੇ ਸਮੇਂ ਕਾਹਲੀ ਨਾਲ ਮੰਜਾ ਤਿਆਗ ਕੇ ਹੇਠਾਂ ਜਾਣ ਲੱਗੇ। ਕਾਹਲੀ ਵਿੱਚ ਉੱਠਣ ਸਦਕਾ ਮੰਜੇ ਦੀ ਬਾਹੀ ਨਾਲ ਸਤਿਗੁਰਾਂ ਦੇ ਚੋਟ ਲੱਗ ਗਈ ਅਤੇ ਉਸ ਥਾਂ ਤੋਂ ਖੂਨ ਸਿੰਮਣ ਲੱਗ ਪਿਆ। ਸਤਿਗੁਰੂ ਜੀ ਲੱਗੀ ਚੋਟ ਤੇ ਹੀ ਹੇਠਾਂ ਆਏ ਤੇ ਸੰਗਤ ਦਾ ਸਤਿਕਾਰ ਕੀਤਾ। ਇਕ ਸਿੱਖ ਨੇ ਚੋਟ ਵੇਖ ਕੇ ਪੁੱਛ ਹੀ ਲਿਆ, ਮਹਾਰਾਜ ਜੀ! ਸ਼ਬਦ ਵੀ ਆਪ ਜੀ ਦੇ, ਬਾਣੀ ਤੇ ਗ੍ਰੰਥ ਜੀ ਵੀ ਆਪ ਦੇ, ਫਿਰ ਇੰਨੀ ਸ਼ੀਘਰਤਾ ਕਿਉਂ ?

ਸਾਹਿਬਾਂ ਨੇ ਕਿਹਾ, ਤੁਸੀਂ ਠੀਕ ਕਹਿ ਰਹੇ ਹੋ, ਪਰ ਸਦਾ ਇਹ ਯਾਦ ਰੱਖਣਾ,

ਇਹ ਬਾਣੀ ਅਣ-ਭੈ ਬਾਣੀ ਹੈ। ਗੁਰੂ ਦਾ ਅਨੁਭਵ ਬਾਣੀ ਦੇ ਰੂਪ ਵਿੱਚ ਹੈ। ਗੁਰਬਾਣੀ ਗੁਰੂ ਦਾ ਹਿਰਦਾ ਹੈ। ਇਸ ਦਾ ਅਦਬ ਸਤਿਕਾਰ ਕਰਨਾ ਅਤਿ ਜ਼ਰੂਰੀ ਹੈ। ਇਹ ਬਾਣੀ ਸੰਸਾਰ ਸਮੁੰਦਰ ਤੋਂ ਪਾਰ ਕਰਨ ਲਈ ਜਹਾਜ਼ ਹੈ। ਯਾਦ ਰਖੋ :—

ਜੋ ਸਿਖ ਗੁਰਬਾਣੀ ਭੈ ਕਰੈ॥
ਬਿਨ ਪ੍ਰਯਾਸ ਭਵ ਸਾਗਰ ਤਰੈ॥
ਜਿਨ ਭੈ ਅਦਬ ਨ ਬਾਣੀ ਧਾਰਾ
ਜਾਨਹੁ ਸੋ ਸਿੱਖ ਨਹੀ ਹਮਾਰਾ॥

ਇਹ ਅਦਬ ਦਾ ਰਸਤਾ ਹੀ ਪ੍ਰਭੂ ਤੱਕ ਪਹੁੰਚਾਉਂਦਾ। ਕਾਰਨ ਕਾਰਜ ਦੀ ਇਹ ਸੰਗਲੀ ਹੈ। ਭੈ ਬਿਨਾਂ ਭਗਤੀ ਨਹੀਂ ਹੋ ਸਕਦੀ। ਭਗਤੀ ਬਿਨਾਂ ਗਿਆਨ ਸੰਭਵ ਨਹੀਂ। ਗਿਆਨ ਬਿਨਾਂ ਮੁਕਤੀ ਨਹੀਂ। ਮੁਕਤੀ ਬਿਨਾਂ ਅਨੰਦ ਨਹੀਂ ਅਤੇ ਅਨੰਦ ਬਿਨਾਂ ਪ੍ਰਭੂ ਰਸ ਨਹੀਂ ਪ੍ਰਾਪਤ ਹੋ ਸਕਦਾ :—

ਸੋ ਸੰਗਤ ਜੀ :—

ਜੇਤਾ ਅਦਬ ਕਰੀਏ ਉਹ ਥੋੜਾ ਹੈ।
ਇਹ ਨਿਜ ਸਰੂਪ ਹੈ।
ਇਸ ਨੂੰ ਜਾਨਣ ਵਾਲਾ ਮੇਰੇ ਪਦ ਨੂੰ ਪ੍ਰਾਪਤ ਹੋਵੇਗਾ।

ਕਲਗੀਧਰ ਪਾਤਸ਼ਾਹ ਜੀ ਨੇ ਤਾਂ ਗੁਰੂ ਗ੍ਰੰਥ ਸਾਹਿਬ ਜੀ (ਦਰਗਾਹੀ ਫੁਰਮਾਨ) ਨੂੰ ਪੰਜ ਪੈਸੇ ਨਾਰੀਅਲ ਅੱਗੇ ਰੱਖ ਕੇ, ਗੁਰੂ ਘਰ ਦੀ ਮਰਯਾਦਾ ਅਨੁਸਾਰ ਪਰਕਰਮਾ ਕਰ, ਮੱਥਾ ਟੇਕ ਕੇ ਗੁਰਤਾ ਗੱਦੀ ਹੀ ਸਉਂਪ ਦਿੱਤੀ ਤੇ ਹੁਕਮ ਕੀਤਾ :—

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ॥
ਸਭ ਸਿੱਖਨਿ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਸੋਹਣ ਲਾਲ ਦੇ ਕਥਨ ਅਨੁਸਾਰ :—

ਮਮ ਆਗਿਆ ਸਬ ਹੀ ਸੁਨੋ, ਸਤਿ ਬਾਤ ਨਿਰਧਾਰਾ॥
ਗੁਰੂ ਗ੍ਰੰਥ ਸਮ ਮਾਨੀਓ ਭੇਦ ਨ ਕੋਊ ਬਿਚਾਰਾ॥ ੪੦੯
ਗੁਰੂ ਗ੍ਰੰਥ ਕਲਜੁਗ ਭਯੋ, ਸ੍ਰੀ ਗੁਰੂ ਰੂਪ ਸਮਾਨ॥
ਦਸ ਪਾਤਸ਼ਾਹੀਆਂ ਰੂਪ ਇਹ ਗੁਰੂ ਗ੍ਰੰਥ ਜੀ ਜਾਨ॥ ੪੧੨
ਗੁਰੂ ਦਰਸ ਜਿਹ ਦੇਖਣਾ, ਸ਼੍ਰੀ ਗ੍ਰੰਥ ਦਰਸਾਇ॥
ਬਾਤ ਕਰਨ ਗੁਰੂ ਜੋ ਚਾਹੇ, ਪੜੇ ਗ੍ਰੰਥ ਮਨ ਲਾਇ॥ ੪੧੩

ਭਾਈ ਨੰਦ ਲਾਲ ਜੀ ਨੇ ਜਦੋਂ ਕਲਗੀਧਰ ਜੀ ਨੂੰ ਆਪ ਦੇ ਸਰੂਪ ਬਾਰੇ ਪੁੱਛਿਆ। ਸਾਹਿਬਾਂ ਨੇ ਬਚਨ ਕੀਤਾ, ਨੰਦ ਲਾਲ ਜੀ !

ਤੀਨ ਰੂਪ ਹੈ ਮੋਹਿ ਕੇ ਸੁਨੋ ਨੰਦ ਚਿਤ ਲਾਇ॥
ਨਿਰਗੁਣ ਸਰਗੁਨ ਗੁਰ ਸ਼ਬਦ ਕਹੋ ਤੋਹਿ ਸਮਝਾਇ॥

ਵਿਸਥਾਰ ਵਿੱਚ ਤਿੰਨਾਂ ਸਰੂਪਾਂ ਦਾ ਵਰਨਣ ਕਰਕੇ ਭਾਈ ਨੰਦ ਲਾਲ ਜੀ ਦੀ ਤਸੱਲੀ ਕਰਾਈ :—

1. ਏਕ ਰੂਪ ਤਿਹ[1] ਗੁਣ ਤੇ ਪਰੈ॥
[2]ਨੇਤ ਨੇਤ ਜਿਹ ਨਿਗਮ ਉਚਰੈ॥
ਘਟਿ ਘਟਿ ਬਿਆਪਕ ਅੰਤਰਜਾਮੀ॥
ਪੂਰ ਰਹਿਓ ਜਿਉ ਜਲ ਘਟ ਭਾਨੀ[3]॥

2. ਦੂਸਰ ਰੂਪ ਗ੍ਰੰਥ ਜੀ ਜਾਨ॥
ਉਨ ਕੇ ਅੰਗ ਮੇਰੇ ਕਰ ਮਾਨ॥
ਜੋ ਸਿਖ ਗੁਰ ਦਰਸ਼ਨ ਕੀ ਚਾਹਿ॥
ਦਰਸ਼ਨ ਕਰੈ ਗ੍ਰੰਥ ਜੀ ਆਹਿ॥
ਜੋ ਮੁਝ ਬਚਨ ਸੁਣਨ ਕੀ ਚਾਇ॥
ਗ੍ਰੰਥ ਜੀ ਪੜੈ ਸੁਣੈ ਚਿਤ ਲਾਇ॥
ਮੇਰਾ ਰੂਪ ਗ੍ਰੰਥ ਜੀ ਜਾਨ॥
ਇਨ ਮੇ ਭੇਦ ਨਹੀ ਕਛ ਮਾਨ॥ ੨੧੦॥

3. ਤੀਸਰ ਰੂਪ ਸਿਖ ਹੈ ਮੋਰ॥
ਗੁਰਬਾਣੀ ਰਤਿ ਜਿਹ ਨਿਸ ਤੋਰ॥ ੨੧॥
[4]ਗੁਰੁ ਦੁਆਰ ਕਾ ਦਰਸ਼ਨ ਕਰੈ॥
[5]ਪਰ ਦਾਰਾ ਕਾ ਤਿਆਗ ਜੋ ਕਰੈ॥ ੨੪॥
ਗੁਰਸਿਖ ਸੇਵਾ ਕਰੇ ਚਿਤ ਲਾਇ॥
ਆਪਾ ਮਨ ਕਾ ਸਗਲ ਮਿਟਾਇ॥ ੨੫॥
ਇਨ ਕਰਮਨ ਮੇ ਜੋ ਪਰਧਾਨ॥
ਸੋ ਸਿਖ ਰੂਪ ਮੇਰਾ ਪਹਿਚਾਨ ॥ ੨੬॥

(ਰਹਿਤਨਾਮਾ ਭਾ: ਨੰਦ ਲਾਲ ਜੀ)

---

੧. ਤਿੰਨਾ ਗੁਣਾਂ ਰਜੋ, ਤਮੋ, ਸਤੋ ਤੋਂ ਪਰੇ
੨. ਜਿਸ ਨੂੰ ਬੇਦ ਵੀ ਨੇਤੀ, ਨੇਤੀ ਕਹਿੰਦੇ ਹਨ (ਬੇਅੰਤ ਹੈ ਬੇਅੰਤ ਹੈ)
੩. ਸੂਰਜ
੪. ਗੁਰਦੁਆਰੇ ਜਾ ਕੇ ਗੁਰੂ ਅਤੇ ਸੰਗਤ ਦੇ ਦਰਸ਼ਨ ਕਰੇ
੫. ਪਰਾਈ ਇਸਤ੍ਰੀ

ਸਤਿਗੁਰਾਂ ਨੇ ਆਪਣੇ ਸਰੀਰ ਵਿੱਚ ਹੁੰਦਿਆਂ ਧੁਰ ਕੀ ਬਾਣੀ ਦਾ ਬੇਹੱਦ ਸਤਿਕਾਰ ਮਾਣ ਆਪ ਕੀਤਾ ਅਤੇ ਜਗਿਆਸੂਆਂ ਨੂੰ ਕਰਨ ਵਾਸਤੇ ਉਪਦੇਸ਼ ਦਿੱਤਾ।

ਸਤਿਗੁਰਾਂ ਦੇ ਧੁਰ ਦਰਗਾਹੀ ਫੁਰਮਾਨ ਦਾ ਅਦਬ ਸਤਿਕਾਰ ਕਰਨ ਹਿਤ ਕਹੇ ਹੋਏ ਬਚਨਾਂ ਨੂੰ ਸਤਿ ਕਰਕੇ ਮੰਨੀਏ।

ਜਿੰਨਾ ਅਦਬ-ਸਤਿਕਾਰ ਅਸੀਂ ਗੁਰਬਾਣੀ ਦਾ ਕਰਾਂਗੇ ਉਸ ਦਾ ਲਾਭ ਸਾਨੂੰ ਹੀ ਪ੍ਰਾਪਤ ਹੋਣਾ ਹੈ, ਕਿਸੇ ਹੋਰ ਨੂੰ ਨਹੀਂ। ਨਾ ਕਰਾਂਗੇ, ਸਤਿਗੁਰੂ ਜੀ ਨੂੰ ਕੋਈ ਵਾਧਾ ਘਾਟਾ ਨਹੀਂ ਵਾਪਰਨ ਲੱਗਾ।

ਗੁਰਬਾਣੀ ਵਿੱਚ ਪ੍ਰਕਿਰਤੀ ਦੇ ਗੁੱਝੇ ਭੇਦਾਂ ਦੇ ਇਸ਼ਾਰੇ

ਸਾਰੀ ਗੁਰਬਾਣੀ ਦਾ ਮੁੱਖ ਆਸ਼ਾ ਮਨੁੱਖ ਨੂੰ ਸਚਿਆਰ ਬਣਾ ਕੇ ਸਤਿ ਮਾਰਗ ਦਾ ਧਾਰਨੀ ਬਨਾਉਣਾ ਅਤੇ ਸੱਚ ਨਾਲ ਅਭੇਦ ਕਰਾਉਣ ਦਾ ਹੈ, ਪਰ ਸਤਿ ਮਾਰਗ ਤੇ ਚਲਣ ਲਈ, ਜੋ ਸੀਮਤ ਬੁੱਧੀ ਅਨੁਸਾਰ ਗਲਤ ਮਨੌਤਾਂ ਮਨੁੱਖ ਦੇ ਅੰਦਰ ਬਣ ਗਈਆਂ ਸਨ ਜਿਵੇਂ ਕਿ ਸੂਰਜ ਇੱਕ ਹੀ ਹੈ, ਚੰਦਰਮਾ ਇੱਕ ਹੀ ਹੈ, ਤਿੰਨ ਜਾਂ ਚੌਦਾਂ ਲੋਕਾਂ ਤੋਂ ਅਗਾਹ ਕੁਝ ਵੀ ਨਹੀਂ। ਸਤਿਗੁਰੂ ਜੀ ਨੇ ਸੁਤੇ ਸਿੱਧ ਹੀ ਪ੍ਰਕ੍ਰਿਤੀ ਦੀ ਅਸਲੀਅਤ-ਸਚਾਈ ਨੂੰ ਵੀ ਗੁਰਬਾਣੀ ਵਿੱਚ ਥਾਂ-ਪੁਰ ਥਾਂ ਬਿਆਨ ਕੀਤਾ ਹੈ ? ਸੂਰਜ ਚੰਦਰਮਾਂ ਇੱਕੋ-ਇੱਕ ਨਹੀਂ, ਗਿਣਤੀ ਤੋਂ ਬਾਹਰ ਸੂਰਜ ਚੰਦਰਮੇ ਤੇ ਕਰਮ ਕਰਨ ਵਾਲੀਆਂ ਧਰਤੀਆਂ ਹਨ :—

ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥
ਤਥਾ :— ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥

ਜਪੁਜੀ (ਪੰਨਾ : ੭)

ਅਕਾਸ਼, ਪਤਾਲ ਕੋਈ ਤਿੰਨ ਜਾਂ ਚੌਦਾਂ ਹੀ ਨਹੀਂ, ਬਿਅੰਤ ਦੀ ਰਚਨਾਂ ਵੀ ਬਿਅੰਤ ਹੀ ਹੈ। ਕੋਈ ਅੰਤ ਨਹੀਂ ਪਾ ਸਕਦਾ। ਲੱਖਾਂ ਪਤਾਲ ਅਤੇ ਲੱਖਾਂ ਅਕਾਸ਼ ਕਹਿ ਕੇ ਵੀ ਸੀਮਾ ਸੀਮਤ ਨਹੀਂ ਕੀਤੀ ਜਾ ਸਕਦੀ :—

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥

(ਜਪਜੀ, ਪੰਨਾ : ੫)

ਅੱਜ ਤੱਕ ਕੋਈ ਵੀ ਬਿਅੰਤ ਦੀ ਰਚਨਾ ਦਾ ਅੰਤ ਨਹੀਂ ਪਾ ਸਕਿਆ। ਪ੍ਰਮਾਣੂ ਯੰਤ੍ਰਾਂ ਦੀਆਂ ਕਾਢਾਂ ਕੱਲ ਦੀਆਂ ਗੱਲਾਂ ਹਨ। ਸੱਠ ਸੱਤਰ ਸਾਲ ਪਹਿਲਾਂ ਕੋਈ ਪ੍ਰਮਾਣੂ ਯੰਤ੍ਰਾਂ ਦੀ ਕਿਆਸ-ਅਰਾਈ ਵੀ ਨਹੀਂ ਕਰ ਸਕਦਾ ਸੀ।

ਪਰ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਸਵਾ ਪੰਜ ਸੌ ਸਾਲ ਪਹਿਲਾਂ ਪ੍ਰਮਾਣੂ ਪ੍ਰਯੰਤਰਾਂ ਦਾ ਸੰਕੇਤ ਦੇ ਕੇ ਫੁਰਮਾਨ ਕੀਤਾ ਹੈ ਕਿ ਹੋ ਸਕਦਾ, ਆਉਣ ਵਾਲੇ ਸਮੇਂ ਵਿੱਚ ਪ੍ਰਮਾਣੂ ਦੇ ਬਣੇ ਯੰਤ੍ਰਾਂ ਨਾਲ ਮਨੁੱਖ ਇੱਕ ਅੱਖ ਦੇ ਫੋਰ ਵਿੱਚ ਅਕਾਸ਼ਾਂ ਪਤਾਲਾਂ ਵਿੱਚ, ਦੀਪਾਂ, ਮੰਡਲਾਂ ਵਿੱਚ ਘੁੰਮ ਫਿਰ ਕੇ ਆਉਣ ਦੀ ਸਮਰੱਥਾ ਵਾਲਾ ਵੀ ਹੋ ਜਾਵੇ ਪਰ ਸਦੀਵੀਂ ਸੁੱਖ, ਗੁਰੂ ਦੀ ਸ਼ਰਣ ਵਿੱਚ ਆ ਕੇ ਹੀ ਪ੍ਰਾਪਤ ਹੋਣਾ ਹੈ। ਪ੍ਰਕ੍ਰਿਤੀ ਵਿੱਚ ਤਰੱਕੀ ਕਰ ਲੈਣ ਜਾਂ ਸੁੱਖਾਂ ਦੇ ਸਾਧਨ ਈਜਾਦ ਕਰ ਲੈਣ ਨਾਲ ਸਦੀਵੀਂ ਸੁੱਖ ਨਹੀਂ ਪ੍ਰਾਪਤ ਹੁੰਦਾ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫੁਰਮਾਣ ਹੈ :—

ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ॥
ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਹਤੇ॥ ੨॥

ਮ : ੫, ਗਾਥਾ (ਪੰਨਾ : ੧੩੬੦)

ਸੰਸਾਰ ਦੀ ਉਤਪਤੀ ਪ੍ਰਤੀ ਸਾਇੰਸਦਾਨ ਡਾਰਵਿਨ ਦੀ ਥਿਊਰੀ ਥੋੜਾ ਸਮਾਂ ਪਹਿਲਾਂ ਲੋਕਾਂ ਸਾਹਮਣੇ ਆਈ ਹੈ, ਪਰ ਸਤਿਗੁਰੂ ਨਾਨਕ ਦੇਵ ਜੀ ਨੇ ਸਵਾ ਪੰਜ ਸੌ ਸਾਲ ਪਹਿਲਾਂ ਗੁਰਬਾਣੀ ਵਿੱਚ ਸੰਸਾਰ ਦੀ ਉਤਪਤੀ ਪ੍ਰਤੀ ਫੁਰਮਾਨ ਅੰਕਿਤ ਕੀਤਾ ਹੈ :—

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥

ਸਿਰੀ ਰਾਗੁ ਮ: ੧ (ਪੰਨਾ : ੧੯)

ਇੱਕ ਸੱਚੇ ਪ੍ਰਭੂ ਪ੍ਰਮੇਸ਼ਰ ਜੀ ਤੋਂ ਗੈਸ ਰੂਪੀ ਪੌਣ ਪੈਦਾ ਹੋਈ। ਪੌਣ (ਹਵਾ) ਤੋਂ ਪਾਣੀ ਹੋਂਦ ਵਿੱਚ ਆਇਆ। ਜਲ ਤੋਂ ਪ੍ਰਭੂ ਪ੍ਰਮੇਸ਼ਰ ਜੀ ਨੇ ਸਾਰੀ ਸ੍ਰਿਸ਼ਟੀ ਦੀ ਉਤਪਤੀ, ਪਸਾਰਾ ਕੀਤਾ ਅਤੇ ਆਪਣੀ ਜੋਤ ਸਾਰੇ ਘਟਾਂ ਵਿੱਚ ਇਸਥਿਤ ਕਰ ਦਿੱਤੀ। ਕੈਸੇ ਕੁਦਰਤ ਦੇ ਗੁੱਝੇ ਭੇਦ ਸੱਚੀ ਬਾਣੀ ਵਿੱਚ ਸੁਤੇ ਸਿੱਧ ਹੀ ਅੰਕਿਤ ਕਰ ਦਿੱਤੇ।

ਥੋੜਾ ਸਮਾਂ ਪਿੱਛੇ ਨੂੰ ਝਾਤ ਮਾਰੀਏ, ਗਿਆਨ ਵਾਨ ਮੰਨਦੇ ਸਨ ਕਿ ਸੂਰਜ, ਚੰਦਰਮਾ ਇੱਕ ਥਾਂ ਟਿਕੇ ਹੋਏ ਹਨ। ਕੇਵਲ ਧਰਤੀ ਘੁੰਮਦੀ ਹੈ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੂਰਜ, ਚੰਦਰਮਾ, ਧਰਤੀ, ਨਛੱਤਰਾਂ ਦੇ ਕਰੋੜਾਂ ਮੀਲ ਪੈਂਡਾ ਘੁੰਮਣ ਦੀ ਖਬਰ ਲੋਕਾਂ ਨੂੰ ਸਵਾ ਪੰਜ ਸੌ ਸਾਲ ਪਹਿਲਾਂ ਦਿੱਤੀ, ਜਿਸਨੂੰ ਸਾਇੰਸਦਾਨਾਂ ਨੇ ਥੋੜਾ ਸਮਾਂ ਪਹਿਲਾ ਕਬੂਲਿਆ ਹੈ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਆਸਾ ਜੀ ਦੀ ਵਾਰ ਵਿੱਚ ਫੁਰਮਾਨ ਆਪਾਂ ਹਰ ਰੋਜ਼ ਪੜ੍ਹਦੇ ਤੇ ਸੁਣਦੇ ਹਾਂ :—

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥
ਕੋਹ ਕਰੋੜੀ ਚਲਤ ਨ ਅੰਤੁ॥

ਸਲੋਕ ਮ: ੧ (ਪੰਨਾ : ੪੬੪)

ਜਿਹਨਾਂ ਕਰਮ ਭੂਮੀਆਂ ਦੇ ਸਤਿਗੁਰੂ ਜੀ ਨੇ ਸੰਕੇਤ ਦਿੱਤੇ ਹਨ। ਉਹਨਾਂ ਨੂੰ ਸਾਇੰਸਦਾਨ ਮੰਨਣ ਤਾਂ ਲੱਗ ਪਏ ਹਨ। ਪਰ ਦਾਨਿਆਂ ਦੇ ਪੱਲੇ ਅਜੇ ਕੁਝ ਨਹੀਂ ਪੈ ਰਿਹਾ ਅਤੇ ਨਾ ਹੀ ਉੱਥੇ ਤੱਕ ਪਹੁੰਚ ਹੋ ਸਕੀ ਹੈ।

ਗੁਰਬਾਣੀ ਪੜ੍ਹਣ ਤੇ ਸੁਣਨ ਦੀ ਮਹਾਨਤਾ

ਜਦੋਂ ਆਪਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਗਾਹੀ ਫੁਰਮਾਨਾਂ ਨੂੰ ਪੜ੍ਹਦੇ ਹਾਂ ਤੇ ਚੰਗੀ ਤਰ੍ਹਾਂ ਘੋਖਦੇ ਹਾਂ ਤਾਂ ਇੱਕ ਗੱਲ ਬੜੀ ਨਿੱਖਰ ਕੇ ਸਾਹਮਣੇ ਆਉਂਦੀ ਹੈ, ਉਹ ਹੈ, ਇਸ ਨਿਰੰਕਾਰੀ ਉਪਦੇਸ਼ ਨੂੰ ਬਾਰੰ-ਬਾਰ ਪੜ੍ਹਨਾ ਤੇ ਸੁਣਨਾ ਕਿਉਂਕਿ ਸਾਡੀ ਮਨੋ ਬਿਰਤੀ ਉੱਪਰ ਮਾਇਆ ਦੀ ਗੂੜ੍ਹੀ ਥੰਦਿਆਈ ਲੱਗੀ ਹੋਈ ਹੈ, ਜਿਸ ਕਾਰਨ ਇੱਕ ਦੋ ਵਾਰੀ ਗੁਰੂ ਉਪਦੇਸ਼ ਪੜ੍ਹਿਆਂ ਜਾਂ ਸੁਣਿਆਂ, ਗੁਰੂ ਉਪਦੇਸ਼ ਸਾਡੇ ਅੰਦਰ ਘਰ ਨਹੀਂ ਕਰਦਾ। ਮਾਇਆ ਦਾ ਪ੍ਰਭਾਵ ਸਾਡੀਆਂ ਬ੍ਰਿਤੀਆਂ ਤੇ ਹਾਵੀ ਹੋਣ ਸਦਕਾ "ਮੂਹ ਦਾ ਕਹਿਆ ਵਾਉ" ਬਣ ਕੇ ਅੰਦਰ ਟਿਕਣ ਦੀ ਥਾਂ, ਬਾਹਰ-ਬਾਹਰ ਦੀ ਲੰਘ ਜਾਂਦਾ ਹੈ। ਇਸੀ ਕਰਕੇ ਹੀ ਸਤਿਗੁਰੂ ਅਰਜਨ ਦੇਵ ਜੀ ਨੇ ਫੁਰਮਾਨ ਕੀਤਾ ਹੈ ਕਿ ਸਾਧ ਸੰਗਤ ਵਿੱਚ ਬੈਠ ਕੇ ਪ੍ਰਭੂ ਦੇ ਗੁਣ ਗਾਉਣੇ ਤੇ ਗੁਰਬਾਣੀ ਪੜ੍ਹਨੀ ਚਾਹੀਦੀ ਹੈ ਕਿਉਂਕਿ ਸਾਧ ਸੰਗਤ ਵਿੱਚ ਨਰਾਇਣ ਦੀ ਹੋਂਦ ਪ੍ਰਗਟ ਹੁੰਦੀ ਹੈ।

ਗੁਰਬਾਣੀ ਬਾਰ-ਬਾਰ ਪੜ੍ਹਨ ਦੇ ਨਾਲ ਸਤਿ, ਧਰਮ ਦੇ ਧਾਰਨੀ ਬਣਨ ਲਈ ਸਾਨੂੰ ਪ੍ਰੇਰਨਾ ਮਿਲਦੀ ਹੈ। ਜਿਸ ਸਦਕਾ ਸਾਰੇ ਜੀਵਨ ਵਿੱਚ ਬਦਲਾਉ ਆ ਜਾਂਦਾ ਹੈ:—

ਨਾਰਾਇਣ ਸਾਧਸੰਗਿ ਨਰਾਇਣ॥
ਬਾਰੰ ਬਾਰ ਨਰਾਇਣ ਗਾਇਣ॥

ਗੋਂਡ ਮ: ੫ (ਪੰਨਾ : ੮੬੮)

ਬਾਰ-ਬਾਰ ਹਰੀ ਪ੍ਰਮੇਸ਼ਰ ਦੇ ਗੁਣ ਗਾਉਣ ਅਤੇ ਗੁਰੂ ਦੀ ਮਿਹਰ ਨਾਲ, ਹਰੀ ਪ੍ਰਮੇਸ਼ਰ ਦਾ ਭੇਤ ਤੇ ਉਸ ਦੀ ਲੱਖਤਾ ਹੋ ਜਾਂਦੀ ਹੈ :—

ਬਾਰ ਬਾਰ ਹਰਿ ਕੇ ਗੁਨ ਗਾਵਉ॥
ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ॥

ਗਉੜੀ ਵਾਰ ਕਬੀਰ ਜੀ (ਪੰਨਾ : ੩੪੪)

ਸਤਿਗੁਰੂ ਅਮਰਦਾਸ ਜੀ ਤਾਂ ਅਨੰਦ ਸਾਹਿਬ ਦੀ ਬਾਣੀ ਵਿੱਚ ਗੁਰਸਿਖਾਂ ਨੂੰ ਅਵਾਜ਼ਾਂ ਮਾਰ-ਮਾਰ ਕੇ ਬਾਰੰ-ਬਾਰ ਇਸ ਦਰਗਾਹੀ ਕਲਾਮ ਗੁਰਬਾਣੀ ਨੂੰ ਪੜ੍ਹਨ ਵਾਸਤੇ ਪ੍ਰੇਰਨਾ ਦਿੰਦੇ ਹਨ ਕਿ ਹੇ ਗੁਰਸਿੱਖ ਗੁਰੂ ਕੇ ਪਿਆਰਿਓ ! ਤੁਸੀਂ ਇਸ ਸੱਚੇ ਦਰਗਾਹੀ ਹੁਕਮ ਨੂੰ ਬਾਰ-ਬਾਰ ਪੜ੍ਹੋ ਅਤੇ ਪ੍ਰੇਮ ਵਿੱਚ ਭਿੱਜ ਕੇ ਗਾਵਹੁ ਕਿਉਂਕਿ ਸੱਚੀ ਬਾਣੀ ਸੱਚੇ ਵਾਹਿਗੁਰੂ ਵਿੱਚੋਂ ਪ੍ਰਾਪਤ ਹੋਈ ਹੈ ਤੇ ਸੱਚੇ ਵਾਹਿਗੁਰੂ ਵਿੱਚ ਅਭੇਦਤਾ ਕਰਵਾਉਣ ਦੀ ਸਮਰੱਥਾ ਰੱਖਦੀ ਹੈ।

ਇਹ ਸਾਰੀਆਂ ਬਾਣੀਆਂ ਵਿੱਚੋਂ ਸਿਰਮੌਰ ਬਾਣੀ ਹੈ, ਇਹ ਨਿਰੋਲ ਵਾਹਿਗੁਰੂ ਦਾ ਕਲਾਮ ਹੈ। ਇਸ ਵਿੱਚ ਭੋਰਾ ਜਿਨ੍ਹਾਂ ਵੀ ਕੋਈ ਰਲੇਵਾਂ ਨਹੀਂ ਹੈ। ਜਿਸ ਤੇ ਪ੍ਰਭੂ ਮਾਲਕ ਦੀ ਮਿਹਰ ਦ੍ਰਿਸ਼ਟੀ ਹੁੰਦੀ ਹੈ, ਉਸਦੇ ਹਿਰਦੇ ਵਿੱਚ ਸੱਚੀ ਬਾਣੀ ਸਮ੍ਹਾ ਜਾਂਦੀ ਹੈ। ਤੁਸੀਂ ਸੱਚੇ ਵਾਹਿਗੁਰੂ ਜੀ ਦੀ ਬਾਣੀ ਪੜ੍ਹ ਸੁਣ ਕੇ ਨਾਮ ਅੰਮ੍ਰਿਤ ਦੀ ਪ੍ਰਾਪਤੀ ਕਰਕੇ ਉਸ ਵਿੱਚ ਆਪਣੀ ਸੁਰਤ ਨੂੰ ਗੜੂੰਦ ਕਰ ਲਵੋ ਤਾਂ ਜੋ ਤੁਸੀਂ ਸੱਚੇ ਵਹਿਗੁਰੂ ਵਿੱਚ ਅਭੇਦ ਹੋ ਸਕੋ। ਹੇ ਗੁਰਸਿੱਖ ! ਸਦਾ-ਸਦਾ ਵਾਸਤੇ ਇਸ ਸੱਚੀ ਬਾਣੀ ਨੂੰ ਗਾਉਂਦੇ ਰਹੋ, ਕਦੀ ਵੀ ਸੱਚੀ ਬਾਣੀ ਨੂੰ ਮਨ ਵਿੱਚੋਂ ਵਿਸਰਨ ਨ ਦਿਉ :—

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ॥ ੨੩॥

ਰਾਮਕਲੀ ਮ: ੩ (ਪੰਨਾ : ੯੨੦)

ਗੁਰਬਾਣੀ ਕਿਉਂ ਪੜ੍ਹਨੀ ਹੈ ?

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ, ਹੇ ਭਰਾਵੋ! ਤੁਸੀਂ ਗੁਰਬਾਣੀ ਨੂੰ ਪਿਆਰ ਵਿੱਚ ਭਿੱਜ ਕੇ ਗਾਵਹੁ ਕਿਉਂਕਿ ਜੋ ਇਸ ਗੁਰਬਾਣੀ ਨੂੰ ਪਿਆਰ ਨਾਲ ਗਾਵੇਗਾ ਉਸ ਦੇ ਮਨੁੱਖਾ ਜਨਮ ਦੀ ਸਫਲਤਾ ਉਪ੍ਰੰਤ ਉਸਨੂੰ ਸਦੀਵੀ ਸੁੱਖ ਦੀ ਪ੍ਰਾਪਤੀ ਹੋ ਜਾਵੇਗੀ :—

ਗੁਰਬਾਣੀ ਗਾਵਹ ਭਾਈ॥
ਓਹ ਸਫਲ ਸਦਾ ਸੁਖਦਾਈ॥

ਸੋਰਠਿ ਮ: ੫ (ਪੰਨਾ ੬੨੮)

ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ ਕਿ ਭਗਤ ਜਨਾਂ ਦੀ ਸੱਚੀ ਬਾਣੀ ਸਾਰਿਆਂ ਤੋਂ ਉੱਤਮ ਤੇ ਸਰੇਸ਼ਟ ਹੈ, ਜੁਗਾਂ ਜੁਗਾਤਰਾਂ ਤੋਂ ਇਸ ਸੱਚੀ ਬਾਣੀ ਦਾ

ਪ੍ਰਭਾਵ ਨਿਰਮਲ ਹਿਰਦਿਆਂ ਉੱਪਰ ਪੈਂਦਾ ਰਿਹਾ ਤੇ ਹੁਣ ਵੀ ਪੈ ਰਿਹਾ ਹੈ। ਜੋ ਗੁਰੂ ਦੀ ਬਾਣੀ ਨਾਲ ਜੁੜ ਜਾਂਦਾ ਹੈ ਉਸ ਦੀ ਆਤਮਾ ਬੰਧਨਾਂ ਤੋਂ ਮੁਕਤ ਹੋ ਕੇ ਸੱਚੇ ਵਾਹਿਗੁਰੂ ਵਿੱਚ ਸਮਾ ਜਾਂਦੀ ਹੈ :—

ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ॥੨੦॥
ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ॥ ੨੧॥

ਰਾਮਕਲੀ ਮ: ੩ (ਪੰਨਾ : ੯੦੯)

ਤਦ ਹੀ ਸਤਿਗੁਰੂ ਅਰਜਨ ਦੇਵ ਜੀ ਨੇ ਆਸਾ ਰਾਗ ਵਿੱਚ ਗੁਰੂ ਬਚਨਾਂ ਨੂੰ ਨਿਰਗੁਣਾਂ ਦਾ ਨਿਸਤਾਰਾ ਕਰਨ ਵਾਲੇ, ਮਹਾਂ ਈਰਖਾਲੂ, ਝਗੜਾਲੂ ਤੇ ਖੋਟੇ ਬਚਨ ਬੋਲਣ ਵਾਲਿਆਂ ਦੀ ਵੀ ਗਤੀ ਕਰਨ ਵਾਲੇ ਅਤੇ ਜੋ ਆਪਣੇ ਕੀਤੇ ਕਰਮਾਂ ਕਾਰਣ ਅਨੇਕਾਂ ਜੂਨੀਆਂ ਵਿੱਚ ਭਰਮਦੇ ਆ ਰਹੇ ਹਨ ਤੇ ਅਨੇਕਾਂ ਜੂਨਾਂ ਨੂੰ ਭੋਗ-ਭੋਗ ਕੇ ਥੱਕ ਗਏ ਹਨ, ਉਹਨਾਂ ਦਾ ਵੀ ਉਧਾਰ ਕਰਨ ਵਾਲੇ, ਲਿਖਿਆ ਹੈ। ਉਹਨਾਂ ਦਾ ਹੀ ਨਹੀਂ, ਸਗੋਂ ਉਹਨਾਂ ਦੀਆਂ ਕੁਲਾਂ ਦਾ ਵੀ ਉਧਾਰ ਕਰਨ ਵਾਲੇ ਲਿੱਖ ਕੇ ਸਨਮਾਨਿਆ ਹੈ। ਇੱਥੇ ਹੀ ਗੁਰੂ ਬਚਨਾਂ ਦੀ ਵਡਿਆਈ ਖਤਮ ਨਹੀਂ ਹੁੰਦੀ, ਸਗੋਂ ਐਸੇ ਮਨੁੱਖ ਜਿਨ੍ਹਾਂ ਨੂੰ ਸੰਸਾਰ ਵਿੱਚ ਕੋਈ ਜਾਣਦਾ ਵੀ ਨਹੀਂ, ਜਿਹਨਾਂ ਦਾ ਭੋਰਾ ਜਿੰਨਾ ਵੀ ਕੋਈ ਆਦਰ ਮਾਣ ਨਹੀਂ ਕਰਦਾ, ਉਹ ਗੁਰਬਾਣੀ ਨਾਲ ਜੁੜਨ ਸਦਕਾ ਇਸ ਸੰਸਾਰ ਵਿੱਚ ਵੀ ਮੰਨਣਯੋਗ ਤੇ ਪ੍ਰਲੋਕ ਵਿੱਚ ਵੀ ਸਨਮਾਨ ਯੋਗ ਬਣ ਜਾਂਦੇ ਹਨ। ਹੇ ਮਾਲਕ ! ਮੈਂ ਆਪ ਜੀ ਤੇ ਆਪ ਜੀ ਦੇ ਬਚਨਾਂ ਦੀ ਕਿਹੜੀ-ਕਿਹੜੀ ਉਪਮਾ ਕਰਾਂ, ਕਿੰਨੀ ਵਡਿਆਈ ਦੇਵਾਂ, ਭਾਵ ਨਹੀਂ ਦੇ ਸਕਦਾ। ਬੱਸ ਮੈ ਤਾਂ ਖਿਨ-ਖਿਨ ਵਿੱਚ ਆਪ ਤੋਂ ਕੁਰਬਾਨ ਹੀ ਜਾਂਦਾ ਹਾਂ। ਸਾਹਿਬਾਂ ਦਾ ਫੁਰਮਾਨ ਹੈ :—

ਸਤਿਗੁਰ ਬਚਨ ਤੁਮ੍ਾਰੇ॥ ਨਿਰਗੁਣ ਨਿਸਤਾਰੇ॥ ੧॥ ਰਹਾਉ॥
ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ॥ ੧॥
ਜਨਮ ਭਵੰਤੇ ਨਰਕਿ ਪੜੰਤੇ ਤਿਨ੍ ਕੇ ਕੁਲ ਉਧਾਰੇ॥ ੨॥
ਕੋਇ ਨ ਜਾਨੈ ਕੋਇ ਨ ਮਾਨੈ ਸੇ ਪਰਗਟੁ ਹਰਿ ਦੁਆਰੇ॥ ੩॥
ਕਵਨ ਉਪਮਾ ਦੇਉ ਕਵਨ ਵਡਾਈ ਨਾਨਕ ਖਿਨੁ ਖਿਨੁ ਵਾਰੇ॥੪॥

ਆਸਾ ਮ : ੫ (ਪੰਨਾ : ੪੦੬)

ਸਤਿਗੁਰੂ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਇਸ ਰੱਬੀ ਫੁਰਮਾਨ ਗੁਰਬਾਣੀ ਦੀ ਉਪਮਾ ਕਰਦੇ ਹੋਏ ਬਚਨ ਕੀਤਾ ਹੈ, ਹੇ ਹਰੀ ਵਾਹਿਗੁਰੂ ਜੀਉ ! ਆਪ ਜੀ ਦੀ ਅੰਮ੍ਰਿਤ ਰੂਪੀ ਬਾਣੀ ਸਾਨੂੰ ਜੀਵਨ ਦਾਨ ਦੇਣ ਵਾਲੀ ਹੈ।

ਇਹ ਬ੍ਰਹਮ ਦੀ ਵੀਚਾਰ ਨੂੰ ਸੁਣ-ਸੁਣ ਕੇ ਅਸੀਂ ਪਰਮ ਗਤੀ ਨੂੰ ਪ੍ਰਾਪਤ ਕਰ

ਸਕਦੇ ਹਾਂ। ਇਸ ਬਾਣੀ ਦੁਆਰਾ ਸਤਿਗੁਰੂ ਦਾ ਦਰਸ਼ਨ ਪਾ ਕੇ ਈਰਖਾ ਦ੍ਵੈਖ ਦੀ ਅੱਗ ਬੁਝ ਸਕਦੀ ਹੈ, ਮਨ ਨੂੰ ਸ਼ਾਂਤੀ ਤੇ ਠੰਡ ਪ੍ਰਾਪਤ ਹੋ ਸਕਦੀ ਹੈ।

ਗੁਰੂ ਦੀ ਰਸਨਾ ਤੋਂ ਉਚਾਰਨ ਕੀਤੀ ਹੋਈ ਗੁਰਬਾਣੀ ਦੁਆਰਾ ਜਦੋਂ "ਗੁਰਬਾਣੀ ਤੇ ਹਰ ਨਾਮ **ਬਜਾਇਦਾ**" ਦੀ ਕਲਾ ਵਰਤਦੀ ਹੈ। ਤਦ ਮਨੁੱਖ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ **ਅਤੇ** ਸਦੀਵੀਂ ਆਤਮਿਕ ਸੁੱਖ ਪ੍ਰਾਪਤ ਹੋ ਜਾਂਦਾ ਹੈ।

ਜਿਵੇਂ ਮੋਹਲੇਧਾਰ ਮੀਂਹ ਵਰਸਣ ਨਾਲ ਹਰ ਪਾਸੇ ਪਾਣੀ ਹੀ ਪਾਣੀ ਹੋ ਜਾਂਦਾ ਹੈ। ਗਰਮੀ ਖਤਮ ਹੋ ਜਾਂਦੀ ਹੈ ਅਤੇ ਠੰਡ ਵਰਤ ਜਾਂਦੀ ਹੈ। ਘਾਹ ਤੋਂ ਲੈ ਕੇ ਦਰਖਤਾਂ ਤੱਕ ਸਭ ਨੂੰ ਨਵਾਂ ਜ਼ੀਵਨ ਮਿਲ ਜਾਂਦਾ ਹੈ। ਬਾਰਸ਼ ਕਿਸੇ ਨਾਲ ਵਿਤਕਰਾ ਨਹੀਂ ਕਰਦੀ, ਸਾਰੇ ਬਾਰਸ਼ ਪੈਂਦੀ ਚੋਂ ਲਾਭ ਪ੍ਰਾਪਤ ਕਰ ਸਕਦੇ ਹਨ। ਇਸੇ ਤਰ੍ਹਾਂ ਸਤਿਗੁਰੂ ਜੀ ਨੇ ਸਾਰਿਆਂ ਲਈ ਬਿਨਾਂ ਵਿਤਕਰੇ ਉਪਦੇਸ਼ ਬਖਸ਼ਿਸ਼ ਕੀਤਾ ਹੈ। ਜੋ ਵੀ ਗੁਰੂ ਉਪਦੇਸ਼ ਨੂੰ ਆਪਣੇ ਹਿਰਦੇ ਵਿੱਚ ਥਾਂ ਦਿੰਦਾ ਹੈ, ਉਸ ਦੇ ਮਨ-ਬੁੱਧੀ-ਇੰਦ੍ਰੇ ਅੰਮ੍ਰਿਤ ਨਾਮ ਨਾਲ ਸਰਸ਼ਾਰ ਹੋ ਜਾਂਦੇ ਹਨ। ਐਸੀ ਹੈ ਗੁਰੂ ਕੀ ਬਾਣੀ ਦੀ ਬਰਕਤ :—

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥
ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥
ਜਲਨਿ ਬੁਝੀ ਸੀਤਲੁ ਹੋਇ ਮਨੂਆ
ਸਤਿਗੁਰ ਕਾ ਦਰਸਨੁ ਪਾਏ ਜੀਉ॥੧॥
ਸੂਖੁ ਭਇਆ ਦੁਖੁ ਦੂਰਿ ਪਰਾਨਾ॥
ਸੰਤ ਰਸਨ ਹਰਿ ਨਾਮੁ ਵਖਾਨਾ॥
ਜਲ ਥਲ ਨੀਰਿ ਭਰੇ ਸਰ ਸੁਭਰ
ਬਿਰਥਾ ਕੋਇ ਨ ਜਾਏ ਜੀਉ॥੨॥

ਮਾਝ ਮ: ੫ (ਪੰਨਾ : ੧੦੩)

ਕੈਸੀ ਹੈ ਇਹ ਰੱਬੀ ਕਲਾਮ, ਅੰਮ੍ਰਿਤਮਈ ਬਾਣੀ, ਜਿਸਦੀ ਵਡਿਆਈ ਲਿਖਣ ਲਈ ਕਲਮ ਅਸਮਰੱਥਾ ਪ੍ਰਗਟਾਉਂਦੀ ਹੈ ਕਿਉਂਕਿ ਇਹ ਬ੍ਰਹਮ ਦੀ ਬਾਣੀ ਹੈ, ਇਹ ਬਾਣੀ ਬ੍ਰਹਮ ਦਾ ਹੀ ਰੂਪ ਹੈ। ਬ੍ਰਹਮ ਦੀ ਵਡਿਆਈ ਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ਮੁਤਾਬਕ ਕੋਈ ਕਥਨ ਨਹੀਂ ਕਰ ਸਕਿਆ, ਉਸ ਬ੍ਰਹਮ ਦੀ ਕੋਈ ਕੀਮਤ ਨਹੀ ਪਾ ਸਕਿਆ :—

ਕੀਮਤਿ ਪਾਇ ਨ ਕਹਿਆ ਜਾਇ
ਕਹਣੈ ਵਾਲੇ ਤੇਰੇ ਰਹੇ ਸਮਾਇ॥੧॥

ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥੧॥ ਰਹਾਉ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ॥
ਸਭ ਕੀਮਤਿ ਮਿਲਿ ਕੀਮਤਿ ਪਾਈ॥
ਗਿਆਨੀ ਧਿਆਨੀ ਗੁਰ ਗੁਰਹਾਈ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥

ਆਸਾ ਮ: ੧ (ਪੰਨਾ ੯)

ਜਿਵੇਂ ਬ੍ਰਹਮ ਦੀ ਕੋਈ ਵਡਿਆਈ ਕਥਨ ਨਹੀਂ ਕਰ ਸਕਦਾ ਅਤੇ ਨਾ ਹੀ ਉਸਦੀ ਕੋਈ ਕੀਮਤ ਪਾਈ ਜਾ ਸਕਦੀ ਹੈ। ਤਿਵੇਂ ਇਸ ਪ੍ਰਮੇਸ਼ਰੀ ਬਾਣੀ ਦੀ ਵਡਿਆਈ ਵੀ ਅਪਰ ਅਪਾਰ ਹੈ। ਕਾਗਜ਼ ਉੱਤੇ ਲਿਖ ਕੇ ਜਾਂ ਜ਼ੁਬਾਨ ਨਾਲ ਬੋਲ ਕੇ ਦੱਸੀ ਨਹੀਂ ਜਾ ਸਕਦੀ, ਕੇਵਲ ਬ੍ਰਹਮ ਉਪਦੇਸ਼ ਨੂੰ ਧਾਰਨ ਕਰਕੇ ਉਸ ਅਨੁਸਾਰੀ ਚੱਲ ਕੇ ਮਨੁੱਖਾ ਜਨਮ ਨੂੰ ਸਫਲ ਕੀਤਾ ਜਾ ਸਕਦਾ ਹੈ।

ਤਦ ਹੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਿਹਾਗੜਾ ਰਾਗ ਵਿੱਚ ਸਾਨੂੰ ਕਲਜੁਗੀ ਜੀਵਾਂ ਨੂੰ ਸੰਬੋਧਨ ਕਰਕੇ ਫੁਰਮਾਨ ਕੀਤਾ ਹੈ ਕਿ ਹੇ ਵਡਿਆਂ ਭਾਗਾਂ ਵਾਲਿਓ ! ਹਰੀ ਅਕਾਲ ਪੁਰਖ ਦੀ ਕਲਿਆਣ ਕਾਰੀ ਬਾਣੀ ਨੂੰ ਧਿਆਨ ਨਾਲ ਸੁਣੋ। ਇਸ ਅਕਥ ਕਹਾਣੀ ਦੀ ਉਸ ਨੂੰ ਸੋਝੀ ਪੈਂਦੀ ਹੈ ਅਤੇ ਗੁਰਬਾਣੀ ਉਸ ਦੇ ਹਿਰਦੇ ਵਿੱਚ ਸਮਾਉਂਦੀ ਹੈ ਜਿਸ ਤੇ ਧੁਰੋਂ ਪ੍ਰਮਾਤਮਾ ਦੀ ਮਿਹਰ ਹੋਵੇ।

ਜਿਸਦੇ ਹਿਰਦੇ ਵਿੱਚ ਗੁਰਬਾਣੀ ਸਮਾ ਜਾਂਦੀ ਹੈ। ਉਸਦੇ ਸਾਰੇ ਕਲਹ-ਕਲੇਸ਼-ਦੁੱਖ ਖਤਮ ਹੋ ਜਾਂਦੇ ਹਨ। ਉਹ ਸਦੀਵੀਂ ਅਮਰ ਪਦਵੀ ਨੂੰ ਪ੍ਰਾਪਤ ਕਰ ਲੈਂਦਾ ਹੈ। ਉਸ ਦਾ ਆਵਾਗਉਣ ਦਾ ਚੱਕਰ ਸਦਾ ਲਈ ਖਤਮ ਹੋ ਜਾਂਦਾ ਹੈ।

ਗੁਰਬਾਣੀ ਦੇ ਨਾਲ ਜੁੜਨ ਵਾਲਾ ਹਮੇਸ਼ਾ ਪ੍ਰਭੂ ਦੀ ਸ਼ਰਣ ਵਿੱਚ ਰਹਿੰਦਾ ਹੈ ਉਹ ਪ੍ਰਭੂ ਨੂੰ ਛੱਡ ਕੇ ਕਿਸੇ ਹੋਰ ਪਾਸੇ ਨਹੀਂ ਭਟਕਦਾ। ਉਸ ਨੂੰ ਪ੍ਰਭੂ ਦੀ ਪ੍ਰੀਤੀ ਪਿਆਰ ਹੀ ਹਮੇਸ਼ਾ ਚੰਗਾ ਲੱਗਦਾ ਹੈ। ਇਸ ਲਈ ਗੁਰੂ ਕੇ ਪਿਆਰਿਉ ਹਮੇਸ਼ਾ ਹਮੇਸ਼ਾ ਇਸ ਪਵਿੱਤ੍ਰ ਅੰਮ੍ਰਿਤਮਈ ਗੁਰਬਾਣੀ ਨੂੰ ਗਾਉਣਾ ਚਾਹੀਦਾ ਹੈ।

ਗੁਰਬਾਣੀ ਗਾਉਣ ਨਾਲ ਪ੍ਰਮੇਸ਼ਰ ਜੀ ਨਾਲ ਐਸੀ ਪ੍ਰੀਤ ਬਣ ਜਾਂਦੀ ਹੈ। ਫਿ ਉਸ ਪ੍ਰੀਤ ਨੂੰ ਛੱਡਿਆ ਨਹੀਂ ਜਾਂਦਾ। ਮਨ ਤੇ ਤਨ ਹਮੇਸ਼ਾ ਬਾਣੀ ਨਾਲ ਹੀ ਜੁ ਰਹਿੰਦੇ ਹਨ। ਇਸ ਅਵਸਥਾ ਬਾਰੇ ਕੁਝ ਬਿਆਨ ਨਹੀਂ ਕੀਤਾ ਜਾ ਸਕਦਾ। ਮਨੁੱਖ ਦ ਜੀਵਨ ਅਧਾਰ ਹੀ ਗੁਰਬਾਣੀ ਬਣ ਜਾਂਦੀ ਹੈ। ਗੁਰਬਾਣੀ ਨਾਲ ਜੁੜਨ ਸਦਕ ਐਸੀ ਆਤਮਿਕ ਅਵਸਥਾ ਬਣ ਜਾਂਦੀ ਹੈ ਕਿ ਜਿਸ ਪ੍ਰਭੂ ਨੇ ਸਾਨੂੰ ਪੈਦਾ ਕੀਤਾ ਉਸੇ ਪ੍ਰਭੂ ਜੀ ਵਿੱਚ ਹੀ ਸਮਾਈ ਪ੍ਰਾਪਤ ਹੋ ਜਾਂਦੀ ਹੈ। ਸਭ ਥਾਈਂ ਪ੍ਰਭੂ ਭਾਣੇ-

ਵਾਂਗ ਆਪ ਹੀ ਦਿਖਾਈ ਦਿੰਦਾ ਹੈ। ਗੁਰਬਾਣੀ ਦੀ ਬਰਕਤ ਨਾਲ ਆਤਮਾ ਬ੍ਰਹਮ ਜੋਤੀ ਵਿੱਚ ਇਸ ਤਰਾਂ ਅਭੇਦ ਹੋ ਕੇ ਇੱਕ ਰੂਪ ਹੋ ਜਾਂਦੀ ਹੈ ਜਿਸ ਤਰਾਂ ਪਾਨੀ ਵਿੱਚ ਪਾਨੀ ਮਿਲ ਕੇ ਇੱਕ ਰੂਪ ਹੋ ਜਾਂਦਾ ਹੈ।

ਫਿਰ ਤਾਂ ਗੁਰੂ ਬਖਸ਼ਿਸ਼ ਨਾਲ ਜਲਾਂ ਵਿੱਚ, ਥਲਾਂ ਵਿੱਚ, ਅਕਾਸ਼ ਵਿੱਚ ਇੱਕ ਪ੍ਰਮਾਤਮਾ ਤੋਂ ਬਿਨਾਂ ਹੋਰ ਕੋਈ ਦਿਸਦਾ ਹੀ ਨਹੀਂ ਹੈ। ਜੰਗਲਾਂ ਵਿੱਚ, ਘਾਹ ਦੇ ਤਿਣਕਿਆਂ ਵਿੱਚ, ਤਿੰਨਾਂ ਹੀ ਲੋਕਾਂ ਵਿੱਚ ਇੱਕ ਪ੍ਰਭੂ ਹੀ ਸਮਾਇਆ ਹੋਇਆ ਨਦਰੀ ਆਉਂਦਾ ਹੈ। ਉਸ ਮਾਲਕ ਪ੍ਰਭੂ ਦੀ ਕੁਝ ਵੀ ਕੀਮਤ ਨਹੀਂ ਕਹੀ ਜਾ ਸਕਦੀ। ਪ੍ਰਮਾਤਮਾ ਆਪ ਹੀ ਆਪਣੀ ਕੀਮਤ ਜਾਣਦਾ ਹੈ। ਗੁਰਦੇਵ ਗੁਰੂ ਅਰਜਨ ਦੇਵ ਜੀ ਨੇ ਦਰਗਾਹੀ ਫੁਰਮਾਨ ਦਾ ਖੁਲਾਸਾ ਹੇਠ ਲਿਖੇ ਸ਼ਬਦ ਵਿੱਚ ਕਰਕੇ ਸਾਨੂੰ ਗੁਰਬਾਣੀ ਪੜ੍ਹਨ ਤੇ ਸੁਣਨ ਲਈ ਪ੍ਰੇਰਨਾ ਦਿਤੀ ਹੈ :—

ਸੁਣਿ ਵਡਭਾਗੀਆ ਹਰਿ ਅੰਮ੍ਰਿਤ ਬਾਣੀ ਰਾਮ॥
ਜਿਨ ਕਉ ਕਰਮਿ ਲਿਖੀ ਤਿਸੁ ਰਿਦੈ ਸਮਾਣੀ ਰਾਮ॥
ਅਕਥ ਕਹਾਣੀ ਤਿਨੀ ਜਾਣੀ ਜਿਸੁ ਆਪਿ ਪ੍ਰਭ ਕਿਰਪਾ ਕਰੇ।
ਅਮਰੁ ਥੀਆ ਫਿਰਿ ਨ ਮੂਆ ਕਲਿ ਕਲੇਸਾ ਦੁਖ ਹਰੇ॥
ਹਰਿ ਸਰਣਿ ਪਾਈ ਤਜਿ ਨ ਜਾਈ ਪ੍ਰਭ ਪ੍ਰੀਤਿ ਮਨਿ ਤਨਿ ਭਾਣੀ॥
ਬਿਨਵੰਤਿ ਨਾਨਕ ਸਦਾ ਗਾਈਐ ਪਵਿਤ੍ਰ ਅੰਮ੍ਰਿਤ ਬਾਣੀ॥ ੩॥
ਮਨ ਤਨ ਗਲਤੁ ਭਏ ਕਿਛੁ ਕਹਣੁ ਨ ਜਾਈ ਰਾਮ॥
ਜਿਸ ਤੇ ਉਪਜਿਅੜਾ ਤਿਨਿ ਲੀਆ ਸਮਾਈ ਰਾਮ॥
ਮਿਲਿ ਬ੍ਰਹਮ ਜੋਤੀ ਓਤਿ ਪੋਤੀ ਉਦਕੁ ਉਦਕਿ ਸਮਾਇਆ॥
ਜਲਿ ਥਲਿ ਮਹੀਅਲਿ ਏਕੁ ਰਵਿਆ ਨਹ ਦੂਜਾ ਦ੍ਰਿਸਟਾਇਆ॥
ਬਣਿ ਤ੍ਰਿਣਿ ਤ੍ਰਿਭਵਣਿ ਪੂਰਿ ਪੂਰਨ ਕੀਮਤਿ ਕਹਣੁ ਨ ਜਾਈ॥
ਬਿਨਵੰਤਿ ਨਾਨਕ ਆਪਿ ਜਾਣੈ ਜਿਨਿ ਏਹ ਬਣਤ ਬਣਾਈ॥ ੪॥ ੨॥

ਬਿਹਾਗੜਾ ਮ: ੫ (ਪੰਨਾ : ੫੪੫)

ਸ੍ਰੀ ਗੁਰੂ ਅਰਜਨ ਦੇਵ ਜੀ ਇਸ ਤੋਂ ਵੱਧ ਗੁਰਬਾਣੀ ਦੀ ਮਹਿਮਾ ਕੀ ਦੱਸ ਸਕਦੇ ਹਨ, ਸਤਿਗੁਰੂ ਰਹਿਮਤ ਕਰਨ, ਧੁਰ ਕੀ ਬਾਣੀ ਦੀ ਮਹਾਨਤਾ ਸਾਡੇ ਹਿਰਦੇ ਵਿੱਚ ਵਸ ਜਾਵੇ ਅਸੀਂ ਵੀ ਧੁਰ ਕੀ ਬਾਣੀ ਨਾਲ ਜੁੜ ਕੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਸਫਲ ਕਰ ਲਈਏ।

ਸਤਿਗੁਰੂ ਜੀ ਦਾ ਫੁਰਮਾਨ ਹੈ ਕਿ ਇਹ ਧੁਰ ਦਰਗਾਹ ਦੀ ਬਾਣੀ ਸਾਡੀ ਅਤਿ ਪਿਆਰੀ ਵਸਤੂ ਹੈ। ਗੁਰਬਾਣੀ ਇੱਕ ਅਤੁੱਟ ਅੰਮ੍ਰਿਤ ਦੀ ਧਾਰਾ ਹੈ। ਇੱਕ ਛਿੰਨ

ਮਾਤਰ ਦੇ ਸਮੇਂ ਲਈ ਵੀ ਅਸੀ ਗੁਰਬਾਣੀ ਨੂੰ ਹਿਰਦੇ ਵਿੱਚੋਂ ਦੂਰ ਨਹੀਂ ਕਰਦੇ।

ਇਹ ਗੁਰਬਾਣੀ ਕਰਤਾਰ ਦੇ ਚੂੰ-ਚਹੇ[੧] ਰੰਗ ਵਿੱਚ ਰੰਗੀ ਹੋਈ ਹੈ। ਗੁਰਬਾਣੀ ਦੁਆਰਾ ਕਰਤਾ ਪੁਰਖ ਦਾ ਦੀਦਾਰ ਹੁੰਦਾ ਹੈ ਅਤੇ ਪ੍ਰਭੂ ਦੀ ਛੋਹ ਮਿਲਦੀ ਹੈ, ਆਤਮਾ ਨੂੰ ਸਦੀਵੀ ਖੇੜਾ ਤੇ ਅਨੰਦ ਗੁਰਬਾਣੀ ਬਖਸ਼ਦੀ ਹੈ।

ਹੇ ਭਾਈ ਜੇ ਗੁਰਬਾਣੀ ਦਾ ਛਿਨ ਮਾਤਰ ਵੀ ਸਿਮਰਨ ਕਰੀਏ, ਗੁਰਬਾਣੀ ਗੁਰੂ ਵਿੱਚ ਸਮਾਈ ਕਰਵਾ ਦਿੰਦੀ ਹੈ। ਜੇ ਸਵਾਸ-ਸਵਾਸ ਸਿਮਰਨ ਕਰੀਏ ਤਾਂ ਜਮਦੂਤ ਨੇੜੇ ਨਹੀਂ ਆਉਂਦੇ। ਇਸ ਲਈ ਸਾਨੂੰ ਗੁਰਬਾਣੀ ਨੂੰ ਸਦਾ ਆਪਣੇ ਹਿਰਦੇ ਵਿੱਚ ਵਸਾਈ ਰੱਖਣਾ ਚਾਹੀਦਾ ਹੈ :—

ਹਮਾਰੀ ਪਿਆਰੀ ਅੰਮ੍ਰਿਤ ਧਾਰੀ ਗੁਰਿ ਨਿਮਖ ਨ ਮਨ ਤੇ ਟਾਰੀ ਰੇ॥ ੧॥ ਰਹਾਉ॥
ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ॥ ੧॥
ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ ਹਰਿ ਕੰਠਿ ਨਾਨਕ ਉਰਿ ਹਾਰੀ ਰੇ॥

ਆਸਾ ਮ : ੫ (ਪੰਨਾ : ੪੦੪)

ਸਤਿਗੁਰੂ ਸਾਡੇ ਅਵੈੜੇ ਮਨ ਨੂੰ ਬਾਰੰ-ਬਾਰ ਗੁਰਬਾਣੀ ਦੀ ਮਹਾਨਤਾ ਸਮਝਾ ਕੇ ਧੁਰ ਕੀ ਬਾਣੀ ਨਾਲ ਜੁੜਨ ਦੀ ਤਾਕੀਦ ਕਰਦੇ ਹਨ ਤਾਂ ਜੋ ਧੁਰ ਦਰਗਾਹੀ ਹੁਕਮਾਂ ਦੀ ਮਹਾਨਤਾ ਨੂੰ ਵਾਚਦਿਆਂ-ਵਾਚਦਿਆਂ ਕੋਈ ਕਿਣਕਾ ਮਾਤਰ ਗੁਰਬਾਣੀ ਦੇ ਉਪਦੇਸ਼ ਦਾ ਸਾਡੇ ਹਿਰਦੇ ਵਿੱਚ ਵਸ ਜਾਵੇ ਤੇ ਅਸੀਂ ਵੀ ਅਸਲੀਅਤ ਤੋਂ ਜਾਣੂ ਹੋ ਕੇ ਜਿਸ ਮਨੋਰਥ ਵਾਸਤੇ ਇਸ ਸੰਸਾਰ ਵਿੱਚ ਭੇਜੇ ਗਏ ਹਾਂ, ਉਸਨੂੰ ਪੂਰਾ ਕਰਕੇ ਜਾਈਏ। ਤਾਂ ਜੋ :—

ਹੈ ਰੇ ਦਰਗਹ ਕਹੈ ਨ ਕੋਊ॥ ਆਉ ਬੈਠੁ ਆਦਰੁ ਸੁਭ ਦੇਊ॥

ਗਉੜੀ ਮ: ੫ (ਪੰਨਾ : ੨੫੨)

ਦੀ ਦਾਤ ਪ੍ਰਾਪਤ ਹੋ ਜਾਵੇ, ਜੀਵਨ-ਮਨੋਰਥ ਨ ਪੂਰਾ ਕਰਕੇ ਜਾਵਾਂਗੇ ਫਿਰ ਪੁੱਛ ਹੋਵੇਗੀ :—

ਕਿਆ ਤੈ ਖਟਿਆ ਕਹਾ ਗਵਾਇਆ॥ ਚਲਹੁ ਸਿਤਾਬ ਦੀਬਾਨਿ ਬੁਲਾਇਆ॥

ਸੂਹੀ ਕਬੀਰ ਜੀ (ਪੰਨਾ : ੭੯੨)

੧. ਗੂੜ੍ਹਾ, ਗਹਿਰਾ

ਮਨੁੱਖਾ ਜੀਵਨ ਦਾ ਮਨੋਰਥ

ਸਾਰੰਗ ਰਾਗ ਵਿੱਚ ਗੁਰਦੇਵ ਗੁਰੂ ਅਰਜਨ ਦੇਵ ਜੀ ਸਾਨੂੰ ਇਸ ਸੰਸਾਰ ਵਿੱਚ ਆਉਣ ਦਾ ਮੰਤਵ ਸਮਝਾਉਂਦੇ ਹਨ ਕਿ ਹੇ ਜੀਵ-ਆਤਮਾ ! ਪ੍ਰਭੂ ਪ੍ਰਮੇਸ਼ਰ ਜੀ ਨੇ ਤੈਨੂੰ ਮਨੁੱਖਾ ਜਨਮ ਦੀ ਅਮੋਲਕ ਦਾਤ ਗੁਰਬਾਣੀ ਪੜ੍ਹਨ ਤੇ ਗੁਰਬਾਣੀ ਸੁਣਨ ਲਈ ਹੀ ਦਿੱਤੀ ਹੈ। ਪਰ ਤੂੰ ਮਨੁੱਖਾ ਜਨਮ ਦੇ ਇਸ ਨਿਸ਼ਾਨੇ (ਮੰਤਵ) ਨੂੰ ਭੁਲਾ ਹੀ ਦਿੱਤਾ ਹੈ ਅਤੇ ਹੋਰ-ਹੋਰ ਲਾਲਚਾਂ ਵਿੱਚ ਫੱਸ ਕੇ ਆਪਣੇ ਮਨੁੱਖਾ ਜਨਮ ਨੂੰ ਵਿਅਰਥ ਗਵਾ ਰਿਹਾ ਹੈ।

ਹੇ ! ਬੇ-ਸਮਝ ਮਨ ! ਹੋਸ਼ ਕਰ, ਗੁਰਬਾਣੀ ਵਿੱਚ ਜੋ ਸਤਿ ਪੁਰਖਾਂ ਨੇ ਅਕਥ ਪ੍ਰਭੂ ਦੀ ਗਾਥਾ ਕਥਨ ਕੀਤੀ ਹੈ, ਉਸਨੂੰ ਚੇਤੇ ਕਰਕੇ ਮਨੁੱਖਾ ਜਨਮ ਦਾ ਲਾਹਾ ਪ੍ਰਾਪਤ ਕਰ ਅਤੇ ਪ੍ਰਭੂ ਜੀ ਦਾ ਸਿਮਰਨ ਕਰਕੇ ਆਵਾਗਉਣ ਦੇ ਗੇੜ ਤੋਂ ਸਦਾ ਲਈ ਛੁਟਕਾਰਾ ਪ੍ਰਾਪਤ ਕਰ ਲੈ।

ਸਤਿਗੁਰੂ ਅਗਵਾਈ ਕਰਦੇ ਹਨ, ਹੇ ਜੀਵ! ਪ੍ਰਭੂ ਪ੍ਰਮਾਤਮਾ ਪਾਸੋਂ ਇਹ ਦਾਤਾਂ ਮੰਗਿਆ ਕਰ ਕਿ ਹੇ ਮਾਲਕ ਉੱਦਮ, ਸ਼ਕਤੀ, ਸਿਆਣਪ, ਸਭ ਆਪ ਜੀ ਦੀਆਂ ਦਾਤਾਂ ਹਨ।

ਜੇ ਤੁਸੀਂ ਮੈਨੂੰ ਇਹ ਦਾਤਾਂ (ਉੱਦਮ, ਸ਼ਕਤੀ, ਸਿਆਣਪ) ਦੇ ਦਿਉਂਗੇ ਮੈਂ ਆਪ ਜੀ ਦਾ ਨਾਮ ਜਪਦਾ ਰਹਾਂਗਾ, ਨਾ ਦਿਉਂਗੇ ਤਾਂ ਮੇਰੇ ਪਾਸ ਨ ਉੱਦਮ ਹੈ, ਨ ਸ਼ਕਤੀ ਹੈ ਅਤੇ ਨਾਹੀ ਕੋਈ ਸਿਆਣਪ ਵਾਲੀ ਗੱਲ ਹੈ।

ਉਹ ਹੀ ਅਸਲੀ ਭਗਤ ਹਨ। ਜਿਹੜੇ ਗੁਰੂ ਚਾਲੀ ਅਨੁਸਾਰ ਚੱਲ ਕੇ ਆਪਣੇ ਪ੍ਰਭੂ ਮਾਲਕ ਨੂੰ ਭਾ ਜਾਂਦੇ ਹਨ। ਸਾਨੂੰ ਸਾਡੇ ਜੀਵਨ ਦਾ ਮਨੋਰਥ ਕਿਵੇਂ ਸਤਿਗੁਰਾਂ ਨੇ ਸਮਝਾਇਆ ਹੈ :—

ਆਇਓ ਸੁਨਨ ਪੜਨ ਕਉ ਬਾਣੀ॥
ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ॥ ੧॥ ਰਹਾਉ॥
ਸਮਝੁ ਅਚੇਤ ਚੇਤਿ ਮਨ ਮੇਰੇ ਕਥੀ ਸੰਤਨ ਅਕਥ ਕਹਾਣੀ॥
ਲਾਭੁ ਲੈਹੁ ਹਰਿ ਰਿਦੈ ਅਰਾਧਹੁ ਛੁਟਕੈ ਆਵਣ ਜਾਣੀ॥੧॥
ਉਦਮੁ ਸਕਤਿ ਸਿਆਣਪ ਤੁਮ੍ਰੀ ਦੇਹਿ ਤ ਨਾਮੁ ਵਖਾਣੀ॥
ਸੇਈ ਭਗਤ ਭਗਤਿ ਸੇ ਲਾਗੇ ਨਾਨਕ ਜੋ ਪ੍ਰਭ ਭਾਣੀ॥੨॥ ੫੬॥

ਸਾਰਗ ਮ: ੫ (ਪੰਨਾ : ੧੨੧੯)

ਗੁਰੂ ਦੇ ਬਚਨਾਂ ਨੂੰ ਪੜ੍ਹਨ ਨਾਲ ਹੀ ਗੁਰਬਾਣੀ ਦੀ ਮਹਾਨਤਾ ਦਾ ਪਤਾ ਚਲਦਾ ਹੈ। ਜੇ ਆਪਾਂ ਗੁਰਬਾਣੀ ਨੂੰ ਪੜ੍ਹਾਂਗੇ ਹੀ ਨਾ, ਤਦ ਗੁਰਬਾਣੀ ਦੀ ਸ਼ਕਤੀ ਤੇ ਗੁਰਬਾਣੀ ਦੇ ਅਮੋਲਕ ਖਜ਼ਾਨੇ ਤੋਂ ਆਪਾਂ ਵਾਂਝੇ ਰਹਿ ਜਾਵਾਂਗੇ।

ਜਦੋਂ ਆਪਾਂ ਨੇਮ ਨਾਲ ਧੁਰ ਕੀ ਬਾਣੀ ਨੂੰ ਪੜ੍ਹਾਂਗੇ, ਤਦ ਹੀ ਸਾਨੂੰ ਪਤਾ ਲੱਗੇਗਾ ਕਿ ਗੁਰਬਾਣੀ ਪੜ੍ਹਨ ਅਤੇ ਇਸ ਦਾ ਬਾਰੰ-ਬਾਰ ਸਿਮਰਨ ਕਰਨ ਨਾਲ ਸਾਰੇ ਦੁੱਖ ਖਤਮ ਹੋ ਜਾਂਦੇ ਹਨ ਤੇ ਪ੍ਰਮੇਸ਼ਰ ਜੀ ਦਾ ਅਮੋਲਕ ਨਾਮ ਹਿਰਦੇ ਵਿੱਚ ਆ ਕੇ ਸ ਜਾਂਦਾ ਹੈ।

ਹੇ ਮੇਰੇ ਮਨ! ਗੋਬਿੰਦ ਅਕਾਲ ਪੁਰਖ ਦੀ ਬਾਣੀ ਨੂੰ ਪ੍ਰੇਮ ਨਾਲ ਪੜ ਕਿਉਂਕਿ ਇਹ ਬਾਣੀ ਪ੍ਰਮੇਸ਼ਰ ਜੀ ਦੀ ਹੈ। ਸਤਿਗੁਰਾਂ ਦੇ ਮੁਖਾਰਬਿੰਦ ਚੋਂ ਉਚਾਰਨ ਹੋਈ ਹੈ। ਐਸੀ ਅਮੋਲਕ ਬਾਣੀ ਨੂੰ ਜਰੂਰ ਬਾਰੰ-ਬਾਰ ਪੜ੍ਹਿਆ ਕਰ। ਪੜ੍ਹਨ ਸੁਣਨ ਨਾਲ ਤੇਰਾ ਲੋਕ, ਪ੍ਰਲੋਕ ਸਵਰ ਜਾਏਗਾ :—

ਜਿਸੁ ਸਿਮਰਤ ਦੂਖੁ ਸਭੁ ਜਾਇ॥
ਨਾਮੁ ਰਤਨੁ ਵਸੈ ਮਨਿ ਆਇ॥ ੧॥
ਜਪਿ ਮਨ ਮੇਰੇ ਗੋਵਿੰਦ ਕੀ ਬਾਣੀ॥
ਸਾਧੂ ਜਨ ਰਾਮੁ ਰਸਨ ਵਖਾਣੀ॥ ੧॥ ਰਹਾਉ॥

ਗਉੜੀ ਮ: ੫ (ਪੰਨਾ : ੧੯੨)

ਜਿਹੜਾ ਜਗਿਆਸੂ ਮਨ ਕਰਕੇ ਧੁਰ ਅੰਦਰਹੁ ਗੁਰਬਾਣੀ ਨਾਲ ਜੁੜ ਜਾਂਦਾ ਹੈ। ਧੁਰ ਕੀ ਬਾਣੀ ਨਾਲ ਸਾਂਝ ਪਾਉਣ ਸਦਕਾ ਉਸਦੀ ਆਤਮਾ ਦੀ ਸਦੀਵੀਂ ਸਾਂਝ ਧੁਰ ਪ੍ਰਮੇਸ਼ਰ ਜੀ ਨਾਲ ਬਣ ਜਾਂਦੀ ਹੈ। ਉਸਦੇ ਹਿਰਦੇ ਵਿੱਚ ਪ੍ਰਭੂ ਮਾਲਕ ਦਾ ਨਾਮ ਵੱਸ ਜਾਂਦਾ ਹੈ। ਪ੍ਰਭੂ ਜੀ ਨਾਲ ਪ੍ਰੇਮ ਦੀ ਸਾਂਝ ਸਦਕਾ ਜਗਿਆਸੂ ਪ੍ਰਮੇਸ਼ਰ ਜੀ ਦੇ ਨਾਲ ਅਭੇਦ ਹੋ ਜਾਂਦਾ ਹੈ। ਐਸੀ ਹੈ, ਗੁਰਬਾਣੀ ਦੀ ਪਾਰਸ ਕਲਾ :—

ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥੧॥

ਬਿਲਾਵਲੁ ਮ: ੩ (ਪੰਨਾ : ੭੯੭)

ਕੈਸੀ ਪ੍ਰਮੇਸ਼ਰ ਜੀ ਨੇ ਦਰਗਾਹੀ ਕਲਾਮ ਵਿੱਚ ਸ਼ਕਤੀ ਭਰੀ ਹੈ। ਜਿਹੜਾ ਵੀ ਪ੍ਰਭੂ ਜੀ ਦੀ ਸੱਚੀ ਬਾਣੀ ਦੁਆਰਾ ਪ੍ਰਮਾਤਮਾ ਦੀ ਸਿਫਤ-ਸਲਾਹ ਕਰਦਾ ਹੈ, ਬਾਣੀ ਉਸਨੂੰ ਸੱਚੇ ਵਾਹਿਗੁਰੂ ਜੀ ਵਿੱਚ ਅਭੇਦ ਕਰਵਾ ਦਿੰਦੀ ਹੈ। ਗੁਰੂ ਦੇ ਬਚਨਾਂ ਨੂੰ ਪੜ੍ਹ ਕੇ ਅਸੀਂ ਵੀ ਧੁਰ ਕੀ ਬਾਣੀ ਨਾਲ ਜੁੜ ਕੇ ਆਪਣੇ ਮਾਲਕ ਨਾਲ ਅਭੇਦ ਹੋਣ ਦਾ ਵਸੀਲਾ ਪ੍ਰਾਪਤ ਕਰੀਏ। ਸਾਹਿਬਾਂ ਦਾ ਬਚਨ ਹੈ :—

ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ॥
ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ ਕਰਮਿ ਪਰਾਪਤਿ ਹੋਇ॥

ਸਲੋਕ ਮ: ੩ (ਪੰਨਾ : ੫੧੪)

ਧੰਨ ਹਨ ਸਤਿਗੁਰੂ ਜੀ ਜੋ ਬਾਰੰ-ਬਾਰ ਸਾਨੂੰ ਗੁਰਬਾਣੀ ਦੀ ਮਹਾਨਤਾ ਦੱਸ ਕੇ ਇਸ ਅਮੋਲਕ ਖਜ਼ਾਨੇ ਤੋਂ ਲਾਹਾ ਪ੍ਰਾਪਤ ਕਰਨ ਲਈ ਪ੍ਰੇਰਨਾ ਦਿੰਦੇ ਹਨ ਤਾਂ ਜੋ ਕਿਤੇ ਐਸੀ ਗੱਲ ਨਾ ਵਾਪਰ ਜਾਵੇ ਕਿ "**ਘਰਿ ਹੋਦੈ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ॥** ਵਾਲੀ ਦਸ਼ਾ ਸਾਡੀ ਹੋ ਜਾਵੇ। ਸਭ ਕੁਝ ਘਰ ਵਿੱਚ ਹੁੰਦੇ ਹੋਏ ਲੋਕ-ਪ੍ਰਲੋਕ ਦੇ ਦੁੱਖਾਂ ਨੂੰ ਸਹਾਰੀ ਜਾਈਏ।

ਸਾਹਿਬਾਂ ਦਾ ਫੁਰਮਾਨ ਹੈ ਕਿ ਇਹ ਸਰੀਰ ਸਤਿਗੁਰੂ ਜੀ ਨੇ ਧਰਮ ਕਮਾਉਣ ਲਈ ਦਿੱਤਾ ਹੈ। ਸਾਡੇ ਅੰਦਰ ਹੀ ਜਿੱਥੇ ਅਨੇਕਾਂ ਸ਼ੁਭ ਗੁਣਾਂ ਦੇ ਰਤਨ ਲੁਕੇ ਪਏ ਹਨ, ਉਥੇ ਪ੍ਰਭੂ ਜੀ ਦੀ ਜੋਤ ਵੀ ਸਾਡੇ ਅੰਦਰ ਹੀ ਹੈ। ਗੁਰਬਾਣੀ ਦੁਆਰਾ ਸਾਂਝ ਪਾ ਕੇ ਕੋਈ ਗੁਰੂ ਪਿਆਰਾ ਡੂੰਘੀ ਵੀਚਾਰ ਨਾਲ ਇਹਨਾਂ ਦੈਵੀ ਗੁਣਾਂ ਰੂਪੀ ਰਤਨਾਂ ਨੂੰ ਆਪਣੀ ਮੱਤ ਵਿੱਚੋਂ ਪ੍ਰਗਟ ਕਰ ਲੈਂਦਾ ਹੈ :—

ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ

ਜਪੁਜੀ (ਪੰਨਾ : ੨)

ਐਸੇ ਦੈਵੀ ਗੁਣਾਂ ਦੇ ਧਾਰਨੀ ਜਗਿਆਸੂ ਨੂੰ ਹਰ ਥਾਂ ਪ੍ਰਭੂ ਸਰਬ ਵਿਆਪਕ ਨਦਰੀ ਆਉਣ ਲੱਗ ਜਾਂਦਾ ਹੈ। ਤਾਣੇ-ਪੇਟੇ ਦੇ ਸੂਤਰ ਵਾਂਗ ਉਹ ਸਾਰੇ ਪ੍ਰਭੂ ਹਰੀ ਨੂੰ ਹੀ ਵੇਖਦਾ ਹੈ। ਇਕ ਹਰੀ ਤੇ ਹੀ ਭਰੋਸਾ ਰੱਖਦਾ ਹੈ। ਇੱਕ ਹਰੀ ਦੀ ਸਿਫਤੋ ਸਲਾਹ ਹੀ ਕੰਨਾਂ ਰਾਹੀਂ ਸੁਣਦਾ ਹੈ। ਤਾਂ ਤੇ ਅਸੀਂ ਵੀ ਉਸ ਮਾਲਕ ਦੀ ਸਿਫਤੋ ਸਲਾਹ ਕਰਕੇ ਮੱਤ ਵਿੱਚੋਂ ਅਮੋਲਕ ਗੁਣ ਪ੍ਰਗਟ ਕਰ ਲਈਏ :—

ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ॥
ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ॥
ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ॥
ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ॥੧੬॥

ਪਉੜੀ (ਪੰਨਾ : ੩੦੯)

ਜਿਵੇਂ ਪਿਛਲੇ ਪੰਨਿਆਂ ਤੇ ਸਤਿਗੁਰਾਂ ਦੇ ਫੁਰਮਾਨ ਨੂੰ ਅਸੀਂ ਵਾਚਿਆ ਹੈ ਕਿ ਸਾਡੇ ਸਰੀਰ ਦੇ ਅੰਦਰ ਹੀ ਸਭ ਕੁਝ ਹੈ। ਜਿਵੇਂ ਭਗਤ ਪੀਪਾ ਜੀ ਨੇ ਵੀ ਧਨਾਸਰੀ ਰਾਗ ਵਿੱਚ ਫੁਰਮਾਨ ਕੀਤਾ ਹੈ "**ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥**" ਪੀਪਾ

ਜੀ, ਇਹ ਅੰਦਰਲੇ ਰਤਨ ਤੇ ਬ੍ਰਹਮ ਦੀ ਜੋਤ ਦੀ ਲੱਖਤਾ ਕਿਹਨਾਂ ਨੂੰ ਹੁੰਦੀ ਹੈ। ਜੋ ਗੁਰਬਾਣੀ ਦੇ ਰਤਨਾਂ ਰੂਪੀ ਖਜ਼ਾਨੇ ਨਾਲ ਆਪਣੀ ਆਤਮਾ ਦੀ ਸਾਂਝ ਪਾ ਲੈਂਦੇ ਹਨ। ਉਹਨਾਂ ਨੂੰ ਇਹ ਅੰਦਰਲੇ ਗੁਹਜ ਰਤਨ ਪ੍ਰਾਪਤ ਹੋ ਜਾਂਦੇ ਹਨ। ਜਿਹਨਾਂ ਦੀ ਕੀਮਤ ਸੰਸਾਰ ਦੇ ਰਤਨ ਨਹੀਂ ਪਾ ਸਕਦੇ, ਐਸੇ ਅਮੋਲਕ ਖਜ਼ਾਨੇ ਦੇ ਮਾਲਕ, ਉਹ ਗੁਰੂ ਪਿਆਰੇ ਬਣ ਜਾਂਦੇ ਹਨ। ਗੁਰੂ ਦੀ ਮਿਹਰ ਨਾਲ ਗੁਰਬਾਣੀ ਦੀ ਅਗਵਾਈ ਵਿੱਚ ਜਦੋਂ ਕੋਈ ਆਪਣੇ ਅੰਤਸ਼ਕਰਣ ਨੂੰ ਖੋਜਦਾ ਹੈ, ਉਸਨੂੰ ਅਨੂਪਮ ਦਾਤਾਂ ਅੰਦਰੋਂ ਹੀ ਪ੍ਰਾਪਤ ਹੋ ਜਾਂਦੀਆਂ ਹਨ ਅਤੇ ਐਸਾ ਅਡੋਲ ਨਿਸਚਾ ਬਣ ਜਾਂਦਾ ਹੈ ਕਿ ਗੁਰੂ ਹੀ ਪ੍ਰਮਾਤਮਾ ਹੈ ਅਤੇ ਪ੍ਰਮਾਤਮਾ ਹੀ ਗੁਰੂ ਹੈ। ਦੋਵਾਂ ਵਿੱਚ ਭੋਰਾ ਜਿੰਨਾਂ ਵੀ ਫ਼ਰਕ ਨਹੀਂ।

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮ ਦਾਸ ਜੀ ਫੁਰਮਾਉਂਦੇ ਹਨ :—

ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥
ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥
ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥
ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥
ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥ ੪॥

ਆਸਾ ਛੰਤ ਮ: ੪ (ਪੰਨਾ : ੪੪੨)

ਐਸੇ ਗੁਹਜ ਰਤਨਾਂ ਦੀ ਅਤੇ ਅਮੋਲਕ ਦੈਵੀ ਗੁਣਾਂ ਦੇ ਖਜ਼ਾਨੇ ਦੀ ਪ੍ਰਾਪਤੀ "ਬਾਣੀ ਗੁਰਬਾਣੀ ਲਾਗੇ, ਤਿਨ੍ਹ ਹਥਿ ਚੜਿਆ ਰਾਮ" ਦੇ ਮਾਰਗ ਦੇ ਧਾਰਨੀ ਬਣਿਆ ਹੀ ਹੋਣੀ ਹੈ। ਤਦ ਹੀ ਸਤਿਗੁਰੂ ਜੀ ਨੇ ਥਾਂ-ਪੁਰ ਥਾਂ ਬਾਰੰ-ਬਾਰ ਗੁਰਬਾਣੀ ਨੂੰ ਪੜ੍ਹਨ, ਸੁਣਨ ਤੇ ਮੰਨਣ ਲਈ ਤਾਕੀਦ ਕੀਤੀ ਹੈ।

ਜਿਥੇ ਸਤਿਗੁਰੂ ਜੀ ਨੇ ਗੁਰਸਿੱਖਾਂ ਨੂੰ ਇੱਕਤ੍ਰ ਹੋ ਕੇ ਗੁਰਬਾਣੀ ਪੜ੍ਹਨ ਤੇ ਗਾਉਣ ਦਾ ਸੰਦੇਸ਼ ਦਿੱਤਾ ਹੈ, ਉੱਥੇ ਨਾਲ ਇਹ ਪ੍ਰੇਰਨਾ ਵੀ ਦਿੱਤੀ ਹੈ ਕਿ ਜੇ ਗੁਰਬਾਣੀ ਪੜ੍ਹਨ ਜਾਂ ਗਾਉਣ ਦਾ ਸਮਾਂ ਨ ਪ੍ਰਾਪਤ ਹੋਵੇ ਫਿਰ ਤੁਸੀਂ ਪ੍ਰਭੂ-ਪਰਮੇਸ਼ਰ ਜੀ ਦੇ ਨਾਮ ਨੂੰ ਜਪਣਾ ਹੈ। ਹੋਰ ਕੋਈ ਫਾਲਤੂ ਗੱਲਾਂ ਨਹੀਂ ਕਰਨੀਆਂ, ਉਸ ਵੇਲੇ ਕੀ ਕਰਨਾ ਹੈ? ਸਾਹਿਬਾਂ ਦਾ ਫੁਰਮਾਨ ਹੈ :—

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥ ੧॥
ਇਨ੍ ਬਿਧਿ ਪਾਸਾ ਢਾਲਹੁ ਬੀਰ॥
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ
ਅੰਤ ਕਾਲਿ ਨਹ ਲਾਗੈ ਪੀਰ॥ ੧॥

ਬਸੰਤੁ ਮ: ੫ (ਪੰਨਾ : ੧੧੮੫)

ਤਥਾ :—ਆਵਹੋ ਸੰਤ ਜਨਹੁ ਗੁਣ ਗਾਵਹ ਗੋਵਿੰਦ ਕੇਰੇ ਰਾਮ॥

ਸੂਹੀ ਮ: ੪ (ਪੰਨਾ : ੭੭੫)

ਆਵਹੁ ਮਿਲਹੁ ਸਹੇਲੀਹੋ ਮੇਰੇ ਲਾਲ ਜੀਉ ਹਰਿ ਹਰਿ
ਨਾਮੁ ਅਰਾਧੇ ਰਾਮ॥

ਬਿਹਾਗੜਾ ਮ: ੫ (ਪੰਨਾ : ੫੪੨)

ਜਿੱਥੇ ਸੰਗਤੀ ਰੂਪ ਵਿੱਚ ਇੱਕਤ੍ਰ ਹੋ ਕੇ ਪ੍ਰਮੇਸ਼ਰ ਜੀ ਦਾ ਨਾਮ ਜਪਣਾ ਹੈ ਜਾਂ ਬਾਣੀ ਗਾਉਣੀ ਹੈ, ਉੱਥੇ ਉਸ ਮਾਲਕ ਦੇ ਚਰਨਾਂ ਵਿੱਚ ਅਰਦਾਸ ਵੀ ਕਰਨੀ ਹੈ ਕਿ ਹੇ ਮਾਲਕ ! ਮੈਂ ਹਰ ਸਮੇਂ ਐਸੇ ਸਮੇਂ ਨੂੰ ਚਿਤਵਦਾ ਰਹਾਂ, ਜਿਸ ਸਮੇਂ ਵਿੱਚ ਮੈਂ ਪ੍ਰਭੂ ਪਿਆਰਿਆਂ ਦੀ ਸੰਗਤ ਵਿੱਚ ਬੈਠ ਕੇ ਆਪਣੇ ਮਾਲਕ ਦੇ ਗੁਣ ਗਾਵਾਂ।

ਕਿਉਂਕਿ ਹਰੀ ਪ੍ਰਮੇਸ਼ਰ ਦੇ ਸਿਮਰਨ ਤੋਂ ਬਿਨਾਂ ਜੋ ਕੁਝ ਵੀ ਮਨੁੱਖ ਕਰਮ ਕਰਦਾ ਹੈ, ਉਹ ਸਭ ਵਿਅਰਥ ਹਨ। ਸਰਬ ਵਿਆਪਕ ਤੇ ਸਭ ਤੋਂ ਵੱਡੇ ਅਨੰਦ ਦੇ ਮਾਲਕ ਦਾ ਨਾਮ ਮਨ ਵਿੱਚ ਮਿੱਠਾ ਲੱਗਣਾ, ਇਹ ਹੀ ਅਸਲੀ ਲਾਹੇਵੰਦਾ ਕਰਮ ਹੈ। ਪਰਮਾਤਮਾ ਹੀ ਅਸਲੀ ਸਾਥੀ ਹੈ। ਸੁੱਖ ਦੀ ਪ੍ਰਾਪਤੀ ਵਾਸਤੇ ਮਨੁੱਖ ਜੋ ਵੀ ਜਪ, ਤਪ, ਸੰਜਮ ਕਰਦਾ ਹੈ, ਪ੍ਰਭੂ ਦੇ ਪਿਆਰੇ ਸੰਤ ਜਨ ਇਹਨਾਂ ਕਰਮਾਂ ਨੂੰ ਤੁੱਛ ਜਾਣਦੇ ਹਨ। ਕਿਉਂਕਿ ਉਹਨਾਂ ਦਾ ਮਨ ਪ੍ਰਭੂ ਦੇ ਨਾਮ ਵਿੱਚ ਜੁੜਿਆ ਰਹਿੰਦਾ ਹੈ ਜਿਸ ਸਦਕਾ ਉਹ ਗੁਰੂ ਪਿਆਰੇ ਨਾਮ ਦਾ ਰਸ ਮਾਣਦੇ, ਸਦਾ ਚਰਨ ਕਮਲ ਦੀ ਮੌਜ਼ ਵਿੱਚ ਤਦਾਕਾਰ ਰਹਿੰਦੇ ਹਨ :—

ਚਿਤਵਉ ਵਾ ਅਉਸਰ ਮਨ ਮਾਹਿ॥
ਹੋਇ ਇਕਤ੍ਰ ਮਿਲਹੁ ਸੰਤ ਸਾਜਨ ਗੁਣ ਗੋਬਿੰਦ ਨਿਤ ਗਾਹਿ॥੧॥ ਰਹਾਉ॥
ਬਿਨੁ ਹਰਿ ਭਜਨ ਜੇਤੇ ਕਾਮ ਕਰੀਅਹਿ ਤੇਤੇ ਬਿਰਥੇ ਜਾਂਹਿ॥
ਪੂਰਨ ਪਰਮਾਨੰਦ ਮਨਿ ਮੀਠੋ ਤਿਸੁ ਬਿਨੁ ਦੂਸਰ ਨਾਹਿ॥੧॥
ਜਪ ਤਪ ਸੰਜਮ ਕਰਮ ਸੁਖ ਸਾਧਨ ਤੁਲਿ ਨ ਕਛੂਐ ਲਾਹਿ॥
ਚਰਨ ਕਮਲ ਨਾਨਕ ਮਨੁ ਬੇਧਿਓ ਚਰਨਹ ਸੰਗਿ ਸਮਾਹਿ॥

ਸਾਰਗ ਮ: ੫ (ਪੰਨਾ : ੧੨੨੨)

ਸਾਰੀ ਗੁਰਬਾਣੀ ਵਿੱਚ ਸਤਿਗੁਰੂ ਜੀ ਨੇ ਸਾਨੂੰ ਦੋ ਕਰਮ ਕਰਨ ਵਾਸਤੇ ਹੀ ਬਾਰ-ਬਾਰ ਤਾਗੀਦ ਕੀਤੀ ਹੈ। ਪਹਿਲਾ ਹੈ ਗੁਰਬਾਣੀ ਨੂੰ ਪੜ੍ਹਨਾ ਤੇ ਸੁਣਨਾ, ਦੂਸਰਾ ਹੈ ਪ੍ਰਮੇਸ਼ਰ ਜੀ ਦਾ ਨਾਮ ਜਪਣਾ।

ਗੁਰਬਾਣੀ ਪੜ੍ਹਨ ਤੇ ਨਾਮ ਜਪਣ ਦਾ ਕਰਮ ਕਿਉਂ ਕਰਨਾ ਹੈ ?

ਆਪਾਂ ਜਦੋਂ ਆਪਣੇ ਨਿੱਤ ਦੇ ਜੀਵਨ ਵਲ ਝਾਤੀ ਮਾਰਦੇ ਹਾਂ ਤਾਂ ਵੇਖਣ ਵਿੱਚ ਆਉਂਦਾ ਹੈ ਕਿ ਜਦੋਂ ਅਸੀਂ ਸੰਗਤੀ ਰੂਪ ਵਿੱਚ ਦੋ ਜਾਂ ਵੱਧ ਦੀ ਗਿਣਤੀ ਵਿੱਚ ਇੱਕਤ੍ਰ ਹੁੰਦੇ ਹਾਂ ਥੋੜਾ ਸਮਾਂ ਇਕ ਦੂਜੇ ਦੀ ਸੁੱਖ ਸਾਂਦ ਪੁੱਛਣ ਉਪ੍ਰੰਤ ਸਾਡੇ ਪਾਸ ਕੋਈ ਯਥਾਰਥ ਗੱਲਾਂ ਬਾਤਾਂ ਕਰਨ ਵਾਸਤੇ ਨਹੀਂ ਹੁੰਦੀਆਂ। ਜਿਸ ਸਦਕਾ ਅਸੀਂ ਸਮੇਂ ਨੂੰ ਬਤੀਤ ਕਰਨ ਲਈ ਜਾਂ ਤਾਂ ਕਿਸੇ ਮਨੁੱਖ ਨੂੰ ਨਿਸ਼ਾਨਾ ਬਣਾ ਕੇ ਉਸ ਦੇ ਗੁਣ-ਅਵਗੁਣਾਂ ਦੀਆਂ ਪਰਤਾਂ ਉਖੇੜਨ ਲੱਗ ਜਾਂਦੇ ਹਾਂ ਜਾਂ ਫਿਰ ਪੌਲਿਟਿਕਸ ਦੀ ਖੱਲ ਲਾਹੁਣੀ ਆਰੰਭ ਕਰ ਦਿੰਦੇ ਹਾਂ। ਘੰਟਿਆਂ ਬੱਧੀ **ਪਾਣੀ ਰਿੜਕਦਿਆਂ** ਸਾਡਾ ਸਮਾਂ ਬਤੀਤ ਹੋ ਜਾਂਦਾ ਹੈ। ਪੱਲੇ ਕੁਝ ਵੀ ਨਹੀਂ ਪੈਂਦਾ। **ਪੱਲੇ ਪੈਂਦਾ ਹੈ** ਅਮੋਲਕ ਸਮੇਂ ਦੀ ਬਰਬਾਦੀ ਜਾਂ ਫਿਰ **"ਬਿਨੁ ਮਜੂਰੀ ਭਾਰੁ ਪ੍ਹੁਚਾਵਣਿਆ"** ਦੀ ਕਾਰ। ਬਿਨਾਂ ਪੈਸਾ, ਬਿਨਾਂ ਮਜਦੂਰੀ ਲਏ, ਬੜੀ ਖੁਸ਼ੀ ਨਾਲ ਸਿਰ ਤੇ ਭਾਰ ਚੁੱਕ ਲੈਂਦੇ ਹਾਂ।

ਅਨਜਾਣ ਪੁਣੇ ਵਿੱਚ ਚੋਰ, ਯਾਰ, ਜੁਆਰੀਏ ਦੇ ਮਾੜੇ ਕਰਮਾਂ ਨਾਲੋਂ ਵੀ ਮੰਦਾ ਪਾਪ, ਆਪਣੇ ਸਿਰ ਉੱਪਰ ਧਰ ਲੈਂਦੇ ਹਾਂ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :—

ਚੋਰ ਜਾਰ ਜੂਆਰ ਤੇ ਬੁਰਾ॥
ਅਣਹੋਦਾ ਭਾਰੁ ਨਿੰਦਕਿ ਸਿਰਿ ਧਰਾ॥

ਭੈਰਉ ਮ: ੫ (ਪੰਨਾ : ੧੧੪੫)

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸਾਨੂੰ ਸੁਚੇਤ ਕਰਦੇ ਹਨ ਕਿ ਪਾਪ ਕਰਮ ਤਾਂ ਸਾਰੇ ਹੀ ਮਾੜੇ ਹਨ ਪਰ ਉਹਨਾਂ ਪਾਪ ਕਰਮਾਂ ਦੇ ਫਲ ਦੇ ਦੰਡ ਭੋਗਣ ਤੋਂ ਛੁਟਕਾਰਾ ਪਾਉਣ ਹਿਤ ਧਾਰਮਿਕ ਦੁਨੀਆਂ ਵਿੱਚ ਕੋਈ ਨ ਕੋਈ ਸਾਧਨ ਹੈ।

ਪਰ ਨਿੰਦਕਾਂ (ਨਿੰਦਿਆ ਕਰਨ ਵਾਲਿਆਂ) ਦਾ ਕੋਈ ਇਲਾਜ ਨਹੀਂ। ਉਹਨਾਂ ਨੂੰ ਐਸੇ ਲਾਇਲਾਜ਼ ਪਾਪ ਦਾ ਫਲ ਭੁਗਤਣਾ ਹੀ ਪੈਂਦਾ ਹੈ। ਉਹਨਾਂ ਨੂੰ ਕੋਈ ਛੋਟ ਨਹੀਂ ਮਿਲਦੀ। ਉਹਨਾਂ ਨੂੰ ਜੂਨੀਆਂ ਵਿੱਚ ਪੈ ਕੇ ਖਪਣਾ ਹੀ ਪਵੇਗਾ :—

ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ॥
ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ॥

ਸਲੋਕ ਮ: ੫ (ਪੰਨਾ : ੩੧੫)

ਆਮ ਇਕੱਠਾਂ ਵਿੱਚ ਨਿੰਦਿਆ ਕਰਨ ਦਾ ਕਰਮ ਜੋ ਸੁਤੇ ਸਿਧ ਹੀ ਅਸੀਂ ਕਰ ਲੈਂਦੇ ਹਾਂ। ਉਸ ਪ੍ਰਥਾਇ ਸਤਿਗੁਰੂ ਅਮਰਦਾਸ ਜੀ ਨੇ ਗੁਰਬਾਣੀ ਵਿੱਚ ਲਿਖਿਆ ਹੈ, ਪ੍ਰੇਮੀ ਜਨੋਂ ; ਨਿੰਦਿਆ ਕਰਨੀ ਚੰਗੀ ਨਹੀਂ ਹੈ ਪਰ ਜਿਹੜੇ ਨਿੰਦਿਆ ਕਰਨ ਦਾ ਕਰਮ

ਕਰਦੇ ਹਨ, ਉਹ ਲੋਕ ਮੂਰਖ ਹਨ, ਮੂਰਖ ਹੀ ਨਹੀਂ ਮਹਾਂ ਮੂਰਖ ਹਨ। ਐਸੇ ਮਹਾਂਮੂਰਖਾਂ ਦੇ ਲੋਕ ਪ੍ਰਲੋਕ ਵਿੱਚ ਮੂੰਹ ਕਾਲੇ ਹੁੰਦੇ ਹਨ, ਅਖੀਰ ਉਹਨਾਂ ਨੂੰ ਸਜ਼ਾ ਭੁਗਤਣ ਵਾਸਤੇ ਬੜੇ ਡਰਾਉਣੇ ਨਰਕਾਂ ਵਿੱਚ ਪਾਇਆ ਜਾਂਦਾ ਹੈ :—

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥ ੬॥

ਸੂਹੀ ਮ: ੩ (ਪੰਨਾ : ੭੫੫)

ਕੈਸਾ ਹੈ ਨਿੰਦਿਆ ਕਰਨ ਵਾਲਾ ਬੇਗਾਰੀ ਬੰਦਾ, ਜੋ ਆਪਣੇ ਸਿਰ ਤੇ ਬਿਨਾਂ ਮਜ਼ਦੂਰੀ ਲਿਆਂ ਕਿਸੇ ਦਾ ਭਾਰ ਬੜੀ ਖੁਸ਼ੀ-ਖੁਸ਼ੀ ਨਾਲ ਚੁੱਕਦਾ ਹੈ ਤੇ ਭਾਰ ਚੁੱਕਣ ਉਪ੍ਰੰਤ ਵੀ ਬੜਾ ਮਾਣ ਮਹਿਸੂਸ ਕਰਦਾ ਹੈ।

ਇਹ ਬੇਗਾਰ ਕੇਵਲ ਨਿੰਦਕ ਦੇ ਹਿੱਸੇ ਵਿੱਚ ਹੀ ਆਈ ਹੈ ਨਹੀਂ ਤੇ ਖੁਸ਼ੀ ਨਾਲ ਕੋਈ ਵੀ ਕਿਸੇ ਦਾ ਭਾਰ ਬਿਨਾਂ ਮਜ਼ਦੂਰੀ ਲਿਆ ਨਹੀਂ ਚੁੱਕਦਾ। ਕੈਸੀ ਹੈ ਨਿੰਦਕ ਦੀ ਦਸ਼ਾ :—

ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ
ਬਿਨੁ ਮਜੂਰੀ ਭਾਰੁ ਪਹੁਚਾਵਣਿਆ॥ ੪॥

ਮ: ੩ (ਪੰਨਾ : ੧੧੮)

ਭਗਤ ਜਨ ਆਪਣੀ ਨਿੰਦਿਆ ਸੁਣ ਕੇ ਘਬਰਾਉਂਦੇ ਨਹੀਂ। ਕਿਉਂਕਿ ਉਹਨਾਂ ਨੂੰ ਅਸਲੀਅਤ ਦਾ ਪਤਾ ਲੱਗ ਚੁੱਕਾ ਹੁੰਦਾ ਹੈ ਕਿ ਨਿੰਦਿਆ ਕਰਨ ਵਾਲੇ ਲੋਗ, "ਬਿਨੁ ਮਜੂਰੀ ਭਾਰੁ ਪਹੁਚਾਵਣਿਆ" ਦੀ ਸਾਡੀ ਕਾਰ ਕਰ ਰਹੇ ਹਨ। ਇਸ ਲਈ ਭਗਤ ਜਨ ਨਿੰਦਿਆ ਕਰਨ ਵਾਲੇ ਨੂੰ ਮਾਤਾ ਪਿਤਾ ਕਹਿ ਕੇ ਸਤਿਕਾਰ ਦਿੰਦੇ ਹਨ। ਭਗਤ ਜੀ ਨੂੰ ਪੁੱਛਿਆ ਮਹਾਰਾਜ ਨਿੰਦਕ ਨੂੰ ਇੰਨਾਂ ਵੱਡਾ ਰੁਤਬਾ ਮਾਂ ਬਾਪ ਦੇ ਬਰਾਬਰ ਕਿਉਂ ਦਿੱਤਾ ? ਭਗਤ ਜੀ ਨੇ ਫੁਰਮਾਇਆ ਕਿ ਜਿਵੇਂ ਮਾਤਾ ਪਿਤਾ ਆਪਣੇ ਬੱਚੇ ਦੀ ਗੰਦਗੀ ਆਪਣੇ ਹੱਥਾਂ ਨਾਲ ਸਾਫ ਕਰਕੇ, ਬੱਚੇ ਨੂੰ ਸਾਫ ਸੁਥਰਾ ਕਰ ਦਿੰਦੇ ਹਨ। ਇਸੇ ਤਰ੍ਹਾਂ ਨਿੰਦਿਆ ਕਰਨ ਵਾਲਾ ਆਪਣੀ ਜੀਭ ਨਾਲ ਸਾਡੀ ਨਿੰਦਿਆ ਕਰਕੇ ਸਾਡੇ ਅੰਤਸ਼ਕਰਣ ਨੂੰ ਪਾਪਾਂ ਦੀ ਗੰਦਗੀ ਤੋਂ ਸਾਫ ਕਰ, ਸਾਨੂੰ ਪਵਿੱਤ੍ਰ ਕਰਦਾ ਹੈ। ਮਾਤਾ-ਪਿਤਾ ਬਾਹਰਲੀ ਗੰਦਗੀ ਸਾਫ ਕਰਦੇ ਹਨ। ਨਿੰਦਕ ਅੰਦਰ ਦੀ ਮੈਲ ਧੋਂਦਾ ਹੈ। ਇਸ ਲਈ ਨਿੰਦਕ ਸਾਡਾ ਮਾਂ-ਬਾਪ ਹੈ।

ਨਿੰਦਿਆ ਕਰਨ ਵਾਲਾ ਸਾਡੀ ਨਿੰਦਿਆ ਕਰਕੇ ਸਾਡੇ ਅੰਦਰ ਨੂੰ ਸਾਫ ਕਰ ਦਿੰਦਾ ਹੈ। ਸਾਫ ਸ਼ੁਧ ਹਿਰਦੇ ਵਿੱਚ ਨਾਮ ਦਾ ਨਿਵਾਸ ਹੋ ਜਾਂਦਾ ਹੈ। ਨਿੰਦਕ ਸਾਡੇ ਅੰਤਸ਼ਕਰਣ ਰੂਪੀ ਕੱਪੜੇ ਨੂੰ ਨਿੰਦਿਆ ਦੇ ਸਾਧਨ ਨਾਲ ਧੋ ਕੇ ਸਾਫ ਕਰ ਦਿੰਦਾ ਹੈ।

ਨਿੰਦਕ ਸਾਡਾ ਮਿੱਤਰ ਹੈ। ਕਿਉਂ ? ਜਿਵੇਂ ਮਿੱਤਰ ਹਰ ਵੇਲੇ ਆਪਣੇ ਮਿੱਤਰ ਦਾ ਧਿਆਨ ਰਖਦਾ ਹੈ। ਆਪਣੇ ਮਿੱਤਰ ਨੂੰ ਕਦੇ ਹਿਰਦੇ ਵਿੱਚੋਂ ਭੁਲਾਉਂਦਾ ਨਹੀਂ ਹੈ। ਇਸੇ ਤਰ੍ਹਾਂ ਨਿੰਦਕ ਵੀ ਸਾਨੂੰ ਭੁਲਉਂਦਾ ਨਹੀਂ, ਜਦੋਂ ਸਮਾਂ ਬਣੇ ਆਪਣੀ ਯਾਦ ਸ਼ਕਤੀ ਵਿੱਚੋਂ ਸਾਨੂੰ ਪ੍ਰਗਟ ਕਰਕੇ ਨਿੰਦਿਆ ਕਰਨੀ ਅਰੰਭ ਕਰ ਦਿੰਦਾ ਹੈ।

ਸਾਡਾ ਅਸਲੀ ਨਿੰਦਕ ਤਾਂ ਉਹ ਹੈ ਜੋ ਸਾਡੇ ਨਿੰਦਕ ਨੂੰ ਸਾਡੀ ਨਿੰਦਿਆ ਕਰਨ ਤੋਂ ਹਟਾਉਂਦਾ ਹੈ। ਨਿੰਦਕ ਹਮੇਸ਼ਾ ਸਾਡੀਆਂ ਊਣਤਾਈਆਂ ਨੂੰ ਲੱਭਦਾ ਰਹਿੰਦਾ ਹੈ, ਊਣਤਾਈਆਂ ਦੱਸ ਕੇ ਸਾਨੂੰ ਹਮੇਸ਼ਾ ਚੰਗੇ ਬਣਨ ਲਈ ਸਾਵਧਾਨ ਕਰਦਾ ਰਹਿੰਦਾ ਹੈ। ਸਾਡੀ ਨਿੰਦਿਆ ਸਾਨੂੰ ਪਿਆਰੀ ਲਗਦੀ ਹੈ। ਕਿਉਂ ਪਿਆਰੀ ਲਗਦੀ ਹੈ ? ਕਿਉਂਕਿ ਨਿੰਦਿਆ ਹੋਣ ਨਾਲ ਸਾਡਾ ਪਾਰ ਉਤਾਰਾ ਹੋ ਜਾਂਦਾ ਹੈ।

ਪਰ ਯਾਦ ਰੱਖੋ ਨਿੰਦਿਆ ਕਰਨ ਵਾਲਾ ਸੰਸਾਰ ਸਮੁੰਦਰ ਵਿੱਚ ਡੁੱਬ ਜਾਂਦਾ ਹੈ। ਜਿਸਦੀ ਨਿੰਦਿਆ ਹੁੰਦੀ ਹੈ ਉਸਦਾ ਨਿਸਤਾਰਾ ਹੋ ਜਾਂਦਾ ਹੈ। ਬਾਬਾ ਜੀ ਦਾ ਕੈਸਾ ਪਿਆਰਾ ਫੁਰਮਾਨ ਹੈ :—

ਨਿੰਦਉ ਨਿੰਦਉ ਮੋਕਉ ਲੋਗੁ ਨਿੰਦਉ॥
ਨਿੰਦਾ ਜਨ ਕਉ ਖਰੀ ਪਿਆਰੀ॥
ਨਿੰਦਾ ਬਾਪੁ ਨਿੰਦਾ ਮਹਤਾਰੀ॥੧॥ ਰਹਾਉ॥
ਨਿੰਦਾ ਹੋਇ ਤਾ ਬੈਕੁੰਠਿ ਜਾਈਐ॥
ਨਾਮੁ ਪਦਾਰਥੁ ਮਨਹਿ ਬਸਾਈਐ॥
ਰਿਦੈ ਸੁਧ ਜਉ ਨਿੰਦਾ ਹੋਇ॥
ਹਮਰੇ ਕਪਰੇ ਨਿੰਦਕੁ ਧੋਇ॥੧॥
ਨਿੰਦਾ ਕਰੈ ਸੁ ਹਮਰਾ ਮੀਤੁ॥
ਨਿੰਦਕ ਮਾਹਿ ਹਮਾਰਾ ਚੀਤੁ॥
ਨਿੰਦਕੁ ਸੋ ਜੋ ਨਿੰਦਾ ਹੋਰੈ॥
ਹਮਰਾ ਜੀਵਨੁ ਨਿੰਦਕੁ ਲੋਰੈ॥ ੨॥
ਨਿੰਦਾ ਹਮਰੀ ਪ੍ਰੇਮ ਪਿਆਰੁ॥
ਨਿੰਦਾ ਹਮਰਾ ਕਰੈ ਉਧਾਰੁ॥
ਜਨ ਕਬੀਰ ਕਉ ਨਿੰਦਾ ਸਾਰੁ॥
ਨਿੰਦਕੁ ਡੂਬਾ ਹਮ ਉਤਰੇ ਪਾਰਿ॥੩॥ ੨੦

ਗਉੜੀ ਕਬੀਰ ਜੀ (ਪੰਨਾ ੩੩੯)

ਸਤਿਗੁਰੂ ਜੀ ਸਾਡਾ ਨਿਸਤਾਰਾ ਕਰਨਾ ਚਾਹੁੰਦੇ ਹਨ। ਸਤਿਗੁਰੂ ਜੀ ਸਾਨੂੰ

"ਬਿਨੁ ਮਜੂਰੀ ਭਾਰੁ ਪਹੁਚਾਵਣਿਆ" ਦੀ ਬੇਗਾਰ ਤੋਂ ਛਡਾਉਣਾ ਚਾਹੁੰਦੇ ਹਨ। ਸਤਿਗੁਰੂ ਜੀ ਸਾਨੂੰ ਘੋਰ ਨਰਕਾਂ ਦੇ ਦੁੱਖਾਂ ਤੋਂ ਨਿਜ਼ਾਤ ਦੁਆਉਣੀ ਚਾਹੁੰਦੇ ਹਨ। ਸਤਿਗੁਰੂ ਜੀ ਸਾਡਾ ਦਰਗਾਹ ਵਿੱਚ ਮੁੱਖ ਉੱਜਲਾ ਕਰਨਾ ਲੋਚਦੇ ਹਨ।

ਸਤਿਗੁਰੂ ਜੀ ਸਾਨੂੰ "ਅਣਹੋਦਾ ਭਾਰ ਨਿੰਦਕੁ ਸਿਰ ਪਰੇ" ਤੋਂ ਮੁਕਤ ਕਰਨਾ ਚਾਹੁੰਦੇ ਹਨ, ਤਦ ਹੀ ਸਾਹਿਬ ਬਾਰ-ਬਾਰ ਸਾਨੂੰ ਇੱਕਠੇ ਹੋ ਕੇ ਬਾਣੀ ਪੜ੍ਹਨ ਤੇ ਨਾਮ ਜਪਣ ਦੀ ਤਾਕੀਦ ਕਰਦੇ ਹਨ ਤਾਂ ਜੋ ਆਪਾਂ ਜਿੱਥੇ ਦੂਸਰਿਆਂ ਦੀ ਮੈਲ ਲਾਹੁਣ ਤੋਂ ਬਚ ਜਾਈਏ। ਉੱਥੇ ਸਾਡੇ ਅੰਤਸ਼ਕਰਣ ਤੇ ਜਨਮਾਂ ਜਨਮਾਂਤਰਾਂ ਦੇ ਸੰਸਕਾਰਾਂ ਦੀ ਜੋ ਮੈਲ ਲੱਗੀ ਹੋਈ ਹੈ, ਉਸ ਲੱਗੀ ਹੋਈ ਮੈਲ ਨੂੰ ਗੁਰਬਾਣੀ ਅਤੇ ਨਾਮ ਜਪ ਦੁਆਰਾ ਧੋਕੇ ਹਿਰਦੇ ਨੂੰ ਪਵਿੱਤ੍ਰ ਕਰਕੇ ਮਾਲਕ ਪ੍ਰਭੂ ਦਾ ਵਸਲ ਪ੍ਰਾਪਤ ਕਰ ਸਕੀਏ। ਸਾਹਿਬ ਗੁਰੂ ਅਮਰਦਾਸ ਜੀ ਦਾ ਸਾਡੇ ਅੰਤਸ਼ਕਰਣ ਪ੍ਰਤੀ ਫਤਵਾ ਹੈ ਕਿ :—

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥
[1]ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥

ਸਲੋਕ ਮ: ੩ (ਪੰਨਾ : ੬੫੧)

ਮਾਇਆ ਦੇ ਪ੍ਰਭਾਵ ਨਾਲ ਮਲੀਨ ਹੋਇਆ ਮਨ ਕਿਵੇਂ ਸਾਫ ਹੋ ਸਕਦਾ ਹੈ?

ਅਗਲੀਆਂ ਪੰਗਤੀਆਂ ਵਿੱਚ ਧੋਣ ਦਾ ਸਾਧਨ ਦੱਸਿਆ ਹੈ ਕਿ ਜੇ ਮਨੁੱਖ ਗੁਰਬਾਣੀ ਅਨੁਸਾਰ ਆਪਣੇ ਆਪ ਨੂੰ ਢਾਲ ਲਵੇ ਤਾਂ ਮਨੁੱਖ ਦੀ ਬਿਰਤੀ ਸੰਸਾਰ ਵਲੋਂ ਉਲਟ ਕੇ ਨਿਰੰਕਾਰ ਨਾਲ ਜੁੜ ਜਾਂਦੀ ਹੈ। ਫਿਰ ਆਤਮਾ ਨੂੰ ਜੂਨੀਆਂ ਵਿੱਚ ਨਹੀਂ ਭਟਕਣਾਂ ਪੈਂਦਾ :—

ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ॥
ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ॥

ਸਲੋਕ ਮ: ੩ (ਪੰਨਾ : ੬੫੧)

ਮੱਤ ਨੂੰ ਕਿਵੇਂ ਧੋਣਾ ਹੈ ? ਸਤਿਗੁਰੂ ਨਾਨਕ ਪਾਤਸ਼ਾਹ ਜੀ ਨੂੰ ਪੁੱਛਣ ਦੀ ਖੇਚਲ ਕਰੀਏ। ਸਤਿਗੁਰੂ ਨਾਮ ਜਪ ਦੁਆਰਾ ਆਤਮਾ ਨੂੰ ਧੋਣ ਦਾ ਸਾਧਨ ਦੱਸਦੇ ਹਨ, ਜਿਵੇਂ ਗੰਦਾ ਸਰੀਰ ਪਾਣੀ ਦੇ ਇਸ਼ਨਾਨ ਨਾਲ ਸਾਫ ਹੋ ਜਾਂਦਾ ਹੈ। ਪਲੀਤ ਕੱਪੜੇ ਸਾਬਣ ਲਾ ਕੇ ਪਾਣੀ ਨਾਲ ਸਾਫ ਕੀਤੇ ਜਾ ਸਕਦੇ ਹਨ। ਇਸੇ ਤਰ੍ਹਾਂ ਆਤਮਾ ਨੂੰ ਨਾਮ ਅਤੇ ਗੁਰਬਾਣੀ ਨਾਲ ਪਵਿੱਤ੍ਰ ਕੀਤਾ ਜਾ ਸਕਦਾ ਹੈ।

---

੧. ਕੋਹਲੂ ਸਾਫ ਕਰਨ ਵਾਲੀ ਲੀਰ ਜੋ ਤੇਲ ਨਾਲ ਭਰੀ ਹੁੰਦੀ ਹੈ ਸੈਂਕੜੇ ਵਾਰੀ ਧੋਣ ਨਾਲ ਵੀ ਉਹ ਸਾਫ ਨਹੀਂ ਹੁੰਦੀ।

ਭਰੀਐ ਹਥੁ ਪੈਰੁ ਤਨੁ ਦੇਹ॥
ਪਾਣੀ ਧੋਤੈ ਉਤਰਸੁ ਖੇਹ॥
ਮੂਤ ਪਲੀਤੀ ਕਪੜੁ ਹੋਇ
ਦੇ ਸਾਬੂਣੁ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥

ਪਉੜੀ ੨੦ ਜਪੁਜੀ ਸਾ: (ਪੰਨਾ ੪)

ਪ੍ਰਮੇਸ਼ਰ ਜੀ ਦੇ ਨਾਮ ਦਾ ਸਿਮਰਨ, ਆਤਮਾ ਤੇ ਲੱਗੀ ਹੋਈ ਮੈਲ ਨੂੰ ਕੱਟ ਦਿੰਦਾ ਹੈ ਅਤੇ ਅੰਮ੍ਰਿਤ ਰੂਪੀ ਨਾਮ ਹਿਰਦੇ ਵਿੱਚ ਸਦਾ ਲਈ ਵਸ ਜਾਂਦਾ ਹੈ :—

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥

ਗਉੜੀ ਸੁਖਮਨੀ ਮ: ੫ (ਪੰਨਾ : ੨੬੩)

ਜਿਸਦੇ ਹਿਰਦੇ ਵਿੱਚ ਨਾਮ ਦ੍ਰਿੜ ਹੋ ਜਾਂਦਾ ਹੈ, ਉਸ ਦੇ ਮਨ ਵਿੱਚੋਂ ਜਨਮਾਂ-ਜਨਮਾਂ ਦੀ ਲੱਗੀ ਹੋਈ ਮੈਲ ਦੂਰ ਹੋ ਜਾਂਦੀ ਹੈ :—

ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ॥

ਸਿਰੀਰਾਗੁ ਮ: ੪ (ਪੰਨਾ : ੪੦)

ਨਾਮ ਦੀ ਬਰਕਤ ਫੁਰਮਾਉਂਦੇ ਹਜ਼ੂਰ ਸ੍ਰੀ ਗੁਰੂ ਅਰਜਨ ਦੇਵ ਜੀ ਟੋਡੀ ਰਾਗ ਵਿੱਚ ਲਿਖਦੇ ਹਨ। ਹੇ ਭਾਈ ! ਪ੍ਰਮੇਸ਼ਰ ਦੇ ਨਾਮ ਵਿੱਚ ਬਹੁਤ ਵੱਡੀ ਬਰਕਤ ਹੈ, ਜਿੱਥੇ ਨਾਮ ਜਪਣ ਨਾਲ ਕ੍ਰੋੜਾਂ ਜਨਮਾਂ ਦੇ ਪਾਪ ਨਾਸ਼ ਹੋ ਜਾਂਦੇ ਹਨ ਉੱਥੇ ਸਦਾ ਵਾਸਤੇ ਦੁੱਖਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ ਅਤੇ ਸਦੀਵੀਂ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਪ੍ਰਭੂ ਦੇ ਦਰਸ਼ਨ ਵੀ ਪ੍ਰਾਪਤ ਹੋ ਜਾਂਦੇ ਹਨ। ਸਾਰੀਆਂ ਭੁੱਖਾਂ ਖਤਮ ਹੋ ਜਾਂਦੀਆਂ ਹਨ। ਚਾਰੇ ਪਦਾਰਥ (ਧਰਮ, ਅਰਥ, ਕਾਮ, ਮੋਖ) ਪ੍ਰਾਪਤ ਹੋ ਜਾਂਦੇ ਹਨ ਅਤੇ ਬਿਅੰਤ ਸੁੱਖਾਂ ਦੀ ਪ੍ਰਾਪਤੀ ਹੋਣ ਉਪ੍ਰੰਤ ਪ੍ਰਭੂ ਸਰੂਪ ਵਿੱਚ ਸਦਾ ਲਈ ਅਭੇਦਤਾ ਪ੍ਰਾਪਤ ਹੋ ਜਾਂਦੀ ਹੈ। ਆਵਾਗਉਣ ਦਾ ਗੇੜ ਸਦਾ ਲਈ ਖਤਮ ਹੋ ਜਾਂਦਾ ਹੈ। ਐਸੀ ਹੈ ਪ੍ਰਮੇਸ਼ਰ ਜੀ ਦੇ ਨਾਮ ਦੀ ਬਰਕਤ :—

ਮਾਈ ਮੇਰੇ ਮਨ ਕੋ ਸੁਖੁ॥ ਕੋਟਿ ਅਨੰਦ ਰਾਜ ਸੁਖੁ ਭੁਗਵੈ
ਹਰਿ ਸਿਮਰਤ ਬਿਨਸੈ ਸਭ ਦੁਖੁ॥ ੧॥ ਰਹਾਉ॥
ਕੋਟਿ ਜਨਮ ਕੇ ਕਿਲਬਿਖ ਨਾਸਹਿ ਸਿਮਰਤ ਪਾਵਨ ਤਨ ਮਨ ਸੁਖ॥
ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ॥ ੧॥

ਚਾਰਿ ਪਦਾਰਥ ਅਸਟ ਮਹਾ ਸਿਧਿ
ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ॥
ਨਾਨਕ ਸਰਨਿ ਗਹੀ ਸੁਖ ਸਾਗਰ
ਜਨਮ ਮਰਨ ਫਿਰਿ ਗਰਭ ਨ ਧੁਖੁ॥ ੨॥ ੧੦॥

ਟੋਡੀ ਮ: ੫ (ਪੰਨਾ : ੭੧੭)

ਜਿਥੇ ਪ੍ਰਭੂ ਜੀ ਦਾ ਸਿਮਰਨ, ਆਤਮਾ ਨੂੰ ਪਵਿੱਤਰ ਕਰਦਾ ਹੈ। ਉੱਥੇ ਗੁਰਬਾਣੀ ਪੜ੍ਹਨ ਤੇ ਸੁਣਨ ਨਾਲ ਜਨਮਾਂ ਜਨਮਾਂਤਰਾਂ ਦੀ ਆਤਮਾ ਤੇ ਲੱਗੀ ਹੋਈ ਮਲੀਨਤਾਈ ਦੂਰ ਹੋ ਕੇ, ਮਨ ਦੇ ਧੁਰ ਅੰਦਰ ਪ੍ਰਭੂ ਜੀ ਦਾ ਨਾਮ ਵਸ ਜਾਂਦਾ ਹੈ। ਹਿਰਦੇ ਵਿੱਚੋਂ ਝੂਠ, ਮੰਦ ਵਾਸ਼ਨਾ ਤੇ ਤ੍ਰਿਸ਼ਨਾ ਦਾ ਸਦਾ ਲਈ ਖਾਤਮਾ ਹੋ ਜਾਂਦਾ ਹੈ। ਹਿਰਦੇ ਵਿੱਚ ਸ਼ਾਂਤੀ ਤੇ ਸਹਿਜ ਸੁੱਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਧਨਾਸਰੀ ਰਾਗ ਵਿੱਚ ਫੁਰਮਾਨ ਹੈ :—

ਗੁਰਬਾਣੀ ਸੁਣਿ ਮੈਲੁ ਗਵਾਏ॥
ਸਹਜੇ ਹਰਿ ਨਾਮੁ ਮੰਨਿ ਵਸਾਏ॥੧॥ ਰਹਾਉ॥
ਕੂੜ ਕੁਸਤੁ ਤ੍ਰਿਸਨਾ ਅਗਨਿ ਬੁਝਾਏ॥
ਅੰਤਰਿ ਸਾਂਤਿ ਸਹਜਿ ਸੁਖੁ ਪਾਏ॥

ਧਨਾਸਰੀ ਮ: ੩ (ਪੰਨਾ : ੬੬੫)

ਸਾਰੀ ਬਾਨੀ ਵਿੱਚ ਸਤਿਗੁਰੂ ਜੀ ਨੇ, ਸਾਡੇ ਭਲੇ ਵਾਸਤੇ, ਅਚੇਤ ਪਾਪਾਂ ਦੇ ਭਾਰ ਤੋਂ ਬਚਣ ਲਈ, ਆਪਣੇ ਸਮੇਂ ਨੂੰ ਸਫਲਾ ਕਰਨ ਵਾਸਤੇ ਹੀ ਐਸੀ ਤਾਕੀਦ ਕੀਤੀ ਹੈ। ਕਿਉਂਕਿ ਸਮਾਂ ਬਹੁਤ ਕੀਮਤੀ ਹੈ। ਸਮਾਂ ਆਪਣੇ ਵੇਗ ਦੇ ਨਾਲ ਤੁਰੀ ਜਾ ਰਿਹਾ ਹੈ। ਸਮੇਂ ਨੂੰ ਨਾ ਤਾਂ ਮਿੰਨਤਾ ਤਰਲਿਆਂ ਨਾਲ ਅਤੇ ਨਾ ਹੀ ਜ਼ੋਰ ਨਾਲ ਅਟਕਾਇਆ ਜਾ ਸਕਦਾ ਹੈ। ਸਮੇਂ ਨੂੰ ਜਿਸਨੇ ਵੀ ਅਟਕਾਉਣ ਦਾ ਜਤਨ ਕੀਤਾ, ਬਲਵਾਨ ਸਮਾਂ ਸਾਰੀਆਂ ਰੁਕਾਵਟਾਂ ਨੂੰ ਭੰਨ ਕੇ ਅੱਗੇ ਨਿੱਕਲ ਗਿਆ, ਸਮੇਂ ਨੇ ਆਪਣੀ ਚਾਲ ਵਿੱਚ ਫਰਕ ਨਹੀਂ ਪੈਣ ਦਿੱਤਾ। ਸਮਾਂ ਕਿਸੇ ਦੇ ਰੋਕਿਆਂ ਨ ਰੁਕਿਆ ਅਤੇ ਨਾ ਹੀ ਰੁਕੇਗਾ। ਸਮੇਂ ਨੂੰ ਕੇਵਲ, ਸਫਲ ਕੀਤਾ ਜਾ ਸਕਦਾ ਹੈ। ਜਿਹੜਾ ਸਮਾਂ ਇਕ ਵਾਰੀ ਬੀਤ ਗਿਆ, ਮੁੜ ਕੇ ਕਦੀ ਵੀ ਉਹ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਭਾਈ ਵੀਰ ਸਿੰਘ ਜੀ ਦਾ ਬੜਾ ਸੁੰਦਰ ਫੁਰਮਾਨ ਹੈ :—

ਰਹੀ ਵਾਸਤੇ ਘੱਤ ਸਮੇਂ ਨੇ ਇਕ ਨ ਮੰਨੀ॥
ਫੜ ਫੜ ਰਹੀ ਧਰੀਕ ਸਮੇਂ ਖਿਸਕਾਈ ਕੰਨੀ॥
ਕਿਵੇਂ ਨ ਸੱਕੀ ਰੋਕ, ਅਟਕ ਜੋ ਪਾਈ ਭੰਨੀ॥

ਤ੍ਰਿਖੇ ਆਪਣੇ ਵੇਗ ਗਿਆ ਟੱਪ ਬੰਨੇ ਬੰਨੀ॥
ਹੋ ! ਅਜੇ ਸੰਭਾਲ ਇਸ ਸਮੇਂ ਨੂੰ
ਕਰ ਸਫਲ ਉਡੰਦਾ ਜਾਂਵਦਾ॥
ਇਹ ਠਹਿਰਨ ਜਾਚ ਨ ਜਾਣਦਾ॥
ਲੰਘ ਗਿਆ ਨ ਮੁੜਕੇ ਆਂਵਦਾ॥

(ਲਹਿਰਾ ਦੇ ਹਾਰ)

ਸਮੇਂ ਨੂੰ ਸਫਲਾ ਕਰਨ ਵਾਸਤੇ, ਅਚੇਤਤਾਈ ਵਿੱਚ ਹੋ ਰਹੇ ਨਿੰਦਿਆ ਦੇ ਪਾਪ ਤੋਂ ਬਚਣ ਵਾਸਤੇ, ਮਨੁੱਖਾ ਜਨਮ ਦੀ ਸਫਲਤਾ ਲਈ ਅਤੇ ਗੁਰਬਾਣੀ ਦੁਆਰਾ ਪ੍ਰਾਪਤ ਹੁੰਦੇ, ਸਤਿ, ਸੰਤੋਖ, ਸ਼ੁਭ ਵੀਚਾਰ ਤੇ ਸੱਚੇ ਨਾਮ ਦੀਆਂ ਦਾਤਾਂ ਅਤੇ ਹੋਰ ਅਨੇਕਾਂ ਸ਼ੁਭ ਗੁਣਾਂ ਨੂੰ ਪ੍ਰਾਪਤ ਕਰਨ ਵਾਸਤੇ ਗੁਰਬਾਣੀ ਪੜ੍ਹਨ ਅਤੇ ਪ੍ਰਭੂ ਗੁਣ ਗਾਉਣ ਦੀ ਹਦਾਇਤ ਸਤਿਗੁਰਾਂ ਨੇ ਸਾਨੂੰ ਬਾਰ-ਬਾਰ ਕੀਤੀ ਹੈ।

ਹੁਣ ਆਪਾਂ ਉਸ ਗੁਰੂ ਉਦੇਸ਼ ਵੱਲ ਝਾਤ ਮਾਰੀਏ ਜਿਸਨੂੰ ਪੜਚੋਲਣ ਲਈ ਇਹ ਉੱਦਮ ਅਰੰਭਿਆ ਹੈ। ਜੋ ਸਾਡੀ ਆਤਮਾ ਦਾ ਅਹਾਰ ਹੈ, ਜੋ ਸਾਡੇ ਮਨ ਦਾ ਭੋਜਨ ਹੈ। ਵਾਰੀ-ਵਾਰੀ ਇਹਨਾਂ ਚੌਹਾਂ, ਸ਼ੁਭ ਗੁਣਾਂ ਦਾ, ਸਤਿ, ਸੰਤੋਖ, ਸ਼ੁਭ ਵੀਚਾਰ ਅਤੇ ਨਾਮ ਦਾ ਸੰਖੇਪ ਰੂਪ ਵਿੱਚ ਵੀਚਾਰ ਕਰੀਏ, ਤਾਂ ਜੋ ਸਾਡੀ ਆਤਮਾ ਵੀ ਇਸ ਸ੍ਰੇਸ਼ਟ ਅਹਾਰ ਦੀ ਧਾਰਨੀ ਬਣ ਜਾਵੇ।

ਅਧਿਆਇ 1

ਸਤਿ (ਸੱਚ)

ਸਭ ਤੋਂ ਪਹਿਲਾਂ ਸਤਿ ਪ੍ਰਤੀ ਵੀਚਾਰ ਕਰਨੀ ਹੈ। **ਸਤਿ, ਸੱਚ, ਸਤਯ** ਤਿੰਨੇ ਸ਼ਬਦ ਸੱਚ ਦੇ ਹੀ ਲਖਾਇਕ ਹਨ।

ਸੱਚ :—ਸਦੀਵੀ ਹੈ (ਸੱਚ ਕਦੇ ਨਾਸ਼ ਨਹੀਂ ਹੁੰਦਾ)

ਸੱਚ :—ਇੱਕ ਹੀ ਹੈ (ਅਸੱਤ ਤਰ੍ਹਾਂ ਤਰ੍ਹਾਂ ਦਾ ਹੋ ਸਕਦਾ ਹੈ)

ਸੱਚ :—ਵਰਗਾ ਸੱਚ ਹੀ ਹੈ, ਹੋਰ ਕੋਈ ਨਹੀਂ

ਸੱਚ :—ਕਦੇ ਵਧਦਾ ਘਟਦਾ ਨਹੀਂ।

ਸੱਚ, ਸਦੀਵੀ ਹੈ

(i) **"ਆਦਿ ਸਚੁ"** ਸੱਚ ਦੀ ਹੋਂਦ ਸਦੀਵੀ ਹੈ, ਸੱਚ ਕਦੇ ਵੀ ਨਾਸ਼ ਨਹੀਂ ਹੁੰਦਾ। ਸਗੋਂ ਸੱਚ ਤਾਂ ਉਸ ਵੇਲੇ ਵੀ ਸੀ ਜਿਸ ਵੇਲੇ ਸੰਸਾਰ ਦਾ ਦ੍ਰਿਸ਼ਟ-ਅਦ੍ਰਿਸ਼ਟ ਪਸਾਰਾ ਵੀ ਨਹੀਂ ਸੀ। ਜਿਸ ਨੂੰ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਮਾਰੂ ਰਾਗ ਵਿੱਚ ਅਗੇ ਲਿਖੇ ਅਨੁਸਾਰ ਗੁਰਬਾਣੀ ਵਿੱਚ ਨਿਰੂਪਣ ਕੀਤਾ ਹੈ।

ਅਰਬਾਂ-ਖਰਬਾਂ ਸਾਲਾਂ ਤੋਂ ਵੀ ਪਰੇ, ਅਣਗਿਣਤ ਸਮਾਂ ਘੁੱਪ ਹਨੇਰੇ ਦੀ ਅਵਸਥਾ ਸੀ। ਉਸ ਵੇਲੇ ਨ ਧਰਤੀ ਸੀ, ਨ ਅਕਾਸ਼ ਸੀ, ਉਸ ਵੇਲੇ ਪਾਰਾਵਾਰ ਤੋਂ ਪਰੇ, ਜੋ ਪ੍ਰਮੇਸ਼ਰ ਹੈ, ਉਸਦਾ ਹੀ ਹੁਕਮ ਵਰਤ ਰਿਹਾ ਸੀ। ਉਸ ਵੇਲੇ ਨ ਦਿਨ ਸੀ ਨ ਰਾਤ ਸੀ, ਨ ਚੰਦਰਮਾ ਅਤੇ ਨਾ ਹੀ ਉਸ ਵੇਲੇ ਸੂਰਜ ਸੀ। ਭਾਵੇਂ ਇਹਨਾਂ ਸਾਰਿਆਂ ਦੀ ਅਣਹੋਂਦ ਸੀ ਪਰ ਸੱਚੇ ਪ੍ਰਭੂ ਜੀ ਦੀ ਹੋਂਦ ਉਸ ਵੇਲੇ ਵੀ ਸੀ, ਸੱਚਾ ਪ੍ਰਭੂ ਆਪ ਅਫੁਰ ਸਮਾਧੀ ਲੀਨ ਅਵੱਸਥਾ ਵਿੱਚ ਸੀ।

ਉਸ ਸਮੇਂ ਵਿੱਚ ਨ ਚਾਰ ਖਾਣੀਆਂ ਸਨ, ਨਾ ਹੀ ਚਾਰ ਬਾਣੀਆਂ ਸਨ, ਨਾ ਉਸ ਸਮੇਂ ਹਵਾ ਸੀ ਨਾ ਹੀ ਪਾਣੀ, ਨਾ ਹੀ ਉਸ ਸਮੇਂ ਉਤਪਤੀ ਹੁੰਦੀ ਸੀ ਅਤੇ ਨਾ ਹੀ ਵਿਨਾਸ਼। ਉਸ ਸਮੇਂ ਆਵਾਗਉਣ ਦਾ ਚੱਕਰ ਵੀ ਨਹੀਂ ਸੀ। ਨਾ ਉਸ ਸਮੇਂ ਖੰਡ ਸਨ, ਨਾ ਹੀ ਪਤਾਲ ਸਨ, ਨਾ ਹੀ ਸੱਤਾਂ ਸਮੁੰਦਰਾਂ ਦੀ ਕੋਈ ਹੋਂਦ ਸੀ ਅਤੇ ਨਾ ਹੀ ਨਦੀਆਂ ਵਿੱਚ ਪਾਣੀ ਵਹਿੰਦਾ ਸੀ। ਉਸ ਵੇਲੇ ਨ ਸਵਰਗ ਲੋਕ, ਮਾਤ ਲੋਕ, ਪਤਾਲ ਲੋਕ ਦੀ ਕੋਈ ਹੋਂਦ ਸੀ। ਉਸ ਵੇਲੇ ਨਾ ਨਰਕ ਸੀ, ਨਾ ਹੀ ਬਹਿਸ਼ਤ ਸੀ ਅਤੇ ਨਾ ਹੀ ਮੌਤ ਨਾਉ ਦੀ ਕੋਈ ਚੀਜ਼ ਸੀ। ਨਾ ਕੋਈ ਇੱਥੇ ਆਉਂਦਾ ਸੀ, ਨਾ ਹੀ ਕੋਈ ਜਾਂਦਾ ਸੀ।

ਉਸ ਸਮੇਂ ਬ੍ਰਹਮਾ, ਵਿਸ਼ਨੂ ਅਤੇ ਸ਼ਿਵ ਜੀ ਦੀ ਵੀ ਕੋਈ ਹਸਤੀ ਨਹੀਂ ਸੀ। ਉਸ ਸਮੇਂ ਨਾ ਕੋਈ ਪੁਰਸ਼ ਸੀ, ਨਾ ਇਸਤ੍ਰੀ, ਨਾ ਹੀ ਜਾਤਾਂ ਮਜਹਬਾਂ ਦਾ ਕੋਈ ਝਗੜਾ ਸੀ। ਉਸ ਵੇਲੇ ਕੇਵਲ ਤੇ ਕੇਵਲ ਇੱਕ ਸੱਚਾ ਆਪ ਹੀ ਸੀ।

ਉਸ ਧੁੰਧੂਕਾਰ ਦੀ ਅਵਸਥਾ ਵਿੱਚ ਨ ਕੋਈ ਜਤੀ ਸੀ, ਨ ਕੋਈ ਸੱਤਵਾਦੀ ਸੀ, ਨਾ ਹੀ ਕੋਈ ਤਿਆਗੀ ਅਤੇ ਨਾਹੀ ਕੋਈ ਸਿੱਧ ਸੀ, ਨ ਸਾਧਨਾ ਕਰਨ ਵਾਲਾ ਸੀ। ਨਾ ਹੀ ਉਸ ਸਮੇਂ ਕੋਈ ਜੋਗੀ ਸੀ ਅਤੇ ਨਾ ਹੀ ਭੋਗੀ। ਉਸ ਸਮੇਂ ਨਾ ਕੋਈ ਜੰਗਮ ਸੀ, ਨ ਹੀ ਕੋਈ ਭੇਖ ਪ੍ਰਚੱਲਤ ਸੀ, ਨਾ ਹੀ ਕੋਈ ਜੋਗੀਆਂ ਦਾ ਸਿਰਮੌਰ ਸੀ।

ਨਾ ਹੀ ਉਸ ਸਮੇਂ ਕੋਈ ਜਪ ਕਰਦਾ ਸੀ, ਨਾ ਹੀ ਤਪ ਸਾਧਨਾ, ਨਾ ਹੀ ਕੋਈ ਸੰਜਮੀ ਸੀ, ਨਾ ਕੋਈ ਵਰਤ ਰੱਖਣ ਦੀ ਰੀਤ ਸੀ, ਨਾ ਹੀ ਪੂਜਾ ਪਾਠ ਦਾ ਕੋਈ ਧਾਰਨੀ ਸੀ। ਉਸ ਸਮੇਂ ਪ੍ਰਮਾਤਮਾ ਆਪਣੇ ਆਪ ਵਿੱਚ ਵਿਗਾਸ ਅਵਸਥਾ ਦਾ ਅਨੰਦ ਮਾਣ ਰਿਹਾ ਸੀ।

ਉਸ ਧੁੰਧੂਕਾਰ ਦੀ ਅਵਸਥਾ ਵਿੱਚ ਨ ਕੋਈ ਸੁੱਚ ਸੰਜਮ ਦਾ ਧਾਰਨੀ ਸੀ, ਨਾ ਤੁਲਸੀ ਦੀ ਮਾਲਾ ਹੀ ਕੋਈ ਪਹਿਨਦਾ ਸੀ, ਨਾ ਕ੍ਰਿਸ਼ਨ ਸੀ, ਨ ਗੋਪੀਆਂ ਸਨ, ਨਾ ਕੋਈ ਗਊ ਸੀ, ਨਾ ਹੀ ਕੋਈ ਗਊਆਂ ਨੂੰ ਚਾਰਨ ਵਾਲਾ ਸੀ, ਕੋਈ ਤੰਤ੍ਰ-ਮੰਤ੍ਰ-ਪਖੰਡ ਵੀ ਨਹੀਂ ਸੀ, ਨਾ ਹੀ ਕੋਈ ਬੰਸਰੀ ਵਜਾਉਂਦਾ ਸੀ।

ਉਸ ਸਮੇਂ ਨਾ ਕੋਈ ਕਰਮ ਕਾਂਡ ਕਰਦਾ ਸੀ, ਨ ਕੋਈ ਕਿਸੇ ਧਰਮ ਦਾ ਧਾਰਨੀ ਸੀ, ਨਾ ਹੀ ਮਨ ਨੂੰ ਮੋਹਣ ਵਾਲੀ ਮਾਇਆ ਸੀ, ਉਸ ਵੇਲੇ ਨ ਕੋਈ ਜਨਮ ਲੈਂਦਾ ਸੀ, ਨਾ ਹੀ ਕਿਸੇ ਦੀ ਕੋਈ ਜਾਤ-ਪਾਤ ਸੀ, ਨਾ ਹੀ ਅੱਖਾਂ ਦੁਆਰਾ ਵੇਖਿਆ ਜਾਂਦਾ ਸੀ, ਨਾ ਹੀ ਮੋਹ-ਮਮਤਾ ਦਾ ਜਾਲ ਸੀ, ਨ ਹੀ ਕਿਸੇ ਦੇ ਮੱਥੇ ਤੇ ਮੌਤ ਲਿਖੀ ਹੋਈ ਸੀ, ਨਾ ਹੀ ਕੋਈ ਕਿਸੇ ਇਸ਼ਟ ਦੇਵ ਨੂੰ ਧਿਆਉਂਦਾ ਸੀ।

ਉਸ ਸਮੇਂ ਨ ਨਿੰਦਿਆ ਦੀ ਕੋਈ ਹੋਂਦ ਸੀ, ਨ ਹੀ ਉਸਤਤ ਸੀ, ਨਾ ਹੀ ਜਿੰਦ ਸੀ, ਨ ਜੀਵ ਆਤਮਾ ਸੀ, ਨਾ ਉਸ ਸਮੇਂ ਗੋਰਖ ਸਿੱਧ ਸੀ, ਨਾ ਮਛਿੰਦ੍ਰ ਨਾਥ ਸੀ, ਨਾ ਹੀ ਕੋਈ ਗਿਆਨ ਚਰਚਾ ਕਰਦਾ ਸੀ, ਨਾ ਹੀ ਕੋਈ ਧਿਆਨ ਲਾਉਂਦਾ ਸੀ, ਨ ਉਸ ਸਮੇਂ ਕੋਈ ਕਰਮਾ-ਧਰਮਾਂ ਦੀ ਗਿਣਤੀ ਕਰਨ ਵਾਲਾ ਸੀ, ਨਾ ਕੋਈ ਉੱਚਾ ਨੀਵਾਂ ਖਾਨਦਾਨ ਹੀ ਸੀ।

ਉਸ ਸਮੇਂ ਨ ਕੋਈ ਵਰਣ ਸੀ, ਨ ਕੋਈ ਭੇਖ, ਨਾ ਹੀ ਕੋਈ ਬ੍ਰਾਹਮਣ ਅਤੇ ਨਾ ਹੀ ਕੋਈ ਖੱਤਰੀ ਸੀ, ਨਾ ਹੀ ਕੋਈ ਦੇਵੀ ਦੇਵਤਾ ਸੀ, ਨ ਹੀ ਕੋਈ ਮੰਦਰ ਦੀ ਹੋਂਦ ਸੀ, ਨਾ ਕੋਈ ਗਊਸ਼ਾਲਾ ਸੀ, ਨ ਗਾਇਤ੍ਰੀ ਮੰਤਰ ਹੀ ਸੀ, ਉਸ ਸਮੇਂ ਨਾ ਕੋਈ ਤੀਰਥਾਂ ਤੇ ਇਸ਼ਨਾਨ ਕਰਦਾ ਸੀ ਨ ਹਵਨ ਹੁੰਦਾ ਸੀ, ਨ ਪੂਜਾ, ਉਸ ਸਮੇਂ ਨਾ ਕੋਈ ਮੁੱਲਾ ਸੀ, ਨਾ ਕਾਜ਼ੀ, ਨਾ ਹੀ ਕੋਈ ਆਪਣੇ ਆਪ ਨੂੰ ਸ਼ੇਖ ਜਾਂ ਹਾਜੀ ਸਦਵਾਉਂਦਾ

ਸੀ। ਉਸ ਸਮੇਂ ਨਾ ਕੋਈ ਰਾਜਾ ਸੀ, ਨਾ ਹੀ ਪ੍ਰਜਾ, ਹਉਮੈਂ ਦੀ ਵੀ ਉਸ ਸਮੇਂ ਅਣਹੋਂਦ ਸੀ, ਕਿਸੇ ਨੂੰ ਕੋਈ ਵੀ ਕਹਿਣ, ਕਹਾਉਣ ਵਾਲਾ ਵੀ ਨਹੀਂ ਸੀ।

ਉਹ ਐਸੀ ਅਵਸਥਾ ਸੀ, ਜਿੱਥੇ ਨ ਪ੍ਰੇਮ ਸੀ, ਨ ਭਗਤੀ ਸੀ, ਨਾ ਜੀਵ-ਆਤਮਾ ਸੀ, ਨਾ ਹੀ ਜੀਵ ਆਤਮਾ ਤੇ ਮਾਇਆ ਦਾ ਪ੍ਰਭਾਵ ਸੀ। ਨ ਕੋਈ ਸੱਜਣ ਮਿੱਤਰ ਸੀ, ਨਾ ਹੀ ਮਾਤਾ ਪਿਤਾ ਦੀ ਰਕਤ ਬਿੰਦ ਸੀ। ਉਸ ਵੇਲੇ ਪ੍ਰਭੂ ਆਪ ਹੀ ਸ਼ਾਹ ਸੀ, ਆਪ ਹੀ ਵਣਜਾਰਾ ਸੀ, ਇਹ ਉਸ ਦੀ ਆਪਣੀ ਅਨੂਪਮ ਖੇਡ ਸੀ, ਜਿਸ ਦੀ ਲੱਖਤਾ ਨਹੀਂ ਹੋ ਸਕਦੀ।

ਉਸ ਧੁੰਧੂਕਾਰ ਦੇ ਸਮੇਂ ਨ ਬੇਦਾਂ ਦੇ ਗਿਆਨ ਦੀ ਹੋਂਦ ਸੀ, ਨਾ ਹੀ ਮੁਸਲਮਾਨੀ ਮਤ ਦੇ ਧਰਮ ਗ੍ਰੰਥ ਸਨ, ਨ ਛੇ ਸ਼ਾਸਤ੍ਰ ਤੇ ਨਾ ਹੀ ਸਤਾਈ ਸਿਮ੍ਰਤੀਆਂ ਸਨ। ਉਸ ਵੇਲੇ ਨਾ ਸੂਰਜ ਚੜ੍ਹਦਾ ਸੀ, ਨਾ ਹੀ ਆਥਣਦਾ ਸੀ। ਉਸ ਸਮੇਂ ਪ੍ਰਭੂ ਆਪ ਹੀ ਆਪਣੀ ਉਨਮਨੀ ਅਵਸਥਾ ਵਿੱਚ ਸੀ। ਆਪੇ ਆਪ ਦੀ ਖੇਡ ਹੀ ਵਰਤ ਰਹੀ ਸੀ, ਜੋ ਕਥਨ ਤੋਂ ਪਰੇ ਹੈ। ਐਸੀ ਅਵਸਥਾ ਵਿੱਚ ਵੀ ਪ੍ਰਭੂ ਪ੍ਰਮੇਸ਼ਰ ਜੀ ਸੱਚ ਸਨ, ਉਹਨਾਂ ਦੀ ਹੋਂਦ ਕਾਇਮ ਸੀ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ :—

ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥ ੧॥
ਖਾਣੀ ਨ ਬਾਣੀ ਪਉਣ ਨ ਪਾਣੀ॥ ਓਪਤਿ ਖਪਤਿ ਨ ਆਵਣ ਜਾਣੀ॥
ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ॥ ੨॥
ਨ ਤਦਿ ਸੁਰਗੁ ਮਛੁ ਪਇਆਲਾ॥ ਦੋਜਕੁ ਭਿਸਤੁ ਨਹੀ ਖੈ ਕਾਲਾ॥
ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ॥ ੩॥
ਬ੍ਰਹਮਾ ਬਿਸਨੁ ਮਹੇਸੁ ਨ ਕੋਈ॥ ਅਵਰੁ ਨ ਦੀਸੈ ਏਕੋ ਸੋਈ॥
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ॥ ੪॥
ਨਾ ਤਦਿ ਜਤੀ ਸਤੀ ਬਨਵਾਸੀ॥ ਨਾ ਤਦਿ ਸਿਧ ਸਾਧਿਕ ਸੁਖਵਾਸੀ॥
ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ॥ ੫॥
ਜਪ ਤਪ ਸੰਜਮ ਨਾ ਬ੍ਰਤ ਪੂਜਾ॥ ਨਾ ਕੋ ਆਖਿ ਵਖਾਣੈ ਦੂਜਾ॥
ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ॥ ੬॥
ਨਾ ਸੁਚਿ ਸੰਜਮੁ ਤੁਲਸੀ ਮਾਲਾ॥ ਗੋਪੀ ਕਾਨੁ ਨ ਗਊ ਗੁੋਆਲਾ॥
ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ॥ ੭॥
ਕਰਮ ਧਰਮ ਨਹੀ ਮਾਇਆ ਮਾਖੀ॥ ਜਾਤਿ ਜਨਮੁ ਨਹੀ ਦੀਸੈ ਆਖੀ॥
ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ॥ ੮॥

ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ॥ ਨਾ ਤਦਿ ਗੋਰਖੁ ਨਾ ਮਾਛਿੰਦੋ॥
ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ॥ ੯॥
ਵਰਨ ਭੇਖ ਨਹੀਂ ਬ੍ਰਹਮਣ ਖਤ੍ਰੀ॥ ਦੇਉ ਨ ਦੇਹੁਰਾ ਗਊ ਗਾਇਤ੍ਰੀ॥
ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ॥ ੧੦॥
ਨਾ ਕੋ ਮੁਲਾ ਨਾ ਕੋ ਕਾਜੀ॥ ਨਾ ਕੋ ਸੇਖੁ ਮਸਾਇਕੁ ਹਾਜੀ॥
ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ॥ ੧੧॥
ਭਾਉ ਨ ਭਗਤੀ ਨਾ ਸਿਵ ਸਕਤੀ॥ ਸਾਜਨੁ ਮੀਤੁ ਬਿੰਦੁ ਨਹੀ ਰਕਤੀ॥
ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ॥ ੧੨॥
ਬੇਦ ਕਤੇਬ ਨ ਸਿੰਮ੍ਰਿਤਿ ਸਾਸਤ॥ ਪਾਠ ਪੁਰਾਣ ਉਦੈ ਨਹੀ ਆਸਤ॥
ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ॥ ੧੩॥

ਮਾਰੂ ਮ: ੧, ਸੋਲਹੇ (ਪੰਨਾ : ੧੦੩੫)

ਜਿਸ ਸਮੇਂ ਕੋਈ ਵੀ ਨਹੀਂ ਸੀ, ਸੱਚ ਉਸ ਵੇਲੇ ਵੀ ਸੀ। ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ। ਗਿਣਤੀ ਤੋਂ ਬਾਹਰ ਸਮਾਂ, (ਕੇਤੜਿਆ ਜੁਗ) ਕੋਈ ਥਹੁ ਨਹੀ, ਆਪ ਪ੍ਰਭੂ ਨੇ ਸੁੰਨ (ਅਫੁਰ) ਅਵਸਥਾ ਵਿੱਚ ਬਤੀਤ ਕੀਤਾ, ਉਸ ਸਮੇਂ ਜਗਤ ਰਚਨਾਂ ਦੀ ਕੋਈ ਹੋਂਦ ਨਹੀਂ ਸੀ। ਆਪਣੀ ਮੌਜ ਵਿੱਚ ਆਪਣੇ ਨਿਰਗੁਣ ਸਰੂਪ ਤੋਂ ਸਰਗੁਣ ਨੂੰ ਸਾਜਿਆ ਅਤੇ ਆਪਣਾ ਸੱਚਾ ਨਾਮ ਪ੍ਰਗਟ ਕੀਤਾ, ਆਪ ਹੀ ਸੱਚਾ ਪ੍ਰਭੂ ਸੱਚੇ ਤਖਤ ਤੇ ਬਿਰਾਜਮਾਨ ਹੋ ਕੇ ਵੇਖ, ਬਿਗਸ ਰਿਹਾ ਹੈ। ਜਿਸ ਸਦਕਾ ਉਸਦੀ ਸੱਚੀ ਵਡਿਆਈ ਸਾਰੇ ਸੰਸਾਰ ਵਿੱਚ ਪਸਰ ਰਹੀ ਹੈ :—

ਕੇਤੜਿਆ ਜੁਗ ਧੁੰਧੂਕਾਰੈ॥ ਤਾੜੀ ਲਾਈ ਸਿਰਜਣਹਾਰੈ॥
ਸਚੁ ਨਾਮੁ ਸਚੀ ਵਡਿਆਈ ਸਾਚੈ ਤਖਤਿ ਵਡਾਈ ਹੇ॥ ੨॥

ਮਾਰੂ ਸੋਲਹੇ ਮ: ੫ (ਪੰਨਾ : ੧੦੨੩)

ਤਥਾ :— ਕੇਤੜਿਆ ਦਿਨ ਗੁਪਤੁ ਕਹਾਇਆ॥
ਕੇਤੜਿਆ ਦਿਨ ਸੁੰਨਿ ਸਮਾਇਆ॥
ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ॥

ਮਾਰੂ ਸੋਲਹੇ ਮ: ੫ (ਪੰਨਾ : ੧੦੮੧)

ਧੰਨ ਹੈ, ਉਹ ਸੱਚਾ ਮਾਲਕ, ਜਿਸਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ ਮੂਲ ਮੰਤ੍ਰ ਵਿੱਚ "ਆਦਿ ਸਚੁ" ਲਿਖਿਆ ਹੈ। ਆਦਿ ਦਾ ਭਾਵ ਮੁੱਢ ਤੋਂ (ਮੁੱਢ) ਆਦਿ ਦਾ ਕਿਸੇ ਨੂੰ ਕੋਈ ਪਤਾ ਨਹੀਂ। ਜਿਸ ਸਮੇਂ ਦਾ ਕਿਸੇ ਨੂੰ ਕੋਈ ਗਿਆਨ ਹੀ ਨਹੀਂ, ਉਸ ਸਮੇਂ ਵੀ ਸੱਚਾ ਪ੍ਰਭੂ ਸੀ।

(ii) **"ਜੁਗਾਦਿ ਸਚੁ"** ਦੂਸਰਾ ਸੱਚ ਪ੍ਰਤੀ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ "ਜੁਗਾਦਿ ਸਚੁ" ਸ਼ਬਦ ਵਰਤਿਆ ਹੈ। ਜਿਸ ਵੇਲੇ ਉਸ ਸੱਚੇ ਪ੍ਰਮੇਸ਼ਰ ਜੀ ਨੇ :—

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਏ ਲਖ ਦਰੀਆਉ॥

ਜਪੁਜੀ ਸ: (ਪੰਨਾ : ੩)

ਦੀ ਖੇਡ ਅਰੰਭ ਕਰ ਦਿੱਤੀ। ਜਿਸਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਰੂ ਸੋਲਹੇ ਦੀ ਬਾਣੀ ਵਿੱਚ ਲਿਖਿਆ ਹੈ ਕਿ ਸੱਚੇ ਵਾਹਿਗੁਰੂ ਜੀ ਨੇ ਆਪਣੀ ਮੌਜ ਵਿੱਚ ਧਰਤੀ, ਖੰਡ, ਬ੍ਰਹਿਮੰਡ ਆਕਾਸ਼, ਪਤਾਲ ਬਣਾ ਦਿੱਤੇ। ਮਾਨੋ ਸੂਖਮ-ਗੁਪਤ ਵਿੱਚੋਂ ਸਰਗੁਣ, ਪ੍ਰਗਟ ਰੂਪ ਵਿੱਚ ਆਪਣਾ ਜ਼ਹੂਰ ਪੈਦਾ ਕਰ ਦਿੱਤਾ।

ਸਾਹਿਬ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ—

ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ॥

ਮਾਰੂ ਸੋਲਹੇ ਮ: ੧ (ਪੰਨਾ : ੧੦੩੬)

ਅਤੇ ਕਲਗੀਧਰ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ :—

ਜਬ ਉਦਕਰਖ ਕਰਾ ਕਰਤਾਰਾ॥
ਪ੍ਰਜਾ ਧਰਤ ਤਬ ਦੇਹ ਅਪਾਰਾ॥

ਚੌਪਈ (ਪੰਨਾ ੧੦)

ਜਦੋਂ ਸੱਚੇ ਕਰਤਾਰ ਨੇ ਸੰਸਾਰ ਦੀ ਖੇਡ ਰਚਨਾ ਰਚ ਦਿੱਤੀ ਅਤੇ ਸਮੇਂ ਦੀ ਗਿਣਤੀ ਮਿਣਤੀ **"ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ॥"** ਦਾ ਸਿਲਸਲਾ ਸ਼ੁਰੂ ਹੋ ਗਿਆ। ਸੱਚਾ ਵਾਹਿਗੁਰੂ ਉਸ ਸਮੇਂ ਵੀ ਸੱਚ ਸੀ। ਜਿਸਨੂੰ ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਨੇ **"ਜੁਗਾਦਿ ਸਚੁ"** ਲਿਖਿਆ ਹੈ। ਸ੍ਰਿਸ਼ਟੀ ਦੇ ਅਰੰਭ ਵਿੱਚ, ਜਿਸ ਵੇਲੇ ਜੁੱਗਾਂ ਦਾ ਅਰੰਭ ਹੋਇਆ ਉਸ ਵੇਲੇ ਵੀ ਪ੍ਰਭੂ ਸੱਚੇ ਦੀ ਹੋਂਦ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ ਆਸਾ ਰਾਗ ਵਿੱਚ ਉਸ ਸੱਚੇ ਪ੍ਰਭੂ ਪ੍ਰਤੀ ਫੁਰਮਾਨ ਕੀਤਾ ਹੈ। ਸੱਚਾ ਪ੍ਰਭੂ ਪਹੁੰਚ ਤੋਂ ਪਰੇ ਹੈ। ਸਰੀਰਕ ਇੰਦ੍ਰਿਆਂ ਦਾ ਵਿਸ਼ਾ ਨਹੀਂ। ਸਭ ਤੋਂ ਸ਼੍ਰੋਮਣੀ ਹੈ, ਬਿਅੰਤ-ਬਿਅੰਤ ਹੈ। ਬਿਅੰਤ ਪ੍ਰਭੂ ਆਦਿ ਵਿੱਚ ਵੀ ਸੱਚ ਸੀ, ਸਮੇਂ ਦੀ ਗਿਣਤੀ ਸ਼ੁਰੂ ਹੋਣ ਵੇਲੇ ਵੀ ਮੌਜੂਦ ਸੀ ਹੁਣ ਭੀ ਹੈ ਅੰਤ ਦੇ ਸਮੇਂ ਵੀ ਉਹ ਰਹੇਗਾ। ਉਸ ਇੱਕ ਸੱਚ ਤੋਂ ਬਿਨਾਂ ਬਾਕੀ ਸਭ ਮਿੱਥਿਆ ਜਾਣੋ :—

ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ ਪਰਧਾਨੋ॥
ਆਦਿ ਜੁਗਾਦੀ ਹੈ ਭੀ ਹੋਸੀ ਅਵਰੁ ਝੂਠਾ ਸਭੁ ਮਾਨੋ॥

ਆਸਾ ਮ: ੧ (ਪੰਨਾ : ੪੩੭)

ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :—

ਨਾ ਇਹੁ ਬਿਨਸੈ ਨਾ ਇਹੁ ਜਾਇ॥
ਆਦਿ ਜੁਗਾਦੀ ਰਹਿਆ ਸਮਾਇ॥ ੧॥

ਗੋਂਡ ਮ: ੫ (ਪੰਨਾ : ੮੬੮)

ਐਸਾ ਹੈ ਸੱਚਾ, ਨ ਕਦੇ ਬਿਨਸਦਾ ਹੈ, ਨ ਕਿਤੇ ਜਾਂਦਾ ਹੈ। ਜੋ ਇੱਕ ਰਸ ਸਦਾ-ਸਦਾ ਵਾਸਤੇ ਪ੍ਰੀਪੂਰਨ ਹੋ ਕੇ ਰਮਿਆ ਹੋਇਆ ਹੈ। ਐਸਾ ਸੱਚਾ ਪ੍ਰਭੂ ਸਾਰਿਆਂ ਨੂੰ ਸੁੱਖ ਦੀਆਂ ਦਾਤਾਂ ਬਖਸ਼ਸ਼ ਕਰਦਾ ਹੀ ਰਹਿੰਦਾ ਹੈ :—

ਆਤਮ ਰਾਮੁ ਰਵਿਆ ਸਭ ਅੰਤਰਿ ਕਤ ਆਵੈ ਕਤ ਜਾਈ ਸੰਤਹੁ॥ ੫॥
ਆਦਿ ਜੁਗਾਦੀ ਹੈ ਭੀ ਹੋਸੀ ਸਭ ਜੀਆ ਕਾ ਸੁਖਦਾਈ ਸੰਤਹੁ॥ ੬॥

ਰਾਮਕਲੀ ਮ: ੫ (ਪੰਨਾ : ੯੧੬)

ਬਾਵਨ ਅੱਖਰੀ ਵਿੱਚ ਸਾਹਿਬ ਪੰਜਵੇ ਪਾਤਸ਼ਾਹ ਜੀ ਨੇ ਫੁਰਮਾਨ ਕੀਤਾ ਹੈ ਕਿ ਸਾਰੇ ਬੇਦ ਸ਼ਾਸਤ੍ਰ ਅਤੇ ਧਰਮ ਗ੍ਰੰਥ ਬੜੇ ਗਹੁ ਨਾਲ ਵਾਚੇ ਹਨ। ਕੋਈ ਧਰਮ ਗ੍ਰੰਥ ਇਹ ਨਹੀਂ ਕਹਿੰਦਾ ਕਿ ਪ੍ਰਮਾਤਮਾ ਤੋਂ ਬਿਨਾਂ ਹੋਰ ਵੀ ਕੋਈ ਸਦਾ ਥਿਰ ਰਹਿਣ ਵਾਲਾ ਹੈ। ਇਕ ਪ੍ਰਮਾਤਮਾ ਹੀ ਸੱਚਾ ਥਿਰ ਰਹਿਣ ਵਾਲਾ ਹੈ, ਜੋ ਆਦਿ ਵਿੱਚ ਵੀ ਸੀ, ਜੋ ਜੁਗਾਂ ਦੇ ਅਰੰਭ ਵਿੱਚ ਵੀ ਸੀ, ਹੁਣ ਵੀ ਹੈ ਅਤੇ ਅਗਾਂਹ ਵੀ ਸਦਾ ਵਾਸਤੇ ਹੋਵੇਗਾ।

ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ॥
ਆਦਿ ਜੁਗਾਦੀ ਹੁਣਿ ਹੋਵਤ ਨਾਨਕ ਏਕੈ ਸੋਇ॥

ਸਲੋਕ ਬਾਵਨ ਅਖਰੀ ਮ: ੫ (ਪੰਨਾ : ੨੫੪)

(iii) **"ਹੈ ਭੀ ਸਚੁ"** ਜਿਸ ਸਮੇਂ ਵਿੱਚ ਆਪਾਂ ਵਿਚਰ ਰਹੇ ਹਾਂ। ਜਿਸ ਨੂੰ ਵਰਤਮਾਨ ਸਮਾਂ ਕਿਹਾ ਜਾਂਦਾ ਹੈ। ਹੁਣ ਵੀ ਪ੍ਰਮੇਸ਼ਰ ਜੀ ਇੱਕ ਰਸ ਸੱਚ ਵਰਤ ਰਹੇ ਹਨ। ਤਦ ਹੀ ਸਾਹਿਬਾਂ ਨੇ ਗੁਰਬਾਣੀ ਵਿੱਚ ਫੁਰਮਾਨ ਕੀਤਾ ਹੈ ਕਿ ਜੋ ਵੀ ਆਪਾਂ ਚੰਗੇ ਜਾਂ ਮਾੜੇ ਕਰਮ ਕਰਦੇ ਹਾਂ, ਸੱਚਾ ਵਾਹਿਗੁਰੂ ਸਾਡੇ ਕੀਤੇ ਕਰਮਾਂ ਨੂੰ ਬੜੇ ਗੌਰ ਨਾਲ ਵੇਖ ਰਿਹਾ ਹੈ। ਸਾਹਿਬ ਪੰਜਵੇਂ ਗੁਰਦੇਵ ਜੀ ਦਾ ਫੁਰਮਾਨ ਹੈ :—

ਲੂਕਿ[1] ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ॥
ਥਾਨ[2] ਥਨੰਤਰਿ[3] ਰਵਿ ਰਹਿਆ ਪ੍ਰਭੁ ਮੇਰਾ ਭਰਪੂਰਿ॥ ੩॥

ਸਿਰੀਰਾਗੁ ਮ: ੫ (ਪੰਨਾ : ੪੮)

ਇਸੇ ਕਰਕੇ ਹੀ ਸ੍ਰੀ ਗੁਰੂ ਅਮਰਦਾਸ ਜੀ ਨੇ ਚੇਤਾਵਨੀ ਦਿੱਤੀ ਹੈ। ਹੇ ਮਨ, ਸੱਚੇ ਹਰੀ ਪ੍ਰਮੇਸ਼ਰ ਨੂੰ ਦੂਰ ਨ ਜਾਣ, ਉਹ ਤੇਰੇ ਹਰ ਕੀਤੇ ਹੋਏ ਕੰਮ ਨੂੰ ਵੇਖਦਾ ਹੈ। ਉਸਨੂੰ ਹਾਜ਼ਰ-ਨਾਜ਼ਰ ਸਮਝਿਆ ਕਰ, ਉਹ ਤੇਰੇ ਕਰਮਾਂ ਨੂੰ ਵੇਖਦਾ ਹੀ ਨਹੀਂ, ਸਗੋਂ ਤੇਰੇ ਅੰਦਰ ਜੋ ਫੁਰਨੇ ਉਤਪੰਨ ਹੁੰਦੇ ਹਨ, ਉਹਨਾਂ ਨੂੰ ਵੀ ਉਹ ਸੁਣਦਾ ਹੈ ਕਿਉਂਕਿ ਉਹ *"ਹੈ ਭੀ ਸਚੁ"* ਹੈ। ਉਸ ਦੀ ਹੋਂਦ ਜੋ ਪਿੱਛੇ ਸੀ ਉਹ ਖਤਮ ਨਹੀਂ ਹੋ ਗਈ। ਉਸ ਦੀ ਹੋਂਦ ਹੁਣ ਭੀ ਸੱਚ ਹੈ ਇਸ ਲਈ :—

ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ॥

ਮਾਰੂ ਮ: ੫ (ਪੰਨਾ : ੧੦੦੦)

ਤਥਾ :— ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ॥
ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ॥ ੧॥

ਆਸਾ ਮ: ੩ (ਪੰਨਾ : ੪੨੯)

ਉਹ ਸੱਚਾ ਮਾਲਕ ਤਾਂ ਹਰੇਕ ਦੇ ਹਿਰਦੇ ਦੀ ਜਾਨਣ ਵਾਲਾ ਹੈ। ਸੱਚਾ ਸਾਰੇ ਹਿਰਦਿਆਂ ਵਿੱਚ, ਜਲਾਂ ਵਿੱਚ, ਥਲਾਂ ਵਿੱਚ, ਧਰਤੀ, ਅਕਾਸ਼ ਵਿੱਚ ਇੱਕ ਰਸ ਰਮਿਆ ਹੋਇਆ ਹੈ :—

ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥

ਬਾਰਾ ਮਾਹਾ, ਮ: ੫ (ਪੰਨਾ : ੧੩੩)

ਉਹ ਤਾਂ :— ਘਟ ਘਟ ਕੇ ਅੰਤਰ ਕੀ ਜਾਨਤ
ਭਲੇ ਬੁਰੇ ਕੀ ਪੀਰ ਪਛਾਨਤ॥

ਚੌਪਈ (ਪੰਨਾ : ੧੦)

ਸਭ ਦੇ ਦਿਲਾਂ ਦੀਆਂ ਜਾਣਦਾ ਹੈ। ਜੇ ਹੈ, ਤਦ ਹੀ ਜਾਣਦਾ ਹੈ। ਇਸ ਲਈ ਜਿਸ ਸੱਚੇ ਪ੍ਰਭੂ ਨੇ ਇਹ ਸਾਰੀ ਸ੍ਰਿਸ਼ਟੀ ਪੈਦਾ ਕੀਤੀ ਹੈ, ਉਹ ਸੱਚਾ ਪ੍ਰਭੂ ਹੁਣ ਇਸ ਵੇਲੇ ਵੀ ਮੌਜੂਦ ਹੈ, ਉਹ ਸਦਾ ਸਦਾ ਵਾਸਤੇ ਕਾਇਮ ਰਹਿਣ ਵਾਲਾ ਹੈ, ਨਾ ਉਹ ਜਨਮ ਲੈਂਦਾ ਹੈ, ਨ ਨਾਸ਼ ਹੁੰਦਾ ਹੈ। ਉਹ ਸਦੀਵ-ਕਾਲੀ ਹੈ :—

---

੧. ਕਿਸ ਪਾਸੋਂ ਲੁਕ ਕੇ ਪਾਪ ਕਮਾਉਂਦਾ ਹੈ।
੨. ਸਭ ਥਾਵਾਂ ਤੇ ੩. ਵਿਥਾਂ ਵਿੱਚ

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥

ਸੋ ਦਰ ਆਸਾ ਮ: ੧ (ਪੰਨਾ : ੯)

ਉਹ ਪ੍ਰਭੂ ਸਦਾ ਹਰ ਥਾਂ, ਹਰ ਜਗ੍ਹਾ ਵਿੱਚ ਮੌਜੂਦ ਹੈ। ਮਾਇਆ ਦੇ ਅਗਿਆਨ ਭਰਮ ਕਰਕੇ ਦੂਰ ਪ੍ਰਤੀਤ ਹੁੰਦਾ ਹੈ। ਜੇ ਸਤਿਗੁਰੂ ਰਹਿਮਤ ਕਰ ਦੇਣ ਤਾਂ "ਹੈ ਭੀ ਸਚੁ ਜੀ" ਲਖਤਾ ਹੋ ਜਾਂਦੀ ਹੈ। ਲਖਤਾ ਹੋ ਜਾਣ ਤੇ ਗੱਲ ਰਾਸ ਆ ਜਾਂਦੀ ਹੈ :—

ਹੈ ਨਿਕਟੇ ਅਰੁ ਭੇਦੁ ਨ ਪਾਇਆ।
ਬਿਨੁ ਸਤਿਗੁਰ ਸਭ ਮੋਹੀ ਮਾਇਆ॥ ੧॥
ਨੇੜੈ ਨੇੜੈ ਸਭੁ ਕੋ ਕਹੈ॥
ਗੁਰਮੁਖਿ ਭੇਦੁ ਵਿਰਲਾ ਕੋ ਲਹੈ॥੧॥ ਰਹਾਉ॥

ਭੈਰਉ ਮ: ੫ (ਪੰਨਾ : ੧੧੩੯)

ਜੇ ਗੁਰੂ ਦੀ ਮਿਹਰ ਨਾਲ "ਹੈ ਭੀ ਸਚੁ" ਦੀ ਸੋਝੀ ਹੋ ਜਾਵੇ ਕਿ ਉਹ ਸੱਚਾ ਮੈਨੂੰ ਵੇਖ ਰਿਹਾ ਹੈ। ਫਿਰ ਭਾਈ ਗੁਰਦਾਸ ਜੀ ਦੇ ਫੁਰਮਾਨ ਅਨੁਸਾਰ ਮਨੁੱਖ "ਪਰ ਘਰ ਜਾਇ ਨ ਲਈਐ ਪੰਗਾ" ਦੀ ਕਾਰ ਕਦੇ ਵੀ ਨਹੀਂ ਕਰ ਸਕਦਾ। ਝੂਠ, ਠਗੀ, ਫਰੇਬ ਵਲ-ਛਲ ਦਾ ਤਿਆਗੀ ਬਣ ਸਕਦਾ ਹੈ। ਤਦ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭੈਰਉ ਰਾਗ ਵਿੱਚ ਹੇਠ ਲਿਖੇ ਸੰਕੇਤ ਦਿੱਤੇ ਹਨ :—

ਨਿਕਟਿ ਬੁਝੈ ਸੋ ਬੁਰਾ ਕਿਉ ਕਰੈ॥
ਬਿਖੁ ਸੰਚੈ ਨਿਤ ਡਰਤਾ ਫਿਰੈ॥
....
ਨਿਕਟਿ ਨ ਦੇਖੈ ਪਰ ਗ੍ਰਿਹਿ ਜਾਇ॥
ਦਰਬੁ ਹਿਰੈ ਮਿਥਿਆ ਕਰਿ ਖਾਇ॥
....
ਨਿਕਟਿ ਨ ਜਾਨੈ ਬੋਲੈ ਕੂੜੁ॥
ਮਾਇਆ ਮੋਹਿ ਮੂਠਾ ਹੈ ਮੂੜੁ॥
ਅੰਤਰਿ ਵਸਤੁ ਦਿਸੰਤਰਿ ਜਾਇ॥
ਬਾਝੁ ਗੁਰੂ ਹੈ ਭਰਮਿ ਭੁਲਾਇ॥ ੩॥

ਭੈਰਉ ਮ: ੫ (ਪੰਨਾ : ੧੧੩੯)

ਮਾਇਆ ਦਾ ਅਗਿਆਨ ਭਰਮ ਹੀ "ਹੈ ਭੀ ਸਚੁ" ਦੀ ਲਖਤਾ ਨਹੀਂ ਹੋਣ ਦਿੰਦਾ ਪਰ ਅਸਲੀਅਤ ਤੇ ਸਚਾਈ ਇਹ ਹੀ ਹੈ ਕਿ ਉਹ ਮਾਲਕ :—

ਸਦੁ ਹਜੂਰਿ ਹਾਜਰੁ ਹੈ

ਨਾਜਰੁ ਕਤਹਿ ਨ ਭਇਓ ਦੂਰਾਈ॥

ਮਾਰੂ ਮ: ੫ (ਪੰਨਾ : ੧੦੦੦)

ਜੇ ਕਿਤੇ "ਹੈ ਭੀ ਸਚੁ" ਦੀ ਲਖਤਾ ਹੋ ਜਾਵੇ ਫਿਰ ਜੀਵ ਬ੍ਰਹਮ ਦਾ ਰੂਪ ਹੀ ਬਣ ਸਕਦਾ ਹੈ। ਇਸ ਨੂੰ ਸਭ ਬ੍ਰਹਮ ਹੀ ਵਰਤਦਾ ਦ੍ਰਿਸ਼ਟੀ ਆਉਣ ਲੱਗ ਸਕਦਾ ਹੈ :—

ਹੈ ਤਉ ਸਹੀ ਲਖੈ ਜਉ ਕੋਈ॥

ਤਬ ਓਹੀ ਉਹੁ ਏਹੁ ਨ ਹੋਈ॥ ੪੨॥

ਰਾਗੁ ਗਉੜੀ ਕਬੀਰ ਜੀ (ਪੰਨਾ : ੩੪੨)

ਹੇ ਸਚੇ ਹਰੀ! ਤੁਸੀਂ ਹੁਣ ਵਰਤਮਾਨ ਵਿੱਚ ਵੀ ਹੋ ਅਤੇ ਅਗਾਹ ਵੀ ਸਦਾ ਲਈ ਤੁਹਾਡੀ ਹੋਂਦ ਕਾਇਮ ਰਹੇਗੀ। ਹੇ ਸੱਚੇ ਹਰੀ, ਤੁਸੀਂ ਸਾਡੀ ਪਹੁੰਚ ਤੋਂ ਪਰੇ ਹੋ, ਬੜੇ ਉੱਚੇ, ਡੂੰਘੇ, ਗਹਿਰ ਗੰਭੀਰ ਤੇ ਬਿਅੰਤ ਹੋ :—

ਹੈ ਤੂਹੈ ਤੂ ਹੋਵਨਹਾਰ॥

ਅਗਮ ਅਗਾਧਿ ਊਚ ਆਪਾਰ।

ਤਿਲੰਗ ਮ: ੫(ਪੰਨਾ : ੭੨੪)

(iv) **"ਹੋਸੀ ਭੀ ਸਚੁ"** ਉਹ ਸੱਚਾ, ਆਦਿ ਵਿੱਚ ਵੀ ਸੱਚ ਸੀ, ਜੁਗਾਂ ਦੇ ਅਰੰਭ ਵਿੱਚ ਵੀ ਸੱਚ ਸੀ ਹੁਣ ਵਰਤਮਾਨ ਸਮੇਂ ਵਿੱਚ ਵੀ, "ਹੈ ਹਜੂਰ" ਹੋ ਕੇ ਸਭ ਥਾਈਂ "ਜਲ ਥਲ ਮਹੀਅਲ ਗੁਪਤੋ ਵਰਤੈ" ਦੀ ਖੇਡ ਖੇਡ ਰਿਹਾ ਹੈ। ਜਿਸ ਵੇਲੇ ਸੱਚ ਨੇ, ਇਹ ਸਾਰੀ ਦ੍ਰਿਸ਼ਟ, ਅਦ੍ਰਿਸ਼ਟ ਖੇਡ ਸੰਕੋਚ ਲੈਣੀ ਹੈ, ਉਸ ਵੇਲੇ ਵੀ ਸੱਚੇ ਦੀ ਹੋਂਦ ਰਹਿਣੀ ਹੈ। ਖੇਲ ਸੰਕੋਚ ਲੈਣ ਨਾਲ ਉਸ ਦੀ ਹੋਂਦ ਨੂੰ ਕੋਈ ਫਰਕ ਨਹੀਂ ਪੈਣਾ। ਹੁਣ ਮਾਲਕ ਆਪਣਾ ਰਚਿਆ ਖੇਲ ਵੇਖ ਰਿਹਾ ਹੈ :—

ਆਪਨ ਖੇਲੁ ਆਪਿ ਕਰਿ ਦੇਖੈ॥

ਖੇਲੁ ਸੰਕੋਚੈ ਤਉ ਨਾਨਕ ਏਕੈ॥

ਸੁਖਮਨੀ ਮ: ੫ (ਪੰਨਾ : ੨੯੨)

ਸਾਰਾ ਸੰਸਾਰ ਉਸ ਸੱਚੇ ਮਾਲਕ ਦਾ ਖੇਡ ਹੈ, ਜਦੋਂ ਉਸ ਨੂੰ ਭਾਉਂਦਾ ਹੈ ਤਾਂ ਸ੍ਰਿਸ਼ਟੀ ਦਾ ਖੇਡ ਤਮਾਸ਼ਾ ਰਚ ਲੈਂਦਾ ਹੈ। ਜਦੋਂ ਉਸਨੂੰ ਚੰਗਾ ਲੱਗਦਾ ਹੈ, ਮੁੜ ਸਾਰੀ ਖੇਡ ਨੂੰ ਸੰਕੋਚ ਲੈਂਦਾ ਹੈ। ਖੇਡ ਤਾਂ ਖਤਮ ਹੋ ਜਾਂਦੀ ਹੈ। ਪਰ ਖਿਲਾਵਣਹਾਰੋ ਸਦਾ ਕਾਇਮ ਰਹਿੰਦਾ ਹੈ :—

ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ॥

ਆਪਨੈ ਭਾਣੈ ਲਏ ਸਮਾਏ॥

ਤੁਮ ਤੇ ਭਿੰਨ ਨਹੀ ਕਿਛੁ ਹੋਇ॥

ਆਪਨ ਸੂਤਿ ਸਭੁ ਜਗਤੁ ਪਰੋਇ॥

ਸੁਖਮਨੀ ਮ: ੫ (ਪੰਨਾ : ੨੯੨)

ਕੈਸੀ ਹੈ, ਉਸ ਸੱਚ ਕਰਤੇ ਦੀ ਖੇਡ। ਇਕ ਹੁੰਦਿਆ ਹੋਇਆ ਅਨੇਕਾਂ ਰੂਪ ਧਾਰਨ ਕਰ ਲੈਂਦਾ ਹੈ। ਅਨੇਕ ਦਰਸ਼ਨ ਕਰਾ ਕੇ, ਜਗਤ ਖੇਡ ਖੇਡ ਕੇ, ਮੁੜ ਅਖੇਲ ਹੋ ਕੇ, ਆਪਣੇ ਅਸਲੀ ਸਰੂਪ ਵਿੱਚ ਤਦਾਕਾਰ ਹੋ ਜਾਂਦਾ ਹੈ :—

ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥

ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ॥੮੧॥

(ਜਾਪੁ ਸਾ: ਪਾ: ੧੦)

ਭਾਵ :— ਅਨੇਕ ਹੈਂ॥ ਫਿਰਿ ਏਕ ਹੈਂ॥ ੪੩॥

(ਜਾਪੁ ਸਾ: ਪਾ: ੧੦)

ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ਅਨੁਸਾਰ ਸੱਚਾ ਵਾਹਿਗੁਰੂ ਹੁਣ ਭੀ ਹੈ। ਉਹ ਅਗਾਂਹ ਭੀ ਹੋਵੇਗਾ ਉਸ ਦੀ ਹੋਂਦ ਕਦੇ ਨਾਸ਼ ਨਹੀਂ ਹੁੰਦੀ, ਸਾਰੀ ਸ੍ਰਿਸ਼ਟੀ ਦੇ ਨਾਸ਼ ਹੋ ਜਾਣ ਨਾਲ ਵੀ ਉਹ ਸੱਚਾ ਸਿਰਜਣ ਹਾਰੋ ਨਾਸ਼ ਨਹੀਂ ਹੋਵੇਗਾ। ਕਿਉਂਕਿ ਸੱਚ ਕਦੀ ਨਾਸ਼ ਨਹੀਂ ਹੁੰਦਾ :—

ਹੈ ਭੀ ਹੋਸੀ ਜਾਇ ਨ ਜਾਸੀ

ਸਚਾ ਸਿਰਜਣਹਾਰੋ॥

ਸਿਰੀਰਾਗੁ ਮ: ੧ (ਪੰਨਾ : ੨੪)

ਭਾਵ :— ਹੈ ਭੀ ਸਾਚਾ ਹੋਵਣਹਾਰੁ॥

ਸਦਾ ਸਦਾ ਜਾਂਈ ਬਲਿਹਾਰ॥

ਗੋਂਡ ਮ: ੫ (ਪੰਨਾ : ੮੬੮)

ਤੀਸਰੇ ਪਾਤਸ਼ਾਹ ਜੀ ਦਾ ਫੁਰਮਾਨ ਹੈ ਉਹ ਪ੍ਰਭੂ ਸੱਚਾ ਹੁਣ ਭੀ ਹੈ, ਖੇਲ ਸੰਕੋਚਣ ਤੋਂ ਪਿੱਛੋਂ ਵੀ ਹੋਵੇਗਾ। ਉਹ ਕਦੇ ਨਾਸ਼ ਨਹੀਂ ਹੁੰਦਾ। ਉਹ ਮਾਲਕ ਸੱਚਾ ਹੀ ਸਾਰੇ ਬ੍ਰਹਿਮੰਡ ਨੂੰ ਆਪਣੀ ਮੌਜ ਵਿੱਚ ਸਾਜ ਲੈਂਦਾ ਹੈ। ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ, ਸਾਜਣ ਤੋਂ ਉਪ੍ਰੰਤ, ਆਪਣੀ ਕ੍ਰਿਤ ਨੂੰ ਵਿਸਰ ਨਹੀਂ ਜਾਂਦਾ ਸਗੋਂ ਸਾਰਿਆਂ ਦੀ ਸਾਰ ਸੰਭਾਲ ਕਰਦਾ ਹੈ। ਸਾਰਿਆਂ ਨੂੰ ਰਿਜ਼ਕ ਪਹੁੰਚਾਉਂਦਾ ਹੈ। ਕੈਸਾ ਹੈ ਉਹ ਸੱਚਾ ਅਬਿਨਾਸ਼ੀ :—

ਹੈ ਭੀ ਸਾਚਾ ਹੋਸੀ ਸੋਈ॥ ਆਪੇ ਸਾਜੇ ਅਵਰੁ ਨ ਕੋਈ॥
ਸਭਨਾ ਸਾਰ ਕਰੇ ਸੁਖਦਾਤਾ ਆਪੇ ਰਿਜਕੁ ਪਹੁਚਾਇਦਾ॥੩॥

ਮਾਰੂ ਮ : ੩ (ਪੰਨਾ : ੧੦੬੦)

ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦੇ ਸਿਧਾਂਤ ਅਨੁਸਾਰ ਉਸ ਸੱਚੇ ਦਾ ਨਾ ਕੋਈ ਆਦਿ ਹੈ, ਨਾ ਹੀ ਕੋਈ ਅੰਤ ਹੈ, ਉਹ ਨਾਸ਼ ਰਹਿਤ ਹੈ, ਉਸਦਾ ਕੋਈ ਰੂਪ, ਰੇਖ, ਰੰਗ ਨਹੀਂ ਹੈ। ਜੋ ਜੁੱਗਾ ਜੁਗੰਤਰਾ ਤੋਂ, ਇੱਕ ਰਸ (ਸਤਿ ਸਰੂਪ) ਹੈ। ਐਸੇ ਅਬਿਨਾਸ਼ੀ, ਸਤਾਣੇ[1] ਪ੍ਰਭੂ ਨੂੰ ਹੀ, ਸਦਾ ਸਦਾ ਨਮਸਕਾਰ ਹੈ। ਕਿਸ ਨੂੰ ਨਮਸਕਾਰ ਹੈ?

ਆਦੇਸੁ ਤਿਸੈ ਆਦੇਸੁ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥ ੨੮॥

ਜਪੁਜੀ ਸ: (ਪੰਨਾ : ੬)

ਉਹ ਸਚਾ ਮਾਲਕ ਤਾਂ ਐਸਾ ਹੈ। ਉਸਦੇ ਅਸਚਰਜ ਕੋਡ-ਤਮਾਸ਼ੇ ਵੇਖ ਕੇ ਸਤਿਗੁਰ ਨਾਨਕ ਪਾਤਸ਼ਾਹ ਉਸ ਤੋਂ ਆਪਣਾ ਸਾਰਾ ਆਪਾ ਇੱਕੋ ਵਾਰੀ ਕੁਰਬਾਨ ਕਰਨ ਲਈ ਤਿਆਰ ਹਨ ਤੇ ਫੁਰਮਾਨ ਕਰਦੇ ਹਨ, ਹੇ ਸਦਾ ਸਦਾ ਕਾਇਮ ਰਹਿਣ ਵਾਲੇ ਮੇਰੇ ਸਚੇ ਮਾਲਕ, ਤੇਰੇ ਹੁਕਮ ਵਿੱਚ ਤੇਰੀ ਕੁਦਰਤ ਤਾਂ ਭਾਵੇਂ ਬਦਲਦੀ ਰਹਿੰਦੀ ਹੈ। ਪਰ ਤੁਸੀਂ ਆਪ ਸਦਾ ਸਲਾਮਤ, (ਕਾਇਮ-ਦਾਇਮ) ਰਹਿੰਦੇ ਹੋ :—

ਕੁਦਰਤਿ ਕਵਣ ਕਹਾ ਵੀਚਾਰੁ॥
ਵਾਰਿਆ ਨ ਜਾਵਾ ਏਕ ਵਾਰ॥
ਜੋ ਤੁਧੁ ਭਾਵੈ ਸਾਈ ਭਲੀ ਕਾਰ॥
ਤੂ ਸਦਾ ਸਲਾਮਤਿ ਨਿਰੰਕਾਰ॥ ੧੯॥

ਜਪੁਜੀ ਮ: ੧ (ਪੰਨਾ : ੪)

ਉਹ ਮਾਲਕ ਤਾਂ **"ਸਤਿ ਸੁਹਾਣੁ ਸਦਾ ਮਨਿ ਚਾਉ,"** ਦਾ ਅਨੰਦਤ ਸਰੂਪ ਹੈ, ਉਹ ਮਾਲਕ ਸਦਾ ਸਤਿ ਹੈ, ਸਤਿ ਸੀ, ਸਤਿ ਹੋਵੇਗਾ।

ਸਾਹਿਬ ਪੰਜਵੇ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਇੱਕ ਸਮਾਂ ਐਸਾ ਵੀ ਆਵੇਗਾ, ਜਿਸ ਸਮੇਂ ਪ੍ਰਭੂ **"ਖੇਲੁ ਸੰਕੋਚੈ ਤਉ ਨਾਨਕ ਏਕੈ"** ਦੀ ਅਵਸਥਾ ਮੁੜ ਧਾਰਨ ਕਰ ਲਵੇਗਾ। ਉਸ ਸਮੇਂ ਨ ਧਰਤੀ, ਨ ਅਕਾਸ਼, ਨ ਚੰਦਰਮਾਂ ਨ ਸੂਰਜ ਹੋਵੇਗਾ। ਨਾ ਕੋਈ ਬਾਦਸ਼ਾਹ ਰਹੇਗਾ, ਨ ਪਰਜਾ, ਨ ਕੋਈ ਅਮੀਰ, ਨ ਕੋਈ ਗਰੀਬ ਰਹੇਗਾ। ਉਪਦੇਸ਼ ਦੇਣ ਵਾਲੇ ਪੀਰ ਪੈਕਾਂਬਰ, ਅਵਤਾਰ, ਅਉਲੀਏ ਸਭ ਇਥੋਂ ਉੱਠ ਕੇ ਤੁਰ ਜਾਣਗੇ। ਕੋਈ ਧਰਮ ਨਹੀਂ ਰਹੇਗਾ, ਨਾ ਕੋਈ ਧਰਮ ਦਾ ਧਾਰਨੀ ਰਹੇਗਾ। ਧਾਰਮਕ ਗੀਤਾਂ ਰਿਵਾਜ ਵੀ ਸਭ ਖਤਮ ਹੋ ਜਾਣਗੇ।

———

੧. ਆਸਰਾ ਦੇਣ ਵਾਲਾ

ਕੋਈ ਵੀ ਧਰਮ ਅਸਥਾਨ ਚਾਹੇ ਉਹ ਮੰਦਰ ਹੈ ਜਾਂ ਮਸੀਤ, ਕਾਬਾ ਹੈ ਜਾਂ ਮਥਰਾ, ਕਾਸ਼ੀ ਪਵਿਤ੍ਰ ਅਸਥਾਨ ਅਤੇ ਦੇਵੀ ਦੇਵਤੇ ਸਭ ਦੇ ਨਾਮੋ ਨਿਸ਼ਾਨ ਮਿਟ ਜਾਣਗੇ। ਜਤੀ ਸਤੀ, ਸਨਿਆਸੀ ਜੋਗੀ, ਰਿਸ਼ੀ-ਮੁਨੀ, ਨਾਂਗੇ ਸਾਧੂ, ਸਮੇਤ ਇੰਦ੍ਰ ਦੇ ਸਭ ਕਾਲ ਦੇ ਵੱਸ ਪੈ ਕੇ ਖਤਮ ਹੋ ਜਾਣਗੇ। ਫਿਰ ਐਸੀ ਦਸ਼ਾ ਵਿੱਚ ਕੌਣ ਹੋਵੇਗਾ? **"ਨਾਨਕ ਹੋਸੀ ਭੀ ਸਚੁ"** ਸੱਚਾ ਪ੍ਰਭੂ ਪ੍ਰਮੇਸ਼ਰ ਉਸ ਵੇਲੇ ਵੀ ਹੋਵੇਗਾ।

ਸਾਹਿਬਾਂ ਦਾ ਉਚਾਰਨ ਕੀਤਾ ਫੁਰਮਾਨ, ਜੋ ਮਾਰੂ ਵਾਰ ਡਖਣੇ ਵਿੱਚ ਅੰਕਿਤ ਹੈ। ਉਸਨੂੰ ਵੀਚਾਰ ਨਾਲ ਪੜ੍ਹਨ ਨਾਲ, ਉਸ ਸੱਚੇ ਦੀ ਹੋਂਦ ਹੋਰ ਨਿੱਖਰ ਕੇ ਸਾਹਮਣੇ ਆਉਂਦੀ ਹੈ। ਸੱਚੇ ਨਾਲ ਜੁੜਨ ਲਈ, ਸੱਚੇ ਦੀ ਸ਼ਕਤੀ ਦੀ ਲਖਤਾ ਕਰਨ ਲਈ, ਪਿਆਰ ਨਾਲ ਸਾਹਿਬਾਂ ਦਾ ਫੁਰਮਾਨ ਪੜ੍ਹੀਏ :—

ਧਰਤਿ ਆਕਾਸੁ ਪਾਤਾਲੁ ਹੈ ਚੰਦੁ ਸੂਰੁ ਬਿਨਾਸੀ॥
ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ॥
ਰੰਗ ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ॥
ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ॥
ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ॥
ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ॥
ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ॥

ਉਸ ਵੇਲੇ ਕੌਣ ਥਿਰ ਰਹੇਗਾ :—

ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ॥ ੧੭॥

ਮਾਰੂ ਵਾਰ ਡਖਣੇ ਮ: ੫ (ਪੰਨਾ : ੧੧੦੦)

ਸਾਹਿਬਾਂ ਦਾ ਫੁਰਮਾਨ ਹੋਰ ਅਗਲੇਰੀ ਪਉੜੀ ਵਿੱਚ ਪੜ੍ਹੀਏ ਕਿਵੇਂ ਸਾਹਿਬਾਂ ਨੇ, ਸਭ ਬਿਨਸਣ ਹਾਰ ਦੀ ਫਹਰਿਸਤ ਬਣਾਈ ਹੈ :—

ਤਟ ਤੀਰਥ ਦੇਵ ਦੇਵਾਲਿਆ ਕੇਦਾਰੁ ਮਥੁਰਾ ਕਾਸੀ॥
ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ॥
ਸਿਮ੍ਰਿਤਿ ਸਾਸਤ੍ਰ ਬੇਦ ਚਾਰਿ ਖਟੁ ਦਰਸ ਸਮਾਸੀ॥
ਪੋਥੀ ਪੰਡਿਤ ਗੀਤ ਕਵਿਤ ਕਵਤੇ ਭੀ ਜਾਸੀ॥
ਜਤੀ ਸਤੀ ਸੰਨਿਆਸੀਆ ਸਭਿ ਕਾਲੈ ਵਾਸੀ॥
ਮੁਨਿ ਜੋਗੀ ਦਿਗੰਬਰਾ ਜਮੈ ਸਣੁ ਜਾਸੀ॥
ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ॥

ਮਾਰੂ ਵਾਰ ਡਖਣੇ ਮ: ੫ (ਪੰਨਾ : ੧੧੦੦)

ਸਭ ਬਿਨਸ ਜਾਣਗੇ, ਕੌਣ ਥਿਰ ਰਹੇਗਾ ? ਸਾਹਿਬ ਆਖਰੀ ਪੰਗਤੀ ਵਿੱਚ ਫੁਰਮਾਨ ਕਰਦੇ ਹਨ :–

ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ॥ ੧੮॥

ਮਾਰੂ ਵਾਰ ਡਖਣੇ ਮ: ੫ (ਪੰਨਾ : ੧੧੦੦)

ਸੱਚ ਇੱਕ ਹੀ ਹੈ

ਸੱਚ ਕੋਈ ਦੋ, ਚਾਰ, ਪੰਜ, ਦੱਸ ਜਾਂ ਕਰੋੜਾਂ ਨਹੀਂ, ਸੱਚ ਕੇਵਲ ਤੇ ਕੇਵਲ ਇੱਕੋ ਹੀ ਹੈ। ਜਿਸਨੂੰ ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗੰਥ ਸਾਹਿਬ ਜੀ ਦੀ ਅਰੰਭਤਾ ਵਿੱਚ, ੧ ਹਿੰਦਸਾ ਲਾ ਕੇ ਉਸ ਇੱਕ ਦੀ ਅਸਲੀ ਹੋਂਦ ਪ੍ਰਗਟਾਈ ਹੈ। ਇਹ ਵੀ ਸਤਿਗੁਰਾਂ ਨੇ ਬਖਸ਼ਸ਼ ਕੀਤੀ ਹੈ। ੧ ਹਿੰਦਸਾ ਲਾਇਆ ਹੈ। ਆਪ ਨਰਾਇਣ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਚੰਗੀ ਤਰਾਂ ਪਤਾ ਸੀ ਕਿ ਜੇ ੧ ਅੱਖਰਾਂ ਵਿੱਚ ਲਿਖ ਦਿਤਾ ਆਉਣ ਵਾਲੇ ਸਮੇਂ ਵਿੱਚ, ਆਪੂ ਬਣੇ ਸਿਆਣੇ ਵਿਦਵਾਨਾਂ ਨੇ ਇਕੱਲੇ-ਇਕੱਲੇ ਅੱਖਰ ਦੇ ਅਰਥ ਕਰਕੇ, ਇੱਕ ਨੂੰ ਇੱਕੀਹਾਂ ਅਰਥਾਂ ਵਿੱਚ ਬਦਲ ਦੇਣਾ ਹੈ।

ਸਾਰੀ ਗੁਰਬਾਣੀ ਵਿੱਚ ਸਤਿਗੁਰੂ ਜੀ ਨੇ ਇੱਕ ਅਕਾਲ ਪੁਰਖ ਦੀ ਲਖਤਾ ਹੀ ਕਰਵਾਈ ਹੈ। ਸਾਹਿਬਾਂ ਫੁਰਮਾਨ ਕੀਤਾ ਹੈ ਕਿ ਸੰਸਾਰ ਦੇ ਲੋਕੋ ! ਸੱਚਾ-ਪ੍ਰਭੂ ਇੱਕ ਹੀ ਹੈ, ਇੱਕ ਹੀ ਹੈ, ਐਵੇਂ ਫਜ਼ੂਲ ਭਰਮ ਭੁਲੇਖੇ ਵਿੱਚ ਨ ਪਵੋ :–

ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ ਰਹਾਉ॥
ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ॥
ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ॥

(ਆਸਾ ਮ: ੧, ਪੰਨਾ ੩੫੦)

ਉਹ ਆਪ ਹੀ ਜਿੰਦ ਦੇਣ ਵਾਲਾ, ਆਪ ਹੀ ਲੈਣ ਵਾਲਾ, ਆਪ ਸਾਰੇ ਜੀਵਾਂ ਦੇ ਕਰਮਾਂ ਨੂੰ ਵੇਖਦਾ, ਆਪ ਹੀ ਆਪਣੀ ਖੇਡ ਨੂੰ ਵੇਖ ਕੇ ਖੁਸ਼ ਹੁੰਦਾ ਹੈ। ਆਪ ਹੀ ਸ਼੍ਰੇਸ਼ਟ ਕਰਮਾਂ ਦੇ ਧਾਰਨੀਆਂ ਉੱਤੇ ਮਿਹਰ ਦੀ ਨਿਗਾਹ ਕਰਕੇ ਬਖਸ਼ਸ਼ਾਂ ਕਰਦਾ ਹੈ। ਇਸ ਲਈ :–

ਸਾਹਿਬੁ ਮੇਰਾ ਏਕੁ ਹੈ ਅਵਰੁ ਨਹੀ ਭਾਈ॥

ਆਸਾ ਮ: ੧ (ਪੰਨਾ ੪੨੦)

ਸਤਿਗੁਰੂ ਜੀ ਨੇ ਸਪਸ਼ਟ ਕਹਿ ਦਿੱਤਾ ਹੈ ਕਿ ਸੱਚਾ ਪ੍ਰਭੂ ਇੱਕ ਹੀ ਹੈ। ਉਸ ਵਰਗਾ ਨਾ ਕੋਈ ਸੀ, ਨਾ ਹੁਣ ਹੀ ਹੈ ਅਤੇ ਨਾ ਹੀ ਅਗਾਂਹ ਹੋਵੇਗਾ :–

ਗੁਰਿ ਕਹਿਆ ਸਭੁ ਏਕੋ ਏਕੋ ਅਵਰੁ ਨ ਕੋਈ ਹੋਇਗਾ ਜੀਉ॥ ੩॥

ਮਾਝ ਮ: ੫ (ਪੰਨਾ ੯੯)

ਪੰਜਵੇਂ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਕਿਵੇਂ ਇੱਕ ਦੀ ਦ੍ਰਿੜਤਾ ਕਰਾਉਂਦੇ ਹਨ। ਸਾਰੇ ਸੰਸਾਰ ਦੇ ਅੰਗ ਸਾਕ-ਹੀਲੇ-ਵਸੀਲਿਆਂ ਦਾ ਜ਼ਿਕਰ ਕਰਕੇ ਸਮਝਾਉਂਦੇ ਹਨ ਕਿ ਉਹ ਇੱਕ ਸੱਚਾ ਪ੍ਰਭੂ ਹੀ ਅਸਲੀ ਮਿੱਤਰ ਹੈ। ਉਹ ਇੱਕ ਹੀ ਸਾਡੀ ਜੀਵ ਆਤਮਾਂ ਨੂੰ ਵਿਕਾਰਾਂ ਵਲੋਂ ਬਚਾ ਕੇ ਰੱਖਿਆ ਕਰ ਸਕਦਾ ਹੈ। ਇਸ ਲਈ ਹੇ ਮੇਰੇ ਜੀਅੜੇ, ਇੱਕੋ ਦਾ ਹੀ ਆਸਰਾ ਓਟ ਲੈ, ਉਹ ਇੱਕ ਹੀ, ਜੀਵ ਆਤਮਾ ਨੂੰ ਆਧਾਰ ਦਿੰਦਾ ਹੈ। ਉਸ ਇੱਕ ਪਾਰਬ੍ਰਹਮ ਦੀ ਸ਼ਰਣ ਪਿਆ ਹੀ ਸੁੱਖ ਪ੍ਰਾਪਤ ਹੁੰਦਾ ਹੈ।

ਇਸ ਲਈ ਹੇ ਮੇਰੇ ਮਨ ! ਹੋਰ ਸਾਰੇ ਓਟ ਆਸਰੇ ਛੱਡ ਕੇ ਗੁਰੂ ਦੇ ਸ਼ਬਦ ਦੀ ਓਟ ਲੈ ਕੇ ਇਕ ਦੇ ਚਰਨਾਂ ਨਾਲ ਜੁੜਿਆ ਰਹੁ। ਅਨੇਕਤਾ ਵੱਲ ਨ ਝਾਕ। ਹੇ ਮੇਰੇ ਮਨ! ਇੱਕ ਪ੍ਰਮਾਤਮਾ ਹੀ ਅਸਲ ਮਿੱਤਰ ਹੈ, ਉਹ ਹੀ ਅਸਲੀ ਭਰਾ ਹੈ। ਇੱਕ ਸੱਚਾ ਹੀ ਅਸਲੀ ਮਾਤਾ-ਪਿਤਾ ਹੈ। ਇੱਕ ਅਕਾਲ ਪੁਰਖ ਦੀ ਹੀ ਟੇਕ ਲੈ, ਜਿਸ ਨੇ ਸੁਹਣਾ ਸਰੀਰ ਅਤੇ ਸਰੀਰ ਨੂੰ ਚਲਾਉਣ ਵਾਸਤੇ ਜਿੰਦ ਦਿੱਤੀ ਹੈ। ਅਰਦਾਸ ਕਰ ਐਸਾ ਇੱਕ ਮਾਲਕ ਮੈਨੂੰ ਕਦੇ ਨ ਵਿਸਰੇ, ਜਿਸ ਨੇ ਸਭ ਕੁਝ ਆਪਣੇ ਵੱਸ ਵਿੱਚ ਰੱਖਿਆ ਹੋਇਆ ਹੈ।

ਉਹ ਇੱਕ ਹਿਰਦੇ ਵਿੱਚ ਵੀ ਹੈ। ਬਾਹਰ ਵੀ ਸਾਰੇ ਥਾਵਾਂ ਤੇ ਪਰੀਪੂਰਨ ਹੋਕੇ ਰਵਿਆ ਹੋਇਆ ਹੈ। ਜਿਸ ਨੇ ਸਾਰੇ ਜੀਵ ਜੰਤੂ ਪੈਦਾ ਕੀਤੇ ਹਨ। ਹੇ ਮੇਰੇ ਮਨ! ਉਸ ਨੂੰ ਹਮੇਸ਼ਾ-ਹਮੇਸ਼ਾ ਜਪਿਆ ਕਰ। ਇਕ ਨਾਲ ਜੁੜਨ ਸਦਕਾ ਕਦੀ ਕੋਈ ਦੁੱਖ, ਚਿੰਤਾ, ਅਤੇ ਸੋਗ ਨਹੀਂ ਵਿਆਪੇਗਾ।

ਉਹ ਇੱਕ ਸੱਚਾ ਪ੍ਰਭੂ ਹੀ ਸਾਰਿਆ ਦਾ ਮਾਲਕ ਹੈ, ਜਿਸਨੇ ਸਭ ਕੁਝ ਦਿੱਤਾ ਹੈ ਅਤੇ ਜਿਸ ਇੱਕ ਦੇ ਹੁਕਮ ਅਨੁਸਾਰ ਜੋ ਉਸ ਨੂੰ ਭਾਉਂਦਾ ਹੈ, ਉਹ ਹੀ ਸੰਸਾਰ ਵਿੱਚ ਹੁੰਦਾ ਹੈ :–

ਇਕੁ ਪਛਾਣੂ ਜੀਅ ਕਾ ਇਕੋ ਰਖਣਹਾਰੁ॥
ਇਕਸ ਕਾ ਮਨਿ ਆਸਰਾ ਇਕੋ ਪ੍ਰਾਣ ਅਧਾਰੁ॥
ਤਿਸੁ ਸਰਣਾਈ ਸਦਾ ਸੁਖੁ ਪਾਰਬ੍ਰਹਮੁ ਕਰਤਾਰੁ॥ ੧॥
ਮਨ ਮੇਰੇ ਸਗਲ ਉਪਾਵ ਤਿਆਗੁ॥
ਗੁਰ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ ਲਾਗੁ॥ ੧॥ ਰਹਾਉ॥
ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ॥
ਇਕਸ ਕੀ ਮਨਿ ਟੇਕ ਹੈ ਜਿਨਿ ਜੀਉ ਪਿੰਡੁ ਦਿਤਾ॥
ਸੋ ਪ੍ਰਭੁ ਮਨਹੁ ਨ ਵਿਸਰੈ ਜਿਨਿ ਸਭੁ ਕਿਛੁ ਵਸਿ ਕੀਤਾ॥ ੨॥
ਘਰਿ ਇਕੋ ਬਾਹਰਿ ਇਕੋ ਥਾਨ ਥਨੰਤਰਿ ਆਪਿ॥
ਜੀਅ ਜੰਤ ਸਭਿ ਜਿਨਿ ਕੀਏ ਆਠ ਪਹਰ ਤਿਸੁ ਜਾਪਿ॥

ਇਕਸੁ ਸੇਤੀ ਰਤਿਆ ਨ ਹੋਵੀ ਸੋਗ ਸੰਤਾਪੁ॥ ੩॥
ਪਾਰਬ੍ਰਹਮੁ ਪ੍ਰਭੁ ਏਕੁ ਹੈ ਦੂਜਾ ਨਾਹੀ ਕੋਇ॥
ਜੀਉ ਪਿੰਡੁ ਸਭੁ ਤਿਸਕਾ ਜੋ ਤਿਸੁ ਭਾਵੈ ਸੁ ਹੋਇ॥
ਗੁਰਿ ਪੂਰੈ ਪੂਰਾ ਭਇਆ ਜਪਿ ਨਾਨਕ ਸਚਾ ਸੋਇ॥ ੪॥

ਸਿਰੀਰਾਗੁ ਮ: ੫ (ਪੰਨਾ ੪੫)

ਸਾਰੀ ਗੁਰਬਾਣੀ ਵਿੱਚ ਸਾਹਿਬਾਂ ਨੇ ਇੱਕ ਦੀ ਹੀ ਪ੍ਰਪੱਕਤਾ ਕਰਾਈ ਹੈ :—

ਏਕੈ ਏਕੈ ਏਕ ਤੂਹੀ॥ ਏਕੈ ਏਕੈ ਤੂ ਰਾਇਆ॥
ਤਉ ਕਿਰਪਾ ਤੇ ਸੁਖੁ ਪਾਇਆ॥ ਰਹਾਉ॥

ਰਾਮਕਲੀ ਮ: ੫ (ਪੰਨਾ ੮੮੪)

ਦਾ ਹੀ ਸੱਦਾ ਦਿਤਾ ਹੈ।

ਅਨੇਕਤਾ ਨੂੰ ਵੇਖ ਕੇ ਭਰਮ ਭੁਲੇਖੇ ਵਿੱਚ ਪੈਣ ਤੋਂ ਵਰਜਿਆ ਹੈ। ਅਨੇਕਤਾ ਵਿੱਚ ਇੱਕ ਦੀ ਲਖਤਾ ਕਰਾਉਣ ਲਈ ਕਈ ਉਦਾਹਰਨਾਂ ਦਿੱਤੀਆਂ ਹਨ, ਜਿਵੇਂ ਲੱਕੜ ਅਨੇਕ ਤਰ੍ਹਾਂ ਦੀ ਹੈ, ਪਰ ਉਹਨਾਂ ਲੱਕੜਾਂ ਵਿਚ ਅਗਨੀ ਅਨੇਕ ਤਰ੍ਹਾਂ ਦੀ ਨਹੀਂ, ਅੱਗ ਇਕ ਹੀ ਭਾਂਤ ਦੀ ਹੈ। ਅਗਨੀ ਤੋਂ ਲਾਹਾ ਪ੍ਰਾਪਤ ਕਰਨ ਹਿਤ, ਅੱਗ ਨੂੰ ਪ੍ਰਗਟ ਕਰਨ ਲਈ ਮਿਹਨਤ ਚਾਹੀਦੀ ਹੈ। ਇਸ ਲਈ :—

ਏਕੈ ਰੇ ਹਰਿ ਏਕੈ ਜਾਨ॥ ਏਕੈ ਰੇ ਗੁਰਮੁਖਿ ਜਾਨ॥ ਰਹਾਉ॥
ਕਾਹੇ ਭ੍ਰਮਤ ਹਉ ਤੁਮ ਭ੍ਰਮਹੁ ਨ ਭਾਈ ਰਵਿਆ ਰੇ ਰਵਿਆ ਸ੍ਰਬ ਥਾਨ॥ ੧॥
ਜਿਉ ਬੈਸੰਤਰੁ ਕਾਸਟ ਮਝਾਰਿ ਬਿਨੁ ਸੰਜਮ ਨਹੀ ਕਾਰਜ ਸਾਰਿ॥
ਬਿਨੁ ਗੁਰ ਨ ਪਾਵੈਗੋ ਹਰਿ ਜੀ ਕੋ ਦੁਆਰ॥
ਮਿਲਿ ਸੰਗਤਿ ਤਜਿ ਅਭਿਮਾਨ ਕਹੁ ਨਾਨਕ ਪਾਏ ਹੈ ਪਰਮ ਨਿਧਾਨ॥ ੨॥

ਦੇਵਗੰਧਾਰੀ ਮ: ੫ (ਪੰਨਾ ੫੩੫)

ਸਾਰਿਆ ਜੀਵਾਂ ਨੂੰ ਅਨੇਕਾਂ ਦਾਤਾਂ ਦੇਣ ਵਾਲਾ ਇੱਕ ਹੀ ਹੈ। ਜਿਸ ਨੂੰ ਸਾਹਿਬਾਂ ਨੇ ਜਪੁਜੀ ਸਾਹਿਬ ਵਿੱਚ ਇੱਕ ਦਾਤਾ ਲਿਖਿਆ ਹੈ :—

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥

ਜਪੁਜੀ (ਪੰਨਾ ੨)

ਸੱਚ ਵਰਗਾ ਸੱਚ ਹੀ ਹੈ

ਜਿਥੇ ਉਹ ਸੱਚਾ ਮਾਲਕ "**ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ ਨਾਨਕ ਹੋਸੀ ਭੀ ਸਚੁ**" ਦੇ ਗੁਣਾਂ ਦਾ ਧਾਰਨੀ ਹੈ। ਉੱਥੇ ਉਸ ਦਾ ਸਭ ਤੋਂ ਵੱਡਾ ਗੁਣ ਇੱਕੋ ਹੀ ਹੈ ਕਿ ਉਸ ਵਰਗਾ ਉਹ ਆਪ ਹੀ ਹੈ। ਉਸ ਵਰਗਾ ਨਾ ਕੋਈ ਪਿੱਛੇ ਸੀ, ਨਾ ਹੁਣ ਹੈ, ਨਾ ਅੱਗੇ ਨੂੰ ਹੀ ਹੋਵੇਗਾ। ਉਸ ਸੱਚੇ ਪ੍ਰਭੂ ਨੇ ਹੀ ਦਿਨ ਬਣਾ ਕੇ ਮੁੜ ਰਾਤ ਬਣਾਈ ਹੈ।

ਜਿੰਨਾ ਵੱਡਾ ਉਹ ਆਪ ਹੈ, ਉਨੀਆਂ ਹੀ ਵੱਡੀਆਂ ਉਸਦੀਆਂ ਦਾਤਾਂ ਹਨ :—

ਗੁਣੁ ਏਹੋ ਹੋਰੁ ਨਾਹੀ ਕੋਇ॥
ਨਾ ਕੋ ਹੋਆ ਨਾ ਕੋ ਹੋਇ॥
ਜੇਵਡੁ ਆਪਿ ਤੇਵਡ ਤੇਰੀ ਦਾਤਿ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ॥

ਆਸਾ ਮ: ੧ (ਪੰਨਾ ੯)

ਤਦ ਹੀ ਸੱਚੇ ਹਰੀ ਪ੍ਰਤੀ ਬਾਬਾ ਰਵਿਦਾਸ ਜੀ ਨੇ ਵਿਸਮਾਦ ਭਰੀ ਸੁਰਤੀ ਨਾਲ ਫੁਰਮਾਨ ਕੀਤਾ ਹੈ ਕਿ ਹੇ ਸਚੇ ਹਰੀ, ਤੇਰੀ ਮਹਿਮਾ ਕਥਨ ਨਹੀਂ ਕੀਤੀ ਜਾ ਸਕਦੀ, ਤੂੰ ਪਰੇ ਤੋਂ ਪਰੇ ਹੈਂ। ਜਿਹੋ ਜਿਹਾ ਤੂੰ ਹੈ, ਬਸ ਉਹੋ ਜਿਹਾ ਤੂੰ ਆਪ ਹੀ ਹੈਂ। ਸੰਸਾਰ ਵਿੱਚ ਕਿਸੇ ਨਾਲ ਤੁਹਾਡੀ ਉਪਮਾ ਨਹੀਂ ਦਿੱਤੀ ਜਾ ਸਕਦੀ ਕਿ ਤੁਸੀਂ ਉਸ ਵਰਗੇ ਹੋ ਕਿਉਂਕਿ ਤੁਹਾਡੇ ਵਰਗਾ ਹੋਰ ਸੰਸਾਰ ਵਿੱਚ ਹੈ ਹੀਂ ਨਹੀਂ :—

ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ।
ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ॥

ਬਿਲਾਵਲੁ ਰਵਿਦਾਸ ਜੀ (ਪੰਨਾ ੮੫੮)

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ, ਹੇ ਸਚੇ ਮਾਲਕ ਤੇਰੇ ਵਰਗਾ ਤੇਰਾ ਕੋਈ ਸਰੀਕ ਹੋਵੇ ਤਾ ਕਹੀਏ। ਪਰ ਮਾਲਕ ਤੂੰ ਆਪਣੇ ਵਰਗਾ ਆਪ ਹੀ ਹੈ। ਹੋਰ ਕੋਈ ਤੇਰੀ ਬਰਾਬਰੀ ਨਹੀਂ ਕਰ ਸਕਦਾ :—

ਤਥਾ :— **ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ**
ਤੁਧੁ ਜੇਵਡੁ ਤੂਹੈ ਹੋਈ॥

ਬਿਹਾਗੜੇ ਮ: ੪ (ਪੰਨਾ ੫੪੯)

ਤੀਸਰੇ ਗੁਰਦੇਵ ਜੀ ਦਾ ਫੁਰਮਾਨ ਹੈ। ਹੇ ਸੱਚੇ ਮਾਲਕ ਮੈਨੂੰ ਤੇਰੇ ਵਰਗਾ ਸੰਸਾਰ ਵਿਚ ਹੋਰ ਕੋਈ ਨਹੀਂ ਦਿਸ ਰਿਹਾ। ਨਾ ਤੇਰੇ ਵਰਗਾ ਕੋਈ ਪਿੱਛੇ ਸੀ। ਨਾ ਹੁਣ ਹੈ ਅਤੇ ਨਾ ਹੀ ਅਗਾਂਹ ਹੋਵੇਗਾ :—

ਤਥਾ :— **ਤੁਧੁ ਜੇਵਡੁ ਮੈ ਅਵਰੁ ਨ ਸੂਝੈ ਨਾ ਕੋ ਹੋਆ ਨ ਹੋਗੁ॥**

ਪ੍ਰਭਾਤੀ ਮ: ੩ (ਪੰਨਾ ੧੩੩੩)

ਹੇ ਦਾਤਾਰ, ਤੇਰੇ ਵਰਗਾ ਸੰਸਾਰ ਵਿੱਚ ਹੋਰ ਕੋਈ ਦਾਤਾ ਨਹੀਂ ਹੈ। ਤੁਸੀ ਹੀ ਸਾਰੇ ਖੰਡਾਂ ਬ੍ਰਹਿਮੰਡਾਂ, ਪਤਾਲਾਂ, ਅਕਾਸ਼ਾਂ ਵਿਚ ਜੀਵਾਂ ਨੂੰ ਦਾਤਾਂ ਬਖਸ਼ਸ਼ ਕਰ ਰਹੇ ਹੋ:—

ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ ਤੁਧੁ ਸਭਸੈ ਨੋ
ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ॥

ਬਿਹਾਗੜਾ ਕੀ ਮ: ੪ (ਪੰਨਾ ੫੪੯)

ਕੈਸਾ ਹੈ, ਆਪਣੇ ਵਰਗਾ ਉਹ ਆਪ ਮਾਲਕ! ਜਿਸ ਪ੍ਰਤੀ ਬਾਬਾ ਫਰੀਦ ਜੀ ਨੇ

ਫੁਰਮਾਨ ਕੀਤਾ ਹੈ :—

ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ ॥ ੫ ॥

ਸਲੋਕ ਫਰੀਦ ਜੀ (ਪੰਨਾ : ੧੩੭੮)

ਹੇ ਮਾਲਕ, ਮੈਂ ਸਾਰਾ ਸੰਸਾਰ ਚੰਗੀ ਤਰ੍ਹਾਂ ਘੁੰਮ ਫਿਰ ਕੇ ਵੇਖ ਲਿਆ ਹੈ। ਤੁਹਾਡੇ ਵਰਗਾ ਹੋਰ ਸੰਸਾਰ ਉੱਤੇ ਕੋਈ ਨਹੀਂ ਹੈ। ਸੱਚ ਵਰਗਾ ਹੋਰ ਹੋ ਵੀ ਨਹੀਂ ਸਕਦਾ।

ਉਹ ਸੱਚਾ ਆਦਿ ਵਿੱਚ ਵੀ ਸੀ, ਜੁੱਗਾਂ ਦੇ ਆਰੰਭ ਵਿੱਚ ਵੀ ਸੀ, ਹੁਣ ਭੀ ਹੈ। ਨਾਨਕ ਹੋਸੀ ਭੀ ਸੱਚ ਹੋਵੇਗਾ। ਉਸ ਸੱਚ ਵਰਗਾ ਹੋਰ ਸੰਸਾਰ ਵਿਚ ਕੋਈ ਨਹੀਂ ਹੈ। ਨਾ ਪਿੱਛੇ ਸੀ ਨਾ ਅਗਾਂਹ ਹੀ ਹੋਵੇਗਾ। ਜਗਤ ਤਾਰਕ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ, ਪੀਰ ਦਸਤਗੀਰ ਦੀ ਪੁਛ ਤੇ ਕਿ ਕੋਈ ਐਸਾ ਕੰਮ ਵੀ ਹੈ ਜੋ ਪ੍ਰਮਾਤਮਾ ਤੋਂ ਨਹੀਂ ਹੋ ਸਕਿਆ? ਸਾਹਿਬਾਂ ਨੇ ਉੱਤਰ ਦਿੱਤਾ ਸੀ, ਹਾਂ ਪੀਰ ਜੀ ਇਕ ਕੰਮ ਪ੍ਰਮਾਤਮਾ ਪਾਸੋਂ ਵੀ ਨਹੀਂ ਹੋ ਸਕਿਆ। ਉਹ ਹੈ ; ਪ੍ਰਮਾਤਮਾ ਆਪਣੇ ਵਰਗਾ ਪ੍ਰਮਾਤਮਾ ਨਹੀਂ ਬਣਾ ਸਕਿਆ। ਉਹ ਆਪਣੇ ਵਰਗਾ ਆਪ ਹੀ ਹੈ। ਉਸ ਵਰਗਾ ਹੋਰ ਕੋਈ ਨਹੀਂ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :—

ਦੂਸਰ ਹੋਆ ਨਾ ਕੋ ਹੋਈ ॥ ਜਪਿ ਨਾਨਕ ਪ੍ਰਭ ਏਕੋ ਸੋਈ ॥

ਸੂਹੀ ਮ: ੫ (ਪੰਨਾ ੭੪੦)

ਤਥਾ :— ਜੋ ਕਿਛੁ ਹੋਆ ਸੁ ਤੁਝ ਤੇ ਹੋਗੁ ॥
ਅਵਰੁ ਨ ਦੂਜਾ ਕਰਣੈ ਜੋਗੁ ॥

ਗਉੜੀ ਮ: ੫ (ਪੰਨਾ ੧੭੬)

ਸੱਚ ਕਦੇ ਘਟਦਾ-ਵਧਦਾ ਨਹੀਂ

ਸੰਸਾਰ ਦੀ ਹਰ ਚੀਜ ਘਟਦੀ ਵੀ ਹੈ, ਵਧਦੀ ਵੀ ਹੈ, ਪਰ ਸੱਚ ਕਦੇ ਘਟਦਾ ਵਧਦਾ ਨਹੀਂ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਇਸ ਅਟੱਲ ਸਚਾਈ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪੰਨਾ ੧੩੫੪ ਤੇ ਇਸ ਤਰ੍ਹਾਂ ਬਿਆਨਿਆ ਹੈ।

ਹੇ ਸੰਸਾਰ ਦੇ ਲੋਗੋਂ, ਸੁੰਦਰਤਾ-ਰੂਪ ਛਿੰਨ-ਛਿੰਨ ਕਰਕੇ ਘਟੀ ਜਾ ਰਿਹਾ ਹੈ। ਪ੍ਰਕਾਸ਼ ਤੇਜ ਵੀ ਘਟਦਾ ਹੈ। ਸੂਰਜ, ਚੰਦਰਮਾਂ, ਸਿਤਾਰੇ ਆਕਾਸ਼ ਸਭ ਦਿਨੋਂ-ਦਿਨ ਘਟ ਰਹੇ ਹਨ ਕਿਉਂਕਿ ਇਹ ਸਾਰੀ ਕ੍ਰਿਤ ਹੈ। ਕ੍ਰਿਤ ਸਭ ਬਿਨਸਣਹਾਰ ਹੈ। **"ਦ੍ਰਿਸਟਮਾਨ ਹੈ ਸਗਲ ਮਿਥੇਨਾ"**

ਧਰਤੀ ਵੀ ਘਟ ਰਹੀ ਹੈ, ਪਹਾੜ, ਦਰੱਖਤ, ਧਰਤੀ ਹਿੱਸੇ ਸਭ ਘਟ ਰਹੇ ਹਨ। ਇਸਤ੍ਰੀ, ਪੁੱਤਰ, ਭਰਾ, ਸੱਜਣ, ਹਿਤੂ ਸਭ ਘਟ ਰਹੇ ਹਨ ਕਿਉਂਕਿ ਨਾਸ਼ਵਾਨ

ਹਨ। ਸੋਨਾ, ਮੋਤੀ, ਮਾਇਆ ਦਾ ਆਪਣਾ ਜਲ-ਜਲੌਂ ਵੀ ਘਟ ਰਿਹਾ ਹੈ ਕਿਉਂਕਿ ਇਹ ਸਾਰੇ ਸਮਾਂ ਪਾ ਕੇ ਸਹਿਜੇ-ਸਹਿਜੇ ਨਾਸ਼ ਹੋ ਜਾਣਗੇ।

ਜੇ ਨਹੀਂ ਘਟਦਾ ਤਾਂ ਉਹ ਕੇਵਲ ਇੱਕ ਸੱਚਾ ਪ੍ਰਮੇਸ਼ਰ ਅਕਾਲ ਪੁਰਖ ਹੀ ਹੈ ਜਾਂ ਉਸ ਦੇ ਨਾਲ ਅਭੇਦ ਹੋ ਕੇ ਉਸ ਸੱਚੇ ਦਾ ਰੂਪ ਬਣੇ ਸਾਧੂ ਜਨ ਜੋ ਹਰ ਸਮੇਂ ਉਸ ਦਾ ਭਜਨ ਕਰਦੇ ਹਨ, ਉਹ ਥਿਰ ਹਨ :—

ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ ਨਖ੍ਹਤ੍ਰ ਗਗਨੰ ॥
ਘਟੰਤ ਬਸੁਧਾ ਗਿਰਿ ਤਰ ਸਿਖੰਡੰ ॥ ਘਟੰਤ ਲਲਨਾ ਸੁਤ ਭ੍ਰਾਤ ਹੀਤੰ ॥
ਘਟੰਤ ਕਨਿਕ ਮਾਨਿਕ ਮਾਇਆ ਸ੍ਵਰੂਪੰ ॥
ਨਹ ਘਟੰਤ ਕੇਵਲ ਗੋਪਾਲ ਅਚੁਤ ॥ ਅਸਥਿਰੰ ਨਾਨਕ ਸਾਧ ਜਨ ॥ ੬ ॥

ਸਲੋਕ ਸਹਸਕ੍ਰਿਤੀ ਮ: ੫ (ਪੰਨਾ : ੧੩੫੪)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਧਰਤੀ ਅਤੇ ਅਕਾਸ਼ ਵਿਚ ਸਭਨੀਂ ਥਾਈਂ ਇੱਕ ਅਕਾਲ ਪੁਰਖ ਦੀ ਜੋਤ, ਇੱਕ ਰਸ ਲਗਾ-ਤਾਰੀ ਸਮਾਈ ਹੋਈ ਹੈ। ਉਸ ਸੱਚੀ ਜੋਤ ਵਿਚ ਨ ਕੋਈ ਘਾਟਾ ਹੁੰਦਾ ਹੈ, ਨਾ ਹੀ ਵਾਧਾ ਕਿਉਂਕਿ ਉਹ ਸੱਚ ਹੈ। ਸੱਚ ਕਦੇ ਘਟਦਾ ਵਧਦਾ ਨਹੀਂ। ਉਸ ਜੋਤ ਨੂੰ ਨਾ ਕੋਈ ਨੁਕਸਾਨ ਪਹੁੰਚਾ ਸਕਦਾ ਹੈ, ਨ ਉਸ ਵਿਚ ਕੋਈ ਘਾਟ ਵਾਧ ਕਰ ਸਕਦਾ ਹੈ। ਉਹ ਸੱਚੀ ਜੋਤ ਇੱਕ ਸਮਾਨ ਰੂਪ ਵਿੱਚ ਵਰਤ ਰਹੀ ਹੈ। ਸੱਚ ਦੀ ਜੋਤ ਦਾ ਤੇਜ, ਸਰੀਰਾਂ ਵਿੱਚ ਵੀ ਹੈ, ਸਰੀਰਾਂ ਦੇ ਰਹਿਣ ਵਾਲੇ ਮਕਾਨਾਂ ਵਿੱਚ ਵੀ ਹੈ। ਉਸ ਪ੍ਰਕਾਸ਼ ਦਾ ਕੋਈ ਨਾਪ ਤੋਲ ਨਹੀਂ, ਉਹ ਅਪ੍ਰਮਾਨ ਹੈ। ਸਾਹਿਬਾਂ ਦਾ ਫੁਰਮਾਨ ਹੈ :—

ਜਿਮੀ ਜਮਾਨ ਕੇ ਬਿਖੈ ਸਮਸਤ ਏਕ ਜੋਤ ਹੈ ॥
ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ ॥
ਨ ਹਾਨ ਹੈ ਨ ਬਾਨ ਹੈ ਸਮਾਨ ਰੂਪ ਜਾਨੀਐ ॥
ਮਕੀਨ ਔ ਮਕਾਨ ਅਪ੍ਰਮਾਨ ਤੇਜ ਮਾਨੀਐ ॥ ੬ ॥੧੬੬ ॥

ਅਕਾਲ ਉਸਤਤ (ਪਾ: ੧੦)

ਜੋ ਵੀ ਪਸਾਰਾ ਦਿਸ ਰਿਹਾ ਹੈ, ਸਭ ਨਾਸ਼ਵੰਤ ਹੈ। ਕੇਵਲ ਤੇ ਕੇਵਲ ਇੱਕ ਅਕਾਲ ਪੁਰਖ ਹੀ ਸਦਾ ਥਿਰ ਰਹਿਣ ਵਾਲਾ ਹੈ ਜਾਂ ਉਸ ਦੇ ਵਿੱਚ ਅਭੇਦ ਹੋਏ ਗੁਰੂ ਪਿਆਰੇ ਥਿਰ ਹਨ। ਬਾਕੀ ਸਭ ਆਉਣ ਜਾਣ ਦੀ ਖੇਡ ਹੀ ਹੈ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਗਉੜੀ ਰਾਗ ਵਿੱਚ ਇੱਕ ਸਵਾਲ ਰੱਖਕੇ ਉੱਤਰ ਪੁਛਿਆ ਹੈ। ਉਹ ਕਿਹੜਾ ਅਸਥਾਨ ਹੈ ਜੋ ਕਦੇ ਵੀ ਨਾਸ਼ ਨਹੀਂ ਹੁੰਦਾ? ਉਹ ਕਿਹੜਾ ਸ਼ਬਦ ਹੈ ਜਿਸ ਨਾਲ ਖੋਟੀ ਮੱਤ ਦੂਰੀ ਹੁੰਦੀ ਹੈ? ਅਗਲੇਰੇ ਸਾਰੇ

ਸ਼ਬਦ ਵਿੱਚ ਸਾਹਿਬਾਂ ਨੇ ਦ੍ਰਿਸ਼ਟ, ਅਦ੍ਰਿਸ਼ਟ ਸਭ ਲੋਅ ਪੁਰੀਆਂ ਦੀ ਗਿਣਤੀ ਕਰਕੇ ਨਾਲ-ਨਾਲ ਫੁਰਮਾਨ ਕੀਤਾ ਹੈ ਕਿ ਸਾਰੇ ਟਿਕਾਣੇ, ਦ੍ਰਿਸ਼ਟ ਅਤੇ ਅਦ੍ਰਿਸ਼ਟ ਨਾਸ਼ ਹੋ ਜਾਣ ਵਾਲੇ ਹਨ। ਸਦਾ ਥਿਰ ਤੇ ਨ ਚਲਾਇਮਾਨ ਕੇਵਲ ਤੇ ਕੇਵਲ ਇਕ ਸੱਚਾ ਅਕਾਲ ਪੁਰਖ ਅਤੇ ਉਸ ਦੀ ਪਿਆਰੀ ਸਾਧ ਸੰਗਤ ਹੀ ਹੈ। ਕਿਵੇਂ ਸਤਿਗੁਰੂ ਜੀ ਨੇ ਗਿਣਤੀ ਕੀਤੀ ਹੈ। ਸ਼ਬਦ ਨੂੰ ਸੰਖੇਪ ਰੂਪ ਵਿੱਚ ਵਾਚ ਲਈਏ, ਸੱਚੇ ਪ੍ਰਭੂ ਦੀ ਸਥਿੱਰਤਾ ਦਾ ਪਤਾ ਚੱਲ ਜਾਵੇਗਾ।

ਸਾਹਿਬਾਂ ਨੇ ਫੁਰਮਾਨ ਕੀਤਾ ਹੈ। ਹੇ ਭਾਈ ! ਇੰਦ੍ਰ ਪੁਰੀ (ਜਿੱਥੇ ਇੰਦ੍ਰ ਦਾ ਟਿਕਾਣਾ ਹੈ) ਨੇ ਵੀ ਸਦਾ ਨਹੀਂ ਰਹਿਣਾ, ਉਹ ਵੀ ਨਾਸ਼ਵਾਨ ਹੈ। ਜੋ ਬ੍ਰਹਮ ਪੁਰੀ ਦਾ ਵਾਸੀ ਬਣ ਜਾਂਦਾ ਹੈ, ਉਸ ਦੀ ਬ੍ਰਹਮਪੁਰੀ ਵਿੱਚ ਰਹਿਣ ਦੀ ਮਿਆਦ ਵੀ ਘਟਦੀ ਹੈ। ਉੱਥੇ ਵੀ ਕੋਈ ਸਦਾ ਨਿਵਾਸ ਨਹੀਂ ਪਾਉਂਦਾ। ਇਸੇ ਤਰ੍ਹਾਂ ਸ਼ਿਵ ਪੁਰੀ ਦੇ ਵਾਸੀ ਦਾ ਵੀ ਇੱਕ ਦਿਨ ਅੰਤ ਹੋ ਜਾਣਾ ਹੈ। ਤਿੰਨਾਂ ਗੁਣਾਂ ਰਜੋ, ਤਮੋ, ਸਤੋ ਗੁਣਾਂ ਵਿੱਚ ਵਿਚਰਨ ਵਾਲੇ ਸਾਰੇ ਜੀਵ ਇੱਕ ਦਿਨ ਫਨਾਹ ਹੋ ਜਾਣਗੇ।

ਹੇ ਭਾਈ, ਇਹ ਦਿਸ ਰਹੇ ਪਹਾੜ, ਬ੍ਰਿਛ, ਧਰਤੀ, ਅਕਾਸ਼, ਤਾਰੇ, ਸੂਰਜ, ਚੰਦਰਮਾਂ, ਹਵਾ, ਅੱਗ, ਪਾਣੀ, ਦਿਨ ਰਾਤ, ਬੇਦ, ਸ਼ਾਸਤ੍ਰ ਸਭ ਨਾਸ਼ ਹੋ ਜਾਣਗੇ।

ਤੀਰਥ, ਦੇਵ ਅਸਥਾਨ ਤੇ ਕਰਮਕਾਂਡ ਅਤੇ ਇਹਨਾਂ ਦੇ ਧਾਰਨੀ ਸਭ ਬਿਨਸਨਹਾਰ ਹਨ। ਸਾਰੇ ਪਸ਼ੂ, ਪੰਛੀ, ਜਾਤਾਂ ਫਿਰਕੇ ਮਜਹਬ, ਸਾਰਾ ਪਸਾਰਾ ਅਵੱਸ਼ ਨਾਸ਼ ਹੋ ਜਾਵੇਗਾ।

ਕੇਵਲ ਸਦਾ ਥਿਰ ਰਹਿਣ ਵਾਲਾ ਨ ਚਲਾਇਮਾਨ ਕੇਵਲ ਇੱਕ ਸੱਚਾ ਪ੍ਰਮੇਸ਼ਰ ਹੈ ਜਾਂ ਉਸ ਦੀ ਸੱਚੀ ਸਿਫਤੋ ਸਲਾਹ ਕਰਨ ਵਾਲੇ ਸਤਸੰਗੀ ਜਨ ਹਨ।

ਸੱਚੇ ਵਾਹਿਗੁਰੂ ਦੀ ਸਿਫਤੋ ਸਲਾਹ ਕਰਨ ਨਾਲ ਜੋ ਨਿਹਚਲ ਅਡੋਲ ਟਿਕਾਣਾ ਮਿਲਦਾ ਹੈ, ਉੱਥੇ ਨਾ ਡਰ ਹੈ, ਨਾ ਭਰਮ, ਨਾ ਚਿੰਤਾ, ਨਾ ਝੋਰਾ, ਨਾ ਆਵਾਗਵਣ ਨਾ ਤੌਖਲਾ। ਬਸ ਅਨੰਦ ਹੀ ਅਨੰਦ ਦਾ ਮੰਡਲ ਹੈ। ਜੋ ਨਿਹਚਲ ਸੱਚ ਦੇ ਨਾਲ ਜੁੜ ਜਾਂਦਾ ਹੈ ਉਹ ਵੀ ਸਦਾ ਵਾਸਤੇ ਨਿਹਚਲ ਹੋ ਜਾਂਦਾ ਹੈ। ਸਾਹਿਬਾਂ ਦਾ ਫੁਰਮਾਨ ਪੜ੍ਹੀਏ :—

ਕਵਨੁ ਅਸਥਾਨੁ ਜੋ ਕਬਹੁ ਨ ਟਰੈ॥
ਕਵਨੁ ਸਬਦੁ ਜਿਤੁ ਦੁਰਮਤਿ ਹਰੈ॥ ੧॥ ਰਹਾਉ॥
ਇੰਦ੍ਰ ਪੁਰੀ ਮਹਿ ਸਰਪਰ ਮਰਣਾ॥ ਬ੍ਰਹਮ ਪੁਰੀ ਨਿਹਚਲ ਨਹੀ ਰਹਣਾ॥
ਸਿਵ ਪੁਰੀ ਕਾ ਹੋਇਗਾ ਕਾਲਾ॥ ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ॥ ੨॥
ਗਿਰਿ ਤਰ ਧਰਣਿ ਗਗਨ ਅਰੁ ਤਾਰੇ॥ ਰਵਿ ਸਸਿ ਪਵਣੁ ਪਾਵਕੁ ਨੀਰਾਰੇ॥

ਦਿਨਸੁ ਰੈਣ ਬਰਤ ਅਰੁ ਭੇਦਾ॥ ਸਾਸਤ ਸਿੰਮ੍ਰਿਤਿ ਬਿਨਸਹਿਗੇ ਬੇਦਾ॥ ੩॥
ਤੀਰਥ ਦੇਵ ਦੇਹੁਰਾ ਪੋਥੀ॥ ਮਾਲਾ ਤਿਲਕੁ ਸੋਚ ਪਾਕ ਹੋਤੀ॥
ਧੋਤੀ ਡੰਡਉਤਿ ਪਰਸਾਦਨ ਭੋਗਾ॥ ਗਵਨੁ ਕਰੈਗੋ ਸਗਲੋ ਲੋਗਾ॥ ੪॥
ਜਾਤਿ ਵਰਨ ਤੁਰਕ ਅਰੁ ਹਿੰਦੂ॥ ਪਸੁ ਪੰਖੀ ਅਨਿਕ ਜੋਨਿ ਜਿੰਦੂ॥
ਸਗਲ ਪਾਸਾਰੁ ਦੀਸੈ ਪਾਸਾਰਾ॥ ਬਿਨਸਿ ਜਾਇਗੋ ਸਗਲ ਆਕਾਰਾ॥ ੫॥
ਸਹਜ ਸਿਫਤਿ ਭਗਤਿ ਤਤੁ ਗਿਆਨਾ॥ ਸਦਾ ਅਨੰਦੁ ਨਿਹਚਲੁ ਸਚੁ ਥਾਨਾ॥
ਤਹਾ ਸੰਗਤਿ ਸਾਧ ਗੁਣ ਰਸੈ॥ ਅਨਭਉ ਨਗਰੁ ਤਹਾ ਸਦ ਵਸੈ॥ ੬॥
ਤਹ ਭਉ ਭਰਮਾ ਸੋਗੁ ਨ ਚਿੰਤਾ॥ ਆਵਣੁ ਜਾਵਣੁ ਮਿਰਤੁ ਨ ਹੋਤਾ॥
ਤਹ ਸਦਾ ਅਨੰਦ ਅਨਹਤ ਆਖਾਰੇ॥ ਭਗਤ ਵਸਹਿ ਕੀਰਤਨ ਆਧਾਰੇ॥ ੭॥
ਪਾਰਬ੍ਰਹਮ ਕਾ ਅੰਤੁ ਨ ਪਾਰੁ॥ ਕਉਣ ਕਰੈ ਤਾ ਕਾ ਬੀਚਾਰੁ॥
ਕਹੁ ਨਾਨਕ ਜਿਸੁ ਕਿਰਪਾ ਕਰੈ॥ ਨਿਹਚਲ ਥਾਨੁ ਸਾਧਸੰਗਿ ਤਰੈ॥੮॥੪॥

ਗਉੜੀ ਮ: ੫ (ਪੰਨਾ ੨੩੭)

ਇਕ ਸੱਚੇ ਪ੍ਰਭੂ ਨੂੰ ਛੱਡ ਕੇ ਬਾਕੀ ਸਭ ਆਪਣੇ-ਆਪਣੇ ਸਮੇਂ ਨੂੰ ਪੂਰਾ ਕਰਕੇ ਸਭ ਬਿਨਸ ਜਾਣਗੇ। ਸਦਾ ਥਿਰ ਕੇਵਲ ਅਕਾਲ ਪੁਰਖ ਅਤੇ ਉਸ ਦੇ ਵਿੱਚ ਅਭੇਦ ਹੋਏ ਗੁਰੂ ਪਿਆਰੇ ਹੀ ਰਹਿਣਗੇ। ਜਿਸ ਦੇ ਸਿਰ ਤੇ ਕਾਲ ਦਾ ਕੁੰਡਾ ਹੈ, ਉਹ ਸਮੇਂ ਨਾਲ ਘਟਦਾ-ਘਟਦਾ ਇਕ ਦਿਨ ਬਿਨਸ ਜਾਂਦਾ ਹੈ। ਜੋ ਨਹੀਂ ਘਟਦਾ ਤੇ ਬਿਨਸਦਾ, ਉਹ ਕੇਵਲ ਅਕਾਲ ਸੱਚ ਵਾਹਿਗੁਰੂ ਹੀ ਹੈ :—

ਅਮੋਘ ਦਰਸਨ ਆਜੂਨੀ ਸੰਭਉ॥
ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ॥

ਮਾਰੂ ਮ: ੫ (ਪੰਨਾ ੧੦੮੨)

ਸੱਚ ਅਤੇ ਕੂੜ ਇਕੱਠੇ ਨਹੀਂ ਰਹਿ ਸਕਦੇ

ਸੱਚ ਦਾ ਤੇ ਕੂੜ ਦਾ ਅਜੋੜ ਹੈ, "ਦੋਇ ਨ ਵਸੈ ਇਕ ਥਾਇ" ਸਤਿਗੁਰੂ ਸ੍ਰੀ ਗੁਰੂ ਅਮਰ ਦਾਸ ਜੀ ਦਾ ਸਤਿ ਪ੍ਰਤੀ ਅਟੱਲ ਫੁਰਮਾਨ ਹੈ। ਸੱਚ ਦੇ ਵਿੱਚ ਕੂੜ ਕਦੇ ਵੀ ਰਲ ਨਹੀਂ ਸਕਦਾ, ਆਪਣੇ ਮਨ ਵਿੱਚ ਪੂਰਨ ਤੌਰ ਤੇ ਨਿਰਣਾ ਕਰਕੇ ਵੇਖ ਲਵੋ, ਸਤਿਗੁਰੂ ਸੱਚ ਦਾ ਸੋਮਾ ਹੈ। ਕੂੜ ਦੇ ਧਾਰਨੀਆਂ ਨੇ ਸੱਚ ਵਿਚ ਅਭੇਦ ਤਾਂ ਕੀ ਹੋਣਾ ਹੈ? ਉਸ ਸਚਿਆਰ ਸਤਿਗੁਰੂ ਪਾਸ ਬੈਠ ਵੀ ਨਹੀਂ ਸਕਦੇ ਕਿਉਂਕਿ ਸਤਿਗੁਰੂ ਦੇ ਪਾਸ ਸੱਚ ਦਾ ਵਰਤਾਰਾ ਵਰਤਦਾ ਹੈ। ਕੂੜਿਆਰ ਦੀ ਖੁਰਾਕ ਸੱਚ ਨਹੀਂ ਹੈ। ਜੇ ਕੂੜਿਆਰ ਗੁਰੂ ਦੇ ਪਾਸ ਆ ਵੀ ਜਾਣ, ਉਹ ਵਲ-ਫਰੇਬ ਕਰਕੇ ਆਪਣਾ ਸਮਾਂ ਬਤੀਤ ਕਰਦੇ ਹਨ। ਮੁੜ ਕੂੜਿਆਰਾਂ ਦੀ ਸੰਗਤ ਵਿੱਚ ਜਾ ਕੇ ਕੂੜ ਦਾ ਅਹਾਰ ਕਰਕੇ ਆਪਣੇ ਮਨ ਦੀ

ਤ੍ਰਿਪਤੀ ਕਰਦੇ ਹਨ ਕਿਉਂਕਿ "ਓਨਾ ਰਿਜਕੁ ਨ ਪਾਇਓ ਓਥੈ ਓਨਾ ਹੋਰੋ ਖਾਣਾ॥ ਮ:੧॥

ਤਥਾ:— ਓਨਾ ਦਾ ਭਖੁ ਸੁ ਓਥੈ ਨਾਹੀ ਜਾਇ ਕੂੜੁ ਲਹਨਿ ਭੇਡਾਰੇ॥

ਮ: ੩ (ਪੰਨਾ ੩੧੨)

ਸਤਿਗੁਰੂ ਜੀ ਦਾ ਫੁਰਮਾਨ ਹੈ :—

ਜਿਨ ਕੈ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ॥
ਕਿਉਂਕਿ :— ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ॥
ਓਇ ਵਲੁ ਛਲੁ ਕਰਿ ਝਤਿ ਕਢਦੇ ਫਿਰਿ ਜਾਇ ਬਹਹਿ ਕੂੜਿਆਰਾ ਪਾਸਿ॥
ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ॥
ਕੂੜਿਆਰ ਕੂੜਿਆਰੀ ਜਾਇ ਰਲੇ ਸਚਿਆਰ ਸਿਖ ਬੈਠੇ ਸਤਿਗੁਰ ਪਾਸਿ॥ ੨੯॥

ਪਉੜੀ (ਪੰਨਾ ੩੧੪)

ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ। ਜਿਹਨਾਂ ਦੇ ਅੰਦਰ ਝੂਠ ਟਿਕਿਆ ਹੋਇਆ ਹੈ, ਉਹਨਾਂ ਨੂੰ ਸੱਚ ਕਦਾਚਿਤ ਵੀ ਚੰਗਾ ਨਹੀਂ ਲੱਗਦਾ। ਜਦੋਂ ਸਚਾ ਮਨੁੱਖ ਸੱਚ ਦੀ ਗੱਲ ਕਰਦਾ ਹੈ, ਸੱਚ ਤੇ ਝੂਠ ਦਾ ਅਜੋੜ ਹੋਣ ਕਾਰਣ ਝੂਠਾ ਮਨੁੱਖ ਸੱਚ ਨੂੰ ਸੁਣ ਕੇ ਜਲਦਾ ਹੈ, ਸੜਦਾ ਹੈ ਕਿਉਂਕਿ ਕੂੜਾ ਮਨੁੱਖ ਝੂਠ ਦੀ ਖੁਰਾਕ ਨਾਲ ਤ੍ਰਿਪਤ ਹੁੰਦਾ ਹੈ। ਜਿਵੇਂ ਕਾਂ ਨੂੰ ਜਿੰਨੇ ਮਰਜੀ ਚੰਗੇ ਭੋਜਨ ਖਾਣ ਲਈ ਦਿਉ, ਪਰ ਕਾਂ ਗੰਦਗੀ ਖਾ ਕੇ ਹੀ ਤ੍ਰਿਪਤ ਹੁੰਦਾ ਹੈ :—

ਜਿਨਾ ਅੰਦਰਿ ਕੂੜੁ ਵਰਤੈ ਸਚੁ ਨ ਭਾਵਈ।
ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ॥
ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ॥

ਸੋਰਠਿ ਵਾਰ ਮ: ੪ (ਪੰਨਾ ੬੪੬)

ਗੁਰਮਤ ਦੇ ਮਹਾਨ ਦਾਰਸ਼ਨਿਕ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਸਤਿਗੁਰਾਂ ਦੇ ਇਸੇ ਆਸ਼ੇ ਦੀਆਂ ਕਈ ਉਦਾਹਰਨਾਂ ਦੇ ਕੇ ਖੁਲਾਸਾ ਕੀਤਾ ਹੈ। ਸੱਚ ਨਿਰੋਲ ਨਿਰਮਲ, ਪਵਿੱਤ੍ਰ ਹੈ। ਝੂਠ ਨਿਰਾ ਪਲੀਤ ਤੇ ਮੈਲਾ ਹੈ। ਇਸ ਲਈ ਝੂਠ ਸੱਚ ਵਿੱਚ ਰਲ ਨਹੀਂ ਸਕਦਾ। ਦੋਵਾਂ ਦਾ ਅਜੋੜ ਹੈ। ਜਿਵੇਂ ਅੱਖ ਦੇ ਵਿੱਚ ਛੋਟਾ ਜਿਹਾ ਕਚਰਾ ਪੈ ਜਾਵੇ, ਮਨੁੱਖ ਸਾਰੀ ਰਾਤ ਔਖਾ ਹੋ ਕੇ ਦੁੱਖ ਨਾਲ ਕੱਟਦਾ ਹੈ। ਜਿਵੇਂ ਭੋਜਨ ਵਿੱਚ ਮੱਖੀ ਪੈ ਜਾਵੇ, ਉਸ ਮੱਖੀ ਵਾਲੇ ਭੋਜਨ ਨੂੰ ਖਾ ਲੈਣ ਨਾਲ ਭੋਜਨ ਅੰਦਰ ਠਹਿਰਦਾ ਨਹੀਂ। ਉਛਾਲਾਂ ਕਰਕੇ ਬਾਹਰ ਕੱਢਣਾ ਪੈਂਦਾ ਹੈ।

ਜਿਵੇਂ ਰੂਈਂ ਦੇ ਵਿੱਚ ਇੱਕ ਛੋਟੀ ਜਿਹੀ ਅੱਗ ਦੀ ਚੰਗਿਆੜੀ ਪੈ ਜਾਵੇ, ਅੱਗ ਦੀ ਚੰਗਿਆੜੀ ਰੂਈਂ ਵਿੱਚ ਸਮਾਉਂਦੀ ਨਹੀਂ ਸਗੋਂ ਰੂਈਂ ਨੂੰ ਭਸਮ ਕਰਕੇ ਸੁਆਹ ਕਰ ਦਿੰਦੀ ਹੈ।

ਜਿਵੇਂ ਦੁੱਧ ਦੇ ਵਿੱਚ ਕਾਂਜੀ ਦੀ ਛੋਟੀ ਜਿਹੀ ਇੱਕ ਛਿੱਟ ਪੈ ਜਾਵੇ, ਸਾਰੇ ਦੁੱਧ ਨੂੰ ਖਰਾਬ ਕਰ ਦਿੰਦੀ ਹੈ, ਉਸ ਦਾ ਸਵਾਦ ਬਦਲ ਜਾਂਦਾ ਹੈ। ਦੁੱਧ ਬੇਕਾਰ ਹੋ ਜਾਂਦਾ ਹੈ।

ਜਿਵੇਂ ਥੋੜ੍ਹਾ ਜਿਹਾ ਜ਼ਹਿਰ ਭਾਵੇਂ ਬਾਦਸ਼ਾਹ ਵੀ ਚੱਖ ਲਵੇ ਜ਼ਹਿਰ ਉਸਦਾ ਲਿਹਾਜ ਨਹੀਂ ਕਰਦਾ, ਉਸ ਨੂੰ ਵੀ ਮਾਰ ਦਿੰਦਾ ਹੈ।

ਇਸੇ ਤਰ੍ਹਾਂ, ਸੱਚ ਦੇ ਅੰਦਰ, ਝੂਠ ਕਦਾਚਿਤ ਸਮਾਈ ਨਹੀਂ ਕਰ ਸਕਦਾ ਕਿਉਂਕਿ ਸੱਚ ਦਾ ਤੇ ਝੂਠ ਦਾ ਅਜੋੜ ਹੈ :—

ਸਚੁ ਸਪੂਰਣ ਨਿਰਮਲਾ ਤਿਸੁ ਵਿਚਿ ਕੂੜੁ ਨ ਰਲਦਾ ਰਾਈ॥
ਅਖੀ ਕਤੁ ਨ ਸੰਜਰੈ ਤਿਣੁ ਅਉਖਾ ਦੁਖਿ ਰੈਣਿ ਵਿਹਾਈ॥
ਭੋਜਣ ਅੰਦਰਿ ਮਖਿ ਜਿਉ ਹੋਇ ਦੁਕੁਧਾ ਫੇਰਿ ਕਢਾਈ॥
ਰੂਈ ਅੰਦਰਿ ਚਿਣਗ ਵਾਂਗ ਦਾਹਿ ਤਸਮੰਤੁ ਕਰੇ ਦੁਖਦਾਈ॥
ਕਾਂਜੀ ਦੁਧੁ ਕੁਸੁਧ ਹੋਇ ਫਿਟੈ ਸਾਦਹੁ ਵੰਨਹੁ ਜਾਈ॥
ਮਹੁਰਾ ਚੁਖਕੁ ਚਖਿਆ ਪਾਤਿਸਾਹਾ ਮਾਰੈ ਸਹਮਾਈ॥
ਸਚਿ ਅੰਦਰਿ ਕਿਉ ਕੂੜੁ ਸਮਾਈ॥

(ਵਾਰ ੩੦, ਪਉੜੀ ੧੭)

ਸੱਚ ਨਾਲ ਕਿਵੇਂ ਮਿਲਿਆ ਜਾਵੇ?

ਸੱਚ ਦੇ ਵਿੱਚ ਸਮਾਈ ਲੈਣ ਵਾਸਤੇ ਸਚਿਆਰ ਬਣਨਾ ਪਵੇਗਾ। ਸਚਿਆਰ ਕਿਵੇਂ ਬਣਨਾ ਹੈ? ਸਾਹਿਬਾਂ ਨੇ ਸਾਡਾ ਪ੍ਰਸ਼ਨ ਲਿਖ ਕੇ ਨਾਲ ਹੀ ਉਤਰ ਦਿਤਾ ਹੈ। ਸਵਾਲ ਹੈ? ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥

ਬਾਬਾ ਨਾਨਕ ਜੀ ਨੇ ਉੱਤਰ ਦਿੱਤਾ ਹੈ :—

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ ੧॥

ਜਪੁਜੀ (ਪੰਨਾ : ੧)

ਹੁਕਮ ਕੀ ਹੈ?

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥ ੫॥

ਸਿਰੀਰਾਗੁ ਮ: ੧ (ਪੰਨਾ : ੭੨)

ਜਿਥੇ ਪ੍ਰਭੂ ਸਤਿ ਹੈ ਉੱਥੇ ਉਸ ਦਾ ਨਾਮ ਵੀ ਸਤਿ ਹੈ। ਸਤਿ-ਨਾਮ ਦੀ ਲਿਵ-ਡਾਰ ਨਾਲ ਸੱਚ ਦੇ ਨਾਲ ਆਪਣਾ ਸੰਪਰਕ ਬਣਾਉਣਾ ਹੈ। ਜਿੰਨੀ ਸੱਚ ਦੇ ਨਾਲ ਦੀ

ਲਿਵ-ਡੋਰੀ ਪਰਪੱਕ ਹੋਵੇਗੀ ਉਨਾਂ ਹੀ ਸੱਚ ਦੇ ਨਾਲ ਸੰਪਰਕ ਪਰਪੱਕ ਹੋਵੇਗਾ। ਇਸ ਲਈ, "**ਜਪ ਮਨ ਸਤ ਨਾਮ ਸਦਾ ਸਤ ਨਾਮ**" ਦੇ ਦ੍ਰਿੜ ਧਾਰਨੀ ਬਣਨਾ ਪਵੇਗਾ, ਦ੍ਰਿੜ੍ਹਤਾ ਨਾਲ ਜਿਹੜਾ ਵੀ ਸੱਚ ਦੇ ਚਰਨ ਪਰਸੇਗਾ, ਜੋ ਸੱਚ ਦੀ ਪੂਜਾ ਕਰੇਗਾ, ਜੋ ਸੱਚ ਨੂੰ ਧਿਆਵੇਗਾ, ਉਹ ਸਦੀਵ ਕਾਲ ਲਈ ਸਤਿ ਦਾ ਰੂਪ ਹੀ ਬਣ ਜਾਵੇਗਾ। ਪ੍ਰਭੂ ਆਪ ਸਤਿ ਹੈ।

ਜੋ ਪ੍ਰਭੂ ਦੇ ਸਚੇ ਗੁਣ ਗਾਵੇਗਾ ਉਹ ਸੱਚੇ ਗੁਣੀ ਨਿਧਾਨ ਵਿੱਚ ਸਮਾਈ ਪ੍ਰਾਪਤ ਕਰ ਲਵੇਗਾ। ਪ੍ਰਭੂ ਸੱਚ ਵਿਚ ਸੁਰਤੀ ਜੋੜਨ ਵਾਲਾ, ਪ੍ਰਭੂ ਦਾ ਸੱਚਾ ਜੱਸ ਸ੍ਵਣ ਕਰਨ ਵਾਲਾ ਸੱਚ ਦੇ ਨਾਲ ਸਦੀਵ ਕਾਲ ਲਈ ਅਭੇਦ ਹੋ ਜਾਂਦਾ ਹੈ। ਸਾਹਿਬ ਪੰਚਮ ਪਾਤਸ਼ਾਹ ਜੀ ਦਾ ਫੁਰਮਾਨ ਹੈ :—

ਚਰਨ ਸਤਿ ਸਤਿ ਪਰਸਨਹਾਰ॥
ਪੂਜਾ ਸਤਿ ਸਤਿ ਸੇਵਦਾਰ॥
ਦਰਸਨੁ ਸਤਿ ਸਤਿ ਪੇਖਨਹਾਰ॥
ਨਾਮੁ ਸਤਿ ਸਤਿ ਧਿਆਵਨ ਹਾਰ॥
ਆਪਿ ਸਤਿ ਸਤਿ ਸਭ ਧਾਰੀ॥
ਆਪੇ ਗੁਣ ਆਪੇ ਗੁਣਕਾਰੀ॥
ਸਬਦੁ ਸਤਿ ਸਤਿ ਪ੍ਰਭੁ ਬਕਤਾ॥
ਸੁਰਤਿ ਸਤਿ ਸਤਿ ਜਸੁ ਸੁਨਤਾ॥
ਬੁਝਨਹਾਰ ਕਉ ਸਤਿ ਸਭ ਹੋਇ॥
ਨਾਨਕ ਸਤਿ ਸਤਿ ਪ੍ਰਭੁ ਸੋਇ॥

ਸੁਖਮਨੀ (ਪੰਨਾ : ੨੮੫)

ਜਿਹਨਾਂ ਵਡਭਾਗੀਆਂ ਦੇ ਮਨ ਵਿੱਚ ਸਚਿਆਰ ਬਣ ਕੇ ਸੱਚ ਵਿੱਚ ਅਭੇਦ ਹੋਣ ਲਈ ਉਮਾਹ ਪੈਦਾ ਹੋ ਜਾਂਦਾ ਹੈ, ਉਹ ਗੁਰੂ ਪਿਆਰੇ ਸੁੱਤਿਆਂ ਵੀ ਸੱਚ ਦੀ ਅਰਾਧਨਾ ਕਰਕੇ ਸੱਚ ਨਾਲ ਜੁੜੇ ਰਹਿੰਦੇ ਹਨ। ਜਦੋਂ ਜਾਗਤ੍ਰ ਵਿੱਚ ਆਉਂਦੇ ਹਨ ਫਿਰ ਵੀ ਸੱਚ ਦਾ ਪੱਲਾ ਨਹੀਂ ਛੱਡਦੇ। ਐਸੇ ਸੱਚ ਦੇ ਨਾਲ ਜੁੜੇ ਗੁਰੂ ਪਿਆਰੇ ਵਿਰਲੇ ਹਨ। ਜਿਹਨਾਂ ਨੂੰ ਮਨ ਅਤੇ ਤਨ ਕਰਕੇ ਸੱਚੇ ਵਾਹਿਗੁਰੂ ਦਾ ਨਾਮ ਚੰਗਾ ਲੱਗਦਾ ਹੈ, ਉਹਨਾਂ ਦੀ ਪਹੁੰਚ ਸੱਚੀ ਦਰਗਾਹ ਵਿੱਚ ਹੋ ਜਾਂਦੀ ਹੈ। ਸੱਚ ਸਦੀਵੀ ਹੈ। ਜੋ ਸੱਚੇ ਨਾਮ ਜਪ ਦੁਆਰਾ ਸੱਚ ਨਾਲ ਜੁੜ ਜਾਂਦੇ ਹਨ। ਸਤਿਗੁਰੂ ਉਹਨਾਂ ਤੋਂ ਬਲਿਹਾਰ ਜਾਂਦੇ ਹਨ। ਸਾਹਿਬਾਂ ਦਾ ਬਚਨ ਹੈ :—

ਸਚੁ ਸੁਤਿਆ ਜਿਨੀ ਅਰਾਧਿਆ ਜਾ ਉਠੇ ਤਾ ਸਚਿ ਚਵੇ॥
ਸੇ ਵਿਰਲੇ ਜੁਗ ਮਹਿ ਜਾਣੀਅਹਿ ਜੋ ਗੁਰਮੁਖਿ ਸਚੁ ਰਵੇ॥
ਹਉ ਬਲਿਹਾਰੀ ਤਿਨ ਕਉ ਜਿ ਅਨਦਿਨੁ ਸਚੁ ਲਵੇ॥

ਜਿਨ ਮਨਿ ਤਨਿ ਸਚਾ ਭਾਵਦਾ ਸੇ ਸਚੀ ਦਰਗਹ ਗਵੇ॥
ਜਨੁ ਨਾਨਕੁ ਬੋਲੈ ਸਚੁ ਨਾਮੁ ਸਚੁ ਸਚਾ ਸਦਾ ਨਵੇ॥ ੨੧॥

ਪਉੜੀ (ਪੰਨਾ : ੩੧੨)

ਸੱਚੇ ਨਾਲ ਜੁੜ ਕੇ ਸਚਿਆਰ ਹੋਇਆ ਜਾ ਸਕਦਾ ਹੈ। ਕੂੜੇ ਨਾਲ ਜੁੜ ਕੇ ਤਾਂ ਕੂੜਿਆਰ ਹੀ ਬਣੀ ਦਾ ਹੈ।

ਜਿਹਨਾਂ ਨੇ ਨਿਰੋਲ ਸੱਚੇ ਵਾਹਿਗੁਰੂ ਦਾ ਸਿਮਰਨ ਕੀਤਾ ਹੈ। ਉਹ ਨਿਰੋਲ ਸੱਚੇ ਵਾਹਿਗੁਰੂ ਦੇ ਸਚਿਆਰ ਭਗਤ ਹਨ। ਉਹਨਾਂ ਨੇ ਸੱਚੇ ਨਾਮ ਦਾ ਪੱਲਾ ਫੜ ਕੇ ਸੱਚੇ ਵਾਹਿਗੁਰੂ ਨੂੰ ਆਪਣੇ ਅੰਦਰੋਂ ਹੀ ਪ੍ਰਾਪਤ ਕਰ ਲਿਆ ਹੈ। ਜਿਹਨਾਂ ਨੇ ਸੱਚੇ ਵਾਹਿਗੁਰੂ ਨੂੰ ਸਿਮਰਿਆ ਹੈ ਉਹਨਾਂ ਸਚਿਆਰਾਂ ਨੇ ਕਾਲ ਨੂੰ ਭੀ ਆਪਣੇ ਵਸ ਵਿੱਚ ਕਰ ਲਿਆ ਹੈ। ਜਿਹੜੇ ਗੁਰੂ ਪਿਆਰੇ ਸੱਚ ਦਾ, ਜੋ ਸਭਨਾਂ ਤੋਂ ਵੱਡਾ ਹੈ, ਉਸ ਦਾ ਸਿਮਰਨ ਕਰਦੇ ਹਨ। ਉਹ ਸੱਚੇ ਵਾਹਿਗੁਰੂ ਜੀ ਵਿੱਚ ਹੀ ਰਲ ਜਾਂਦੇ ਹਨ। ਉਹ ਸੱਚ ਦਾ ਸਰੂਪ ਹੀ ਹੋ ਜਾਂਦੇ ਹਨ। ਜਿਹਨਾਂ ਨੇ ਸੱਚ ਪ੍ਰਭੂ ਨੂੰ ਸੇਵਿਆ ਹੈ, ਉਹਨਾਂ ਦੇ ਮਨੁੱਖਾਂ ਜਨਮ ਨੂੰ ਸ਼ਾਬਾਸ਼ ਹੈ। ਉਹ ਧੰਨਤਾ ਦੇ ਯੋਗ ਹਨ। ਜਿਹਨਾਂ ਨੇ ਸੱਚ ਦੀ ਅਰਾਧਨਾ ਕਰਕੇ ਨਾਮ ਦੇ ਸ਼੍ਰੇਸ਼ਟ ਫਲ ਨੂੰ ਪ੍ਰਾਪਤ ਕਰ ਲਿਆ ਹੈ :—

ਸਚੁ ਸਚੇ ਕੇ ਜਨ ਭਗਤ ਹਹਿ ਸਚੁ ਸਚਾ ਜਿਨੀ ਅਰਾਧਿਆ॥
ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ॥
ਸਚੁ ਸਾਹਿਬੁ ਸਚੁ ਜਿਨੀ ਸੇਵਿਆ ਕਾਲੁ ਕੰਟਕੁ ਮਾਰਿ ਤਿਨੀ ਸਾਧਿਆ॥
ਸਚੁ ਸਚਾ ਸਭ ਦੂ ਵਡਾ ਹੈ ਸਚੁ ਸੇਵਨਿ ਸੇ ਸਚਿ ਰਲਾਧਿਆ॥
ਸਚੁ ਸਚੇ ਨੋ ਸਾਬਾਸਿ ਹੈ ਸਚੁ ਸਚਾ ਸੇਵਿ ਫਲਾਧਿਆ॥ ੨੨॥

ਪਉੜੀ (ਪੰਨਾ : ੩੧੩)

ਸੱਚਾ ਪ੍ਰਭੂ ਐਸਾ ਹੈ ਜਿਸ ਨੇ ਸਾਰੀ ਕੁਦਰਤ ਨੂੰ ਸਾਜ ਕੇ ਉਸ ਨੂੰ ਚਲਾਉਣ ਵਾਸਤੇ, "**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ**" ਦੀ ਜਗਤ ਖੇਡ ਰਚੀ ਹੈ। ਐਸਾ ਸਤਾਣਾ ਪ੍ਰਭੂ ਵਡਿਆਈ ਅਤੇ ਸਿਫਤੋ ਸਲਾਹ ਦੇ ਯੋਗ ਹੈ। ਸੱਚਾ ਪ੍ਰਭੂ ਸਦਾ-ਸਦਾ ਥਿਰ ਰਹਿੰਦਾ ਹੈ। ਕਦੇ ਉਸਦਾ ਬਿਨਾਸ਼ ਨਹੀਂ ਹੁੰਦਾ। ਐਸੀ ਸੱਚੇ ਪ੍ਰਭੂ ਦੀ ਕੋਈ ਕੀਮਤ ਨਹੀਂ ਪਾ ਸਕਦਾ। ਪਰ ਜਦੋਂ ਸੱਚਾ ਸਤਿਗੁਰੂ ਮਿਹਰ ਕਰ ਦੇਵੇ ਫਿਰ ਉਸ ਸੱਚੇ ਦੀ ਲਖਤਾ ਹੋ ਜਾਂਦੀ ਹੈ। ਜਿਹਨਾਂ ਗੁਰੂ ਪਿਆਰਿਆਂ ਨੇ ਸੱਚੇ ਵਾਹਿਗੁਰੂ ਦੀ ਸਿਫਤੋ ਸਲਾਹ ਕੀਤੀ, ਉਹਨਾਂ ਦੀਆਂ ਸਾਰੀਆਂ ਵਾਸ਼ਨਾਵਾਂ ਸਦਾ ਲਈ ਖਤਮ ਹੋ ਗਈਆਂ। ਕੈਸੀ ਹੈ ਸੱਚ ਨਾਲ ਜੁੜ ਕੇ ਸਚਿਆਰਾ ਬਣਨ ਦੀ ਬਰਕਤ ! ਪੜ੍ਹੀਏ ਸਤਿਗੁਰੂ ਜੀ ਦਾ ਫੁਰਮਾਨ :—

ਸਚੁ ਸਚਾ ਕੁਦਰਤਿ ਜਾਣੀਐ ਦਿਨੁ ਰਾਤੀ ਜਿਨਿ ਬਣਾਈਆ॥
ਸੋ ਸਚੁ ਸਲਾਹੀ ਸਦਾ ਸਦਾ ਸਚੁ ਸਚੇ ਕੀਆ ਵਡਿਆਈਆ॥
ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈਆ॥
ਜਾ ਮਿਲਿਆ ਪੂਰਾ ਸਤਿਗੁਰੂ ਤਾ ਹਾਜਰੁ ਨਦਰੀ ਆਈਆ॥
ਸਚੁ ਗੁਰਮੁਖਿ ਜਿਨੀ ਸਲਾਹਿਆ ਤਿਨਾ ਭੁਖਾ ਸਭਿ ਗਵਾਈਆ॥ ੨੩॥

ਪਉੜੀ (ਪੰਨਾ ੨੧੨)

ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ ਕਿ ਜਿਹਨਾਂ ਨੇ ਸਚਿਆਰ ਬਣਨ ਦੀ ਅਭਿਲਾਖਾ ਪੂਰੀ ਕਰਨ ਲਈ ਦੁਬਿਧਾ ਅਤੇ ਵਿਕਾਰਾਂ ਦਾ ਤਿਆਗ ਕਰ ਦਿੱਤਾ ਹੈ, ਉਹ ਸੱਚੇ ਦੇ ਨਾਮ ਨਾਲ ਜੁੜ ਕੇ ਇਸ ਸੰਸਾਰ ਸਮੁੰਦਰ ਤੋਂ ਪਾਰ ਉੱਤਰ ਗਏ ਹਨ। ਸਾਹਿਬਾਂ ਨੇ ਫੁਰਮਾਨ ਕੀਤਾ ਹੈ ਕਿ ਐਸੇ ਸਚਿਆਰ ਗੁਰੂ ਪਿਆਰਿਆਂ ਤੋਂ ਮੈਂ ਸਦਾ-ਸਦਾ ਬਲਿਹਾਰ ਜਾਂਦਾ ਹਾਂ। ਕੈਸੀ ਹੈ ਸਚਿਆਰ ਪਦਵੀ, ਜੋ ਗੁਰੂ ਦੀ ਦ੍ਰਿਸ਼ਟੀ ਵਿੱਚ ਵੀ ਪ੍ਰਵਾਨ ਚੜ੍ਹਾ ਦਿੰਦੀ ਹੈ। ਪਰ ਸਚਿਆਰ ਪਦਵੀ ਮਿਲਦੀ ਹੈ ਸੱਚੇ ਨਾਮ ਵਿੱਚ ਜੁੜਿਆਂ, ਦੁਬਿਧਾ ਦਾ ਖਹਿੜਾ ਛੱਡਿਆਂ ਅਤੇ ਵਿਕਾਰਾਂ ਨੂੰ ਤਿਲਾਂਜਲੀ ਦਿੱਤਿਆਂ:—

ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ॥
ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ॥

ਸਿਰੀਰਾਗੁ ਮ: ੧ (ਪੰਨਾ ੫੫)

ਸੱਚ ਨਾਲ ਰਤੇ ਸਚਿਆਰਾਂ ਦਾ ਇਸ ਸੰਸਾਰ ਵਿੱਚ ਆਉਣਾ ਵੀ ਪ੍ਰਵਾਣ ਹੈ। ਸਚਿਆਰਾਂ ਦੀਆਂ ਕੁਲਾਂ ਦਾ ਵੀ ਉਧਾਰ ਹੋ ਜਾਂਦਾ ਹੈ। ਸੱਚੇ ਪ੍ਰਭੂ ਦੀ ਪ੍ਰੇਮਾ ਭਗਤੀ ਕਰਨ ਸਦਕਾ ਉਹਨਾਂ ਦੇ ਲੋਕ ਪ੍ਰਲੋਕ ਵਿੱਚ ਮੁੱਖ ਉੱਜਲ ਹੁੰਦੇ ਹਨ। ਮਨੁੱਖਾਂ ਜਨਮ ਦੀ ਪ੍ਰਵਾਨਗੀ ਲਈ, ਆਪਣਾ ਤੇ ਕੁਟੰਬ ਦਾ ਉਧਾਰ ਕਰਨ ਲਈ ਲੋਕ ਪ੍ਰਲੋਕ ਵਿਚ ਮੁੱਖ ਉੱਜਲਾ ਕਰਾਉਣ ਲਈ ਪੜ੍ਹੀਏ ਸਾਹਿਬ ਗੁਰੂ ਅਮਰਦਾਸ ਜੀ ਦਾ ਫੁਰਮਾਨ ਅਤੇ ਸਚਿਆਰ ਬਣਨ ਦੀ ਅਰਦਾਸ ਤੇ ਜਤਨ ਕਰੀਏ :—

ਗੁਰਮੁਖੀਆ ਮੁਹ ਸੋਹਣੇ ਗੁਰ ਕੈ ਹੇਤਿ ਪਿਆਰਿ॥
ਸਚੀ ਭਗਤੀ ਸਚਿ ਰਤੇ ਦਰਿ ਸਚੈ ਸਚਿਆਰ॥
ਆਏ ਸੇ ਪਰਵਾਣੁ ਹੈ ਸਭ ਕੁਲ ਕਾ ਕਰਹਿ ਉਧਾਰੁ॥ ੭॥

ਸਿਰੀਰਾਗੁ ਮ: ੩ (ਪੰਨਾ : ੬੬)

ਤਥਾ :— **ਗੁਰਮੁਖਿ ਭਗਤ ਸੋਹਹਿ ਦਰਬਾਰੇ॥**
ਸਚੀ ਬਾਣੀ ਸਬਦਿ ਸਵਾਰੇ॥
ਅਨਦਿਨੁ ਗੁਣ ਗਾਵੈ ਦਿਨੁ ਰਾਤੀ ਸਹਜ ਸੇਤੀ ਘਰਿ ਜਾਹਾ ਹੇ॥

ਮਾਰੂ ਮ: ੩ (ਪੰਨਾ : ੧੦੫੫)

ਸਹਿਜ ਅਵਸਥਾ ਦੀ ਪ੍ਰਾਪਤੀ, ਪ੍ਰਭੂ ਦੇ ਦਰ ਵਿੱਚ ਸੋਭਾ ਪ੍ਰਾਪਤ ਕਰਨ ਵਾਸਤੇ, ਦਿਨ ਰਾਤ ਸੱਚੀ ਬਾਣੀ ਅਤੇ ਸੱਚੇ ਗੁਰੂ ਸ਼ਬਦ ਨਾਲ ਜੁੜ ਕੇ ਸੱਚੇ ਦੇ ਗੁਣ ਗਾ ਕੇ, ਸਚਿਆਰ ਬਣ ਕੇ ਐਸੀ ਅਮੋਲਕ ਦਾਤ ਪ੍ਰਾਪਤ ਕੀਤੀ ਜਾ ਸਕਦੀ ਹੈ, ਹੋਰ ਕਿਸੇ ਢੰਗ ਤਰੀਕੇ ਸਾਧਨ ਨਾਲ ਨਹੀਂ।

ਸਚਿਆਰ ਬਣਨ ਲਈ, ਸੱਚ ਦੇ ਨਾਲ ਜੁੜਨ ਲਈ, ਸੱਚੇ ਵਾਹਿਗੁਰੂ ਦੇ ਨਾਮ ਦੇ ਨਾਲ ਪਿਆਰ ਪਾਉਣਾ ਪੈਂਦਾ ਹੈ। ਸੱਚ ਨਾਲ ਪਿਆਰ, ਸੱਚੀ ਸੰਗਤ ਕਰਨ ਨਾਲ ਪ੍ਰਾਪਤ ਹੁੰਦਾ ਹੈ। ਜਦੋਂ ਮਨ ਵਿੱਚ ਸੱਚੇ ਨਾਮ ਦਾ ਪਿਆਰ ਬਣ ਜਾਂਦਾ ਹੈ, ਫਿਰ ਜਗਿਆਸੂ ਹਰ ਸਮੇਂ ਸੱਚੇ ਦੀ ਸਿਫਤੋਂ ਸਲਾਹ ਕਰਦਾ ਹੈ। ਹਰ ਸਮੇਂ ਹਿਰਦੇ ਵਿੱਚ ਸੱਚੇ ਦਾ ਪਿਆਰ ਵਸ ਜਾਂਦਾ ਹੈ। ਜਿਸ ਸਦਕਾ ਸੱਚੇ ਪ੍ਰਭੂ ਦੇ ਦਰਬਾਰ ਵਿੱਚ ਉਹ ਗੁਰੂ ਪਿਆਰਾ ਸਚਿਆਰ ਬਣ ਕੇ ਪ੍ਰਵਾਨਗੀ ਪ੍ਰਾਪਤ ਕਰ ਲੈਂਦਾ ਹੈ। ਸਾਹਿਬਾਂ ਦਾ ਫੁਰਮਾਨ ਹੈ :—

ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ॥
ਸਚੁ ਸਲਾਹੀ ਸਚੁ ਮਨਿ ਦਰਿ ਸਚੈ ਸਚਿਆਰੁ॥ ੨੦॥

ਸੂਹੀ ਮ: ੩ (ਪੰਨਾ ੭੫੬)

ਜਿੱਥੇ ਸਚਿਆਰ ਬਣਨ ਲਈ ਸਤਿ ਸੰਗਤ ਕਰਨੀ ਜ਼ਰੂਰੀ ਹੈ, ਉਥੇ ਗੁਰੂ ਦੀ ਸ਼ਰਣ ਪ੍ਰਾਪਤ ਕਰਨੀ ਉਸ ਤੋਂ ਭੀ ਜਿਆਦਾ ਲਾਜ਼ਮੀ ਹੈ। ਸਤਿਗੁਰੂ ਦਾ ਗੁਰਮੰਤ੍ਰ ਹੀ ਸਚਿਆਰ ਬਣਾਉਂਦਾ ਹੈ ਅਤੇ ਅਜ਼ਰ ਨੂੰ ਜਰਨ ਦੀ ਸ਼ਕਤੀ ਵੀ ਗੁਰੂ ਹੀ ਬਖਸ਼ਦਾ ਹੈ। ਸਾਹਿਬਾਂ ਦਾ ਫੁਰਮਾਣ ਹੈ :—

ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖ ਭੂਲੇ ਜਾਂਹਿ॥

ਸਲੋਕ ਮ: ੩ (ਪੰਨਾ ੧੪੧੯)

ਤਥਾ :— **ਜਿਸਹਿ ਜਰਾਏ ਆਪਿ ਸੋਈ ਅਜਰੁ ਜਰੈ॥**
ਤਿਸ ਹੀ ਮਿਲਿਆ ਸਚੁ ਮੰਤ੍ਰੁ ਗੁਰ ਮਨਿ ਧਰੈ॥

ਰਾਮਕਲੀ ਵਾਰ ਮ: ੫ (ਪੰਨਾ ੯੫੮)

ਜੋ ਸੱਚੇ ਨਾਮ ਦੀ ਗਮ ਵਿਹਾਝ ਕੇ, ਸੱਚੇ ਦੀ ਸਿਫਤੋਂ ਸਲਾਹ ਕਰਕੇ ਸੱਚੇ ਦਾ ਨਾਮ ਜਪ ਕੇ ਸਚਿਆਰ ਬਣ ਜਾਂਦੇ ਹਨ, ਉਹ ਪ੍ਰਭੂ ਸੱਚੇ ਵਿੱਚ ਅਭੇਦ ਹੋ ਜਾਂਦੇ ਹਨ। ਮੁੜ ਕਦੇ ਸੱਚ ਨਾਲੋਂ ਉਹਨਾਂ ਦਾ ਵਿਛੋੜਾ ਨਹੀਂ ਪੈਂਦਾ। ਉਹਨਾਂ ਨੂੰ ਸਦੀਵ ਕਾਲ ਲਈ ਨਿਜ ਸਰੂਪ ਦੇ ਵਿਚ ਨਿਵਾਸ ਪ੍ਰਾਪਤ ਹੋ ਜਾਂਦਾ ਹੈ। ਸਾਹਿਬ ਗੁਰੂ ਅਮਰਦਾਸ ਜੀ ਸਚਿਆਰਾਂ ਦੀ ਪ੍ਰਭੂ ਵਿੱਚ ਅਭੇਦਤਾ ਪ੍ਰਤੀ ਕੀ ਫੁਰਮਾਨ ਕਰਦੇ ਹਨ ? ਜਿਹਨਾਂ ਦਾ ਹੇਠ ਲਿਖੇ ਫੁਰਮਾਨ ਅਨੁਸਾਰ ਜੀਵਨ ਬਣ ਗਿਆ ਹੈ, ਉਹਨਾਂ ਨੂੰ ਕੀ ਪ੍ਰਾਪਤ ਹੁੰਦਾ ਹੈ :—

ਸਚੁ ਖਟਣਾ ਸਚੁ ਰਾਸਿ ਹੈ ਸਚੇ ਸਚੀ ਸੋਇ॥
ਸਚਿ ਮਿਲੇ ਸੇ ਨ ਵਿਛੁੜਹਿ ਨਾਨਕ ਗੁਰਮੁਖਿ ਹੋਇ॥

ਸਿਰੀਰਾਗੁ ਮ: ੩ (ਪੰਨਾ ੩੭)

ਤਥਾ :—ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ॥
ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜ ਘਰਿ ਵਾਸਾ ਹੋਇ॥ ੧॥

ਸਿਰੀਰਾਗੁ ਮ: ੩ (ਪੰਨਾ ੨੭)

ਸਚਿਆਰ ਬਣਨ ਲਈ, ਸੱਚ ਵਿੱਚ ਅਭੇਦਤਾ ਪ੍ਰਾਪਤ ਕਰਨ ਲਈ ਗੁਰੂ ਦੀ ਸ਼ਰਣ ਪ੍ਰਾਪਤ ਕਰਕੇ ਗੁਰੂ ਚਾਲੀ ਦੇ ਧਾਰਨੀ ਬਣਨਾ, ਸੱਚ ਨਾਲ ਜੁੜਿਆਂ ਦੀ ਸੰਗਤ ਕਰਨੀ, ਸੱਚੇ ਪ੍ਰਭੂ ਪਰਮੇਸ਼ਰ ਜੀ ਦੀ ਨਾਮ ਜਪ ਦੁਆਰਾ ਸਿਫਤੋ ਸਲਾਹ ਕਰਨ ਨਾਲ, ਮਨੁੱਖ ਸਚਿਆਰ ਬਣ ਕੇ ਸੱਚ ਨਾਲ ਸਦੀਵ ਕਾਲ ਲਈ ਅਭੇਦ ਹੋ ਜਾਂਦਾ ਹੈ। ਸੱਚੇ ਵਿਚ ਅਭੇਦਤਾ ਉਪਰੰਤ ਕਦੇ ਵੀ ਪ੍ਰਭੂ ਨਾਲੋਂ ਜੀਵ ਦੀ ਵਿੱਥ ਨਹੀਂ ਪੈਂਦੀ। ਫਿਰ ਤਾਂ :—

ਹਰਿ ਆਪੇ ਲਏ ਮਿਲਾਇ ਕਿਉ ਵੇਛੋੜਾ ਥੀਵਈ ਬਲਿ ਰਾਮ ਜੀਉ॥
ਜਿਸ ਨੋ ਤੇਰੀ ਟੇਕ ਸੋ ਸਦਾ ਸਦ ਜੀਵਈ ਬਲਿ ਰਾਮ ਜੀਉ॥

ਸੂਹੀ ਮ: ੫ (ਪੰਨਾ : ੭੭੮)

ਸੱਚ ਨਾਲੋਂ ਟੁੱਟਣ ਦੇ ਨੁਕਸਾਨ

ਨਾਮ ਜਪ ਦੇ ਸਾਧਨ ਦੁਆਰਾ ਸਤਿ ਨਾਲ ਸਬੰਧ ਬਣਾ ਕੇ ਹੀ ਸਦੀਵੀ ਜੀਵਨ ਪ੍ਰਾਪਤ ਕੀਤਾਜਾ ਸਕਦਾ ਹੈ। ਸਾਹਿਬਾਂ ਦੀ ਦ੍ਰਿਸ਼ਟੀ ਵਿੱਚ ਜੋ ਨਾਮ ਜਪ ਦੀ ਸੂਖਸ਼ਮ ਤਾਰ ਨਾਲ ਸਤਿ ਪ੍ਰਭੂ ਨਾਲ ਸੰਪਰਕ ਬਣਾ ਲੈਂਦਾ ਹੈ, ਉਸ ਨੂੰ ਸਦੀਵੀਂ ਜੀਵਨ ਪਦਵੀ ਪ੍ਰਾਪਤ ਹੁੰਦੀ ਹੈ। ਜਿਸ ਦੀ ਨਾਮ ਜਪ ਦੀ ਤਾਰ ਸੱਚ ਨਾਲੋਂ ਟੁੱਟ ਜਾਂਦੀ ਹੈ, ਉਹ ਸੱਚ ਨਾਲੋਂ ਟੁੱਟ ਕੇ ਆਤਮਕ ਮੌਤ ਸਹੇੜ ਲੈਂਦਾ ਹੈ :—

ਮੌਤ ਕੀ ਹੈ?

ਮਰਣੰ ਬਿਸਰਣੰ ਗੋਬਿੰਦਹ॥

ਜੀਵਨ ਕੀ ਹੈ?

ਜੀਵਣੰ ਹਰਿ ਨਾਮ ਧ੍ਯਾਵਣਹ॥

ਮ: ੫ ਗਾਥਾ (ਪੰਨਾ ੧੩੬੧)

ਜੁੜੇ ਰਹਿਣਾ ਹੀ ਜੀਵਨ ਹੈ, ਧੁਰੇ ਨਾਲੋਂ ਟੁੱਟ ਜਾਣਾ ਹੀ ਮੌਤ ਹੈ। ਸੰਸਾਰ ਵਿਚ ਵੀ ਆਪਾਂ ਵੇਖਦੇ ਹਾਂ, ਪੱਤਾ ਦਰਖਤ ਦੀ ਡਾਲੀ ਨਾਲ ਜਿੰਨਾ ਚਿਰ ਜੁੜਿਆ

ਰਹਿੰਦਾ ਹੈ, ਆਪ ਜ਼ਿੰਦਗੀ ਮਾਣਦਾ ਹੈ। ਹੋਰ ਅਨੇਕਾਂ ਨੂੰ ਜੀਵਨ ਵੰਡਦਾ ਹੈ। ਡਾਲੀ ਨਾਲੋਂ ਟੁੱਟ ਕੇ ਕਰੂਪਤਾ ਪੱਲੇ ਪੈਂਦੇ ਹੀ ਧੁਰੇ ਨਾਲੋਂ ਟੁੱਟ ਜਾਣ ਨਾਲ ਜੀਵਨ ਵੀ ਸਮਾਪਤ ਅਤੇ ਪਰਉਪਕਾਰ ਵੀ ਖਤਮ।

ਨਦੀ ਵਿਚੋਂ, ਵਾਹੜੇ ਦੇ ਰੂਪ ਵਿੱਚ ਪਾਣੀ ਦਾ ਵਿਛੋੜਾ ਪੈ ਗਿਆ। ਨਦੀਂ, ਜੋ ਪਾਣੀ ਦੇ ਵਾਹੜੇ ਦਾ, ਆਦਿ ਮੁੱਢ ਸੀ। ਉਸ ਨਾਲੋਂ ਵਿਛੋੜਾ ਪੈਣਾ ਸਦਕਾ ਕੀ ਹੋਇਆ? ਵਾਹੜੇ ਦਾ ਪਾਣੀ ਤਾਜ਼ਗੀ ਗਵਾ ਬੈਠਾ, ਜਿਉਂ-ਜਿਉਂ ਵਿਛੋੜਾ ਵਧਿਆ, ਪਾਣੀ ਬਦਬੋ ਮਾਰਨ ਲੱਗ ਪਿਆ, ਜਾਲਾ ਪੈ ਗਿਆ, ਕ੍ਰਿਮ ਚੱਲ ਪਏ। ਉਹੋ ਪਾਣੀ ਜੋ ਮਨੁੱਖ ਦਾ ਜੀਵਨ ਆਧਾਰ ਸੀ, ਤ੍ਰੱਕਿਆ ਪਾਣੀ ਨਾ ਕਿਸੇ ਦੀ ਪਿਆਸ ਬੁਝਾਉਂਦਾ ਹੈ, ਨਾ ਕਿਸੇ ਨੂੰ ਜੀਵਨ ਦਿੰਦਾ ਹੈ, ਨਾ ਹੀ ਸਰੀਰ ਅਤੇ ਕੱਪੜਿਆਂ ਦੀ ਸਫਾਈ ਕਰਦਾ ਹੈ ਸਗੋਂ ਹੋਰ ਪਲੀਤਤਾਈ ਲਾਉਂਦਾ ਹੈ। ਇਹ ਸਾਰੀ ਖੇਡ ਆਪਣੇ ਧੁਰੇ ਦੇ ਨਾਲੋਂ ਟੁੱਟਣ ਸਦਕਾ ਵਾਪਰੀ।

ਇਸੇ ਤਰ੍ਹਾਂ ਹਰ ਰੋਜ਼ ਅਸੀਂ ਆਪਣੀ ਜਿੰਦਗੀ ਵਿੱਚ ਗਰਮੀ ਤੋ ਰਾਹਤ ਲਈ ਏਅਰ ਕੰਡੀਸ਼ਨ ਲਾਉਂਦੇ ਹਾਂ, ਪੱਖਾ ਚਲਾਉਂਦੇ ਹਾਂ, ਹਨ੍ਹੇਰੇ ਵਿਚ ਬੱਲਵ, ਟਿਊਬ ਜਗ੍ਹਾ ਕੇ ਪ੍ਰਕਾਸ਼ ਪ੍ਰਾਪਤ ਕਰਦੇ ਹਾਂ। ਇਹ ਸਾਰੀਆਂ ਸੁਖ ਸਹੂਲਤਾਂ ਉੱਨਾ ਚਿਰ ਹੀ ਸਾਨੂੰ ਪ੍ਰਾਪਤ ਹੁੰਦੀਆਂ ਹਨ, ਜਿੰਨਾ ਚਿਰ ਸਾਡੇ ਏਅਰ ਕੰਡੀਸ਼ਨ ਦਾ, ਪੱਖੇ ਦਾ, ਬੱਲਵ ਦਾ, ਸੰਪਰਕ ਬਿਜਲੀ ਦੇ ਸਟੇਸ਼ਨ ਨਾਲ ਜੁੜਿਆ ਰਹਿੰਦਾ ਹੈ। ਜਦੋਂ ਕੁਨੈਕਸ਼ਨ ਟੁੱਟਿਆ ਉਸੇ ਵੇਲੇ ਸਾਰੀਆਂ ਸੁੱਖ ਸਹੂਲਤਾਂ ਅਲੋਪ ਹੋ ਜਾਂਦੀਆਂ ਹਨ।

ਜਿਹੜਾ ਗੁਰੂ ਪਿਆਰਾ ਨਾਮ ਪ੍ਰੀਤ ਦੀ ਡੋਰ ਨਾਲ ਆਪਣੇ ਸੱਚੇ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ। ਨਾਮ ਦੀ ਤਾਰ ਉਸ ਨੂੰ ਸੱਚਾ ਜੀਵਨ ਬਖਸ਼ਸ਼ ਕਰਦੀ ਹੈ, ਨਾਮ ਦੇ ਸੰਪਰਕ ਨਾਲੋਂ ਟੁੱਟ ਕੇ ਤਾਂ ਮੌਤ ਹੀ ਪੱਲੇ ਪੈਂਦੀ ਹੈ। ਗੁਰੂ ਦੀ ਦ੍ਰਿਸ਼ਟੀ ਵਿੱਚ ਜਿਊਂਦਾ ਹੀ ਉਹ ਹੈ ਜਿਸ ਦੇ ਹਿਰਦੇ ਵਿੱਚ ਪ੍ਰਭੂ ਪ੍ਰੀਤ ਦਾ ਕੁਨੈਕਸ਼ਨ ਸੱਚੇ ਪ੍ਰਭੂ ਨਾਲ ਜੁੜਿਆ ਹੋਇਆ ਹੈ। ਸਾਹਿਬਾਂ ਦਾ ਫੁਰਮਾਨ ਹੈ :—

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥
ਨਾਨਕ ਅਵਰੁ ਨ ਜੀਵੈ ਕੋਇ॥

ਮਾਝ ਮ: ੧ (ਪੰਨਾ ੧੪੨)

ਨਾਮ ਦੀ ਲਿਵ-ਤਾਰ ਨਾਲੋਂ ਟੁੱਟ ਕੇ ਦੁਨਿਆਵੀ ਸਰੀਰਕ ਜੀਵਨ ਤਾਂ ਜ਼ਹਿਰੀਲੇ ਸੱਪ ਦੀ ਤਰ੍ਹਾਂ ਹੈ। ਜੋ ਆਪਣੀ ਹੀ ਜ਼ਹਿਰ ਨਾਲ ਹਰ ਸਮੇਂ ਸੜਦਾ ਰਹਿੰਦਾ ਹੈ। ਭਾਵੇਂ ਕੋਈ ਸਾਰੀ ਧਰਤੀ ਦੇ ਰਾਜ ਭਾਗ ਦਾ ਮਾਲਕ ਬਣ ਜਾਵੇ, ਅਖੀਰ ਨੂੰ ਪੱਲੇ ਕੁਝ ਵੀਂ ਨਹੀਂ ਪਵੇਗਾ। ਪੱਲੇ ਤਦ ਹੀ ਕੁਝ ਪਵੇਗਾ ਜਦੋਂ ਮਨੁੱਖ ਗੁਣੀ ਨਿਧਾਨ ਨਾਲ ਆਪਣਾ ਸੰਪਰਕ ਬਣਾ ਲਵੇਗਾ। ਗੁਣੀ ਨਿਧਾਨ ਨਾਲ ਜੁੜਿਆਂ ਗੁਰੂ ਪਿਆਰਾ, ਲੋਕ ਪ੍ਰਲੋਕ

ਵਿੱਚ ਸੁੱਖ ਮਾਣਦਾ ਹੈ ਅਤੇ ਲੋਕਾਈ ਨੂੰ ਸੁੱਖ ਵੰਡਦਾ ਹੈ। ਐਸੇ ਜੁੜੇ ਹੋਏ ਗੁਰੂ ਪਿਆਰੇ ਤੋਂ ਸਤਿਗੁਰੂ ਬਲਿਹਾਰ ਜਾਂਦੇ ਹਨ। ਸਾਹਿਬਾਂ ਦਾ ਫੁਰਮਾਨ ਹੈ :—

ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ॥
ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ॥ ੧॥
ਗੁਣ ਨਿਧਾਨ ਗੁਣ ਤਿਨ ਹੀ ਗਾਏ ਜਾ ਕਉ ਕਿਰਪਾ ਧਾਰੀ॥
ਸੋ ਸੁਖੀਆ ਧਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ॥ ੨॥

ਟੋਡੀ ਮ: ੫, (ਪੰਨਾ : ੭੧੨

ਜੋ ਸੱਚ ਨਾਲੋਂ ਟੁੱਟੇ ਹੋਏ ਹਨ, ਐਸੇ ਮਨੁੱਖਾਂ ਦੇ ਜੀਵਨ ਨੂੰ ਜਿਥੇ ਸਤਿਗੁਰਾਂ ਨੇ ਧ੍ਰਿਕਾਰ ਪਾਈ ਹੈ ਉੱਥੇ ਨਾਮ ਤੋਂ ਵਿਹੂਣੇ ਮਨੁੱਖਾਂ ਪ੍ਰਤੀ ਸਾਹਿਬਾਂ ਦਾ ਫੁਰਮਾਨ ਹੈ ਕਿ ਨਾਮ ਵਿਹੂਣੇ ਮਨੁੱਖ ਮਾਇਆ ਦੀ ਕਾਲਖ ਨਾਲ ਆਪਣੀ ਆਤਮਾ ਨੂੰ ਪਲੀਤ ਕਰ ਲੈਂਦੇ ਹਨ :—

ਨਾਮਹੀਨ ਕਾਲਖ ਮੁਖਿ ਮਾਇਆ॥
ਨਾਮ ਬਿਨਾ ਧ੍ਰਿਗੁ ਧ੍ਰਿਗੁ ਜੀਵਾਇਆ॥

ਆਸਾ ਮ: ੪ (ਪੰਨਾ ੩੬੬)

ਕੈਸਾ ਬੇਕਾਰ ਹੈ, ਸੱਚ ਨਾਲੋਂ ਟੁੱਟੇ ਹੋਏ ਮੱਨੁਖ ਦਾ ਜੀਵਨ, ਜਿਸ ਦੀ ਤਸਵੀਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗਉੜੀ ਰਾਗ ਵਿੱਚ ਮੂਰਤੀਮਾਨ ਕੀਤੀ ਹੈ, ਜਿਸ ਨੂੰ ਵੇਖ ਕੇ ਮਨ ਕੰਬ ਜਾਂਦਾ ਹੈ। ਸੱਚ ਨਾਲੋਂ ਟੁੱਟਿਆ ਮਨੁੱਖ ਸੱਪ ਦੀ ਤਰ੍ਹਾਂ, ਸੜਦਾ, ਵਿੱਸ ਘੋਲਦਾ ਆਪਣਾ ਜੀਵਨ ਬਤੀਤ ਕਰਦਾ ਹੈ।

ਨਾਮ ਸਿਮਰਨ ਨੂੰ ਤਿਆਗ ਕੇ ਮਨੁੱਖ ਹੋਰ-ਹੋਰ ਜਿੰਨੇ ਵੀ ਕਰਮ ਕਰਦਾ ਹੈ। ਉਹ ਇਸ ਤਰ੍ਹਾਂ ਹਨ ਜਿਸ ਤਰ੍ਹਾਂ ਕਾਂ ਆਪਣੀ ਚੁੰਝ ਨਾਲ ਗੰਦਗੀ ਫਰੋਲਦਾ ਹੈ।

ਸੱਚੇ ਨਾਮ ਦਾ ਤਿਆਗ ਕਰਨ ਸਦਕਾ ਸਾਕਤ ਪੁਰਸ਼ ਦੇ ਕਰਮ ਕੁੱਤਿਆਂ ਵਰਗੇ ਹੋ ਜਾਂਦੇ ਹਨ। ਨਾਮ ਤੋਂ ਭੁੱਲਿਆ ਹੋਇਆ ਮਨੁੱਖ ਆਪਣੇ ਸੱਚੇ ਪਿਤਾ ਨਾਲੋਂ ਟੁੱਟ ਜਾਂਦਾ ਹੈ, ਜਿਸ ਸਦਕਾ ਉਸਨੂੰ ਲੋਕ ਪ੍ਰਲੋਕ ਵਿਚ ਕੋਈ ਵੀ ਨਹੀਂ ਝੱਲਦਾ। ਉਸ ਦਾ ਹਾਲ ਵੇਸਵਾ ਦੇ ਪੁੱਤਰ ਵਾਲਾ ਬਣ ਜਾਂਦਾ ਹੈ। ਨਾਮ ਹੀਣ ਮਨੁੱਖ ਸਿੰਙਾਂ ਵਾਲੇ ਛੱਤਰੇ ਦੀ ਤਰ੍ਹਾਂ ਹੈ ਕਿਉਂਕਿ ਦਿਨ-ਰਾਤ ਝੂਠ ਬੋਲਦਾ ਹੈ। ਜਿਸ ਸਦਕਾ ਲੋਕ ਪ੍ਰਲੋਕ ਵਿਚ ਉਸ ਦਾ ਮੂੰਹ ਕਾਲਾ ਹੁੰਦਾ ਹੈ।

ਨਾਮ ਹੀਣ, ਸੱਚ ਨਾਲੋਂ ਟੁੱਟਿਆ ਹੋਇਆ ਮਨੁੱਖ ਖੋਤੇ ਦੀ ਤਰ੍ਹਾਂ ਹੈ। ਜਿਵੇਂ ਖੋਤਾ, ਪਲੀਤ, ਗੰਦੇ ਥਾਵਾਂ ਤੇ ਘੁੰਮ ਫਿਰ ਕੇ ਖੁਸ਼ ਰਹਿੰਦਾ ਹੈ, ਸਾਕਤ ਪੁਰਸ਼ ਵੀ ਭ੍ਰਿਸ਼ਟ ਥਾਵਾਂ ਤੇ ਖੇਹ ਖਾਂਦਾ ਹੈ। ਨਾਮ ਵਿਹੂਣੇ ਮਨੁੱਖ ਦਾ ਜੀਵਨ ਹਲਕੇ ਕੁੱਤੇ ਦੇ

ਸਮਾਨ ਹੈ। ਜਿਵੇਂ ਹਲਕਾਇਆ ਕੁੱਤਾ ਆਪਣੇ ਨੂੰ ਵੀ ਵੱਢਦਾ ਹੈ, ਬਿਗਾਨੇ ਨੂੰ ਵੀ ਚੱਕ ਮਾਰਦਾ ਹੈ, ਇਸੇ ਤਰ੍ਹਾਂ "**ਲੋਭੀ ਪੁਰਸ਼ ਨ ਜਾਣਈ ਭਖ ਅਭਖ ਸਭ ਖਾਇ॥**" ਦੀ ਉਸ ਦੀ ਆਦਤ ਬਣ ਜਾਂਦੀ ਹੈ।

ਨਾਮਹੀਣ ਮਨੁੱਖ ਆਪਣੀ ਹੀ ਹੱਤਿਆ ਆਪ ਕਰਕੇ ਆਤਮਘਾਤੀ ਬਣ ਰਿਹਾ ਹੈ। ਨਾਮਹੀਣ ਮਨੁੱਖ ਦੀ ਕੋਈ ਕੁਲ ਨਹੀਂ। ਲੋਕ-ਪ੍ਰਲੋਕ ਵਿੱਚ ਉਸ ਨੂੰ ਕੋਈ ਮਾਣ-ਸਤਿਕਾਰ ਨਹੀਂ ਮਿਲਦਾ।

ਇਸ ਦੇ ਉਲਟ ਜਿਸ ਨੂੰ ਸਤਿਗੁਰੂ ਜੀ ਨੇ ਮਿਹਰ ਕਰਕੇ ਸਤਸੰਗਤ ਅਤੇ ਨਾਮ ਦੀ ਦਾਤ ਬਖਸ਼ ਕੇ ਪ੍ਰਭੂ ਨਾਲ ਮੇਲ ਕਰ ਦਿੱਤਾ ਹੈ, ਉਹ ਸੰਸਾਰ ਭਵਜਲ ਤੋਂ ਸੁਖੈਨ ਹੀ ਪਾਰ-ਉੱਤਰ ਜਾਂਦਾ ਹੈ। ਪੜ੍ਹੀਏ ਸਾਹਿਬ ਪੰਜਵੇਂ ਪਾਤਸ਼ਾਹ ਜੀ ਦਾ ਬਚਨ, ਕਿਤੇ ਸਾਡੇ ਹਿਰਦੇ ਵਿੱਚ ਵੀ ਸੱਚ ਨਾਲ ਜੁੜਨ ਲਈ, ਨਾਮ ਜਪਣ ਦੀ ਪ੍ਰੇਰਨਾ ਪੈਦਾ ਹੋ ਜਾਵੇ :—

ਬਿਨੁ ਸਿਮਰਨ ਜੈਸੇ ਸਰਪ ਆਰਜਾਰੀ॥
ਤਿਉ ਜੀਵਹਿ ਸਾਕਤ ਨਾਮੁ ਬਿਸਾਰੀ॥ ੧॥
ਏਕ ਨਿਮਖ ਜੋ ਸਿਮਰਨ ਮਹਿ ਜੀਆ॥
ਕੋਟਿ ਦਿਨਸ ਲਾਖ ਸਦਾ ਥਿਰੁ ਥੀਆ॥ ੧॥ ਰਹਾਉ॥
ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ॥
ਕਾਗ ਬਤਨ ਬਿਸਟਾ ਮਹਿ ਵਾਸ॥ ੨॥
ਬਿਨੁ ਸਿਮਰਨ ਭਏ ਕੂਕਰ ਕਾਮ॥
ਸਾਕਤ ਬੇਸੁਆ ਪੂਤ ਨਿਨਾਮ॥ ੩॥
ਬਿਨੁ ਸਿਮਰਨ ਜੈਸੇ ਸੀਙ ਛਤਾਰਾ॥
ਬੋਲਹਿ ਕੂਰੁ ਸਾਕਤ ਮੁਖੁ ਕਾਰਾ॥ ੪॥
ਬਿਨੁ ਸਿਮਰਨ ਗਰਧਭ ਕੀ ਨਿਆਈ॥
ਸਾਕਤ ਥਾਨ ਭਰਿਸਟ ਫਿਰਾਹੀ॥ ੫॥
ਬਿਨੁ ਸਿਮਰਨ ਕੂਕਰ ਹਰਕਾਇਆ॥
ਸਾਕਤ ਲੋਭੀ ਬੰਧੁ ਨ ਪਾਇਆ॥ ੬॥
ਬਿਨ ਸਿਮਰਨ ਹੈ ਆਤਮ ਘਾਤੀ॥
ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ॥ ੭॥
ਜਿਸੁ ਭਇਆ ਕ੍ਰਿਪਾਲੁ ਤਿਸੁ ਸਤਸੰਗਿ ਮਿਲਾਇਆ॥
ਕਹੁ ਨਾਨਕ ਗੁਰਿ ਜਗਤੁ ਤਰਾਇਆ॥

ਗਉੜੀ ਮ: ੫, (ਪੰਨਾ : ੨੩੯)

ਸਾਰੀ ਗੁਰਬਾਣੀ ਵਿੱਚ ਹੀ ਸੱਚ ਨਾਲੋਂ ਟੁੱਟੇ, ਨਾਮ ਵਿਹੂਣੇ ਮਨੁੱਖ ਦੇ ਜੀਵਨ ਨੂੰ ਧ੍ਰਿਕਾਰਿਆ ਹੈ ਅਤੇ ਸੱਚੇ ਪ੍ਰਭੂ ਦੇ ਚਰਨਾਂ ਵਿੱਚ ਨਾਮ ਦੀ ਪ੍ਰਾਪਤੀ ਲਈ ਅਰਦਾਸਾਂ ਕਰਨ ਲਈ ਸਾਨੂੰ ਪ੍ਰੇਰਤ ਕੀਤਾ ਹੈ। ਪੜ੍ਹੀਏ ਸਾਹਿਬ ਗੁਰੂ ਅਰਜਨ ਦੇਵ ਜੀ ਦਾ ਹੋਰ ਫੁਰਮਾਨ :—

ਮਿਲੁ ਮੇਰੇ ਗੋਬਿੰਦ ਆਪਨਾ ਨਾਮੁ ਦੇਹੁ॥
ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ॥ ਰਹਾਉ॥
ਨਾਮ ਬਿਨਾ ਜੋ ਪਹਿਰੈ ਖਾਇ॥
ਜਿਉ ਕੂਕਰੁ ਜੂਠਨ ਮਹਿ ਪਾਇ॥ ੧॥
ਨਾਮ ਬਿਨਾ ਜੇਤਾ ਬਿਉਹਾਰੁ॥
ਜਿਉ ਮਿਰਤਕ ਮਿਥਿਆ ਸੀਗਾਰੁ॥ ੨॥
ਨਾਮੁ ਬਿਸਾਰਿ ਕਰੇ ਰਸ ਭੋਗ॥
ਸੁਖੁ ਸੁਪਨੈ ਨਹੀ ਤਨ ਮਹਿ ਰੋਗ॥ ੩॥
ਨਾਮੁ ਤਿਆਗਿ ਕਰੇ ਅਨ ਕਾਜ॥
ਬਿਨਸਿ ਜਾਇ ਝੂਠੇ ਸਭਿ ਪਾਜ॥ ੪॥
ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ॥
ਕੋਟਿ ਕਰਮ ਕਰਤੋ ਨਰਕਿ ਜਾਵੈ॥ ੫॥
ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ॥
ਚੋਰ ਕੀ ਨਿਆਈ ਜਮ ਪੁਰਿ ਬਾਧਾ॥ ੬॥
ਲਾਖ ਅਡੰਬਰ ਬਹੁਤੁ ਬਿਸਥਾਰਾ॥
ਨਾਮ ਬਿਨਾ ਝੂਠੇ ਪਾਸਾਰਾ॥ ੭॥
ਹਰਿ ਕਾ ਨਾਮੁ ਸੋਈ ਜਨੁ ਲੇਇ॥
ਕਰਿ ਕਿਰਪਾ ਨਾਨਕ ਜਿਸੁ ਦੇਇ॥ ੮॥ ੧੦॥

ਗਉੜੀ ਮ: ੫ (ਪੰਨਾ ੨੪੦)

ਉਪਰ ਲਿਖੇ ਸ਼ਬਦ ਵਿੱਚ ਕੈਸੀ ਧ੍ਰਿਕਾਰ ਪਾਈ ਹੈ ਨਾਮਹੀਣ ਪੁਰਸ਼ ਨੂੰ ਕਿ ਪੂਰਬਲੇ ਚੰਗੇ ਕਰਮਾਂ ਸਦਕਾ ਦੁਰਲਭ ਦੇਹ ਦੀ ਪ੍ਰਾਪਤੀ ਤਾਂ ਹੋ ਗਈ ਹੈ, ਪਰ ਜੋ ਇਸ ਮਨੁੱਖਾ ਸਰੀਰ ਨਾਲ ਨਾਮ ਨਹੀਂ ਜਪਦੇ ਉਹ ਆਪਣੀ ਆਤਮਾ ਦਾ ਘਾਤ ਕਰਨ ਵਾਲੇ ਕਾਤਲ ਹਨ। ਐਸੇ ਮਨੁੱਖ ਮਰ ਕਿਉਂ ਨਹੀਂ ਜਾਂਦੇ ਕਿਉਂਕਿ ਨਾਮ ਤੋਂ ਵਿਹੂਣਾ ਜੀਵਨ ਕਿਸੇ ਵੀ ਅਰਥ ਨਹੀਂ ਹੈ।

ਨਾਮ ਵਿਹੂਣੇ ਮਨੁੱਖ ਜੋ ਹੱਸਦੇ, ਖੇਡਦੇ, ਖਾਂਦੇ-ਪੀਂਦੇ ਹਨ, ਇਹ ਸਾਰਾ ਵਿਖਾਵਾ

ਹੀ ਹੈ। ਦੱਸੋ ਖਾਂ ਮੁਰਦੇ ਨੂੰ ਸ਼ਿੰਗਾਰ ਕੀਤਾ ਕਿਸ ਅਰਥ ਹੈ? ਭਾਵ ਵਿਅਰਥ ਹੈ। ਇਸੇ ਤਰ੍ਹਾਂ ਜਿਹੜਾ ਮਨੁੱਖ, ਸਤਿ-ਚਿੱਤ ਅਨੰਦ ਵਾਹਿਗੁਰੂ ਦਾ ਸਿਮਰਨ ਨਹੀਂ ਕਰਦਾ ਹੈ। ਉਹ ਪਸ਼ੂ, ਪੰਛੀਆਂ ਤੇ ਹੋਰ ਟੇਢੀਆਂ ਜੂਨਾਂ ਤੋਂ ਭੈੜਾ ਹੁੰਦਾ ਹੈ।

ਬਾਬਾ ਫਰੀਦ ਜੀ ਦੇ ਕਥਨ ਅਨੁਸਾਰ ਨਾਮ ਵਿਹੂਣਾ ਮਨੁੱਖ ਤਾਂ ਧਰਤੀ ਉੱਤੇ ਭਾਰ ਹੀ ਹੈ। ਬਾਬਾ ਜੀ ਦਾ ਫੁਰਮਾਨ ਹੈ :—

ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ॥ ੧॥

ਆਸਾ ਸੇਖ ਫਰੀਦ ਜੀ, (ਪੰਨਾ : ੪੮੮)

ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਸੱਚ ਦੇ ਨਾਲੋਂ ਟੁੱਟਿਆਂ ਪ੍ਰਤੀ ਫੁਰਮਾਨ ਹੈ ਕਿ ਜਿਹੜੇ ਮਨੁੱਖਾਂ ਨੇ ਸੱਚ ਨਾਮ ਦਾ ਪੱਲਾ ਛੱਡ ਦਿੱਤਾ ਹੈ। ਸੱਚ ਨਾਲੋਂ ਟੁੱਟਣ ਸਦਕਾ ਉਹ ਹਮੇਸ਼ਾ ਝੂਠ ਬਚਨ ਹੀ ਬੋਲਦੇ ਹਨ। ਸੱਚ ਨਾਲੋਂ ਵਿਛੋੜਾ ਪੈ ਜਾਣ ਸਦਕਾ ਮਾਇਆ ਦੇ ਦੂਤ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਉਹਨਾਂ ਦੇ ਹਿਰਦੇ ਵਿਚੋਂ ਸ਼ੁਭ ਗੁਣਾਂ ਦੀ ਰਾਸ, ਹਮੇਸ਼ਾਂ ਲੁੱਟਦੇ ਰਹਿੰਦੇ ਹਨ। ਮਾਇਆ ਦੇ ਭਰਮ-ਭੁਲੇਖੇ ਵਿੱਚ ਗ੍ਰਸੇ ਹੋਣ ਸਦਕਾ ਸਾਕਤ ਪੁਰਸ਼ ਨਾਮ ਦੇ ਰਸ ਤੋਂ ਵਾਂਝੇ ਰਹਿ ਜਾਂਦੇ ਹਨ। ਮਾਇਆ ਰੂਪੀ ਜ਼ਹਿਰ ਹੀ ਉਹਨਾਂ ਨੂੰ ਚੰਗੀ ਲਗਦੀ ਹੈ। ਉਹਨਾਂ ਦਾ ਐਸਾ ਸੁਭਾਅ ਬਣ ਜਾਂਦਾ ਹੈ। ਹਰੀ ਦੇ ਦਾਸਾਂ ਨਾਲ ਹਮੇਸ਼ਾ ਬਿਖਾਦ ਖੜ੍ਹਾ ਰੱਖਦੇ ਹਨ ਅਤੇ ਸਾਕਤ ਪੁਰਸ਼ਾਂ ਨਾਲ ਜੋ ਹਮੇਸ਼ਾ ਬੁਰਾ ਚਿਤਵਣ ਵਾਲੇ ਹਨ, ਉਹਨਾਂ ਨਾਲ ਮਿੱਤਰਤਾ ਬਣਾਈ ਰਖਦੇ ਹਨ। ਸੱਚ ਨਾਲੋਂ ਟੁੱਟਣ ਅਤੇ ਸਾਕਤਾਂ ਨਾਲ ਜੁੜਨ ਸਦਕਾ ਜਮਦੂਤ ਉਹਨਾਂ ਨੂੰ ਦੋਸ਼ੀ ਬਣਾ ਕੇ ਬੰਨ੍ਹ ਕੇ ਨਰਕਾਂ ਵਿੱਚ ਦੁੱਖ ਭੁਗਾਉਂਦੇ ਹਨ। ਸੱਚ ਨਾਲੋਂ ਟੁੱਟਣ ਵਾਲਿਆਂ ਦੀ ਕੀ ਦਸ਼ਾ ਹੁੰਦੀ ਹੈ? ਗੁਰੂ ਅਮਰਦਾਸ ਜੀ ਦਾ ਫੁਰਮਾਨ ਪੜ੍ਹੀਏ :—

ਜਿਨ੍ੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਿ॥
ਪੰਚ ਚੋਰ ਤਿਨਾ ਘਰੁ ਮੁਹਿਨ੍ਿ ਹਉਮੈ ਅੰਦਰਿ ਸੰਨ੍ਿ॥
ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਿ॥
ਜਿਨ੍ੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਿ॥
ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨ੍ਿ॥
ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਿ॥

ਸਲੋਕ ਮ: ੩ (ਪੰਨਾ : ੮੫੪)

ਸੱਚ ਨਾਲੋਂ ਟੁੱਟਿਆ ਮਨੁੱਖ ਦੁਖੀ ਜੀਵਨ ਬਤੀਤ ਕਰਦਾ ਹੈ। ਜਿਥੇ ਆਪ ਪ੍ਰੇਸ਼ਾਨ ਰਹਿੰਦਾ ਹੈ, ਉੱਥੇ ਹੋਰ ਅਨੇਕਾਂ ਨੂੰ ਪ੍ਰੇਸ਼ਾਨ ਤੇ ਦੁਖੀ ਕਰਨ ਦਾ ਵਸੀਲਾ ਬਣਦਾ ਹੈ। ਸਾਕਤ ਪੁਰਸ਼ ਮਾਇਆ ਦੇ ਪ੍ਰਭਾਵ ਅਧੀਨ ਪੰਜਾਂ ਦੇ ਵੱਸ ਪਿਆ, ਮੰਦ ਕਰਮੀ

ਜੀਵਨ ਭੋਗਦਾ ਹੈ। ਸੱਚ ਨਾਲੋਂ ਟੁੱਟ ਕੇ ਮਨੁੱਖ ਜਮਦੂਤਾਂ ਦੇ ਧੱਕੇ ਸਹਾਰਦਾ ਨਰਕ ਗਮੀ ਬਣ ਜਾਂਦਾ ਹੈ। ਸਤਿਗੁਰੂ ਜੀ ਸਾਨੂੰ ਐਸੇ ਦੁੱਖਾਂ ਅਤੇ ਦੋਸ਼ਾਂ ਤੋਂ ਮੁਕਤ ਕਰਨਾ ਲੋਚਦੇ ਹਨ। ਇਸੇ ਲਈ ਹੀ ਬਾਰੰਬਾਰ ਸੱਚ ਨਾਲ ਜੁੜਨ ਲਈ ਪ੍ਰੇਰਨਾ ਦਿੰਦੇ ਹਨ।

ਜਿਹੜਾ ਮਨੁੱਖ ਸੱਚ ਨਾਲੋਂ ਟੁੱਟ ਜਾਂਦਾ ਹੈ। ਮਨੁੱਖਾ ਜਨਮ ਦੀ ਬਖਸ਼ਸ਼ ਕਰਨ ਵਾਲੇ ਅਤੇ ਅਨੇਕਾਂ ਸੁੱਖਾਂ ਦੇ ਦੇਣ ਵਾਲੇ ਦਾਤੇ ਨੂੰ ਭੁੱਲ ਜਾਂਦਾ ਹੈ। ਐਸੇ ਮਨੁੱਖ ਭਾਈ ਗੁਰਦਾਸ ਜੀ ਦੀ ਦ੍ਰਿਸ਼ਟੀ ਵਿਚ ਅਕ੍ਰਿਤਘਣ ਹਨ। ਸੰਸਾਰ ਵਿਚ ਸਭ ਤੋਂ ਵੱਡਾ ਪਾਪੀ ਅਕ੍ਰਿਤਘਣ ਹੈ। ਭਾਈ ਗੁਰਦਾਸ ਜੀ ਦੇ ਮੁੱਖ ਤੋਂ ਅਕ੍ਰਿਤਘਣ ਪ੍ਰਤੀ ਫਤਵਾ ਸੁਣ ਮਨ ਕੰਬ ਜਾਂਦਾ ਹੈ।

ਅਤਿ ਨੀਵੀਂ ਜਾਤ ਦੀ (ਚੂਹੜੀ) ਇਸਤ੍ਰੀ ਨੇ ਸ਼ਰਾਬ ਵਿੱਚ ਪਾ ਕੇ ਕੁੱਤੇ ਦਾ ਮਾਸ ਰਿੰਨਿਆ।

ਰਿੰਨੇ ਹੋਏ ਕੁੱਤੇ ਦੇ ਮਾਸ ਨੂੰ ਉਸਨੇ ਮਨੁੱਖ ਦੀ ਖੋਪਰੀ ਵਿੱਚ ਪਾ ਕੇ ਰੱਖਿਆ ਜਿਸ ਵਿਚੋਂ ਭੈੜੀ ਦੁਰਗੰਧ ਆ ਰਹੀ ਸੀ।

ਲਹੂ ਨਾਲ ਭਰੇ ਹੋਏ ਕੱਪੜੇ ਨਾਲ ਉਸ ਮਾਸ ਨੂੰ ਢੱਕਿਆ। ਉਸ ਰਿੱਧੇ ਹੋਏ ਮਾਸ ਨੂੰ ਕੱਜ ਕੇ ਚੂਹੜੀ ਵਿਸ਼ੇ-ਭੋਗ ਦੀ ਪੂਰਤੀ ਲਈ ਜਾ ਰਹੀ ਹੈ।

ਅਗੋਂ ਪੁੱਛਣ ਵਾਲੇ ਨੇ ਉਸ ਨੂੰ ਪੁੱਛਿਆ ਕਿ ਇਸ ਵਿਚੋਂ ਤਾਂ ਬੜੀ ਦੁਰਗੰਧ ਆ ਰਹੀ ਹੈ। ਤੂੰ ਇਸ ਨੂੰ ਕਿਉਂ ਢੱਕਿਆ ਹੋਇਆ ਹੈ?

ਪੁੱਛਣ ਵਾਲੇ ਦਾ ਸੰਸਾ ਦੂਰ ਕਰਨ ਲਈ ਚੂਹੜੀ ਨੇ ਸੱਚੋਂ ਸੱਚ ਦੱਸ ਦਿੱਤਾ ਅਤੇ ਕੱਜਣ ਦਾ ਕਾਰਨ ਦੱਸਿਆ ਕਿ ਮੈਂ ਮਾਸ ਨੂੰ ਇਸ ਕਰਕੇ ਢੱਕਿਆ ਹੈ, ਮਤਾ ਕਿਤੇ ਇਸ ਨੂੰ ਅਕ੍ਰਿਤਘਣ ਦੀ ਨਿਗਾਹ ਨ ਲੱਗ ਜਾਵੇ ਜਿਸ ਸਦਕਾ ਇਹ ਹੋਰ ਭ੍ਰਿਸ਼ਟ ਨਾ ਹੋ ਜਾਵੇ। ਕੈਸਾ ਹੈ ਅਕ੍ਰਿਤਘਣ ਮਨੁੱਖ! ਜਿਸ ਦੀ ਦ੍ਰਿਸ਼ਟੀ ਇੰਨੀ ਪਲੀਤ ਹੈ ਕਿ ਪਲੀਤ ਚੀਜ਼ਾਂ ਨੂੰ ਹੋਰ ਮੰਦੀਆਂ ਕਰ ਦਿੰਦੀ ਹੈ। ਭਾਈ ਗੁਰਦਾਸ ਜੀ ਦਾ ਫੁਰਮਾਨ ਪੜੀਏ :—

ਮਦ ਵਿਚਿ ਰਿਧਾ ਪਾਇ ਕੈ ਕੁਤੇ ਦਾ ਮਾਸੁ॥
ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ॥
ਰਤੂ ਭਰਿਆ ਕਪੜਾ ਕਰਿ ਕਜਣ ਤਾਸੁ॥
ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ॥
ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ॥
ਨਦਰੀ ਪਵੈ ਅਕ੍ਰਿਤਘਣੁ ਮਤੁ ਹੋਇ ਵਿਣਾਸੁ॥

(ਵਾਰ ੩੫ ਪਉੜੀ ੯)

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਜਿਸ ਪਰਮੇਸ਼ਰ ਨੇ ਸਾਨੂੰ ਸੁਹਣਾ ਸਰੀਰ ਬਖਸ਼ਸ਼ ਕੀਤਾ ਹੈ। ਜਿਸ ਪ੍ਰਮੇਸ਼ਰ ਨੇ ਮਾਤਾ ਦੇ ਗਰਭ ਵਿੱਚ ਸਾਡੇ ਸਰੀਰ ਦੀ ਸਾਜਣਾ ਕੀਤੀ। ਸੰਸਾਰ ਵਿੱਚ ਜਨਮ ਲੈਣ ਤੋਂ ਪਹਿਲਾਂ ਸਾਡੀ ਪਰਵਰਸ਼ ਕਰਨ ਲਈ ਦੁੱਧ ਪੈਦਾ ਕੀਤਾ। ਜਵਾਨੀ ਵਿੱਚ ਛਤੀਹ ਪ੍ਰਕਾਰ ਦੇ ਭੋਜਨ ਤੇ ਸੁਖ ਅਰਾਮ ਬਖਸ਼ਸ਼ ਕੀਤੇ, ਬੁਢੇਪਾ ਆ ਜਾਣ ਤੇ ਸਾਂਭ ਸੰਭਾਲ ਵਾਸਤੇ ਧੀਆਂ-ਪੁੱਤਰ, ਰਿਸ਼ਤੇਦਾਰ ਦਿੱਤੇ, ਐਸੀਆਂ ਅਮੋਲਕ ਦਾਤਾਂ ਦੇਣ ਵਾਲੇ ਮਾਲਕ ਨੂੰ ਅਸੀਂ ਜੀਵਾਂ ਨੇ ਭੁਲਾ ਦਿਤਾ ਹੈ। ਉਸ ਸੱਚੇ ਵਾਹਿਗੁਰੂ ਜੀ ਦਾ ਅਸੀਂ ਸ਼ੁਕਰਾਨਾ ਨਹੀਂ ਕਰਦੇ। ਜੇ ਕਰਦੇ ਹਾਂ, ਬਹੁਤ ਚੰਗਾ। ਜੇ ਨਹੀਂ ਕਰਦੇ, ਫਿਰ ਅਸੀਂ ਵੀ ਅਕ੍ਰਿਤਘਣਤਾ ਦੇ ਦੋਸ਼ ਤੋਂ ਬਚ ਨਹੀਂ ਸਕਦੇ। ਆਪਣੇ ਮਨ ਵਿਚ ਝਾਤੀ ਮਾਰਨੀ ਚਾਹੀਏ। ਅਕ੍ਰਿਤਘਣ ਮਨੁੱਖ ਦਾ ਭਾਰ ਤਾਂ ਧਰਤੀ ਨੂੰ ਵੀ ਵਿਆਪਦਾ ਹੈ।

ਧਰਤੀ ਨੂੰ ਅਸਮਾਨਾਂ ਨਾਲ ਛੂੰਹਦੇ ਉੱਚੇ ਪਹਾੜਾਂ ਦਾ ਭਾਰ ਨਹੀਂ ਲਗਦਾ। ਬੜੇ-ਬੜੇ ਕਿਲੇ ਅਤੇ ਘਰਾਂ-ਬਾਰਾਂ ਦਾ ਵੀ ਧਰਤੀ ਨੂੰ ਭਾਰ ਨਹੀਂ ਵਿਆਪਦਾ। ਧਰਤੀ ਉੱਤੇ ਸਮੁੰਦਰਾਂ ਵਿੱਚ ਜੋ ਬੇਅੰਤ ਪਾਣੀ ਹੈ, ਨਦੀਆਂ ਨਾਲੇ ਹਨ, ਉਹਨਾਂ ਦੇ ਪਾਣੀ ਦਾ ਵੀ ਧਰਤੀ ਨੂੰ ਭਾਰ ਨਹੀਂ ਲਗਦਾ।

ਫਲਾਂ ਨਾਲ ਲੱਦੇ ਹੋਏ ਦਰਖਤਾਂ ਦਾ ਵੀ ਧਰਤੀ ਨੂੰ ਭਾਰ ਨਹੀਂ ਲਗਦਾ।

ਗਿਣਤੀ ਤੋਂ ਬਾਹਰੇ ਜੀਅ ਜੰਤ ਜੋ ਧਰਤੀ ਤੇ ਘੁੰਮ ਫਿਰ ਰਹੇ ਹਨ ਉਹਨਾਂ ਦਾ ਭਾਰ ਵੀ ਧਰਤੀ ਨੂੰ ਨਹੀਂ ਵਿਆਪਦਾ।

ਜੇ ਧਰਤੀ ਨੂੰ ਭਾਰ ਲਗਦਾ ਹੈ ਤਾਂ ਅਕ੍ਰਿਤਘਣਾਂ ਦਾ ਭਾਰ ਲਗਦਾ ਹੈ ਜੋ ਬੁਰਿਆਂ ਤੋਂ ਵੀ ਬੁਰੇ ਹਨ। ਭਾਈ ਗੁਰਦਾਸ ਜੀ ਦਾ ਫੁਰਮਾਨ ਵਾਚੀਏ ਨਾਲ-ਨਾਲ ਵੀਚਾਰ ਕਰੀਏ ਕਿਤੇ ਅਸੀਂ ਵੀ ਅਕ੍ਰਿਤਘਣਾਂ ਦੀ ਕਤਾਰ ਵਿੱਚ ਨ ਖਲੋਂਦੇ ਹੋਈਏ:—

ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ॥
ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ॥
ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ॥
ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ॥
ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ॥
ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ॥

(ਵਾਰ ੩੫, ਪਉੜੀ ੮)

ਸੱਚ ਨਾਲੋਂ ਟੁੱਟ ਕੇ ਮਨੁੱਖ ਦੀ ਆਤਮਾ ਤੇ ਅਕ੍ਰਿਤਘਣਤਾ ਦਾ ਦੋਸ਼ ਹਾਵੀ ਹੋ ਜਾਂਦਾ ਹੈ। ਜਿਸ ਸਦਕਾ ਆਤਮਾ ਪਾਪਾਂ ਨਾਲ ਬੋਝਲ ਹੋ ਕੇ ਸੰਸਾਰ ਸਮੁੰਦਰ ਵਿੱਚ

ਗੋਤੇ ਖਾਂਦੀ ਹੈ ਤੇ ਜਮਾਂ ਦੇ ਦੰਡ ਨੂੰ ਸਹਾਰਨ ਦੀ ਭਾਗੀ ਬਣਦੀ ਹੈ। ਪਛਤਾਵੇ ਦਾ ਭੂਤ ਹਮੇਸ਼ਾ ਹੀ ਮਨੁੱਖ ਦੀ ਆਤਮਾ ਨੂੰ ਅਸ਼ਾਂਤ ਕਰਦਾ ਰਹਿੰਦਾ ਹੈ।

ਅਖੀਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਗਉੜੀ ਰਾਗ ਵਿੱਚ ਉਚਾਰਨ ਕੀਤਾ ਫੁਰਮਾਨ ਪੜ੍ਹ ਲਈਏ। ਸੱਚ ਨਾਲੋਂ ਟੁੱਟੇ ਮਨੁੱਖ ਦੀ ਦਸ਼ਾ ਕਿਹੋ ਜਿਹੀ ਬਣ ਜਾਂਦੀ ਹੈ। ਸਤਿਗੁਰੂ ਜੀ ਇਹੋ ਜਿਹੀ ਹਾਲਤ ਤੋਂ ਬਚਾਈ ਰੱਖਣ ਅਤੇ ਸਦਾ ਸੱਚ ਨਾਲ ਜੋੜ ਕੇ ਮਨੁੱਖਾ ਜਨਮ ਦਾ ਅਉਸਰ ਸਫਲ ਕਰ ਦੇਣ ਜੀ :—

ਦੁਲਭ ਦੇਹ ਪਾਈ ਵਡਭਾਗੀ॥
ਨਾਮੁ ਨ ਜਪਹਿ ਤੇ ਆਤਮ ਘਾਤੀ॥ ੧॥
ਮਰਿ ਨ ਜਾਹੀ ਜਿਨਾ ਬਿਸਰਤ ਰਾਮ॥
ਨਾਮ ਬਿਹੂਨ ਜੀਵਨ ਕਉਨ ਕਾਮ॥ ੧॥ ਰਹਾਉ॥
ਖਾਤ ਪੀਤ ਖੇਲਤ ਹਸਤ ਬਿਸਥਾਰ॥
ਕਵਨ ਅਰਥ ਮਿਰਤਕ ਸੀਗਾਰ॥ ੨॥
ਜੋ ਨ ਸੁਨਹਿ ਜਸੁ ਪਰਮਾਨੰਦਾ॥
ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ॥ ੩॥
ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ॥
ਕੇਵਲ ਨਾਮੁ ਰਿਦ ਮਾਹਿ ਸਮਾਇਆ॥ ੪॥ ੪੨॥

ਗਉੜੀ ਮ: ੫ (ਪੰਨਾ : ੧੮੮)

ਸਤਿਗੁਰੂ ਜੀ ਰਹਿਮਤ ਕਰਨ ਅਸੀਂ ਸੱਚ ਨਾਲ ਜੁੜ ਕੇ ਆਤਮਘਾਤੀ ਅਤੇ ਜੀਉਂਦੇ ਜੀਅ ਮਿਰਤਕ ਬਣਨ ਤੋਂ ਜਾਈਏ। ਸੱਚ ਨਾਲ ਨਾ ਜੁੜਾਂਗੇ ਫਿਰ "ਪਸ ਪੰਖੀ ਤ੍ਰਿਗਦ ਜੋਨਿ ਤੇ ਮੰਦਾ" ਦੀ ਲਾਹਨਤ ਸੁਣਨੀ ਹੀ ਪਵੇਗੀ।

ਸੱਚ ਨਾਲ ਜੁੜਨ ਦੇ ਲਾਭ

ਜਿੱਥੇ ਸਤਿਗੁਰੂ ਜੀ ਨੇ ਗੁਰਬਾਣੀ ਵਿੱਚ ਸੱਚ ਦੀ ਵਿਆਖਿਆ ਕੀਤੀ ਹੈ, ਉੱਥੇ ਸੱਚ ਦੇ ਨਾਲ ਸੰਪਰਕ ਬਨਾਉਣ ਲਈ ਢੰਗ ਤਰੀਕਾ ਸਾਰੀ ਗੁਰਬਾਣੀ ਵਿੱਚ ਦਰਸਾਇਆ ਹੈ।

ਜਿਹੜੇ ਸੱਚ ਦੇ ਨਾਲੋਂ ਟੁੱਟ ਜਾਂਦੇ ਹਨ, ਉਹਨਾਂ ਦੀ ਮਾਨਸਿਕ ਦਸ਼ਾ ਕਿਹੋ ਜਿਹੀ ਬਣ ਜਾਂਦੀ ਹੈ ਅਤੇ ਸੱਚ ਨਾਲੋਂ ਟੁੱਟ ਜਾਣ ਕਾਰਨ ਜੋ ਉਹਨਾਂ ਨੂੰ ਆਰਥਕ ਪ੍ਰਮਾਰਥਕ ਘਾਟਾ ਪੈਂਦਾ ਹੈ, ਉਸ ਨੂੰ ਬੜੇ ਵਿਸਥਾਰ ਨਾਲ ਸਤਿਗੁਰਾਂ ਨੇ ਸਾਨੂੰ ਸਮਝਾਇਆ ਹੈ ਅਤੇ ਨਾਲ ਹੀ ਨਾਮ ਜਪ ਦੁਆਰਾ ਜੋ ਸੱਚ ਨਾਲ ਅਭੇਦ ਹੋ ਜਾਂਦੇ ਹਨ, ਉਹਨਾਂ ਦੀ ਆਤਮਿਕ ਦਸ਼ਾ ਕਿਹੋ ਜਿਹੀ ਹੁੰਦੀ ਹੈ? ਸੱਚ ਨਾਲ ਜੁੜਨ ਸਦਕਾ ਕਿਵੇਂ ਉਹਨਾਂ ਦੇ

ਲੋਕ-ਪ੍ਰਲੋਕ ਸਵਰ ਜਾਂਦੇ ਹਨ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਫੁਰਮਾਨ ਅਨੁਸਾਰ **"ਸੇ ਧਨਵੰਤ ਹਰਿ ਨਾਮਿ ਲਿਵ ਲਾਇ"** ਦੀਆਂ ਦਾਤਾਂ ਉਹਨਾਂ ਨੂੰ ਪ੍ਰਾਪਤ ਹੁੰਦੀਆਂ ਹਨ। ਉਹਨਾਂ ਨੂੰ ਜਿੱਥੇ ਇਸ ਸੰਸਾਰ ਵਿੱਚ ਚੰਗੇ ਮਾਰਗ ਤੇ ਤੁਰਨ ਸਦਕਾ **"ਸਚੇ ਮਾਰਗ ਚਲਦਿਆ ਉਸਤਤ ਕਰੇ ਜਹਾਨ"** ਦਾ ਮਾਣ ਸਤਿਕਾਰ ਮਿਲਦਾ ਹੈ। ਉੱਥੇ ਰੱਬੀ ਦਰਗਾਹ ਵਿੱਚ **"ਰੇ ਰੇ ਦਰਗਹ ਕਹੈ ਨ ਕੋਊ॥ ਆਉ ਬੈਠੁ ਆਦਰੁ ਸੁਭ ਦੇਊ॥"** ਦੀਆਂ ਬਰਕਤਾਂ ਉਹਨਾਂ ਨੂੰ ਪ੍ਰਾਪਤ ਹੁੰਦੀਆਂ ਹਨ।

ਜਿਹੜਾ ਸੱਚੇ ਹਰੀ ਨਾਲ ਨਾਮ ਜਪ ਦੁਆਰਾ ਜੁੜ ਜਾਂਦਾ ਹੈ। ਹਰੀ ਉਸ ਨੂੰ ਕੀ ਕੀ ਦਾਤਾਂ ਬਖਸ਼ਸ਼ ਕਰ ਦਿੰਦੇ ਹਨ? ਸਾਹਿਬ ਪੰਚਮ ਪਾਤਸ਼ਾਹ ਜੀ ਦਾ ਫੁਰਮਾਨ ਹੈ, ਜੋ ਹਰੀ ਨਾਲ ਜੁੜ ਜਾਂਦਾ ਹੈ ਉਸ ਦਾ ਸਾਰਾ ਸੰਸਾਰ ਹੀ ਮਿੱਤਰ ਬਣ ਜਾਂਦਾ ਹੈ। ਉਸ ਦਾ ਕੋਈ ਵੀ ਦੁਸ਼ਮਣ ਨਹੀਂ ਰਹਿੰਦਾ। ਹਰੀ ਵਾਹਿਗੁਰੂ ਦੇ ਨਾਲ ਜੁੜਨ ਸਦਕਾ ਉਸ ਗੁਰੂ ਪਿਆਰੇ ਦਾ ਚਿੱਤ ਅਡੋਲ ਹੋ ਜਾਂਦਾ ਹੈ, ਉਸ ਦੀਆਂ ਸਾਰੀਆਂ ਭਟਕਣਾਂ ਖਤਮ ਹੋ ਜਾਂਦੀਆਂ ਹਨ। ਹਰੀ ਨਾਲ ਜੁੜਨ ਸਦਕਾ ਉਸ ਦਾ ਹਰ ਪ੍ਰਕਾਰ ਦਾ ਚਿੰਤਾ, ਝੋਰਾ ਸਮਾਪਤ ਹੋ ਜਾਂਦਾ ਹੈ। ਹਰੀ ਦੇ ਨਾਲ ਜੁੜਨ ਦੀ ਬਰਕਤ ਨਾਲ, ਜੀਵ ਆਤਮਾਂ ਦਾ ਨਿਸਤਾਰਾ ਹੋ ਜਾਂਦਾ ਹੈ। ਹੇ ਮੇਰੇ ਮਨ, ਤੂੰ ਆਪਣੀ ਸੁਰਤੀ ਨੂੰ ਪ੍ਰਭੂ ਨਾਲ ਜੋੜ ਦੇਹ ਕਿਉਂਕਿ ਇੱਕ ਹਰੀ ਹੀ ਤੇਰੇ ਕੰਮ ਆਉਣ ਵਾਲਾ ਹੈ, ਹੋਰ ਕਿਸੇ ਨੇ ਸਹਾਇਕ ਨਹੀਂ ਬਣਨਾ।

ਇਹ ਜੋ ਵੱਡੇ-ਵੱਡੇ ਮਾਇਆਧਾਰੀ ਤੂੰ ਸੰਸਾਰ ਵਿੱਚ ਵੇਖ ਰਿਹਾ ਹੈਂ। ਹੇ ਮੂਰਖ ਇਹ ਸਾਰਾ ਮਾਲ ਧਨ ਉਨ੍ਹਾਂ ਦੇ ਆਤਮਿਕ ਜੀਵਨ ਵਿੱਚ ਕਿਸੇ ਵੀ ਕੰਮ ਆਉਣ ਵਾਲਾ ਨਹੀਂ। ਹਰੀ ਦਾ ਸੇਵਕ ਭਾਵੇਂ ਅਖੌਤੀ ਨੀਵੀਂ ਕੁਲ ਨਾਲ ਸਬੰਧ ਰੱਖਦਾ ਹੋਵੇ, ਉਸ ਦੀ ਭੋਰਾ ਮਾਤਰ ਸੰਗਤ ਕਰਨ ਨਾਲ ਜੀਵ ਦਾ ਨਿਸਤਾਰਾ ਹੋ ਜਾਂਦਾ ਹੈ। ਹਰੀ ਪ੍ਰਭੂ ਦਾ ਨਾਮ ਸੁਣਨ ਨਾਲ ਕ੍ਰੋੜਾਂ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਹਰੀ ਪ੍ਰਮੇਸ਼ਰ ਦਾ ਧਿਆਨ ਕਰਨ ਨਾਲ, ਕ੍ਰੋੜਾਂ ਕਿਸਮ ਦੀ ਪੂਜਾ ਅਤੇ ਗੁਰੂ ਦੀ ਸਿੱਖਿਆ ਸੁਣਨ ਨਾਲ ਕ੍ਰੋੜਾਂ ਪੁੰਨਾਂ ਦਾ ਫਲ ਸੁਤੇ ਪ੍ਰਾਪਤ ਹੋ ਜਾਂਦਾ ਹੈ। ਇਹ ਸਾਰੀ ਰਹਿਮਤ ਗੁਰੂ ਦੀ ਅਤੇ ਸੱਚ ਨਾਲ ਜੁੜਨ ਦੀ ਹੈ।

ਹੇ ਭਾਈ, ਉਸ ਸੱਚੇ ਹਰੀ ਨੂੰ ਆਪਣੇ ਮਨ ਵਿੱਚ ਮੁੜ-ਮੁੜ ਕੇ ਯਾਦ ਕਰ। ਹਰੀ ਦਾ ਸਿਮਰਨ ਮਾਇਆ ਦੇ ਝੂਠੇ ਮੋਹ ਦਾ ਨਾਸ਼ ਕਰ ਦਿੰਦਾ ਹੈ। ਸੱਚਾ ਹਰੀ ਜੋ ਨਾਸ਼ ਤੋਂ ਰਹਿਤ ਹੈ, ਉਹ ਹਮੇਸ਼ਾ ਤੇਰੇ ਨਾਲ ਵਸਦਾ ਹੈ। ਹੇ ਮੇਰੇ ਮਨ! ਤੂੰ ਉਸ ਦੇ ਪਿਆਰ ਵਿੱਚ ਤਦਾਕਾਰ ਹੋ ਜਾਹ।

ਹਰੀ ਪ੍ਰਮੇਸ਼ਰ ਦੇ ਨਾਲ ਜੁੜਨ ਵਾਲੇ ਕੰਮ ਕਰਨ ਨਾਲ ਹਰ ਤਰ੍ਹਾਂ ਦੀ ਭੁੱਖ ਖਤਮ

ਹੋ ਜਾਂਦੀ ਹੈ ਅਤੇ ਜਮਦੂਤ ਵੀ ਨੇੜੇ ਨਹੀਂ ਢੁੱਕਦੇ। ਨਾਮ ਜਪ ਦੇ ਕਰਮ ਵਿੱਚ ਜੁੜਨ ਨਾਲ ਮਨੁੱਖ ਦਾ ਬਹੁਤ ਵੱਡਾ ਪ੍ਰਤਾਪ ਬਣ ਜਾਂਦਾ ਹੈ। ਹਰੀ ਜਪ ਦਾ ਕਾਰਜ ਕਰਨ ਨਾਲ ਅਮਰ ਪਦਵੀ ਵੀ ਪ੍ਰਾਪਤ ਹੋ ਜਾਂਦੀ ਹੈ।

ਸੱਚੇ ਹਰੀ ਪ੍ਰਭੂ ਦੀ ਚਾਕਰੀ ਕਰਨ ਵਾਲੇ ਨੂੰ ਕਿਸੇ ਕਿਸਮ ਦਾ ਦੰਡ ਨਹੀਂ ਲੱਗ ਸਕਦਾ ਅਤੇ ਨਾ ਹੀ ਉਸ ਦੇ ਰਸਤੇ ਵਿਚ ਕੋਈ ਬੰਧਨ (ਰੋਕ) ਹੀ ਪੈਂਦਾ ਹੈ। ਪ੍ਰਭੂ ਦੇ ਦਰਬਾਰ ਵਿੱਚ ਪ੍ਰਭੂ ਦੇ ਸੇਵਕ ਪਾਸੋਂ ਕੋਈ ਲੇਖਾ ਵੀ ਨਹੀਂ ਪੁੱਛਦਾ। ਸੋ ਐਸੇ ਪ੍ਰਭੂ ਦੀ ਚਾਕਰੀ ਹਮੇਸ਼ਾ-ਹਮੇਸ਼ਾ ਕਰਨੀ ਚਾਹੀਦੀ ਹੈ।

ਹੇ ਮਨ, ਉਸ ਦੇ ਨਾਲ ਜੁੜ ਜਿਸ ਦੇ ਘਰ ਵਿੱਚ ਕਿਸੇ ਚੀਜ ਦੀ ਘਾਟ ਨਹੀਂ। ਉਹ ਇਕ ਹੁੰਦਾ ਹੋਇਆ ਅਨੇਕਤਾ ਵਿਚ ਪ੍ਰਕਾਸ਼ਮਾਨ ਹੈ। ਉਸ ਮਾਲਕ ਦੀ ਇੱਕ ਮਿਹਰ ਦ੍ਰਿਸ਼ਟੀ ਨਾਲ ਨਿਹਾਲੋ-ਨਿਹਾਲ ਹੋ ਜਾਈਦਾ ਹੈ, ਇਸ ਲਈ ਤੂੰ ਉਸ ਸੱਚੇ ਪ੍ਰਭੂ ਦੀ ਸੇਵਾ ਵਿੱਚ ਜੁੜ ਜਾਹ। ਅਖੀਰ ਸਾਹਿਬ ਉਸ ਮਾਲਕ ਦੀ ਸਰਬ-ਵਿਆਪਕਤਾ ਦਾ ਵਰਨਣ ਕਰਦੇ ਫੁਰਮਾਉਂਦੇ ਹਨ। ਸੰਸਾਰ ਵਿੱਚ ਨਾ ਕੋਈ ਚਤੁਰ ਹੈ, ਨਾ ਕੋਈ ਮੂਰਖ ਹੈ। ਨਾ ਕੋਈ ਦੁਰਬਲ ਹੈ, ਨਾ ਹੀ ਕੋਈ ਸੂਰਮਾ, ਸਭ ਉਸ ਮਾਲਕ ਦਾ ਖੇਡ-ਤਮਾਸ਼ਾ ਹੀ ਹੈ :—

ਹਰਿ ਸਿਉ ਜੁਰੈ ਤ ਸਭੁ ਕੋ ਮੀਤੁ॥
ਹਰਿ ਸਿਉ ਜੁਰੈ ਤ ਨਿਹਚਲੁ ਚੀਤੁ॥
ਹਰਿ ਸਿਉ ਜੁਰੈ ਤ ਵਿਆਪੈ ਕਾੜ੍ਹਾ॥
ਹਰਿ ਸਿਉ ਜੁਰੈ ਤ ਹੋਇ ਨਿਸਤਾਰਾ॥ ੧॥
ਰੇ ਮਨ ਮੇਰੇ ਤੂੰ ਹਰਿ ਸਿਉ ਜੋਰੁ॥
ਕਾਜਿ ਤੁਹਾਰੈ ਨਾਹੀ ਹੋਰੁ॥ ੨॥ ਰਹਾਉ॥
ਵਡੇ ਵਡੇ ਜੋ ਦੁਨੀਆਦਾਰ॥
ਕਾਹੂ ਕਾਜਿ ਨਾਹੀ ਗਾਵਾਰ॥
ਹਰਿ ਕਾ ਦਾਸੁ ਨੀਚ ਕੁਲੁ ਸੁਣਹਿ॥
ਤਿਸ ਕੈ ਸੰਗਿ ਖਿਨ ਮਹਿ ਉਧਰਹਿ॥ ੨॥
ਕੋਟਿ ਮਜਨ ਜਾ ਕੈ ਸੁਣਿ ਨਾਮ॥
ਕੋਟਿ ਪੂਜਾ ਜਾ ਕੈ ਹੈ ਧਿਆਨ॥
ਕੋਟਿ ਪੁੰਨ ਸੁਣਿ ਹਰਿ ਕੀ ਬਾਣੀ॥
ਕੋਟਿ ਫਲਾ ਗੁਰ ਤੇ ਬਿਧਿ ਜਾਣੀ॥ ੩॥
ਮਨ ਅਪੁਨੇ ਮਹਿ ਫਿਰਿ ਫਿਰਿ ਚੇਤ॥

ਬਿਨਸਿ ਜਾਹਿ ਮਾਇਆ ਕੇ ਹੇਤ॥
ਹਰਿ ਅਬਿਨਾਸੀ ਤੁਮਰੈ ਸੰਗਿ॥
ਮਨ ਮੇਰੇ ਰਚੁ ਰਾਮ ਕੈ ਰੰਗਿ॥ ੪॥
ਜਾ ਕੈ ਕਾਮਿ ਉਤਰੈ ਸਭ ਭੂਖ॥
ਜਾ ਕੈ ਕਾਮਿ ਨ ਜੋਹਹਿ ਦੂਤ॥
ਜਾ ਕੈ ਕਾਮਿ ਤੇਰਾ ਵਡ ਗਮਰੁ॥
ਜਾ ਕੈ ਕਾਮਿ ਹੋਵਹਿ ਤੂੰ ਅਮਰੁ॥ ੫॥
ਜਾ ਕੇ ਚਾਕਰ ਕਉ ਨਹੀ ਡਾਨ॥
ਜਾ ਕੇ ਚਾਕਰ ਕਉ ਨਹੀ ਬਾਨ॥
ਜਾ ਕੈ ਦਫਤਰਿ ਪੁਛੈ ਨ ਲੇਖਾ॥
ਤਾ ਕੀ ਚਾਕਰੀ ਕਰਹੁ ਬਿਸੇਖਾ॥ ੬॥
ਜਾ ਕੈ ਊਨ ਨਾਹੀ ਕਾਹੂ ਬਾਤ॥
ਏਕਹਿ ਆਪਿ ਅਨੇਕਹਿ ਭਾਤਿ॥
ਜਾ ਕੀ ਦ੍ਰਿਸਟਿ ਹੋਇ ਸਦਾ ਨਿਹਾਲ॥
ਮਨ ਮੇਰੇ ਕਰਿ ਤਾ ਕੀ ਘਾਲ॥ ੭॥
ਨਾ ਕੋ ਚਤੁਰੁ ਨਾਹੀ ਕੋ ਮੂੜਾ॥
ਨਾ ਕੋ ਹੀਣੁ ਨਾਹੀ ਕੋ ਸੂਰਾ॥
ਜਿਤੁ ਕੋ ਲਾਇਆ ਤਿਤ ਹੀ ਲਾਗਾ॥
ਸੋ ਸੇਵਕੁ ਨਾਨਕ ਜਿਸੁ ਭਾਗਾ॥ ੮॥ ੬॥

ਗਉੜੀ ਮ: ੫ (ਪੰਨਾ : ੨੩੮-੨੩੯)

ਭਾਵੇਂ ਸਾਰਾ ਖੇਡ ਤਮਾਸ਼ਾ ਉਸ ਪ੍ਰਭੂ ਮਾਲਕ ਦਾ ਹੀ ਹੈ। ਪਰ ਲੋਕ ਪ੍ਰਲੋਕ ਦੀਆਂ ਵਡਿਆਈਆਂ ਸੱਚੇ ਮਾਲਕ ਦੇ ਨਾਲ ਜੁੜਨ ਵਾਲਿਆਂ ਨੂੰ ਹੀ ਪ੍ਰਾਪਤ ਹੁੰਦੀਆਂ ਹਨ।

ਅਸਲੀ ਆਤਮਿਕ ਜੀਵਨ ਦੀ ਦਾਤ ਸਾਧ ਸੰਗਤ ਵਿੱਚ ਬੈਠ ਕੇ ਨਾਮ ਜਪ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਰਸਨਾ ਦੁਆਰਾ ਨਾਮ ਜਪਣ ਨਾਲ, ਸੱਚੇ ਨਾਮ ਦਾ ਅਧਾਰ ਆਤਮਾ ਨੂੰ ਪ੍ਰਾਪਤ ਹੁੰਦਾ ਹੈ ਅਤੇ ਮਨ-ਤਨ ਕਰਕੇ ਪ੍ਰਭੂ ਨਾਲ ਜੁੜਨ ਸਦਕਾ, ਹਰ ਤਰ੍ਹਾਂ ਦੀ ਭਟਕਣਾ ਖਤਮ ਹੋ ਜਾਂਦੀ ਹੈ ਅਤੇ ਹਰ ਤਰਾਂ ਦੀ ਮਾਇਕੀ ਭੁੱਖ ਵੀ ਦੂਰ ਹੋ ਜਾਂਦੀ ਹੈ ਅਤੇ ਸੱਚਾ ਜੀਵਨ ਪ੍ਰਾਪਤ ਹੋ ਜਾਂਦਾ ਹੈ :—

ਤ੍ਰਿਪਤਿ ਭਈ ਸਚੁ ਭੋਜਨੁ ਖਾਇਆ॥
ਮਨਿ ਤਨਿ ਰਸਨਾ ਨਾਮੁ ਧਿਆਇਆ॥ ੧॥

ਜੀਵਨੁ ਹਰਿ ਜਪਿ ਸਾਧਸੰਗਿ॥ ੧॥ ਰਹਾਉ॥

ਧਨਾਸਰੀ ਮ: ੫ (ਪੰਨਾ : ੬੮੪)

ਤਥਾ :— ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ॥

ਮਾਰੂ ਮ: ੫ (ਪੰਨਾ : ੧੦੧੯)

ਸੱਚ ਨਾਲ ਜੁੜਨ ਸਦਕਾ ਦਾਤਾਂ ਪ੍ਰਾਪਤ ਹੁੰਦੀਆਂ ਹਨ। ਸਾਹਿਬਾਂ ਦਾ ਫੁਰਮਾਨ ਹੈ :—

ਹੇ ਸੱਚੇ ਸਮਰੱਥ ਪ੍ਰਭੂ ਜੀ ! ਜੋ ਪਿਆਰ ਵਿੱਚ ਭਿੱਜ ਕੇ ਤੇਰੇ ਨਾਮ ਨੂੰ ਜਪਦੇ ਹਨ, ਉਹਨਾਂ ਦਾ ਜਨਮ ਮਰਨ ਦਾ ਸਾਰਾ ਦੁੱਖ ਦੂਰ ਹੋ ਜਾਂਦਾ ਹੈ। ਉਹਨਾਂ ਨੂੰ ਇਹ ਵੀ ਭਰੋਸਾ ਹੁੰਦਾ ਹੈ ਕਿ ਤੁਹਾਡੀ ਕੀਤੀ ਹੋਈ ਬਖਸ਼ਸ਼ ਨੂੰ ਕੋਈ ਦੁਨੀਆਂ ਦੀ ਤਾਕਤ ਰੋਕ ਨਹੀਂ ਸਕਦੀ।

ਹੇ ਪ੍ਰਭੂ ! ਜੋ ਪਿਆਰ ਵਿੱਚ ਭਿੱਜ ਕੇ ਨਾਮ ਜਪਦੇ ਹਨ, ਉਹਨਾਂ ਨੂੰ ਲੋਕ-ਪ੍ਰਲੋਕ ਦੇ ਸੁੱਖਾਂ ਦੇ ਫਲ ਪ੍ਰਾਪਤ ਹੋ ਜਾਂਦੇ ਹਨ। ਜਿੱਥੇ ਨਾਮੀ ਗੁਰੂ ਪਿਆਰੇ ਨਾਮ ਦਾ ਪੱਲਾ ਫੜੀ ਰੱਖਦੇ ਹਨ, ਉੱਥੇ ਨਾਮ ਜਪ ਕੇ ਉਹ ਹੰਕਾਰ ਨਹੀਂ ਕਰਦੇ ਸਗੋਂ ਹਮੇਸ਼ਾ ਹਮੇਸ਼ਾਂ ਪ੍ਰਭੂ ਦੀ ਸ਼ਰਣ ਵਿੱਚ ਪਏ ਰਹਿੰਦੇ ਹਨ। ਜਿਸ ਕਰਕੇ ਮਨੁੱਖ ਦੇ ਪੰਜੇ ਵੈਰੀ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਉਹਨਾਂ ਦੇ ਵੱਸ ਵਿੱਚ ਆ ਜਾਂਦੇ ਹਨ। ਕੈਸੀ ਹੈ ਸੱਚ ਨਾਲ ਜੁੜਕੇ ਨਾਮ ਧਿਆਇਨ ਦੀ ਬਰਕਤ :—

ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ॥
ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ॥ ੨॥
ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ॥
ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ॥

ਸੂਹੀ ਮ: ੫ (ਪੰਨਾ : ੭੫੦)

ਕੈਸੀ ਹੈ ਨਾਮ ਦੀ ਬਰਕਤ? ਜਿਸ ਨੂੰ ਨਾਮ ਦਾ ਧਨ ਪ੍ਰਾਪਤ ਹੋ ਜਾਂਦਾ ਹੈ, ਉਹ ਪੁਕਾਰ-ਪੁਕਾਰ ਕੇ ਆਪਣੀ ਅਵਸਥਾ ਦੱਸ ਕੇ ਹੋਰਨਾਂ ਨੂੰ ਵੀ ਪ੍ਰੇਰਨਾ ਦਿੰਦਾ ਹੈ ਕਿ ਹੇ ਗੁਰੂ ਪਿਆਰਿਓ ! ਤੁਸੀਂ ਵੀ ਨਾਮ ਦੇ ਧਨ ਨੂੰ ਸੰਚਿਤ ਕਰੋ ਕਿਉਂਕਿ ਮੈਂ ਗੁਰੂ ਪਾਸੋਂ ਨਾਮ ਦਾ ਧਨ ਪ੍ਰਾਪਤ ਕਰ ਲਿਆ ਹੈ, ਜਿਸ ਸਦਕਾ ਮੇਰਾ ਮਨ ਇੱਧਰ ਉੱਧਰ ਦੌੜਨ ਤੋਂ ਹਟ ਗਿਆ ਹੈ ਤੇ ਟਿਕ ਕੇ ਬੈਠ ਗਿਆ ਹੈ। ਨਾਮ ਧਨ ਦੀ ਪ੍ਰਾਪਤੀ ਤੇ ਗੁਰੂ ਦੇ ਗਿਆਨ ਦੀ ਬਰਕਤ ਨਾਲ ਮਾਇਆ ਦੀ ਪ੍ਰਾਪਤੀ ਦੀ ਲਾਲਸਾ ਮੇਰੇ ਸਰੀਰ ਵਿੱਚੋਂ ਨਿੱਕਲ ਹੀ ਗਈ ਹੈ। ਮਾਇਆ ਦੇ ਪੰਜੇ ਦੂਤ ਮੈਨੂੰ ਹੁਣ ਸਪਰਸ਼ ਵੀ ਨਹੀਂ ਕਰ ਸਕਦੇ ਕਿਉਂਕਿ ਮੈਂ ਪ੍ਰਭੂ ਪ੍ਰਮੇਸ਼ਰ ਦੀ ਭਗਤੀ ਆਪਣੇ ਜੀਵਨ ਵਿੱਚ ਦ੍ਰਿੜ ਕਰ ਲਈ ਹੈ।

ਨਾਮ ਰਤਨ ਦੀ ਪ੍ਰਾਪਤੀ ਹੋਣ ਸਦਕਾ ਜਨਮਾਂ ਜਨਮਾਤਰਾਂ ਦਾ ਸੰਸਾ ਜਿਹੜਾ ਆਤਮਾ ਦੇ ਨਾਲ ਹੀ ਚਿੰਬੜਿਆ ਹੋਇਆ ਸੀ, ਉਹ ਵੀ ਮੇਰਾ ਖਹਿੜਾ ਛੱਡ ਗਿਆ ਹੈ। ਹਰ ਤਰ੍ਹਾਂ ਦੀ ਤ੍ਰਿਸ਼ਨਾ ਦਾ ਖਾਤਮਾ ਹੋ ਗਿਆ ਹੈ। ਮੇਰਾ ਮਨ ਹੁਣ ਨਿੱਜ ਸਰੂਪ ਦੇ ਸੁੱਖ ਵਿੱਚ ਟਿਕ ਕੇ ਉਸ ਨੂੰ ਮਾਣਦਾ ਹੈ।

ਨਾਮ ਧਨ ਦੀ ਦਾਤ ਉਸ ਮਨੁੱਖ ਨੂੰ ਪ੍ਰਾਪਤ ਹੁੰਦੀ ਹੈ ਜਿਸ ਤੇ ਪ੍ਰਮਾਤਮਾ ਆਪਣੀ ਰਹਿਮਤ ਕਰ ਦਿੰਦਾ ਹੈ।

ਗੁਰੂ ਤੇਗ ਬਹਾਦਰ ਸਾਹਿਬ ਜੀ ਫੁਰਮਾਨ ਹੈ :—

ਮਾਈ ਮੈ ਧਨੁ ਪਾਇਓ ਹਰਿ ਨਾਮੁ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥ ੧॥ ਰਹਾਉ॥
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ॥
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ॥ ੧॥
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ॥ ੨॥
ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ॥
ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ॥ ੩॥ ੩॥

ਬਸੰਤ ਮ: ੯ (ਪੰਨਾ ੧੧੮੬)

ਮਾਇਆ ਦੇ ਪ੍ਰਭਾਵ ਤੋਂ ਨਿਜਾਤ ਅਤੇ ਸਦੀਵੀ ਸੁੱਖ, ਲੋਕ ਪ੍ਰਲੋਕ ਦੀਆਂ ਬਰਕਤਾਂ, ਸੱਚਾ, ਸੁੱਚਾ ਉੱਚਾ ਜੀਵਨ ਸੱਚ ਦੇ ਨਾਲ ਜੁੜਨ ਸਦਕਾ ਹੀ ਪ੍ਰਾਪਤ ਹੁੰਦਾ ਹੈ। ਸੱਚ ਨਾਲ ਜੁੜਨ ਦਾ ਰਸਤਾ ਸੱਚੀ ਬਾਣੀ ਅਤੇ ਸੱਚੇ ਪ੍ਰਭੂ ਦਾ ਨਾਮ ਹੀ ਹੈ।

✲ ✲ ✲

ਅਧਿਆਇ 2

ਸੰਤੋਖ

ਸਬਰ, ਸ਼ੁਕਰ, ਰਜਾ, ਲੋਭ ਦਾ ਤਿਆਗੀ ਆਪਣੀ ਪਰਾਲਬਧ ਪਰ ਸੰਤੁਸ਼ਟ ਰਹਿਣਾ, ਜੋ ਪ੍ਰਭੂ ਪ੍ਰਮੇਸ਼ਰ ਨੇ ਦਿੱਤਾ ਉਸੇ ਪਰ ਪਰਸੰਨ ਰਹਿਣਾ।

ਸੰਤੋਖ ਪ੍ਰਮੇਸ਼ਰ ਦੀਆਂ ਦਿੱਤੀਆਂ ਦਾਤਾਂ ਵਿੱਚੋਂ ਸਭ ਤੋਂ ਉਤਮ ਸਿਰਮੌਰ ਦਾਤ ਹੈ। ਸੰਤੋਖ ਮਨੁੱਖੀ ਦੁਨੀਆਂ ਵਿੱਚ ਬਹੁਤ ਵੱਡਾ ਖਾਸ ਰੁਤਬਾ ਰਖਦਾ ਹੈ। ਸੰਤੋਖ ਧਰਮ ਦਾ ਮੁੱਖ ਅੰਗ ਹੈ। ਸੰਤੋਖ ਨੂੰ ਸਿਆਣਿਆ, ਦਾਨਿਆਂ ਨੇ ਗਿਆਨ ਦਾ ਗੁਰੂ ਅਨਮਾਨਿਆ ਹੈ। ਸੰਤੋਖ ਮਨੁੱਖ ਨੂੰ ਖੁਸ਼ੀ ਅਤੇ ਸੰਤੁਸ਼ਟਤਾ ਪ੍ਰਦਾਨ ਕਰਦਾ ਹੈ।

ਸਿਆਣਿਆ ਦੇ ਕਥਨ ਅਨੁਸਾਰ ਸੰਤੋਖ ਧਰਮ ਦਾ ਸਿਰ ਹੈ ਜਿਵੇਂ ਸਿਰ ਤੋਂ ਬਿਨਾਂ ਮਨੁੱਖ ਜੀਵਤ ਨਹੀਂ ਰਹਿ ਸਕਦਾ, ਬੇਜਾਨ ਹੋ ਜਾਂਦਾ ਹੈ, ਇਸੇ ਤਰ੍ਹਾਂ ਸੰਤੋਖ ਤੋਂ ਬਿਨਾਂ ਧਰਮ ਵੀ ਬੇਜਾਨ ਹੈ। ਧਰਮ ਦੀ ਮਹਾਨਤਾ ਸੰਤੋਖ ਨਾਲ ਹੀ ਹੈ।

ਸੰਤੋਖ ਹੀ ਪਾਪ ਕਰਮਾਂ ਤੋਂ ਰਖਿਅਕ ਬਣਦਾ ਹੈ। ਸੰਤੋਖੀ ਮਨੁੱਖ ਵੱਡੀ ਤੋਂ ਵੱਡੀ ਕੁਰਬਾਨੀ ਕਰ ਸਕਦਾ ਹੈ। ਵੱਡੀਆਂ-ਵੱਡੀਆਂ ਮੁਸੀਬਤਾਂ ਵਿਚ ਵੀ ਸਬਰ ਸ਼ੁਕਰ ਦਾ ਧਾਰਨੀ ਬਣ, ਪ੍ਰਸੰਨ ਚਿੱਤ ਰਹਿ ਮਾਲਕ ਨੂੰ ਯਾਦ ਕਰਦਾ ਹੈ।

ਸੰਤੋਖੀ ਪੁਰਸ਼ ਦੀ ਲੈਣ ਬਿਰਤੀ ਖਤਮ ਹੋ ਜਾਂਦੀ ਹੈ। ਸੰਤੋਖੀ ਹਮੇਸ਼ਾ ਦੇ ਕੇ ਖੁਸ਼ ਹੁੰਦਾ ਹੈ। ਸੰਤੋਖੀ ਸੇਵਾ ਕਰਾਉਂਦਾ ਨਹੀਂ, ਸੇਵਾ ਕਰਕੇ ਪ੍ਰਸੰਨ ਹੁੰਦਾ ਹੈ। ਸੰਤੋਖੀ ਹਮੇਸ਼ਾ ਆਪਣੀਆਂ ਵਾਸ਼ਨਾਵਾਂ ਨੂੰ ਹੱਦ ਅੰਦਰ ਰੱਖ ਕੇ, ਪਾਪ ਕਰਮਾਂ ਤੋਂ ਬਚਿਆ ਰਹਿੰਦਾ ਹੈ। ਸੰਤੋਖੀ ਖਾਣ ਦੇ ਚਸਕਿਆਂ ਨੂੰ ਪੂਰਾ ਕਰਨ ਲਈ ਨਹੀਂ ਜਿਉਂਦਾ, ਸਗੋਂ ਸਰੀਰ ਨੂੰ ਜੀਵਤ ਰੱਖਣ ਵਾਸਤੇ ਖਾਂਦਾ ਹੈ। "ਅਲਪ ਅਹਾਰ ਸੁਲਪ ਸੀ ਨਿਦਰਾ" ਉਸ ਦੇ ਜੀਵਨ ਦਾ ਅਧਾਰ ਬਣ ਜਾਂਦਾ ਹੈ। ਸੰਤੋਖੀਆਂ ਨੂੰ ਪ੍ਰਭੂ ਕਿਸੇ ਕਿਸਮ ਦੀ ਘਾਟ ਵੀ ਨਹੀਂ ਰਹਿਣ ਦਿੰਦਾ, ਸਗੋਂ ਪ੍ਰਮੇਸ਼ਰ ਬੇਅੰਤ ਬਖਸ਼ਸ਼ਾਂ ਕਰਕੇ, ਉਹਨਾਂ ਨੂੰ ਵਾਧਾ ਹੀ ਵਾਧਾ ਪ੍ਰਦਾਨ ਕਰਦਾ ਹੈ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ :—

ਸੇਵ ਕੀਤੀ ਸੰਤੋਖੀਂਈ ਜਿਨ੍ਹੀ ਸਚੋ ਸਚੁ ਧਿਆਇਆ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥
ਵਡਿਆਈ ਵਡਾ ਪਾਇਆ॥

ਆਸਾ ਦੀ ਵਾਰ ਮ; ੧ (ਪੰਨਾ ੪੬੬)

ਭਾਈ ਮਨੀ ਸਿੰਘ ਜੀ ਨੇ ਗਿਆਨ ਰਤਨਾਵਲੀ ਦੇ ਟੀਕੇ ਵਿੱਚ ਪ੍ਰਮੇਸ਼ਰ ਜੀ ਨੂੰ ਮਿਲਣ ਦੇ ਚਾਰ ਰਸਤੇ ਵਰਨਣ ਕੀਤੇ ਹਨ।

ਪਹਿਲਾ ਸਤਸੰਗਤ, ਦੂਸਰਾ ਸਤਯ, ਤੀਸਰਾ ਸੰਤੋਖ, ਚੌਥਾ ਸਮ ਦਮ[1]।

ਸੰਤੋਖ ਪ੍ਰਮਾਤਮਾ ਨੂੰ ਮਿਲਣ ਦਾ ਦਰਵਾਜਾ ਹੈ। ਸੰਤੋਖੀ ਲਈ ਪ੍ਰਮਾਤਮਾ ਦੇ ਚਾਰੇ ਦਰਵਾਜੇ ਖੁਲ੍ਹੇ ਹਨ। ਸੰਤੋਖ ਸਤਿ ਨਾਲ ਜੁੜ ਕੇ ਪ੍ਰਾਪਤ ਹੁੰਦਾ ਹੈ। ਇਸ ਲਈ ਸੰਤੋਖੀ ਮਨੁੱਖ ਸਤਵਾਦੀ ਹੁੰਦਾ ਹੈ। ਸੰਤੋਖੀ ਮਨੁੱਖ ਸਤਸੰਗਤੀ ਹੋਵੇਗਾ। ਮਨ ਤੇ ਇੰਦ੍ਰੀਆਂ ਤੇ ਕਾਬੂ ਪਾਉਣ ਵਾਲੇ ਨੂੰ ਹੀ ਸੰਤੋਖੀ ਕਿਹਾ ਜਾਂਦਾ ਹੈ। ਇਸ ਲਈ ਉਹ ਸਮ ਦਮ ਦਾ ਧਾਰਨੀ ਹੋਵੇਗਾ।

ਤਦ ਹੀ ਬਾਬਾ ਫਰੀਦ ਜੀ ਆਪਣੀ ਬਾਣੀ ਵਿੱਚ ਫੁਰਮਾਉਂਦੇ ਹਨ, ਹੇ ਬੰਦੇ, ਸਬਰ-ਸੰਤੋਖ ਹੀ ਤੇਰੀ ਜ਼ਿੰਦਗੀ ਦਾ ਨਿਸ਼ਾਨਾ ਹੈ। ਜੇ ਤੂੰ ਸਬਰ ਨੂੰ ਆਪਣੇ ਹਿਰਦੇ ਵਿੱਚ ਦ੍ਰਿੜ ਕਰ ਲਵੇਂ ਤਾਂ ਤੂੰ ਵਧ ਕੇ ਦਰਿਆ ਬਣ ਸਕਦਾ ਹੈ, ਭਾਵ ਸਿੱਖ ਤੋਂ ਗੁਰੂ ਤੇ ਗੁਰੂ ਤੋਂ ਪ੍ਰਮਾਤਮਾ ਦਾ ਰੂਪ ਬਣ ਸਕਦਾ ਹੈਂ। ਜਦੋਂ ਮਨੁੱਖ ਸਬਰ ਦਾ ਪੱਲਾ ਛੱਡ ਦਿੰਦਾ ਹੈ ਮਨੁੱਖ ਰੱਬ ਨਾਲੋਂ ਟੁੱਟ ਕੇ ਛੋਟਾ ਜਿਹਾ ਵਾਹੜਾ ਬਣ ਜਾਂਦਾ ਹੈ :—

ਸਬਰੁ ਇਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ॥
ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ॥ ੧੧੭॥

ਸਲੋਕ ਫਰੀਦ ਜੀ (ਪੰਨਾ : ੧੩੮੪)

ਸਤਿਗੁਰੂ ਜੀ ਨੇ ਸੰਤੋਖ ਨੂੰ ਤੀਰਥ ਦਾ ਦਰਜਾ ਦਿੱਤਾ ਹੈ :—

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥

ਮ: ੧ (ਪੰਨਾ : ੧੨੪੫)

ਸੰਤੋਖ ਮਨੁੱਖ ਦੇ ਫਾਲਤੂ ਪਸਾਰੇ ਨੂੰ ਘਟਾਉਂਦਾ ਹੈ। ਸਾਡੀਆਂ ਲੋੜਾਂ ਬਹੁਤ ਘੱਟ ਹਨ, ਪਰ ਮੰਗਾਂ ਬਹੁਤ ਜਿਆਦਾ। ਸੰਪੂਰਨ ਖਾਹਸ਼ਾਂ ਕਦੀ ਵੀ ਕਿਸੇ ਦੀਆਂ ਪੂਰੀਆਂ ਨਹੀਂ ਹੁੰਦੀਆਂ। ਖਾਹਸ਼ਾਂ ਨਾ ਪੂਰੀਆਂ ਹੋਣ ਕਾਰਨ ਹੀ ਸਾਰਾ ਦੁੱਖ ਹੈ। ਸੰਤੋਖ ਹੀ ਮਨੁੱਖ ਨੂੰ ਤ੍ਰਿਪਤੀ ਬਖਸ਼ਦਾ ਹੈ। ਸੰਤੋਖ ਤੋਂ ਬਿਨਾਂ ਨਾ ਮਨੁੱਖ ਦੀ ਧਨ ਪ੍ਰਾਪਤੀ ਦੀ ਹੱਦ ਹੈ, ਨਾ ਮਾਣ ਸਤਿਕਾਰ ਦੀ, ਨਾ ਉੱਚ ਪਦਵੀ ਦੀ ਹੀ ਸੀਮਾ। ਇਕ ਪ੍ਰਾਪਤ ਹੋਣ ਤੋਂ ਪਿੱਛੋਂ ਦੂਜੀ ਦੀ ਪ੍ਰਾਪਤੀ ਲਈ ਜਤਨ ਅਰੰਭ ਹੋ ਜਾਂਦਾ ਹੈ।

ਮਨੁੱਖ ਨੂੰ ਹਜ਼ਾਰ ਪ੍ਰਾਪਤ ਹੋ ਜਾਵੇ, ਲੱਖਾਂ ਦੀ ਪ੍ਰਾਪਤੀ ਲਈ ਜਤਨਸ਼ੀਲ ਹੋ ਜਾਂਦਾ ਹੈ। ਲੱਖਾਂ ਮਿਲ ਜਾਣ, ਕ੍ਰੋੜਾਂ ਦੀ ਪ੍ਰਾਪਤੀ ਲਈ ਦੌੜ ਲੱਗ ਜਾਂਦੀ ਹੈ। ਕ੍ਰੋੜਾਂ ਵਾਲਾ ਅਰਬਾਂ ਖਰਬਾਂ ਲਈ ਜਤਨ ਅਰੰਭ ਕਰ ਲੈਂਦਾ ਹੈ। ਇਹੀ ਸੁਭਾਅ ਸਰੀਰ

੧. ਮਨ ਅਤੇ ਇੰਦ੍ਰਿਆਂ ਨੂੰ ਵਿਸ਼ੇ ਵਿਕਾਰਾਂ ਵਲੋਂ ਰੋਕ ਕੇ ਰਖਣਾ

ਦੀਆਂ ਇੰਦ੍ਰੀਆਂ ਦਾ ਹੈ। ਮਾਇਆਂ ਦੇ ਅਨੇਕਾ ਭੋਗ ਭੋਗ ਕੇ ਵੀ ਤ੍ਰਿਪਤੀ ਨਹੀਂ ਹੁੰਦੀ, ਸਗੋ ਹੋਰ ਹੋਰ ਵਿਸ਼ੇ ਵਿਕਾਰਾਂ ਨੂੰ ਭੋਗਣ ਦੇ ਭਾਂਬੜ ਮਚਦੇ ਹਨ।

ਜੇ ਤ੍ਰਿਪਤੀ ਪ੍ਰਾਪਤ ਕਰਨੀ ਹੈ ਫਿਰ ਕੇਵਲ ਤੇ ਕੇਵਲ ਇੱਕੋ ਹੀ ਰਸਤਾ ਹੈ, ਉਹ ਹੈ ਸੰਤੋਖ, ਬਾਕੀ ਤਾਂ :—

ਸਹਸ ਖਟੇ ਲਖ ਕਉ ਉਠਿ ਧਾਵੈ ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥
ਅਨਿਕ ਭੋਗ ਬਿਖਿਆ ਕੇ ਕਰੈ ॥
ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥
ਬਿਨਾ ਸੰਤੋਖ ਨਹੀ ਕੋਊ ਰਾਜੈ ॥
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥

ਸੁਖਮਨੀ ਮ: ੫ (ਪੰਨਾ ੨੭੯)

ਸੰਤੋਖ ਮਨੁੱਖ ਨੂੰ ਸ਼ਾਂਤੀ ਅਤੇ ਸਹਿਜ ਬਖਸ਼ਦਾ ਹੈ। ਸ਼ਾਂਤੀ ਤੇ ਸਹਿਜ ਵਿੱਚ ਹੀ ਸੁੱਖ ਹੈ।

ਸਹਿਜ ਅਵਸਥਾ ਦੇ ਸੁੱਖ ਦਾ ਬਿਆਨ ਨਹੀਂ ਕੀਤਾ ਜਾ ਸਕਦਾ। ਸਹਿਜ ਅਵਸਥਾ ਐਸੀ ਹੈ ਜਿਸ ਦਾ ਕਿਸੇ ਸੁੱਖ ਨਾਲ ਵੀ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਸਹਿਜ ਦੀ ਅਡੋਲ ਅਵਸਥਾ ਨੂੰ ਤੋਲਿਆ, ਨਾਪਿਆ ਅਨਮਾਨਿਆ ਨਹੀਂ ਜਾ ਸਕਦਾ।

ਐਸੀ ਅਵਸਥਾ ਨੂੰ ਪ੍ਰਾਪਤ ਕਰਨ ਉਪਰੰਤ ਨਾ ਇੰਦ੍ਰਪੁਰੀ, ਨਾ ਬਿਸ਼ਨਪੁਰੀ, ਨਾ ਸ਼ਿਵ ਪੁਰੀ, ਨਾ ਬ੍ਰਹਮ ਪੁਰੀ, ਚੰਦ੍ਰ ਤੇ ਸੂਰਜ ਲੋਕ ਦੀ ਵੀ ਇੱਛਾ ਨਹੀਂ ਰਹਿੰਦੀ। ਉਸ ਅਵਸਥਾ ਤੇ ਪਹੁੰਚਿਆਂ ਐਸਾ ਅਨੰਦ ਪ੍ਰਾਪਤ ਹੋ ਜਾਂਦਾ ਹੈ ਕਿ ਨਾ ਜਿਉਣ ਦੀ ਲਾਲਸਾ, ਨਾ ਮੌਤ ਦਾ ਡਰ, ਨਾ ਸੁੱਖਾਂ ਦੀ ਤਾਂਘ, ਨਾ ਦੁੱਖਾਂ ਤੋਂ ਘਬਰਾਹਟ, ਉਸ ਅਵਸਥਾ ਵਿੱਚ ਵਿਸ਼ੇ ਵਿਕਾਰਾਂ ਦਾ ਭੋਰਾ ਜਿੰਨਾ ਵੀ ਫੁਰਨਾ ਨਹੀਂ ਉਤਪੰਨ ਹੁੰਦਾ।

ਸਹਿਜ ਅਵਸਥਾ ਦੀ ਪ੍ਰਾਪਤੀ ਹੋਣ ਉਪਰੰਤ ਮੇਰ-ਤੇਰ, ਉਚ-ਨੀਚ ਦਾ ਵਿਤਕਰਾ ਖਤਮ ਹੋ ਜਾਂਦਾ ਹੈ। ਤ੍ਰਿਸ਼ਨਾ ਦਾ ਅਭਾਵ ਹੋ ਕੇ ਮਾਇਆ ਦੀ ਭਟਕਣਾ ਖਤਮ ਹੋ ਜਾਂਦੀ ਹੈ। ਬਸ ਉੱਥੇ ਤਾਂ ਜਾਂ ਸਤਿਗੁਰੂ ਹੁੰਦਾ ਹੈ ਜਾਂ ਅਗੰਮ ਤੇ ਅਗੋਚਰ ਵਾਹਿਗੁਰੂ ਜੀ ਦੀ ਹੋਂਦ ਹੁੰਦੀ ਹੈ। ਬਾਬਾ ਕਬੀਰ ਜੀ ਦਾ ਬਚਨ ਹੈ :—

ਤਹ ਪਾਵਸ ਸਿੰਧੁ ਧੂਪ ਨਹੀ ਛਹੀਆ
ਤਹ ਉਤਪਤਿ ਪਰਲਉ ਨਾਹੀ ॥
ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ ॥ ੧ ॥
ਸਹਜ ਕੀ ਅਕਥ ਕਥਾ ਹੈ ਨਿਰਾਰੀ ॥
ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ ॥ ੧ ॥ ਰਹਾਉ ॥

ਅਰਧ ਉਰਧ ਦੋਊ ਤਹ ਨਾਹੀ ਰਾਤਿ ਦਿਨਸੁ ਤਹ ਨਾਹੀ ॥
ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ ਸਤਿਗੁਰ ਤਹਾ ਸਮਾਹੀ ॥
ਅਗਮ ਅਗੋਚਰੁ ਰਹੈ ਨਿਰੰਤਰਿ ਗੁਰ ਕਿਰਪਾ ਤੇ ਲਹੀਐ ॥
ਕਹੁ ਕਬੀਰ ਬਲਿ ਜਾਉ ਗੁਰ ਅਪੁਨੇ ਸਤਸੰਗਤਿ ਮਿਲਿ ਰਹੀਐ ॥ ੩ ॥ ੪ ॥

ਗਉੜੀ ਕਬੀਰ ਜੀ (ਪੰਨਾ ੩੩੩)

ਸੰਤੋਖ ਦੀ ਪ੍ਰਾਪਤੀ ਕਿਵੇਂ ਹੋਵੇ ?

ਸੰਤੋਖ ਕਿਸੇ ਦੁਨਿਆਵੀ ਯਤਨ ਨਾਲ ਨਹੀਂ ਪ੍ਰਾਪਤ ਕੀਤਾ ਜਾ ਸਕਦਾ ਅਤੇ ਨਾ ਹੀ ਮਾਇਆ ਦੀ ਪ੍ਰਾਪਤੀ ਨਾਲ, ਨਾ ਹੀ ਰਾਜ ਭਾਗ ਦੇ ਵਾਰਸ ਬਣਨ ਨਾਲ, ਨਾ ਹੀ ਉੱਚ ਪਦਵੀ ਤੇ ਸਸ਼ੋਭਤ ਹੋ ਕੇ ਸੰਤੋਖ ਪ੍ਰਾਪਤ ਹੁੰਦਾ ਹੈ। ਸਗੋਂ ਸੰਸਾਰਕ ਮਾਣ, ਪ੍ਰਤਿਸ਼ਟਤਾ, ਧਨ ਪਦਾਰਥਾਂ ਦੇ ਨਾਲ ਤਾਂ ਹੋਰ ਤ੍ਰਿਸ਼ਨਾ ਪ੍ਰਜਅਲਤ ਹੁੰਦੀ ਹੈ। ਤ੍ਰਿਸ਼ਨਾ ਦੇ ਭਾਂਬੜ ਹੋਰ ਮਚਦੇ ਹਨ। ਜਿਉਂ-ਜਿਉਂ ਤ੍ਰਿਸ਼ਨਾ ਵਧਦੀ ਹੈ, ਮਨੁੱਖ ਸੰਤੋਖੀ ਬਣਨ ਦੀ ਥਾਂ ਲੋਭੀ ਤੇ ਲਾਲਚੀ ਬਣ ਜਾਂਦਾ ਹੈ। ਜਿੱਥੇ ਲੋਭ ਤੇ ਲਾਲਚ ਆ ਜਾਂਦਾ ਹੈ, ਉਥੇ ਤਾਂ ਹਲਕੇ ਕੁੱਤੇ ਦੀ ਦਸ਼ਾ ਬਣ ਜਾਂਦੀ ਹੈ। ਜਿਵੇਂ ਹਲਕਿਆ ਕੂਕਰ ਹਰੇਕ ਨੂੰ ਚੱਕ ਮਾਰਦਾ ਹੈ, ਉਸ ਨੂੰ ਆਪਣੇ ਪਰਾਏ ਦੀ ਸੋਝੀ ਹੀ ਨਹੀਂ ਰਹਿੰਦੀ, ਇਸੇ ਤਰ੍ਹਾਂ ਲੋਭ ਦੇ ਵੱਸ ਵਿੱਚ ਪਿਆ ਮਨੁੱਖ ਆਪਣੇ ਨੂੰ ਵੀ ਧੋਖਾ ਦਿੰਦਾ ਹੈ, ਪਰਾਏ ਨੇ ਤਾਂ ਕੀ ਬਚਨਾ ਹੈ? ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :—

ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥

ਸਿਰੀਰਾਗੁ ਮ: ੫ (ਪੰਨਾ : ੫੦)

ਲਾਲਚ ਦੇ ਹਲਕਾਅ ਤੋਂ ਬਚਣ ਲਈ ਸਾਹਿਬਾਂ ਨੇ ਬਾਰ-ਬਾਰ ਗੁਰਬਾਣੀ ਵਿੱਚ ਸੁਚੇਤ ਕੀਤਾ ਹੈ। ਲਾਲਚ ਕਾਰਣ ਹੀ ਦੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ :—

ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ ॥

ਆਸਾ ਮ: ੧ (ਪੰਨਾ : ੪੧੯)

ਜਿਉਂ-ਜਿਉਂ ਮਨੁੱਖ ਲੋਭੀ ਬਣੇਗਾ, ਤਿਉਂ-ਤਿਉਂ ਮਨੁੱਖ ਦੀਆਂ ਖਾਹਸ਼ਾਂ ਵਧਣਗੀਆਂ। ਖਾਹਸ਼ਾਂ ਦੀ ਪੂਰਤੀ ਲਈ, ਅਨੇਕਾਂ ਵਲ-ਛਲ ਕਰਕੇ ਮਨੁੱਖ ਨਜ਼ਾਇਜ਼ ਢੰਗ ਤ੍ਰੀਕੇ ਅਪਨਾਵੇਗਾ। ਲੋਭ ਹੋਰ ਵਧੇਗਾ, ਸੰਤੋਖ ਦੀ ਅਣਹੋਂਦ ਹੁੰਦੀ ਜਾਵੇਗੀ। ਸੰਤੋਖ ਦੀ ਅਣਹੋਂਦ ਕਾਰਣ ਮਨੁੱਖ ਇਸ ਅਸਲੀਅਤ ਨੂੰ ਵੀ ਭੁੱਲ ਜਾਂਦਾ ਹੈ ਕਿ ਇਹਨਾਂ ਸਾਰੇ ਪਾਪ ਕਰਮਾਂ ਦਾ ਲੇਖਾ ਜੋਖਾ ਮੇਰੀ ਆਤਮਾਂ ਨੂੰ ਹੀ ਦੇਣਾ ਪੈਣਾ ਹੈ। ਉਥੇ ਹੋਰ ਕਿਸੇ ਨੇ ਮੇਰੇ ਲੇਖੇ ਵਿੱਚ ਭਾਈਵਾਲ ਨਹੀਂ ਬਣਨਾ।

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥
ਸੁਤ ਦਾਰਾ ਪਹਿ ਆਨਿ ਲੁਟਾਵੈ॥ ੧॥
ਮਨ ਮੇਰੇ ਭੂਲੇ ਕਪਟੁ ਨ ਕੀਜੈ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ ੧॥ ਰਹਾਉ॥

ਸੋਰਠਿ ਕਬੀਰ ਜੀ (ਪੰਨਾ : ੬੫੬)

ਜੀਵਨ ਸਾਡਾ ਥੋਹੜਾ ਹੈ, ਲੋਭ ਦਾ ਬੋਝ ਬਹੁਤ ਜਿਆਦਾ ਹੈ। ਲੋਭ ਹੀ ਸਾਰੇ ਪਾਪਾਂ ਦਾ ਜਨਮ ਦਾਤਾ ਹੈ। ਸਾਹਿਬ ਪੰਚਮ ਗੁਰਦੇਵ ਜੀ ਦਾ ਫੁਰਮਾਨ ਹੈ ਕਿ ਬੜੇ-ਬੜੇ ਮੁਖੀ ਬੰਦੇ ਵੀ ਲੋਭ ਦੇ ਵੱਸ ਵਿੱਚ ਆ ਕੇ ਪਾਪ ਵਿਕਾਰਾਂ ਵਿੱਚ ਫਸ ਜਾਂਦੇ ਹਨ।

ਲੋਭ ਦੀਆਂ ਲਹਿਰਾਂ ਵਿੱਚ ਫਸ ਕੇ ਮਨੁੱਖ ਆਪਣੇ ਅਸਲੀ ਰਸਤੇ ਤੋਂ ਭਟਕ ਜਾਂਦਾ ਹੈ, ਆਪਣੇ ਧਰਮ ਈਮਾਨ ਤੋਂ ਡੋਲ ਜਾਂਦਾ ਹੈ।

ਲੋਭ ਦੇ ਅਸਰ ਹੇਠ ਦਬੈਲ ਹੋਏ ਮਨੁੱਖ ਨੂੰ ਨ ਮਿੱਤਰ ਦੀ, ਨ ਸਨਬੰਧੀਆਂ ਦੀ, ਨ ਮਾਂ-ਪਿਉ ਦੀ ਅਤੇ ਨਾ ਹੀ ਗੁਰੂ ਦੀ ਸ਼ਰਮ ਰਹਿੰਦੀ ਹੈ।

ਲੋਭੀ ਮਨੁੱਖ ਉਹ ਕੁਝ ਕਰਨ ਲੱਗ ਜਾਂਦਾ ਹੈ, ਜੋ ਨਹੀਂ ਕਰਨਾ ਚਾਹੀਦਾ, ਉਹ ਅਖਾਜ ਖਾਣ ਲੱਗ ਜਾਂਦਾ ਹੈ, ਜੋ ਵਿਵਰਜਤ ਹਨ। ਸਮਾਜ ਵਿਚ ਇਹੋ ਜਿਹੇ ਕਰਮ ਕਰਨ ਲਗ ਜਾਂਦਾ ਹੈ, ਜੋ ਨਹੀਂ ਕਰਨੇ ਚਾਹੀਦੇ। ਐਸੇ ਲੋਭ ਤੋਂ ਛੁਟਕਾਰਾ ਪ੍ਰਭੂ ਪ੍ਰਮੇਸ਼ਰ ਜੀ ਅੱਗੇ ਅਰਦਾਸ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ :—

ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ॥
ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ॥
ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ॥
ਅਕਰਣੰ ਕਰੋਤਿ ਅਖਾਦ੍ਹਿ ਖਾਦ੍ਹੰ ਅਸਾਜ੍ਹੰ ਸਾਜਿ ਸਮਜਯਾ॥
ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਯਾਪ੍ਤਿ ਨਾਨਕ ਹਰਿ ਨਰਹਰਹ॥ ੪੮॥

ਸਲੋਕ ਸਹਸਕ੍ਰਿਤੀ ਮ: ੫ (ਪੰਨਾ : ੧੩੫੮)

ਜਿੰਨਾਂ ਚਿਰ ਤ੍ਰਿਸ਼ਨਾ ਮਨੁੱਖ ਦੇ ਅੰਦਰ ਘਰ ਕਰੀ ਬੈਠੀ ਹੈ, ਉੱਨਾ ਚਿਰ ਲੋਭ ਦੀਆਂ ਲਹਿਰਾਂ ਵਿੱਚ ਮਨੁੱਖ ਨੇ ਗੋਤੇ ਖਾਣੇ ਹੀ ਹਨ। ਜਿੰਨਾਂ ਚਿਰ ਲੋਭ ਹੈ ਉੱਨਾ ਚਿਰ ਸੰਤੋਖ ਕਦਾਚਿਤ ਵੀ ਪ੍ਰਾਪਤ ਨਹੀਂ ਹੋ ਸਕਦਾ। ਸੰਤੋਖ ਦੀ ਪ੍ਰਾਪਤੀ ਤੇ ਲੋਭ ਤੋਂ ਛੁਟਕਾਰੇ ਲਈ ਤ੍ਰਿਸ਼ਨਾ ਦੀ (ਹੜਬਸ) ਅਗਨੀ ਜ਼ਰੂਰ ਸ਼ਾਂਤ ਹੋਣੀ ਲਾਜ਼ਮੀ ਹੈ। ਤ੍ਰਿਸ਼ਨਾ ਦੀ ਅੱਗ ਨੂੰ ਕੇਵਲ ਨਾਮ ਦਾ ਜਲ ਹੀ ਬੁਝਾਉਣ ਦੀ ਸਮਰੱਥਾ ਰੱਖਦਾ ਹੈ। ਜਦੋਂ ਨਾਮ ਜਪ ਦੁਆਰਾ ਤ੍ਰਿਸ਼ਨਾ ਦੀ ਅੱਗ ਬੁਝ ਜਾਂਦੀ ਹੈ, ਉਸੇ ਸਮੇਂ ਹਿਰਦੇ ਵਿੱਚ ਸੰਤੋਖ ਆ ਕੇ ਬੈਠ ਜਾਂਦਾ ਹੈ। ਸੰਤੋਖ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਦੀ ਬਿਰਤੀ

ਸਹਿਜ ਵਿੱਚ ਚਲੀ ਜਾਂਦੀ ਹੈ ਅਤੇ ਪ੍ਰਭੂ ਪ੍ਰਮੇਸ਼ਰ ਜੀ ਨਾਲ ਸੁਰਤ ਇਕ ਸੁਰ ਹੋ ਜਾਂਦੀ ਹੈ। ਸ੍ਰੀ ਗੁਰੂ ਅਰਜਨ ਦੇਵੀ ਜੀ ਦਾ ਬਚਨ ਹੈ :—

ਤ੍ਰਿਸਨਾ ਬੁਝੈ ਹਰਿ ਕੈ ਨਾਮਿ॥
ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ॥ ੧॥ ਰਹਾਉ॥
ਮਹਾ ਕਲੋਲ ਬੁਝਹਿ ਮਾਇਆ ਕੇ ਕਰਿ ਕਿਰਪਾ ਮੇਰੇ ਦੀਨ ਦਇਆਲ॥
ਆਪਣਾ ਨਾਮੁ ਦੇਹਿ ਜਪਿ ਜੀਵਾ ਪੂਰਨ ਹੋਇ ਦਾਸ ਕੀ ਘਾਲ॥੧॥

ਧਨਾਸਰੀ ਮ: ੫ (ਪੰਨਾ : ੬੮੨)

ਸੰਤੋਖ ਦੀ ਪ੍ਰਾਪਤੀ ਨਾਮ ਜਪ, ਗੁਰੂ ਦੇ ਸ਼ਬਦ ਦੀ ਵੀਚਾਰ ਅਤੇ ਗੁਰੂ ਚਰਨਾਂ ਵਿਚ ਅਰਜ਼ਾਸ ਦੁਆਰਾ ਸੰਭਵ ਹੈ।

ਜਿਹਨਾਂ ਨੇ ਸੰਤੋਖ ਨੂੰ ਪ੍ਰਾਪਤ ਕਰ ਲਿਆ

ਸੰਤੋਖੀ ਮਨੁੱਖ ਜਿਥੇ ਪਾਪ ਕਰਮਾਂ ਤੋਂ ਹਮੇਸ਼ਾਂ ਬਚਿਆ ਰਹਿੰਦਾ ਹੈ, ਉਥੇ ਸੰਤੋਖੀ ਮਨੁੱਖ ਸੱਚ ਦਾ ਧਾਰਨੀ ਬਣ ਕੇ ਆਪਣੇ ਆਕੀ ਹੋਏ ਮਨ ਤੇ ਵੀ ਵਸੀਕਾਰ ਪਾ ਲੈਂਦਾ ਹੈ। ਜਿਸ ਨੇ ਆਪਣੇ ਮਨ ਤੇ ਜਿੱਤ ਪ੍ਰਾਪਤ ਕਰ ਲਈ ਸਮਝੋ ਉਸ ਨੇ ਸਾਰੇ ਸੰਸਾਰ ਨੂੰ ਜਿੱਤ ਲਿਆ। ਉਸ ਨੂੰ "**ਮਨ ਜੀਤੈ ਜਗ ਜੀਤ**" ਦਾ ਮਰਤਬਾ ਪ੍ਰਾਪਤ ਹੋ ਗਿਆ। ਆਕੀ ਮਨ ਐਵੇਂ ਕਿਵੇਂ ਕਾਬੂ ਨਹੀਂ ਆਉਂਦਾ? ਜਦੋਂ ਸਤਿ ਤੇ ਸੰਤੋਖ ਦੇ ਹਥਿਆਰ ਵਰਤੇ ਜਾਣ, ਭਾਵ ਸਤਿ ਤੇ ਸੰਤੋਖ ਨੂੰ ਆਪਣੇ ਜੀਵਨ ਦਾ ਆਸਰਾ ਬਣਾ ਲਿਆ ਜਾਵੇ, ਸਤਸੰਗਤ ਦੀ ਬਰਕਤ ਨਾਲ, ਗੁਰੂ ਪਾਤਸ਼ਾਹ ਜੀ ਦੀ ਮਿਹਰ ਪ੍ਰਾਪਤ ਹੋ ਜਾਵੇ, ਫਿਰ ਆਕੀ ਹੋਇਆ ਮਨ ਵੱਸ ਵਿੱਚ ਆਉਂਦਾ ਹੈ। ਬਾਬਾ ਕਬੀਰ ਜੀ ਦਾ ਫੁਰਮਾਨ ਹੈ :—

ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ॥
ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗੜ ਕੋ ਰਾਜਾ॥

ਕਬੀਰ ਜੀ (ਪੰਨਾ : ੧੧੬੧)

ਜਿਹਨਾਂ ਸੰਤੋਖੀਆਂ ਨੇ ਆਪਣੇ ਮਨ ਤੇ ਵਸੀਕਾਰ ਪ੍ਰਾਪਤ ਕਰ ਲਿਆ, ਐਸਾ ਸੰਤੋਖੀ ਮਨੁੱਖ ਭਾਵੇਂ ਕੱਖਾਂ ਦੀ ਕੁੱਲੀ ਵਿੱਚ ਵਸਦਾ ਹੋਵੇ ਉਸਦੇ ਕਪੜੇ ਵੀ ਲੀਰੋ ਲੀਰ ਹੋਣ, ਉਸ ਦੀ ਉੱਚੀ ਕੁਲ ਵੀ ਨਾ ਹੋਵੇ, ਨਾ ਹੀ ਸੰਸਾਰ ਦੇ ਲੋਕ ਉਸ ਦਾ ਮਾਣ ਇੱਜ਼ਤ ਕਰਦੇ ਹੋਣ, ਉਜਾੜ ਜੰਗਲ ਵਿੱਚ ਰਹਿੰਦਾ ਹੋਵੇ, ਉਸ ਦਾ ਕੋਈ ਪਿਆਰਾ ਮਿੱਤਰ ਵੀ ਨਾ ਹੋਵੇ, ਉਸ ਦਾ ਸੁੰਦਰ ਰੂਪ ਵੀ ਨਾ ਹੋਵੇ, ਉਸਨੂੰ ਕੋਈ ਅੰਗ ਸਾਕ ਵੀ ਆਸਰਾ ਨਾ ਦੇਵੇ। ਪਰ ਜੇ ਉਸ ਦੇ ਹਿਰਦੇ ਵਿਚ ਸੰਤੋਖ ਹੈ, ਜੇ ਉਸ ਦਾ ਮਨ ਪ੍ਰਭੂ ਪ੍ਰਮੇਸ਼ਰ ਦੇ ਨਾਮ ਵਿੱਚ ਜੁੜਿਆ ਹੋਇਆ ਹੈ ਤਾਂ ਉਸ ਨੂੰ ਸਾਰੀ ਸ੍ਰਿਸ਼ਟੀ ਦਾ ਰਾਜਾ

ਜਾਣੋ। ਇਹੋ ਜਿਹੇ ਬੇ-ਪ੍ਰਵਾਹ ਸੰਤੋਖੀ ਨਾਮੀ ਪੁਰਸ਼ ਦੀ, ਜੇ ਚਰਨ ਧੂੜ ਪ੍ਰਾਪਤ ਹੋ ਜਾਵੇ, ਸਮਝੋ ਪ੍ਰਮਾਤਮਾ ਦੀ ਪ੍ਰਸੰਨਤਾ ਪ੍ਰਾਪਤ ਹੋ ਗਈ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :—

ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥
ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥
ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥
ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥
ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥ ੭॥

ਜੈਤਸਰੀ ਵਾਰ, ਪਉੜੀ (ਪੰਨਾ : ੭੦੭)

ਪੁਰਾਤਨ ਖਾਲਸੇ ਜੰਗਲਾਂ ਵਿੱਚ ਰਹਿ ਕੇ, ਰਾਤਾਂ ਨੀਲੇ ਅਸਮਾਨ ਹੇਠ ਗੁਜਾਰ ਕੇ, ਤਨ ਦੇ ਫਟੇ ਕਪੜਿਆਂ ਵਿੱਚ ਆਪਣੇ ਆਪ ਨੂੰ ਸ਼ਹਿਨਸ਼ਾਹ ਸਮਝਦੇ ਸਨ। ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿੱਚ ਉਹਨਾਂ ਦੇ ਮਨੋਬਲ ਦਾ ਨਕਸ਼ਾ ਹੇਠ ਲਿਖੇ ਸ਼ਬਦਾਂ ਵਿੱਚ ਨਿਰੂਪਿਆ ਹੈ :—

ਕਾਣ ਨ ਕਾਹੂੰ ਕੀ ਇਹੁ ਰਾਖਤ॥ ਸ਼ਾਹਿਨ ਸ਼ਾਹਿ ਖੁਦ ਹੀ ਕੋ ਲਾਖਤ॥
ਔਰ ਸਬਨ ਕੋ ਜੀਵ ਚੁਰਾਸੀ॥ ਮਾਂਨਤ ਆਪ ਤਈਂ ਅਬਿਨਾਸ਼ੀ॥

ਪੰਥ ਪ੍ਰਕਾਸ਼ (ਪੰਨਾ : ੭੨੯)

ਐਸੇ ਬਿਖੜੇ ਸਮੇਂ ਸਿੰਘਾਂ ਦੀ ਗਿਣਤੀ ਭਾਵੇਂ ਘੱਟ ਸੀ, ਪਰ ਬਹੁਤਾਤ ਸੰਤੋਖੀਆਂ ਦੀ ਸੀ। ਕਈ ਕਈ ਦਿਨਾਂ ਦੇ ਭੁੱਖਿਆਂ ਨੂੰ ਕਿਤੇ ਲੰਗਰ ਬਣਾਉਣ ਦਾ ਸਮਾਂ ਮਿਲ ਜਾਵੇ, ਪ੍ਰਸ਼ਾਦੇ ਪਕਾ ਕੇ ਸੁੱਚੀ ਜਗ੍ਹਾ ਰਖ ਕੇ ਸੰਤੋਖੀ ਖਾਲਸੇ ਉੱਚੀ-ਉੱਚੀ ਅਵਾਜਾਂ ਮਾਰਦੇ ਸਨ :—

ਦੇਤ ਅਵਾਜਾ ਭੂਖਾ ਕੋਈ,
ਆਓ ਦੇਗ ਤਿਆਰ ਗੁਰੂ ਕੀ ਹੋਈ॥
ਓਸ ਸਮੇਂ ਵੈਰੀ ਦਿਣ ਆਵੈ,
ਪਰਮ ਮੀਤ ਸਮ ਤਾਹਿ ਛਕਾਵੈ॥

ਪੰਥ ਪ੍ਰਕਾਸ਼ (ਪੰਨਾ : ੭੨੮)

ਕੈਸੀ ਸੀ ਸੰਤੋਖੀਆਂ ਦੀ ਕੌਮ, ਜੋ ਆਪ ਭੁੱਖੇ ਰਹਿ ਕੇ ਲੰਗਰ ਵਿੱਚ ਆ ਬੈਠੇ ਵੈਰੀ ਨੂੰ ਵੀ ਪਰਮ ਮਿੱਤਰ ਸਮਝ ਕੇ ਭੋਜਨ ਖਵਾਉਂਦੇ ਸਨ। ਬਾਕੀ ਬਚੇ ਹੋਏ ਨੂੰ ਛਕ ਕੇ ਆਪ ਗੁਜਾਰਾ ਕਰਦੇ ਸਨ। ਜੇ ਸਾਰਾ ਲੰਗਰ ਹੀ ਵਰਤ ਜਾਵੇ, ਇਹ ਕਹਿ ਕੇ ਸੰਤੋਖ ਕਰ ਲੈਂਦੇ ਸਨ ਕਿ ਲੰਗਰ ਮਸਤ ਹੋ ਗਿਆ ਹੈ :—

ਬਚੈ ਤੁ ਪੀਛੇ ਖੁਦ ਖਾ ਲੈ ਹੈ॥
ਨਹੀ ਤੁ ਲੰਗਰ ਮਸਤ ਬਤੈ ਹੈ॥

ਪੰਥ ਪ੍ਰਕਾਸ਼ (ਪੰਨਾ : ੭੨੮)

ਫਰਖਸੀਅਰ ਬਾਦਸ਼ਾਹ ਨੇ ਸਿੰਘਾਂ ਦਾ ਸੰਤੋਖ ਪਰਖਣ ਵਾਸਤੇ, ਇੱਕ ਬਜੁਰਗ ਸਿੱਖ ਅਤੇ ਇੱਕ ਨੌਜਵਾਨ, ਜੋ ਕਈ ਦਿਨਾਂ ਦੇ ਇੱਕੋ ਕੋਠੜੀ ਵਿੱਚ ਕੈਦ ਸਨ ਤੇ ਕੜਾਕੇ[1] ਵਿੱਚ ਹੀ ਸਮਾਂ ਬਤੀਤ ਕਰਦੇ ਸਨ। ਆਪਣੇ ਨੌਕਰ ਪਾਸੋਂ ਜੇਹਲ ਕੋਠਰੀ ਵਿੱਚ ਇੱਕ ਰੋਟੀ ਰਖਵਾਈ, ਆਪ ਲੁਕ ਕੇ ਸਾਰਾ ਹਾਲ ਵੇਖਦਾ ਰਿਹਾ। ਬਜ਼ੁਰਗ ਨੇ ਪ੍ਰਸ਼ਾਦਾ ਚੁੱਕ ਕੇ ਨੌਜਵਾਨ ਨੂੰ ਦੇ ਦਿੱਤਾ ਤੇ ਕਿਹਾ ਸਿੰਘ ਜੀ, ਮੈਂ ਤਾਂ ਸਾਰੀ ਉਮਰ ਹੰਢਾ ਚੁੱਕਾ ਹਾਂ, ਮੇਰਾ ਸਰੀਰ ਹੁਣ ਕਿਸੇ ਕੰਮ ਜੋਗਾ ਨਹੀਂ ਰਿਹਾ। ਇਹ ਪ੍ਰਸ਼ਾਦਾ ਤੁਸੀ ਛਕ ਲਵੋ। ਤੁਹਾਡੇ ਸਰੀਰ ਦੀ ਪੰਥ ਨੂੰ ਲੋੜ ਹੈ। ਇਹ ਬਚਨ ਸੁਣ ਕੇ ਨੌਜਵਾਨ ਸਿੱਖ ਨੇ ਬਜੁਰਗ ਸਿੰਘ ਨੂੰ ਬੇਨਤੀ ਕੀਤੀ, ਬਾਪੂ ਜੀ, ਮੇਰਾ ਸਰੀਰ ਤਕੜਾ ਹੈ, ਮੈ ਆਪਣੀ ਚਰਬੀ ਨਾਲ ਹੀ ਕਈ ਦਿਨ ਜਿਊਂਦਾ ਰਹਿ ਸਕਦਾ ਹਾਂ। ਤੁਹਾਡਾ ਸਰੀਰ ਕਮਜ਼ੋਰ ਹੈ। ਤੁਹਾਨੂੰ ਭੋਜਨ ਦੀ ਲੋੜ ਹੈ। ਤੁਸੀਂ ਇਸ ਨੂੰ ਸਵੀਕਾਰ ਕਰੋ ਤੇ ਖਾ ਲਵੋ।

ਦੋਵਾਂ ਨੇ ਕਈ ਵਾਰ ਇਕ ਦੂਜੇ ਨੂੰ ਬੇਨਤੀ ਕੀਤੀ। ਅਖੀਰ ਦੋਵਾਂ ਨੇ ਅੱਧਾ-ਅੱਧਾ ਪ੍ਰਸ਼ਾਦਾ ਛਕ ਲਿਆ। ਫਰਖਸੀਅਰ ਦੇ ਮੂੰਹੋਂ ਨਿਕਲਿਆ ਹੇ ਅਲਾਹ, ਇਤਨਾ ਸਬਰ, ਇਤਨਾ ਸੰਤੋਖ ਤੂੰ ਇਹਨਾਂ ਨੂੰ ਦਿਤਾ ਹੈ !

ਜਕਰੀਆ ਖਾਨ ਨੇ ਸਿੰਘਾਂ ਦੀ ਬਹਾਦਰੀ ਅਤੇ ਇਹਨਾਂ ਦੇ ਗੁਣ ਜਦੋਂ ਨਾਦਰਸ਼ਾਹ ਨੂੰ ਦੱਸੇ ਕਿ ਨਾ ਇਹਨਾਂ ਦਾ ਘਰ ਹੈ ਨ ਘਾਟ। ਸਾਰਾ-ਸਾਰਾ ਦਿਨ ਘੋੜਿਆਂ ਦੀਆਂ ਕਾਠੀਆਂ ਤੇ ਸਫ਼ਰ ਕਰਦੇ ਬਿਤਾ ਦਿੰਦੇ ਹਨ। ਇਕ ਭੂਰਾ ਅਤੇ ਕਛਹਿਰਾ ਹੀ ਇਹਨਾਂ ਦੀ ਜਾਇਦਾਦ ਹੈ। ਆਪਣੇ ਮੁਰਸ਼ਦ ਤੇ ਅਥਾਹ ਸ਼ਰਧਾ ਰਖਦੇ ਹਨ। ਜਿਉਂ-ਜਿਉਂ ਇਹਨਾਂ ਦੇ ਸਰੀਰ ਤੇ ਜਖ਼ਮ ਲਗਦੇ ਹਨ। ਸ਼ਸਤਰ ਦੇ ਘਾਉ ਲਗਣ ਨਾਲ ਸਰੀਰ ਪਵਿਤ੍ਰ ਹੁੰਦਾ ਮੰਨਦੇ ਹਨ। ਆਚਰਣ ਦੇ ਬਹੁਤ ਉੱਚੇ ਹਨ। ਇਹਨਾਂ ਨੂੰ ਵੱਸ ਕਰਨਾ ਅਤੀ ਮੁਸ਼ਕਲ ਹੈ। ਇਹ ਸੁਣ ਕੇ ਨਾਦਰਸ਼ਾਹ ਨੇ ਜਕਰੀਆਂ ਖਾਂ ਨੂੰ ਕਿਹਾ, ਜੇ ਤੇਰਾ ਇਹਨਾਂ ਤੇ ਹੋਰ ਕੋਈ ਚਾਰਾ ਨਹੀਂ ਚਲਦਾ, ਤੂੰ ਇਹਨਾਂ ਵਿਚ ਫੁਟ ਪਾ ਦੇਹ।

ਜਕਰੀਆ ਖਾਂ ਨੇ ਨਾਦਰ ਨੂੰ ਉਤ੍ਰ ਦਿਤਾ ਬਾਦਸ਼ਾਹ ਸਲਾਮਤ, ਇਹਨਾਂ ਸਿੰਘਾਂ ਵਿਚ ਫੁਟ ਨਹੀਂ ਪੈ ਸਕਦੀ। ਇਹ ਸਕੇ ਭਰਾਵਾਂ ਨਾਲੋਂ ਵੀ ਜਿਆਦਾ ਇਕ ਦੂਜੇ ਨੂੰ ਪਿਆਰ ਕਰਦੇ ਤੇ ਆਦਰ ਦਿੰਦੇ ਹਨ। ਇਕ ਸਿੰਘ ਉਤੇ ਕੋਈ ਔਕੜ ਬਣ ਜਾਵੇ ਉਸ

੧. ਭੁੱਖੇ

ਨੂੰ ਦੂਰ ਕਰਨ ਲਈ ਦੂਸਰਾ ਆਪਣੇ ਪ੍ਰਾਣਾਂ ਦੀ ਬਾਜੀ ਲਾ ਦਿੰਦਾ ਹੈ। ਗਿ: ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਲਿਖਿਆ ਹੈ :—

ਬਨੇ ਰਹਿਤ ਸਭ ਸਕੇ ਬਿਰਾਦਰ॥
ਇਕ ਦੂਸਰ ਕੋ ਦੇਵਤ ਆਦਰ॥
ਹੈ ਇਨ ਮੈ ਇਤਫਾਕ ਮਹਾਨ॥
ਸਿਖ ਸਿਖ ਪਰ ਵਾਰਤ ਪ੍ਰਾਨ॥

ਪੰਥ ਪ੍ਰਕਾਸ਼, (ਪੰਨਾ : ੭੩੨)

ਗੁਰੂ ਪਾਤਸ਼ਾਹ ਨੇ ਮਿਹਰ ਕਰਕੇ ਕੈਸੀ ਦਰਵੇਸ਼ਾਂ ਦੀ ਕੌਮ ਤਿਆਰ ਕੀਤੀ ਸੀ ਜੋ ਇਕ ਦੂਸਰੇ ਤੋਂ ਪ੍ਰਾਣ ਨਿਛਾਵਰ ਕਰਨ ਲਈ ਸਦਾ ਤਿਆਰ ਰਹਿੰਦੇ ਸਨ, ਪਰ ਅੱਜ ਬੇ-ਸੰਤੋਖੀ ਤੇ ਲਾਲਚ ਅਧੀਨ ਸਿੱਖ ਨੇ ਸਿੱਖ ਤੋਂ ਪ੍ਰਾਣ ਤਾਂ ਕੀ ਵਾਰਨੇ ਹਨ, ਸਗੋਂ ਇਕ ਦੂਸਰੇ ਦੇ ਪ੍ਰਾਣ ਕੱਢਣੇ ਚਾਹੁੰਦਾ ਹੈ।

ਅੱਜ ਸੰਤੋਖੀਆਂ ਦੀਆਂ ਗਾਥਾਂਵਾਂ, ਪੜ੍ਹਦਿਆਂ ਤੇ ਲਿਖਦਿਆਂ ਸੁਪਨੇ ਜਾਂ ਕਿਸੇ ਹੋਰ ਮੰਡਲ ਦੀਆਂ ਗੱਲਾਂ ਪ੍ਰਤੀਤ ਹੁੰਦੀਆਂ ਹਨ ਕਿਉਂਕਿ ਸਾਡੇ ਅੰਦਰ ਲੋਭ ਅਤੇ ਲਾਲਚ ਨੇ ਪੱਕੇ ਡੇਰੇ ਜਮਾਏ ਹੋਏ ਹਨ। ਸਬਰ ਸੰਤੋਖ ਦਾ ਚੰਦਰਮਾ ਤਾਂ ਲੋਭ ਲਾਲਚ ਦੀ ਰਾਤ ਨੇ ਆਪਣੇ ਅੰਦਰ ਅਲੋਪ ਹੀ ਕਰ ਲਿਆ ਹੈ।

ਕਿੱਥੇ ਨਵਾਬੀਆਂ ਪੈਰਾਂ ਵਿਚ ਰੁਲਦੀਆਂ ਸਨ, ਕੋਈ ਲੈਣ ਲਈ ਤਿਆਰ ਨਹੀਂ ਸੀ। ਪਰ ਅਜ ਬੇ-ਸੰਤੋਖੀ ਕਾਰਣ ਇਕ ਛੋਟੀ ਜਿਹੀ ਪਦਵੀ ਪ੍ਰਾਪਤ ਕਰਨ ਲਈ ਇਕ ਭਰਾ ਦੂਸਰੇ ਦੀ ਲੱਤ ਖਿੱਚ ਰਿਹਾ ਹੈ। ਦੂਸਰਾ ਤੀਸਰੇ ਨੂੰ ਲਿਤਾੜ ਕੇ ਕੁਝ ਪ੍ਰਾਪਤ ਕਰਨ ਦੀ ਆਸ ਲਾਈ ਬੈਠਾ ਹੈ। ਤੀਜਾ ਚੌਥੇ ਦੀ ਪੱਗ ਨੂੰ ਹੱਥ ਪਾਈ ਬੈਠਾ ਹੈ। ਕੈਸਾ ਬੇ-ਸੰਤੋਖੀ ਦਾ ਅਜ਼ੀਬ ਖੇਡ ਕੌਮ ਵਿੱਚ ਚਲ ਰਿਹਾ ਹੈ। ਇਹ ਸਾਰੀ ਅਧੋਗਤੀ, ਲਾਲਚ ਤੇ ਖੁਦਗਰਜ਼ੀ ਕਾਰਨ ਹੀ ਹੈ। ਲਾਲਚ ਦੇ ਆਉਂਦਿਆਂ ਹੀ, ਖੁਦਗਰਜ਼ੀ ; ਖੁਦਗਰਜ਼ੀ ਦਾ ਪ੍ਰਵੇਸ਼ ਹੁੰਦਿਆਂ ਹੀ ਈਰਖਾ, ਦ੍ਵੈਸ਼ ਆ ਪ੍ਰਵੇਸ਼ ਕਰਦੀ ਹੈ। ਜਿਸ ਹਿਰਦੇ ਵਿਚ, ਪ੍ਰਵਾਰ ਵਿਚ, ਕੌਮ ਵਿਚ, ਅਸੁਰੀ ਭੂਤਨਿਆਂ ਦੀ ਟੋਲੀ ਆ ਕੇ ਕਾਬਜ਼ ਹੋ ਜਾਵੇ ਉਸ ਹਿਰਦੇ ਦਾ, ਪ੍ਰਵਾਰ ਦਾ, ਕੌਮ ਦਾ ਪ੍ਰਮਾਤਮਾ ਹੀ ਰਖਵਾਲਾ ਹੈ। ਜੋ ਕੁਝ ਅੱਜ ਵਾਪਰ ਰਿਹਾ ਹੈ, ਜਿਸ ਨੂੰ ਆਪਾਂ ਸਾਰੇ ਆਪਣੀਆਂ ਛਾਤੀਆਂ ਤੇ ਪੱਥਰ ਧਰ ਕੇ ਵੇਖ ਰਹੇ ਹਾਂ, ਇਹ ਸਾਰਾ ਤਮਾਸ਼ਾਂ ਬੇ-ਸੰਤੋਖੀ ਦਾ ਹੀ ਹੈ।

ਖਾਨ ਬਹਾਦਰ ਨੇ ਸਿੰਘਾਂ ਦਾ ਸਬਰ, ਸੰਤੋਖ ਤੇ ਇਤਫਾਕ ਵੇਖ ਵੇਖ ਕੇ ਸਿੰਘਾਂ ਨਾਲ ਸੁਲ੍ਹਾ ਕਰਨ ਵਿੱਚ ਹੀ ਆਪਣੀ ਗਨੀਮਤ ਸਮਝੀ ਅਤੇ ਭਾਈ ਸੁਬੇਗ ਸਿੰਘ ਜੀ ਨੂੰ ਵਿਚ ਪਾ ਕੇ ਇਕ ਲੱਖ ਰੁਪਏ ਦੀ ਜਗੀਰ, ਕੀਮਤੀ ਨਵਾਬੀ ਦੀ ਖਿੱਲਤ

ਉਹਨਾਂ ਰਾਹੀ ਆਪਣੇ ਵਕੀਲ ਹੱਥੀਂ ਭੇਜੀ। ਭਾਈ ਸੁਬੇਗ ਸਿੰਘ ਨੇ ਅੰਮ੍ਰਿਤਸਰ ਸਾਹਿਬ ਪਹੁੰਚ ਕੇ ਜਥੇਦਾਰ ਦਰਬਾਰਾ ਸਿੰਘ, ਹਰੀ ਸਿੰਘ ਮੁਖੀਆਂ ਅੱਗੇ, ਖਾਨ ਬਹਾਦਰ ਵਲੋਂ ਲਿਖੀ ਸਨਦ, ਖਿੱਲਤ, ਖਿਤਾਬ ਅਤੇ ਜਗੀਰ ਰੱਖੀ ਪਰ ਸਾਰਿਆਂ ਨੇ ਇਹ ਕਹਿ ਕੇ ਲੈਣ ਤੋਂ ਨਾਂਹ ਕਰ ਦਿੱਤੀ ਕਿ 'ਨਵਾਬੀ ਖਰਾਬੀ ਹੈ'। ਕੋਈ ਵੀ ਨਵਾਬੀ ਲੈਣ ਲਈ ਤਿਆਰ ਨ ਹੋਇਆ। ਅਖੀਰ ਭਾਈ ਸੁਬੇਗ ਸਿੰਘ ਦੇ ਜ਼ੋਰ ਦੇਣ ਤੇ ਸੰਗਤ ਨੂੰ ਪੱਖਾ ਝੱਲ ਰਹੇ ਕਪੂਰ ਸਿੰਘ ਬਿਰਕ ਫੈਜ਼ੁਲਾ ਪੁਰੀਏ ਨੂੰ ਪੰਥ ਦਾ ਹੁਕਮ ਕਹਿ ਕੇ ਨਵਾਬੀ ਪ੍ਰਵਾਨ ਕਰਨ ਲਈ ਰਾਜੀ ਕੀਤਾ ਗਿਆ।

ਉਧਰ ਸੰਤੋਖ ਦੇ ਧਾਰਨੀ ਕਪੂਰ ਸਿੰਘ ਨੇ ਵੀ ਖਾਲਸੇ ਦਾ ਹੁਕਮ ਮੰਨ ਕੇ ਨਵਾਬ ਤਾਂ ਪਰਵਾਨ ਕਰ ਲਈ ਪਰ ਨਾਲ ਸ਼ਰਤ ਰੱਖੀ ਕਿ ਖਾਲਸਾ ਪੰਥ ਮੇਰੇ ਪਾਸੋਂ ਸਿੰਘਾਂ ਦੇ ਘੋੜਿਆਂ ਦੀ ਤੇ ਸੰਗਤ ਦੀ ਸੇਵਾ ਨਹੀਂ ਖੋਹਵੇਗਾ। ਸੋ ਐਸਾ ਹੀ ਹੋਇਆ।

ਸਤਿਗੁਰੂ ਜੀ ਨੇ ਕਿਹੋ ਜਿਹਾ ਸੰਤੋਖ ਦਿਤਾ ਹੋਇਆ ਸੀ ਸਿਖ ਬੀਬੀਆਂ ਨੂੰ, ਜਿਹਨਾਂ ਨੇ ਮੀਰ ਮੰਨੂ ਦੀ ਜੇਹਲ ਅੰਦਰ ਸਵਾ-ਸਵਾ ਮਣ ਦਾਨੇ ਹਰ ਰੋਜ ਪੀਸਣ ਦੀ ਮੁਸ਼ੱਕਤ ਝੱਲੀ, ਅੱਧੀ ਰੋਟੀ ਤੇ ਇੱਕ ਪਾਣੀ ਦੇ ਪਿਆਲੇ ਤੇ ਸਾਰਾ ਦਿਨ ਗੁਜ਼ਾਰਾ ਕੀਤਾ। ਜਾਲਮਾਂ ਨੇ ਸ਼ੀਰ ਖੋਰ ਬੱਚਿਆਂ ਦੇ ਟੁਕੜੇ ਕਰਕੇ ਮਾਤਾਵਾਂ ਦੀਆਂ ਝੋਲੀਆਂ ਵਿੱਚ ਪਾਏ, ਸੰਤੋਖ ਦੀ ਪਰਖ ਕਰਨ ਅਤੇ ਸਿਦਕ ਤੋਂ ਡੁਲਾਉਣ ਲਈ, ਬੱਚਿਆਂ ਦੀਆਂ ਆਂਦਰਾਂ ਦੇ ਟੁਕੜੇ ਗਲੇ ਵਿਚ ਹਾਰ ਬਣਾ ਕੇ ਪਾਏ ਗਏ। ਅਨੇਕਾਂ ਤਰ੍ਹਾਂ ਦੇ ਸਬਜ਼ ਬਾਗ ਵਿਖਾਏ ਗਏ ਪਰ ਗੁਰੂ ਰਹਿਮਤ ਨਾਲ, ਸਿੱਖੀ ਸਿਦਕ ਤੇ ਸੰਤੋਖ ਦੇ ਇਮਤਿਹਾਨ ਵਿਚੋਂ ਪੂਰੇ ਨੰਬਰਾਂ ਨਾਲ ਪਾਸ ਹੋਈਆਂ। ਪੂਰੇ ਨੰਬਰਾਂ ਨਾਲ ਪਾਸ ਹੋਣ ਦੀ ਕੀ ਨਿਸ਼ਾਨੀ ਹੈ?

ਰਾਤ ਪਈ ਮਾਤਾਵਾਂ ਨੇ ਗੁਰੂ ਕੀ ਬਾਣੀ **"ਸੋ ਦਰ"** ਦਾ ਪਾਠ ਕੀਤਾ, ਅਰਦਾਸ ਕੀਤੀ, ਸਚੇ ਪਾਤਸ਼ਾਹ ! ਆਪ ਜੀ ਦੀ ਮਿਹਰ ਨਾਲ ਚਾਰ ਪਹਿਰ ਦਿਨ ਸੁਖ ਅਨੰਦ ਦਾ ਬਤੀਤ ਹੋਇਆ, ਰਾਤ ਚਲ ਰਹੀ ਹੈ, ਆਪਣੇ ਭਾਣੇ ਵਿੱਚ ਸੁੱਖ ਅਨੰਦ ਦੀ ਬਤੀਤ ਕਰਾਉਣੀ। ਸਭ ਕੁਝ ਲੁਟਾ ਕੇ ਅਸਹਿ ਮੁਸੀਬਤਾਂ ਝਾਗ ਕੇ ਵੀ ਜਿਹਨਾਂ ਨੇ ਮੂੰਹ ਵਿਚੋਂ ਗੁਰੂ ਕੀ ਬਾਣੀ ਹੀ ਨਿਕਲਦੀ ਹੈ ਕਿ :—

ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ॥
ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥ ੧॥
ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ॥
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ॥

ਕਾਨੜਾ ਮ: ੫ (ਪੰਨਾ : ੧੩੦੨)

ਕਿਹੋ ਜਿਹਾ ਸਬਰ ਸੰਤੋਖ, ਸਤਿਗੁਰਾਂ ਨੇ ਸਿੱਖ ਮਾਤਾਵਾਂ ਨੂੰ ਪ੍ਰਦਾਨ ਕੀਤਾ ਸੀ। ਜਿਸ ਸਬਰ ਤੇ ਸੰਤੋਖ ਨੂੰ ਅੱਖਾਂ ਸਾਹਮਣੇ ਵੇਖ ਕੇ ਵੈਰੀ ਵੀ ਮੂੰਹ ਵਿੱਚ ਉਂਗਲਾਂ ਪਾਉਣ ਲਈ ਮਜਬੂਰ ਸਨ।

ਸਾਰਾ ਇਤਿਹਾਸ ਹੀ ਸਬਰ, ਸ਼ੁਕਰ ਤੇ ਸੰਤੋਖ ਦੇ ਧਾਰਨੀਆਂ ਨਾਲ ਭਰਿਆ ਪਿਆ ਹੈ। ਕੈਸੀ ਸੀਮਾ ਹੈ ਸਬਰ ਤੇ ਸੰਤੋਖ ਦੀ? ਗੁਰੂ ਮਿਹਰ ਨਾਲ, ਮੁਗਲਾਂ ਦਾ ਬੀਜ ਨਾਸ਼ ਕਰ ਸਕਣ ਦੀ ਆਤਮਿਕ ਸ਼ਕਤੀ ਹੈ ਭਾਈ ਮਤੀਦਾਸ ਜੀ ਵਿਚ, ਪਰ ਜਰੇਵਾਂ ਉਸ ਤੋਂ ਵੀ ਵਡਾ ਰੱਖ ਕੇ ਸ਼ਹਾਦਤ ਦੇ ਕੇ ਸਬਰ-ਸ਼ੁਕਰ ਦੇ ਪੂਰਨੇ ਵਾਹ ਰਹੇ ਹਨ।

ਭਾਈ ਮਤੀ ਦਾਸ ਜੀ ਦੇ ਸਿਰ ਤੇ ਆਰਾ ਚਲ ਰਿਹਾ ਹੈ। ਜਲਾਦ ਆਪਣਾ ਕੰਮ ਕਰ ਰਹੇ ਹਨ। ਭਾਈ ਮਤੀ ਦਾਸ ਜੀ ਆਪਣਾ ਕੰਮ ਕਰ ਰਹੇ ਹਨ, ਪੜ੍ਹ ਰਹੇ ਹਨ :—

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥

ਜਪੁਜੀ (ਪੰਨਾ : ੧)

ਭਾਈ ਦਿਆਲ ਦਾਸ ਜੀ ਪਾਣੀ ਦੀ ਦੇਗ ਵਿਚ ਉਬਲ ਰਹੇ ਹਨ, ਜਲਾਦ ਆਪਣਾ ਕੰਮ ਕਰ ਰਿਹਾ ਹੈ। ਭਾਈ ਦਿਆਲ ਦਾਸ ਜੀ ਆਪਣਾ ਕੰਮ ਕਰ ਰਹੇ ਹਨ ਤੇ ਪੜ੍ਹ ਰਹੇ ਹਨ :—

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥
ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥
ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥
ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥
ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ॥
ਪ੍ਰਭ ਕੈ ਸਿਮਰਨਿ ਭਉ ਨ ਬਿਆਪੈ॥
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ॥
ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ॥
ਸਰਬ ਨਿਧਾਨ ਨਾਨਕ ਹਰਿ ਰੰਗਿ॥੨॥.....

ਗਉੜੀ ਮ: ੫ (ਪੰਨਾ : ੨੬੨)

ਭਾਈ ਮਨੀ ਸਿੰਘ ਜੀ ਦਾ ਬੰਦ ਬੰਦ ਕੱਟਿਆ ਜਾ ਰਿਹਾ ਹੈ ਤੇ ਮੂੰਹ ਵਿੱਚੋਂ ਕੋਈ ਸੀ ਨਹੀਂ, ਹਾਏ ਨਹੀਂ, ਉਫ ਨਹੀਂ ਨਿਕਲ ਰਿਹਾ। ਮੂੰਹ ਵਿੱਚੋਂ ਕੀ ਨਿਕਲ ਰਿਹਾ ਹੈ?

ਹਮਾਰੀ ਪਿਆਰੀ, ਅੰਮ੍ਰਿਤ ਧਾਰੀ, ਗੁਰਿ ਨਿਮਖ ਨ ਮਨ ਤੇ ਟਾਰੀ ਰੇ॥

ਅੰਮ੍ਰਿਤਮਈ ਬਾਣੀ ਦਾ ਜਾਪ ਚੱਲ ਰਿਹਾ ਹੈ। ਆਪਣੇ ਮਾਲਕ ਨੂੰ ਉਲ੍ਹਾਮਾ ਨਹੀਂ ਦੇ ਰਹੇ, ਮਾਲਕ ਨਾਲ ਕੋਈ ਗਿਲਾ ਛਿਕਵਾ ਨਹੀਂ ਕਰ ਰਹੇ। ਸਗੋਂ ਬਾਰ ਬਾਰ ਸੱਚੇ ਮਾਲਕ ਨੂੰ ਜੁਹਾਰਾਂ ਕਰਦੇ ਉਚਾਰਣ ਕਰਦੇ ਹਨ :—

ਆਦੇਸੁ ਤਿਸੈ ਆਦੇਸੁ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥

ਜਪੁਜੀ ਸ: (ਪੰਨਾ : ੬)

ਸਤਿਗੁਰੂ ਜੀ ਨੇ ਨਿਰਾ ਸਾਨੂੰ ਸਬਰ ਸ਼ੁਕਰ, ਸੰਤੋਖ ਦੇ ਧਾਰਨੀ ਬਣਨ ਦਾ ਉਪਦੇਸ਼ ਹੀ ਨਹੀਂ ਦਿਤਾ, ਆਪਣੇ ਨਿੱਜੀ ਜੀਵਨ ਵਿੱਚ ਅਜੱਰ ਨੂੰ ਜਰ ਕੇ ਸਬਰ, ਸੰਤੋਖ ਦੇ ਪੂਰਨੇ ਵਾਹੇ ਹਨ।

ਉਸ ਸਮੇਂ ਨੂੰ ਆਪਣੀਆਂ ਅੱਖਾਂ ਸਾਹਮਣੇ ਲਿਆਈਏ, ਕੈਸਾ ਭਿਆਨਕ ਦਰਦਨਾਕ ਦ੍ਰਿਸ਼ ਹੋਵੇਗਾ। ਜਿਸ ਸਮੇਂ "ਪ੍ਰਤਖ ਹਰਿ" ਜੇਠ ਦੇ ਮਹੀਨੇ ਵਿੱਚ ਅੱਗ ਵਰਗੀ ਤੱਤੀ ਤਵੀ ਤੇ ਬੈਠ ਕੇ ਤੱਤੀ ਰੇਤਾ ਸੀਸ ਉਪਰ ਪੈਣ ਤੇ ਵੀ ਸਬਰ, ਸ਼ੁਕਰ ਤੇ ਸੰਤੋਖ ਨੂੰ ਹਿਰਦੇ ਵਿੱਚੋਂ ਬਾਹਰ ਨਹੀਂ ਕੱਢਿਆ। ਆਪਣੇ ਪ੍ਰਭੂ ਨਾਲ ਕੈਸਾ ਪਿਆਰ ਲਡਾ ਰਹੇ ਹਨ :—

ਮੀਤੁ ਕਰੈ ਸੋਈ ਹਮ ਮਾਨਾ
ਮੀਤ ਕੇ ਕਰਤਬ ਕੁਸਲ ਸਮਾਨਾ॥੧॥
ਏਕਾ ਟੇਕ ਮੇਰੈ ਮਨਿ ਚੀਤ॥
ਜਿਸੁ ਕਿਛੁ ਕਰਣਾ ਸੁ ਹਮਰਾ ਮੀਤ॥ ਰਹਾਉ॥
ਮੀਤੁ ਹਮਾਰਾ ਵੇਪਰਵਾਹਾ॥
ਗੁਰ ਕਿਰਪਾ ਤੇ ਮੋਹਿ ਅਸਨਾਹਾ॥੨॥
ਮੀਤੁ ਹਮਾਰਾ ਅੰਤਰਜਾਮੀ॥
ਸਮਰਥ ਪੁਰਖੁ ਪਾਰਬ੍ਰਹਮੁ ਸੁਆਮੀ॥੩॥
ਹਮ ਦਾਸੇ ਤੁਮ ਠਾਕੁਰ ਮੇਰੇ॥
ਮਾਨੁ ਮਹਤੁ ਨਾਨਕ ਪ੍ਰਭੁ ਤੇਰੇ॥

ਗਉੜੀ ਮ: ੫ (ਪੰਨਾ :੧੮੭)

ਆਪ ਸਰਬੱਗ ਸਤਿਗੁਰੂ "ਹਰਨ ਭਰਨ ਜਾ ਕਾ ਨੇਤ੍ਰ ਫੋਰ" ਦੀ ਸ਼ਕਤੀ ਹਿਰਦੇ ਵਿਚ ਸਮੋਈ, ਪ੍ਰਭੂ ਭਾਣੇ ਵਿੱਚ ਸ਼ਾਕਰ ਰਹਿ ਕੇ ਪੂਰਨੇ ਵਾਹ ਰਹੇ ਹਨ ਤੇ ਫੁਰਮਾਨ ਕਰ ਰਹੇ ਹਨ :—

ਤੇਰਾ ਕੀਆ ਮੀਠਾ ਲਾਗੈ॥

ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥

ਆਸਾ ਮ: ੫ (ਪੰਨਾ : ੩੯੪)

ਸਾਹਿਬ ਕਲਗੀਧਰ ਪਾਤਸ਼ਾਹ ਜੀ ਨੇ ਅਨੰਦਪੁਰ ਸਾਹਿਬ ਦੇ ਸਾਰੇ ਰਾਜਸੀ ਸੁੱਖ ਆਰਾਮ ਤਿਆਗ ਦਿੱਤੇ। ਧਨ, ਪਦਾਰਥ, ਹਾਥੀ, ਘੋੜੇ ਸੁੰਦਰ ਮਹਿਲ ਮਾੜੀਆਂ, ਮਾਤਾ ਪਿਤਾ, ਪੁੱਤਰ, ਦੇਸ਼ ਕੌਮ ਦੀ ਖਾਤਰ ਵਾਰ ਦਿੱਤੇ।

ਜਿਹਨਾਂ ਦੀ ਖਾਤਰ ਸਭ ਕੁਝ ਵਾਰਿਆ, ਉਹ ਹੀ ਪੈਰ ਪੈਰ ਤੇ ਰਸਤੇ ਦੀਆਂ ਮੁਸ਼ਕਲਾਂ ਖੜੀਆਂ ਕਰ ਰਹੇ ਸਨ ਤੇ ਇੱਕ ਰਾਤ ਟਿਕਾਉ ਦੇਣ ਤੋਂ ਵੀ ਪਿੱਠ ਦਿਖਾਉਂਦੇ ਸਨ, ਪਰ ਆਪ ਜੀ ਉਸੇ ਅਨੰਦੀ ਰੰਗ ਵਿੱਚ ਭਰ ਸਰਦੀ ਦੀ ਰੁੱਤੇ, ਕੋਈ ਰਜ਼ਾਈ ਨਹੀਂ, ਭੂਰਾ ਨਹੀਂ, ਮੰਜਾ ਬਿਸਤਰਾ ਨਹੀਂ, ਕੱਕਰ ਨਾਲ ਭਰੀ ਹੋਈ ਜ਼ਮੀਨ ਤੇ ਕੱਚੀ ਟਿੰਡ ਦਾ ਸਿਰਹਾਨਾ ਰੱਖ ਕੇ ਆਰਾਮ ਕਰ ਰਹੇ ਹਨ। ਮਨ ਵਿੱਚ ਸਾਰਾ ਕੁਝ ਦੇਣ ਦਾ ਪਛਤਾਵਾ ਨਹੀਂ, ਕਿਸੇ ਨਾਲ ਕੋਈ ਗਿਲਾ ਸ਼ਿਕਵਾ ਨਹੀਂ, ਕੋਈ ਰੋਸ ਨਹੀਂ। ਸਗੋਂ ਆਪਣੇ ਮਾਲਕ ਨੂੰ ਪਿਆਰ ਸੁਨੇਹੜੇ ਭੇਜਦੇ ਹਨ :—

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥
ਤੁਧੁ ਬਿਨ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ॥
ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗੁ ਕਸਾਈਆਂ ਦਾ ਸਹਣਾ॥
ਯਾਰੜੇ ਦਾ ਸਾਨੂੰ ਸੱਥਰ ਚੰਗਾ ਭਠ ਖੇੜਿਆਂ ਦਾ ਰਹਿਣਾ॥ ੧॥

(ਖਿਆਲ ਪਾ: ੧੦)

ਸਾਹਿਬ ਦੱਖਣ ਨੂੰ ਜਾ ਰਹੇ ਹਨ। ਡੱਲਾ ਵੀ ਨਾਲ ਤੁਰਿਆ ਪਰ ਰਸਤੇ ਵਿੱਚੋਂ ਰਾਤ ਨੂੰ ਵਾਪਸ ਘਰ ਪਰਤ ਆਇਆ। ਡੱਲੇ ਦੇ ਸਤਿਗੁਰਾਂ ਨੂੰ ਚੋਰੀ ਛੱਡ ਜਾਣ ਦਾ ਮਾਜਰਾ, ਇੱਕ ਬੇਨਵਾ ਫਕੀਰ, ਜੋ ਸਤਿਗੁਰਾਂ ਦੇ ਨਾਲ ਹੀ ਰਹਿੰਦਾ ਸੀ, ਉਸਨੇ ਵੇਖਿਆ, ਰਾਤ ਨੂੰ ਜਦੋਂ ਸਤਿਗੁਰੂ ਜੀ ਨੇ ਡੱਲੇ ਨੂੰ ਅਵਾਜ਼ ਮਾਰੀ ਪਰ ਡੱਲੇ ਵਲੋਂ ਉੱਤਰ ਕੋਈ ਨਾ ਆਉਣ ਤੇ ਬੇਨਵਾ ਫਕੀਰ ਬੋਲਿਆ :—

ਡਲਾ ਨ ਮਲਾ॥ ਗੁਰੂ ਰਹਿ ਗਿਆ ਕੱਲਾ॥

ਜਾਣੀ ਜਾਣ ਸਾਹਿਬਾਂ ਨੇ ਫਕੀਰ ਦੇ ਬੋਲਾਂ ਦੇ ਉੱਤਰ ਵਿੱਚ ਕਿਹਾ ਠੀਕ ਹੈ:—

ਡਲਾ ਨ ਮਲਾ॥

ਗੁਰੂ ਕਦੇ ਨ ਕਲਾ॥

ਗੁਰੂ ਨਾਲ ਅੱਲਾ॥

ਕਿਸੇ ਨੂੰ ਕੋਈ ਸਰਾਪ ਨਹੀਂ ਦਿੱਤਾ, ਮੰਦਾ ਨਹੀਂ ਬੋਲਿਆ ਸਗੋਂ ਖੁਸ਼ੀ ਖੁਸ਼ੀ ਸਬਰ-ਸ਼ੁਕਰ ਨੂੰ ਸਿਰ ਧਰ ਕੇ ਉਸ ਅਕਾਲ-ਪੁਰਖ ਦਾ ਧੰਨਵਾਦ ਕੀਤਾ। ਔਖ ਵਿੱਚ

ਧੰਨਵਾਦ ਉਹ ਹੀ ਕਰ ਸਕਦਾ ਹੈ ਜਿਸ ਦੇ ਅੰਦਰ ਪੂਰਨ ਟਿਕਾਉ ਹੋਵੇ। ਟਿਕਾਉ ਸੰਤੋਖ ਤੋਂ ਬਿਨਾਂ ਸੰਭਵ ਨਹੀਂ।

ਅਧਿਆਤਮਿਕ ਮੰਡਲ ਵਿੱਚ ਸੰਤੋਖ ਦੀ ਮਹਾਨਤਾ

ਜਿੱਥੇ ਸੰਸਾਰਕ ਜੀਵਨ ਵਿੱਚ ਸੰਤੋਖ ਦੀ ਬਹੁਤ ਵੱਡੀ ਮਹਾਨਤਾ ਹੈ, ਉੱਥੇ ਅਧਿਆਤਮਿਕ ਮੰਡਲ ਵਿੱਚ ਇਸ ਤੋਂ ਵੀ ਵੱਧ ਸੰਤੋਖ ਦਾ ਉਚੇਰਾ ਥਾਂ ਹੈ। ਵੱਡੇ ਜੇਰੇ ਅਤੇ ਸੰਤੋਖ ਤੋਂ ਬਿਨਾ ਆਤਮਿਕ ਸ਼ਕਤੀ ਹਿਰਦੇ ਵਿੱਚ ਟਿਕ ਹੀ ਨਹੀਂ ਸਕਦੀ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦੇ ਜੀਵਨ ਦੀਆਂ ਬਿਅੰਤ ਘਟਨਾਵਾਂ ਹਨ, ਸਾਹਿਬਾਂ ਨੇ ਅਜੱਰ ਨੂੰ ਕਿਵੇਂ ਜਰਿਆ ?

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਦੋਂ ਵੀਚਾਰ, ਚਰਚਾ ਦੁਆਰਾ ਸਿੱਧਾਂ, ਜੋਗੀਆਂ ਨੂੰ ਨਿਰੁੱਤਰ ਕਰ ਦਿੱਤਾ। ਜੋਗੀ ਬੜੇ ਸ਼ਰਮਸਾਰ ਹੋਏ। ਉਹਨਾਂ ਦੇ ਹੰਕਾਰ ਨੂੰ ਬਹੁਤ ਚੋਟ ਲੱਗੀ। ਲੋਕਾਂ ਦੇ ਮਨਾਂ ਵਿੱਚੋਂ ਆਪਣਾ ਡਿਗਿਆ ਹੋਇਆ ਵਕਾਰ ਮੁੜ ਕਾਇਮ ਕਰਨ ਲਈ ਸਿਧਾਂ, ਜੋਗੀਆਂ ਨੇ ਆਪਣੀ ਕਰਾਮਾਤੀ ਸ਼ਕਤੀ ਦਾ ਸਹਾਰਾ ਲਿਆ।

ਗੁਰੂ ਨਾਨਕ ਪਾਤਸ਼ਾਹ ਜੀ ਦੇ ਸੱਚੇ ਬਚਨਾਂ ਨੂੰ ਨਾ ਸਹਾਰਦੇ ਹੋਏ ਸਿੱਧਾਂ ਨੇ ਆਪਣੀਆਂ ਸ਼ਕਤੀਆਂ ਵਿਖਾਉਣ ਲਈ ਬੜੇ ਰੋਹ ਵਿੱਚ ਆ ਕੇ ਚਾਂਗਰਾਂ ਤੇ ਕਿਲਕਾਰੀਆਂ ਮਾਰੀਆਂ ਅਤੇ ਬੜੇ ਗੁੱਸੇ ਵਿੱਚ ਆ ਕੇ ਭੂਤਾਂ-ਪ੍ਰੇਤਾਂ ਦੀਆਂ ਡਰਾਉਣੀਆਂ ਸ਼ਕਲਾਂ ਧਾਰਨ ਕਰ ਲਈਆਂ।

ਅਤੇ ਨਾਲ ਇਸ ਤਰ੍ਹਾਂ ਕਹਿਣ ਲੱਗੇ ਕਿ ਕਲਜੁਗ ਵਿੱਚ ਬੇਦੀ ਨਾਨਕ ਨੇ ਆ ਕੇ ਛੇ ਸ਼ਾਸਤ੍ਰਾਂ ਦੀ ਬੁਹਤ ਨਿਖੇਧੀ ਕੀਤੀ ਹੈ।

ਇੰਨੀ ਗੱਲ ਕਹਿ ਕੇ ਸਿੱਧਾਂ ਨੇ ਤੰਤ੍ਰ, ਮੰਤਰਾਂ ਦੀਆਂ ਧੁਨੀਆਂ ਉਚਾਰਨੀਆਂ ਅਰੰਭ ਕਰ ਦਿੱਤੀਆਂ ਅਤੇ ਆਪਣੀ ਤਾਕਤ ਦਾ ਮੁਜ਼ਾਹਰਾ ਕਰਨ ਲੱਗ ਪਏ। ਜੋਗੀਆਂ ਨੇ ਕਰਾਮਾਤਾਂ ਦੀ ਸ਼ਕਤੀ ਨਾਲ, ਆਪਣੇ ਰੂਪ ਬਦਲ ਲਏ, ਕੋਈ ਸ਼ੇਰ ਬਣ ਗਿਆ ਕੋਈ ਬਾਘ ਬਣ ਕੇ ਡਰਾਉਣ ਲੱਗਾ। ਕਈਆਂ ਨੇ ਪੰਛੀਆਂ ਦਾ ਰੂਪ ਬਣਾ ਲਿਆ ਤੇ ਅਸਮਾਨ ਵਿੱਚ ਉਡਾਰੀਆਂ ਲਾਉਣ ਲੱਗ ਪਏ। ਕਈਆਂ ਨੇ ਫਨੀਅਰ ਸੱਪਾਂ ਦਾ ਰੂਪ ਧਾਰ ਲਿਆ ਅਤੇ ਜ਼ੋਰ-ਜ਼ੋਰ ਦੀ ਫੁੰਕਾਰੇ ਮਾਰਨ ਲੱਗੇ। ਕਿਸੇ ਨੇ ਆਪਣੀ ਤਾਂਤਰਿਕ ਸ਼ਕਤੀ ਨਾਲ ਅਸਮਾਨ ਵਿੱਚੋਂ ਅੱਗ ਦਾ ਮੀਂਹ ਵਰਸਾਉਣਾ ਅਰੰਭ ਕਰ ਦਿੱਤਾ। ਕੋਈ ਮ੍ਰਿਗਸ਼ਾਲਾ ਪਾਣੀ ਉੱਪਰ ਸੁੱਟ ਕੇ ਉਸ ਤੇ ਬੈਠ ਕੇ ਪਾਣੀ ਵਿਚ ਤੈਰਨ ਲੱਗਾ। ਭੰਗਰ ਨਾਥ ਨੇ ਤਾਂ ਅਤਿ ਹੀ ਕਰ ਦਿੱਤੀ। ਅਸਮਾਨ ਚੋਂ ਤਾਰੇ ਤੋੜਨ ਲੱਗ ਪਿਆ। ਇੰਨਾ ਕੁਝ ਕਰਨ ਉਪ੍ਰੰਤ ਵੀ ਸਿਧਾਂ ਦੇ ਮਨ ਨੂੰ ਸ਼ਾਂਤੀ ਨਹੀਂ ਆਈ।

ਸਤਿਗੁਰੂ ਨਾਨਕ ਪਾਤਸ਼ਾਹ ਸਿੱਧਾਂ ਦੀਆਂ ਕਰਾਮਾਤਾਂ ਦਾ ਸਾਰਾ ਡਰਾਮਾ ਵੇਖਦੇ

ਰਹੇ ਤੇ ਮੁਸਕਰਾਉਂਦੇ ਰਹੇ। ਜਿਸ ਦਾ ਵੇਰਵਾ ਭਾਈ ਗੁਰਦਾਸ ਜੀ ਨੇ ਹੇਠਲੀ ਪਉੜੀ ਵਿੱਚ ਦਿੱਤਾ ਹੈ :—

ਇਹਿ ਸੁਣਿ ਬਚਨਿ ਜੋਗੀਸਰਾਂ, ਮਾਰਿ ਕਿਲਕ ਬਹੁ ਰੂਇ ਉਠਾਈ॥
ਖਟਿ ਦਰਸਨ ਕਉ ਖੇਦਿਆ ਕਲਿਜੁਗਿ ਨਾਨਕ ਬੇਦੀ ਆਈ॥
ਸਿਧਿ ਬੋਲਨਿ ਸਭਿ ਅਵਖਧੀਆ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ॥
ਰੂਪ ਵਟਾਏ ਜੋਗੀਆਂ, ਸਿੰਘ ਬਾਘਿ ਬਹੁ ਚਲਿਤਿ ਦਿਖਾਈ॥
ਇਕਿ ਪਰਿ ਕਰਿ ਕੈ ਉਡਰਨਿ, ਪੰਖੀ ਜਿਵੈ ਰਹੇ ਲੀਲਾਈ॥
ਇਕ ਨਾਗ ਹੋਇ ਪਉਣ ਛੋੜਿਆ ਇਕਨਾ ਵਰਖਾ ਅਗਨਿ ਵਸਾਈ॥
ਤਾਰੇ ਤੋੜੇ ਭੰਗਰਿਨਾਥ, ਇਕ ਚੜਿ ਮਿਰਗਾਨੀ ਜਲੁ ਤਰਿ ਜਾਈ॥
ਸਿਧਾ ਅਗਨਿ ਨ ਬੁਝੈ ਬੁਝਾਈ॥੪੧॥

(ਵਾਰ ੧, ਪਉੜੀ ੪੧)

ਜਦੋਂ ਸਿੱਧਾਂ ਦਾ ਸਾਰਾ ਜ਼ੋਰ ਲੱਗ ਹਟਿਆ। ਜੋਗੀਆਂ ਵੇਖਿਆ ਕਿ ਸਾਡੀਆਂ ਕਰਾਮਾਤਾਂ ਦਾ ਗੁਰੂ ਨਾਨਕ ਦੇਵ ਜੀ ਤੇ ਕੋਈ ਅਸਰ ਨਹੀਂ ਹੋਇਆ, ਜੋਗੀ ਸਤਿਗੁਰਾਂ ਦੇ ਨੇੜੇ ਹੋ ਕੇ ਬੈਠ ਗਏ ਤੇ ਕਹਿਣ ਲੱਗੇ, ਅਸੀਂ ਇੰਨੀਆਂ ਕਰਾਮਾਤਾਂ ਵਿਖਾਈਆਂ ਹਨ, ਤੂੰ ਵੀ ਸਾਨੂੰ ਕੋਈ ਕਰਾਮਾਤ ਵਿਖਾ।

ਕੁਝ ਵਿਖਾਲੇਂ ਅਸਾਂ ਨੋ ਤੁਹਿ ਕਿਉਂ ਢਿਲ ਅਵੇਹੀ ਲਾਈ?

ਸਤਿਗੁਰੂ ਨਾਨਕ ਪਾਤਸ਼ਾਹ ਜੀ ਜੋਗੀਆਂ ਨੂੰ ਸੰਬੋਧਨ ਕਰਕੇ ਕਹਿਣ ਲੱਗੇ, ਮੇਰੇ ਮਨ ਵਿੱਚ ਤੁਹਾਡੇ ਪ੍ਰਤੀ ਪਹਿਲਾਂ ਤਾਂ ਬੜਾ ਸਤਕਾਰ ਸੀ। ਪਰ ਹੁਣ ਮੈਨੂੰ ਪਤਾ ਲੱਗਾ ਹੈ ਕਿ ਤੁਸੀਂ ਤਾਂ ਚੀਜ ਹੀ ਕੋਈ ਨਹੀਂ ਹੋ :—

ਬਾਬਾ ਬੋਲੇ ਨਾਥ ਜੀ ! ਅਸਿ ਵੇਖਣਿ ਜੋਗੀ ਵਸਤੁ ਨ ਕਾਈ।

ਕਿਉਂਕਿ ਤੁਹਾਡੇ ਵਿੱਚ ਭੋਰਾ ਜਿੰਨੀ ਵੀ ਜ਼ਰਨ ਸ਼ਕਤੀ ਨਹੀਂ ਹੈ। ਤੁਸੀਂ ਮੈਨੂੰ ਕਰਾਮਾਤ ਵਿਖਾਣ ਲਈ ਕਹਿੰਦੇ ਹੋ। ਮੇਰਾ ਸੰਤੋਖ ਦਾ ਪਿਆਲਾ ਇੰਨਾ ਛੋਟਾ ਨਹੀਂ ਕਿ ਮੈਂ ਥੋੜ੍ਹੀ ਜਿਹੀ ਲੋਕ ਵਾਹਵਾ ਖੱਟਣ ਲਈ ਅਪਣੇ ਸੰਤੋਖ ਪਿਆਲੇ ਨੂੰ ਉਛਾਲ ਲਵਾਂ। ਸਾਡਾ ਮਤ ਤਾਂ ਇਹ ਹੈ ਕਿ ਸਭ ਕੁਝ ਪ੍ਰਾਪਤ ਕਰਕੇ ਵੀ ਉਸ ਨੂੰ ਜਰਨਾ ਹੈ, ਲੋਕ ਵਿਖਾਵਾ ਨਹੀਂ ਕਰਨਾ :—

ਕਹੁ ਨਾਨਕ ਅਜਰੁ ਜਿਨਿ ਜਰਿਆ ਤਿਸ ਹੀ ਕਉ ਬਨਿ ਆਵਤ॥

ਸਾਰਗ ਮ: ੫ (ਪੰਨਾ : ੧੨੦੪)

ਜਿਹੜਾ ਸਭ ਕੁਝ ਪਾ ਕੇ ਸੰਤੋਖੀ ਬ੍ਰਿਤੀ ਵਿੱਚ ਵਿਚਰਦਾ ਹੈ ਅਤੇ ਅਜੱਰ ਨੂੰ ਜਰਦਾ ਹੈ ਉਸ ਦੀ ਹੀ ਪ੍ਰਮੇਸ਼ਰ ਜੀ ਨਾਲ ਬਣ ਆਉਂਦੀ ਹੈ।

ਤੁਸੀਂ ਮੈਨੂੰ ਬਾਰ-ਬਾਰ ਪੁੱਛਦੇ ਹੋ ਕਿ ਤੇਰੇ ਵਿੱਚ ਕਿੰਨੀ ਕੁ ਤਾਕਤ ਹੈ। ਉਸ ਦਾ ਪ੍ਰਦਰਸ਼ਨ ਕਰ ਕੇ ਦੱਸ। ਸਿੱਧੋ ਮੈਂ ਸ਼ਕਤੀ ਦਾ ਮੁਜ਼ਾਹਰਾ ਤਾਂ ਨਹੀਂ ਕਰਨਾ, ਪਰ ਜ਼ੁਬਾਨ ਨਾਲ ਤੁਹਾਨੂੰ ਦੱਸ ਦਿੰਦਾ ਹਾਂ। ਗੁਰੂ ਨਾਨਕ ਸਾਹਿਬ ਜੀ ਨੇ ਜੋਗੀਆਂ ਨੂੰ ਸੰਬੋਧਨ ਕਰਕੇ ਫ਼ੁਰਮਾਨ ਕੀਤਾ।

ਹੇ ਸਿੱਧੋ! ਜੋਗੀ ਜਨੋ, ਮੈਂ ਅੱਗ ਦੇ ਕੱਪੜੇ ਪਾ ਸਕਦਾ ਹਾਂ। ਬਰਫ਼ ਦੇ ਘਰ ਵਿੱਚ ਰਹਿ ਸਕਦਾ ਹਾਂ। ਲੋਹੇ ਨੂੰ ਭੋਜਨ ਦੀ ਥਾਂ ਖਾ ਕੇ ਆਪਣਾ ਅਹਾਰ ਕਰ ਸਕਦਾ ਹਾਂ। ਸਾਰੀ ਦੁਨੀਆਂ ਦੇ ਦੁੱਖਾਂ ਨੂੰ ਮੈਂ ਪਾਣੀ ਦੀ ਤਰ੍ਹਾਂ ਪੀ ਸਕਦਾ ਹਾਂ। ਭਾਵ ਸਾਰੇ ਦੁੱਖਾਂ ਨੂੰ ਸਹਾਰਨ ਦੀ ਮੇਰੇ ਵਿੱਚ ਸ਼ਕਤੀ ਹੈ। ਸਾਰੀ ਧਰਤੀ ਨੂੰ ਜਿਧਰ ਮੈਂ ਚਾਹਾਂ ਆਪਣੇ ਹੁਕਮ ਵਿੱਚ ਤੋਰ ਸਕਦਾ ਹਾਂ, ਇਹ ਅਸਮਾਨ ਜੋ ਦਿਸਦਾ ਹੈ, ਇਸ ਨੂੰ ਤੱਕੜੀ ਦੇ ਇੱਕ ਛਾਬੇ ਵਿੱਚ ਰੱਖਕੇ ਦੂਜੇ ਪਾਸੇ ਚਾਰ ਮਾਸੇ ਦੇ ਵੱਟੇ ਨਾਲ ਜੋਖ ਸਕਦਾ ਹਾਂ। ਮੈਂ ਆਪਣੇ ਸਰੀਰ ਨੂੰ ਇੰਨਾ ਵੱਡਾ ਵਧਾ ਸਕਦਾ ਹਾਂ ਕਿ ਸਾਰੀ ਧਰਤੀ ਉੱਤੇ ਵੀ ਮੇਰਾ ਸਰੀਰ ਸਮਾ ਨਹੀਂ ਸਕੇਗਾ। ਸਾਰੇ ਜੀਵਾਂ ਜੰਤਾਂ ਨੂੰ ਆਪਣੇ ਹੁਕਮ ਵਿੱਚ ਤੋਰਨ ਦੀ ਸਮਰੱਥਾ ਮੇਰੇ ਵਿਚ ਹੈ। ਮੇਰੀ ਇੱਛਾ ਸ਼ਕਤੀ ਵਿੱਚ ਇੰਨਾ ਬਲ ਹੈ ਕਿ ਮੈਂ ਜੋ ਚਾਹਾਂ ਕਰਾਂ ਤੇ ਸਾਰੇ ਜੰਤਾ ਪਾਸੋਂ ਆਪਣੀ ਮਰਜੀ ਅਨੁਸਾਰ ਕਾਰ ਕਰਾਵਾਂ। ਪ੍ਰਮੇਸ਼ਰ ਬਿਅੰਤ ਹੈ, ਉਸ ਦੀਆਂ ਦਾਤਾਂ ਭੀ ਬਿਅੰਤ ਹਨ। ਜੇ ਬਿਅੰਤ ਪ੍ਰਭੂ ਮੈਨੂੰ ਹੋਰ ਵੀ ਇਸ ਤੋਂ ਵਧ ਸ਼ਕਤੀ ਦੇ ਦੇਵੇ ਤਾਂ ਭੀ ਮੈਂ ਇਹਨਾਂ ਸ਼ਕਤੀਆਂ ਦਾ ਪ੍ਰਦਰਸ਼ਨ ਨਹੀਂ ਕਰਾਂਗਾ ਕਿਉਂਕਿ ਸੱਚੇ ਨਾਮ ਦੀ ਕਰਾਮਾਤ, ਬਖਸ਼ਸ਼, ਰਿਧੀਆਂ ਸਿਧੀਆਂ ਨਾਲੋਂ ਬਹੁਤ ਮਹਾਨ ਹੈ।

ਕੈਸਾ ਹੈ ਗੁਰੂ ਨਾਨਕ ਪਾਤਸ਼ਾਹ ਜੀ ਦੇ ਸਬਰ ਸੰਤੋਖ ਦਾ ਪਿਆਲਾ ਜੋ ਨੱਕੋ ਨੱਕ ਭਰ ਕੇ ਵੀ ਉਛਲਦਾ ਨਹੀਂ ਹੈ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਮਾਝ ਰਾਗ ਵਿੱਚ ਆਪਣਾ ਫ਼ੁਰਮਾਨ ਹੈ। ਇਸ ਫ਼ੁਰਮਾਨ ਨੂੰ ਪੜ੍ਹੀਏ :—

ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ॥
ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ॥
ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ॥
ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ॥
ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ॥
ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ॥
ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ॥ ੧॥

ਸਲੋਕ ਮ: ੧ (ਪੰਨਾ : ੧੪੭)

ਭਾਈ ਗੁਰਦਾਸ ਜੀ ਨੇ ਵੀ ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦੇ ਫ਼ੁਰਮਾਨ ਦੀ ਪ੍ਰੋੜਤਾ ਕੀਤੀ ਹੈ :—

ਬਸਤਰਿ ਪਹਿਰੇਂ ਅਗਿਨ ਕੈ ਬਰਫ ਹਿਮਾਲੇ ਮੰਦਰੁ ਛਾਈ॥
ਕਰੇਂ ਰਸੋਈ ਸਾਰਿ ਦੀ ਸਗਲੀ ਧਰਤੀ ਨਥਿ ਚਲਾਈ॥
ਏਵਡੁ ਕਰੀ ਵਿਥਾਰਿ ਕਉ ਸਗਲੀ ਧਰਤੀ ਹਕੀ ਜਾਈ॥
ਤੋਲੀ ਧਰਤਿ ਅਕਾਸਿ ਦੁਇ ਪਿਛੈ ਛਾਬੇ ਟੰਕੁ ਚੜਾਈ॥
ਇਹਿ ਬਲੁ ਰਖਾ ਆਪਿ ਵਿਚਿ ਜਿਸੁ ਆਖਾ ਤਿਸੁ ਪਾਸਿ ਕਰਾਈ॥
ਸਤਿ ਨਾਮੁ ਬਿਨੁ ਬਾਦਰਿ ਛਾਈ॥

(ਵਾਰ ੧, ਪਉੜੀ ੪੩)

ਕਿੰਨੇ ਵੱਡੇ ਸਬਰ ਤੇ ਸੰਤੋਖ ਦੇ ਮਾਲਕ ਸਨ ਗੁਰੂ ਨਾਨਕ ਪਾਤਸ਼ਾਹ ਜੀ ਜਿਸ ਦੀ ਮਿਸਾਲ ਕਿਤੇ ਵੀ ਆਤਮਿਕ ਮੰਡਲ ਵਿਚ ਨਹੀਂ ਮਿਲਦੀ।

ਧੰਨ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਜੋ ਸਰਬ-ਸਮਰੱਥ ਹੁੰਦੇ ਹੋਏ, ਦੂਸਰਿਆਂ ਦੇ ਧਰਮ ਦੀ ਰਖਵਾਲੀ ਲਈ ਸਰੀਰ ਦਾ ਬਲੀਦਾਨ ਤਾਂ ਦੇ ਦਿੱਤਾ ਪਰ ਸ਼ਕਤੀ ਦਾ ਵਿਖਾਵਾ ਨਹੀਂ ਕੀਤਾ। ਸੰਸਾਰ ਵਿੱਚ ਦਾਨੀ ਤਾਂ ਬਹੁਤ ਹਨ, ਹਰ ਤਰ੍ਹਾਂ ਦੇ ਦਾਨ ਆਪਣੀ ਸਮਰੱਥਾ ਅਨੁਸਾਰ ਕਰਦੇ ਹਨ, ਪਰ ਸਰੀਰ ਦਾ ਬਲੀਦਾਨ ਕੋਈ ਵਿਰਲਾ ਅਤਿ ਦਰਜੇ ਦਾ ਸੰਤੋਖੀ ਹੀ ਕਰ ਸਕਦਾ ਹੈ। ਜਿਸ ਦੀ ਮਿਸਾਲ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹੀ ਕਾਇਮ ਕੀਤੀ।

ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ, ਸਰਬ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ, ਜੋਗੀ ਦੀ ਚੁੱਕ ਵਿੱਚ ਆਏ ਹੋਏ ਖਡੂਰ ਨਿਵਾਸੀ ਖਹਿਰੇ ਜਟਾਂ ਦੇ ਕਹਿਣ ਤੇ ਕਿ ਜਾਂ ਤਾ ਮੀਂਹ ਵਰਸਾਵੋ, ਨਹੀਂ ਤੇ ਸਾਡਾ ਨਗਰ ਛੱਡ ਜਾਵੋ। ਸਤਿਗੁਰਾਂ, ਪ੍ਰਭੂ ਰਜਾ ਵਿੱਚ ਰਾਜੀ ਰਹਿਣ ਦਾ ਉਪਦੇਸ਼ ਦਿੰਦਿਆਂ ਨਗਰ ਤਾਂ ਛੱਡ ਦਿੱਤਾ ਪਰ ਸੰਤੋਖ ਵਿੱਚ ਉਛਾਲਾ ਨਹੀਂ ਆਉਣ ਦਿੱਤਾ। ਪ੍ਰਭੂ ਭਾਣੇ ਵਿੱਚ ਉਹ ਹੀ ਰਹਿ ਸਕਦਾ ਹੈ, ਜਿਸਦਾ ਅੰਦਰ ਟਿਕਿਆ ਹੋਇਆ ਹੈ। ਜਿਸ ਦੀ ਆਤਮਾਂ ਉਤੇ ਮਾਨ-ਅਪਮਾਨ ਦਾ ਅਸਰ ਨਹੀਂ ਛੂੰਹਦਾ। ਟਿਕਾਉ ਵਿੱਚ ਸੰਤੋਖੀ ਆਤਮਾ ਹੀ ਰਹਿ ਸਕਦੀ ਹੈ।

ਸਾਰੇ ਸਤਿਗੁਰਾਂ ਦਾ ਜੀਵਨ ਸਾਡੇ ਸਾਹਮਣੇ ਹੈ। ਕਿਵੇਂ ਉਹਨਾਂ ਨੇ ਅਜਰ ਨੂੰ ਜਰ ਕੇ ਸਬਰ ਸ਼ੁਕਰ ਵਿੱਚ ਰਹਿ ਕੇ ਸੰਤੋਖੀ ਜੀਵਨ ਬਤੀਤ ਕਰਨ ਦੇ ਡੂੰਘੇ ਪੂਰਨੇ ਵਾਹੇ ਹਨ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸਮੇਂ ਪ੍ਰਿਥੀ ਚੰਦ ਨੇ ਆਪਣੇ ਮਸੰਦਾਂ ਰਾਹੀ ਸੰਗਤਾਂ ਨੂੰ ਗੁੰਮਰਾਹ ਕਰਕੇ ਆਪਣੀ ਗੱਦੀ ਕਾਇਮ ਕਰ ਲਈ। ਸੰਗਤਾਂ ਕਾਰ ਭੇਟਾ ਉੱਧਰ ਲਿਜਾਣ ਲੱਗ ਪਈਆਂ। ਲੰਗਰ ਸਮੇਂ ਸੰਗਤਾਂ ਨੂੰ ਗੁਰੂ ਕੇ ਲੰਗਰ ਵਿੱਚ ਪ੍ਰਸ਼ਾਦਾ ਛਕਣ ਕੇਜ ਦੇਣਾ, ਕੁਝ ਸਮਾਂ ਤਾਂ ਇਹੋ ਜਿਹਾ ਆ ਗਿਆ ਕਿ ਗੁਰੂ ਕੇ ਲੰਗਰ ਵਿੱਚ

ਇੱਕ ਇੱਕ ਸੁੱਕਾ ਪ੍ਰਸ਼ਾਦਾ, ਛੋਲਿਆਂ ਦੇ ਆਟੇ ਦਾ ਵਰਤਣ ਲੱਗਾ। ਪਰ ਆਪ ਜੀ ਨੇ ਕਿਸੇ ਦਾ ਵਿਰੋਧ ਨਹੀਂ ਕੀਤਾ। ਸਬਰ ਸੰਤੋਖ ਵਿੱਚ ਰਾਜ਼ੀ ਰਹਿ ਪ੍ਰਭੂ ਭਾਣੇ ਨੂੰ ਖਿੜੇ ਮੱਥੇ ਪ੍ਰਵਾਨਿਆ।

ਸਮੇਂ-ਸਮੇਂ ਨਾਲ ਅਕਬਰ, ਜਹਾਂਗੀਰ ਵਰਗੇ ਬਾਦਸ਼ਾਹਾਂ ਨੇ ਗੁਰੂ ਘਰਾਂ ਨਾਲ ਜਗੀਰਾਂ ਲਾਉਣ ਦੀ ਕੋਸ਼ਿਸ਼ ਕੀਤੀ, ਪਰ ਸਤਿਗੁਰਾਂ ਇਹ ਕਹਿ ਕੇ ਜਗੀਰ ਲੈਣ ਤੋਂ ਨਾਂਹ ਕਰ ਦਿੱਤੀ ਕਿ ਲੰਗਰ ਅਤੇ ਗੁਰੂ ਘਰ ਦੀ ਸੇਵਾ ਜਗੀਰਾਂ ਨਾਲ ਨਹੀਂ ਸਗੋਂ ਕਿਰਤੀ ਪ੍ਰੇਮੀਆਂ ਦੀ ਭਾਵਨਾਂ ਦੀ ਕਮਾਈ ਨਾਲ ਚਲਦੀ ਹੈ।

ਭਾਈ ਦਰਬਾਰੀ ਜੀ ਵਰਗੇ ਬੇ-ਪ੍ਰਵਾਹ ਸੰਤੋਖੀ ਗੁਰਸਿੱਖ ਕਿਥੋਂ ਮਿਲਣਗੇ? ਜਿਹਨਾਂ ਦਾ ਜੀਵਨ ਅੱਜ ਵੀ ਸਾਨੂੰ ਪ੍ਰੇਰਨਾ ਸ੍ਰੋਤ ਬਣ ਕੇ ਅਗਵਾਈ ਪ੍ਰਦਾਨ ਕਰ ਰਿਹਾ ਹੈ। ਘਟਨਾ ਇਸ ਤਰ੍ਹਾਂ ਘਟੀ, ਮਹਾਰਾਜਾ ਰਣਜੀਤ ਸਿੰਘ ਜੀ ਨੇ ਗੜ੍ਹਸ਼ੰਕਰ ਦੇ ਪ੍ਰਗਣੇ ਨੂੰ ਜਿੱਤਣ ਵਾਸਤੇ ਫੌਜ ਚਾੜ੍ਹੀ, ਰਸਤੇ ਵਿੱਚ ਅੱਡਣ ਸ਼ਾਹੀ ਸੰਪਰਦਾ ਦੀ ਧਰਮਸ਼ਾਲਾ ਵਿੱਚ ਭਾਈ ਦਰਬਾਰੀ ਜੀ ਸੇਵਾ ਨਿਭ੍ਹਾ ਰਹੇ ਸਨ। ਬੜੇ ਕਰਣੀ ਵਾਲੇ ਜਪੀ-ਤਪੀ ਸੰਤੋਖੀ ਮਹਾਤਮਾਂ ਸਨ। ਮਹਾਰਾਜਾ ਸਾਹਿਬ ਨੇ ਉਹਨਾਂ ਨੂੰ ਬੇਨਤੀ ਕੀਤੀ ਕਿ ਮੈਂ ਗੜ੍ਹਸ਼ੰਕਰ ਦੇ ਕਿਲੇ ਨੂੰ ਫਤਹਿ ਕਰਨ ਵਾਸਤੇ ਜਾ ਰਿਹਾ ਹਾਂ ਤੁਸੀ ਮੇਰੇ ਪੱਖ ਵਿਚ ਅਰਦਾਸ ਕਰੋ ਕਿ ਸਤਿਗੁਰੂ ਜੀ ਮੈਨੂੰ ਫਤਹਯਾਬੀ ਬਖਸ਼ਣ। ਭਾਈ ਦਰਬਾਰੀ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਖਲੋ ਕੇ ਮਹਾਰਾਜਾ ਸਾਹਿਬ ਦੀ ਜਿੱਤ ਲਈ ਅਰਦਾਸਾ ਸੋਧਿਆ।

ਸਤਿਗੁਰੂ ਜੀ ਮਿਹਰ ਨਾਲ ਬਿਨਾਂ ਬਹੁਤਾ ਖੂਨ ਖਰਾਬੇ ਦੇ ਮਹਾਰਾਜਾ ਰਣਜੀਤ ਸਿੰਘ ਨੇ ਗੜ੍ਹਸ਼ੰਕਰ ਦੇ ਕਿਲੇ ਤੇ ਕਬਜ਼ਾ ਕਰ ਲਿਆ। ਇਲਾਕੇ ਦੇ ਸਾਰੇ ਪ੍ਰਬੰਧਾਂ ਦੀ ਸਪੁਰਦਗੀਰੀ ਕਰਕੇ ਵਾਪਸੀ ਜਾਣ ਲੱਗਿਆਂ ਮੁੜ, ਭਾਈ ਦਰਬਾਰੀ ਜੀ ਪਾਸ ਆ, ਗੁਰੂ ਮਹਾਰਾਜ ਜੀ ਦਾ ਧੰਨਵਾਦ ਕਰਨ ਉਪਰੰਤ, ਮਹਾਰਾਜਾ ਸਾਹਿਬ ਕਹਿਣ ਲੱਗੇ, ਮੇਰਾ ਚਿਤ ਕਰਦਾ ਹੈ ਕਿ ਮੈਂ ਧਰਮਸ਼ਾਲਾ ਦੇ ਨਾਉ ਕੁਝ ਜਗੀਰ ਲਵਾ ਦੇਵਾਂ ਤਾਂ ਜੋ ਗੁਜਾਰਾ ਸੌਖਾ ਚਲਦਾ ਰਹੇ।

ਬੇਪ੍ਰਵਾਹ, ਸੰਤੋਖੀ ਭਾਈ ਦਰਬਾਰੀ ਜੀ ਮਹਾਰਾਜਾ ਰਣਜੀਤ ਸਿੰਘ ਨੂੰ ਸੰਬੋਧਨ ਕਰਕੇ ਕਹਿਣ ਲੱਗੇ। ਮਹਾਰਾਜਾ ਸਾਹਿਬ ! ਜਾਂਦੀ ਵਾਰੀ ਤਾਂ ਇਸ ਦਰ ਦਾ ਮੰਗਤਾ ਸੈਂ, ਹੁਣ ਦਾਤਾ ਕਿਵੇਂ ਬਣ ਗਿਉਂ? ਮਹਾਰਾਜਾ ਰਣਜੀਤ ਸਿੰਘ ਜੀ ਨੇ ਭਾਈ ਦਰਬਾਰੀ ਜੀ ਦੇ ਬਚਨ ਸੁਣ ਕੇ ਖਿਮਾਂ ਮੰਗੀ ਤੇ ਪਛਤਾਵਾ ਕੀਤਾ। (ਆਦਿ ਸਿੱਖ ਤੇ ਆਦਿ ਜੀਵਨੀਆਂ)

ਕਿਹੋ ਜੇਹੀ ਸੰਤੋਖੀ ਬਿਰਤੀ ਦੇ ਧਾਰਨੀ ਸਨ ਪੁਰਾਤਨ ਗੁਰ ਸਿੱਖ?

ਸੰਤੋਖ ਦੀ ਪ੍ਰਤੱਖ ਮੂਰਤੀ ਭਾਈ ਮਨਸ਼ਾ ਸਿੰਘ ਜੀ।

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਦਰਬਾਰ ਹਰਿਮੰਦਰ ਸਾਹਿਬ ਸਵੇਰੇ ਸ਼ਾਮ ਕੀਤਰਨ ਦੀ ਹਾਜਰੀ ਭਰਦੇ ਸਨ, ਜਿਹਨਾਂ ਨੂੰ ਗੁਜ਼ਾਰੇ ਵਾਸਤੇ ਚਾਰ ਆਨੇ ਹਰ ਰੋਜ ਮਿਲਦੇ ਸਨ। ਘਰ ਵਿੱਚ ਪ੍ਰਸ਼ਾਦਾ ਪਕਾਉਣ ਵਾਸਤੇ ਲੋਹੇ ਦਾ ਤਵਾ ਵੀ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ ਜੀ ਨੂੰ ਭਾਈ ਮਨਸ਼ਾ ਸਿੰਘ ਦੀ ਗਰੀਬੀ ਹਾਲਤ ਦਾ ਪਤਾ ਚਲਿਆ। ਮਹਾਰਾਜਾ ਰਣਜੀਤ ਆਪ ਚਲ ਕੇ ਭਾਈ ਮਨਸ਼ਾ ਸਿੰਘ ਦੇ ਘਰ ਗਏ ਅਤੇ ਮਾਇਆ ਦੇਣ ਦਾ ਯਤਨ ਕੀਤਾ।

ਭਾਈ ਮਨਸ਼ਾ ਸਿੰਘ ਨੇ ਇਹ ਕਹਿ ਕ ਮਾਇਆ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਮਹਾਰਾਜ ਸਾਹਿਬ, ਤੁਹਾਡਾ ਤੇ ਮੇਰਾ ਇਕੋ ਗੁਰੂ ਹੈ। ਜੇ ਸੋਢੀ ਸੁਲਤਾਨ ਗੁਰੂ ਰਾਮਦਾਸ ਜੀ ਆਪ ਜੀ ਨੂੰ ਬਾਦਸ਼ਾਹੀ ਦੇ ਸਕਦੇ ਹਨ, ਕੀ ਉਹ ਮੇਰੀ ਗਰੀਬੀ ਦੂਰ ਨਹੀਂ ਕਰ ਸਕਦੇ?

ਜੇ ਮੇਰਾ ਮਾਲਕ ਮੈਨੂੰ ਇਸੇ ਹਾਲਤ ਵਿਚ ਰੱਖ ਕੇ ਖੁਸ਼ ਹੈ। ਮੈਂ ਵੀ ਸਤਿਗੁਰੂ ਦੀ ਰਜ਼ਾ ਵਿਚ ਪ੍ਰਸੰਨ ਹਾਂ। ਮੈਨੂੰ ਮਹਿਸੂਸ ਹੀ ਨਹੀਂ ਹੋ ਰਿਹਾ ਕਿ ਮੇਰੇ ਘਰ ਕੋਈ ਕਮੀ ਹੈ। ਸਤਿਗੁਰੂ ਨੇ ਮੈਨੂੰ ਆਤਮਿਕ ਦਾਤਾਂ ਨਾਲ ਮਾਲਾ ਮਾਲ ਕੀਤਾ ਹੋਇਆ ਹੈ। ਐਸੇ ਦਾਤਾਰ ਦਾਤੇ ਦਾ ਮੈਂ ਆਪਣੀ ਜ਼ੁਬਾਨ ਨਾਲ ਧੰਨਵਾਦ ਨਹੀਂ ਕਰ ਸਕਦਾ। ਮਹਾਰਾਜਾ ਸਾਹਿਬ ਨੇ ਬੜੀ ਨਿਮਰਤਾ ਨਾਲ ਭਾਈ ਮਨਸ਼ਾ ਸਿੰਘ ਦੀ ਕਦਮ ਬੋਸੀ ਕੀਤੀ। ਕਹਿਣਾ ਪਵੇਗਾ, ਧੰਨ ਗੁਰੂ, ਧੰਨ ਗੁਰੂ ਪਿਆਰੇ।

ਜਿਹਨਾਂ ਨੂੰ ਸੰਤੋਖ ਦੀ ਮਹਾਨਤਾ ਦਾ ਪਤਾ ਚਲ ਗਿਆ। ਉਹ ਗੁਰੂ ਪਿਆਰੇ ਕਿਸੇ ਲੋਭ ਲਾਲਚ ਵਿੱਚ ਨਹੀਂ ਫਸਦੇ, ਕਿਸੇ ਦੇ ਚੰਗੇ ਮਹਿਲ ਮਾੜੀਆਂ ਵੇਖ ਕੇ, ਚੰਗੇ ਕੱਪੜੇ, ਖਾਣੇ ਵੇਖ ਕੇ, ਲੁਭਾਇ-ਮਾਨ ਨਹੀਂ ਹੁੰਦੇ ਸਗੋਂ ਪੁਕਾਰ-ਪੁਕਾਰ ਕੇ ਗੁਰੂ ਸੰਦੇਸ਼ ਪੜ੍ਹ ਕੇ ਅਨੰਦਤ ਹੁੰਦੇ ਹਨ :—

ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥
ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥ ੧ ॥
ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ ॥
ਮਾਇਆਧਾਰੀ ਛਤ੍ਰਪਤਿ ਤਿਨ੍ ਛੋਡਉ ਤਿਆਗਿ ॥ ੧ ॥ ਰਹਾਉ ॥
ਸੰਤਨ ਦਾ ਦਾਨਾ ਰੂਖਾ ਸੋ ਸਰਬ ਨਿਧਾਨ ॥
ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ ॥ ੨ ॥
ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ ॥

ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ ॥੩ ॥
ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ ॥
ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ ॥੪ ॥
ਸਭ ਕਿਛੁ ਤੁਮ੍ ਹੀ ਤੇ ਹੋਆ ਆਪਿ ਬਣਤ ਬਣਾਈ ॥
ਦਰਸਨੁ ਭੇਟਤ ਸਾਧ ਕਾ ਨਾਨਕ ਗੁਣ ਗਾਈ ॥੫ ॥

ਬਿਲਾਵਲੁ ਮ: ੫ (ਪੰਨਾ : ੮੧੧)

ਉਹ ਤਾਂ ਪੁਕਾਰ-ਪੁਕਾਰ ਕੇ ਸਾਨੂੰ ਪ੍ਰੇਰਨਾ ਦਿੰਦੇ ਹਨ ਕਿ ਜੋ ਸੁੱਖ, ਜੋ ਅਨੰਦ ਜੋ ਰੱਜ ਸੰਤੋਖ ਦੁਆਰਾ ਪ੍ਰਾਪਤ ਹੁੰਦਾ ਹੈ। ਉਹ ਧਨ ਪਦਾਰਥ ਸੰਸਾਰ ਦੀ ਸੰਪਦਾ ਦੁਆਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਸੰਤੋਖੀ ਪੁਰਖ ਆਪਣੀਆਂ ਲੋੜਾਂ ਨੂੰ ਸੀਮਾ ਵਿੱਚ ਕਰ ਲੈਂਦਾ ਹੈ। ਸਰੀਰ ਦੇ ਨਿਰਬਾਹ ਲਈ ਜਿਹੋ ਜਿਹਾ ਸਮਾਂ ਬਣੇ, ਉਸ ਨੂੰ ਵਰਤ ਕੇ ਸੰਤੁਸ਼ਟ ਰਹਿੰਦਾ ਹੈ ਤੇ ਮਨ ਨੂੰ ਸਮਝਾਉਂਦਾ ਹੈ ਕਿ ਹੇ ਮਨ! ਕਿਸੇ ਦੇ ਮਹਿਲ ਮਾੜੀਆਂ ਚੰਗੇ ਕੱਪੜੇ, ਚੰਗੇ ਪਕਵਾਨ ਵੇਖ ਕੇ ਲਾਲਚ ਵਿੱਚ ਆ ਕੇ ਆਪਣੇ ਮਨ ਨੂੰ ਨ ਤਰਸਾ ਸਗੋਂ ਜਿਹੋ ਜਿਹਾ ਪ੍ਰਮੇਸ਼ਰ ਨੇ ਤੇਰੀ ਪ੍ਰਾਲਬਧ ਵਿੱਚ ਲਿਖਿਆ ਹੈ ਉਸ ਤੇ ਸ਼ਾਕਰ ਰਹਿ ਕੇ ਸੰਤੋਖੀ ਜੀਵਨ ਜਿਉਣ ਦਾ ਢੰਗ ਸਿੱਖ ਲੈ। ਕੀ ਕਰ?

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ ॥ ੨੯ ॥

ਸਲੋਕ ਫਰੀਦ ਜੀ (ਪੰਨਾ : ੧੩੭੯)

ਮਨ ਦੀਆਂ ਖਾਹਸ਼ਾਂ ਤਾਂ ਕਦੇ ਪੂਰੀਆਂ ਹੋਣੀਆਂ ਹੀ ਨਹੀਂ ਹਨ। ਦੋ ਖਾਹਸ਼ਾਂ ਪੂਰੀਆਂ ਹੋ ਗਈਆਂ ਚਾਰ ਹੋਰ ਖੜ੍ਹੀਆਂ ਹੋ ਜਾਂਦੀਆਂ ਹਨ। ਚਾਰ ਪੂਰੀਆਂ ਹੋ ਜਾਣ ਹੋਰ ਅਣਗਿਣਤ ਆ ਖਲੋਂਦੀਆਂ ਹਨ। ਖਾਹਸ਼ਾਂ ਨੂੰ ਪੂਰਾ ਕਰਦਾ-ਕਰਦਾ ਮਨੁੱਖ ਆਪ ਪੂਰਾ ਹੋ ਜਾਂਦਾ ਹੈ, ਪਰ ਖਾਹਸ਼ਾਂ ਅਧੂਰੀਆਂ ਹੀ ਰਹਿੰਦੀਆਂ ਹਨ।

ਬਾਬਾ ਫਰੀਦ ਜੀ ਦਾ ਫੁਰਮਾਨ ਹੈ। ਇਹ ਸਰੀਰ ਨਿੱਤ ਹੀ ਨਵੀਆਂ-ਨਵੀਆਂ ਖਾਹਸ਼ਾਂ ਬਣਾ ਕੇ ਉਸ ਨੂੰ ਪੂਰੀਆਂ ਕਰਨ ਲਈ ਕੁੱਤੇ ਵਾਂਗ ਭੌਂਕਦਾ ਹੈ। ਇਸ ਦੀ ਨਿਤ ਦੀ ਭਊਂ-ਭਊਂ ਸੁਣ ਕੇ ਹਰ ਰੋਜ਼ ਕਿਹੜਾ ਦੁਖੀ ਹੋਵੇ ? ਇਸ ਲਈ ਚੰਗਾ ਹੈ ਮੈਂ ਇਸ ਸਰੀਰ ਦੀਆਂ ਫਾਲਤੂ ਖਾਹਸ਼ਾਂ ਦੀ ਭਊਂ-ਭਊਂ ਸੁਣਾਂ ਹੀ ਨਾ। ਕੰਨਾਂ ਵਿੱਚ ਬੁੱਜੇ ਦੇ ਕੇ, ਇਸ ਦੀ ਅਵਾਜ਼ ਸੁਣਨ ਤੋਂ ਬੇਖਬਰ ਹੋ ਜਾਵਾਂ। ਇਹ ਜਿੰਨੀਆਂ ਮਰਜੀ ਖਾਹਸ਼ਾਂ ਦਾ ਸ਼ੋਰ ਪਾਵੇ, ਪਰ ਮੈਂ ਉਸ ਨੂੰ ਸੁਣਾਂ ਹੀ ਨਾ ਇਸੇ ਵਿੱਚ ਹੀ ਸੁੱਖ ਹੈ। ਕਿਆ ਕਮਾਲ ਦਾ ਬਚਨ ਹੈ ਬਾਬਾ ਜੀ ਦਾ :—

ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ ॥
ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ ॥ ੯੮ ॥

ਸਲੋਕ ਫਰੀਦ ਜੀ (ਪੰਨਾ : ੧੩੮੨)

ਜਿਹਨਾਂ ਨੇ ਇਹੋ ਜਿਹਾ ਆਪਣਾ ਜੀਵਨ ਬਣਾ ਲਿਆ ਹੈ, ਉਹ ਤਾਂ :—

ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥

ਟੋਡੀ ਮ: ੫ (ਪੰਨ : ੭੧੧)

ਦੀ ਅਵਸਥਾ ਵਿੱਚ ਵਿਚਰਦੇ ਹਨ।

ਉਹ ਗੁਰਮੁਖ ਆਤਮਾਂ ਜਿਹਨਾਂ ਨੇ ਆਪਣੇ ਜੀਵਨ ਨੂੰ ਸਤਿ ਅਤੇ ਸੰਤੋਖ ਦੇ ਸੰਚੇ ਵਿਚ ਢਾਲ ਲਿਆ ਹੈ ਅਤੇ ਹਰ ਸਮੇਂ ਸੱਚੇ ਨਾਮ ਦਾ ਹੀ ਸਿਮਰਨ ਕਰਦੀਆਂ ਹਨ। ਐਸੀਆਂ ਜੀਵ ਆਤਮਾਵਾਂ ਪ੍ਰਭੂ ਜੀ ਨੂੰ ਚੰਗੀਆਂ ਲੱਗਦੀਆਂ ਹਨ। ਉਹ ਹਮੇਸ਼ਾਂ-ਹਮੇਸ਼ਾ ਲਈ ਗੁਰੂ ਗੋਦ ਵਿੱਚ ਲੀਨ ਹੋ ਜਾਂਦੀਆਂ ਹਨ। ਉਹਨਾਂ ਦਾ ਕਦੇ ਵੀ ਆਪਣੇ ਮਾਲਕ ਨਾਲੋਂ ਵਿਛੋੜਾ ਨਹੀਂ ਪੈਂਦਾ :—

ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ ॥
ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ ॥

ਸੂਹੀ ਛੰਤ ਮ: ੧ (ਪੰਨਾ : ੭੬੪)

ਸਤਿ-ਸੰਤੋਖ ਬਹੁਤ ਵਡਮੁੱਲੀ ਦਾਤ ਹੈ। ਇਸ ਨੂੰ ਆਪਣੇ ਜ਼ੋਰ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਜਦੋਂ ਮਨੁੱਖ ਗੁਰੂ ਦੀ ਸ਼ਰਨ ਵਿੱਚ ਆ ਜਾਂਦਾ ਹੈ। ਫਿਰ ਸਾਰੀਆਂ ਭਟਕਣਾਂ ਖਤਮ ਹੋ ਜਾਂਦੀਆਂ ਹਨ। ਮਨੁੱਖ ਤੇ ਮਾਇਆ ਦਾ ਪ੍ਰਭਾਵ ਵੀ ਹਾਵੀ ਨਹੀਂ ਹੁੰਦਾ। ਗੁਰੂ ਚਾਲੀ ਅਨੁਸਾਰ ਚਲਣ ਸਦਕਾ ਗੁਰੂ ਤਰੁੱਠ ਕੇ ਸਤਿ ਸੰਤੋਖ ਗੁਣਾਂ ਦੀ ਦਾਤ ਆਪਣੇ ਪਿਆਰੇ ਨੂੰ ਬਖਸ਼ਸ਼ ਕਰ ਦਿੰਦਾ ਹੈ।

ਸਤਿ-ਸੰਤੋਖ ਗੁਣਾਂ ਦੀ ਬਦੌਲਤ ਉਹ ਆਪ ਨਾਮ ਅੰਮ੍ਰਿਤ ਨੂੰ ਪੀਂਦਾ ਹੈ ਤੇ ਹੋਰਨਾਂ ਨੂੰ ਨਾਮ ਅੰਮ੍ਰਿਤ ਪੀਣ ਦੀ ਦਾਤ ਬਖਸ਼ਦਾ ਹੈ। ਸਾਹਿਬਾਂ ਦਾ ਫੁਰਮਾਨ ਹੈ :—

ਗੁਰਿ ਮਿਲਿਐ ਸਭ ਤ੍ਰਿਸਨ ਬੁਝਾਈ ॥
ਗੁਰਿ ਮਿਲਿਐ ਨਹ ਜੋਹੈ ਮਾਈ ॥
ਸਤੁ ਸੰਤੋਖੁ ਦੀਆ ਗੁਰਿ ਪੂਰੈ
ਨਾਮੁ ਅੰਮ੍ਰਿਤੁ ਪੀ ਪਾਨਾਂ ਹੇ ॥ ੧ ॥

(ਮਾਰੂ ਮ: ੧ ਪੰਨਾ ੧੦੭੫)

ਸੰਤੋਖ ਦੇ ਵਿੱਚ ਕਿੰਨੀ ਵੱਡੀ ਬਰਕਤ ਹੈ। ਸੰਤੋਖ ਸੱਚ ਦਾ ਹੀ ਰੂਪ ਹੈ। ਜਿਸ ਨੂੰ ਗੁਰੂ ਮਿਹਰ ਕਰ ਕੇ ਸੰਤੋਖ ਦੀ ਦਾਤ ਬਖਸ਼ਸ਼ ਕਰ ਦਿੰਦਾ ਹੈ। ਉਹ ਸੱਚ ਦੇ ਨਾਲ ਜੁੜ

ਜਾਂਦਾ ਹੈ। ਸੱਚ ਦੇ ਨਾਲ ਜੁੜਿਆਂ ਪਵਿੱਤ੍ਰਤਾ ਆ ਜਾਂਦੀ ਹੈ। ਜਦੋਂ ਪਵਿੱਤ੍ਰਤਾ ਪ੍ਰਾਪਤ ਹੋ ਜਾਵੇ, ਫਿਰ ਵਿਕਾਰਾਂ ਦਾ ਜੋਰ ਨਹੀਂ ਪੈਂਦਾ, ਸਗੋਂ ਪਵਿੱਤ੍ਰ ਆਤਮਾ ਖ਼ੁਦ ਵਿਕਾਰਾਂ ਤੇ ਵਿਜੇ ਪ੍ਰਾਪਤ ਕਰ ਲੈਂਦੀ ਹੈ। ਉਸ ਦਾ ਆਪਣੇ ਮਨ ਤੇ ਪੂਰਾ ਵਸੀਕਾਰ ਹੋ ਜਾਂਦਾ ਹੈ। ਮਨ ਤੇ ਵਿਜੇ ਪ੍ਰਾਪਤ ਕਰ ਲੈਣ ਵਾਲੇ ਨੂੰ ਸਦੀਵੀਂ ਅਨੰਦ ਅਤੇ ਆਤਮਿਕ ਪ੍ਰਕਾਸ਼ ਪ੍ਰਾਪਤ ਹੋ ਜਾਂਦਾ ਹੈ। ਅਗਿਆਨ ਭਰਮ ਦਾ ਖਾਤਮਾਂ ਹੋ ਜਾਂਦਾ ਹੈ। ਉਹ ਹਮੇਸ਼ਾ ਹਰੀ ਪ੍ਰਮੇਸ਼ਰ ਦੇ ਗੁਣ ਗਾਉਂਦਾ ਰਹਿੰਦਾ ਹੈ। ਉਸ ਨੂੰ ਇਹ ਵੀ ਪੂਰਨ ਭਰੋਸਾ ਹੋ ਜਾਂਦਾ ਹੈ ਕਿ ਸਾਰਿਆਂ ਨੂੰ ਦਾਤਾਂ ਦੇਣ ਵਾਲਾ ਇੱਕੋ ਅਕਾਲ ਪੁਰਖ ਹੀ ਹੈ। ਇੱਕ ਅਕਾਲ ਪੁਰਖ ਉਸ ਦਾ ਸਦਾ ਲਈ ਮਿੱਤਰ ਬਣ ਜਾਂਦਾ ਹੈ :—

ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ ॥
ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ ॥
ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ ॥
ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥
ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ ॥ ੯ ॥

ਪਉੜੀ (ਪੰਨਾ : ੫੧੨)

ਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ਅਨੁਸਾਰ, ਸਿਦਕਵਾਨ ਰੱਬੀ ਫਕੀਰਾਂ ਦਾ ਖਜ਼ਾਨਾਂ ਹੀ ਸਬਰ, ਸੰਤੋਖ ਤੇ ਸਹਿਨਸ਼ੀਲਤਾ ਹੈ। ਇਹਨਾਂ ਦੈਵੀ ਗੁਣਾਂ ਦੇ ਧਾਰਨੀਆਂ ਨੂੰ ਪ੍ਰਮਾਤਮਾ ਦਾ ਦੀਦਾਰ ਪ੍ਰਾਪਤ ਹੋ ਜਾਂਦਾ ਹੈ। ਸਬਰ, ਸੰਤੋਖ, ਸਹਿਨਸ਼ੀਲਤਾ ਧਾਰਨ ਕੀਤੇ ਤੋਂ ਬਿਨਾਂ ਕਿਸੇ ਨੂੰ ਵੀ ਰੱਬੀ ਦਰਗਾਹ ਵਿਚ ਥਾਉਂ ਨਹੀਂ ਪ੍ਰਾਪਤ ਹੁੰਦੀ :—

ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾਂ ॥
ਦੀਦਾਰੁ ਪੂਰੇ ਪਾਇਸਾ ਥਾਉ ਨਾਹੀ ਖਾਇਕਾ ॥ ੨ ॥

ਸਿਰੀਰਾਗੁ ਵਾਰ ਮ: ੧ (ਪੰਨਾ : ੮੩)

ਜੇ ਗੁਰੂ ਦੀ ਦ੍ਰਿਸ਼ਟੀ ਵਿੱਚ ਪ੍ਰਵਾਨਗੀ ਲੈਣੀ ਹੈ ਫਿਰ, ਸਤਿ, ਸੰਤੋਖ, ਦਇਆ, ਧਰਮ, ਧੀਰਜ ਨੂੰ ਆਪਣੇ ਜੀਵਨ ਦਾ ਅੰਗ ਬਣਾਉਣਾ ਪਵੇਗਾ। ਇਹਨਾਂ ਗੁਣਾਂ ਵਾਲੀ ਆਤਮਾ ਮਾਲਕ ਪ੍ਰਭੂ ਨੂੰ ਚੰਗੀ ਲਗਦੀ ਹੈ :—

ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥
ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥

ਬਿਲਾਵਲੁ ਮ: ੫ (ਪੰਨਾ : ੮੧੨)

ਬਾਬਾ ਫਰੀਦ ਜੀ ਤੇ ਕਥਨ ਅਨੁਸਾਰ ਜਿਸ ਦਾ ਸਾਰਾ ਜੀਵਨ, ਮਨ ਬਚ, ਕਰਮਾਂ ਕਰਕੇ ਸਬਰ-ਸੰਤੋਖ ਵਿੱਚ ਢਲਿਆ ਹੋਵੇ ਉਸ ਦਾ ਕਹਿਆ ਹੋਇਆ ਬਚਨ, ਕਦੀ ਖਾਲੀ ਨਹੀਂ ਜਾਂਦਾ :—

ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ॥
ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ॥ ੧੧੫॥

ਸਲੋਕ ਫਰੀਦ ਜੀ (ਪੰਨਾ : ੧੩੮੪)

ਸੰਤੋਖੀ ਪੁਰਸ਼ ਤਾਂ ਸਬਰ ਅੰਦਰ ਰਹਿ ਕੇ ਘਾਲਨਾ ਘਾਲ ਕੇ ਜੋ ਪ੍ਰਾਪਤੀ ਹੁੰਦੀ ਹੈ, ਉਸ ਨੂੰ ਸਬਰ ਸੰਤੋਖ ਨਾਲ ਜ਼ਰਦੇ ਹਨ। ਕਿਸੇ ਨੂੰ ਆਤਮਕ ਭੇਤ ਪ੍ਰਗਟ ਨਹੀਂ ਕਰਦੇ "ਭਰਿਆ ਹੋਇ ਸੁ ਕਬੁ ਨ ਡੋਲੇ" ਵਾਲੀ ਅਵਸਥਾ ਵਿੱਚ ਵਿਚਰਦੇ ਹਨ :—

ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍॥
ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥ ੧੧੬॥

(ਸਲੋਕ ਫਰੀਦ ਜੀ, ਪੰਨਾ ੧੩੮੪)

ਉਪਰ ਪੰਨਿਆਂ ਵਿੱਚ ਆਪਾਂ ਸਤਿਗੁਰਾਂ, ਭਗਤਾਂ ਦੇ ਬਚਨਾਂ ਨੂੰ ਵਾਚਿਆ ਹੈ, ਸਬਰ-ਸੰਤੋਖ ਹੀ ਪ੍ਰਭੂ ਨੂੰ ਪਾਉਣ ਦਾ ਰਸਤਾ ਹੈ ਅਤੇ ਪ੍ਰਭੂ ਪ੍ਰਮੇਸ਼ਰ ਜੀ ਵਲੋਂ ਦਿੱਤੀਆਂ ਦਾਤਾਂ ਦੀ ਸੰਭਾਲ ਤੇ ਰਖਵਾਲੀ ਵੀ ਸੰਤੋਖ ਹੀ ਕਰਦਾ ਹੈ। ਸੰਤੋਖ ਗੁਰੂ ਦੀ ਚਾਲੀ ਅਨੁਸਾਰ ਚਲਣ ਅਤੇ ਗੁਰੂ ਦੀ ਰਹਿਮਤ ਦੁਆਰਾ ਪ੍ਰਾਪਤ ਹੁੰਦਾ ਹੈ। ਗੁਰੂ ਪਾਤਸ਼ਾਹ ਜੀ ਦੀ ਰਹਿਮਤ ਪ੍ਰਾਪਤ ਕਰਨ ਵਾਸਤੇ, ਗੁਰੂ ਚਰਨਾਂ ਵਿਚ ਅਰਦਾਸ ਅਤੇ ਨਾਮ ਜਪੁ ਦਾ ਪੱਲਾ ਫੜਨ ਦੀ ਲੋੜ ਹੈ। ਸੰਤੋਖੀ ਮਨੁੱਖ ਦੀ ਅਨੰਦਮਈ ਸਮ-ਬਿਰਤੀ ਦੀ ਤਸਵੀਰ ਸਾਹਿਬਾਂ ਨੇ ਮਾਰੂ ਵਾਰ ਵਿਚ ਚਿਤਰੀ ਹੈ। ਸੰਤੋਖ ਨੂੰ ਕੀ ਕੁਝ ਪ੍ਰਾਪਤ ਹੋ ਜਾਂਦਾ ਹੈ :—

ਜਿਨਿ ਜਨਿ ਗੁਰਮੁਖਿ ਸੇਵਿਆ ਤਿਨਿ ਸਭਿ ਸੁਖ ਪਾਈ॥
ਓਹੁ ਆਪਿ ਤਰਿਆ ਕੁਟੰਬ ਸਿਉ ਸਭੁ ਜਗਤੁ ਤਰਾਈ॥
ਓਨਿ ਹਰਿ ਨਾਮਾ ਧਨੁ ਸੰਚਿਆ ਸਭ ਤਿਖਾ ਬੁਝਾਈ॥
ਓਨਿ ਛਡੇ ਲਾਲਚ ਦੁਨੀ ਕੇ ਅੰਤਰਿ ਲਿਵ ਲਾਈ॥
ਓਸੁ ਸਦਾ ਸਦਾ ਘਰਿ ਅਨੰਦੁ ਹੈ ਹਰਿ ਸਖਾ ਸਹਾਈ॥
ਓਨਿ ਵੈਰੀ ਮਿਤ੍ਰ ਸਮ ਕੀਤਿਆ ਸਭ ਨਾਲਿ ਸੁਭਾਈ॥

ਮਾਰੂ ਵਾਰ ਮ: ੫ (ਪੰਨਾ : ੧੧੦੦)

ਸਤਿਗੁਰੂ ਜੀ ਨੇ ਆਰਥਕ ਤੇ ਪ੍ਰਮਾਰਥਕ ਦੁਨੀਆਂ ਵਿਚ ਸੰਤੋਖ ਨੂੰ ਬਹੁਤ ਉੱਤਮ ਦਰਜਾ ਬਖ਼ਸ਼ਸ਼ ਕੀਤਾ ਹੈ ਕਿਉਂਕਿ ਸੰਤੋਖ—

1. ਹੀ ਖਾਲਕ ਅਤੇ ਖਲਕ ਨਾਲ ਪਿਆਰ ਬਖ਼ਸ਼ਸ਼ ਕਰਦਾ ਹੈ।
2. ਸੰਤੋਖ ਹੀ ਰੱਬੀ ਰਜ਼ਾ ਨੂੰ ਮੰਨਣ ਵਿੱਚ ਸਹਾਇਕ ਹੁੰਦਾ ਹੈ।
3. ਸੰਤੋਖ ਹੀ ਮਨੁੱਖ ਬਿਰਤੀ ਨੂੰ ਸੰਤੁਲਨ ਵਿੱਚ ਰਖਦਾ ਹੈ।
4. ਸੰਤੋਖ ਹੀ ਆਤਮਿਕ ਪੂੰਜੀ ਦਾ ਪਹਿਰੇਦਾਰ ਹੈ।
5. ਸੰਤੋਖ ਹੀ ਮਨੁੱਖ ਨੂੰ "ਬੇ-ਪ੍ਰਵਾਹ ਸਦਾ ਰੰਗ ਹਰਿ ਕੈ" ਦਾ ਜੀਵਨ ਪ੍ਰਦਾਨ ਕਰਦਾ ਹੈ।
6. ਸੰਤੋਖ ਹੀ ਮਨੁੱਖ ਨੂੰ ਸਦੀਵੀ ਖੁਸ਼ੀ ਖੇੜਾ ਪ੍ਰਦਾਨ ਕਰਦਾ ਹੈ।
7. ਸੰਤੋਖ ਹੀ ਲੋਕ ਪ੍ਰਲੋਕ ਵਿੱਚ ਮਨੁੱਖ ਦੀ ਇੱਜ਼ਤ ਮਾਣ ਵਧਾਉਂਦਾ ਹੈ।

✲ ✲ ✲

ਬੇ-ਸੰਤੋਖੀ ਦੀ ਦਸ਼ਾ

ਇਸ ਦੇ ਉਲਟ ਜਿਸ ਹਿਰਦੇ ਵਿੱਚੋਂ ਸੰਤੋਖ ਖਤਮ ਹੋ ਜਾਂਦਾ ਹੈ। ਸੰਤੋਖ ਦੇ ਕਿਨਾਰਾ ਕਸ਼ੀ ਕਰਦੇ ਸਾਰ ਹੀ, ਉਸ ਹਿਰਦੇ ਵਿੱਚ ਲਾਲਚ ਆਪਣੇ ਸਾਥੀਆਂ ਸਮੇਤ ਆਪਣੀ ਜਨਮ-ਦਾਤੀ ਤ੍ਰਿਸ਼ਨਾ ਨੂੰ ਨਾਲ ਲੈ ਕੇ ਪੱਕਾ ਡੇਰਾ ਲਾ ਲੈਂਦੇ ਹਨ।

ਜਿਸ ਹਿਰਦੇ ਵਿੱਚ ਲੋਭ ਲਾਲਚ, ਤ੍ਰਿਸ਼ਨਾ ਦੀ ਟੋਲੀ ਆ ਕੇ ਘਰ ਬਣਾ ਲੈਂਦੀ ਹੈ। ਉਥੇ :—

1. ਲੋਭ ਮਨੁੱਖ ਦੇ ਹਿਰਦੇ ਵਿੱਚੋਂ ਪਿਆਰ ਖਤਮ ਕਰ ਦਿੰਦਾ ਹੈ।
2. ਲੋਭ ਮਨੁੱਖ ਦੇ ਸ਼ੁਭ ਗੁਣਾਂ ਨੂੰ ਆਪਣੇ ਪ੍ਰਭਾਵ ਹੇਠ ਢੱਕ ਲੈਂਦਾ ਹੈ।
3. ਲੋਭ ਲਾਲਚ- ਬੇ-ਵਿਸ਼ਵਾਸੀ ਪੈਦਾ ਕਰ ਦਿੰਦਾ ਹੈ।
4. ਲੋਭ ਮਨ ਦਾ ਟਿਕਾਉ ਬਰਬਾਦ ਕਰ ਦਿੰਦਾ ਹੈ।
5. ਲੋਭ ਮਨੁੱਖ ਦਾ ਧਰਮ ਕਰਮ ਵੀ ਵਿਖਾਵੇ ਦਾ ਬਣਾ ਦਿੰਦਾ ਹੈ।
6. ਲੋਭ ਮਨੁੱਖ ਦੀ ਸੁਤੰਤਰਤਾ ਖੋਹ ਲੈਂਦਾ ਹੈ।
7. ਲੋਭ ਮਨੁੱਖ ਨੂੰ ਅਤ੍ਰਿਪਤ ਰਖਦਾ ਹੈ।

ਲੋਭੀ ਮਨੁੱਖ ਪਿਆਰ ਹੀਣ ਹੁੰਦਾ ਹੈ।

ਲਾਲਚ ਅਤੇ ਪਿਆਰ ਦਾ ਕੋਈ ਮੇਲ ਨਹੀਂ, ਜਿਸ ਹਿਰਦੇ ਵਿੱਚ ਲਾਲਚ ਆ ਪ੍ਰਵੇਸ਼ ਕਰਦਾ ਹੈ। ਉਥੇ ਕੇਵਲ ਸੁਆਰਥ ਪ੍ਰਧਾਨ ਹੋ ਜਾਂਦਾ ਹੈ। ਜਿੰਨਾ ਚਿਰ ਮਨੁੱਖ ਦਾ ਸੁਆਰਥ ਮਤਲਬ ਪੂਰਾ ਹੁੰਦਾ ਰਹਿੰਦਾ ਹੈ। ਆਪਣੇ ਮਤਲਬ ਨੂੰ ਪੂਰਾ ਕਰਨ ਵਾਸਤੇ ਲਾਲਚੀ ਮਨੁੱਖ ਵਿਖਾਵੇ ਦਾ ਪਿਆਰ ਕਰਦਾ ਹੈ। ਜਦੋਂ ਸੁਆਰਥ ਪੂਰਾ ਹੋਣੋਂ ਹਟ ਜਾਂਦਾ ਉਸੇ ਵੇਲੇ ਸੁਆਰਥੀ ਮਨੁੱਖ ਲੋਕ ਵਿਖਾਵੇ ਦੇ ਪਿਆਰ ਦਾ ਨਾਤਾ ਵੀ ਤੋੜ ਲੈਂਦਾ ਹੈ ਤੇ ਪਿਆਰ ਦੀ ਥਾਂ ਮੂੰਹ ਚੋਂ ਗੰਦ ਬੋਲਣ ਲੱਗ ਜਾਂਦਾ ਹੈ :—

ਜਿਚਰੁ ਪੈਨਨਿ ਖਾਵਨੇ੍ ਤਿਚਰੁ ਰਖਨਿ ਗੰਢੁ ॥
ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ ॥

ਰਾਮਕਲੀ ਮ: ੫ (ਪੰਨਾ : ੯੫੯)

ਪਿਆਰ ਵਿੱਚ ਦੇਣਾ ਹੀ ਦੇਣਾ ਹੈ, ਪਿਆਰ ਵਿੱਚ ਲੈਣ ਦੀ ਲਾਲਸਾ ਕੋਈ ਨਹੀਂ ਹੁੰਦੀ। ਪਰ ਇਸ ਦੇ ਉਲਟ ਲੋਭੀ ਮਨੁੱਖ ਦੀ ਦੇਣ ਬਿਰਤੀ ਨਹੀਂ ਹੁੰਦੀ, ਲੈਣ ਬ੍ਰਿਤੀ ਹੋਣ ਸਦਕਾ, ਜਿਨਾਂ ਚਿਰ ਮਿਲ ਰਿਹਾ ਹੈ, ਉਨਾਂ ਚਿਰ ਰਿਸ਼ਤਾ ਕਾਇਮ ਹੈ। ਜਦੋਂ

ਮਿਲਣੋਂ ਬੰਦ ਹੋਇਆ ਰਿਸ਼ਤਾ ਟੁੱਟ ਗਿਆ। ਤਦ ਹੀ ਬਾਬਾ ਫਰੀਦ ਜੀ ਨੇ ਫੁਰਮਾਨ ਕੀਤਾ ਹੈ।

ਜੇ ਮਨੁੱਖ ਦੇ ਹਿਰਦੇ ਵਿੱਚ ਲੋਭ ਹੈ, ਲਾਲਚ ਹੈ, ਸਮਝੋ ਉਥੇ ਜੋ ਪਿਆਰ ਪ੍ਰੇਮ ਦਾ ਵਿਖਾਵਾ ਹੋ ਰਿਹਾ ਹੈ, ਉਹ ਝੂਠਾ ਹੈ, ਛਲਾਵਾ ਹੈ ਜਿਸ ਹਿਰਦੇ ਵਿੱਚ ਪਿਆਰ ਹੈ, ਉਥੇ ਲੋਭ ਲਾਲਚ ਲਈ ਕੋਈ ਥਾਂ ਨਹੀਂ, ਲੋਭ ਤੇ ਪਿਆਰ ਦਾ ਮੇਲ ਨਹੀਂ ਹੈ। ਜੋ ਵਿਖਾਵੇ ਮਾਤ੍ਰ ਪ੍ਰਤੀਤ ਹੋ ਰਿਹਾ ਹੈ, ਪਰਖ ਦੇ ਸਮੇਂ ਫੇਲ ਹੋ ਜਾਵੇਗਾ। ਬਾਬਾ ਜੀ ਨੇ ਉਦਾਹਰਣ ਬੜੀ ਕਮਾਲ ਦੀ ਦਿੱਤੀ ਹੈ ਕਿ ਜਿਸ ਤਰ੍ਹਾਂ ਟੁੱਟਾ ਹੋਇਆ ਛੱਪਰ ਬਹੁਤ ਚਿਰ ਮੀਂਹ ਤੋਂ ਬਚਾ ਨਹੀਂ ਕਰ ਸਕਦਾ, ਇਸੇ ਤਰ੍ਹਾਂ ਲਾਲਚ ਅਧੀਨ ਜੋ ਪਿਆਰ ਹੈ ਉਹ ਵੀ ਬਹੁਤ ਚਿਰ ਸਾਥ ਨਹੀਂ ਨਿਭਾਉਂਦਾ, ਥੋੜ੍ਹੇ ਸਮੇਂ ਬਾਅਦ ਟੁੱਟ ਜਾਂਦਾ ਹੈ :—

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥
ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥ ੧੮ ॥

ਸਲੋਕ ਫਰੀਦ ਜੀ (ਪੰਨਾ : ੧੩੭੮)

ਦੁਨਿਆਵੀ ਲਾਲਚ ਅਧੀਨ ਬਣੀਆਂ ਪ੍ਰੇਮ ਗੰਢਾਂ ਨਿੱਤ ਖੁਲ੍ਹਦੀਆਂ ਹਨ। ਜਿਹਨਾਂ ਨੂੰ ਆਪਾਂ ਆਪਣੀਆਂ ਅੱਖਾਂ ਨਾਲ ਵੇਖਦੇ ਹਾਂ। ਜੇ ਪਤੀ ਪਤਨੀ ਦਾ ਲੋਭ ਲਾਲਚ ਦੀ ਖਾਤਰ ਪਿਆਰ ਹੈ ਬਹੁਤਾ ਸਮਾਂ ਨਹੀਂ ਚੱਲੇਗਾ। ਜੇ ਭਰਾ-ਭਰਾ ਦਾ ਕੇਵਲ ਲੈਣ ਦੇਣ ਖਾਤਰ ਪਿਆਰ ਹੈ, ਥੋੜ੍ਹੇ ਸਮੇਂ ਬਾਅਦ ਡਾਂਗ ਜ਼ਰੂਰ ਖੜਕੇਗੀ, ਜੇ ਪਿਉ ਪੁੱਤਰ ਦਾ ਵੀ ਲੋਭ ਖਾਤਰ ਹੀ ਪਿਆਰ ਹੈ, ਸਮਾਂ ਆਏ ਤੇ ਨਾ ਪੁੱਤਰ ਪਿਉ ਦੀ ਇੱਜ਼ਤ ਕਰੇਗਾ ਨਾ ਪਿਉ ਹੀ ਪੁੱਤਰ ਦਾ ਸਾਥ ਦੇਵੇਗਾ। ਜੇ ਮਿੱਤਰ ਦੋਸਤ ਦਾ ਪਿਆਰ ਕੇਵਲ ਲੈਣ ਦੀ ਖਾਤਰ ਹੀ ਹੈ, ਰਸਤੇ ਜਾਂਦਿਆਂ ਪਤਾ ਨਹੀ ਕਿਸ ਵੇਲੇ ਪਿਆਰ ਤਣਾਵਾਂ ਟੁੱਟ ਜਾਣੀਆਂ ਹਨ।

ਰਾਜਨੀਤਿਕ ਲੋਕਾਂ ਦਾ ਪਿਆਰ ਤਾਂ ਹਰ ਰੋਜ਼ ਆਪਾਂ ਵੇਖਦੇ ਹੀ ਹਾਂ। ਸਟੇਜਾਂ ਤੇ ਇਕ ਦੂਜੇ ਨੂੰ ਕਿਵੇਂ ਪਿਆਰ ਗਲਵਕੜੀਆਂ ਪਾਈਆਂ ਜਾਂਦੀਆਂ ਹਨ। ਭੁਲੇਵਾ ਖਾਣ ਵਾਲਾ ਮਨੁੱਖ ਇਕ ਵਾਰੀ ਤਾਂ ਪੂਰਾ ਮੁੱਠਿਆ ਜਾਂਦਾ ਹੈ, ਮਨ ਵਿਚ ਸੋਚਦਾ ਹੈ, ਇਹੋ ਜਿਹਾ ਪਿਆਰ ਇਕ ਦੂਜੇ ਤੋਂ ਜਾਨ ਵਾਰਨ ਦੀਆਂ ਸੂਰਤਾਂ, ਇਕ ਨੂੰ ਪਸੀਨਾ ਆਵੇ ਦੂਸਰਾ ਖੂਨ ਡੋਲਣ ਦੀ ਬਾਜੀ ਲਾਉਣ ਦੀਆਂ ਡੀਗਾਂ ਮਾਰਦਾ ਹੈ। ਦੂਸਰਾ ਇਸ ਦੇ ਇਵਜ਼ਾਨੇ ਵਿੱਚ ਬਾਹਾਂ ਉਲਾਰ ਕੇ ਲੱਖਾਂ ਲੋਕਾਂ ਵਿੱਚ ਉਸ ਤੋਂ ਵੀ ਸੌ ਗੁਣਾਂ ਵੱਧ ਪਿਆਰ ਪ੍ਰੇਮ ਦੇ ਸ਼ਬਦ ਬੋਲ ਕੇ ਆਪਸੀ ਇੱਜ਼ਤ-ਪੱਤ ਦੇ ਭਾਈ ਵਾਲ ਬਣਨ ਦੇ ਪ੍ਰਣ ਲੈਂਦਾ ਹੈ।

ਪਰ ਥੋੜ੍ਹੇ ਸਮੇਂ ਵਿੱਚ ਹੀ ਜਦੋਂ ਕੋਈ ਗਰਜ਼ ਪੂਰੀ ਨਹੀਂ ਹੁੰਦੀ, ਆਪਣਾ ਸੁਆਰਥ,

ਸੁਪਨਾ ਹੋ ਜਾਂਦੇ ਹਨ ਅਤੇ ਉਹੋ ਮਨੁੱਖ ਜਿਹੜੇ ਇੱਕ ਦੂਜੇ ਦੇ ਦਿਲੋਂ ਸਨੇਹੀ, ਮਿੱਤਰ, ਪਿਆਰੇ ਬਣ ਕੇ ਲੋਕਾਂ ਵਿੱਚ ਭੁਲੇਖਾ ਪਾਉਂਦੇ ਸਨ, ਸਟੇਜਾਂ ਤੇ ਹੀ ਅਸਲੀਅਤ ਪ੍ਰਗਟ ਕਰਕੇ, ਇਕ ਦੂਜੇ ਨੂੰ ਘਟੀਆ ਦਰਜੇ ਦੀ ਦੂਸ਼ਣਬਾਜੀ ਲਾ ਕੇ ਬੇ-ਪੱਤ ਕਰਦੇ ਹਨ, ਜਿਹੜੇ ਜਾਨ ਵਾਰਨ ਦੀਆਂ ਗੱਲਾਂ ਕਰਦੇ ਹਨ, ਉਹ ਹੀ ਦੂਜੇ ਦੀ ਜਾਨ ਲੈਣ ਲਈ ਲਲਕਾਰਦੇ ਹਨ। ਜੋ ਪਸੀਨੇ ਦੀ ਥਾਂ ਖੂਨ ਡੋਲਣ ਦੀ ਸਹੁੰ ਖਾਂਦੇ ਸਨ, ਉਹ ਉਸ ਦੇ ਡੁੱਲ੍ਹੇ ਖੂਨ ਤੇ ਪਸੀਨੇ ਦੀ ਛਿੱਟ ਸੁੱਟਣ ਤੋਂ ਵੀ ਗੁਰੇਜ਼ ਕਰਦੇ ਹਨ। ਜੋ ਕਿਸੇ ਸਮੇਂ, ਕਿਸੇ ਨੂੰ ਪਿਉ ਕਹਿੰਦਾ ਸੀ, ਉਹ ਹੀ ਆਪਣੇ ਬਣਾਏ ਪਿਉ ਨੂੰ ਸਟੇਜ ਤੇ ਗਧਾ ਕਹਿੰਦਾ ਹੈ।

ਕਾਰਨ ਕੀ ਹੈ? ਸਵਾਰਥ, ਲੋਭ। ਲੋਭੀ ਮਨੁੱਖ ਨੂੰ ਸਤਿਗੁਰੂ ਦੇ ਬਚਨਾਂ ਅਨੁਸਾਰ ਸੋਝੀ ਹੀ ਨਹੀਂ ਰਹਿੰਦੀ ਕਿ ਅੱਜ ਮੈਂ ਇਸ ਜ਼ੁਬਾਨ ਨਾਲ ਕੀ ਕਹਿ ਰਿਹਾ ਹਾਂ ਤੇ ਕੱਲ ਇਸ ਜ਼ੁਬਾਨ ਨਾਲ ਕੀ ਕਹਿ ਰਿਹਾ ਸੀ। ਸਾਹਿਬਾਂ ਨੇ ਬੜਾ ਸੁੰਦਰ ਪ੍ਰਮਾਣ ਦਿੱਤਾ ਹੈ ਕਿ ਜਿਸ ਤਰ੍ਹਾਂ ਹਲਕ ਚੜ੍ਹਨ ਨਾਲ ਕੁੱਤਾ ਪਾਗਲ ਹੋ ਜਾਂਦਾ ਹੈ। ਉਸਨੂੰ ਨਾ ਪਿਛਲਾ ਯਾਦ ਨ ਅਗਲੇ ਦੀ ਸੋਝੀ, ਉਸ ਨੂੰ ਤਾਂ ਆਪਣੇ ਬਿਗਾਨੇ ਦਾ ਵੀ ਅੰਤਰ ਨਹੀਂ ਰਹਿੰਦਾ ਜਿਹੜਾ ਅੱਗੇ ਆ ਗਿਆ ਉਸੇ ਨੂੰ ਚੱਕ ਮਾਰੀ ਜਾਂਦਾ ਹੈ। ਇਸੇ ਤਰ੍ਹਾਂ ਲੋਭੀ ਮਨੁੱਖ ਨੂੰ ਵੀ ਜਦੋਂ ਲੋਭ ਦਾ ਝੱਲ ਚੜ੍ਹ ਜਾਂਦਾ ਹੈ, ਉਸਨੂੰ ਪਿਛਲਾ ਅਗਲਾ, ਆਪਣਾ ਪਰਾਇਆ ਸਭ ਭੁੱਲ ਜਾਂਦਾ ਹੈ। ਲੋਭ ਦੀ ਪੂਰਤੀ ਲਈ ਲਾਲਸਾ ਦੀ ਪ੍ਰਾਪਤੀ ਵਿੱਚ ਜੋ ਵੀ ਰੁਕਾਵਟ ਬਣਦਾ ਹੈ, ਉਸ ਨੂੰ ਦੂਰ ਕਰਨ ਲਈ ਉਸਨੂੰ ਜੋ ਕੁਝ ਵੀ ਕਰਨਾ ਪਵੇ, ਉਹ ਕਰਦਾ ਹੈ। ਜੋ ਕੁਝ ਵੀ ਬੋਲਣਾ ਪਵੇ ਉਹ ਬੋਲਦਾ ਹੈ। ਗੁਰੂ ਪੀਰ ਦੀ ਸਹੁੰ ਵੀ ਖਾਣੀ ਪਵੇ ਬੜੀ ਖੁਸ਼ੀ ਨਾਲ ਖਾ ਲੈਂਦਾ ਹੈ। ਕੈਸਾ ਜਾਦੂਗਰੀ ਦੇ ਛਲੇਵੇਂ ਦਾ ਪਿਆਰ ਹੈ. ਸਾਹਿਬਾ ਦਾ ਫੁਰਮਾਨ ਹੈ :—

ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ॥

ਨਟ ਮ: ੪ (ਪੰਨਾ : ੯੮੩)

ਤਥਾ :— ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥

ਸਿਰੀਰਾਗੁ ਮ: ੫ (ਪੰਨਾ : ੫੦)

ਲੋਭ ਮਨੁੱਖ ਦੇ ਸ਼ੁਭ ਗੁਣਾਂ ਨੂੰ ਕੱਜ ਲੈਂਦਾ ਹੈ

ਆਪਾਂ ਆਪਣੇ ਜੀਵਨ ਵਿੱਚ ਵੇਖਦੇ ਹਾਂ। ਕੋਈ ਮਨੁੱਖ ਚੰਗਾ ਕਾਰੀਗਰ ਹੈ, ਚੰਗਾ ਵਿਦਵਾਨ ਹੈ, ਚੰਗਾ ਗੁਣੀ ਹੈ। ਚੰਗਾ ਕਥਾ ਵਾਚਕ ਹੈ। ਚੰਗਾ ਕੀਰਤਨੀਆ ਹੈ। ਚੰਗਾ ਉਪਦੇਸ਼ਕ ਹੈ। ਸਰਬ ਗੁਣ ਸੰਪੰਨ ਹੈ।

ਪਰ ਜੇ ਲੋਭ-ਲਾਲਚ ਦਾ ਅੰਦਰ ਵਾਸਾ ਹੈ, ਉਸ ਪ੍ਰਤੀ ਜੋ ਆਪਾਂ ਫਤਵਾ ਦਿੰਦੇ ਹਾਂ, ਉਹ ਸਾਨੂੰ ਸਾਰਿਆਂ ਨੂੰ ਪਤਾ ਹੀ ਹੈ। ਜੇ ਕੋਈ ਐਸੇ ਮਨੁੱਖ ਪ੍ਰਤੀ ਤੁਹਾਡੀ ਰਾਇ ਵੀ ਲੈਂਦਾ ਹੈ, ਤੁਸੀ ਉਸ ਦੇ ਸਾਰੇ ਗੁਣ ਗਿਣਦੇ ਹੋ। ਠੀਕ ਹੈ ; ਸਿਆਣਾ ਹੈ, ਵਿਦਵਾਨ ਹੈ, ਗੁਣੀ ਹੈ, ਗਿਆਨੀ ਹੈ, ਗਲਾ ਬੜਾ ਸੁਰੀਲਾ ਹੈ, ਬੁਲਾਰਾ ਇੰਨਾ ਚੰਗਾ ਹੈ ਕਿ ਸ੍ਰੋਤਿਆਂ ਨੂੰ ਕੀਲ ਲੈਂਦਾ ਹੈ। ਇਸ ਤਰ੍ਹਾਂ ਦੇ ਸਾਰੇ ਗੁਣ ਕਹਿ ਕੇ ਅਖੀਰ ਸਾਰਿਆਂ ਗੁਣਾਂ ਤੇ ਚਾਦਰ ਪਾ ਦਿੱਤੀ ਜਾਂਦੀ ਹੈ ਕਿ ਲਾਲਚੀ ਬਹੁਤ ਹੈ। ਦੂਸਰਾ ਸੁਣਨ ਵਾਲਾ ਵੀ, ਗੁਣ ਸੁਣ ਕੇ, ਮਨ ਵਿੱਚ ਉਸ ਪ੍ਰਤੀ ਸ਼ਰਧਾ-ਭਾਵਨੀ ਬਣਾਉਂਦਾ ਹੈ, ਪਰ ਜਦੋਂ ਆਖਰੀ ਬਚਨ ਸੁਣਦਾ ਹੈ ਕਿ ਲਾਲਚੀ ਬਹੁਤ ਹੈ। ਇੰਨਾਂ ਸੁਣਦੇ ਸਾਰ ਹੀ ਉਸਦੇ ਮਨ ਵਿੱਚ ਉਸ ਗੁਣਵਾਨ ਪ੍ਰਤੀ ਬੇ-ਸਤਿਕਾਰੀ ਉਤਪਨ ਹੋ ਜਾਂਦੀ ਹੈ। ਉਹ ਆਪ ਮੁਹਾਰੇ ਆਪਣਾ ਫਤਵਾ ਵੀ ਦੇ ਦਿੰਦਾ ਹੈ ਕਿ ਫਿਰ ਐਸੇ ਗੁਣੀ, ਗਿਆਨੀ ਨੂੰ ਛੱਡ ਕੇ ਵੇਖੋ ਜਿਸਨੇ ਸਾਨੂੰ ਉਪਦੇਸ਼ ਕਰਨਾ ਹੈ ਜੇ ਉਹ ਆਪ ਹੀ ਉਸ ਉਪਦੇਸ਼ ਦਾ ਧਾਰਨੀ ਨਹੀਂ ਫਿਰ ਸਾਡਾ ਕੀ ਸਵਾਰੇਗਾ।

ਐਸੇ ਪ੍ਰੇਮੀ ਦੇ ਜੀਵਨ ਦੀ ਘਟਨਾ ਅੱਖਾਂ ਸਾਹਮਣੇ ਵੇਖਣ ਨੂੰ ਮਿਲੀ, ਜਿਹਨਾਂ ਦਾ ਗਲਾ ਬੜਾ ਸੁਰੀਲਾ ਹੈ, ਗੁਰੂ ਪਾਤਸ਼ਾਹ ਜੀ ਨੇ ਕੀਰਤਨ ਦੀ ਦਾਤ ਵੀ ਖੁੱਲ੍ਹੇ ਦਿਲ ਨਾਲ ਦਿੱਤੀ ਹੋਈ ਹੈ, ਸੱਤ ਹਜ਼ਾਰ ਰੁਪਏ ਇੱਕ ਘੰਟੇ ਦੇ ਕੀਰਤਨ ਦੀ ਮੋਖ ਵੀ ਕਰ ਲਈ। ਘਰ ਵਾਲਿਆਂ ਦੀ ਮਜਬੂਰੀ ਹੋ ਗਈ, ਲੰਗਰ ਤਿਆਰੀ ਵਿੱਚ ਦਸ ਮਿੰਟ ਦਾ ਸਮਾਂ ਬਾਕੀ ਰਹਿੰਦਾ ਸੀ। ਪਰਿਵਾਰ ਦੇ ਮੁਖੀ ਨੇ ਬੇਨਤੀ ਕੀਤੀ, ਗੁਰੂ ਪਿਆਰਿਓ ਦਸ ਮਿੰਟ ਕ੍ਰਿਪਾ ਕਰਕੇ ਹੋਰ ਗੁਰੂ ਜੱਸ ਸ੍ਰਵਣ ਕਰਵਾ ਦਿਉ, ਅਜੇ ਲੰਗਰ ਵਿੱਚ ਕੁਝ ਢਿੱਲ ਹੈ। ਅਤਿ ਨਿਰਾਸ਼ਤਾ, ਪਰਿਵਾਰ ਅਤੇ ਸਮੂਹ ਸੰਗਤ ਨੂੰ ਉਸ ਵੇਲੇ ਹੋਈ ਜਦੋਂ ਭਰੀ ਸੰਗਤ ਵਿੱਚ ਸਟੇਜ ਉਤੋਂ ਹੀ ਉਹਨਾਂ ਪ੍ਰੇਮੀਆਂ ਨੇ ਇਹ ਕਹਿ ਕੇ ਕੀਰਤਨ ਬੰਦ ਕਰ ਦਿੱਤਾ ਕਿ ਜਿੰਨਾ ਸਮਾਂ ਅਸੀਂ ਹੋਰ ਕੀਰਤਨ ਕਰਾਂਗੇ ਸੱਤ ਹਜ਼ਾਰ ਰੁਪੈ ਘੰਟੇ ਦੇ ਹਿਸਾਬ ਉਤਨੇ ਮਿੰਟਾ ਦੇ ਵਾਧੂ ਪੈਸੇ ਤੁਹਾਨੂੰ ਦੇਣੇ ਪੈਣਗੇ। ਸਟੇਜ ਸਕੱਤਰ ਨੇ ਪਰਿਵਾਰ ਪਾਸੋਂ ਪ੍ਰਵਾਨਗੀ ਲੈ ਕੇ, ਕੀਰਤਨੀ ਸਿੰਘਾ ਨੂੰ ਨਾਂਹ ਕਰ ਦਿਤੀ ਤੇ ਦਸ ਮਿੰਟ ਦਾ ਸਮਾਂ ਜੋ ਲੰਗਰ ਵਿੱਚ ਲੇਟ ਸੀ, ਕੀਰਤਨੀ ਸਿਘਾ ਦੀ ਸਾਰੀ ਘਟਨਾਂ ਸੰਗਤ ਨੂੰ ਦੱਸਦਿਆਂ ਅਤੇ ਉਹਨਾਂ ਦੀ ਕੌੜੀ ਸਿਫਤ-ਸਲਾਹ ਸੰਗਤ ਨੂੰ ਸ੍ਰਵਣ ਕਰਾਉਂਦਿਆਂ ਪੂਰਾ ਕੀਤਾ।

ਕੀਰਤਨੀਏ ਸਿੰਘ ਤਾਂ ਮਾਇਆ ਲੈ ਕੇ ਪਤ੍ਰਾ ਵਾਚ ਗਏ। ਸਾਰੀ ਸੰਗਤ ਨੇ ਕਾਫੀ ਬੁਰਾ ਮਨਾਇਆ। ਕੀਰਤਨ ਸ੍ਰਵਣ ਕਰਕੇ, ਜਿੰਨਾ ਕੁ ਸੰਗਤਾਂ ਨੇ ਲਾਹਾ ਪ੍ਰਾਪਤ ਕੀਤਾ ਉਸ ਤੋਂ ਕਈ ਗੁਣਾਂ ਜਿਆਦਾ ਉਹਨਾਂ ਦੀ ਕੌੜੀ ਸਿਫਤੋ ਸਲਾਹ ਕਰਕੇ ਅਤੇ ਸੁਣ ਕੇ ਸੰਗਤਾਂ ਨੇ ਆਪਣੇ ਮਨ ਦੀ ਚੰਗੀ-ਮਾੜੀ ਭੜਾਸ ਕੱਢੀ। ਪਰਿਵਾਰ ਨੇ ਵੀ ਸਦਾ ਵਾਸਤੇ ਉਹਨਾਂ ਨੂੰ ਕੀਰਤਨ ਦੀ ਸੇਵਾ ਲਈ ਨਾ ਸੱਦਣ ਦਾ

ਮਨ ਬਣਾ ਲਿਆ। ਅੱਜ ਤਕਰੀਬਨ ਪੰਦਰਾਂ ਸਾਲ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ, ਮੁੜ ਇਸ ਇਲਾਕੇ ਵਿੱਚ ਉਹਨਾਂ ਨੂੰ ਕਿਸੇ ਨੇ ਮੂਹ ਨਹੀਂ ਲਾਇਆ।

ਕੈਸਾ ਹੈ ਲਾਲਚ ਦਾ ਬੂਰ ਜੋ ਸੈਂਕੜੇ ਗੁਣਾਂ ਨੂੰ ਆਪਣੇ ਪੜਦੇ ਹੇਠ ਨੱਪ ਲੈਂਦਾ ਹੈ ਤੇ ਆਪ ਸਭ ਤੋਂ ਉੱਪਰ ਹੋ ਬੈਠਦਾ ਹੈ।

ਮਿਠਾ ਰਸੀਲਾ ਬੋਲ, ਨਿਮਰਤਾ, ਕੋਮਲ ਗਲਾ, ਕੀਰਤਨ ਦੀ ਦਾਤ, ਬਾਣੀ ਦੀ ਯਾਦਦਾਸ਼ਤ, ਝੁਕ-ਝੁਕ ਕੇ ਦੂਸਰੇ ਦੇ ਅੱਗੇ ਨਿਵਣ ਵਾਲੇ ਗੁਣ, ਸੁਹਣੀ ਸੂਰਤ ਸੁਹਣਾ ਪਹਿਰਾਵਾ, ਸਭ ਲਾਲਚ ਦੀ ਚਾਦਰ ਹੇਠ ਅਲੋਪ ਹੋ ਗਏ।

ਬਲਵੰਡ ਜੀ ਦਾ ਰਾਮਕਲੀ ਵਾਰ ਵਿੱਚ ਫੁਰਮਾਨ ਜੋ ਉਪਰਲੀ ਘਟਨਾ ਦੀ ਤਸਦੀਕ ਕਰਦਾ ਹੈ ਕਿ ਲੋਭ ਮਨੁੱਖ ਦੇ ਗੁਣਾਂ ਨੂੰ ਇਸ ਤਰ੍ਹਾਂ ਬਰਬਾਦ ਕਰ ਦਿੰਦਾ ਹੈ ਜਿਸ ਤਰ੍ਹਾਂ ਬੂਰ ਪਾਣੀ ਦਾ ਰੂਪ, ਰੰਗ, ਸਵਾਦ ਨਾਸ਼ ਕਰ ਦਿੰਦਾ ਹੈ :—

ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ॥

ਰਾਮਕਲੀ ਵਾਰ (ਪੰਨਾ : ੯੬੭)

ਸੱਤੇ ਅਤੇ ਬਲਵੰਡ ਜੀ ਜਿਹਨਾਂ ਦੀ ਇਹ ਬਾਣੀ ਹੈ, ਇਹ ਉਹਨਾਂ ਦਾ ਆਪਣਾ ਨਿਜੀ ਅਨੁਭਵ ਹੈ। ਕਿਸੇ ਸਮੇਂ ਸੱਤੇ ਅਤੇ ਬਲਵੰਡ ਉਪਰ ਵੀ ਲੋਭ ਹਾਵੀ ਹੋ ਗਿਆ ਸੀ, ਜਿਸ ਕਾਰਣ ਗੁਰੂ ਘਰ ਵਲੋਂ ਫਿਟਕਾਰੇ ਗਏ ਸਨ, ਸੰਗਤਾਂ ਦੀਆਂ ਲਾਹਨਤਾਂ ਵੀ ਸਹਾਰਨੀਆਂ ਪਈਆਂ। ਸਰੀਰ ਵੀ ਰੋਗੀ ਹੋ ਗਏ। ਇਹ ਕਾਹਦੀ ਦੇਣ ਸੀ ? ਲੋਭ ਦੀ। ਗੁਰੂ ਘਰ ਦੇ ਕੀਰਤਨੀਏ, ਰਸੀਲਾ ਗਲਾ, ਸੰਗਤ ਅਤੇ ਗੁਰੂ ਦੀਆਂ ਕੀਰਤਨ ਸਰਵਣ ਕਰਾ ਕੇ ਨਿੱਤ ਅਸੀਸਾਂ ਪ੍ਰਾਪਤ ਕਰਦੇ ਸਨ। ਪਰ ਲੋਭ ਦੇ ਮਨ ਉੱਪਰ ਹਾਵੀ ਹੋਣ ਸਦਕਾ ਅਸੀਸ ਦੀ ਥਾਂ ਬਦ ਅਸੀਸ ਦੇ ਭਾਗੀ ਬਣ ਕੇ ਸਦਾ ਲਈ ਗੁਰੂ ਘਰ ਵਲੋਂ ਨਿਕਾਰੇ ਗਏ। ਮੁੜ ਨਿਸ਼ਕਾਮ, ਪਰਉਪਕਾਰੀ ਭਾਈ ਲੱਧਾ ਜੀ ਨੇ ਸਫਾਰਸ਼ੀ ਬਣ ਕੇ ਗੁਰੂ ਪਾਤਸ਼ਾਹ ਜੀ ਪਾਸੋਂ ਮਾਫੀ ਦਿਵਾਈ। ਸੋ ਕੈਸਾ ਹੈ ਲੋਭ ! ਜੋ ਅਸੀਸਾਂ ਨੂੰ ਵੀ ਬਦ ਅਸੀਸਾਂ ਵਿੱਚ ਬਦਲ ਦਿੰਦਾ ਹੈ।

ਲੋਭ ਵਿਸ਼ਵਾਸ-ਹੀਣ ਬਣਾ ਦਿੰਦਾ ਹੈ।

ਲੋੜਾਂ ਦੀ ਪੂਰਤੀ ਤਾਂ ਹੋ ਸਕਦੀ ਹੈ, ਪਰ ਲੋਭ ਦੀ ਤ੍ਰਿਪਤੀ ਕਦੇ ਨਹੀਂ ਹੁੰਦੀ, ਲੋਭੀ ਮਨੁੱਖ ਚਾਹੁੰਦਾ ਹੈ ਕਿ ਮਾਇਆ ਸਭ ਤੋਂ ਵੱਧ ਮੇਰੇ ਪਾਸ ਹੋਵੇ, ਸਭ ਤੋਂ ਉੱਚਾ ਮਰਤਬਾ ਮੈਨੂੰ ਮਿਲੇ, ਸਭ ਤੋਂ ਵਧੀਆ ਮਕਾਨ ਮੇਰਾ ਹੋਣਾ ਚਾਹੀਦਾ ਹੈ। ਮਾਣ ਸਤਿਕਾਰ ਸਭ ਤੋਂ ਜਿਆਦਾ ਮੇਰਾ ਹੋਣਾ ਲੋੜੀਏ। ਸਭ ਕੁਝ ਪ੍ਰਾਪਤ ਕਰਕੇ ਵੀ ਲੋਭੀ ਅਤ੍ਰਿਪਤ ਰਹਿੰਦਾ ਹੈ।

ਸੰਸਾਰ ਵਿੱਚ ਵਿਚਰਦਿਆਂ ਅਸੀਂ ਅੱਖਾਂ ਨਾਲ ਵੇਖਦੇ ਤੇ ਕੰਨਾਂ ਨਾਲ ਲਾਲਚੀ ਮਨੁੱਖਾਂ ਦੀ ਸੋਅ ਸੁਣਦੇ ਹਾਂ। ਸਿਆਣੇ ਮਨੁੱਖ ਦੂਸਰਿਆਂ ਨੂੰ ਵੀ ਹਦਾਇਤ ਕਰਦੇ ਹਨ ਕਿ ਫਲਾਨਾ ਮਨੁੱਖ ਬੜਾ ਲਾਲਚੀ ਹੈ, ਉਸ ਦਾ ਇਤਬਾਰ ਨਾ ਕਰੀਂ। ਉਹ ਤਾਂ ਸਕੇ ਭਰਾ, ਸਕੇ ਬਾਪ ਨੂੰ ਵੀ ਨਹੀਂ ਬਖਸ਼ਦਾ।

ਸਤਿਗੁਰੂ ਅਮਰਦਾਸ ਸਾਹਿਬ ਜੀ ਵੀ ਸਾਨੂੰ ਐਸੇ ਅਤ੍ਰਿਪਤ ਬਿਰਤੀ ਵਾਲੇ ਲੋਭੀ ਮਨੁੱਖਾਂ ਤੋਂ ਬਚਣ ਲਈ ਸੁਚੇਤ ਕਰਦੇ ਹਨ ਕਿ ਹੇ ਗੁਰਮੁਖ ਜਨੋਂ ! ਜਿਥੋਂ ਤਕ ਵੱਸ ਚੱਲੇ ਲੋਭੀ ਮਨੁੱਖ ਦਾ ਕਦੇ ਭਰੋਸਾ ਨਹੀਂ ਕਰਨਾ ਚਾਹੀਦਾ, ਜੇ ਕਰੋਗੇ ਅਖੀਰ ਪਛਤਾਵਾ ਪੱਲੇ ਪਵੇਗਾ। ਕਿਉਂਕਿ ਲੋਭੀ ਮਨੁੱਖ ਆਪਣੇ ਲਾਲਚ ਦੀ ਖਾਤਰ ਤੁਹਾਨੂੰ ਉੱਥੇ ਧੱਕਾ ਦੇ ਦੇਵੇਗਾ ਜਿੱਥੇ ਨ ਤੁਸੀਂ ਇਧਰ ਜੋਗੇ ਨ ਉੱਧਰ ਜੋਗੇ ਰਹੋਗੇ। ਐਸੇ ਥਾਂ ਧੋਖਾ ਦੇ ਕੇ ਸੁੱਟ ਦੇਵੇਗਾ ਜਿਥੋਂ ਤੁਹਾਨੂੰ, ਤੁਹਾਡਾ ਹਮਦਰਦੀ ਮਨੁੱਖ ਚਾਹੁੰਦਾ ਹੋਇਆ ਵੀ ਕੱਢ ਨਹੀਂ ਸਕੇਗਾ। ਭਾਵ ਤੁਹਾਡੀ ਮੱਦਦ ਨਹੀਂ ਕਰ ਸਕੇਗਾ। ਜਿਹੜਾ ਵੀ ਕੋਈ ਪ੍ਰਮੇਸ਼ਰ ਤੋਂ ਭੁੱਲਿਆਂ ਨਾਲ ਦੋਸਤੀ ਪਾਵੇਗਾ ਸਮਝੋ ਉਹ ਆਪਣੇ ਮੂੰਹ ਤੇ ਖੋਟੇ ਸੰਸਕਾਰਾਂ ਦੇ ਕਾਲੇ ਦਾਗ ਹੀ ਲਗਾਵੇਗਾ, ਜਿਥੇ ਲੋਭੀ ਮਨਮੁਖ ਦੀ ਬਦਨਾਮੀ ਹੋਵੇਗੀ ਉਥੇ ਤੁਸੀਂ ਵੀ ਉਸ ਬਦਨਾਮੀ ਦੀ ਭਾਈਵਾਲੀ ਤੋਂ ਬਚ ਨਹੀਂ ਸਕੋਗੇ। ਲੋਭੀ ਲਾਲਚੀ ਮਨੁੱਖਾਂ ਦੇ, ਇਸ ਸੰਸਾਰ ਵਿੱਚ ਵੀ ਤੇ ਪ੍ਰਲੋਕ ਵਿੱਚ ਵੀ ਮੂੰਹ ਕਾਲੇ ਹੁੰਦੇ ਹਨ। ਉਹ ਕੀਮਤੀ ਮਨੁੱਖਾ ਜਨਮ ਨੂੰ ਹਾਰ ਕੇ ਇਸ ਸੰਸਾਰ ਵਿੱਚੋਂ ਜਾਂਦੇ ਹਨ।

ਕਿਉਂਕਿ ਜਿੰਨੇ ਵੀ ਪਾਪ ਕਰਮ ਮਨੁੱਖ ਕਰਦਾ ਹੈ, ਚਾਹੇ ਚੋਰੀ ਹੈ ਚਾਹੇ ਠਗੀ, ਚਾਹੇ ਵਿਸ਼ੇ ਵਿਕਾਰ ਹਨ, ਚਾਹੇ ਧੋਖਾ-ਧੜੀ ਹੈ। ਇਹਨਾਂ ਸਾਰਿਆਂ ਪਾਪ ਕਰਮਾਂ ਦੇ ਪਿੱਛੇ ਡੋਰ ਹਿਲਾਉਣ ਵਾਲਾ ਲੋਭ ਹੀ ਹੈ। ਜਿਹੜਾ ਵੀ ਲੋਭੀ ਦੇ ਸ਼ਿਕੰਜੇ ਵਿੱਚ ਆ ਗਿਆ ਉਹ ਕਦੇ ਵੀ ਬਚ ਨਹੀਂ ਸਕਦਾ। ਤਦ ਹੀ ਸਾਹਿਬਾਂ ਨੇ ਫੁਰਮਾਨ ਕਰਕੇ ਸੁਚੇਤ ਕੀਤਾ ਹੈ :—

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥
ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ॥
ਮਨਮੁਖ ਸੇਤੀ ਸੰਗੁ ਕਰੇ ਮੁਹਿ ਕਾਲਖ ਦਾਗੁ ਲਗਾਇ॥
ਮੁਹ ਕਾਲੇ ਤਿੰਨ੍ ਲੋਭੀਆਂ ਜਾਸਨਿ ਜਨਮੁ ਗਵਾਇ॥

ਸਲੋਕ ਵਾਰਾਂ ਤੇ ਵਧੀਕ ਮ: ੩ (ਪੰਨਾ : ੧੪੧੭)

ਤਥਾ :— ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲੁ ਭਰੀਜੈ ॥
ਆਪਨ ਸੁਆਇ ਕਰਹਿ ਬਹੁ ਬਾਤਾ ਤਿਨਾ ਕਾ ਵਿਸਾਹੁ ਕਿਆ ਕੀਜੈ ॥

ਕਲਿਆਣ ਮ: ੪ (ਪੰਨਾ : ੧੩੨੬)

ਲੋਭ ਅਧੀਨ, ਮਨੁੱਖ ਹਰ ਵੇਲੇ ਪਾਪ ਕਰਮ ਹੀ ਚਿਤਵਦਾ ਰਹਿੰਦਾ ਹੈ ਲੋਭੀ ਮਨੁੱਕ ਕਪਟ ਕਰਨ ਤੋਂ, ਫਰੇਬ ਕਰਨ ਤੋਂ ਜਰਾ ਵੀ ਗੁਰੇਜ਼ ਨਹੀਂ ਕਰਦਾ। ਆਪਣੇ ਮੰਤਵ ਨੂੰ ਪੂਰਾ ਕਰਨ ਲਈ ਪਖੰਡ ਵੀ ਕਰਨਾ ਪਵੇ ਅਵੱਸ਼ ਕਰਦਾ ਹੈ ਕਿਉਂਕਿ ਲੋਭੀ ਨੂੰ ਮਾਇਆ, ਪਦਾਰਥ, ਉੱਚਾ ਰੁਤਬਾ ਪ੍ਰਾਪਤ ਕਰਨ ਲਈ ਹਰ ਸਮੇਂ ਮਨ ਵਿੱਚ ਤ੍ਰਿਸ਼ਨਾ ਲੱਗੀ ਰਹਿੰਦੀ ਹੈ। ਸਤਿਗੁਰਾਂ ਦਾ ਫ਼ੁਰਮਾਨ ਹੈ :—

ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ

ਮ: ੫ (ਪੰਨਾ : ੩੫੯)

ਲੋਭ ਮਨ ਨੂੰ ਥਿਰ ਨਹੀਂ ਹੋਣ ਦਿੰਦਾ।

ਅਧਿਆਤਮਕ ਪੰਧ ਸਾਰਾ ਮਨ ਦੀ ਇਕਾਗਰਤਾ, ਮਨ ਦੀ ਥਿੱਰਤਾ ਤੇ ਖੜਾ ਹੈ ਜਿਨਾ ਚਿਰ, ਮਨ ਥਿਰ ਨਹੀਂ ਹੁੰਦਾ, ਉਨਾਂ ਚਿਰ ਮਨੁੱਖ ਆਤਮਿਕ ਉਨਤੀ ਕਰਕੇ ਪ੍ਰਭੂ ਵਿੱਚ ਅਭੇਦ ਨਹੀਂ ਹੋ ਸਕਦਾ। ਤਦ ਹੀ ਸਤਿਗੁਰੂ ਜੀ ਨੇ ਸਾਰੀ ਬਾਣੀ ਵਿੱਚ **"ਦੁਦਰ ਬਾਧਉ ਸੁੰਦਰ ਪਾਵਹੁ"** ਦਾ ਉਪਦੇਸ਼ ਤੇ ਸੰਦੇਸ਼ ਦਿੱਤਾ ਹੈ :—

ਘਰਿ ਰਹੁ ਰੇ ਮਨ ਮੁਗਧ ਇਆਨੇ ॥
ਰਾਮੁ ਜਪਹੁ ਅੰਤਰਗਤਿ ਧਿਆਨੇ ॥
ਲਾਲਚ ਛੋਡਿ ਰਚਹੁ ਅਪਰੰਪਰਿ ਇਉ ਪਾਵਹੁ ਮੁਕਤਿ ਦੁਆਰਾ ਹੇ ॥ ੧ ॥

ਮਾਰੂ ਮ: ੧ (ਪੰਨਾ : ੧੦੩੦)

ਤਥਾ :— ਥਿਰ ਘਰਿ ਬੈਸਹੁ ਹਰਿ ਜਨ ਪਿਆਰੇ ॥

ਥਿਰ ਹੋ ਕੇ ਆਪਣੇ ਨਿੱਜ ਸਰੂਪ ਵਿੱਚ ਟਿਕਣ ਦੀ ਪ੍ਰੇਰਨਾ ਦਿੱਤੀ ਹੈ। ਪਰ ਸਾਡਾ ਮਨ ਕਰ ਕੀ ਰਿਹਾ ਹੈ ? ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਰਾਮਕਲੀ ਰਾਗ ਵਿੱਚ ਫ਼ੁਰਮਾਨ ਕੀਤਾ ਹੈ, ਧਿਆਨ ਨਾਲ ਦੀਰਘ ਵੀਚਾਰ ਕਰੀਏ, ਸਾਨੂੰ ਵੀ ਪਤਾ ਚੱਲ ਜਾਵੇਗਾ, ਕਈ ਵਾਰੀ ਤਾਂ ਸਾਡਾ ਮਨ, ਅਕਾਸ਼ ਵਿੱਚ ਉਡਾਰੀਆਂ ਮਾਰਦਾ ਹੈ। ਪਰ ਉਸ ਨੂੰ ਨੀਵਾਂ ਡਿਗਣ ਲਗਿਆਂ ਵੀ ਦੇਰ ਨਹੀਂ ਲਗਦੀ। ਐਸੀਆਂ ਨੀਵੀਆਂ ਚਿਤਵਨੀਆਂ ਚਿਤਵਦਾ ਹੈ ਜੇ ਕਿਤੇ ਉਹ ਚਿਤਵਨੀਆਂ ਸੰਸਾਰ ਵਿੱਚ ਪ੍ਰਗਟ ਹੋ ਜਾਣ ਸ਼ਾਇਦ ਮਨੁੱਖ ਸ਼ਰਮਸਾਰ ਹੋ ਕੇ, ਇਸ ਜੀਵਨ ਨਾਲੋਂ ਮੌਤ ਨੂੰ ਤਰਜੀਹ ਦੇ ਦੇਵੇ। ਮਨੁੱਖੀ ਮਨ ਵਿਸ਼ੇ, ਵਿਕਾਰਾਂ ਤੇ ਪਦਾਰਥਾਂ ਦੇ ਲੋਭ ਵਿੱਚ ਚੌਹੀਂ ਪਾਸੀਂ ਭਰਮਦਾ

ਹੈ। ਕਦੇ ਇੱਕ ਥਾਂ ਥਿਰ ਹੋਕੇ ਨਹੀਂ ਬੈਠਦਾ :—

ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥

ਰਾਮਕਲੀ ਮ: ੧ (ਪੰਨਾ : ੮੭੬)

ਸਵਾਲ ਬਣਦਾ ਹੈ, ਮਨ ਸਾਡਾ ਰਾਮ ਦੀ ਅੰਸ ਹੈ। ਇਸ ਨੂੰ ਰਾਮ ਨਾਲ ਥਿਰ ਘਰ ਵਿੱਚ ਟਿਕ ਕੇ ਬੈਠ ਜਾਣਾ ਚਾਹੀਦਾ ਹੈ! ਇਸਦੇ, ਟਿਕਣ ਦਾ ਕਾਰਣ ਕੀ ਹੈ ?

ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਬਿ ਜੀ ਨੇ ਗਉੜੀ ਰਾਗ ਵਿੱਚ ਦੱਸਿਆ ਹੈ। ਮਨੁੱਖ ਦਾ ਮਨ ਇਸ ਕਰਕੇ ਨਹੀਂ ਟਿਕਦਾ ਕਿਉਂਕਿ ਤ੍ਰਿਸ਼ਨਾਂ ਬਹੁਤ ਚੰਚਲ ਹੈ, ਤ੍ਰਿਸ਼ਨਾ ਆਪ ਕਦੇ ਥਿਰ ਨਹੀਂ ਹੁੰਦੀ। ਮਨ ਨੇ ਤ੍ਰਿਸ਼ਨਾ ਦੀ ਸੰਗਤ ਕੀਤੀ ਹੋਈ ਹੈ। ਇਸ ਕਰਕੇ ਤ੍ਰਿਸ਼ਨਾ ਮਨ ਨੂੰ ਭਟਕਾਈ ਜਾਂਦੀ ਹੈ। ਜਿੰਨਾਂ ਚਿਰ ਮਨ ਤ੍ਰਿਸ਼ਨਾਂ ਦੀ ਸੰਗਤ ਦਾ ਤਿਆਗ ਨਹੀਂ ਕਰਦਾ ਉਨਾਂ ਚਿਰ ਮਨ ਵੀ ਥਿਰ ਨਹੀਂ ਹੋ ਸਕਦਾ। ਸਾਹਿਬਾਂ ਦਾ ਫ਼ੁਰਮਾਨ ਹੈ :—

ਸਾਧੋ ਇਹੁ ਮਨੁ ਗਹਿਓ ਨ ਜਾਈ ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥ ੧ ॥

ਗਉੜੀ ਮ: ੯ (ਪੰਨਾ : ੨੧੯)

ਹੇ ਗੁਰਦੇਵ ! ਮੈਂ ਆਪਣੇ ਮਨ ਦੀ ਪੀੜਾ, ਆਪਣੇ ਮਨ ਦਾ ਦੁੱਖ ਕਿਸਨੂੰ ਦੱਸਾਂ ? ਹੇ ਗੁਰਦੇਵ, ਮੇਰਾ ਮਨ ਦਸੋ ਦਿਸ਼ਾ ਵਿੱਚ ਹਰ ਸਮੇਂ ਭਟਕਦਾ ਰਹਿੰਦਾ ਹੈ ਕਿਉਂਕਿ ਤ੍ਰਿਸ਼ਨਾ ਅਤੇ ਲੋਭ ਨੇ ਮੇਰੇ ਮਨ ਨੂੰ ਫੜਿਆ ਹੋਇਆ ਹੈ, ਜਿਸ ਕਾਰਣ ਇਹ ਇਕ ਥਾਂ ਟਿਕ ਕੇ ਨਹੀਂ ਬੈਠਦਾ :—

ਬਿਰਥਾ ਕਹਉ ਕਉਨ ਸਿਉ ਮਨ ਕੀ ॥
ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥ ੧ ॥

ਆਸਾ ਮ: ੯ (ਪੰਨਾ : ੪੧੧)

ਸਤਿਗੁਰੂ ਜੀ ਦੀ ਮਿਹਰ ਨਾਲ ਜਦੋਂ ਗੁਰਦੇਵ ਜੀ ਨਾਮ ਦੀ ਦਾਤ ਬਖਸ਼ਸ਼ ਕਰ ਦਿੰਦੇ ਹਨ। ਫਿਰ ਮਨ ਨੂੰ ਨ ਟਿਕਣ ਦੇਣ ਵਾਲੀ ਤ੍ਰਿਸ਼ਨਾ ਖਤਮ ਹੋ ਜਾਂਦੀ ਹੈ। ਤ੍ਰਿਸ਼ਨਾ ਖਤਮ ਹੁੰਦੇ ਸਾਰ ਹੀ ਮਨ ਥਿਰ ਘਰ ਵਿੱਚ ਟਿਕ ਜਾਂਦਾ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ :—

ਮਨਿ ਆਨੰਦੁ ਮੰਤ੍ਰੁ ਗੁਰਿ ਦੀਆ ॥
ਤ੍ਰਿਸਨ ਬੁਝੀ ਮਨੁ ਨਿਹਚਲੁ ਥੀਆ ॥

ਆਸਾ ਮ: ੫ (ਪੰਨਾ : ੩੮੭)

ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫੁਰਮਾਨ ਹੈ। ਜਦੋਂ ਸਤਿਗੁਰੂ ਜੀ ਨੇ ਮਿਹਰ ਕਰਕੇ ਮੈਨੂੰ ਨਾਮ ਦਾ ਅਮੋਲਕ ਧਨ ਬਖਸ਼ਸ਼ ਕਰ ਦਿੱਤਾ। ਨਾਮ ਦੀ ਬਰਕਤ ਨਾਲ ਮੇਰੇ ਮਨ ਨੂੰ ਟਿਕਾਉ ਮਿਲ ਗਿਆ ਹੈ। ਸਾਰੀ ਭਟਕਣਾ ਖਤਮ ਹੋ ਗਈ ਹੈ। ਮੇਰਾ ਮਨ ਨਿੱਜ ਸਰੂਪ ਦੇ ਵਿੱਚ ਟਿਕ ਗਿਆ ਹੈ। ਮਾਇਆ ਦੀ ਹੜਬਸ ਜੋ ਹਰ ਸਮੇਂ ਪ੍ਰੇਸ਼ਾਨ ਕਰਦੀ ਸੀ ਉਹ ਵੀ ਸਦਾ ਲਈ ਦੂਰ ਹੋ ਗਈ। ਸਤਿਗੁਰੂ ਜੀ ਦੇ ਨਾਮ ਦੀ ਬਰਕਤ ਦੁਆਰਾ, ਹੁਣ ਮੈਨੂੰ ਲੋਭ ਤੇ ਮੋਹ, ਸਪਰਸ਼ ਵੀ ਨਹੀਂ ਕਰਦੇ, ਮੈਂ ਦਿਨ ਰਾਤ ਪ੍ਰਭੂ ਭਗਤੀ ਵਿੱਚ ਲੀਨ ਰਹਿੰਦਾ ਹਾਂ। ਜਦੋਂ ਦਾ ਸਤਿਗੁਰੂ ਜੀ ਨੇ ਨਾਮ ਬਖਸ਼ਸ਼ ਕਰ ਦਿੱਤਾ ਹੈ, ਜਨਮਾਂ-ਜਨਮਾਂ ਦਾ ਜੋ ਸੰਸਾ ਬਣਿਆ ਹੋਇਆ ਸੀ ਉਹ ਵੀ ਖਤਮ ਹੋ ਗਿਆ ਹੈ। ਸਾਰੀ ਦੀ ਸਾਰੀ ਸਮੁੱਚੀ ਤ੍ਰਿਸ਼ਨਾ ਮੇਰੇ ਅੰਦਰੋਂ ਖਤਮ ਹੋ ਗਈ ਹੈ। ਮੇਰਾ ਮਨ ਹੁਣ ਨਿੱਜ ਸੁੱਖ ਨੂੰ ਮਾਣਦਾ ਹੈ। ਇਹ ਸਾਰੀ ਬਖਸ਼ਸ਼ ਗੁਰੂ ਦੁਆਰਾ ਪ੍ਰਾਪਤ ਨਾਮ ਦੀ ਹੈ। ਆਪਣੇ ਜੋਰ ਜਾਂ ਚਤੁਰਾਈ ਨਾਲ, ਨਾ ਤ੍ਰਿਸ਼ਨਾ ਤੋਂ, ਨਾ ਲੋਭ, ਮੋਹ ਆਦਿਕ ਤੋਂ ਛੁਟਕਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹ ਦਾਤ ਤਾਂ **"ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥"** ਦੀ ਬਖਸ਼ਸ਼ ਨਾਲ ਪ੍ਰਾਪਤ ਹੁੰਦੀ ਹੈ। ਸਤਿਗੁਰੂ ਜੀ ਦਾ ਫੁਰਮਾਨ ਹੈ :—

ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥ ੧ ॥ ਰਹਾਉ ॥
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥ ੧ ॥
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥ ੨ ॥
ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥ ੩ ॥ ੩

ਬਸੰਤ ਮ: ੯ (ਪੰਨਾ : ੧੧੮੬)

ਮਨ ਦੀ ਅਸਥਿਰਤਾ, ਭਟਕਣਾ, ਲਾਲਚ ਅਤੇ ਤ੍ਰਿਸ਼ਨਾ ਕਰਕੇ ਹੀ ਹੈ। ਤ੍ਰਿਸਨਾ, ਲਾਲਚ, ਗੁਰੂ ਮਿਹਰ ਅਤੇ ਨਾਮ ਜਪ ਦੁਆਰਾ ਖਤਮ ਹੁੰਦੇ ਹਨ। ਤ੍ਰਿਸ਼ਨਾ, ਲਾਲਚ ਖਤਮ ਹੁੰਦੇ ਹੀ, ਮਹਾਂ ਸੰਤੋਖ ਦੀ ਦਾਤ ਗੁਰੂ ਬਖਸ਼ਸ਼ ਕਰ ਦਿੰਦਾ ਹੈ। ਮਹਾਂ ਸੰਤੋਖੀ ਪੁਰਸ਼ ਪ੍ਰਭੂ ਜੀ ਦਾ ਰੂਪ ਹੀ ਹੋ ਜਾਂਦਾ ਹੈ।

ਲੋਭ ਮਨੁੱਖ ਦਾ ਧਰਮ ਕਰਮ ਵੀ ਵਿਖਾਵੇ ਦਾ ਬਣਾ ਦਿੰਦਾ ਹੈ।

ਲੋਭ ਵਿੱਚ ਗ੍ਰਸੇ ਹੋਏ ਮਨੁੱਖ ਦੇ ਧਾਰਮਿਕ ਕਰਮ ਵੀ ਵਿਖਾਵਾ ਹੀ ਹੁੰਦੇ ਹਨ। ਜੇ ਉਹ ਪੁੰਨ ਕਰਦਾ ਹੈ ਜਾਂ ਦਾਨ ਕਰਦਾ ਹੈ ਉਸਦੇ ਪਿੱਛੇ ਭਾਵਨਾ ਵਪਾਰੀ ਵਾਲੀ ਹੁੰਦੀ ਹੈ। ਜਿਵੇਂ ਵਪਾਰੀ ਸੌ ਰੁਪੈ ਖਰਚਦਾ ਹੈ ਉਸਦੇ ਮਨ ਦੀ ਇੱਛਾ ਹੁੰਦੀ ਹੈ ਕਿ ਮੈਨੂੰ ਇਸ ਸੌਦੇ ਵਿੱਚੋਂ ਦੁੱਗਣਾ ਨਫਾ ਹੋਵੇ ਕਈ ਵਾਰੀ ਵੱਧ ਦੀ ਵੀ ਆਸ ਰੱਖਦਾ ਹੈ।

ਇਸੇ ਤਰ੍ਹਾਂ ਲੋਭੀ ਮਨੁੱਖ ਵੀ ਜੇ ਦਾਨ ਕਰਦਾ ਹੈ ਜਾਂ ਕੋਈ ਪਰਉਪਕਾਰ ਦਾ ਕਾਰਜ ਕਰਦਾ ਹੈ। ਉਸ ਪੁੰਨ-ਦਾਨ ਪਰਉਪਕਾਰ ਦੇ ਪਿੱਛੇ ਦੀ ਭਾਵਨਾ ਲੈਣ ਦੀ ਹੀ ਹੁੰਦੀ ਹੈ, ਦੇਣ ਦੀ ਨਹੀਂ, ਕੀਤੇ ਹੋਏ ਪਰਉਪਕਾਰ ਅਤੇ ਦਾਨ ਦੇ ਇਵਜ਼ਾਨੇ ਵਿੱਚ ਗੁਰੂ ਪ੍ਰਮੇਸ਼ਰ ਪਾਸੋਂ ਹਜ਼ਾਰਾਂ ਗੁਣਾਂ ਵੱਧ ਮੰਗਦਾ ਹੈ। ਨਿਰਾ ਪ੍ਰਮੇਸ਼ਰ ਜੀ ਪਾਸੋਂ ਵਾਧਾ ਹੀ ਨਹੀਂ ਮੰਗਦਾ, ਸਗੋਂ ਹੋਏ ਪੁੰਨ ਦਾਨ, ਪਰਉਪਕਾਰ ਬਦਲੇ ਲੋਕਾਂ ਪਾਸੋਂ ਆਪਣੀ ਸੋਭਾ ਸੁਣਨ ਦੀ ਵੀ ਤੀਬਰ ਲਾਲਸਾ ਰੱਖਦਾ ਹੈ :—

ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥

ਮ: ੧ (ਪੰਨਾ : ੪੬੬)

ਲੋਭ ਕਾਰਣ ਹਮੇਸ਼ਾ ਮਨ ਤੇ ਮਲੀਨਤਾਈ ਲੱਗੀ ਰਹਿੰਦੀ ਹੈ। ਮਲੀਨਤਾ ਅਧੀਨ ਮਨੁੱਖ ਅਨੇਕ ਪ੍ਰਕਾਰ ਤੇ ਬੁਰੇ ਕਰਮ ਕਰਦਾ ਹੈ। ਲੋਭ-ਲਾਲਚ ਦੀ ਪੂਰਤੀ ਲਈ ਹਮੇਸ਼ਾ ਝੂਠ ਬੋਲਦਾ ਤੇ ਲੋਕ ਵਿਖਾਵੇ ਦੇ ਕਰਮ ਕਰਦਾ ਹੈ। ਜਿਸ ਕਾਰਣ, ਦੁੱਖਾਂ ਨੂੰ ਭੋਗਣ ਦਾ ਭਾਗੀ ਬਣਦਾ ਹੈ :—

ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ ॥
ਮੈਲੇ ਕਰਮ ਕਰੇ ਦੁਖ ਪਾਏ ॥
ਕੂੜੋ ਕੂੜੁ ਕਰੇ ਵਾਪਾਰਾ ਕੂੜੁ ਬੋਲਿ ਦੁਖੁ ਪਾਇਦਾ ॥ ੧੨ ॥

ਮਾਰੂ ਮ: ੩ (ਪੰਨਾ ਛ : ੧੦੬੨)

ਮਹਾਂਪੁਰਖ (ਸੰਤ ਬਾਬਾ ਹਰਨਾਮ ਸਿੰਘ ਜੀ) ਆਪਣੀ ਅਖੀਂ ਵੇਖੀ ਘਟਨਾ ਦਾ ਅਕਸਰ ਕਈ ਵੇਰੀ ਜ਼ਿਕਰ ਕਰਿਆ ਕਰਦੇ ਸਨ। ਆਪ ਦਾ ਇਕ ਪ੍ਰੇਮੀ ਰਜ਼ੌਰੀ ਗਾਰਡਨ ਕਲੋਨੀ, ਦਿੱਲੀ ਵਿੱਚ ਰਿਹਾ ਕਰਦਾ ਸੀ, ਕਾਫੀ ਮਾਇਆਧਾਰੀ ਸੀ। ਆਪ ਦੀ ਸੰਗਤ ਸਦਕਾ ਉਸਨੇ ਅੰਮ੍ਰਿਤ ਵੀ ਛਕ ਲਿਆ। ਨੇਮ ਦੇ ਨਾਲ ਨਿਤਨੇਮ ਵੀ ਕਰਨਾ ਤੇ ਗੁਰੂ ਘਰ ਜਾਣਾ ਵੀ ਅਰੰਭ ਕਰ ਦਿੱਤਾ। ਥੋੜੇ ਸਮੇਂ ਪਿੱਛੋਂ ਲੋਕਲ ਗੁਰਦੁਆਰਾ ਕਮੇਟੀ ਦੀ ਚੋਣ ਹੋਈ, ਸਾਰਿਆਂ ਨੇ ਸਰਬ ਸੰਮਤੀ ਨਾਲ ਸਰਦਾਰ ਜੀ ਨੂੰ ਗੁਰਦੁਆਰੇ ਦਾ ਪ੍ਰਧਾਨ ਚੁਣ ਲਿਆ। ਸਰਬ ਸੰਗਤੀ ਨਾਲ ਪ੍ਰਧਾਨ ਬਣਨ ਸਦਕਾ ਸਰਦਾਰ ਜੀ ਬਹੁਤ ਖੁਸ਼ ਸਨ।

ਆਪ ਨੇ ਅੰਮ੍ਰਿਤ ਵੇਲੇ ਉਠ ਕੇ, ਇਸ਼ਨਾਨ ਕਰ, ਨਿਤਨੇਮ ਤੋਂ ਵਿਹਲੇ ਹੋ, ਸਾਂਝਰੇ ਹੀ ਗੁਰਦੁਆਰੇ ਪੁੱਜ ਜਾਣਾ। ਉਥੇ ਲੁੜੀਂਦੀ ਸੇਵਾ ਤੇ ਦਫਤਰੀ ਕਾਰਵਾਈ ਕਰਕੇ ਅੱਠ ਨੌਂ ਵਜੇ ਘਰ ਆਉਣਾ ਦਿਨੇ ਕਾਰ ਵਿਹਾਰ ਕਰਨਾ ਸ਼ਾਮ ਨੂੰ ਫਿਰ ਗੁਰੂ ਘਰ ਦੀ ਹਾਜ਼ਰੀ ਜ਼ਰੂਰ ਭਰਨੀ।

ਮਹਾਂਪੁਰਖ ਦੱਸਦੇ ਸਨ ਕਿ ਸਾਨੂੰ ਵੀ ਕਾਫੀ ਖੁਸ਼ੀ ਮਹਿਸੂਸ ਹੁੰਦੀ ਸੀ ਕਿ ਮਾਇਆਧਾਰੀ ਬੰਦਾ ਹੋ ਕੇ, ਗੁਰੂ ਘਰ ਦੀ ਸੇਵਾ ਵਿੱਚ ਜੁੱਟ ਗਿਆ ਹੈ ਤੇ ਅੰਮ੍ਰਿਤ ਵੇਲੇ ਤੇ ਸ਼ਾਮ ਨੂੰ ਦੋਵੇਂ ਟਾਈਮ ਪੂਰਾ-ਪੂਰਾ ਨਿਤਨੇਮ ਕਰਨ ਲੱਗ ਪਿਆ ਹੈ। ਸਮਾਂ ਲੰਘਦਾ ਗਿਆ।

ਅਗਲੇ ਸਾਲ ਆਪ ਜੀ ਨੂੰ ਮੁੜ ਦਿੱਲੀ ਜਾਣ ਦਾ ਸਮਾਂ ਬਣਿਆ। ਬਾਬਾ ਜੀ ਉਸੇ ਸਰਦਾਰ ਜੀ ਦੇ ਘਰ ਵਾਲੀ ਨੂੰ ਬਾਬਾ ਜੀ ਨੇ ਪੁੱਛਿਆ ਕਿ ਅੱਜ ਸਰਦਾਰ ਹੋਰੀਂ ਨਹੀਂ ਦਿਸੇ ਕੀ ਗੁਰਦੁਆਰਾ ਸਾਹਿਬ ਗਏ ਹੋਏ ਹਨ ? ਬੀਬੀ ਨੇ ਉੱਤਰ ਦਿੱਤਾ, ਸਰਦਾਰ ਜੀ ਅੱਜ-ਕੱਲ ਗੁਰਦੁਆਰੇ ਤਾਂ ਨਹੀਂ ਜਾਂਦੇ, ਅਜੇ ਤਕ ਸੁੱਤੇ ਪਏ ਹਨ।

ਆਪਣੇ ਹਰ ਰੋਜ਼ ਦੇ ਨੇਮ ਅਨੁਸਾਰ ਜਦੋਂ ਤਿਆਰ ਹੋ ਕੇ ਸਰਦਾਰ ਜੀ, ਬਾਬਾ ਜੀ ਨੂੰ ਮਿਲਣ ਵਾਸਤੇ ਆਏ, ਥੋੜੀ ਗੱਲ-ਬਾਤ ਤੋਂ ਉਪ੍ਰੰਤ ਬਾਬਾ ਜੀ ਨੇ ਪੁੱਛਿਆ ਕਿ ਤੁਸੀਂ ਪਿਛਲੇ ਸਾਲ ਤਾਂ ਤੜਕੇ ਚਾਰ ਵਜੇ ਉਠ ਕੇ ਨਿਤਨੇਮ ਕਰਕੇ, ਗੁਰਦੁਆਰੇ ਹਾਜ਼ਰੀ ਭਰਨ ਚਲੇ ਜਾਂਦੇ ਸੀ, ਹੁਣ ਕੀ ਕਾਰਣ ਬਣਿਆ ਤੁਸੀਂ ਦਿਨ ਚੜ੍ਹੇ ਤੱਕ ਸੁਤੇ ਹੀ ਰਹੇ ਹੋ ?

ਬਾਬਾ ਜੀ ਦੀ ਪੁੱਛ ਦੇ ਉੱਤਰ ਵਿੱਚ ਸਰਦਾਰ ਹੋਰਾਂ ਉੱਤਰ ਦਿੱਤਾ ਕਿ ਬਾਬਾ ਜੀ ਜਿਵੇਂ ਤੁਸੀਂ ਆਪ ਹੀ ਕਿਹਾ ਹੈ, ਮੈਂ ਸਵੇਰੇ ਉਠ ਕੇ ਨਿਤਨੇਮ ਕਰਕੇ ਗੁਰੂ ਘਰ ਦੀ ਸੇਵਾ ਵਿੱਚ ਤਤਪਰ ਹੋ ਜਾਂਦਾ ਸੀ, ਨਿਤਨੇਮ ਅਤੇ ਗੁਰਦੁਆਰੇ ਦੀ ਸੇਵਾ ਵਿੱਚ ਇਕ ਦਿਨ ਵੀ ਮੈਂ ਨਾਗਾ ਨਹੀਂ ਪੈਣ ਦਿੱਤਾ।

ਪਰ ਇਹਨਾਂ ਲੋਕਾਂ ਨੂੰ ਚੰਗੇ ਮਾੜੇ ਦੀ ਪਰਖ ਹੀ ਨਹੀਂ। ਐਤਕੀਂ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਇਹਨਾਂ ਨੇ ਹੋਰ ਚੁਣ ਲਿਆ ਹੈ ਜਿਸ ਕਾਰਣ ਮੈਂ ਨਿਤਨੇਮ ਵੀ ਅਤੇ ਗੁਰਦੁਆਰੇ ਜਾਣਾ ਛੱਡਿਆ ਹੋਇਆ ਹੈ।

ਬਾਬਾ ਜੀ ਨੇ ਸਮਝਾਇਆ ਕਿ ਨਿਤਨੇਮ ਕਰਨਾ ਜਾਂ ਗੁਰਦੁਆਰੇ ਗੁਰੂ ਜੀ ਦੇ ਤੇ ਸੰਗਤ ਦੇ ਦਰਸ਼ਣ ਕਰਨ ਜਾਣਾ ਹੈ, ਇਸ ਵਾਸਤੇ ਥੋੜਾ ਜਾਣਾ ਹੈ ਕਿ ਸੰਗਤ ਮੈਨੂੰ ਗੁਰਦੁਆਰੇ ਦਾ ਪ੍ਰਧਾਨ ਬਣਾ ਦੇਵੇ। ਜੇ ਸੰਗਤ ਨੇ ਪ੍ਰਧਾਨ ਬਣਾ ਦਿੱਤਾ ਫਿਰ ਤਾਂ ਨਿਤਨੇਮ ਵੀ ਕਰਨਾ ਤੇ ਗੁਰਦੁਆਰੇ ਵੀ ਜਾਣਾ ਹੈ। ਜੇ ਪ੍ਰਧਾਨ ਨ ਬਣਾਇਆ ਤਾਂ ਲੋਕਾਂ ਨਾਲ ਰੋਸਾ ਕਰਕੇ, ਗੁਰੂ ਘਰ ਵੀ ਤੇ ਨਿਤਨੇਮ ਵੀ ਤਿਆਗ ਦੇਣਾ ਹੈ। ਇਹ ਤਾਂ ਫਿਰ ਦੁਨਿਆਵੀ ਵਪਾਰ ਹੋਇਆ। ਨਿਤਨੇਮ ਕਰਨਾ ਜਾਂ ਗੁਰਦੁਆਰੇ ਜਾਣਾ,

ਇਹ ਕਰਮ ਲੋਕਾਂ ਨੂੰ ਖੁਸ਼ ਕਰਨ ਵਾਸਤੇ ਨਹੀਂ ਕਰਨੇ, ਇਹ ਤਾਂ ਆਪਣੀ ਆਤਮਾ ਦੇ ਭਲੇ ਵਾਸਤੇ ਕਰਨੇ ਹਨ। ਕਾਫੀ ਪ੍ਰੇਰਨਾ ਦੇਣ ਤੇ ਸਰਦਾਰ ਜੀ ਮੰਨ ਗਏ ਕਿ ਜੇ ਤੁਸੀ ਕਹਿੰਦੇ ਹੋ ਤਾਂ ਮੈਂ ਕੱਲ ਤੋਂ ਫਿਰ ਨਿਤਨੇਮ ਕਰਨਾ ਤੇ ਗੁਰੂ ਘਰ ਜਾਣਾ ਅਰੰਭ ਕਰ ਦਿੰਦਾ ਹਾਂ, ਵਰਨਾ ਮੈਂ ਤਾਂ ਮਨ ਵਿੱਚ ਸਭ ਕੁਛ ਛੱਡ ਦੇਣ ਦਾ ਹੀ ਫੈਸਲਾ ਕੀਤਾ ਹੋਇਆ ਸੀ। ਸੋ ਸਾਡਾ ਵੀ ਦਿੱਲੀ ਦੇ ਸਰਦਾਰ ਵਾਲਾ ਹੀ ਹਾਲ ਹੈ। ਬਹੁਤਾਤ ਵਿੱਚ ਸੰਸਾਰਕ ਪਦਵੀ, ਪਦਾਰਥਾਂ ਦੀ ਪ੍ਰਾਪਤੀ ਜਾਂ ਵਾਹਵਾ ਖੱਟਣ ਵਾਸਤੇ ਹੀ ਧਰਮ ਕਮਾਇਆ ਜਾਂਦਾ ਹੈ।

ਪਰ ਐਸਾ ਲੋਕ ਵਿਖਾਵੇ ਦਾ ਧਰਮ ਗੁਰੂ ਦਰ ਵਿੱਚ ਪ੍ਰਵਾਨ ਨਹੀਂ ਹੁੰਦਾ। ਸਾਹਿਬ ਗੁਰੂ ਅਮਰ ਦਾਸ ਜੀ ਦਾ ਫੁਰਮਾਨ ਹੈ :—

ਕਰਮ ਧਰਮ ਸੁਚਿ ਸੰਜਮੁ ਕਰਹਿ ਅੰਤਰਿ ਲੋਭੁ ਵਿਕਾਰ॥
ਨਾਨਕ ਮਨਮੁਖਿ ਜਿ ਕਮਾਵੈ ਸੁ ਥਾਇ ਨਾ ਪਵੈ ਦਰਗਹ ਹੋਇ ਖੁਆਰੁ॥

ਮ: ੩ (ਪੰਨਾ : ੧੪੨੩)

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਜਗਨ ਨਾਥ ਪੁਰੀ ਗਏ, ਉਥੇ ਇਕ ਵੈਸ਼ਨਵ ਸਾਧੂ ਨੇ ਪ੍ਰਸਿੱਧ ਕਰ ਰਖਿਆ ਸੀ ਕਿ ਜਦੋਂ ਉਹ ਆਂਟ[1] ਦੇ ਨਾਲ ਨੱਕ ਫੜ੍ਹ ਕੇ ਸਮਾਧੀ ਲਾਉਂਦਾ ਹੈ ਤਾਂ ਉਹ ਇਕ ਦਮ ਸ਼ਿਵ ਪੁਰੀ ਵਿੱਚ ਪੁੱਜ ਜਾਂਦਾ ਹੈ। ਉਥੇ ਪੁੱਜਣ ਸਾਰ ਉਸਨੂੰ ਤਿੰਨਾਂ ਲੋਕਾਂ ਦੀ ਖਬਰ ਹੋਣ ਲੱਗ ਜਾਂਦੀ ਹੈ। ਜਿਸਨੇ ਵੀ ਸਵਰਗ ਵਿੱਚ ਥਾਂ ਸੁਰੱਖਿਅਤ ਕਰਾਉਣੀ ਹੋਵੇ, ਉਹ ਮੇਰੇ ਲੋਟੇ ਵਿੱਚ ਪੈਸੇ ਪਾਓ, ਜਿੰਨੀ ਮਾਇਆ ਪਾਉਗੇ, ਉਨੇਂ ਸਮੇਂ ਲਈ ਸਵਰਗ ਵਿੱਚ ਉਸ ਨੂੰ ਜਗ੍ਹਾ ਮਿਲੀ ਰਹੇਗੀ। ਲੋਕਾਂ ਦੀ ਭੇਡ ਚਾਲ, ਬਿਨਾਂ ਮਿਹਨਤ ਕੀਤਿਆ, ਅਨੇਕਾਂ ਲੋਕ ਸਵਰਗ ਵਿੱਚ ਮਾਇਆ ਖਰਚ ਕੇ ਆਪਣੀ ਲਈ ਥਾਂ ਖ੍ਰੀਦਨ ਲੱਗ ਪਏ। ਵੈਸ਼ਨਵ ਦੀਆਂ ਮੌਜ਼ਾਂ ਬਣ ਗਈਆਂ ਅਗਾਹ ਕਿਸੇ ਨੂੰ ਸਵਰਗ ਮਿਲੇ ਜਾਂ ਨਾ, ਪਰ ਵੈਸ਼ਨਵ ਦਾ ਸਵਰਗ ਤਾਂ ਇੱਥੇ ਹੀ ਬਣ ਗਿਆ।

ਸਤਿਗੁਰੂ ਜੀ ਇਸਦਾ ਪਖੰਡ ਕੁਝ ਚਿਰ ਤਾਂ ਦੇਖਦੇ ਰਹੇ, ਫਿਰ ਅੱਗੇ ਵਧੇ। ਵੈਸ਼ਨਵ ਦਾ ਮਾਇਆ ਪਾਉਣ ਵਾਲਾ ਲੋਟਾ ਚੁੱਕ ਕੇ ਉਸਦੀ ਪਿੱਠ ਪਿੱਛੇ ਰੱਖ ਦਿੱਤਾ। ਜਦੋਂ ਉਸਨੇ ਅੱਖ ਖੋਹਲੀ ਸਾਹਮਣੇ ਪੈਸਿਆਂ ਵਾਲਾ ਲੋਟਾ ਨ ਵੇਖ ਕੇ ਬਹੁਤ ਤਿਲਮਲਾਇਆ ਕਹਿਣ ਲੱਗਾ, "ਬਤਾਉ ਹਮਾਰਾ ਪੈਸੇ ਵਾਲਾ ਲੋਟਾ ਕਹਾਂ ਹੈ? ਜਲਦੀ ਬਤਾਉ, ਨਹੀਂ ਤੋ ਮੈਂ ਸਰਾਪ ਦੇ ਦੂੰਗਾ॥"

ਸਾਹਿਬ ਮੁਸਕਰਾਏ ਤੇ ਕਹਿਣ ਲੱਗੇ ਤੂੰ ਤਾਂ ਅੱਖਾਂ ਬੰਦ ਕਰਕੇ ਤਿੰਨਾਂ ਲੋਕਾਂ ਦੀਆਂ ਖਬਰਾਂ ਦਿੰਦਾ ਸੈਂ, ਪਰ ਤੈਨੂੰ ਤੇਰੇ ਆਪਣੇ ਪਿੱਛੇ ਪਿਆ ਹੋਇਆ ਲੋਟਾ ਨਜ਼ਰ

੧. ਅੰਗੂਠੇ ਅਤੇ ਨਾਲ ਦੀਆਂ ਦੋ ਉਂਗਲਾਂ ਨਾਲ ਨੱਕ ਨੂੰ ਪਕੜਨ ਦੀ ਕ੍ਰਿਆ।

ਨਹੀਂ ਆਉਂਦਾ। ਸਾਹਿਬਾਂ ਨੇ ਉਚਾਰਨ ਕੀਤਾ :—

ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥੧॥ ਰਹਾਉ ॥
ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥੨॥

ਧਨਾਸਰੀ ਮ: ੧ (ਪੰਨਾ : ੬੬੨)

ਕੈਸਾ ਹੈ ਲੋਭ! ਜੋ ਧਰਮ ਨੂੰ ਵੀ ਪਖੰਡ ਵਿੱਚ ਬਦਲ ਦੇਂਦਾ ਹੈ।

ਲੋਭ ਮਨੁੱਖ ਦੀ ਸੁਤੰਤ੍ਰਤਾ ਖੋਹ ਲੈਂਦਾ ਹੈ।

ਪ੍ਰਮੇਸ਼ਰ ਜੀ ਦਾ ਸੁਭਾਅ ਦੇਣ ਦਾ ਹੈ। ਉਹ ਹਮੇਸ਼ਾ ਦੇਂਦਾ ਹੀ ਰਹਿੰਦਾ ਹੈ, ਕਿਸੇ ਪਾਸੋਂ ਲੈਂਦਾ ਨਹੀਂ ਹੈ। ਲੈਣ ਵਾਲੇ ਨਾਸ਼ ਹੋ ਜਾਂਦੇ ਹਨ ਪਰ ਦਾਤਾ ਦੇਈ ਹੀ ਜਾਂਦਾ ਹੈ:—

ਦੇਦਾ ਦੇ ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰਿ ਖਾਹੀ ਖਾਹਿ ॥

ਜਪੁਜੀ ਸਾਹਿਬ (ਪੰਨਾ : ੨)

ਪ੍ਰਮੇਸ਼ਰ ਨੇ ਮਨੁੱਖ ਨੂੰ ਵੀ ਦੇਣ ਬਿਰਤੀ ਦਾ ਮਾਲਕ ਬਣਾਇਆ ਸੀ ਪਰ ਲੋਭ ਲਾਲਚ ਦੇ ਪ੍ਰਭਾਵ ਅਧੀਨ ਮਨੁੱਖ ਆਪਣਾ ਅਸਲੀ ਸੁਭਾਅ ਭੁੱਲ ਗਿਆ। ਲੈਣ ਬਿਰਤੀ ਦਾ ਧਾਰਨੀ ਬਣ ਗਿਆ। ਲੈਣਾ ਕਿਸੇ ਪਾਸੋਂ ਹੁੰਦਾ ਹੈ। ਜਿਸ ਪਾਸੋਂ ਲੈਣਾ ਹੁੰਦਾ ਹੈ। ਉਸ ਦੀ ਜਾਂ ਤਾਂ ਅਧੀਨਗੀ ਕਬੂਲਣੀ ਪਵੇਗੀ ਜਾਂ ਫਿਰ ਉਸ ਦੀ ਖੁਸ਼ਾਮਦ ਕਰਨੀ ਪਵੇਗੀ ਪਰ ਅਧੀਨਗੀ ਵਿੱਚ ਕਦਾਚਿਤ ਵੀ ਸੁੱਖ ਪ੍ਰਾਪਤ ਨਹੀਂ ਹੁੰਦਾ "**ਪਰ ਅਧੀਨ ਸੁਪਨੇ ਸੁਖ ਨਾਹਿ**" ਬਾਬਾ ਫਰੀਦ ਜੀ ਨੇ ਤਾਂ ਇਸ ਤੋਂ ਵੀ ਅਗਲੀ ਗੱਲ ਲਿਖੀ ਹੈ ਕਿ ਹੇ ਪ੍ਰਮਾਤਮਾਂ ਜੇ ਮੈਨੂੰ ਆਪਣੀਆਂ ਗਰਜ਼ਾਂ ਲੋੜਾਂ ਦੀ ਪੂਰਤੀ ਲਈ, ਕਿਸੇ ਦੇ ਦਰ ਤੇ ਜਾ ਕੇ ਬੈਠਣਾ ਪਵੇ, ਕ੍ਰਿਪਾ ਕਰੀਂ ਇਹੋ ਜਿਹਾ ਸਮਾਂ ਮੈਨੂੰ ਨਾ ਦੇਵੀਂ ਪਰਾਏ ਦਰ ਤੇ ਜਾ ਕੇ ਮੰਗਣ ਨਾਲੋਂ ਤਾਂ ਮੈਨੂੰ ਮੌਤ ਚੰਗੀ ਹੈ। ਹਰ ਰੋਜ਼ ਆਪਾਂ ਬਾਬਾ ਫਰੀਦ ਜੀ ਦਾ ਬਚਨ ਪੜ੍ਹਦੇ ਹਾਂ :—

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥ ੪੨ ॥

ਸਲੋਕ ਫਰੀਦ ਜੀ (ਪੰਨਾ : ੧੩੮੦)

ਪਰ ਲੋਭ ਦੀ ਤ੍ਰਿਪਤੀ ਵਾਸਤੇ ਮਨੁੱਖ, ਮਨੁੱਖਾਂ ਦੇ ਦਰਾਂ ਤੇ ਜਾ ਕੇ ਬੈਠਦਾ ਵੀ ਹੈ ਤੇ ਹੱਥ ਵੀ ਅੱਡਦਾ ਹੈ। ਜੋ ਅਸਲੀ ਕਰਮ ਨਾਮ ਜਪ ਕੇ ਬੇਪ੍ਰਵਾਹੀ ਜਿੰਦਗੀ ਗੁਜ਼ਾਰਨ ਦਾ ਹੈ, ਉਹ ਭੁੱਲ ਜਾਂਦਾ ਹੈ। ਹੁੰਦਾ ਕੀ ਹੈ :—

ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥
ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥ ੧ ॥

ਆਸਾ ਮ: ੯ (ਪੰਨਾ : ੪੧੧)

ਬੇਪ੍ਰਵਾਹੀ ਵਾਲਾ ਸੁਤੰਤਰ ਜੀਵਨ ਲੋਭ ਰਹਿਤ ਹੋ ਕੇ, ਸੰਤੋਖੀ ਬਣ ਕੇ ਜੀਵਿਆ ਜਾ ਸਕਦਾ ਹੈ।

ਈਰਾਨ ਦੇ ਸੂਫੀ ਫਕੀਰ ਦੀ ਇੱਕ ਗਾਥਾ ਵਾਚੀਏ। ਸ਼ਾਇਦ ਉਸ ਨੂੰ ਪੜ੍ਹ ਸੁਣ ਕੇ ਗੁਰੂ ਸਿਧਾਂਤ ਦੀ ਹੋਰ ਵਧੇਰੇ ਸਪਸ਼ਟਤਾ ਹੋ ਜਾਵੇ। ਪੁੱਗਿਆ ਹੋਇਆ ਸਾਂਈ ਦਰਵੇਸ਼ ਆਪਣੀ ਝੌਂਪੜੀ ਦੇ ਬਾਹਰ ਕੰਧ ਦੇ ਨਾਲ ਢੋਅ ਲਾ ਕੇ ਸਿਆਲ ਦੀ ਧੁੱਪ ਦਾ ਅਨੰਦ ਮਾਣ ਰਿਹਾ ਹੈ। ਈਰਾਨ ਦੇ ਬਾਦਸ਼ਾਹ ਨੇ ਸਾਂਈ ਫਕੀਰ ਦੀ ਸੋਭਾ ਸੁਣੀ। ਮਨ ਵਿੱਚ ਦਰਸ਼ਣ ਕਰਨ ਦੀ ਅਭਿਲਾਖਾ ਬਣੀ। ਪ੍ਰੋਗਰਾਮ ਉਲੀਕ ਕੇ ਬਾਦਸ਼ਾਹ ਸਾਈਂ ਦਰਵੇਸ਼ ਦੇ ਦਰਸ਼ਣਾਂ ਵਾਸਤੇ ਪੁੱਜਾ। ਮੁਰੀਦਾਂ ਨੂੰ ਪੁੱਛ ਕੇ ਫਕੀਰ ਸਾਂਈ ਦੇ ਦਰਸ਼ਣ ਕੀਤੇ। ਫਕੀਰ ਸਾਂਈ ਜਿਵੇਂ ਆਪਣੀ ਮੌਜ ਵਿੱਚ ਧੁੱਪ ਸੇਕ ਰਿਹਾ ਸੀ, ਉਸੇ ਹਾਲ ਅਨੰਦ ਵਿੱਚ ਬੈਠਾ ਰਿਹਾ। ਫਕੀਰ ਨੇ ਰਾਜੇ ਨੂੰ ਲਾਗੇ ਪਈ ਸਫ ਤੇ ਬੈਠਣ ਦਾ ਇਸ਼ਾਰਾ ਕਰ ਦਿਤਾ। ਥੋੜਾ ਸਮਾਂ ਬਚਨ ਬਿਲਾਸ ਕਰਨ ਉਪ੍ਰੰਤ ਰਾਜੇ ਨੇ ਫਕੀਰ ਸਾਂਈ ਨੂੰ ਇਮਾਰਤ ਦੀ ਸੇਵਾ ਕਰਨ ਦੀ ਅਭਿਲਾਖਾ ਪ੍ਰਗਟਾਈ ਪਰ ਫਕੀਰ ਸਾਂਈ ਨੇ ਸੇਵਾ ਲੈਣ ਤੋਂ ਇਨਕਾਰ ਕਰ ਦਿਤਾ।

ਬਾਦਸ਼ਾਹ ਦੇ ਜਾਣ ਤੋਂ ਪਿਛੋਂ ਮੁਰੀਦਾਂ ਨੇ ਫਕੀਰ ਨੂੰ ਬੇਨਤੀ ਕੀਤੀ ਮਹਾਰਾਜ ਜੀ, ਬਾਦਸ਼ਾਹ ਆਪ ਚੱਲ ਕੇ ਤੁਹਾਡੇ ਦਰਸ਼ਨਾ ਨੂੰ ਆਇਆ ਸੀ, ਉਸਨੇ ਡੇਰੇ ਦੀ ਸੇਵਾ ਕਰਨ ਵਾਸਤੇ ਤੁਹਾਨੂੰ ਕਿਹਾ, ਪਰ ਤੁਸੀਂ ਸੇਵਾ ਕਰਾਉਣ ਤੋਂ ਇਨਕਾਰ ਕਰ ਦਿੱਤਾ। ਤੁਹਾਨੂੰ ਪਤਾ ਹੀ ਹੈ ਕਿ ਇਬਾਦਤ ਕਰਨ ਵਾਲਾ ਕੋਠਾ ਵੀ ਚੋਂਦਾ ਹੈ, ਰਿਹਾਇਸ਼ੀ ਕਮਰਿਆਂ ਦੇ ਬਾਲੇ ਸ਼ਤੀਰ ਵੀ ਬਦਲਣ ਵਾਲੇ ਹਨ। ਆਪ ਦੀ ਰਿਹਾਇਸ਼ ਗਾਹ ਵੀ ਖਸਤਾ ਹਾਲਤ ਵਿੱਚ ਹੈ। ਤੁਸੀਂ ਇਕ ਵਾਰੀ ਥੋੜਾ ਇਸ਼ਾਰਾ ਕਰ ਦਿੰਦੇ, ਸਾਡੀ ਸਾਰੀ ਖਾਨਗਾਹ ਪੱਕੀ ਬਣ ਜਾਣੀ ਸੀ। ਬਾਦਸ਼ਾਹ ਨੂੰ ਫਰਕ ਕੋਈ ਨਹੀਂ ਪੈਣਾ ਸੀ।

ਮੁਰੀਦਾਂ ਦੀ ਗੱਲ ਸੁਣਕੇ ਫਕੀਰ ਬੜੇ ਜਲਾਲ ਵਿੱਚ ਆਕੇ ਆਪਣੇ ਮੁਰੀਦਾਂ ਨੂੰ ਸੰਬੋਧਨ ਕਰਕੇ ਕਹਿਣ ਲਗੇ, ਮੁਰੀਦੋ ! ਧਿਆਨ ਦੇ ਕੇ ਮੇਰੀ ਇੱਕ ਗੱਲ ਸੁਣੋ। ਜੇ ਅੱਜ ਆਪਾਂ ਰਾਜੇ ਪਾਸੋਂ ਮੰਗ ਕੇ ਰਿਹਾਇਸ਼ੀ ਤੇ ਇਬਾਦਤ ਵਾਲੇ ਕਮਰੇ ਪੱਕੇ ਕਰਵਾ ਲੈਂਦੇ, ਕੱਲ ਨੂੰ ਅਸੀਂ ਲੱਤਾਂ ਪਸਾਰ ਕੇ ਨਹੀਂ ਬੈਠ ਸਕਦੇ ਸੀ। ਥੋੜੇ ਜਿਹੇ ਲਾਲਚ ਦੀ ਖਾਤਰ ਜੇ ਅਸੀਂ ਆਪਣੀ ਅਜ਼ਾਦੀ ਨੂੰ ਵੇਚ ਦਿੰਦੇ, ਮੁੜ ਜਦੋਂ ਰਾਜਾ ਸਾਡੇ ਪਾਸ

ਆਉਂਦਾ ਸਾਨੂੰ ਗੁਲਾਮਾਂ ਵਾਗੂੰ ਹੱਥ ਜੋੜ ਕੇ ਉਸਨੂੰ ਜੀਅ ਆਇਆ ਕਹਿਣਾ ਪੈਣਾ ਸੀ। ਸੋ ਯਾਦ ਰਖੋ, ਜਿਹੜਾ ਕਿਸੇ ਦੇ ਅੱਗੇ ਹੱਥ ਅੱਡਦਾ ਹੈ। ਉਹ ਕਦੀ ਲੱਤਾਂ ਪਸਾਰ ਕੇ ਬੇ-ਫਿਕਰੀ ਦਾ ਜੀਵਨ ਨਹੀਂ ਜੀਅ ਸਕਦਾ। ਜੇ ਮੰਗਣਾ ਹੀ ਹੈ ਤਾਂ ਉਸ ਅੱਲਾ-ਤਾਲਾ ਪਾਸੋਂ ਮੰਗੋ ਜੋ ਦੇ ਕੇ ਕਦੀ ਅਹਿਸਾਨ ਨਹੀਂ ਜਤਲਾਉਂਦਾ। ਜੇ ਸੁਤੰਤਰ ਬੇ-ਪ੍ਰਵਾਹੀ ਵਾਲਾ ਜ਼ੀਵਨ ਜੀਉਣਾ ਲੋਚਦੇ ਹੋ ਤਾਂ ਸੰਤੋਖੀ ਬਣੋ, ਲਾਲਚੀ ਮੰਗਤੇ ਨਾ ਬਣੋ।

ਸਤਿਗੁਰੂ ਜੀ ਦਾ ਬਚਨ ਹੈ ਜਿਹੜਾ ਲੋਭ ਲਾਲਚ ਦਾ ਤਿਆਗੀ ਬਣ ਜਾਂਦਾ ਹੈ। ਉਸ ਦੇ ਹਿਰਦੇ ਘਰ ਵਿੱਚ ਸਦਾ-ਸਦਾ ਲਈ ਖੁਸ਼ੀਆਂ ਖੇੜੇ ਆ ਟਿਕਦੇ ਹਨ। ਉਸਨੂੰ ਸਮਦ੍ਰਿਸ਼ਟੀ ਗੁਰੂ ਬਖਸ਼ਸ਼ ਕਰ ਦਿੰਦਾ ਹੈ। ਇਸਦੇ ਉਲਟ ਜੋ ਲੋਭ ਲਾਲਚ ਵਿੱਚ ਫਸਿਆ ਰਹਿੰਦਾ ਹੈ, ਉਸ ਨੂੰ ਕਦੇ ਵੀ ਖੁਸ਼ੀ ਅਨੰਦ ਪ੍ਰਾਪਤ ਨਹੀਂ ਹੁੰਦਾ, ਉਸ ਦੀ ਲੋਭੀ ਬ੍ਰਿਤੀ ਉਸਨੂੰ ਸਦਾ ਗੁਲਾਮੀਂ ਵਿੱਚ ਫਸਾਈ ਰਖਦੀ ਹੈ। ਲਾਲਚ ਦੇ ਤਿਆਗੀ ਨੂੰ ਕੀ ਪ੍ਰਾਪਤ ਹੁੰਦਾ ਹੈ ? ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :—

ਓਨਿ ਛਡੇ ਲਾਲਚ ਦੁਨੀ ਕੇ ਅੰਤਰਿ ਲਿਵ ਲਾਈ॥
ਓਸੁ ਸਦਾ ਸਦਾ ਘਰਿ ਅਨੰਦੁ ਹੈ ਹਰਿ ਸਖਾ ਸਹਾਈ॥
ਓਨਿ ਵੈਰੀ ਮਿਤ੍ਰ ਸਮ ਕੀਤਿਆ ਸਭ ਨਾਲਿ ਸੁਭਾਈ॥

ਮਾਰੂ ਵਾਰ ਮ: ੫ (ਪੰਨਾ : ੧੧੦੦)

ਸਦਾ ਦਾ ਅਨੰਦ ਪ੍ਰਾਪਤ ਕਰਨ ਲਈ ਲੋਭ ਦਾ ਤਿਆਗ ਅਵੱਸ਼ ਕਰਨਾ ਪੈਂਦਾ ਹੈ, ਪੂਰਨ ਅਨੰਦ ਹੈ ਹੀ ਸੰਤੋਖ ਵਿੱਚ।

ਲੋਭੀ ਮਨੁਖ ਹਮੇਸ਼ਾ ਅਤ੍ਰਿਪਤ ਰਹਿੰਦਾ ਹੈ।

ਬਿਨਾਂ ਸੰਤੋਖ ਤੋਂ, ਲੋਭ ਗ੍ਰਸਿਆ ਮਨੁੱਖ ਸਭ ਪਦਾਰਥ, ਸਭ ਵਸਤੂਆਂ ਪਾ ਕੇ ਵੀ ਅਤ੍ਰਿਪਤ ਹੀ ਰਹਿੰਦਾ ਹੈ। ਸੰਸਾਰ ਦੇ ਪਦਾਰਥ ਮਨੁੱਖ ਦੀ ਭੁੱਖ ਨਹੀਂ ਮਿਟਾ ਸਕਦੇ। ਸਗੋਂ ਜਿਉਂ-ਜਿਉਂ ਪਦਾਰਥ ਪ੍ਰਾਪਤ ਹੁੰਦੇ ਹਨ, ਤਿਉਂ-ਤਿਉਂ ਹੋਰ ਲੋਭ ਵਾਸ਼ਨਾ ਵਧਦੀ ਹੈ। ਲੋੜ ਇਕ ਮਕਾਨ ਦੀ ਹੈ। ਦੋ ਕੋਠੀਆਂ ਬਣਾ ਲਈਆਂ। ਦੋ ਬਨਾਉਣ ਤੋਂ ਪਿਛੋਂ ਹਰ ਸ਼ਹਿਰ ਵਿੱਚ ਚਾਹੀਦੀ ਹੈ, ਕੋਈ ਸੀਮਾਂ ਨਹੀਂ। ਤਨ ਢੱਕਣ ਲਈ ਕਪੜੇ ਚਾਹੀਦੇ ਹਨ, ਪੈਰ ਪਾਉਣ ਲਈ ਸੋਹਣਾ ਜੋੜਾ ਚਾਹੀਦਾ ਹੈ। ਪਰ ਦੋ ਚਾਰ ਜੋੜਿਆਂ ਜਾਂ ਦਸ-ਵੀਹ ਸੂਟਾਂ ਨਾਲ ਤ੍ਰਿਪਤੀ ਨਹੀਂ, ਹੋਰ ਚਾਹੀਦੇ ਹਨ। ਕਈ ਵਾਰੀ ਤੇ ਅਖਬਾਰਾਂ, ਮੈਗਜ਼ੀਨਾਂ ਵਿੱਚ ਪੜ੍ਹ ਕੇ ਹੈਰਾਨੀ ਹੁੰਦੀ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਸੂਟ ਸਾੜ੍ਹੀਆਂ, ਸੈਕੜਿਆਂ ਦੀ ਗਿਣਤੀ ਵਿੱਚ ਪੈਰ ਪਾਉਣ ਵਾਲੇ ਜੋੜੇ, ਸੈਂਕੜੇ ਤਰਾਂ ਦੇ ਹੱਥ ਤੇ ਗਲੇ ਪਾਉਣ ਵਾਲੇ ਭੂਖਣ, ਸਭ ਕੁਝ ਪ੍ਰਾਪਤ ਕਰਕੇ, ਅਤਿ ਦਰਜੇ ਦੇ

ਗਰੀਬ ਮਨੁੱਖ ਵਾਂਗ ਭੁੱਖ, ਤ੍ਰਿਸ਼ਨਾ ਉਹਨਾਂ ਦਾ ਪਿੱਛਾ ਨਹੀਂ ਛੱਡਦੀ, ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਧਨਾਸਰੀ ਰਾਗ ਵਿੱਚ ਫੁਰਮਾਨ ਕੀਤਾ ਹੈ, ਕਿਸੇ ਰਾਜੇ ਮਹਾਰਾਜੇ ਦੀ ਰਾਜ ਕਰਕੇ ਕਦੀ ਭੁੱਖ ਪੂਰੀ ਨਹੀ ਹੋਈ, ਜ਼ਮੀਨ ਜਾਇਦਾਦ ਦੇ ਮਾਲਕ ਬਣਕੇ ਵੀ ਕਿਸੇ ਨੂੰ ਤ੍ਰਿਪਤੀ ਨਹੀਂ ਆਈ। ਚੰਗੇ-ਚੰਗੇ ਸਵਾਦੀਕ ਭੋਜਨ ਛਕ ਕੇ ਵੀ ਮਨੁੱਖ ਦੀ ਲਾਲਸਾ ਨਹੀਂ ਮਿਟਦੀ ਸਗੋਂ ਲਾਲਚੀ ਕੂਕਰ ਵਾਂਗ ਹੋਰ-ਹੋਰ ਦੀ ਪ੍ਰਾਪਤੀ ਇਕ ਤਾਰ ਦੌੜ ਲੱਗੀ ਰਹਿੰਦੀ ਹੈ।

ਵਿਸ਼ਈ ਮਨੁੱਖ ਘਰ ਵਿੱਚੋਂ ਸਭ ਕੁਝ ਛੱਡ ਕੇ ਪਰਾਏ ਘਰਾਂ ਵਲ ਮੰਦ ਦ੍ਰਿਸ਼ਟੀ ਨਾਲ ਹਮੇਸ਼ਾਂ ਵੇਖਦਾ ਰਹਿੰਦਾ ਹੈ। ਕਾਰਣ ਕੀ ਹੈ ? ਮਨੁੱਖ ਤ੍ਰਿਸ਼ਨਾ ਨੂੰ ਪਦਾਰਥਾਂ ਨਾਲ ਸ਼ਾਂਤ ਕਰਨਾ ਚਾਹੁੰਦਾ ਹੈ। ਪਰ ਜਿਉਂ-ਜਿਉਂ ਮਨੁੱਖ ਨੂੰ ਪਦਾਰਥਾਂ ਦੀ ਪ੍ਰਾਪਤੀ ਹੁੰਦੀ ਹੈ, ਤ੍ਰਿਸ਼ਨਾ ਦੀ ਵਾਸ਼ਨਾ ਹੋਰ ਭੜਕਦੀ ਹੈ। ਪਦਾਰਥਾਂ ਤੇ ਵਿਸ਼ੇ ਭੋਗਾਂ ਨਾਲ ਤ੍ਰਿਪਤੀ ਪ੍ਰਾਪਤ ਕਰਨੀ ਤਾਂ ਇਸ ਤਰਾਂ ਦੀ ਖੁਸ਼-ਫਹਮੀ ਹੈ, ਜਿਸ ਤਰਾਂ ਕੋਈ ਮਨੁੱਖ ਚਾਹੇ ਕਿ ਮੈ ਲੱਕੜਾਂ ਪਾ-ਪਾ ਕੇ ਅੱਗ ਨੂੰ ਰੱਜਾ ਦੇਣਾ ਹੈ। ਪਰ ਇਹ ਉਸਦੀ ਨਦਾਨਗੀ ਹੈ। ਜਿਉਂ-ਜਿਉਂ ਮਨੁੱਖ ਅੱਗ ਵਿੱਚ ਲੱਕੜਾਂ ਪਾਵੇਗਾ ਹੋਰ ਭਾਂਬੜ ਮਚਣਗੇ। ਸਾਹਿਬਾਂ ਦਾ ਫੁਰਮਾਨ ਹੈ :—

ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ॥
ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ॥ ੧॥
ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ॥ ਰਹਾਉ॥
ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ ਤਾ ਕੀ ਮਿਟੈ ਨ ਭੂਖਾ॥
ਉਦਮੁ ਕਰੈ ਸੁਆਨ ਕੀ ਨਿਆਈ ਚਾਰੇ ਕੁੰਟਾ ਘੋਖਾ॥
ਕਾਮਵੰਤ ਕਾਮੀ ਬਹੁ ਨਾਰੀ ਪਰ ਗ੍ਰਿਹ ਜੋਹ ਨ ਚੂਕੈ॥
ਦਿਨ ਪ੍ਰਤਿ ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ॥

ਧਨਾਸਰੀ ਮ: ੫ (ਪੰਨਾ : ੬੭੨)

ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਸਮੇਂ ਸੁਲਤਾਨ ਹਮੀਦ ਕਾਰੂ ਨੇ ਆਪਨੀ ਤ੍ਰਿਸ਼ਨਾ ਨੂੰ ਸ਼ਾਂਤ ਕਰਨ ਵਾਸਤੇ ਵੱਡੇ-ਵੱਡੇ ਪਹਾੜ ਵਰਗੇ ਬਤਾਲੀ ਢੇਰ ਮਾਇਆ ਦੇ ਇਕੱਤਰ ਕਰ ਲਏ, ਕਿਸੇ ਪਾਸ ਪੈਸਾ ਨਹੀਂ ਛੱਡਿਆ, ਇੰਨਾਂ ਧਨ ਇਕੱਤਰ ਕਰਕੇ ਵੀ ਭੁੱਖੇ ਦਾ ਭੁੱਖਾ ਅਤ੍ਰਿਪਤ ਹੀ ਰਿਹਾ, ਅਖੀਰ ਲੋਭ ਵਾਸ਼ਨਾ ਦੀ ਤ੍ਰਿਪਤੀ ਲਈ ਕਬਰਾਂ ਪੁਟਵਾ ਕੇ ਮੁਰਦਿਆਂ ਦੇ ਮੂੰਹਾ ਵਿੱਚੋਂ ਰੁਪਏ ਕਢਵਾ ਲਏ ਪਰ ਭੁੱਖ ਪੂਰੀ ਨਾ ਹੋਈ।

ਸਾਹਿਬਾਂ ਦੇ ਦਰਸ਼ਨਾਂ ਨੂੰ ਆਇਆਂ। ਸਾਹਿਬਾਂ ਉਪਦੇਸ਼ ਦਿਤਾ ਤੇ ਪੁਛਿਆ,

ਇੰਨਾ ਧਨ-ਪਦਾਰਥ ਕੀ ਕਰੇਂਗਾ, ਨਾਲ ਤਾਂ ਜਾਣਾ ਨਹੀ। ਹਮੀਦ ਕਾਰੂ ਨੇ ਸੱਚ ਤਸਲੀਮ ਕੀਤਾ, ਪਾਤਸ਼ਾਹ, ਠੀਕ ਹੈ ਨਾਲ ਨਹੀਂ ਜਾਣਾ ਪਰ ਮਨ ਦੀ ਹਿਰਸ, ਲੋਭ ਵਾਸ਼ਨਾ ਨਹੀਂ ਮਿਟਦੀ। ਸਤਿਗੁਰਾਂ ਪੁੱਛਿਆ ਕੀ ਜਿਸ ਤਰ੍ਹਾਂ ਤੂੰ ਕਰ ਰਿਹਾ ਹੈ ਇਸ ਤਰਾਂ ਮਿਟ ਜਾਵੇਗੀ ? ਹਿਰਸ ਨੂੰ ਮਿਟਾਉਣ ਦਾ ਸਾਧਨ ਪੁੱਛਣ ਤੇ ਬਾਬਾ ਨਾਨਕ ਜੀ ਨੇ ਨਸੀਅਤ ਨਾਮਾ ਉਚਾਰਨ ਕਰਕੇ ਉਸ ਦੀ ਲੋਭ ਲਾਲਸਾ ਨੂੰ ਸ਼ਾਂਤ ਕਰਨ ਦਾ ਰਸਤਾ ਦਰਸਾਇਆ। ਸਾਹਿਬਾਂ ਫੁਰਮਾਨ ਕੀਤਾ ਹੇ ਕਾਰੂ :—

ਕੀਚੇ ਨੇਕ ਨਾਮੀ ਜੋ ਦੇਵੈ ਖੁਦਾਇ॥
ਜੋ ਦੀਸੈ ਜ਼ਿਮੀ ਪਰ ਸੋ ਹੋਸੀ ਫ਼ਨਾਹਿ॥
ਦਾਯਮ ਵ ਦੌਲਤ ਕਸੇ ਬੇਸੁਮਾਰ॥
ਨ ਰਹੇਂਗੇ ਕਰੋੜੀ ਨ ਰਹੇਂਗੇ ਹਜਾਰ॥
ਦਮੜਾ ਤਿਸੀ ਕਾ ਜੋ ਖਰਚੇ ਅਰ ਖਾਇ॥
ਦੇਵੈ ਦਿਲਾਵੈ ਰਜਾਵੈ ਖੁਦਾਇ॥
ਹੋਤਾ ਨ ਰਾਖੈ ਇਕੇਲਾ ਨ ਖਾਇ॥
ਤਹਕੀਕ ਦਿਲ ਦਾਨੀ ਵਹੀ ਭਿਸਤ ਜਾਇ॥
ਕੀਜੇ ਤੋਬਾ ਨ ਕੀਜੈ ਗੁਮਾਨ॥
ਹਮੇਸ਼ਾ ਨ ਰਹਿਗੀ ਤੂ ਐਸੀ ਨ ਜਾਨ॥
ਹਾਥੀ ਵ ਘੋੜੇ ਵ ਨਸ਼ਕਰ ਹਜ਼ਾਰ॥
ਸਭੀ ਗਰਕ ਹੋਤੇ ਕੋ ਲਾਗੇ ਨ ਬਾਰ॥
ਦੁਨੀਆ ਕਾ ਦੀਵਾਨਾ ਕਹੈ ਮੁਲਕ ਮੇਰਾ॥
ਆਈ ਮੌਤ ਸਿਰ ਪਰ ਨ ਤੇਰਾ ਨ ਮੇਰਾ॥
ਕੇਤੀ ਗਈ ਦੇਖ ਬਾਜੇ ਬਜਾਇ॥
ਰਹੇਗਾ ਵੁਹੀ ਏਕ ਸਾਚਾ ਖੁਦਾਇ॥
ਆਯਾ ਇਕੇਲਾ ਇਕੇਲਾ ਚਲਾਇਆ॥
ਚਲਤੇ ਵਕਤ ਕਿਛੁ ਕਾਮ ਨ ਆਯਾ॥
ਲੇਖ ਮੰਗੀਜੈ ਕਿਆ ਦੀਜੈ ਜਵਾਬ॥
ਤੋਬਾ ਪੁਕਾਰੇ ਤੇ ਪਾਵੇ ਅਜਾਬ॥
ਕੀਆ ਜੁਲਮ ਦੁਨੀਆ ਪੈ ਦਮੜਾ ਕਮਾਯਾ॥
ਨ ਖਾਯਾ ਪੁਲਾਯਾ ਅਜਾਈ ਗਵਾਇਆ॥
ਹੋਵੇਗਾ ਪਸ਼ੇਮਾ ਕਰੇ ਹਾਇ ਹਾਇ॥
ਜਾਇਗਾ ਦਰਗਹ ਤੋ ਪਾਏ ਸਜਾਇ॥

ਲਾਨਤ ਹੈ ਉਨ ਕੋ ਔਰ ਉਨ ਕੀ ਕਮਾਈ
ਦਗੇਬਾਜੀ ਕਰਕੇ ਦੁਨੀਆ ਲੂਟ ਖਾਈ
ਪੀਏ ਪਬਾਲੇ ਵਖਾਏ ਕਬਾਬ॥
ਦੇਖੋ ਰੇ ਲੋਗੋ ਵੋਹ ਹੋਤੇ ਖਰਾਬ॥
ਜਿਸਕਾ ਤੂ ਬੰਦਾ ਉਸੇ ਨ ਚਿਤਾਰਾ॥
ਦੁਨੀਆ ਕੇ ਲਾਲਕ ਤੈ ਸਾਹਿਬ
ਬਿਸਾਰਾ ....॥ ਚਲਦਾ॥

ਜੇ ਕਾਰੂ ਦੇ ਵੱਡੇ-ਵੱਡੇ ਬਤਾਲੀ ਪਹਾੜ ਵਰਗੇ ਧਨ ਦੇ ਢੇਰ ਇਕੱਤਰ ਕਰਨ ਨਾਲ ਲੋਭ-ਵਾਸ਼ਨਾ ਦੀ ਤ੍ਰਿਪਤੀ ਨਹੀਂ ਹੋਈ ਫਿਰ ਸੱਚ ਜਾਣੋ ਕਿਸੇ ਦੀ ਵੀ ਨਹੀਂ ਹੋਣੀ। ਨਾ ਹੀ ਪਿਛਲੇਰੇ ਸਮੇਂ ਦੀ ਕੋਈ ਮਿਸਾਲ ਹੀ ਮਿਲਦੀ ਹੈ ਜਿਸ ਨੂੰ ਧਨ ਦੌਲਤ ਨਾਲ ਤ੍ਰਿਪਤੀ ਪ੍ਰਾਪਤ ਹੋਈ ਹੋਵੇ। ਅਤ੍ਰਿਪਤੀ ਹੀ ਸਾਰੇ ਦੁੱਖਾਂ ਦਾ ਮੂਲ ਕਾਰਣ ਹੈ।

ਸੁੱਖ, ਲੈਣ ਬ੍ਰਿਤੀ ਦੁਆਰਾ ਨਹੀਂ, ਦੇਣ ਬ੍ਰਿਤੀ ਦੁਆਰਾ ਪ੍ਰਾਪਤ ਹੁੰਦਾ ਹੈ। ਦੇਣ ਬ੍ਰਿਤੀ ਪ੍ਰਭੂ ਬ੍ਰਿਤੀ ਹੈ। ਲੈਣ ਬ੍ਰਿਤੀ ਪਸ਼ੂ ਬਿਰਤੀ ਹੈ।

ਗੁਰੂ ਚਰਨਾਂ ਵਿੱਚ ਅਰਦਾਸ ਕਰੀਏ, ਸਤਿਗੁਰੂ ਜੀ ਮਿਹਰ ਕਰਨ, ਸਤਿ, ਸੰਤੋਖ ਦੀ ਦਾਤ ਬਖਸ਼ਸ਼ ਕਰਕੇ, ਤ੍ਰਿਸ਼ਨਾ-ਲੋਭ ਤੋਂ ਛੁਟਕਾਰਾ ਪ੍ਰਦਾਨ ਕਰਕੇ ਸਦੀਵੀਂ ਅਨੰਦਤ ਬਿਰਤੀ ਬਖਸ਼ਸ਼ ਕਰ ਦੇਣ ਜੀ।

ਅਧਿਆਇ 3

ਸ਼ੁਭ ਵੀਚਾਰਾਂ ਦੇ ਧਾਰਨੀ ਬਣਨ ਦੀ ਪ੍ਰੇਰਨਾ

ਸਤਿਗੁਰੂ ਜੀ ਨੇ ਸਾਰੀ ਗੁਰਬਾਣੀ ਵਿੱਚ ਸਾਨੂੰ ਸ਼ੁਭ ਵੀਚਾਰਾਂ ਦੇ ਧਾਰਨੀ ਬਣਨ ਵਾਸਤੇ ਪ੍ਰੇਰਨਾ ਦਿੱਤੀ ਹੈ ਕਿਉਂਕਿ ਵਿਚਾਰਾਂ ਦੇ ਅਧਾਰ ਉਪਰ ਹੀ ਮਨ ਦੀ ਹੋਂਦ ਹੈ। ਚੰਗੇ ਜਾਂ ਮਾੜੇ ਵੀਚਾਰਾਂ ਅਨੁਸਾਰ ਹੀ ਮਨ ਸ੍ਰੇਸ਼ਟ ਜਾਂ ਪਲੀਤ ਬਣਦਾ ਹੈ। ਵੀਚਾਰਾਂ ਦੇ ਅਧਾਰ ਉੱਤੇ ਜਿਹੋ ਜਿਹੇ ਮਨ ਦੇ ਸੰਸਕਾਰ ਬਣਦੇ ਹਨ, ਉਹੋ ਜਿਹੇ ਮਨੁੱਖ ਕਰਮ ਕਰਦਾ ਹੈ। ਚੰਗੇ ਕਰਮ ਕਰਨ ਵਾਲੇ ਨੂੰ ਚੰਗਾ, ਮੰਦੇ ਕਰਮਾਂ ਦੇ ਕਰਨ ਵਾਲੇ ਨੂੰ ਮੰਦਾ ਮਨੁੱਖ ਆਖਿਆ ਜਾਂਦਾ ਹੈ।

ਸਰੀਰਕ ਜਾਮੇ ਕਰਕੇ ਨਾ ਕੋਈ ਉੱਤਮ ਹੈ ਨਾ ਕੋਈ ਨੀਚ ਕਿਉਂਕਿ ਸਰੀਰਕ ਚੋਲੇ ਨੂੰ ਪ੍ਰਮਾਤਮਾ ਨੇ ਇਕੋ ਜਿਹੀ ਪੰਜਾਂ ਤੱਤਾਂ ਦੀ ਮਿੱਟੀ ਲਾਈ ਹੈ। ਪਰ ਵੀਚਾਰ ਇਕੋ ਜਿਹੇ ਨਹੀਂ, ਹਰੇਕ ਪ੍ਰਾਣੀ ਦੇ ਵੀਚਾਰ ਚੰਗੇ ਜਾਂ ਮਾੜੇ ਵੱਖ-ਵੱਖ ਹਨ।

ਵੀਚਾਰ ਕਿਥੋਂ ਪ੍ਰਾਪਤ ਹੁੰਦੇ ਹਨ ?

1. ਪੂਰਬਲੇ ਕਰਮਾਂ ਦੇ ਸੰਸਕਾਰਾਂ ਵਿੱਚੋਂ :—

ਜੋ ਪਿਛਲੇ ਜਨਮਾਂ ਵਿੱਚ ਮਾੜੇ ਜਾਂ ਚੰਗੇ ਕਰਮ ਮਨੁੱਖ ਨੇ ਕੀਤੇ ਹਨ, ਉਹਨਾਂ ਕਿਰਤ ਕਰਮਾਂ ਦਾ ਦਸਤਾਵੇਜ ਜੋ ਸੰਸਕਾਰਾਂ ਦੇ ਰੂਪ ਵਿੱਚ ਮਨੁੱਖ ਆਤਮਾਂ ਅੱਗੇ ਤੋਂ ਅਗਲੇਰੇ ਜਨਮਾਂ ਵਿੱਚ ਲੈ ਜਾਂਦੀ ਹੈ। ਇਹ ਵੀਚਾਰ ਸੰਸਕਾਰਾਂ ਦੇ ਰੂਪ ਵਿੱਚ ਮਨੁੱਖ ਦੀ ਬੁੱਧੀ ਤੇ ਬਹੁਤ ਪ੍ਰਭਾਵਤ ਹੁੰਦੇ ਹਨ। ਜਿਸ ਦੇ ਪ੍ਰਤੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿੱਚ ਫੁਰਮਾਨ ਕੀਤਾ ਹੈ :—

ਕਰਿ ਕਰਿ ਕਰਣਾ ਲਿਖਿ ਲੈ ਜਾਹੁ॥
ਆਪੇ ਬੀਜਿ ਆਪੇ ਹੀ ਖਾਹੁ॥

ਜਪੁਜੀ (ਪੰਨਾ : ੪)

ਜਿਹੋ ਜਿਹੇ ਮਨੁੱਖ ਕਰਮ ਕਰਦਾ ਹੈ, ਮਾੜੇ ਜਾਂ ਚੰਗੇ। ਉਹਨਾਂ ਕਰਮਾਂ ਦੇ ਬੀਜ ਸੰਸਕਾਰਾਂ ਦੇ ਰੂਪ ਵਿੱਚ ਜੀਵ ਆਤਮਾਂ ਅਗਲੀ ਜੀਵਨ ਯਾਤਰਾ ਲਈ ਨਾਲ ਲੈ ਜਾਂਦੀ ਹੈ। ਬਾਰਾਂ ਮਾਹਾਂ ਵਿੱਚ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਨ ਕੀਤਾ ਹੈ। ਹੇ ਪ੍ਰਭੂ-ਪ੍ਰਮਾਤਮਾਂ, ਅਸੀਂ ਕੁਝ ਐਸੇ ਕਰਮ ਕਰ ਚੁੱਕੇ ਹਾਂ ਜਿਹਨਾਂ ਕਰਮਾਂ ਦੇ ਕਾਰਣ

ਆਪ ਜੀ ਨਾਲੋਂ ਸਾਡੀ ਆਤਮਾਂ ਦਾ ਵਿਛੋੜਾ ਪੈ ਗਿਆ ਹੈ। ਉਹਨਾਂ ਕਰਮਾਂ ਕਾਰਣ ਅਨੇਕਾਂ ਜੂਨਾਂ ਵਿੱਚ ਭਰਮਦੇ ਥੱਕ ਗਏ ਹਾਂ ਅਤੇ ਆਪ ਦੀ ਸ਼ਰਣ ਵਿੱਚ ਆਏ ਹਾਂ। ਕ੍ਰਿਪਾ ਕਰਕੇ ਆਪਣੇ ਨਾਲ ਮੇਲ ਲਵੋ ਜੀ :—

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥
ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥

ਬਾਰਾ ਮਾਹਾ ਮਾਝ ਮ: ੫ (ਪੰਨਾ : ੧੩੩)

ਬਿਲਾਵਲ ਰਾਗ ਵਿੱਚ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ। ਪੂਰਬਲੇ ਕਰਮਾਂ ਦੇ ਜੋ ਲੇਖ ਹਨ, ਹੁਣ ਇਸ ਜਨਮ ਵਿੱਚ ਉਹਨਾਂ ਦੇ ਸੰਸਕਾਰ ਅਤੇ ਫਲ ਮਿਲ ਰਹੇ ਹਨ :—

ਪਰਾ ਪੂਰਬਲਾ ਲੀਖਿਆ ਮਿਲਿਆ ਅਬ ਆਇ॥

ਬਿਲਾਵਲੁ ਮ: ੫ (ਪੰਨਾ : ੮੧੩)

ਇਸ ਜਨਮ ਵਿੱਚ ਜੋ ਵੀ ਦੁੱਖ ਜਾਂ ਸੁੱਖ ਸਾਨੂੰ ਪ੍ਰਾਪਤ ਹੋ ਰਹੇ ਹਨ, ਇਹ ਸਾਰਾ ਪੂਰਬਲੇ ਕਰਮਾਂ ਦਾ ਹੀ ਭੁਗਤਾਨ ਹੈ। ਇਸ ਲਈ ਕਿਸੇ ਨੂੰ ਦੋਸ਼ ਨ ਦੇਹ ਇਹ ਤੇਰੇ ਕੀਤੇ ਹੋਏ ਕਰਮਾਂ ਦਾ ਹੀ ਫਲ ਹੈ। ਇਹਨਾਂ ਕਰਮਾਂ ਦੇ ਭੋਗ ਨੂੰ ਹੁਣ ਖੁਸ਼ੀ ਨਾਲ ਭੋਗ:—

ਸੁਖੁ ਦੁਖੁ ਪੂਰਬ ਜਨਮ ਕੇ ਕੀਏ॥ ਸੋ ਜਾਣੈ ਜਿਨਿ ਦਾਤੈ ਦੀਏ॥
ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ॥ ੧੪॥

ਮਾਰੂ ਮ: ੧ (ਪੰਨਾ : ੧੦੩੦)

ਸਤਿਗੁਰੂ ਰਾਮਦਾਸ ਜੀ ਮਹਾਰਾਜ ਜੀ ਨੇ ਕਰਮਾਂ ਦੇ ਸਿਧਾਂਤ ਪ੍ਰਤੀ ਫੁਰਮਾਨ ਕੀਤਾ ਹੈ ਕਿ ਹੇ ਪ੍ਰਾਣੀ, ਜਿਵੇਂ ਇਸ ਸੰਸਾਰ ਵਿੱਚ ਜਿਹੋ ਜਿਹਾ ਕੋਈ ਧਰਤੀ ਵਿੱਚ ਬੀਜ ਪਾਉਂਦਾ ਹੈ, ਉਸਦਾ ਉਹੋ ਜਿਹਾ ਫਲ ਹੀ ਉਸਨੂੰ ਪ੍ਰਾਪਤ ਹੁੰਦਾ ਹੈ। ਪੂਰਬਲੇ ਜਨਮ ਵਿੱਚ ਜੋ ਬੀਜਿਆ ਹੈ, ਹੁਣ ਉਹੋ ਹੀ ਪ੍ਰਾਪਤ ਹੋ ਰਿਹਾ ਹੈ :—

ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ॥

ਗਉੜੀ ਵਾਰ ਮ: ੪ (ਪੰਨਾ : ੩੦੯)

ਤਥਾ :— **ਅਹਿਨਿਸਿ ਜੀਆ ਦੇਖਿ ਸਮ੍ਾਲੇ ਸੁਖ ਦੁਖੁ ਪੁਰਬਿ ਕਮਾਈ॥**

ਪ੍ਰਭਾਤੀ ਮ: ੧ (ਪੰਨਾ : ੧੩੩੦)

ਵਰਤਮਾਨ ਵਿੱਚ ਸੰਸਕਾਰ, ਵੀਚਾਰਾਂ ਦੇ ਰੂਪ ਵਿੱਚ ਸਾਨੂੰ ਦ੍ਰਿਸ਼ਟਮਾਨ ਸੰਸਾਰ ਵਿੱਚੋਂ ਹੀ ਪ੍ਰਾਪਤ ਹੁੰਦੇ ਹਨ। ਪੂਰਬਲੇ ਕਰਮ ਮਾੜੇ ਜਾਂ ਚੰਗੇ ਵਰਤਮਾਨ ਦੇ ਵੀਚਾਰਾਂ ਨੂੰ ਬੜ੍ਹਾਵਾ ਦੇਣ, ਪ੍ਰੇਰਤ ਕਰਨ ਵਿੱਚ ਜ਼ਰੂਰ ਸਹਾਇਕ ਹੁੰਦੇ ਹਨ। ਹੁਣ ਜੋ ਕੁਝ ਵੀ ਅਸੀਂ ਕਰ ਰਹੇ ਹਾਂ, ਇਕ ਦਿਨ ਇਹ ਹੀ ਪੂਰਬਲਾ ਬਣ ਜਾਣਾ ਹੈ।

ਅਸੀਂ ਆਪਣੀ ਜ਼ਿੰਦਗੀ ਵਿੱਚ ਬਹੁਤ ਵਾਰੀ ਵੇਖਿਆ ਹੋਵੇਗਾ। ਜਿਹੋ ਜਿਹੇ ਮਨੁੱਖ ਦਿਨੇ ਕਰਮ ਕਰਦਾ ਹੈ ਅਤੇ ਪੜ੍ਹ ਸੁਣ ਕੇ ਵੀਚਾਰ ਇਕੱਤ੍ਰਤ ਕਰਦਾ ਹੈ। ਰਾਤ ਨੂੰ ਸੁੱਤਿਆਂ ਪਇਆਂ ਵੀ ਉਹਨਾਂ ਵੀਚਾਰਾਂ ਅਧੀਨ ਅਚੇਤ ਮਨ ਵਿੱਚੋਂ ਉਹਨਾਂ ਵੀਚਾਰਾਂ ਦਾ ਪ੍ਰਗਟਾਵਾ ਮਨੁੱਖ ਗੁਣਗੁਣਾਂ ਕੇ ਬਰੜਾਅ ਕੇ ਕਰਦਾ ਹੈ। ਜਿਮੀਂਦਾਰ ਸੁੱਤਿਆਂ ਪਇਆਂ ਵੀ ਦਿਨ ਦੇ ਕੀਤੇ ਕਰਮਾਂ ਅਧੀਨ ਜੋ ਵੀਚਾਰ ਬਣੇ ਹਨ, ਉਸ ਤਰਾਂ ਦੇ ਬੋਲ, ਮੂੰਹ ਚੋਂ ਕੱਢੇਗਾ। ਡਾਕਟਰ ਰਾਤ ਨੂੰ ਵੀ ਮਰੀਜਾਂ ਨੂੰ ਦੁਆਈਆਂ ਅਤੇ ਪ੍ਰਹੇਜ ਦੱਸੇਗਾ। ਇੰਜਨੀਅਰ, ਸੁੱਤਿਆਂ ਪਇਆ ਵੀ ਆਪਣੇ ਖੇਤਰ ਦੇ ਕਾਰਜ ਮਨ ਕਰਕੇ ਕਰੇਗਾ। ਦੁਕਾਨਦਾਰ, ਸਰੀਰ ਕਰਕੇ ਸੁੱਤਾ ਪਿਆ ਹੈ, ਪਰ ਦਿਨ ਦੇ ਇਕੱਤ੍ਰ ਕੀਤੇ ਵੀਚਾਰਾਂ ਕਰਕੇ ਜਾਗਦਾ ਹੈ। ਸੁੱਤਿਆਂ ਪਇਆਂ ਵੀ ਨੌਕਰਾਂ ਨੂੰ ਅਵਾਜਾਂ ਮਾਰ ਕੇ ਸੌਦਾ ਗਾਹਕਾਂ ਨੂੰ ਦੇਣ ਦੀਆਂ ਅਤੇ ਪੈਸੇ ਲੈਣ ਦੀਆਂ ਪ੍ਰਤੱਖ ਗੱਲਾਂ ਕਰਕੇ ਦਿਨ ਦੇ ਸੰਚਰਤ ਕੀਤੇ ਵੀਚਾਰਾਂ ਦਾ ਪ੍ਰਗਟਾਵਾ ਜ਼ਰੂਰ ਕਰੇਗਾ। ਇਸ ਤਰ੍ਹਾਂ ਦੇ ਮਾਜਰੇ ਹਰ ਰੋਜ਼ ਹਰੇਕ ਪ੍ਰਾਣੀ ਦੇ ਨਾਲ ਵਰਤਦੇ ਹਨ। ਜਿਹਨਾਂ ਨੂੰ ਅਸੀਂ ਅੱਖਾਂ ਨਾਲ ਵੇਖਦੇ ਅਤੇ ਸੁਣਦੇ ਹਾਂ। ਜੋ ਸੰਸਾਰ ਵਿੱਚੋਂ ਵੀਚਾਰਾਂ ਨੂੰ ਇਕਤ੍ਰਤ ਕਰਨ ਦੇ ਪਰਤੱਖ ਸਬੂਤ ਹਨ।

ਘਟਨਾਵਾਂ ਤਾਂ ਬਹੁਤ ਹਨ, ਪਰ ਅਕਾਰ ਵਧਣ ਤੋਂ ਡਰਦੇ ਹੋਏ ਕੇਵਲ ਇਕ, ਛੋਟੀ ਜਿਹੀ ਘਟਨਾ ਨੂੰ ਵਾਚ ਲਈਏ, ਪਤਾ ਚਲ ਜਾਵੇਗਾ ਕਿ ਮਨੁੱਖ ਜੋ ਕਰਮ ਦਿਨੇ ਬਾਰ-ਬਾਰ ਕਰਦਾ ਹੈ ਉਹਨਾਂ ਬਾਰ-ਬਾਰ ਕੀਤੇ ਕਰਮਾਂ ਦੇ ਵੀਚਾਰਾਂ ਦੇ ਸੰਸਕਾਰ ਮਨੁੱਖ ਦੇ ਮਨ ਦੇ ਗਹਿਰੇ ਤਲ ਵਿੱਚ ਪਰਵੇਸ਼ ਕਰ ਜਾਂਦੇ ਹਨ। ਜਿਹਨਾਂ ਨੂੰ ਮਨ ਵਿੱਚੋਂ ਕੱਢਣਾ ਬਹੁਤ ਔਖਾ ਹੋ ਜਾਂਦਾ ਹੈ। ਮੈਂ ਇੱਥੇ ਇਕ ਬਣੀਏ ਦੁਕਾਨਦਾਰ ਦੀ ਘਟਨਾ ਦਰਜ ਕਰਨ ਲੱਗਾ ਹਾਂ। ਇਹ ਘਟਨਾ ਉਸ ਦੁਕਾਨਦਾਰ ਦੇ ਬੱਚਿਆਂ ਨੇ ਸੁਣਾਈ ਜੋ ਉਹਨਾਂ ਦਾ ਪਿਤਾ ਹਰ ਰੋਜ਼ ਬੋਲਦਾ ਤੇ ਸੁੱਤਾ ਪਿਆ ਉੱਠ ਕੇ ਕਰਨ ਲੱਗ ਜਾਂਦਾ ਹੈ। ਬੜੀ ਦਿਲਚਸਪ ਹੈ।

ਗੜ੍ਹਦੀਵਾਲਾ ਵਿੱਚ ਉਸ ਬਣੀਏ ਦੀ ਕਰਿਆਨੇ ਦੀ ਦੁਕਾਨ ਹੈ। ਗੁਰਦੁਆਰੇ ਨਾਲ ਉਸ ਬਣੀਏ ਦਾ ਲੈਣ ਦੇਣ ਦਾ ਬਿਉਹਾਰ ਚਲਦਾ ਰਹਿੰਦਾ ਸੀ। ਕਈ ਵਾਰੀ ਉਸਨੇ ਵੀ ਮਿਲਣ ਆ ਜਾਣਾ। ਆਪਣੀ ਪਿਛਲੀ ਸਾਰੀ ਕਹਾਣੀ ਸੁਨਾਉਣੀ ਕਿ ਮੈਂ ਛੋਟੀ ਉਮਰ ਵਿੱਚ ਹੀ ਦੁਕਾਨ ਦੀ ਗੱਦੀ ਤੇ ਬੈਠਣ ਲੱਗ ਪਿਆ। ਬੜਾ ਕੰਮ ਕੀਤਾ, ਮਿਹਨਤ ਦਾ ਸਿੱਟਾ ਤੇ ਪ੍ਰਭੂ ਦੀ ਰਹਿਮਤ ਨਾਲ ਲੱਖਾਂ ਨਹੀਂ ਕ੍ਰੋੜਾਂ ਵਿੱਚ ਕਾਰੋਬਾਰ

ਪੁੱਜ ਗਿਆ। ਇਕ ਦੁਕਾਨ ਦੀ ਥਾਂ ਪੰਜ ਦੁਕਾਨਾਂ ਬਣਾ ਲਈਆਂ, ਹੋਰ ਬਿਅੰਤ ਪ੍ਰਾਪਟੀ ਖ੍ਰੀਦ ਲਈ ਹੈ।

ਉਸਦਾ ਨੇਮ ਸੀ, ਸਵੇਰੇ ਉਠਣਾ ਸਾਝਰੇ ਹੀ ਰਸਤੇ ਵਿੱਚ ਹਨੂਮਾਨ ਜੀ ਦੇ ਮੰਦਰ ਦੀ ਮੂਰਤ ਤੇ ਪੰਜ ਚਾਰ ਛਿੱਟੇ ਪਾਣੀ ਦੇ ਮਾਰਨੇ ਤੇ ਕਾਹਲੀ-ਕਾਹਲੀ ਦੁਕਾਨ ਤੇ ਪੁੱਜ ਜਾਣਾ। ਸਾਫ ਸਫਾਈ ਕਰਵਾ ਕੇ, ਕੰਮ ਅਰੰਭ ਕਰ ਦੇਣਾ। ਇਕ ਹੱਥ ਵਿੱਚ ਦੋ ਅਗਰ ਬੱਤੀਆਂ ਨੂੰ ਅੱਗ ਲਾ ਕੇ ਫੜ ਲੈਣਾ, ਕਦੀ ਮੂਰਤੀਆਂ ਨੂੰ ਕਦੀ ਗੱਲੇ ਨੂੰ ਧੂਪ ਦੇਣੀ। ਮੂੰਹ ਵਿੱਚੋਂ ਕੁਝ ਮੰਤ੍ਰ ਪੜ੍ਹੀ ਜਾਣੇ। ਫਿਰ ਸਾਰੀ ਦੁਕਾਨ ਵਿੱਚ ਧੂਪ ਦੀ ਬੱਤੀ ਫੇਰਨੀ। ਇਹ ਸਾਰਾ ਤਾਂ ਇਕ ਕਰਮ ਕਾਂਡ ਹੀ ਹੁੰਦਾ। ਅਸਲੀ ਧਿਆਨ ਗਾਹਕਾਂ ਵਿੱਚ ਹੁੰਦਾ ਕਿ ਕਿਤੇ ਕੋਈ ਗਾਹਕ ਮੁੜ ਨ ਜਾਵੇ ਧੂਪ ਦਿੰਦੇ ਮੰਤ੍ਰ ਪੜ੍ਹਦੇ ਵੀ ਸੌਦਾ ਦੇਣ ਲਈ ਨੌਕਰਾਂ ਨੂੰ ਵਾਜਾਂ ਮਾਰੀ ਜਾਣੀਆਂ ਓ-ਬਨਾਰਸੀ ! ਸਰਦਾਰ ਜੀ ਨੂੰ ਪੁੱਛ ਉਹ ਕੀ ਮੰਗਦੇ ਹਨ ?

ਓਹ ਬਿੱਟੂ ! ਵੀਹ ਕਿਲੋ ਮਾਂਹ ਜੋਖਦੇ, ਮੈਂ ਹੁਣੇ ਆਇਆ। ਓਹ ਨੀਟੂ, ਵੀਹ ਕਿਲੋ ਮਾਂਹ ਦੇ ਤਿੰਨ ਸੌ ਪੰਝੀ ਰੁਪੈ ਲੈ ਕੇ ਗੱਲੇ ਵਿੱਚ ਪਾ ਦੇਹ। ਓਹ ਧਰਮਿਆਂ, ਦੋ ਬੋਰੀ ਲੂਣ, ਇੱਕ ਬੋਰੀ ਖਲ, ਦੋ ਬੋਰੀਆਂ ਖੰਡ, ਸਾਬਣ ਦੀਆਂ ਦੋ ਪੇਟੀਆਂ ਰੇੜ੍ਹੇ ਤੇ ਰਖਵਾ ਕੇ ਮੈਨੂੰ ਛੇਤੀ ਦੱਸ। ਤਿੰਨ ਚਾਰ ਮਿੰਟ ਦਾ ਸਮਾਂ ਵੀ ਜ਼ੁਬਾਨ ਮੂੰਹ ਵਿੱਚ ਨਹੀਂ ਪਾਉਣੀ। ਮੁੜ ਸਾਰਾ ਦਿਨ ਤਾਂ ਬਸ ਚਲ ਸੋ-ਚਲ, ਸੌਦਾ ਦੇ ਦਿੱਤਾ। ਪੈਸੇ ਲੈ ਲੈ ਕੇ ਗੱਲੇ ਵਿੱਚ ਪਾਈ ਗਏ ਰੋਟੀ ਖਾਣ ਦਾ ਵੀ ਸਮਾਂ ਨਹੀਂ। ਰਾਤ 10 ਵਜੇ ਤੱਕ ਇਹੀ ਸਿਲਸਲਾ ਜਾਰੀ। ਜਾਣ ਲਗਿਆਂ ਬਹੀ ਖਾਤਾ ਨਾਲ ਲੈ ਜਾਣਾ। ਪ੍ਰਸ਼ਾਦਾ ਛੱਕ ਕੇ, ਸਾਰੇ ਹਿਸਾਬ ਕਿਤਾਬ ਨੂੰ ਨਿਗਾਹ ਮਾਰਨੀ ਅਤੇ ਸਮੇਤ ਬਹੀ ਖਾਤੇ ਦੇ ਸੌਂ ਜਾਣਾ। ਸਵੇਰੇ ਫੇਰ ਉਠਣਾ, ਓਹੋ ਨਿਤਨੇਮ ਜਾਰੀ ਹੋ ਜਾਣਾ। ਸਮਾਂ ਬੀਤਦਾ ਗਿਆ।

ਕਾਫੀ ਸਮੇਂ ਤੋਂ ਪਿੱਛੋਂ ਇਕ ਦਿਨ ਮੈਨੂੰ ਦਸ ਕੁ ਵਜੇ ਦਿਨੇ ਉਸਦੀ ਦੁਕਾਨ ਦੇ ਅਗਿਉਂ ਦੀ ਲੰਘਣ ਦਾ ਸਮਾਂ ਬਣਿਆ, ਲਾਲਾ ਜੀ ਆਪ ਤਾਂ ਗੱਦੀ ਤੇ ਨਹੀਂ ਸਨ। ਉਸਦਾ ਵੱਡਾ ਲੜਕਾ ਦੁਕਾਨ ਤੇ ਬੈਠਾ ਸੀ।

ਉਸ ਲੜਕੇ ਨੂੰ ਮਿਲਣ ਉਪ੍ਰੰਤ ਰਾਜ਼ੀ ਖੁਸ਼ੀ ਦੀ ਸਾਂਝ ਕੀਤੀ, ਉਪ੍ਰੰਤ ਲਾਲਾ ਜੀ ਪ੍ਰਥਾਇ ਪੁੱਛਿਆ ਕਿ ਅੱਜ ਉਹ ਦੁਕਾਨ ਤੇ ਕਿਉਂ ਨਹੀਂ ਆਏ? ਇੰਨਾ ਕਹਿਣ ਦੀ ਦੇਰ ਸੀ, ਉਸਦਾ ਮੁੰਡਾ ਕਹਿਣ ਲੱਗਾ ਬਾਬਾ ਜੀ, ਡੈਡੀ ਨੇ ਆਪ ਤਾਂ ਕੀ ਸੌਣਾ ਸਾਨੂੰ ਸਾਰੇ ਟੱਬਰ ਨੂੰ ਰਾਤ ਨੂੰ ਸੌਣ ਨਹੀਂ ਦਿੰਦੇ। ਮੈਂ ਪੁੱਛਿਆ ਕੀ ਕਾਰਣ ਹੈ ?

ਉਸਨੇ ਦੱਸਿਆ ਕਿ ਲਾਲਾ ਜੀ ਦੁਕਾਨ ਤੋਂ ਕਾਫੀ ਲੇਟ ਜਾਂਦੇ ਹਨ। ਜਾਂਦੇ ਸਾਰ ਹੀ ਹਿਸਾਬ ਕਿਤਾਬ ਮੇਲਣ ਲੱਗ ਜਾਂਦੇ ਹਨ। ਰੋਟੀ ਖਾ ਕੇ ਮੁੜ ਵਹੀ ਖਾਤਾ ਚੈੱਕ ਕਰਦੇ ਮੰਜੇ ਤੇ ਹੀ ਡਿਗ ਪੈਂਦੇ ਹਨ। ਬਸ ਮਸੀਂ ਪੰਜ ਜਾਂ ਸੱਤ ਮਿੰਟ ਲੰਮੇ ਪੈਂਦਿਆਂ ਚੁਪ

ਤਦ ਹੀ ਸਾਹਿਬਾਂ ਨੇ ਤਾਕੀਦ ਕੀਤੀ ਹੈ, ਹੇ ਮਨੁੱਖ, ਦੁੱਖ ਦੇ ਸਮੇਂ ਕਿਸੇ ਨੂੰ ਦੋਸ਼ੀ ਨਾ ਠਹਿਰਾ। ਇਹ ਦੁੱਖ ਤੈਨੂੰ ਆਪਣੇ ਕੀਤੇ ਹੋਏ ਕਰਮਾਂ[੧] ਕਰਕੇ ਹੀ ਪ੍ਰਾਪਤ ਹੋ ਰਹੇ ਹਨ। ਜਿਹੋ ਜਿਹਾ ਪਿਛਲੇ ਜਨਮ ਵਿੱਚ ਮਾੜਾ ਜਾਂ ਚੰਗਾ ਕਰਮ ਤੈਂ ਕੀਤਾ ਹੈ। ਉਸ ਅਨੁਸਾਰ ਹੀ, ਮਾੜੇ ਦਾ ਫਲ ਦੁੱਖ, ਚੰਗੇ ਕਰਮ ਦਾ ਫਲ ਸੁੱਖ ਪ੍ਰਾਪਤ ਹੋ ਰਿਹਾ ਹੈ। ਦੁੱਖ-ਸੁੱਖ ਦੇਣ ਵਾਲਾ ਕੋਈ ਹੋਰ ਨਹੀਂ ਹੈ। ਤੇਰੇ ਪੂਰਬਲੇ ਕਰਮ ਹੀ ਦੁੱਖ ਸੁੱਖ ਦੇ ਦਾਤੇ ਹਨ :—

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥

ਆਸਾ ਮ: ੧ ਪਟੀ (ਪੰਨਾ : ੪੩੩)

ਪੂਰਬਲੇ ਕੀਤੇ ਕਰਮ ਜੋ ਸੰਸਕਾਰਾਂ ਦੇ ਰੂਪ ਵਿੱਚ ਅਚੇਤ ਮਨ ਵਿੱਚ ਜਮਾਂ ਹੁੰਦੇ ਹਨ, ਉਹਨਾਂ ਦਾ, ਹੁਣ ਵਰਤਮਾਨ ਦੇ ਵੀਚਾਰਾਂ ਨੂੰ ਮਾੜੇ ਜਾਂ ਚੰਗੇ ਰੂਪ ਵਿੱਚ, ਬੜ੍ਹਾਵਾ ਦੇਣ ਜਾਂ ਉਤਸ਼ਾਹਤ ਕਰਨ ਵਿੱਚ ਬਹੁਤ ਜਿਆਦਾ ਹਿੱਸਾ ਹੈ।

ਜੇ ਪੂਰਬਲੇ, ਅਚੇਤ ਮਨ ਵਿੱਚ ਪਏ ਵੀਚਾਰ ਸ਼ੁਭ ਹਨ ਤਾਂ ਹੁਣ ਵਰਤਮਾਨ ਵਿੱਚ, ਅਖਾਂ ਨਾਲ ਮਾੜਾ ਵੇਖਣ, ਮਾੜਾ ਪੜ੍ਹਨ, ਕੰਨਾ ਨਾਲ ਅਸ਼ਲੀਲ ਬੋਲ ਸੁਣਨ ਦੁਆਰਾ ਜੋ ਮਾੜੇ ਵੀਚਾਰ ਉਤਪੰਨ ਹੁੰਦੇ ਹਨ, ਉਹਨਾਂ ਨੂੰ ਰੋਕਣ ਵਿੱਚ ਸਹਾਇਕ ਹੁੰਦੇ ਹਨ।

ਜੇ ਪੂਰਬਲੇ ਸੰਚਰਤ ਵੀਚਾਰ ਹੀ ਮਲੀਨ ਹੋਣ, ਫਿਰ ਵਰਤਮਾਨ ਸਮੇਂ ਵਿੱਚ, ਮਾੜਾ ਵੇਖਣ, ਮਾੜਾ ਸੁਣਨ, ਮਾੜਾ ਪੜ੍ਹਨ ਦੇ ਮਲੀਨ ਵੀਚਾਰਾਂ ਨੂੰ ਬੜ੍ਹਾਵਾ ਮਿਲੇਗਾ।

2. ਵੀਚਾਰ ਸੰਸਾਰ ਵਿੱਚੋਂ ਪ੍ਰਾਪਤ ਹੁੰਦੇ ਹਨ :—

ਸਥੂਲ ਸੰਸਾਰ ਵਿੱਚ ਵਿਚਰਦਿਆਂ, ਜੋ ਕੁਝ ਮਨੁੱਖ ਅੱਖਾਂ ਦੇ ਨਾਲ ਵੇਖਦਾ ਹੈ, ਪੜ੍ਹਦਾ ਹੈ, ਕੰਨਾਂ ਨਾਲ ਸੁਣਦਾ ਹੈ ਅਤੇ ਕਰਮ ਕਰਦਾ ਹੈ। ਉਸ ਦੇਖੇ, ਸੁਣੇ, ਪੜ੍ਹੇ ਅਤੇ ਕੀਤੇ ਕਰਮਾਂ ਦੇ ਪ੍ਰਭਾਵ-ਅਕਸ, ਮਨ ਨਾਲ-ਨਾਲ ਹੀ ਪ੍ਰਾਪਤ ਕਰੀ ਜਾਂਦਾ ਹੈ। ਉਹਨਾਂ ਅਕਸਾਂ ਨੂੰ ਮਨ ਕਿੰਨਾ ਕੁ ਗ੍ਰਹਿਣ ਕਰਦਾ ਹੈ ? ਇਹ ਮਨ ਉਪਰ ਨਿਰਭਰ ਕਰਦਾ ਹੈ। ਜਿੰਨੀ ਤੀਬਰਤਾ, ਜਿੰਨੀ ਲਗਨ, ਜਿੰਨੀ ਇਕਾਗਰਤਾ ਨਾਲ ਮਨ ਨੇ ਵੇਖਿਆ, ਪੜ੍ਹਿਆ, ਸੁਣਿਆ ਅਤੇ ਕਰਮ ਕੀਤਾ ਉਨੇ ਹੀ ਡੂੰਘੇ ਅਕਸ ਮਨ ਦੇ ਪਰਤ

---

੧. ਕਰਮ ਤਿੰਨ ਪ੍ਰਕਾਰ ਦੇ ਹਨ :— (ੳ) ਕ੍ਰਿਆਮਾਨ (ਜੋ ਅਸੀਂ ਵਰਤਮਾਨ ਵਿੱਚ ਕਰ ਰਹੇ ਹਾਂ। (ਅ) ਪਰਾਲਬਧ ਉਹ ਕਰਮ ਜੋ ਅਸੀਂ ਪਿਛਲੇ ਜਨਮ ਵਿੱਚ ਕੀਤੇ, ਹਨ। (ੲ) ਸੰਚਰਤ ਕਰਮ, ਉਹ ਕਰਮ ਜੋ ਕਈ ਜਨਮਾਂ ਤੋ ਚਲੇ ਆ ਰਹੇ ਹਨ। ਜਿਹਨਾਂ ਦਾ ਜੀਵ ਨੇ ਭੁਗਤਾਨ ਨਹੀਂ ਕੀਤਾ (ਜਮਾਂ ਪਏ ਕਰਮ)

ਉਪਰ ਚਿਤਰੇ ਜਾਂਦੇ ਹਨ।

ਕੁਦਰਤ ਨੇ ਇਕ ਨਿਯਮ ਬਣਾਇਆ ਹੈ, ਜੋ ਮਨੁੱਖ ਕੰਨਾ ਦੇ ਨਾਲ ਬਾਰ-ਬਾਰ ਸੁਣਦਾ ਹੈ, ਉਹਨਾਂ ਬੋਲਾਂ ਨੂੰ ਸੁਣਕੇ ਉਹੋ ਜਿਹੇ ਬੋਲ ਹੀ ਬੋਲਣ ਲੱਗ ਜਾਂਦਾ ਹੈ। ਜੋ ਮਨੁੱਖ ਅੱਖਾਂ ਨਾਲ ਵੇਖਦਾ ਹੈ, ਵੇਖਣ ਦੇ ਪ੍ਰਭਾਵ ਅਧੀਨ ਮਨੁੱਖ ਉਹੋ ਜਿਹੇ ਕਰਮ ਕਰਨ ਲੱਗ ਜਾਂਦਾ ਹੈ।

ਮਿਸਾਲ ਦੇ ਤੌਰ ਤੇ, ਕੋਈ ਮਨੁੱਖ ਅਸ਼ਲੀਲ ਮੈਗਜੀਨ ਪੜ੍ਹਨ ਲੱਗ ਜਾਵੇ, ਅਸ਼ਲੀਲ ਤਸਵੀਰਾਂ ਵੇਖਣ ਲੱਗ ਜਾਵੇ, ਅਸ਼ਲੀਲ ਸਾਹਿਤ ਨੂੰ ਹਰ ਸਮੇਂ ਵਾਚਦਾ ਰਹੇ, ਉਸਦੇ ਵੀਚਾਰ ਕਾਮੁਕ ਰੁਚੀ ਵਾਲੇ ਬਣ ਜਾਣਗੇ। ਉਹ ਮਨੁੱਖ, ਸੰਸਾਰਕ ਰਚਨਾਂ ਨੂੰ ਕਰਾਉਣ ਬਿਰਤੀ ਅਧੀਨ ਬੁਰੀ ਨਜਰ ਨਾਲ ਵੇਖੇਗਾ। ਹਰ ਸਮੇਂ ਉਸ ਦੇ ਅੰਦਰ, ਆਪਣੀ ਹਵਸ ਦੀ ਪੂਰਤੀ ਲਈ ਵੀਚਾਰਾਂ ਦਾ ਚੱਕਰ ਬਣਿਆ ਰਹੇਗਾ। ਇਹ ਵੀਚਾਰ ਹੀ ਸਮਾਂ ਪਾ ਕੇ ਉਸ ਪਾਸੋਂ ਮਾੜੇ ਕਰਮ ਕਰਾਉਣ ਦਾ ਵਸੀਲਾ ਬਣ ਜਾਣਗੇ।

ਇਸੇ ਤਰਾਂ ਕਿਸੇ ਪ੍ਰਾਣੀ ਨੂੰ ਚੋਰਾਂ ਦੀ, ਸ਼ਰਾਬੀਆਂ ਦੀ ਕੁਸੰਗਤ ਮਿਲ ਜਾਵੇ, ਉਹ ਮਨੁੱਖ ਕੁਸੰਗਤ ਵਿੱਚੋਂ, ਚੋਰੀ ਕਰਨ, ਸ਼ਰਾਬ ਪੀਣ ਦੀਆਂ ਗੱਲਾਂ ਸੁਣ ਕੇ ਜੋ ਕੁਝ ਉਹ ਕਰਦੇ ਹਨ, ਉਹਨਾਂ ਨੂੰ ਵੇਖ ਕੇ ਅਤੇ ਚੋਰੀ ਯਾਰੀ ਕਰਨ ਦੀਆਂ ਕਹਾਣੀਆਂ ਪੜ੍ਹ ਸੁਣ ਕੇ, ਉਸਦੇ ਵੀਚਾਰ, ਚੋਰੀ ਕਰਨ ਦੇ, ਸ਼ਰਾਬ ਪੀਣ ਦੇ, ਬਣ ਜਾਣਗੇ। ਜੋ ਉਸਦੇ ਜੀਵਨ ਤੇ ਪ੍ਰਭਾਵਤ ਹੋ ਕੇ ਉਸ ਪਾਸੋਂ ਉਹੋ ਜਿਹੇ ਮਾੜੇ ਕਰਮ ਕਰਵਾਉਣ ਦਾ ਵਸੀਲਾ ਬਣਨਗੇ।

ਇਸੇ ਤਰਾਂ ਜੇ ਕੋਈ ਮਨੁੱਖ ਵਪਾਰੀਆਂ ਦੀ, ਵਣਜਾਰਿਆਂ ਦੀ ਸੰਗਤ ਨਾਲ ਜੁੜ-ਮਿਲ ਬੈਠ ਕੇ, ਉਹਨਾਂ ਦੀਆਂ ਗੱਲਾਂ ਸੁਣੇਗਾ, ਉਹਨਾਂ ਨੂੰ ਕਾਰ ਵਿਹਾਰ ਕਰਦਿਆਂ ਤੱਕੇਗਾ, ਉਸਨੂੰ ਵਣਜ ਵਪਾਰ ਕਰਨ ਦੇ ਵੀਚਾਰ ਪ੍ਰਾਪਤ ਹੋਣਗੇ। ਜਿਹਨਾਂ ਵੀਚਾਰਾਂ ਅਧੀਨ ਉਹ ਵਪਾਰ ਕਰਨ ਦਾ ਕਿੱਤਾ ਅਪਣਾਏਗਾ।

ਐਨ ਇਸਦੇ ਉਲਟ ਜੇ ਕੋਈ ਮਨੁੱਖ, ਧਾਰਮਕ ਸਾਹਿਤ ਅਤੇ ਗੁਰਬਾਣੀ ਪੜ੍ਹੇਗਾ। ਸਤ ਸੰਗਤ ਵਿੱਚ ਜਾ ਕੇ, ਸਤ ਸੰਗੀਆਂ ਨੂੰ ਨਾਮ ਜਪਦਿਆਂ, ਕੀਰਤਨ ਕਰਦਿਆਂ, ਸੇਵਾ ਕਰਦਿਆਂ ਵੇਖੇਗਾ, ਕੰਨਾਂ ਨਾਲ ਗੁਰੂ ਸਿੱਖਿਆ ਸੁਣੇਗਾ। ਉਸਦੇ ਮਨ ਵਿੱਚ ਨਾਮ ਜਪਣ, ਬਾਣੀ ਪੜ੍ਹਨ ਲਈ ਪ੍ਰੇਰਨਾ ਪੈਦਾ ਹੋਵੇਗੀ। ਸੇਵਾ ਕਰਨ ਦੇ ਵੀਚਾਰ ਉਸ ਦੇ ਮਨ ਵਿੱਚ ਉਤਪੰਨ ਹੋ ਜਾਣਗੇ। ਇਹਨਾਂ ਸ੍ਰੇਸ਼ਟ ਵੀਚਾਰਾਂ ਦੀ ਪ੍ਰੇਰਨਾ ਨਾਲ ਇਕ ਦਿਨ, ਸਤਸੰਗੀ ਮਨੁੱਖ, ਨਾਮ-ਬਾਣੀ ਦਾ ਪ੍ਰੇਮੀ ਬਣ, ਸੇਵਾ ਸਿਮਰਨ ਦਾ ਲਾਹਾ ਪ੍ਰਾਪਤ ਕਰਨਾ ਅਰੰਭ ਕਰ ਦੇਵੇਗਾ ਅਤੇ ਪਰਉਪਕਾਰੀ ਜੀਵਨ ਜਿਊ ਕੇ ਆਪ ਵੀ ਸੁਖੀ ਅਤੇ ਲੋਕਾਈ ਨੂੰ ਵੀ ਸੁੱਖ ਵੰਡੇਗਾ।

ਕਰਦੇ ਹਨ। ਫਿਰ ਉੱਚੀ-ਉੱਚੀ ਨੌਕਰਾਂ ਦਾ ਨਾਉ ਲੈ ਕੇ ਗਾਹਕਾਂ ਨੂੰ ਸੌਦਾ ਦੇਣ ਲਈ ਅਵਾਜ਼ਾ ਮਾਰਨ ਲੱਗ ਪੈਂਦੇ ਹਨ। ਕਦੀ ਗਾਹਕਾਂ ਨਾਲ ਪੈਸਿਆਂ ਬਦਲੇ ਉੱਚੀ ਉੱਚੀ ਝਗੜਨ ਲੱਗ ਪੈਂਦੇ ਹਨ। ਸਾਰਾ ਟੱਬਰ ਬੜਾ ਪ੍ਰੇਸ਼ਾਨ ਹੈ ਨਾ ਆਪ ਸੌਂਦੇ ਹਨ, ਨਾ ਪਰਿਵਾਰ ਨੂੰ ਸੌਣ ਦਿੰਦੇ ਹਨ। ਕਈ ਵਾਰੀ ਸੁਤ-ਅਣੀਂਦੇ ਸਾਡੇ ਨਾਉ ਲੈ ਲੈ ਕੇ ਅਵਾਜਾਂ ਮਾਰਦੇ ਸਾਨੂੰ ਮੰਜਿਆਂ ਤੋਂ ਉਠਾਨ ਤੁਰ ਪੈਂਦੇ ਹਨ ਕਿ ਦੁਕਾਨ ਖੋਲ੍ਹਣ ਦਾ ਟਾਈਮ ਹੋ ਗਿਆ, ਤੁਸੀਂ ਸਹੁਰਿਓ ਸੁੱਤੇ ਪਏ ਹੋ। ਭਾਈ ਸਾਡੀ ਵੀ ਬੜੀ ਪ੍ਰੇਸ਼ਾਨ ਹੈ। ਜਦੋਂ ਮੁੜ ਉਹਨਾਂ ਨੂੰ ਸੁਆਈਦਾ ਹੈ, ਦੁਬਾਰਾ ਫਿਰ ਥੋੜੇ ਚਿਰ ਬਾਅਦ, ਨੌਕਰ ਬਨਾਰਸੀ, ਧਰਮੇ ਤੇ ਨੀਟੂ ਨੂੰ ਅਵਾਜਾਂ ਮਾਰ ਕੇ ਮਾਂਹ, ਮੋਠ, ਸਾਬਣ, ਤੇਲ, ਖਲ ਵੜੇਵੇਂ ਗਾਹਕਾਂ ਨੂੰ ਦੇਣ ਲਈ ਅਵਾਜਾਂ ਮਾਰਨ ਲਗ ਜਾਂਦੇ ਹਨ। ਬਸ ਸਾਰੀ ਰਾਤ ਇਹੋ ਸਿਲਸਿਲਾ ਚਲਦਾ ਰਹਿੰਦਾ ਹੈ, ਜਦ ਨੂੰ ਦਿਨ ਚੜ੍ਹ ਜਾਂਦਾ ਹੈ। ਮੈਂ ਉਸ ਲਾਲੇ ਦੇ ਲੜਕੇ ਨੂੰ ਪੁੱਛਿਆ ਕਿ ਤੁਸੀਂ ਕੀ ਹੱਲ ਲੱਭਿਆ ? ਉਹ ਕਹਿਣ ਲੱਗਾ ਕਿ ਡੈਡੀ ਨੂੰ ਇਕ ਜੁਦੇ ਕਮਰੇ ਵਿੱਚ ਮੰਜਾ ਲਾ ਕੇ ਉਥੇ ਸੁਆ ਦੇਈਦਾ ਹੈ ਅਤੇ ਬਾਹਰੋਂ ਕੁੰਡਾ ਲਾ ਦੇਈਦਾ ਹੈ। ਪਰ ਉਹ ਰਾਤ ਨੂੰ ਕਰਦੇ ਉਸੇ ਤਰਾਂ ਹੀ ਹਨ। ਕਦੀ ਕਿਤੇ ਕੋਈ ਮਹਿਮਾਨ ਆ ਜਾਵੇ, ਬੜੀ ਪ੍ਰੇਸ਼ਾਨੀ ਬਣ ਜਾਂਦੀ ਹੈ।

ਡਾਕਟਰਾਂ ਦੀ ਰਾਇ ਵੀ ਲਈ ਹੈ ਉਹਨਾਂ ਨੇ ਸੌਣ ਵਾਲੀਆਂ ਗੋਲੀਆਂ ਦਿੱਤੀਆਂ ਹਨ। ਹੁਣ ਉੱਠ ਕੇ ਤਾਂ ਨਹੀਂ ਤੁਰਦੇ ਪਰ ਬਰੜਾਉਂਦੇ ਉਸੇ ਤਰ੍ਹਾਂ ਹੀ ਹਨ। ਕਿਸੇ-ਕਿਸੇ ਦਿਨ ਜਿਸ ਦਿਨ ਰਾਤ ਨੂੰ ਬਹੁਤਾ ਤੰਗ ਕਰਨ ਸਵੇਰੇ ਡਾਕਟਰ ਨੂੰ ਸਦਕੇ ਟੀਕਾ ਲਗਵਾ ਕੇ ਉਹਨਾਂ ਨੂੰ ਅਰਾਮ ਕਰਵਾਈਦਾ ਹੈ। ਡਾਕਟਰ ਕਹਿੰਦਾ ਸੀ ਕਿ ਜੇ ਤੁਸੀਂ ਇਸਦਾ ਧਿਆਨ ਨਾ ਕੀਤਾ ਇਸਨੇ ਤੁਹਾਨੂੰ ਵੀ ਆਪਣੇ ਵਰਗਾ ਹੀ ਬਣਾ ਲੈਣਾ ਹੈ। ਅੱਜ ਡਾਕਟਰ ਨੇ ਸਵੇਰੇ ਇੰਨਜੈਕਸ਼ਨ ਲਾਇਆ ਸੀ, ਜਿਸ ਕਾਰਣ ਉਹ ਗਿਆਰਾਂ ਕੁ ਵਜੇ ਦੁਕਾਨ ਤੇ ਆਉਣਗੇ।

ਮੈ ਲਾਲਾ ਜੀ ਦੇ ਮੁੰਡੇ ਨੂੰ ਪੁੱਛਿਆ ਕਿ ਤੇਰੇ ਡੈਡੀ ਸਿਰਫ ਲੈਣ ਦੇਣ ਸੌਦਾ ਵੇਚਣ ਦੀਆਂ ਹੀ ਗੱਲਾਂ ਕਰਦੇ ਹਨ ਜਾਂ ਕਦੀ ਹੋਰ ਵੀ ਗੱਲਾਂ ਕਰਦੇ ਹਨ। ਲੜਕਾ ਮੁਸਕਰਾ ਕੇ ਕਹਿਣ ਲੱਗਾ ਕਿ ਰਾਤ ਨੂੰ ਸੁੱਤੇ ਪਏ ਤਾਂ, ਨਿਰੋਲ, ਸੌਦਾ ਵੇਚਣ ਤੇ ਪੈਸੇ ਲੈਣ ਦੇਣ ਦੀਆਂ ਗੱਲਾਂ ਹੀ ਕਰਦੇ ਹਨ। ਹੋਰ ਕਦੇ ਕੋਈ ਗੱਲ ਉਹਨਾਂ ਦੇ ਮੂਹੋਂ ਨਹੀਂ ਸੁਣੀ। ਅਸੀਂ ਆਪਣੇ ਨਿਜੀ ਜੀਵਨ ਵਿੱਚ ਵੀ ਵੇਖਿਆ ਹੋਵੇਗਾ। ਜਿਹੋ ਜਿਹੇ ਲੋਕਾਂ ਨਾਲ ਦਿਨੇ ਵਾਹ ਪਿਆ ਹੋਵੇ ਜਾਂ ਜਿਹੋ ਜਿਹੇ ਕਰਮ ਕੀਤੇ ਹੋਣ, ਰਾਤ ਨੂੰ ਖਿਆਲ ਜਾਂ ਸੁਪਨੇ ਵੀ ਉਹੋ ਜਿਹੇ ਹੀ ਬਾਰ-ਬਾਰ ਆਉਂਦੇ ਹਨ। ਸੋ ਸਾਡੇ ਨਿੱਤ ਦੇ ਜੀਵਨ ਦੇ ਕਰਮਾਂ ਵਿੱਚੋਂ ਅਤੇ ਅੱਖਾਂ ਨਾਲ ਵੇਖ ਕੇ, ਕੰਨਾਂ ਨਾਲ ਸੁਣ ਕੇ, ਜੋ ਵੀਚਾਰ ਸਾਨੂੰ ਸੰਸਾਰ ਵਿੱਚੋਂ ਪ੍ਰਾਪਤ ਹੁੰਦੇ ਹਨ, ਉਹਨਾਂ ਅਨੁਸਾਰ ਹੀ ਸਾਡਾ ਭਵਿੱਖ ਬਣਦਾ ਹੈ। ਉਹਨਾਂ ਵੀਚਾਰਾਂ

ਅਨੁਸਾਰ ਹੀ ਸਾਡਾ ਜੀਵਨ ਫਲਦਾ ਹੈ। ਜੇ ਸੰਸਾਰ ਦ੍ਰਿਸ਼ਟਮਾਨ ਵਿੱਚੋਂ ਮਾੜੇ ਵੀਚਾਰ ਪ੍ਰਾਪਤ ਹੋਣ, ਜੀਵਨ ਅਵੱਸ਼ ਬਰਬਾਦ ਹੋ ਜਾਵੇਗਾ। ਜੇ ਦ੍ਰਿਸ਼ਟਮਾਨ ਵਿੱਚੋਂ ਸਾਨੂੰ ਸ਼ੁਭ ਸ੍ਰੇਸ਼ਟ ਵੀਚਾਰ ਪ੍ਰਾਪਤ ਹੋ ਜਾਣ, ਸਾਡਾ ਜੀਵਨ ਅਵੱਸ਼ ਸਫਲਾ ਹੋ ਜਾਵੇਗਾ।

ਇਕ ਵਾਰੀ ਇਕ ਗੁਰਮੁਖ ਪਿਆਰੇ ਨੇ ਮਹਾਂਪੁਰਖ ਸੰਤ ਬਾਬਾ ਹਰਨਾਮ ਸਿੰਘ ਜੀ (ਰਾਮਪੁਰ ਖੇੜੇ ਵਾਲਿਆਂ) ਨੂੰ ਪ੍ਰਸ਼ਨ ਕੀਤਾ ਕਿ ਸਾਰੀ ਗੁਰਬਾਣੀ ਵਿੱਚ, ਸਤਿਗੁਰਾਂ ਨੇ ਇਹ ਹੀ ਲਿਖਿਆ ਹੈ ਕਿ ਜਿਹੋ ਜਿਹੇ ਮਨੁੱਖ ਦੇ ਪੂਰਬਲੇ ਕਰਮ ਹੁੰਦੇ ਹਨ ਉਸ ਅਨੁਸਾਰ ਹੀ ਮਨੁੱਖ ਚੰਗੇ ਜਾਂ ਮਾੜੇ ਪਾਸੇ ਦਾ ਧਾਰਨੀ ਬਣਦਾ ਹੈ। ਫਿਰ ਅਸੀਂ ਕੀ ਕਰ ਸਕਦੇ ਹਾਂ ? ਜੇ ਸਾਡਾ ਪੂਰਬਲਾ ਕਰਮ ਚੰਗਾ ਹੋਵੇਗਾ ਅਸੀਂ ਨਿਤਨੇਮ ਕਰਨ ਲੱਗ ਪਵਾਂਗੇ। ਅੰਮ੍ਰਿਤ ਛਕ ਲਵਾਂਗੇ। ਜੇ ਸਾਡਾ ਪੂਰਬਲਾ ਕਰਮ ਹੀ ਨ ਹੋਇਆ ਫਿਰ ਆਪਾਂ ਕਿਵੇਂ ਚੰਗੇ ਪਾਸੇ ਲੱਗ ਸਕਦੇ ਹਾਂ ?

ਬਾਬਾ ਜੀ ਨੇ ਉਸ ਪ੍ਰੇਮੀ ਦੀ ਸਾਰੀ ਗੱਲ ਸੁਣੀ ਅਤੇ ਕਹਿਣ ਲੱਗੇ ਗੁਰਮੁਖਾ, ਮੈਂ ਤੇਰੇ ਸਵਾਲ ਨਾਲ ਸਹਿਮਤ ਹਾਂ, ਪਰ ਇਕ ਗੱਲ ਦੱਸ ਕਿ ਪੂਰਬਲਾ ਕਰਮ ਕਿਸਨੇ ਬਣਾਇਆ ਹੈ ? ਉਹ ਪ੍ਰੇਮੀ ਚੁੱਪ ਕਰ ਗਿਆ। ਆਪ ਜੀ ਕਹਿਣ ਲੱਗੇ ਪਿਛਲੇ ਜਨਮ ਵਿੱਚ ਅਸੀਂ ਜੋ ਕਰਮ ਕੀਤੇ ਹਨ, ਉਹ ਸਾਡੇ ਲਈ ਹੁਣ ਪੂਰਬਲਾ ਬਣ ਗਏ ਹਨ। ਜੋ ਅਸੀਂ ਹੁਣ ਕਰ ਰਹੇ ਹਾਂ ਜਾਂ ਕਰਾਂਗੇ, ਇਹੋ ਕੀਤੇ ਹੋਏ ਕਰਮ ਹੀ ਅਗਲੇ ਜਨਮ ਵਿੱਚ ਸਾਡਾ ਪੂਰਬਲਾ ਕਰਮ ਬਣ ਜਾਣਗੇ। ਇਸ ਲਈ ਜੇ ਅਸੀਂ ਪਿੱਛੇ ਆਪਣੀ ਪ੍ਰਾਲਬਧ (ਪੂਰਬਲਾ) ਚੰਗਾ ਨਹੀਂ ਬਣਾ ਸਕੇ, ਪ੍ਰਮੇਸ਼ਰ ਜੀ ਨੇ ਸਾਨੂੰ ਹੁਣ ਸਮਾਂ ਦਿੱਤਾ ਹੈ, ਹੁਣ ਆਪਾਂ ਆਪਣੇ ਜੀਵਨ ਨੂੰ ਗੁਰੂ ਅਗਵਾਈ ਅਨੁਸਾਰ ਚਲਾ ਕੇ ਆਉਣ ਵਾਲਾ ਚੰਗਾ ਪੂਰਬਲਾ ਬਣਾ ਲਈਏ। ਵਰਤਮਾਨ ਵਿੱਚ ਕੀਤੇ ਹੋਏ ਕ੍ਰਿਮਾਨ ਕਰਮ ਹੀ ਸਾਡਾ ਪੂਰਬਲਾ ਬਣਨਾ ਹੈ। ਇਹ ਬਚਨ ਸੁਣਕੇ ਉਸ ਪ੍ਰੇਮੀ ਦੇ ਮਨ ਨੇ ਪਲਟਾ ਖਾਧਾ ਅਤੇ ਬਹਾਨੇ ਬਾਜੀ ਵਾਲਾ ਜੀਵਨ ਛੱਡ ਕੇ ਗੁਰ ਮਰਯਾਦਾ ਵਾਲਾ ਜੀਵਨ ਬਤੀਤ ਕਰਨਾ ਅਰੰਭ ਕਰ ਦਿੱਤਾ ਅਤੇ ਸ੍ਰੇਸ਼ਟ ਜੀਵਨ ਦਾ ਧਾਰਨੀ ਬਣ ਗਿਆ।

ਸੋ ਸਾਨੂੰ ਵੀ ਇਹਨਾਂ ਸਿਖਿਆਵਾਂ ਤੋਂ ਪ੍ਰੇਰਨਾ ਲੈ ਕੇ ਹੁਣ ਵਰਤਮਾਨ ਨੂੰ ਸਫਲਾ ਕਰਨ ਲਈ ਅਤੇ ਚੰਗੀ ਪ੍ਰਾਲਬਧ ਬਨਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਪਰ ਹੋ ਇਸਦੇ ਉਲਟ ਰਿਹਾ ਹੈ। ਵਰਤਮਾਨ ਵਿੱਚ ਚੰਗੇ ਵੀਚਾਰਾਂ ਅਤੇ ਕਰਮਾਂ ਨੂੰ ਸੰਚਰਤ ਕਰਨ ਦੀ ਜਗ੍ਹਾ, ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਸਾਡੇ ਉੱਤੇ ਵਾਪਰ ਰਿਹਾ ਹੈ। ਸਾਹਿਬ ਫੁਰਮਾਨ ਕਰਦੇ ਹਨ ਕਿ ਹੇ ਜੀਵ, ਇਹ ਦੁਰਲੱਭ ਮਨੁੱਖਾ ਜਨਮ ਬਹੁਤ ਦੇਰ ਤੋਂ ਬਾਅਦ ਤੈਨੂੰ ਮਿਲਿਆ ਹੈ। ਇਸ ਅਮੋਲਕ ਮਨੁੱਖਾ ਜਨਮ ਨੂੰ ਤੂੰ ਕੌਡੀਆਂ ਦੇ ਮੁੱਲ ਵਿਅਰਥ ਗੁਆ ਰਿਹਾ ਹੈਂ। ਭਗਤੀ ਰੂਪੀ ਕਸਤੂਰੀ ਇਕੱਤਰ ਕਰਨ ਵਾਸਤੇ ਪ੍ਰਭੂ ਨੇ ਤੈਨੂੰ ਮਨੁੱਖਾ ਜਨਮ ਦੀ ਦਾਤ ਦੇ ਕੇ ਸੰਸਾਰ ਵਿੱਚ ਭੇਜਿਆ ਸੀ। ਪਰ

ਤੂੰ ਬਿਅਰਥ ਕਰਮਾਂ ਅਤੇ ਫਜ਼ੂਲ ਵੀਚਾਰਾਂ ਦੇ, ਜੋ ਕੱਲਰ ਅਤੇ ਜਿਵਾਹੇਂ ਦੀ ਨਿਆਈਂ ਹਨ, ਗੱਡੇ ਲੱਦੀ ਜਾ ਰਿਹਾ ਹੈਂ।

ਲਾਹਾ ਖੱਟਣ ਵਾਸਤੇ ਪ੍ਰਮੇਸ਼ਰ ਨੇ ਤੈਨੂੰ ਮਨੁੱਖਾ ਜਨਮ ਦਿੱਤਾ ਸੀ, ਪਰ ਤੂੰ ਕੱਚ ਦੇ ਬਦਲੇ ਲਾਲ ਗੁਆ ਰਿਹਾ ਹੈਂ। (ਭਾਵ ਮਾਇਆ ਪਿੱਛੇ ਲੱਗ ਕੇ ਤੂੰ ਨਾਮ ਨੂੰ ਭੁਲਾ ਦਿੱਤਾ ਹੈ) :—

ਦੁਲਭ ਜਨਮੁ ਚਿਰੰਕਾਲ ਪਾਇਓ ਜਾਤਉ ਕਉਡੀ ਬਦਲਹਾ॥
ਕਾਥੂਰੀ ਕੋ ਗਾਹਕੁ ਆਇਓ ਲਾਦਿਓ ਕਾਲਰ ਬਿਰਖ ਜਿਵਹਾ॥ ੧॥
ਆਇਓ ਲਾਭੁ ਲਾਭਨ ਕੈ ਤਾਈ ਮੋਹਨਿ ਠਾਗਉਰੀ ਸਿਉ ਉਲਝਿ ਪਹਾ॥
ਕਾਚ ਬਾਦਰੈ ਲਾਲੁ ਖੋਈ ਹੈ ਫਿਰਿ ਇਹੁ ਅਉਸਰੁ ਕਦਿ ਲਹਾ॥੨॥

ਸਾਰਗ ਮ: ੫ (ਪੰਨਾ : ੧੨੦੩)

ਭਾਈ ਵੀਰ ਸਿੰਘ ਹੋਰਾਂ ਨੇ ਵੀ ਇੱਕ ਰੁਬਾਈ ਲਿਖ ਕੇ ਸਾਨੂੰ ਵਰਤਮਾਨ ਸਮੇਂ ਨੂੰ ਸੰਭਾਲਣ ਦੀ ਤਾਕੀਦ ਕੀਤੀ ਹੈ।

ਹੁਣ ਦਾ ਸਮਾਂ ਲਾਹਾ ਖੱਟਣ ਵਾਸਤੇ ਹੈ। ਪਰ ਅਸੀਂ ਪਿਛਲੇ ਸਮੇਂ ਨੂੰ ਜੋ ਬੀਤ ਚੁਕਾ ਹੈ, ਕੁਝ ਉਸ ਦੀਆਂ ਯਾਦਾਂ ਵਿੱਚ ਸਮਾਂ ਵਿਅਰਥ ਗਵਾਉਂਦੇ ਹਾਂ, ਦੂਸਰੇ ਜੋ ਸਮਾਂ ਅਜੇ ਸਾਡੇ ਹੱਥ ਵਿੱਚ ਨਹੀਂ ਹੈ, ਉਸ ਆਉਣ ਵਾਲੇ ਦੀਆਂ ਫਿਕਰਾਂ ਵਿੱਚ ਪੈ ਕੇ ਹੁਣ ਦਾ ਸਮਾਂ ਵਿਅਰਥ ਗਵਾ ਰਹੇ ਹਾਂ। ਭਾਈ ਸਾਹਿਬ ਨੇ ਫੁਰਮਾਨ ਕੀਤਾ ਹੈ :—

'ਕੱਲ' ਚੁਕੀ ਹੈ ਬੀਤ ਵੱਸ ਤੋਂ ਦੂਰ ਨਸਾਈ,
'ਭਲਕ' ਅਜੇ ਹੈ ਦੂਰ ਨਹੀਂ ਵਿਚ ਹੱਥਾਂ ਆਈ,
'ਅਜ' ਅਸਾਡੇ ਕੋਲ, ਪਰ ਵਿਚ ਫਿਕਰਾਂ ਲਾਈ,
'ਕਲ' 'ਭਲਕ' ਨੂੰ ਸੋਚ 'ਅਜ' ਇਹ ਮੁਫਤ ਗੁਆਈ॥

ਅਸੀਂ ਕਰਨਾ ਕੀ ਹੈ ? 'ਅੱਜ' ਨੂੰ ਸੰਭਾਲਣ ਦਾ ਜਤਨ ਕਰਨਾ ਹੈ :—

ਹੇ ! ਸੰਭਲ ਸਭਾਲ ਇਸ ਅਜ ਨੂੰ
ਇਹ ਬੀਤੇ 'ਮਹਾਂਰਸ' ਪੀਂਦਿਆ॥
'ਹਰ-ਰਸ' ਵਿੱਚ ਮੱਤੇ ਖੀਵਿਆਂ
ਹਰਿ ਰੰਗ 'ਹਰਿਕੀਰਤ' ਚਉਂਦਿਆ॥

ਆਤਮਾ ਦੀ ਸੂਖਸ਼ਮ, ਕੁੱਲੀ, ਗੁੱਲੀ ਜੁੱਲੀ ਕਿਹੜੀ ਹੈ ?

ਮਨ ਜਾਂ ਫੁਰਨਿਆਂ ਪ੍ਰਤੀ ਹੋਰ ਵੀਚਾਰ ਕਰਨ ਤੋਂ ਪਹਿਲਾਂ ਆਪਾਂ ਆਪਣੇ ਸਥੂਲ ਸਰੀਰ ਦੀ ਵੀਚਾਰ ਕਰੀਏ। ਸਾਡਾ ਸਰੀਰ ਕਿਹੜੀਆਂ ਚੀਜਾਂ ਦਾ ਸੁਮੇਲ ਹੈ। ਸਾਡਾ ਜੀਵਨ ਦੋ ਚੀਜਾਂ ਦੇ ਸੁਮੇਲ ਨਾਲ ਚਲ ਰਿਹਾ ਹੈ। ਇੱਕ ਹੈ ਸਥੂਲ, ਇੱਕ ਹੈ ਸੂਖਮ। ਜਿਵੇਂ ਅਕਾਲ ਪੁਰਖ ਦੇ ਦੋ ਸਰੂਪ ਹਨ, ਇਕ ਸੂਖਮ (ਜਿਸ ਨੂੰ ਨਿਰਗੁਣ ਕਿਹਾ ਜਾਂਦਾ ਹੈ) ਦੂਸਰਾ ਹੈ ਸਥੂਲ (ਜਿਸ ਨੂੰ ਸਰਗੁਣ ਦਾ ਨਾਉਂ ਗੁਰਬਾਣੀ ਵਿੱਚ ਦਿੱਤਾ ਹੈ।)

ਪ੍ਰਮੇਸ਼ਰ ਦਾ ਸਰਗੁਣ ਸਰੂਪ ਸਾਰਾ ਸੰਸਾਰ ਹੈ। ਪ੍ਰਮੇਸ਼ਰ ਆਪ ਸਾਰੇ ਸੰਸਾਰ ਵਿੱਚ ਸੂਖਮ ਰੂਪ ਵਿੱਚ ਬਿਰਾਜਮਾਨ ਹੈ, ਵੱਖ ਨਹੀਂ, ਸਾਰੇ ਸਥੂਲ ਨੂੰ ਚਲਾਉਣ ਵਾਲਾ, ਸੂਖਮ ਹੈ। ਅਸੀਂ ਵੀ ਅਕਾਲ-ਪੁਰਖ ਦਾ ਰੂਪ ਹਾਂ, ਜਿਸ ਨੂੰ ਬਾਬਾ ਕਬੀਰ ਜੀ ਨੇ **"ਕਹੁ ਕਬੀਰ ਇਹ ਰਾਮ ਕੀ ਅੰਸੁ॥"** ਕਿਹਾ ਹੈ।

ਰਾਮ ਦੀ ਅੰਸ ਦੇ ਵੀ ਦੋ ਹੀ ਸਰੂਪ ਹਨ, ਇੱਕ ਸਥੂਲ ਅਤੇ ਦੂਸਰਾ ਸੂਖਮ। ਸਥੂਲ ਸਾਡਾ ਤਨ ਹੈ ਜੋ ਦਿਸਦਾ ਹੈ। ਜੋ ਫੜਿਆ ਜਾ ਸਕਦਾ ਹੈ। ਸੂਖਮ ਸਾਡੀ ਆਤਮਾ ਅਤੇ ਮਨ ਹੈ ਜੋ ਨਾ ਦਿਸਦਾ ਹੈ, ਨਾ ਇਸਨੂੰ ਫੜਿਆ ਹੀ ਜਾ ਸਕਦਾ ਹੈ। ਗਿਆਨ ਇੰਦਰਿਆਂ ਦੀ ਪਹੁੰਚ ਤੋਂ ਪਰੇ ਹੈ। ਸਾਡੇ ਸਥੂਲ ਸਰੀਰ ਨੂੰ ਵੀ ਸੂਖਮ ਹੀ ਚਲਾ ਰਿਹਾ ਹੈ। ਜੇ ਆਤਮਾਂ ਸਰੀਰ ਵਿੱਚ ਨਾ ਹੋਵੇ ਸਰੀਰ ਮਿੱਟੀ ਦੀ ਢੇਰੀ ਹੈ। ਸਥੂਲ ਅਤੇ ਸੂਖਮ-ਦੋਵਾਂ ਸਰੂਪਾਂ ਦੀ ਵੱਖੋ-ਵੱਖਰੀ ਮੰਗ ਤੇ ਭੁੱਖ ਹੈ।

ਸਥੂਲ ਸਰੀਰ ਦੀ ਲੋੜ ਹੈ ਸੰਸਾਰ, ਸੰਸਾਰ ਵਿੱਚੋਂ ਮਨੁੱਖ ਨੂੰ ਸਰੀਰਕ ਅਹਾਰ ਮਿਲਦਾ ਹੈ। ਪਿਆਸ ਨੂੰ ਬੁਝਾਣ ਲਈ ਪਾਣੀ ਪ੍ਰਾਪਤ ਹੁੰਦਾ ਹੈ। ਤਨ ਨੂੰ ਗਰਮੀ ਸਰਦੀ ਤੋਂ ਬਚਾਉਣ ਲਈ ਕੱਪੜੇ ਮਿਲਦੇ ਹਨ। ਸਰੀਰ ਨੂੰ ਗਰਮੀ, ਸਰਦੀ, ਹਨੇਰੀ, ਮੀਂਹ ਤੋਂ ਰੱਖਿਆ ਲਈ ਮਕਾਨ ਮਿਲਦਾ ਹੈ। ਸੰਸਾਰ ਵਿੱਚੋਂ ਸਾਨੂੰ ਇਹ ਸਾਰੀਆਂ ਚੀਜਾਂ ਪ੍ਰਾਪਤ ਹੁੰਦੀਆਂ ਹਨ, ਜਿਹਨਾਂ ਨੂੰ ਸਿਆਣਿਆਂ ਨੇ ਕੁੱਲੀ, ਗੁੱਲੀ, ਜੁੱਲੀ ਦਾ ਨਾਉਂ ਦਿਤਾ ਹੈ। ਜਿਸ ਤਰ੍ਹਾਂ ਸਥੂਲ ਸਰੀਰ ਦਾ ਅਹਾਰ ਸਥੂਲ ਸੰਸਾਰ ਦੀਆਂ ਵਸਤਾਂ ਹਨ, ਇਸੇ ਤਰਾਂ ਸੂਖਮ ਆਤਮਾ ਤੇ ਮਨ ਦੀ ਕੁੱਲੀ, ਗੁੱਲੀ, ਜੁੱਲੀ ਵੀ ਸੂਖਮ ਹੈ ਉਹ ਅਹਾਰ ਹੈ—ਨਾਮ-ਗੁਰਬਾਣੀ ਅਤੇ ਸ਼ੁਭ ਵੀਚਾਰ। ਆਤਮਾ ਦਾ ਭੋਜਨ ਕਿਹੜਾ ਹੈ:—

"ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ
ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ॥'

ਵਡ: ਵਾਰ ਮ: ੪ (ਪੰਨਾ : ੫੯੩)

ਆਤਮਾ ਦੀ ਪਿਆਸ, ਸਥੂਲ ਪਾਣੀ ਪੀਣ ਨਾਲ ਨਹੀਂ ਬੁਝਦੀ। ਆਤਮਾ ਨੂੰ ਤ੍ਰਿਪਤੀ ਨਾਮ ਰਸ ਦੁਆਰਾ ਪ੍ਰਾਪਤ ਹੁੰਦੀ ਹੈ :—

ਪੀਵਨਾ ਜਿਤੁ ਮਨੁ ਆਘਾਵੈ ਨਾਮੁ ਅੰਮ੍ਰਿਤ ਰਸੁ ਪੀਵਨਾ॥ ੧॥

ਮਾਰੂ ਮ: ੫ (ਪੰਨਾ : ੧੦੧੯)

ਆਤਮਾ ਦਾ ਪੜਦਾ ਸਥੂਲ ਕਪੜਿਆਂ ਨਾਲ ਨਹੀਂ ਕੱਜਿਆ ਜਾ ਸਕਦਾ। ਆਤਮਾ ਦਾ ਪੜਦਾ ਪ੍ਰਮੇਸ਼ਰ ਜੀ ਦਾ ਨਾਮ ਕੱਜਦਾ ਹੈ। ਸਾਹਿਬ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :—

ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ
ਹੋਰ ਪੈਨਣ ਕੀ ਹਮਾਰੀ ਸਰਧ ਗਈ॥

ਮ: ੩, ਪਉੜੀ (ਪੰਨਾ : ੫੯੩)

ਆਤਮਾ ਦੀ ਪੱਤ ਸੰਸਾਰ ਦੇ ਕੱਪੜੇ ਨਹੀਂ ਢੱਕ ਸਕਦੇ, ਆਤਮਾ ਦੀ ਪੱਤ ਕੇਵਲ ਨਾਮ ਹੀ ਢੱਕਦਾ ਹੈ। ਜਿਸਦੀ ਪੱਤ ਪ੍ਰਮੇਸ਼ਰ ਢੱਕ ਲਵੇ ਉਹ ਕਦੇ ਵੀ ਬੇ-ਪੱਤ ਨਹੀਂ ਹੁੰਦਾ :—

ਪੈਨਣਾ ਰਖੁ ਪਤਿ ਪਰਮੇਸੁਰ ਫਿਰਿ ਨਾਗੇ ਨਹੀ ਥੀਵਨਾ॥

ਮਾਰੂ ਮ: ੫ (ਪੰਨਾ : ੧੦੧੯)

ਤੀਸਰੇ ਪਾਤਸ਼ਾਹ ਜੀ ਨੇ ਹੇਠਲੀਆਂ ਪੰਗਤੀਆਂ ਵਿੱਚ ਆਤਮਾ ਦਾ ਭੋਜਨ ਤੇ ਆਤਮਾਂ ਦੀ ਪੁਸ਼ਾਕ ਦਾ ਜਿਕਰ ਕੀਤਾ ਹੈ। ਜਿਸਨੂੰ, ਆਤਮਿਕ ਭੋਜਨ ਅਤੇ ਆਤਮਾ ਦਾ ਪੜਦਾ ਕੱਜਣ ਵਾਸਤੇ ਆਤਮਿਕ ਪੁਸ਼ਾਕ ਪ੍ਰਾਪਤ ਹੋ ਜਾਂਦੀ ਹੈ, ਜਿੱਥੇ ਉਸਦੀ ਆਤਮਾ ਸਦਾ ਵਾਸਤੇ ਤ੍ਰਿਪਤੀ ਨੂੰ ਪ੍ਰਾਪਤ ਕਰ ਲੈਂਦੀ ਹੈ ਉਥੇ ਉਸ ਦਾ ਲੋਕ ਪ੍ਰਲੋਕ ਵਿੱਚ ਮੁੱਖ ਉਜਲਾ ਹੋ ਜਾਂਦਾ ਹੈ। ਆਤਮਾ ਦਾ ਭੋਜਨ ਹੈ ਸ਼ਬਦ, ਆਤਮਾ ਦਾ ਕੱਪੜਾ ਹੈ, ਪ੍ਰਮੇਸ਼ਰ ਦੀ ਸਿਫਤ ਸਲਾਹ :—

ਖਾਣਾ ਸਬਦੁ ਚੰਗਿਆਈਆ ਜਿਤੁ ਖਾਧੈ ਸਦਾ ਤ੍ਰਿਪਤ ਹੋਇ॥

ਮਾਰੂ ਮ: ੩ (ਪੰਨਾ : ੧੦੯੨)

ਪੈਨਣੁ ਸਿਫਤਿ ਸਨਾਇ ਹੈ ਸਦਾ ਸਦਾ ਓਹੁ ਊਜਲਾ ਮੈਲਾ ਕਦੇ ਨ ਹੋਇ॥

ਮ: ੩ (ਪੰਨਾ : ੧੦੯੨)

ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ, ਸਾਨੂੰ ਪ੍ਰਮਾਤਮਾਂ ਪਾਸੋਂ ਆਤਮਾ ਦਾ ਪੜਦਾ ਕੱਜਣ ਵਾਸਤੇ ਪ੍ਰਮੇਸ਼ਰ ਦੀ ਸਿਫਤ ਸਲਾਹ ਦੇ ਕੱਪੜੇ ਦੀ ਮੰਗ ਕਰਨ ਲਈ ਪ੍ਰੇਰਿਆ ਹੈ ਤਾਂ ਜੋ ਲੋਕ ਪ੍ਰਲੋਕ ਵਿੱਚ ਆਤਮਾ ਦਾ ਪੜਦਾ ਕੱਜਿਆ ਰਹੇ :—

ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ॥

ਪਭਾਤੀ ਮ: ੧ (ਪੰਨਾ : ੧੩੨੯)

ਜਿੱਥੇ ਆਤਮਾਂ ਨੂੰ ਸ਼ਬਦ ਦੇ ਅਹਾਰ ਦੀ ਲੋੜ ਹੈ ਉਥੇ ਲੋਕ ਪ੍ਰਲੋਕ ਵਿੱਚ ਪੱਤ ਨੂੰ ਢੱਕਣ ਵਾਸਤੇ ਸਾਈਂ ਦੀ ਸਿਫਤੋ ਸਲਾਹ ਦਾ ਕੱਪੜਾ ਚਾਹੀਦਾ ਹੈ। ਉੱਥੇ ਆਤਮਾਂ ਨੂੰ ਨਿਵਾਸ ਅਸਥਾਨ ਦੀ ਵੀ ਅਤਿ ਜਰੂਰਤ ਹੈ। ਨਿਵਾਸ ਅਸਥਾਨ ਤੋਂ ਬਿਨਾਂ ਆਤਮਾ ਭਟਕਦੀ ਰਹੇਗੀ। ਆਤਮਾ ਦਾ ਨਿਵਾਸ ਅਸਥਾਨ (ਮਹੱਲ) ਕਿਹੜਾ ਹੈ ? ਨਿੱਜ ਸਰੂਪ, ਨਿਰੰਕਾਰ ਦਾ ਦੇਸ਼। ਜੇ ਮਨ ਆਪਣੇ ਅਸਲੀ ਘਰ ਵਿੱਚ ਨਿਵਾਸ ਪ੍ਰਾਪਤ ਕਰ ਲਵੇ ਫਿਰ ਸੁੱਖ ਅਨੰਦ ਪੂਰਬਕ ਹੋ ਕੇ ਨਿੱਜ ਘਰ ਮਹੱਲ ਦਾ ਅਨੰਦ ਮਾਣੇਗਾ। ਉਹ ਮਹੱਲ ਕਿਵੇਂ ਪ੍ਰਾਪਤ ਹੋਣਾ ਹੈ ? ਸ਼ੁਭ ਕਰਮਾਂ ਦੇ ਧਾਰਨੀ ਬਣਕੇ, ਹਰ ਸਮੇਂ ਸੱਚੇ ਵਾਹਿਗੁਰੂ ਨਾਲ, ਨਾਮ ਲਿਵ ਦੁਆਰਾ ਜੁੜ ਕੇ, ਸੁੱਖ ਮਹੱਲ ਦੀ ਪ੍ਰਾਪਤੀ ਹੋਣੀ ਹੈ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ :—

ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ॥

ਸੋਰਠ ਮ: ੧ (ਪੰਨਾ : ੫੯੫)

ਜੇ ਮਨ ਆਪਣੇ ਨਿਜ ਘਰ ਵਿੱਚ ਨਿਵਾਸ ਪ੍ਰਾਪਤ ਕਰ ਲਵੇ, ਫਿਰ ਤਾਂ ਅਨੰਦ ਹੀ ਅਨੰਦ ਹੈ। ਜੇ ਆਪਣੇ ਘਰ ਵਿੱਚ ਨਿਵਾਸ ਨ ਪਾਵੇਗਾ, ਫਿਰ ਪੱਲੇ ਭਟਕਣਾ ਹੀ ਪਵੇਗੀ। ਜਿਵੇਂ ਸੰਸਾਰ ਵਿੱਚ ਆਪਾਂ ਵੇਖਦੇ ਹਾਂ, ਜਿਹਨਾਂ ਨੇ ਆਪਣੇ ਘਰ ਬਣਾਏ ਹੁੰਦੇ ਹਨ ਉਹ ਆਪਣੇ ਘਰਾਂ ਵਿੱਚ ਬੜੇ ਸੁੱਖ ਪੂਰਬਕ ਅਨੰਦ ਭੋਗਦੇ ਹਨ। ਜਿਹਨਾਂ ਦੇ ਆਪਣੇ ਘਰ ਨਹੀਂ ਹੁੰਦੇ, ਉਹ ਕਦੀ ਕਿਸੇ ਸੜਕ ਦੇ ਕੰਢੇ, ਕਦੀ ਕਿਸੇ ਦੇ ਢਾਰੇ ਦੀ ਓਟ ਤੱਕਦੇ, ਨਿੱਤ ਹੀ ਦੁਖੀ ਜੀਵਨ ਬਤੀਤ ਕਰਦੇ ਹਨ ਜੇ ਆਪਾਂ ਵੀ ਆਪਣੇ ਘਰ ਵਿੱਚ ਨਿਵਾਸ ਨਾ ਪਾਵਾਂਗੇ ਫਿਰ ਸਾਡੀ ਆਤਮਾਂ ਨੂੰ ਵੀ ਟੇਢੀਆ ਜੂਨਾਂ ਰੂਪੀ ਢਾਰਿਆਂ ਵਿੱਚ ਦਿਨ ਕਟੀ ਕਰਨੀ ਪਵੇਗੀ।

ਸਾਨੂੰ ਸਾਰਿਆਂ ਨੂੰ ਪ੍ਰਭੂ ਜੀ ਨੇ ਨਿੱਜ ਘਰਾਂ ਦੀ ਬਖਸ਼ਸ਼ ਤਾਂ ਕੀਤੀ ਹੋਈ ਹੀ ਹੈ। ਅਸੀਂ ਅਗਿਆਨ ਭਰਮ ਕਰਕੇ ਅਤੇ ਖੋਟੀ ਕੁਸੰਗਤ ਸਦਕਾ ਆਪਣੇ ਘਰ ਦਾ ਚੇਤਾ ਹੀ ਭੁਲਾ ਦਿਤਾ ਹੈ। ਬਾਹਰ ਮੁਖੀ ਬਿਰਤੀ ਹੋਣ ਕਾਰਣ ਨਿੱਜ ਘਰ ਤੋਂ ਦੂਰ ਹੋ ਕੇ ਭਟਕ ਰਹੇ ਹਾਂ। ਤਦ ਹੀ ਸਤਿਗੁਰੂ ਜੀ ਨੇ ਗੁਰਬਾਣੀ ਵਿੱਚ ਬਾਰ-ਬਾਰ ਮਨ ਨੂੰ ਤਾਕੀਦ ਕੀਤੀ ਹੈ ਤੇ ਕਿਹਾ ਹੈ ਕਿ ਹੇ ਮੇਰੇ ਮਨ, ਤੂੰ ਆਪਣੇ ਅਸਲੀ ਨਿੱਜ ਘਰ ਦੇ ਵਿੱਚ ਨਿਵਾਸ ਕਰ ਲੈ, ਜੇ ਨਿੱਜ ਘਰ ਨਿਵਾਸ ਕਰ ਲਿਆ, ਮੁੜ ਤੈਨੂੰ ਆਵਾਗਉਣ ਦਾ ਦੁੱਖ ਨਹੀਂ ਭੋਗਣਾ ਪਵੇਗਾ। ਸਦੀਵੀ ਸਹਜ ਸੁੱਖ ਦੀ ਪ੍ਰਾਪਤੀ ਹੋ ਜਾਵੇਗੀ। ਸਾਹਿਬਾਂ ਦਾ ਬਚਨ ਹੈ :—

ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥

ਰਾਗ ਗਉੜੀ ਪੂਰਬੀ ਮ: ੫ (ਪੰਨਾ : ੧੩)

ਤਥਾ :— ਨਿਜ ਘਰਿ ਜਾਇ ਬਹੈ ਸਚੁ ਪਾਏ ਅਨਦਿਨੁ ਨਾਲਿ ਪਿਆਰੇ ॥

ਧਨਾਸਰੀ ਮ: ੧ (ਪੰਨਾ : ੬੮੯)

ਜੇ ਮਨ ਬਾਹਰਲੇ ਘਰਾਂ ਦੀ ਦੌੜ ਛੱਡ ਕੇ ਆਪਣੇ ਨਿੱਜ ਮਹੱਲ ਵਿੱਚ ਟਿਕ ਜਾਵੇ ਫਿਰ ਇਸਦੇ ਸਾਰੇ ਤੌਖਲੇ, ਚਿੰਤਾਂ ਖਤਮ ਹੋ ਸਕਦੀਆਂ ਹਨ। ਨਿੱਜ ਘਰ ਦੇ ਵਾਸੀ ਬਣਨ ਨਾਲ ਤਾਂ ਸਤਿਗੁਰੂ ਆਪ ਇਸਦੇ ਦੁਨਿਆਵੀ ਤੇ ਪ੍ਰਮਾਰਥ ਕੰਮ ਸਵਾਰ ਦਿੰਦੇ ਹਨ। ਤਦ ਹੀ ਗੁਰੂ ਅਰਜਨ ਦੇਵ ਜੀ ਨੇ ਪ੍ਰੇਰਨਾ ਦਿੱਤੀ ਹੈ। ਠੀਕ ਹੈ, ਸਥੂਲ ਸਰੀਰ ਲਈ ਸੰਸਾਰਕ ਘਰ ਵੀ ਚਾਹੀਦੇ ਹਨ। ਪਰ ਆਤਮਾ ਦੇ ਨਿਵਾਸ ਲਈ ਨਿਜ ਘਰ ਦੀ ਵੀ ਅਤਿਅੰਤ ਲੋੜ ਹੈ :—

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥
ਸਤਿਗੁਰਿ ਤੁਮਰੇ ਕਾਜ ਸਵਾਰੇ ॥੧॥

ਗਉੜੀ ਮ: ੫ (ਪੰਨਾ : ੨੦੧)

ਜੇ ਸਾਡਾ ਮਨ ਆਪਣੇ ਨਿਜ ਮਹੱਲ ਵਿੱਚ ਸਮਾਈ ਪ੍ਰਾਪਤ ਕਰ ਲਵੇ, ਸਤਿਗੁਰੂ ਗਰੰਟੀ ਦਿੰਦੇ ਹਨ ਕਿ ਫਿਰ ਇਸਦਾ ਆਵਾਗਉਣ ਦਾ ਚੱਕਰ ਖਤਮ ਹੋ ਸਕਦਾ ਹੈ। ਮੌਤ ਦਾ ਸਹਿਮ ਡਰ ਸਦਾ ਲਈ ਸਮਾਪਤ ਹੋ ਸਕਦਾ ਹੈ।

ਘਰਿ ਮਹਲਿ ਸਚਿ ਸਮਾਈਐ ਜਮਕਾਲੁ ਨ ਸਕੈ ਖਾਇ ॥ ੨ ॥

ਸ੍ਰੀ ਰਾਗ ਮ: ੩ (ਪੰਨਾ : ੬੭)

ਸਾਡਾ ਮਨ ਮਾਇਆ ਦੇ ਪ੍ਰਭਾਵ ਅਧੀਨ ਸਤਿਗੁਰੂ ਦੀ ਭਲੀ ਸਿੱਖਿਆ ਸੁਣਦਾ ਹੀ ਨਹੀਂ ਹੈ। ਆਪ ਇਸ ਨੂੰ ਇੰਨੀ ਸੋਝੀ ਨਹੀਂ ਜੋ ਭੁੱਲ ਚੋਂ ਨਿਕਲ ਕੇ ਆਪਣੇ ਨਿੱਜ ਘਰ ਦੇ ਵਿੱਚ ਨਿਵਾਸ ਪਾ ਲਵੇ। ਭੁੱਲ ਵਿੱਚੋਂ ਨਿਕਲਣ ਲਈ ਗੁਰੂ ਅਗਵਾਈ ਦੀ ਲੋੜ ਹੈ। ਸਤਿਗੁਰੂ ਪੁਕਾਰ-ਪੁਕਾਰ ਕੇ, ਆਪਣੇ ਨਿੱਜ ਘਰ ਵਿੱਚ ਨਿਵਾਸ ਪਾਉਣ ਲਈ ਮਾਰਗ ਦਰਸ਼ਨ ਕਰਦੇ ਹਨ ਕਿ ਗੁਰੂ ਪਿਆਰਿਓ, ਜੇ ਆਪਣੇ ਘਰ ਵਿੱਚ ਸਦੀਵੀ ਨਿਵਾਸ ਪ੍ਰਾਪਤ ਕਰਨਾ ਹੈ, ਫਿਰ ਅੰਤਰਮੁਖੀ ਬਿਰਤੀ ਬਣਾ ਕੇ ਪ੍ਰਭੂ ਦਾ ਨਾਮ ਜਪੋ ਤੇ ਲਾਲਚ ਦਾ ਤਿਆਗ ਕਰ ਦੇਵੋ। ਤੁਹਾਨੂੰ ਨਿੱਜ ਘਰ ਦੀ ਪ੍ਰਾਪਤੀ ਹੋ ਜਾਵੇਗੀ :—

ਘਰਿ ਰਹੁ ਰੇ ਮਨ ਮੁਗਧ ਇਆਨੇ ॥
ਰਾਮੁ ਜਪਹੁ ਅੰਤਰਗਤਿ ਧਿਆਨੇ ॥
ਲਾਲਚ ਛੋਡਿ ਰਚਹੁ ਅਪਰੰਪਰਿ
ਇਉ ਪਾਵਹੁ ਮੁਕਤਿ ਦੁਆਰਾ ਹੇ ॥੧॥

ਮਾਰੂ ਮ: ੧, (ਪੰਨਾ : ੧੦੩੦)

ਨਿੱਜ ਘਰ ਵਿੱਚ ਟਿਕ ਕੇ ਅੰਤਰਮੁਖੀ ਬਿਰਤੀ ਕਰਕੇ ਨਾਮ ਜਪਣਾ ਹੈ ਅਤੇ ਲੋਭ ਲਾਲਚ ਦਾ ਤਿਆਗ ਕਰਨਾ ਹੈ। ਆਪਾਂ ਆਪਣੀ ਜਿੰਦਗੀ ਵਿੱਚ ਵੇਖਦੇ ਹਾਂ, ਜਿਸ ਮਨੁੱਖ ਦੇ ਪਾਸ ਸੰਸਾਰਕ ਘਰ ਨ ਹੋਵੇ ਉਹ ਦਰ-ਦਰ ਭਟਕਦਾ ਰਹਿੰਦਾ ਹੈ ਅਤੇ ਹਮੇਸ਼ਾ ਘਰ ਦੀ ਅਣਹੋਂਦ ਮਨੁੱਖ ਨੂੰ ਪ੍ਰੇਸ਼ਾਨ ਕਰਦੀ ਰਹਿੰਦੀ ਹੈ। ਮਨੁੱਖ ਹਰ ਔਖ ਝੱਲ ਕੇ ਆਪਣਾ ਘਰ ਬਨਾਉਣ ਲਈ ਯਤਨਸ਼ੀਲ ਰਹਿੰਦਾ ਹੈ। ਜੇ ਆਪਣੇ ਪਾਸ, ਘਰ ਬਨਾਉਣ ਜੋਗੀ ਮਾਇਆ ਨਾ ਹੋਵੇ, ਸਿਰ ਉਪਰ ਕਰਜਾ ਚੁੱਕ ਕੇ ਵੀ ਘਰ ਬਨਾਉਣ ਦਾ ਕਾਰਜ ਜ਼ਰੂਰ ਕਰਦਾ ਹੈ।

ਸਤਿਗੁਰੂ ਜੀ ਨੇ ਮਿਹਰ ਕਰਕੇ ਸਾਡੇ ਮਨ ਦੇ ਘਰ ਤਾਂ ਪਹਿਲਾਂ ਹੀ ਸਾਨੂੰ ਬਣਾ ਕੇ ਦਿੱਤੇ ਹੋਏ ਹਨ। ਕੇਵਲ ਉਸ ਵਿੱਚ ਨਿਵਾਸ ਹੀ ਕਰਨਾ ਹੈ।

ਸਾਡੇ ਮਨ ਨੇ ਆਪਣੀ ਚੇਤਾ ਸ਼ਕਤੀ ਵਿੱਚੋਂ ਆਪਣੇ ਘਰ ਨੂੰ ਸਦਾ ਲਈ ਭੁਲਾ ਦਿੱਤਾ ਹੈ, ਜਿਸ ਕਾਰਨ ਸਾਰੀ ਪ੍ਰੇਸ਼ਾਨੀ ਵਾਪਰ ਰਹੀ ਹੈ। ਸਾਹਿਬ ਸਾਡੇ ਮਨ ਨੂੰ ਯਾਦ ਕਰਾਉਂਦੇ ਹਨ ਹੇ ਮਨ, ਜਿਸ ਨਿੱਜ ਘਰ ਦੇ ਵਿੱਚ ਨਿਵਾਸ ਪਾ ਕੇ ਤੈਨੂੰ ਸੁੱਖ ਪ੍ਰਾਪਤ ਹੋਣਾ ਹੈ, ਤੂੰ ਉਸ ਘਰ ਦੀ ਯਾਦ ਹੀ ਭੁਲਾਈ ਹੋਈ ਹੈ। ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ।

ਜਿਹ ਘਰ ਮਹਿ ਤੁਧੁ ਰਹਨਾ ਬਸਨਾ
ਸੋ ਘਰੁ ਚੀਤਿ ਨ ਆਇਓ ॥ ੩ ॥

ਮਾਰੂ ਮ: ੫ (ਪੰਨਾ : ੧੦੧੭)

ਪਿੱਛੇ ਆਪਾਂ ਸੰਖੇਪ ਰੂਪ ਵਿੱਚ ਗੁਰਬਾਣੀ ਦੇ ਅਧਾਰ ਤੇ ਵੀਚਾਰ ਕੀਤੀ ਹੈ ਕਿ ਸਥੂਲ ਸਰੀਰ ਦੀਆਂ ਲੋੜਾਂ ਕੁੱਲੀ, ਗੁੱਲੀ, ਜੁੱਲੀ ਹਨ ਜਿਸ ਮਨੁੱਖ ਨੂੰ ਪ੍ਰਾਪਤ ਨ ਹੋਣ ਉਹ ਹਮੇਸ਼ਾ ਅਸ਼ਾਂਤ ਰਹਿੰਦਾ ਹੈ। ਇਸੇ ਤਰ੍ਹਾਂ ਸੂਖਮ ਆਤਮਾ ਦਾ ਭੋਜਨ, ਕੱਪੜਾ, ਘਰ ਵੀ ਸੂਖਮ ਹੈ। ਜਿਸਦਾ ਜਿਕਰ ਥਾਂ ਪੁਰ ਥਾਂ ਸਤਿਗੁਰੂ ਜੀ ਤੇ ਭਗਤਾਂ ਨੇ ਗੁਰਬਾਣੀ ਵਿੱਚ ਕੀਤਾ ਹੈ। ਜਿਸ ਆਤਮਾਂ ਨੂੰ, ਜਿਸ ਮਨ ਨੂੰ, ਆਪਣੀ ਖੁਰਾਕ ਨਾ ਮਿਲੇ, ਜਿਹੜੀ ਆਤਮਾਂ ਹਮੇਸ਼ਾ ਆਪਣੇ ਆਪ ਵਿੱਚ ਬੇ-ਪੜਦਗੀ ਦਾ ਅਹਿਸਾਸ ਕਰੇ ਅਤੇ ਆਪਣੇ ਆਪ ਨੂੰ ਬੇ-ਘਰਾ ਜਾਣ ਕੇ ਹਮੇਸ਼ਾ ਭਟਕਣਾ ਅਧੀਨ ਅਸ਼ਾਂਤ ਰਹੇ, ਉਸ ਮਨ ਦੀ ਦਸ਼ਾ ਬੜੀ ਤਰਸ ਯੋਗ ਹ ॥

ਮਨ ਕੀ ਹੈ ?

ਸਾਡੀ ਆਤਮਾ ਅਤੇ ਮਨ ਸੂਖਮ ਹਨ, ਮਨ ਸਾਡੇ ਸਰੀਰ ਦਾ ਕੋਈ ਸਥੂਲ ਅੰਗ ਨਹੀਂ ਹੈ। ਜਿਸ ਉੱਪਰ ਹੱਥ ਰੱਖ ਕੇ ਆਪਾਂ ਕਹਿ ਸਕੀਏ ਕਿ ਇਹ ਸਾਡਾ ਮਨ ਹੈ। ਜੈਸਾ ਕਿ ਦਿਲ ਹੈ, ਦਿਮਾਗ ਹੈ, ਫੇਫੜੇ ਹਨ, ਗੁਰਦੇ ਤੇ ਮਿਹਦਾ ਹੈ।

ਮਨ ਸਾਡੇ ਸਰੀਰ ਵਿੱਚ ਸੂਖਸ਼ਮ ਖਿਆਲਾਂ ਦਾ, ਵੀਚਾਰਾਂ ਦਾ ਸੰਗ੍ਰਹਿ ਹੈ। ਜੀਵ ਆਤਮਾਂ ਦੇ ਅਧੀਨ ਜੋ ਅੰਤਸ਼ਕਰਣ ਹੈ, ਮਨ ਉਸਦਾ ਸਭ ਤੋਂ ਵੱਡਾ ਕਰਿੰਦਾ ਹੈ। ਮਨ ਦਾ ਕੰਮ ਸੰਕਲਪਾਂ ਵਿਕਲਪਾਂ ਦਾ ਢਾਂਚਾ ਤਿਆਰ ਕਰਨਾ ਹੈ। ਮਨ ਸਾਰੇ ਸੰਕਲਪਾਂ ਦਾ ਖਾਕਾ ਤਿਆਰ ਕਰਕੇ ਬੁੱਧੀ ਨੂੰ ਸੌਂਪ ਦਿੰਦਾ ਹੈ, ਜੇ ਬੁੱਧੀ ਮਲੀਨ ਹੈ, ਮਲੀਨ ਬੁੱਧੀ ਮਲੀਨ ਸੰਕਲਪਾਂ ਨੂੰ ਆਪਣੇ ਪਾਸ ਰੱਖ ਲੈਂਦੀ ਹੈ ਤੇ ਉਨ੍ਹਾਂ ਮਾੜੇ ਸੰਕਲਪਾਂ ਨੂੰ ਸਿਰੇ ਚਾੜਨ ਲਈ ਮੁੜ ਮਨ ਦੀ ਡਿਊਟੀ ਲਗਾ ਦਿੰਦੀ ਹੈ। ਮਨ, ਮਿਲੇ ਸੰਕਲਪਾਂ ਨੂੰ ਅਸਲੀ ਰੂਪ ਦੇਣ ਲਈ ਵਿਉਤਬੰਦੀ ਅਰੰਭ ਦਿੰਦਾ ਹੈ ਤੇ ਉਨ੍ਹਾਂ ਸੰਕਲਪਾਂ ਦੀ ਪੂਰਤੀ ਲਈ ਯੋਜਨਾ ਬਨਾਉਣੀਆਂ ਸ਼ੁਰੂ ਕਰ ਦਿੰਦਾ ਹੈ।

ਜੇ ਬੁੱਧੀ, ਸ੍ਰੇਸ਼ਟ, ਬਬੇਕੀ ਹੈ ਤਦ ਮਨ ਦੇ ਭੇਜੇ ਹੋਏ ਬੁਰੇ ਸੰਕਲਪ ਲੈਣ ਤੋਂ ਇਨਕਾਰੀ ਹੋ ਜਾਂਦੀ ਹੈ। ਜਿੰਨੇ ਸ੍ਰੇਸ਼ਟ, ਉਤਮ ਸੰਕਲਪ ਹੋਣ ਉਹਨਾਂ ਨੂੰ ਆਪਣੇ ਪਾਸ ਰੱਖ ਅਚੇਤ ਮਨ ਵਿੱਚ ਜਮਾਂ ਕਰਵਾ ਦਿੰਦੀ ਹੈ। ਕਈ ਵਾਰੀ ਆਪਾਂ ਵੇਖਿਆ ਹੋਵੇਗਾ ਬਿਬੇਕ ਬੁਧੀ, ਮਨ ਦੇ ਭੇਜੇ ਬੁਰੇ ਖਿਆਲਾਂ ਨੂੰ ਜਿੱਥੇ ਲੈਣ ਤੋਂ ਨਾਂਹ ਕਰ ਦਿੰਦੀ ਹੈ, ਉੱਥੇ ਅੰਦਰੋਂ ਅੰਦਰੀ ਮਨ ਨੂੰ ਲਾਹਨਤ ਵੀ ਪਾਉਂਦੀ ਹੈ। ਇਸੇ ਲਈ ਅਰਦਾਸ ਵਿੱਚ ਹਰ ਗੁਰਸਿੱਖ, ਸਤਿਗੁਰੂ ਜੀ ਪਾਸੋਂ ਬਿਬੇਕ ਦਾਨ ਦੀ ਮੰਗ ਕਰਦਾ ਹੈ। ਸਾਹਿਬ ਪੰਚਮ ਪਾਤਸ਼ਾਹ ਜੀ ਨੇ ਵੀ ਸਾਨੂੰ ਗੁਰੂ ਚਰਨਾਂ ਵਿੱਚ ਅਰਦਾਸ ਕਰਕੇ ਬਿਬੇਕ ਬੁੱਧੀ ਦੀ ਜਾਚਨਾ ਕਰਨ ਵਾਸਤੇ ਪ੍ਰੇਰਨਾ ਦਿੱਤੀ ਹੈ ਤੇ ਫੁਰਮਾਇਆ ਹੈ :—

ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ ਰਹਾਉ॥

ਸੋਰਠ ਮ: ੫ (ਪੰਨਾ : ੬੪੧)

ਜਿਸਨੂੰ ਸਤਿਗੁਰੂ ਮਿਹਰ ਕਰਕੇ ਬਿਬੇਕ ਬੁੱਧੀ ਦੀ ਦਾਤ ਬਖਸ਼ਸ਼ ਕਰ ਦਿੰਦਾ ਹੈ। ਉਸ ਗੁਰੂ ਪਿਆਰੇ ਦੀ ਸ੍ਰੇਸ਼ਟ ਬਿਬੇਕ ਬੁੱਧੀ ਕੇਵਲ ਤੇ ਕੇਵਲ ਸ੍ਰੇਸ਼ਟ ਵੀਚਾਰ ਸਾਂਭ ਕੇ ਰੱਖਦੀ ਹੈ ਤੇ ਉਹਨਾਂ ਵੀਚਾਰਾਂ ਨੂੰ ਅਚੇਤ ਮਨ ਵਿੱਚ ਭੇਜ ਦਿੰਦੀ ਹੈ। ਮਲੀਨ ਵੀਚਾਰਾਂ ਨੂੰ ਆਪਣੇ ਅੰਦਰ ਪ੍ਰਵੇਸ਼ ਨਹੀਂ ਕਰਨ ਦਿੰਦੀ ਮਾਨੋਂ ਰੱਦੀ ਦੀ ਟੋਕਰੀ ਵਿੱਚ

ਸੁੱਟ ਦਿੰਦੀ ਹੈ। ਕੇਵਲ ਸ੍ਰੇਸ਼ਟ ਸੰਕਲਪਾਂ ਨੂੰ ਅਮਲੀ ਜਾਮਾਂ ਦੇਣ ਲਈ ਮਨ ਨੂੰ ਪ੍ਰੇਰਦੀ ਹੈ।

ਚੰਗੇ ਜਾਂ ਮਾੜੇ ਵੀਚਾਰ ਸਾਨੂੰ, ਅੱਖਾਂ ਨਾਲ ਵੇਖ ਕੇ, ਪੜ੍ਹ ਕੇ ਅਤੇ ਕੰਨਾਂ ਨਾਲ ਸੁਣ ਕੇ ਪ੍ਰਾਪਤ ਹੁੰਦੇ ਹਨ।

ਮਿਸਾਲ ਦੇ ਤੌਰ ਤੇ, ਮਨੁੱਖ ਨੇ ਕਿਸੇ ਦਾ ਤਨ ਤੱਕਿਆ, ਕਿਸੇ ਦਾ ਧਨ ਵੇਖਿਆ, ਕਿਸੇ ਦੀ ਇੱਜ਼ਤ ਵੇਖੀ, ਉਸ ਨੂੰ ਪ੍ਰਾਪਤ ਕਰਨ ਲਈ, ਚੋਰੀ, ਯਾਰੀ, ਠਗੀ ਦੇ ਵੀਚਾਰ ਉਤਪਨ ਹੋਣੇ ਅਰੰਭ ਹੋ ਗਏ। ਜੇ ਬੁੱਧੀ, ਮਲੀਨ ਹੋਵੇਗੀ, ਪਰ ਤਨ ਜਾਂ ਪਰ ਧਨ ਨੂੰ ਪ੍ਰਾਪਤ ਕਰਨ ਵਾਸਤੇ ਮਨ ਨੂੰ ਉਤਸ਼ਾਹਿਤ ਕਰੇਗੀ। ਅੱਗੇ ਮਨ ਉਸ ਦੀ ਪ੍ਰਾਪਤੀ ਵਾਸਤੇ ਸਕੀਮਾਂ ਘੜਨੀਆਂ ਅਰੰਭ ਕਰ ਦੇਵੇਗਾ। ਨਾਜ਼ਾਇਜ ਢੰਗ ਤਰੀਕੇ ਨਾਲ ਵੀ ਉਸ ਨੂੰ ਪ੍ਰਾਪਤ ਕਰਨ ਦਾ ਜਤਨ ਕਰੇਗਾ। ਉਹ ਨਾਜ਼ਾਇਜ ਹਥਕੰਡੇ ਹੀ ਪਾਪਾਂ ਰੂਪੀ ਬੋਝ ਬਣ ਕੇ ਆਤਮਾਂ ਨੂੰ ਬੋਝਲ ਬਣਾ ਦੇਣਗੇ ਅਤੇ ਬੁੱਧੀ ਹੋਰ ਭਰਿਸ਼ਟ ਹੋ ਕੇ ਹੋਰ ਮਲੀਨ ਕਰਮ ਕਰਨ ਵਾਸਤੇ ਮਨ ਨੂੰ ਖੁੱਲੀ ਛੁੱਟੀ ਦੇ ਦੇਵੇਗੀ।

ਇਸਦੇ ਉਲਟ, ਸੰਸਾਰ ਵਿੱਚ ਵਿਚਰਦਿਆਂ, ਬਿਬੇਕ ਬੁੱਧੀ ਵਾਲਾ ਵੀ, ਕਿਸੇ ਦਾ ਤਨ ਕਿਸੇ ਦਾ ਧਨ ਵੇਖਦਾ ਹੈ, ਉਸ ਦੇ ਮਨ ਵਿੱਚ ਵੀ, ਥੋੜੀ ਹਿਲ ਜੁਲ ਹੋਵੇਗੀ, ਪਰ ਇਹ ਪਲੀਤ ਖਿਆਲ, ਵੀਚਾਰ ਜਦੋਂ ਬਿਬੇਕ ਬੁੱਧੀ ਪਾਸ ਜਾਣਗੇ, ਉਹ ਇਕ ਦਮ ਨਿਰਨਾ ਕਰਕੇ ਪਾਪ ਕਰਮ ਕਰਨ ਤੋਂ ਮਨ ਨੂੰ ਵਰਜ ਦੇਵੇਗੀ, ਸ੍ਰੇਸ਼ਟ ਬੁੱਧੀ ਉਸਨੂੰ, ਇਸ ਪਾਪ ਕਰਮ ਦੇ ਨਤੀਜੇ ਦੱਸ ਕੇ, ਲਾਹਨਤ ਪਾਵੇਗੀ ਤੇ ਗੁਰੂ ਫੁਰਮਾਨ ਯਾਦ ਕਰਾਏਗੀ ਕਿ ਹੁਕਮ ਹੈ :—

ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥

ਸੁਖਮਨੀ ਮ: ੫ (ਪੰਨਾ : ੨੭੪)

ਤਥਾ :— **ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ॥**

(ਵਾਰ ੨੯, ਪਉੜੀ : ੧੧)

ਬਿਬੇਕ ਬੁੱਧੀ ਬਾਬਾ ਨਾਮਦੇਵ ਜੀ ਦਾ ਬਚਨ ਯਾਦ ਕਰਾਵੇਗੀ ਕਿ ਜੇ ਹਰੀ ਪ੍ਰਮਾਤਮਾ ਦੇ ਨੇੜੇ ਨਿਵਾਸ ਪ੍ਰਾਪਤ ਕਰਨਾ ਹੈ ਅਤੇ ਪ੍ਰਮਾਤਮਾਂ ਵਿੱਚ ਅਭੇਦਤਾ ਪ੍ਰਾਪਤ ਕਰਨੀ ਹੈ, ਫਿਰ "ਐਸਾ ਕੰਮ ਮੂਲੇ ਨ ਕੀਚੈ" ਹੇ ਮਨ ਯਾਦ ਰੱਖ, ਪਰ-ਤਨ ਤੇ ਪਰ ਧਨ ਤਿਆਗੀ ਦੇ ਨੇੜੇ ਹੀ ਹਰੀ ਵਸਦਾ ਹੈ :—

ਪਰ ਧਨ ਪਰ ਦਾਰਾ ਪਰਹਰੀ॥
ਤਾ ਕੈ ਨਿਕਟਿ ਬਸੈ ਨਰਹਰੀ॥

ਭੈਰਉ ਬਾਣੀ ਨਾਮਦੇਉ (ਪੰਨਾ : ੧੧੬੩)

ਪਰ ਤਨ ਤੇ ਪਰ ਧਨ ਤੇ ਤੇਰਾ ਕੋਈ ਹੱਕ ਨਹੀਂ, ਇਹ ਪਰਾਇਆ ਹੈ। ਸਤਿਗੁਰੂ ਨੇ ਇਸ ਤੋਂ ਵਰਜਿਆ ਹੈ। ਜੇ ਗੁਰੂ ਦੇ ਹੁਕਮ ਦੀ ਉਲੰਘਣਾ ਕੀਤੀ, ਫਿਰ ਗੁਰੂ ਤੇਰੀ ਹਾਮੀ ਨਹੀਂ ਭਰੇਗਾ ਕਿਉਂਕਿ :—

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥

(ਪੰਨਾ : ੧੪੧)

ਜਿੱਥੇ ਮਲੀਨ ਬੁੱਧੀ, ਮਾੜੇ ਸੰਸਕਾਰਾਂ ਨੂੰ ਸਵੀਕਾਰ ਕਰਕੇ ਚੇਤਨ ਸ਼ਕਤੀ ਵਿੱਚ ਜਮਾਂ ਕਰਾ ਦਿੰਦੀ ਹੈ ਉੱਥੇ ਪ੍ਰਾਪਤ ਹੋਏ ਸੰਕਲਪਾਂ ਨੂੰ ਪੂਰਾ ਕਰਨ ਲਈ ਅਮਲੀ ਜਾਮਾ ਪਹਿਨਾਉਣ ਲਈ, ਮਨ ਦੀ ਡਿਊਟੀ ਲਾ ਦਿੰਦੀ ਹੈ। ਅੱਗੋਂ ਮਨ ਉਸਦੀ ਪ੍ਰਾਪਤੀ ਲਈ ਸੋਚਾਂ ਵੀਚਾਰਾਂ ਅਰੰਭ ਕਰ ਦਿੰਦਾ ਹੈ। ਦੂਸਰੇ ਪਾਸੇ, ਬਿਬੇਕ ਬੁੱਧੀ ਮਾੜੇ ਪਲੀਤ ਸੰਕਲਪਾਂ ਨੂੰ ਲੈਣ ਤੋਂ ਇਨਕਾਰੀ ਹੋ, ਕੇਵਲ ਸ਼ੁਭ ਵਿਚਾਰਾਂ ਨੂੰ ਪ੍ਰਾਪਤ ਕਰਕੇ ਸਾਡੀ ਚੇਤਨ ਸ਼ਕਤੀ ਵਿੱਚ ਧਰ ਦਿੰਦੀ ਹੈ। ਚੇਤਨ ਸ਼ਕਤੀ ਸਾਡੇ ਮਨ ਦਾ ਸਟੋਰ ਹੈ, ਜਿਸ ਤਰ੍ਹਾਂ ਦੇ ਵੀਚਾਰ ਅਸੀਂ ਆਪਣੀ ਚੇਤਨ ਸ਼ਕਤੀ ਦੇ ਸਟੋਰ ਵਿੱਚ ਜਮਾਂ ਕਰਾਵਾਂਗੇ, ਉਹੋ ਜੇਹੇ ਸੰਸਕਾਰ ਹੀ ਸਾਨੂੰ ਸਾਡੀ ਚੇਤਨ ਸ਼ਕਤੀ ਚੋਂ ਪ੍ਰਾਪਤ ਹੋਣਗੇ। ਆਪਣੇ ਭਲੇ ਲਈ ਸਾਨੂੰ ਸ੍ਰੇਸ਼ਟ ਵੀਚਾਰ ਹੀ ਆਪਣੀ ਚੇਤਨ ਸ਼ਕਤੀ ਵਿੱਚ ਭੇਜਣੇ ਚਾਹੀਦੇ ਹਨ। ਸਾਡਾ ਮਨ ਜੋਤ ਸਰੂਪ ਪ੍ਰਮਾਤਮਾਂ ਦਾ ਰੂਪ ਹੈ। ਸਾਨੂੰ ਮਲੀਨ ਵੀਚਾਰਾਂ ਦੁਆਰਾ ਜੋਤ ਸਰੂਪੀ ਮਨ ਨੂੰ ਮੈਲਾ ਨਹੀਂ ਕਰਨਾ ਚਾਹੀਦਾ। ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ, ਹੇ ਮਨ, ਤੂੰ ਜੋਤ ਸਰੂਪ ਪ੍ਰਭੂ ਦਾ ਰੂਪ ਹੈ, ਤੂੰ ਆਪਣੇ ਮੂਲ ਦੀ ਪਛਾਣ ਕਰ। ਹੇ ਮਨ, ਹਰੀ ਪ੍ਰਮਾਤਮਾ ਸਦਾ ਤੇਰੇ ਨਾਲ ਹੈ, ਤੂੰ ਗੁਰੂ ਦੀ ਮੱਤ ਦਾ ਧਾਰਨੀ ਬਣ ਕੇ, ਪ੍ਰਮੇਸ਼ਰੀ ਜੋਤ ਦਾ ਅਨੰਦ ਮਾਣ, ਜੇ ਤੂੰ ਆਪਣੇ ਮੂਲ ਨੂੰ ਪਛਾਣ ਲਵੇਂ ਤਾਂ ਤੂੰ ਪੂਰਨ ਤੌਰ ਤੇ ਹਰੀ ਪ੍ਰਮਾਤਮਾ ਨੂੰ ਜਾਣ ਲਵੇਗਾ, ਹਰੀ ਪ੍ਰਮਾਤਮਾ ਦੀ ਤੈਨੂੰ ਲਖਤਾ ਹੋ ਜਾਵੇਗੀ ਜਦੋਂ ਤੂੰ ਆਪਣੇ ਮੂਲ ਦੀ ਸੋਝੀ ਵਾਲਾ ਹੋ ਗਿਆ ਫਿਰ ਤੈਨੂੰ ਪਤਾ ਚਲ ਜਾਵੇਗਾ ਕਿ ਮੌਤ ਕੀ ਹੈ ਅਤੇ ਜੀਵਨ ਕੀ ਹੈ ? ਗੁਰੂ ਮੇਹਰ ਨਾਲ ਜਦੋਂ ਇਕ ਹਰੀ ਦੀ ਸੋਝੀ ਪ੍ਰਾਪਤ ਹੋ ਗਈ ਫਿਰ ਦੂਜੇ ਪਾਸੇ ਦੀ ਝਾਕ ਤੇਰੀ ਖਤਮ ਹੋ ਜਾਵੇਗੀ।

ਆਪਣੇ ਮੂਲ ਦੀ ਸੋਝੀ ਪ੍ਰਾਪਤ ਕਰ ਲੈਣ ਦੇ ਨਾਲ ਤੈਨੂੰ ਸ਼ਾਂਤੀ ਅਤੇ ਸਦੀਵੀ ਖੁਸ਼ੀ ਪ੍ਰਾਪਤ ਹੋ ਜਾਵੇਗੀ, ਆਪਣੇ ਮੂਲ ਨਾਲ ਜੁੜਨ ਦਾ ਸਦਕਾ ਤੇਰਾ ਇਸ ਸੰਸਾਰ ਵਿੱਚ ਆਉਣਾ ਵੀ ਪ੍ਰਵਾਨ ਹੋ ਜਾਵੇਗਾ। ਦੁਬਾਰਾ ਫਿਰ ਸਤਿਗੁਰੂ ਜੀ ਅਸਲੀਅਤ ਦੀ ਪ੍ਰਪੱਕਤਾ ਕਰਾਉਂਦੇ ਫੁਰਮਾਉਂਦੇ ਹਨ ਕਿ ਹੇ ਮਨ, ਇਸ ਵਿੱਚ ਭੋਰਾ ਜਿੰਨਾ ਵੀ ਸ਼ੰਕਾ ਨਹੀਂ ਕਿ ਤੂੰ ਹਰੀ ਦਾ ਰੂਪ ਹੈ, ਤੂੰ ਆਪਣੇ ਮੂਲ ਦੀ ਪਛਾਣ ਕਰ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥
ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ॥
ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ॥
ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥੫॥

ਆਸਾ ਮ: ੩ (ਪੰਨਾ : ੪੪੧)

ਕਈ ਵਾਰੀ ਆਪਾਂ ਇਹ ਪ੍ਰਸ਼ਨ ਉਤਪੰਨ ਕਰ ਬੈਠਦੇ ਹਾਂ ਕਿ ਜੇ ਅਸੀਂ ਜੋਤ ਸਰੂਪ ਦਾ ਰੂਪ ਹਾਂ। ਜੋਤ ਸਰੂਪ ਪ੍ਰਮਾਤਮਾ ਤਾਂ ਮਹਾਂ ਪਵਿੱਤਰ ਹੈ। ਅਸੀਂ ਪਲੀਤ ਕਿਉਂ ਹਾਂ ? ਕੀ ਕਾਰਣ ਹੈ ? ਇੱਕ ਛੋਟੀ ਜਿਹੀ ਉਦਾਹਰਣ ਲਈਏ, ਇੱਕ ਨਿਰਮਲ ਜਲ ਦਾ ਸਰੋਵਰ ਹੋਵੇ। ਜਲ ਬੜਾ ਸਵੱਛ ਹੈ, ਜਮੀਨ ਦੇ ਤਲ ਤੱਕ ਉਸ ਦੀ ਗਹਿਰਾਈ ਦਿਸਦੀ ਹੈ। ਸਵੱਛ ਜਲ ਵਿੱਚ ਸਾਡਾ ਪ੍ਰਤੀਬਿੰਬ ਵੀ ਸਪਸ਼ਟ ਦਿਸਦਾ ਹੈ। ਪਰ ਜਦੋਂ ਝੱਖੜ ਤੂਫਾਨ ਆ ਜਾਵੇ, ਝਖੜ ਤੇ ਤੂਫਾਨ ਨਾਲ ਪਾਣੀ ਵਿੱਚ ਲਹਿਰਾਂ ਉਤਪੰਨ ਹੋ ਜਾਂਦੀਆਂ ਹਨ। ਬਾਹਰੋਂ ਘੱਟਾ ਮਿੱਟੀ ਪੈ ਕੇ ਸਰੋਵਰ ਦਾ ਜਲ ਗੰਧਲਾ ਹੋ ਜਾਂਦਾ ਹੈ। ਗੰਧਲੇ-ਪਨ ਕਰਕੇ ਤੇ ਲਹਿਰਾਂ ਕਾਰਨ, ਨਾ ਸਰੋਵਰ ਦੀ ਨਿਰਮਲਤਾ ਰਹਿੰਦੀ ਹੈ, ਨਾ ਸਰੋਵਰ ਦਾ ਤਲ ਹੀ ਦਿਸਦਾ ਹੈ। ਨਾ ਆਪਣਾ ਪ੍ਰਤੀਬਿੰਬ ਨਜ਼ਰ ਆਉਂਦਾ ਹੈ। ਸਾਰਾ ਨਿਰਮਲ ਜਲ, ਗੰਧਲਾ ਹੋ ਜਾਂਦਾ ਹੈ।

ਜਦੋਂ ਤੂਫਾਨ ਖਤਮ ਹੋ ਜਾਵੇ ਸਹਿਜੇ-ਸਹਿਜੇ ਜਲ ਟਿਕਣ ਲੱਗ ਜਾਂਦਾ ਹੈ। ਮੁੜ ਜਲ ਵਿੱਚ ਨਿਰਮਲਤਾਈ ਆ ਜਾਂਦੀ ਹੈ, ਗੰਧਲਾਪਨ ਖਤਮ ਹੋ ਜਾਂਦਾ ਹੈ। ਪਹਿਲਾਂ ਵਾਂਗ ਸਰੋਵਰ ਦੀ ਗਹਿਰਾਈ ਵੀ ਦਿਸਦੀ ਹੈ। ਆਪਣਾ ਪ੍ਰਤੀਬਿੰਬ ਵੀ ਸਾਫ ਦਿਖਾਈ ਦੇਣ ਲੱਗ ਜਾਂਦਾ ਹੈ।

ਇਸੇ ਤਰ੍ਹਾਂ ਸਾਡੇ ਮਨਾਂ ਵਿੱਚ, ਫੁਰਨਿਆਂ ਅਤੇ ਵਾਸ਼ਨਾਵਾਂ ਦੀਆਂ ਤਰੰਗਾਂ ਦੇ ਹੜ੍ਹ ਆਏ ਹੋਏ ਹਨ। ਆਸਾ ਤ੍ਰਿਸ਼ਨਾਂ, ਮੋਹ ਮਾਇਆ ਅਤੇ ਪੰਜਾਂ ਦੀਆਂ ਲਹਿਰਾਂ ਲਗਾਤਾਰ ਬੜੇ ਜ਼ੋਰ ਦੀਆਂ ਚਲ ਰਹੀਆਂ ਹਨ। ਮਾੜੇ ਕਰਮਾਂ, ਮਾੜੇ ਫੁਰਨਿਆਂ ਦੀ ਪਲੀਤਤਾਈ ਨੇ ਮਨ ਨੂੰ ਗੰਧਲਾ ਕਰ ਦਿੱਤਾ ਹੈ। ਦੁਨਿਆਵੀ ਤੂਫਾਨ ਤਾਂ ਥੋੜੇ ਸਮੇਂ ਪਿਛੋਂ ਰੁਕ ਜਾਂਦਾ ਹੈ, ਪਰ ਸਾਡੇ ਅੰਦਰ ਫੁਰਨਿਆਂ ਦਾ ਤੂਫਾਨ ਲਗਾਤਾਰ ਜਾਰੀ ਹੈ, ਮਾੜੇ ਕਰਮਾਂ ਦੀ ਧੂੜ ਲਗਾਤਾਰ ਪੈ ਰਹੀ ਹੈ। ਸਤਿਗੁਰੂ ਜੀ ਨੇ ਤਾਂ ਗੁਰਬਾਣੀ ਵਿੱਚ ਗੁੜ੍ਹਤੀ ਦਿੱਤੀ ਹੈ। ਹੇ ਮਨੁੱਖ, ਜੇ ਤੂੰ ਫੁਰਨਿਆਂ ਦੇ ਤੂਫਾਨ ਨੂੰ ਰੋਕ ਲਵੇਂ ਉਸੇ ਵੇਲੇ ਤੈਨੂੰ ਹਰੀ ਪ੍ਰਮੇਸ਼ਰ ਜੀ, ਜੋ ਤੇਰਾ ਮੂਲ ਹੈ ਉਸਦੀ ਪ੍ਰਾਪਤੀ ਹੋ ਸਕਦੀ ਹੈ। ਤੂੰ ਨਿਰਮਲ,

ਪਵਿੱਤਰ ਹੋ ਕੇ ਉਸ ਦਾ ਰੂਪ ਬਣ ਸਕਦਾ ਹੈਂ। ਫੁਰਨਿਆਂ ਕਰਕੇ ਹੀ ਪਲੀਤਤਾਈ ਬਣੀ ਹੋਈ ਹੈ। ਨਾ ਫੁਰਨੇ ਬੰਦ ਹੋਣ, ਨ ਮਨ ਪਵਿੱਤਰ ਹੋਵੇ ਅਤੇ ਨਾ ਸਾਨੂੰ ਆਪਣੇ ਮੂਲ ਦੀ ਸੋਝੀ ਹੋਵੇ। ਨਾ ਹਰੀ ਦੇ ਵਿੱਚ ਅਭੇਦਤਾ ਮਿਲੇ ਜੇ ਆਪਣੇ ਮੂਲ ਦੇ ਨਾਲ ਜੁੜਨਾ ਹੈ, ਮਨ ਨੂੰ ਪਵਿੱਤਰ ਕਰਨਾ ਹੈ, ਫਿਰ ਬਾਬਾ ਕਬੀਰ ਜੀ ਦੇ ਬਚਨਾਂ ਦੀ ਕਮਾਈ ਕਰਨੀ ਪਵੇਗੀ, ਬਚਨ ਕੀ ਹੈ :—

ਹੈ ਹਜੂਰਿ ਕਤ ਦੂਰਿ ਬਤਾਵਹੁ॥
ਦੁੰਦਰ ਬਾਧਹੁ ਸੁੰਦਰ ਪਾਵਹੁ॥ ੧॥

ਭਾਰਉ ਕਬੀਰ ਜੀ (ਪੰਨਾ : ੧੧੬੦)

ਮਨ ਵਿੱਚ ਤੂਫਾਨ ਪੈਦਾ ਕਰਨ ਵਾਲੇ ਫੁਰਨਿਆਂ ਨੂੰ ਰੋਕ ਲਵੋ। ਉਸੇ ਸਮੇਂ ਸੁੰਦਰ ਪ੍ਰਭੂ ਦੀ ਲਖਤਾ ਹੋ ਜਾਵੇਗੀ ਕਿਉਂਕਿ ਸਾਰੀ ਮਲੀਨਤਾਈ ਪਲੀਤ ਫੁਰਨਿਆਂ ਦੀ ਹੀ ਹੈ। ਜਦੋਂ ਫੁਰਨੇ ਬੰਦ ਹੋਏ, ਮੂਲ ਦੀ ਪਛਾਣ ਹੋ ਜਾਵੇਗੀ।

ਮਨ ਪ੍ਰਤੀ ਮਨੋ ਵਿਗਿਆਨੀਆਂ ਦੀ ਖੋਜ

ਗੁਰਬਾਣੀ ਤੋਂ ਥੋੜ੍ਹਾ ਹਟ ਕੇ ਵਿਗਿਆਨੀਆਂ ਦੀ ਖੋਜ ਵੱਲ ਝਾਤ ਮਾਰੀਏ ਉਹਨਾਂ ਦੀ ਖੋਜ ਵੀ ਤਕੀਰਬਨ ਗੁਰਬਾਣੀ ਅਨੁਸਾਰ ਹੀ ਢੁੱਕਦੀ ਹੈ। ਮਨੋਵਿਗਿਆਨੀਆ ਨੇ ਸਿੱਧ ਕੀਤਾ ਹੈ ਕਿ ਮਨ ਦਾ ਕੋਈ ਸਰੂਪ ਨਹੀਂ, ਮਨ ਅਰੂਪ ਹੈ, ਮਨ ਸੰਕਲਪਾਂ ਵਿਕਲਪਾਂ ਦਾ ਸੰਗ੍ਰਹਿ ਹੈ। ਸੰਕਲਪ ਵਿਕਲਪ (ਫੁਰਨੇ) ਕੁਦਰਤੀ ਨਹੀਂ ਹਨ। ਮਨੁੱਖ ਦੇ ਆਪਣੇ ਬਣਾਏ ਹੋਏ ਹਨ। ਜੇ ਫੁਰਨਿਆਂ ਸੰਕਲਪਾਂ ਨੂੰ ਕੁਦਰਤੀ ਮੰਨਿਆ ਜਾਵੇ ਫਿਰ ਹਜ਼ਾਰਾਂ ਬੰਦਿਆਂ ਦੇ ਇੱਕੋ ਸਮੇਂ ਇਕੋ ਜਿਹੇ ਫੁਰਨੇ ਹੋਣੇ ਚਾਹੀਦੇ ਹਨ ਪਰ ਐਸਾ ਨਹੀਂ ਹੈ। ਹਜ਼ਾਰਾਂ ਦੇ ਸੰਕਲਪ, ਵਿਕਲਪ ਇੱਕ ਦੂਜੇ ਨਾਲ ਮੇਲ ਨਹੀਂ ਖਾਂਦੇ, ਸਾਰਿਆਂ ਦੇ ਭਿੰਨ-ਭਿੰਨ ਹੁੰਦੇ ਹਨ। ਬਾਹਰ ਦੀ ਗੱਲ ਛੱਡ ਕੇ ਇੱਕ ਪਰਿਵਾਰ ਦੀ ਲੈ ਲਈਏ। ਪਤੀ, ਪਤਨੀ, ਪਿਉ ਪੁੱਤਰ, ਭਰਾ-ਭਰਾ ਦੇ ਫੁਰਨੇ ਇੱਕ ਦੂਜੇ ਨਾਲ ਮੇਲ ਨਹੀਂ ਖਾਂਦੇ। ਫੁਰਨੇ ਪ੍ਰਭੂ ਦੀ ਦੇਣ ਨਹੀਂ, ਮਨੁੱਖ ਦੇ ਆਪਣੇ ਬਣਾਏ ਹੋਏ ਹਨ।

ਅਗਲੇਰਾ ਸਵਾਲ ਮਨੋਵਿਗਿਆਨੀ ਉਠਾਉਂਦੇ ਹਨ ਕਿ ਇਹ ਫੁਰਨੇ ਕਿਵੇਂ ਤੇ ਕਿੱਥੋਂ ਉਠਦੇ ਹਨ ? ਇਸ ਦੇ ਉੱਤਰ ਵਿੱਚ ਉਹ ਲਿਖਦੇ ਹਨ ਕਿ ਫੁਰਨੇ ਮਨੁੱਖ ਦੇ ਸੁਭਾਅ ਵਿੱਚੋਂ ਉਤਪੰਨ ਹੁੰਦੇ ਹਨ। ਜਿਹੋ ਜਿਹਾ ਸੁਭਾਅ (ਆਦਤ) ਉਹੋ ਜਿਹੇ ਫੁਰਨੇ।

ਸੁਭਾਅ ਕਿਵੇਂ ਬਣਦਾ ਹੈ ? ਇਸ ਦੇ ਉੱਤਰ ਵਿੱਚ ਉਹ ਦੱਸਦੇ ਹਨ ਕਿ ਜਿਹੜਾ ਕਰਮ ਮਨੁੱਖ ਬਾਰ-ਬਾਰ ਕਰਦਾ ਹੈ। ਉਹ ਕਰਮ ਹੀ ਪੱਕ ਕੇ ਸੁਭਾਅ ਬਣ ਜਾਂਦਾ ਹੈ, ਜਿਸ ਨੂੰ ਸੰਸਕਾਰ ਕਿਹਾ ਜਾਂਦਾ ਹੈ।

ਅਗਲਾ ਪ੍ਰਸ਼ਨ ਉਠਾਲਿਆ ਹੈ ਕਿ ਮਨੁੱਖ ਕਰਮ ਬਾਰ-ਬਾਰ ਕਿਹੜੇ ਕਰਦਾ ਹੈ ?

ਮਨੋਵਿਗਿਆਨੀ ਉੱਤਰ ਦਿੰਦੇ ਹਨ, ਜਿਹੋ ਜਿਹੀ ਮਨੁੱਖ ਨੂੰ ਸੰਗਤ ਪ੍ਰਾਪਤ ਹੋਵੇ, ਉਹੋ ਜਿਹਾ ਉਸਦਾ ਸੁਭਾਅ ਬਣ ਜਾਂਦਾ ਹੈ, ਇਹ ਸੁਭਾਅ ਹੀ ਸੰਸਕਾਰ ਬਣ ਕੇ ਕਰਮ ਕਰਾਉਂਦੇ ਹਨ।

ਕੀ ਮਨ ਬਦਲਿਆ ਜਾ ਸਕਦਾ ਹੈ ?

ਇੰਝ ਕਹਿ ਲਵੋ, ਜੈਸੀ ਸੰਗਤ ਤੈਸਾ ਮਨ। ਹਾਂ! ਜਿਸ ਤਰ੍ਹਾਂ ਦਾ ਤੁਸੀਂ ਮਨ ਬਨਾਉਣਾ ਚਾਹੁੰਦੇ ਹੋ ਉਹੋ ਜਿਹੀ ਸੰਗਤ ਵਿੱਚ ਚਲੇ ਜਾਉ, ਜਿਹੋ ਜਿਹੀ ਸੰਗਤ ਵਿੱਚ ਜਾਉਗੇ ਉਹੋ ਜਿਹੇ ਤੁਸੀਂ ਕਰਮ ਕਰਨ ਲੱਗ ਜਾਵੋਗੇ। ਜਿਹੋ ਜਿਹੇ ਤੁਸੀਂ ਕਰਮ ਕਰੋਗੇ ਤੁਹਾਡਾ ਸੁਭਾਅ ਉਹੋ ਜਿਹਾ ਬਣ ਜਾਵੇਗਾ। ਸੁਭਾਉ ਵਿੱਚੋਂ ਜਿਹੋ ਜਿਹੇ ਫੁਰਨੇ ਉੱਠਣਗੇ ਉਹੋ ਜਿਹਾ ਤੁਹਾਡਾ ਮਨ ਹੋਵੇਗਾ ਕਿਉਂਕਿ ਵੀਚਾਰ ਫੁਰਨੇ ਹੀ ਮਨ ਹੈ।

ਅੱਜ ਤੋਂ ਤੀਹ ਚਾਲੀ ਸਾਲ ਪਹਿਲਾਂ ਮਨੋ ਵਿਗਿਆਨੀ ਇਹ ਕਹਿੰਦੇ ਸਨ ਕਿ ਪੁਸ਼ਤਾਂ ਤੋਂ ਜਿਹੜੇ (Genes) ਸੰਸਕਾਰਾਂ ਦੇ ਰੂਪ ਵਿੱਚ ਖੂਨ ਵਿੱਚ ਹੁੰਦੇ ਹਨ ਜੋ ਖਾਨਦਾਨੀ ਜੀਨਜ਼ (Genes) ਸੰਗਤ ਨਾਲ ਬਦਲੇ ਜਾ ਸਕਦੇ ਹਨ। ਉਸਦੀ ਪੁਸ਼ਟੀ ਵਿੱਚ ਉਹ ਦੁਨਿਆਵੀ ਉਦਾਹਰਣ ਦਿੰਦੇ ਹਨ ਕਿ ਕੋਈ ਖਾਨਦਾਨ ਲਗਾਤਾਰ ਦਸ ਪੁਸ਼ਤਾਂ ਤੋਂ ਚੋਰੀ ਦਾ ਕਿੱਤਾ ਕਰਦਾ ਆ ਰਿਹਾ ਹੋਵੇ ਉਸ ਘਰ ਵਿੱਚੋਂ ਨਵੇਂ ਜਨਮੇਂ ਬਚੇ ਨੂੰ, ਕਿਸੇ ਚੰਗੇ ਉਤਮ ਸੰਸਕਾਰਾਂ ਵਾਲੇ ਪਰਿਵਾਰ ਵਿੱਚ ਲੈ ਜਾਵੋ, ਜਿਹਨਾਂ ਨੇ ਪੁਸ਼ਤਾਂ ਤੋਂ ਚੋਰੀ ਨ ਕੀਤੀ ਹੋਵੇ, ਉਹ ਨਵ ਜੰਮਿਆਂ ਚੋਰਾਂ ਦੇ ਜੀਨਜ਼ (Genes) ਵਾਲਾ ਲੜਕਾ ਭਲਿਆ ਦੀ ਸੋਹਬਤ ਵਿੱਚ ਪਲਨ ਸਦਕਾ ਬਿਲਕੁਲ ਸਦਾਚਾਰੀ ਸ੍ਰੇਸ਼ਟ ਗੁਣਾਂ ਦਾ ਧਾਰਨੀ ਬਣ ਜਾਵੇਗਾ।

ਇਸਦੇ ਉਲਟ, ਸਦਾਚਾਰੀ ਪਰਿਵਾਰ ਦੇ ਬਚੇ ਨੂੰ ਚੋਰਾਂ ਦੀ ਕੁਸੰਗਤ ਮਿਲ ਜਾਵੇ ਉਹ ਸਦਾਚਾਰੀ ਬੱਚਾ ਚੋਰਾਂ ਦੀ ਕੁਸੰਗਤ ਕਰਕੇ ਦੁਰਾਚਾਰੀ ਬਣ ਜਾਵੇਗਾ। ਸੋ ਮੂਲ ਗੱਲ ਇਸ ਤਰ੍ਹਾਂ ਹੋਈ ਕਿ ਸੁਭਾਅ ਸੰਗਤ ਵਿੱਚ ਬਣਦਾ ਹੈ। ਬਾਬਾ ਕਬੀਰ ਜੀ ਦਾ ਵੀ ਫੁਰਮਾਨ ਹੈ :—

ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ॥ ੮੬॥

ਸਲੋਕ ਭਗਤ ਕਬੀਰ (ਪੰਨਾ : ੧੩੬੯)

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ ਕਿ ਸਾਡਾ ਮਨ ਜਿਸ ਤਰ੍ਹਾਂ ਦੀ ਸੰਗਤ ਕਰੇਗਾ, ਉਸ ਤਰ੍ਹਾਂ ਦੇ ਮਨ ਦੇ ਸੰਸਕਾਰ ਬਣ ਜਾਣਗੇ, ਜਿਹੋ ਜਿਹੇ, ਸੰਸਕਾਰ ਬਣਨਗੇ ਉਹੋ ਜਿਹਾ ਮਨ ਬਣ ਜਾਵੇਗਾ। ਮਨ ਦੀ ਪ੍ਰੇਰਨਾ ਅਧੀਨ ਜਿਸ ਤਰ੍ਹਾਂ ਦੇ ਮਨੁੱਖ ਕਰਮ ਕਰੇਗਾ ਉਸ ਕੀਤੇ ਹੋਏ ਕਰਮ ਦਾ ਫਲ, ਕਰਨ ਵਾਲੇ ਨੂੰ ਹੀ ਭੋਗਣਾ ਪਵੇਗਾ :—

ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ॥
ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ॥੭॥

ਸੂਹੀ ਮ: ੩ (ਪੰਨਾ : ੭੫੫)

ਬਾਬਾ ਕਬੀਰ ਜੀ ਅਤੇ ਸਤਿਗੁਰੂ ਜੀ ਦੇ ਹੁਕਮ ਦੀ ਹੋਰ ਪ੍ਰੋੜਤਾ ਹੋ ਜਾਵੇਗੀ ਜੇ ਆਪਾਂ, ਇਤਿਹਾਸ ਦੀ ਇੱਕ ਸਾਖੀ ਵਾਚ ਲਈਏ।

ਬਾਬਾ ਬਿਧੀ ਚੰਦ ਜੀ ਦਾ ਨਾਉ ਸਿੱਖ ਇਤਿਹਾਸ ਵਿੱਚ ਸਿਤਾਰੇ ਵਾਂਗ ਚਮਕਦਾ ਹੈ। ਆਪ ਜੀ ਦਾ ਜਨਮ ਪਿੰਡ ਸੁਰ ਸਿੰਘ ਜਿਲ੍ਹਾ ਅੰਮ੍ਰਿਤਸਰ ਵਿਖੇ ਧਾਰਮਕ ਖਿਆਲਾਂ ਦੇ ਨੇਕ ਇਨਸਾਨ ਭਾਈ ਵਸਣ ਜੀ ਦੇ ਘਰ ਹੋਇਆ। ਆਪ ਜੀ ਬਚਪਨ ਵਿੱਚ ਧਾਰਮਕ ਖਿਆਲਾਂ ਦੇ ਧਾਰਨੀ ਤੇ ਨੇਕ ਬੁੱਧੀ ਦੇ ਮਾਲਕ ਸਨ। ਆਪ ਜੀ ਬਚਪਨੇ ਤੋਂ ਉਪ੍ਰੰਤ, ਆਪਣੇ ਨਾਨਕੇ ਪਿੰਡ ਸਿਹਾਲੀ ਆ ਗਏ, ਉਥੇ ਆਪ ਨੂੰ ਚੋਰਾਂ ਧਾੜਵੀਆਂ ਦੀ ਕੁਸੰਗਤ ਮਿਲ ਗਈ। ਆਪ ਜੀ ਦੇ ਧਾਰਮਕ ਸੰਸਕਾਰ ਬਿਲਾ[੧] ਗਏ, ਆਪ ਜੀ ਧਾੜਵੀਆਂ ਨਾਲ ਰਲ ਕੇ ਚੋਰੀ ਕਰਨ ਲੱਗ ਪਏ।

ਭਰ ਜੁਆਨੀ ਵਿੱਚ ਫਿਰ ਸਮਾਂ ਆਇਆ, ਆਪ ਜੀ ਨੂੰ ਮਹਾਂਪੁਰਖ ਬਾਬਾ ਅਦਲੀ ਜੀ ਦੀ ਸੰਗਤ ਪ੍ਰਾਪਤ ਹੋ ਗਈ, ਸਤਸੰਗਤ ਕਰਨ ਨਾਲ ਆਪ ਦੇ ਚੋਰੀ ਦੇ ਸੰਸਕਾਰ ਖਤਮ ਹੋ ਗਏ। ਆਪ ਜੀ ਬੜੇ ਉੱਚੇ ਸੁੱਚੇ ਇਖਲਾਕ ਦੇ ਧਾਰਨੀ ਗੁਰਸਿੱਖ ਬਣ ਗਏ। ਸਤਿਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪ ਜੀ ਦੀ ਕਰਨੀ ਤੇ ਪਰਸੰਨ ਹੋ ਕੇ ਵਰ ਬਖਸ਼ਿਆ :—

ਬਿਧੀ ਚੰਦ ਛੀਨਾ॥ ਗੁਰੂ ਕਾ ਸੀਨਾ॥

ਬਾਬਾ ਬਿਧੀ ਚੰਦ ਜੀ ਦੇ ਜੀਵਨ ਨੂੰ ਪੜ੍ਹ ਕੇ ਸਿੱਧ ਹੁੰਦਾ ਹੈ ਕਿ ਮਨੁੱਖ ਦੇ ਵੀਚਾਰ ਸੰਗਤ ਦੁਆਰਾ ਬਦਲਦੇ ਹਨ, ਜਿਸ ਦੇ ਵੀਚਾਰ ਬਦਲ ਜਾਣ ਉਸਦਾ ਮਨ ਬਦਲ ਜਾਂਦਾ ਹੈ। ਜਿਸਦਾ ਮਨ ਬਦਲ ਜਾਵੇ ਉਸ ਦਾ ਜੀਵਨ ਬਦਲ ਜਾਂਦਾ ਹੈ।

ਅਸੀਂ ਆਪ ਵੀ ਆਪਣੀ ਨਿੱਜ ਦੀ ਬੋਲੀ ਵਿੱਚ ਕਈ ਵਾਰੀ ਗੱਲ ਬਾਤ ਕੀਤੀ ਹੈ ਤੇ ਕਈਆਂ ਨੂੰ ਕਰਦਿਆਂ ਸੁਣਿਆ ਹੋਵੇਗਾ। ਕੋਈ ਮਨੁੱਖ ਪਹਿਲਾਂ ਨਾਸਤਕ ਹੋਵੇ, ਪਰਮਾਤਮਾ ਜੀ ਹੋਂਦ ਤੋਂ ਬਿਲਕੁਲ ਮੁਨਕਰ ਹੋਵੇ। ਸਤ ਸੰਗਤ ਕਰਨ ਨਾਲ ਉਸਦੇ ਵੀਚਾਰ ਬਦਲਣ ਸਦਕਾ ਉਸਦੇ ਜੀਵਨ ਵਿੱਚ ਬਦਲਾਉ ਆ ਜਾਵੇ, ਉਹ ਮਨੁੱਖ ਆਸਤਕ ਬਣ ਕੇ ਪ੍ਰਮੇਸ਼ਰ ਦੀ ਭਗਤੀ ਕਰਨ ਲੱਗ ਜਾਵੇ, ਅਸੀਂ ਜਦੋਂ ਸਜਣਾਂ ਮਿੱਤਰਾਂ ਵਿੱਚ ਬੈਠ ਕੇ ਉਸਦੀ ਗੱਲ ਕਰਦੇ ਹਾਂ ਤੇ ਅਕਸਰ ਕਹਿੰਦੇ ਹਾਂ ਕਿ ਫਲਾਨਾ ਮਨੁੱਖ ਤਾਂ ਬਹੁਤ ਬਦਲ ਗਿਆ ਹੈ।

੧. ਖਤਮ ਹੋ ਗਏ।

ਉਸ ਮਨੁੱਖ ਦਾ ਨਾ ਕੋਈ ਚਿਹਰਾ-ਮੁਹਰਾ ਬਦਲਿਆ ਹੈ। ਨ ਅੱਖਾਂ, ਨੱਕ ਅਤੇ ਹੋਰ ਨੈਣ ਨਕਸ਼ ਬਦਲੇ ਹਨ। ਸਰੀਰ ਸਾਰਾ ਪਹਿਲੇ ਵਾਲਾ ਹੀ ਹੈ। ਫਿਰ ਆਪਾਂ ਉਸਨੂੰ ਬਹੁਤ ਬਦਲ ਗਿਆ ਕਿਉਂ ਕਹਿੰਦੇ ਹਾਂ ?

ਬਹੁਤ ਬਦਲ ਗਿਆ ਇਸ ਲਈ ਕਹਿੰਦੇ ਹਾਂ ਕਿਉਂਕਿ ਉਸਦੇ ਖਿਆਲ, ਉਸਦੇ ਵੀਚਾਰ ਬਦਲ ਗਏ ਹਨ। ਬਸ, ਖਿਆਲਾਂ ਦੇ ਬਦਲਣ ਨਾਲ ਹੀ ਸੰਸਕਾਰ ਬਦਲ ਜਾਂਦੇ ਹਨ। ਸੰਸਕਾਰਾਂ ਦੇ ਬਦਲਣ ਨਾਲ ਮਨੁੱਖ ਦੇ ਕਰਮ ਬਦਲ ਜਾਂਦੇ ਹਨ।

ਜਿਸ ਮਨੁੱਖ ਦੇ ਕਰਮ ਬਦਲ ਜਾਣ ਉਸ ਦਾ ਜੀਵਨ ਬਦਲ ਜਾਂਦਾ ਹੈ। ਤਦ ਹੀ ਸਤਿਗੁਰੂ ਜੀ ਨੇ ਸਾਰੀ ਬਾਣੀ ਵਿੱਚ ਸ੍ਰੇਸ਼ਟ ਵੀਚਾਰਾਂ ਦੇ ਧਾਰਨੀ ਬਣਨ ਲਈ ਪ੍ਰੇਰਨਾ ਦਿੱਤੀ ਹੈ ਕਿਉਂਕਿ ਵੀਚਾਰਾਂ ਦੇ ਅਧਾਰ ਤੇ ਹੀ ਮਨ ਦੀ ਹੋਂਦ ਖੜ੍ਹੀ ਹੈ।

ਮਨ ਇਕ ਪਾਸੇ ਆਤਮਾਂ ਨਾਲ ਸਬੰਧਤ ਹੈ, ਦੂਜੇ ਪਾਸੇ ਸੰਸਾਰ ਨਾਲ। ਦੁਵੱਲੀ ਮਨ ਨੇ ਸਾਂਝ ਬਣਾਈ ਹੋਈ ਹੈ। ਬਣਾਵੇ ਵੀ ਕਿਉਂ ਨਾ ਕਿਉਂਕਿ ਮਨ ਸੱਤਿਆ ਆਤਮਾਂ ਪਾਸੋਂ ਲੈਂਦਾ ਹੈ, ਵੀਚਾਰ ਸੰਸਾਰ ਪਾਸੋਂ ਪ੍ਰਾਪਤ ਕਰਦਾ ਹੈ।

ਜੇ ਸਾਡਾ ਮਨ ਸ੍ਰੇਸ਼ਟ ਵੀਚਾਰਾਂ ਦਾ ਧਾਰਨੀ ਬਣ ਜਾਵੇ, ਸ੍ਰੇਸ਼ਟ ਵੀਚਾਰ ਹੀ ਸ੍ਰੇਸ਼ਟ ਕਰਮ ਕਰਵਾ ਕੇ ਪ੍ਰਮੇਸ਼ਰ ਜੀ ਵਿੱਚ ਅਭੇਦ ਕਰਵਾ ਦਿੰਦੇ ਹਨ। ਇਸਦੇ ਉਲਟ ਮਨ ਹੀ ਵਿਕਾਰਾਂ ਦੀ ਪੂਰਤੀ ਲਈ ਸਰੀਰਕ ਇੰਦ੍ਰਿਆਂ ਪਾਸੋਂ ਦੁਰਾਚਾਰੀ ਕਰਮ ਕਰਵਾ ਕੇ ਪ੍ਰਮੇਸ਼ਰ ਜੀ ਤੋਂ ਦੂਰੀ ਪਾਉਣ ਦਾ ਕਾਰਨ ਬਣਦਾ ਹੈ। ਮਨ ਹੀ ਸਾਡਾ ਅੱਤ ਨਜਦੀਕੀ ਮਿੱਤਰ ਹੈ। ਪਰ ਜੇ ਇਸ ਨੂੰ ਵਿਸ਼ੇ ਵਾਸ਼ਨਾ ਦੀ ਕੁਸੰਗਤ ਮਿਲ ਜਾਵੇ ਇਹੋ ਮਨ ਹੀ, ਸਾਡਾ ਦੁਸ਼ਮਣ ਬਣ ਜਾਂਦਾ ਹੈ।

ਤਦ ਹੀ ਬਾਬਾ ਕਬੀਰ ਜੀ ਨੇ ਆਪਣੀ ਬਾਣੀ ਰਾਹੀਂ ਸਾਨੂੰ ਪ੍ਰੇਰਨਾ ਦਿੱਤੀ ਹੈ ਕਿ ਅਸੀਂ ਮਨ ਪਾਸੋਂ ਕੰਮ ਲੈਣਾ ਹੈ, ਮਨ ਦੇ ਨਾਲ ਵਿਗਾੜਨੀ ਨਹੀਂ ਹੈ ਕਿਉਂਕਿ ਜਿਸ ਪਾਸੋਂ ਕੰਮ ਲੈਣਾ ਹੋਵੇ ਉਸ ਨਾਲ ਵਿਗਾੜ ਕੇ ਸਰਦਾ ਨਹੀਂ ਅਤੇ ਨਾ ਹੀ ਮਨ ਨੂੰ ਇੰਨੀ ਖੁੱਲ ਦੇਣੀ ਹੈ ਕਿ ਮਨ ਆਪ ਹੁਦਰਾ ਹੋ ਕੇ ਮਨਮਾਨੀਆਂ ਕਰੇ ਅਤੇ ਮਨੁੱਖਾ ਜਨਮ ਨੂੰ, ਵਿਅਰਥ ਗਵਾਉਣ ਦਾ ਕਾਰਨ ਬਣ ਜਾਵੇ। ਮਨ ਨੂੰ ਸ਼ੁਭ ਵੀਚਾਰਾਂ ਦੇ ਅਧੀਨ ਚਲਾਇਆਂ ਹੀ ਮਨੁੱਖਾ ਜਨਮ ਦੀ ਕਾਰਜ ਸਿੱਧੀ ਹੋਣੀ ਹੈ। ਬਾਬਾ ਕਬੀਰ ਜੀ ਦੱਸ ਰਹੇ ਹਨ ਕਿ ਮਨ ਨੂੰ (ਭਾਵ ਸਾਨੂੰ) ਮਨ ਵਰਗਾ ਹੋਰ ਕੋਈ ਮਿੱਤਰ ਨਹੀਂ ਮਿਲਿਆ ਕਿਉਂਕਿ ਮਨ ਹੁਣ ਪ੍ਰਭੂ ਨਾਲ ਜੋੜਨ ਲਈ ਸਹਾਇਕ-ਮਿੱਤਰ ਬਣ ਕੇ ਸਾਥ ਦੇਣ ਲਗ ਪਿਆ ਹੈ :—

ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥
ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥੩੨॥

ਗਉੜੀ ਬ: ਅਖਰੀ ਕਬੀਰ ਜੀ (ਪੰਨਾ : ੩੪੨)

ਮਨ ਆਤਮਾ ਦਾ ਬਹੁਤ ਵੱਡਾ ਮਹੱਤਵ ਪੂਰਨ ਹਿੱਸਾ ਹੈ। ਮਨ ਸਾਰਾ ਕੁਛ ਹੀ ਹੈ। ਮਨ ਮਾਇਆ ਦਾ ਰੂਪ ਵੀ ਹੈ, ਮਨ ਪ੍ਰਮਾਤਮਾ ਦਾ ਰੂਪ ਵੀ ਹੈ। ਸਰੀਰਕ ਕ੍ਰਿਆ ਵੀ ਮਨ ਦੇ ਆਸਰੇ ਹੀ ਚਲਦੀ ਹੈ।

ਮਨ ਦਾ ਆਪਣਾ ਰੂਪ ਕੋਈ ਨਹੀਂ, ਮਨ ਉੱਪਰ ਜੇ ਮਾਇਆ ਦਾ ਪ੍ਰਭਾਵ ਹਾਵੀ ਹੋ ਗਿਆ ਮਨ ਮਾਇਆ ਰੂਪ ਬਣ ਕੇ ਮਾਇਆ ਦੇ ਹੱਥਾਂ ਵਿੱਚ ਖੇਡਣ ਲੱਗ ਜਾਂਦਾ ਹੈ। ਜੇ ਪ੍ਰਮਾਰਥ ਦੇ ਸੰਸਕਾਰ ਮਨ ਤੇ ਹਾਵੀ ਹੋ ਜਾਣ ਇਹੋ ਮਨ ਮਾਇਆ ਦਾ ਤਿਆਗੀ ਬਣ ਕੇ ਪ੍ਰਮਾਤਮਾਂ ਨਾਲ ਜੁੜ ਕੇ ਉਸਦਾ ਰੂਪ ਬਣ ਜਾਂਦਾ ਹੈ।

ਜਦੋਂ ਮਨ ਤੋਂ ਮਾਇਆ ਦਾ ਪ੍ਰਭਾਵ ਖਤਮ ਹੋ ਜਾਂਦਾ ਹੈ, ਫੁਰਨਿਆਂ, ਵਾਸ਼ਨਾਵਾਂ ਦੇ ਤੂੰਗਾਂ ਤੋਂ ਮੁਕਤ ਹੋ ਕੇ ਟਿੱਕ ਜਾਂਦਾ ਹੈ। ਫਿਰ ਇਹੋ ਮਨ ਅਗਮ-ਨਿਗਮ ਦੀ ਸੋਝੀ ਦੀਆਂ ਗੱਲਾਂ ਕਰਦਾ ਹੈ। ਤਦ ਹੀ ਬਾਬਾ ਕਬੀਰ ਜੀ ਨੇ ਫੁਰਮਾਨ ਕੀਤਾ ਹੈ :—

ਇਹੁ ਮਨੁ ਸਕਤੀ ਇਹੁ ਮਨੁ ਸੀਉ ॥
ਇਹੁ ਮਨੁ ਪੰਚ ਤਤ ਕੋ ਜੀਉ ॥
ਇਹੁ ਮਨੁ ਲੇ ਜਉ ਉਨਮਨਿ ਰਹੈ ॥
ਤਉ ਤੀਨਿ ਲੋਕ ਕੀ ਬਾਤੈ ਕਹੈ ॥ ੩੩ ॥

ਬਾਬਨ ਅਖਰੀ ਕਬੀਰ ਜੀ (ਪੰਨਾ : ੩੪੨)

ਤ੍ਰਿਕਾਲ ਦਰਸ਼ੀ ਬਣਨ ਲਈ ਕਰਨਾ ਕੀ ਹੈ। "**ਇਹੁ ਮਨ ਲੇ**" ਇਹ ਮਨ ਲੇ ਕੀ ਹੈ ? ਇਸ ਦੇ ਵੀਚਾਰ-ਫੁਰਨੇ ਲੈ ਲੈਣੇ ਹਨ। ਜਦੋਂ ਵੀਚਾਰ-ਫੁਰਨੇ ਲੈ ਲਏ, ਫਿਰ ਮਨ ਅਫੁਰ ਹੋ ਗਿਆ, ਉਨਮਨੀ ਹੋ ਗਿਆ। ਅਫੁਰ ਅਤੇ ਉਨਮਨੀ ਹੋਣ ਦੀ ਦੇਰ ਹੈ, ਉਸੇ ਵੇਲੇ ਪ੍ਰਭੂ ਨਾਲ ਜੁੜਿਆ ਸਮਝੋ। ਕੈਸਾ ਕੱਖ ਓਹਲੇ ਲੱਖ ਹੈ !

ਇਸੇ ਕਰਕੇ ਹੀ ਗੁਰਬਾਣੀ ਵਿੱਚ ਸਾਰਾ ਉਪਦੇਸ਼ ਮਨ ਨੂੰ ਦਿੱਤਾ ਹੈ। ਜੇ ਮਨ ਪੂਰਨ ਤੌਰ ਤੇ ਗੁਰੂ ਉਪਦੇਸ਼ ਨੂੰ ਸਮਝ ਕੇ ਉਸਦਾ ਧਾਰਨੀ ਬਣ ਜਾਵੇ ਫਿਰ ਹਰੀ ਦੀ ਪ੍ਰਾਪਤੀ ਹੋ ਗਈ ਸਮਝੋ। ਜਦੋਂ ਮਨ ਕਰਤਾਰ ਵਾਲੇ ਪਾਸੇ ਲੱਗ ਜਾਂਦਾ ਹੈ, ਫਿਰ ਸੰਸਾਰ ਖੁਸ਼ ਨਹੀਂ ਹੁੰਦਾ। ਪਰ "ਮਨਿ ਜੀਤੈ ਜਗੁ ਜੀਤੁ" ਦੇ ਧਾਰਨੀ ਗੁਰੂ ਪਿਆਰੇ ਸੰਸਾਰ ਦੀ ਪ੍ਰਵਾਹ ਵੀ ਨਹੀਂ ਕਰਦੇ। ਉਹ ਤਾਂ ਬੇਝਿਜਕ ਹੋ ਕੇ ਕਹਿ ਦਿੰਦੇ ਹਨ :—

ਕਹਿ ਕਬੀਰ ਅਬ ਜਾਨਿਆ ॥
ਜਬ ਜਾਨਿਆ ਤਉ ਮਨੁ ਮਾਨਿਆ ॥
ਮਨ ਮਾਨੇ ਲੋਗੁ ਨ ਪਤੀਜੈ ॥
ਨ ਪਤੀਜੈ ਤਉ ਕਿਆ ਕੀਜੈ ॥ ੩ ॥ ੭ ॥

ਸੋਰਠ ਕਬੀਰ ਜੀ (ਪੰਨਾ : ੬੫੬)

ਮਨਿ ਮੈਲੈ ਸਭੁ ਕਿਛੁ ਮੈਲਾ

ਮਨ ਨੂੰ ਸ਼ੁਭ ਵੀਚਾਰਾਂ ਦਾ ਧਾਰਨੀ ਬਣਾ ਕੇ ਨਿਰਮਲ ਪਵਿੱਤਰ ਕਰਨਾ ਹੈ ਜੇ ਮਨ ਨੂੰ ਮਲੀਨ ਵੀਚਾਰ ਦੇਵਾਂਗੇ, ਮਲੀਨ ਵੀਚਾਰਾਂ ਨਾਲ ਮਨ ਪਲੀਤ ਮੈਲਾ ਹੋ ਜਾਵੇਗਾ। ਜਦੋਂ ਮਨ ਮੈਲਾ ਹੋ ਗਿਆ ਸਮਝੋ ਮਨੁੱਖ ਦਾ ਸਾਰਾ ਆਚਾਰ, ਬਿਉਹਾਰ, ਕਿਰਦਾਰ ਮੈਲਾ ਬਣ ਜਾਵੇਗਾ। ਤਦ ਹੀ ਸਤਿਗੁਰ ਅਮਰਦਾਸ ਜੀ ਨੇ ਫੁਰਮਾਇਆ ਹੈ ਕਿ ਜੇ ਮਨੁੱਖ ਦਾ ਮਨ ਮੈਲਾ ਹੈ, ਮਨੁੱਖ ਦੀ ਵੇਖਣੀ ਵੀ ਮਾੜੀ ਹੋ ਜਾਂਦੀ ਹੈ। ਕਿਸੇ ਨੂੰ ਇਹਨਾਂ ਅੱਖਾਂ ਨਾਲ ਮੰਦ ਦ੍ਰਿਸ਼ਟੀ ਨਾਲ ਵੇਖੇਗਾ। ਜੇ ਮਨੁੱਖ ਦਾ ਮਨ ਮੈਲਾ ਹੈ, ਕੰਨਾਂ ਦੇ ਨਾਲ ਅਸ਼ਲੀਲ ਮਾੜੇ ਬੋਲ ਸੁਣੇਗਾ। ਜੇ ਮਨੁੱਖ ਦਾ ਮਨ ਮੈਲਾ ਹੈ, ਫਿਰ ਮਨੁੱਖ ਜੀਭ ਨਾਲ ਕਿਸੇ ਨੂੰ ਮਾੜੇ ਸ਼ਬਦ ਬੋਲੇਗਾ। ਜੇ ਮਨੁੱਖ ਦਾ ਮਨ ਮੈਲਾ ਹੈ, ਹੱਥਾਂ ਨਾਲ ਮਾੜੇ ਕਰਮ ਕਰੇਗਾ। ਜੇ ਮਨੁੱਖ ਦਾ ਮਨ ਮੈਲਾ ਹੈ, ਇਹ ਪੈਰਾਂ ਨਾਲ ਚਲ ਕੇ ਕੁਸੰਗਤ ਵਿੱਚ ਜਾਵੇਗਾ ਕਿਉਂਕਿ ਸਰੀਰ ਨੂੰ ਕਰਮ ਕਰਨ ਦੀ ਪ੍ਰੇਰਨਾ ਮਨ ਨੇ ਹੀ ਦੇਣੀ ਹੈ। ਸਰੀਰ ਤਾਂ ਇੱਕ ਸਾਧਨ ਹੈ। ਇਸ ਸਾਧਨ ਪਿੱਛੇ ਸੱਤਿਆ ਪ੍ਰੇਰਨਾ ਸਾਰੀ ਮਨ ਦੀ ਹੀ ਕੰਮ ਕਰ ਰਹੀ ਹੈ।

ਜੇ ਗੁਰੂ ਉਪਦੇਸ਼ ਦੇ ਸ਼ੁਭ ਵੀਚਾਰਾਂ ਦੁਆਰਾ ਮਨ ਨੂੰ ਪਵਿੱਤਰ ਕਰ ਲਿਆ, ਫਿਰ ਬਿਲਕੁਲ ਪਿਛਲੇ ਦੇ ਉਲਟ, ਮਨੁੱਖ ਦਾ ਆਚਾਰ, ਬਿਉਹਾਰ, ਕਿਰਦਾਰ ਪਵਿੱਤਰ ਹੋ ਜਾਵੇਗਾ। ਅੱਖਾਂ ਉਹੀ ਹਨ, ਫਿਰ ਅੱਖਾਂ ਨਾਲ ਕਿਸੇ ਨੂੰ ਮੰਦ ਦ੍ਰਿਸ਼ਟੀ ਨਾਲ ਨਹੀਂ ਵੇਖੇਗਾ। ਕੰਨ ਉਹੀ ਹਨ ਫਿਰ ਮਨੁੱਖ ਕੰਨਾ ਨਾਲ ਸਾਕਤ ਬੋਲ ਨਹੀਂ ਸੁਣੇਗਾ। ਕੰਨਾ ਨਾਲ ਗੁਰਬਾਣੀ, ਗੁਰੂ ਉਪਦੇਸ਼, ਪ੍ਰਮੇਸ਼ਰ ਦੀ ਸਿਫਤੋ ਸਲਾਹ ਸੁਣੇਗਾ। ਜੀਭ ਨਾਲ, ਹਰੀ ਦਾ ਨਾਮ ਜਪੇਗਾ। ਹੱਥਾਂ ਨਾਲ ਸੇਵਾ ਕਰਕੇ ਲੋਕ ਭਲਾਈ ਦੇ ਕਾਰਜ ਕਰੇਗਾ। ਪੈਰ ਉਹ ਹੀ ਹਨ, ਹੁਣ ਇਹ ਪੈਰ ਸਤਸੰਗਤ ਵਿੱਚ ਲੈਕੇ ਜਾਣ ਦਾ ਵਸੀਲਾ ਬਣ ਜਾਣਗੇ। ਸਾਰੀ ਖੇਡ ਉਲਟੀ ਬਣ ਜਾਂਦੀ ਹੈ। ਪਰ ਸਾਡਾ ਦਿਨ ਰਾਤ ਵਾਹ ਸਥੂਲ ਨਾਲ ਪੈਂਦਾ ਹੈ। ਸਾਡੇ ਅੰਤਸ਼ਕਰਣ ਵਿੱਚ ਸਥੂਲ ਘਰ ਕਰ ਚੁੱਕਾ ਹੈ। ਇਸ ਲਈ ਅਸੀਂ ਸੂਖਮ ਮਨ ਨੂੰ ਵੀ ਸਥੂਲ ਸਾਧਨਾ ਨਾਲ ਪਵਿੱਤਰ ਕਰਨਾ ਚਾਹੁੰਦੇ ਹਾਂ। ਜਿਸ ਕਾਰਣ ਸਾਨੂੰ ਮਨ ਪਵਿੱਤਰ ਕਰਨ ਵਿੱਚ ਸਫਲਤਾ ਨਹੀਂ ਮਿਲਦੀ ਕਿਉਂਕਿ ਸਥੂਲ ਦੁਆਰਾ ਸੂਖਮ ਨੂੰ ਪਵਿੱਤਰ ਨਹੀਂ ਕੀਤਾ ਜਾ ਸਕਦਾ। ਪਾਣੀ ਦੇ ਇਸ਼ਨਾਨ ਨਾਲ ਤਨ ਤਾਂ ਸ਼ੁਧ ਹੋ ਜਾਵੇਗਾ ਪਰ ਮਨ ਸ਼ੁਧ ਨਹੀਂ ਹੋਣਾ ਕਿਉਂਕਿ ਪਾਣੀ ਸਥੂਲ ਹੈ ਮਨ ਸੂਖਮ ਹੈ। ਸਥੂਲ ਪਾਣੀ ਸੂਖਮ ਮਨ ਨੂੰ ਸ਼ੁੱਧ ਨਹੀਂ ਕਰ ਸਕਦਾ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ "**ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ**" ਇੱਕ ਵਾਰੀ ਨਹੀਂ

ਲੱਖਾਂ ਵਾਰੀ ਵੀ ਤਨ ਨੂੰ ਧੋ ਲਈਏ ਮਨ ਨਹੀਂ ਧੋਤਾ ਜਾਣਾ। ਭਾਵੇਂ ਕੋਈ ਸਾਧਕ, ਸਿੱਧਾਂ ਦੇ ਚਉਰਾਸੀ ਆਸਣਾਂ ਵਿੱਚ ਵੀ ਨਿਪੁੰਨਤਾ ਪ੍ਰਾਪਤ ਕਰ ਲਵੇ, ਹੱਠ ਜੋਗ ਦੇ ਸਾਰੇ ਕਰਮ ਕਰ ਲਵੇ। ਇਹਨਾਂ ਹੱਠ ਜੋਗ ਦੇ ਸਾਧਨਾਂ ਨਾਲ ਵੀ ਮਨ ਦੀ ਪਵਿੱਤ੍ਰਤਾ ਨਹੀਂ ਹੋਣੀ ਕਿਉਂਕਿ ਇਹ ਸਾਰੇ ਸਾਧਨ ਸਥੂਲ ਸਰੀਰ ਦੇ ਹਨ।

ਜੇ ਮਨ ਨੂੰ ਪਵਿੱਤਰ ਕਰਨਾ ਹੈ ਫਿਰ ਸਤਿਗੁਰੂ ਜੀ ਦੀ ਸ਼ੁਭ ਸਿੱਖਿਆ ਪ੍ਰਾਪਤ ਕਰਕੇ, ਗੁਰੂ ਅਗਵਾਈ ਵਿੱਚ ਚਲਣਾ ਅਰੰਭ ਕਰ ਦੇਈਏ ਇਸ ਤਰਾਂ, ਮਨ ਦੀ ਬਿਰਤੀ ਸੰਸਾਰ ਵਲੋਂ ਉਲਟ ਕੇ ਨਿਰੰਕਾਰ ਨਾਲ ਜੁੜ ਜਾਵੇਗੀ।

ਜਦੋਂ ਮਨੁੱਖ ਗੁਰੂ ਦੀ ਸ਼ਰਣ ਵਿੱਚ ਆ ਕੇ ਗੁਰੂ ਅਗਵਾਈ ਦਾ ਧਾਰਨੀ ਬਣ ਜਾਵੇਗਾ। ਫਿਰ ਆਪ ਹੁਦਰੀਆਂ ਕਰਨੀਆਂ ਛੱਡ ਦੇਵੇਗਾ। ਇਸ ਤਰਾਂ ਗੁਰੂ ਚਾਲੀ ਦੇ ਧਾਰਨੀ ਬਣਨ ਨਾਲ ਹਉ ਹੰਗਤਾ, ਮੈਂ, ਮੇਰੀ, ਮਮਤਾ ਦੇ ਵੀਚਾਰ ਖਤਮ ਹੋ ਜਾਣਗੇ ਅਤੇ ਮਨ ਪਵਿੱਤਰ ਨਿਰਮਲ ਹੋ ਜਾਵੇਗਾ। ਜਿਸਦੇ ਵੀਚਾਰ ਮੈਲੇ ਉਸਦਾ ਮਨ ਵੀ ਮੈਲਾ। ਜਿਸਦਾ ਮਨ ਮੈਲਾ ਉਸਦੇ ਵੀਚਾਰ ਤੇ ਕਰਮ ਵੀ ਮੈਲੇ ਹੁੰਦੇ ਹਨ। ਸਾਹਿਬ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :—

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ॥ ੧॥
ਜਪਿ ਮਨ ਮੇਰੇ ਤੂ ਏਕੋ ਨਾਮੁ॥
ਸਤਗੁਰਿ ਦੀਆ ਮੋ ਕਉ ਏਹੁ ਨਿਧਾਨੁ॥ ੧॥ ਰਹਾਉ॥
ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ॥ ੨॥
ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ॥
ਸਤਿਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੂ ਨ ਜਾਇ॥ ੩॥
ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ॥
ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ॥ ੪॥ ੧॥

ਵਡਹੰਸ ਮ: ੩ (ਪੰਨਾ : ੫੫੮)

ਮਨ ਪਵਿੱਤਰ ਹੋਣਾ ਚਾਹੀਦਾ ਹੈ, ਬਾਣੀ ਪੜ੍ਹਨ, ਸੰਗਤ ਕਰਨ ਦੀ ਕੀ ਲੋੜ ਹੈ?

ਸਾਡਾ ਮਨ, ਕੁਝ ਪਿਛਲੇ ਜਨਮਾਂ ਦੇ ਸੰਸਕਾਰਾਂ ਨਾਲ ਪਲੀਤ ਹੈ। ਕੁਝ ਹੁਣ ਮਾੜੇ ਵੀਚਾਰਾਂ ਦੀ ਵਿਖੇਪ ਇਸ ਤੇ ਲੱਗ ਰਹੀ ਹੈ। ਜੇ ਪਿਛਲੇ ਸੰਸਕਾਰਾਂ ਦੀ ਮੈਲ ਨੂੰ ਲਾਹੁਣ ਦਾ ਜਤਨ ਨ ਕੀਤਾ ਅਤੇ ਹੋਰ ਲੱਗ ਰਹੀ ਮੈਲ ਨੂੰ ਨ ਰੋਕਿਆ। ਫਿਰ ਮਨ ਉੱਤੇ ਮਲੀਨਤਾਈ ਦੇ ਵਿਖੇਪ ਬਹੁਤ ਜਿਆਦਾ ਚੜ੍ਹ ਜਾਣਗੇ, ਮਨ ਦੀ ਮਲੀਨਤਾਈ

ਜਨਮਾਂ ਜਨਮਾਤਰਾਂ ਦਾ ਵਿਛੋੜਾ ਆਪਣੇ ਧੁਰੇ ਪ੍ਰਭੂ ਨਾਲੋਂ ਪਵਾ ਦੇਵੇਗੀ।

ਕਈ ਵਾਰੀ ਅਸੀਂ, ਅਲਪ ਬੁੱਧੀ ਨਾਲ ਇਹ ਦਲੀਲ ਵੀ ਦਿੰਦੇ ਹਾਂ ਕਿ ਮਨ ਸ਼ੁਧ ਹੋਣਾ ਚਾਹੀਦਾ ਹੈ। ਗੁਰਬਾਣੀ ਪੜ੍ਹਨ ਦੀ, ਸਤਿ-ਸੰਗਤ ਕਰਨ ਦੀ, ਨਾਮ ਜਪਣ ਦੀ, ਗੁਰੂ ਚਾਲੀ ਅਨੁਸਾਰ ਚਲਣ ਦੀ ਕੀ ਲੋੜ ਹੈ ?

ਸਵਾਲ ਤਾਂ ਬਹੁਤ ਸੋਹਣਾ ਹੈ ਜੇ ਮਨ ਵਾਕਿਆ ਹੀ ਪਵਿੱਤਰ ਹੋ ਗਿਆ ਹੈ, ਸਵਾਲ ਕਰਦਾ ਹੀ ਉਹ ਮਨੁੱਖ ਹੈ, ਜੋ ਅਜੇ ਸੰਸੇ ਵਿੱਚ ਹੈ, ਲੋਕ ਵਿਖਾਵੇ ਲਈ ਆਪਣੇ ਮਨ ਨੂੰ ਪਵਿੱਤਰ ਸਾਬਤ ਕਰਨ ਦਾ ਯਤਨ ਕਰਦਾ ਹੈ। ਪਰ ਮਨ ਉਸਦਾ ਅਜੇ ਸੰਸੇ ਵਿੱਚ, ਅਤ੍ਰਿਪਤ ਹੈ। ਸੰਸੇ ਬਿਰਤੀ ਹੀ ਮਨ ਨੂੰ ਮਲੀਨ ਕਰਦੀ ਹੈ। ਤੀਸਰੇ ਪਾਤਸ਼ਾਹ ਜੀ ਦਾ ਫੁਰਮਾਨ ਹਰ ਰੋਜ਼ ਆਪਾਂ ਪੜਦੇ ਹਾਂ :—

ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ॥

ਅਨੰਦ ਸਾ: (ਪੰਨਾ : ੯੧੯)

ਸੰਸਾ ਹੀ ਖੁਦ ਮਨ ਨੂੰ ਮਲੀਨ ਕਰਨ ਵਾਲਾ ਹੈ। ਪਵਿੱਤਰ ਮਨ ਦੀ ਨਿਸ਼ਾਨੀ ਹੈ, ਜੇ ਨਾਮ ਜਪਣਾ ਚੰਗਾ ਲਗਦਾ ਹੈ, ਨਾਮ ਜਪਦਿਆਂ ਨਾਮ ਰਸ ਦਿੰਦਾ ਹੈ, ਸਮਝੋ ਮਨ ਪਵਿੱਤਰ ਹੈ। ਗੁਰਬਾਣੀ ਪੜ੍ਹਦਿਆਂ ਗੁਰਬਾਣੀ ਰਸਦਾਇਕ ਤੇ ਮਿੱਠੀ ਲੱਗਦੀ ਹੈ। ਸਮਝੋ ਮਨ ਜਾਗ ਕੇ ਪਵਿੱਤਰ ਹੋ ਗਿਆ। ਮਨ ਜਾਗੇ ਦੀ, ਪਵਿੱਤਰ ਮਨ ਦੀ ਨਿਸ਼ਾਨੀ ਹੀ ਇਹ ਹੈ ਉਸਨੂੰ ਗੁਰੂ ਦੀ ਬਾਣੀ, ਗੁਰੂ ਦਾ ਉਪਦੇਸ਼ ਮਿੱਠਾ ਲੱਗਦਾ ਹੈ:—

ਮਨ ਜਾਗੇ ਦੀ ਇਹ ਨੀਸ਼ਾਨੀ॥
ਤਉ ਉਰ ਮੀਠੀ ਲਾਗੇ ਬਾਣੀ॥

ਸ੍ਰੇਸ਼ਟ ਮਨ ਦੀ ਨਿਸ਼ਾਨੀ ਹੈ ਉਸਨੂੰ ਸ੍ਰੇਸ਼ਟ ਸੰਗਤ ਚੰਗੀ ਲੱਗੇਗੀ। ਉਸਨੂੰ ਗੁਰੂ ਦਾ ਪਵਿੱਤਰ ਉਪਦੇਸ਼ ਚੰਗਾ ਲੱਗੇਗਾ। ਪਵਿੱਤਰ ਮਨ ਵਾਲੇ ਦੀਆਂ ਮੰਦ ਵਾਸ਼ਨਾਵਾਂ ਖਤਮ ਹੋ ਜਾਂਦੀਆਂ ਹਨ। ਪਵਿੱਤਰ ਮਨ ਵਾਲਾ ਕਦੀ ਕਿਸੇ ਦੇ ਤਨ ਨੂੰ, ਧਨ ਨੂੰ, ਮਨ ਨੂੰ ਬੁਰੀ ਨਿਗਾਹ ਨਾਲ ਨਹੀਂ ਵੇਖਦਾ। ਪਵਿੱਤਰ ਮਨ ਹਮੇਸ਼ਾ, ਸਭ ਤੋਂ ਨਿਰਮਲ ਪ੍ਰਭੂ ਨਾਲ ਜੁੜਿਆ ਰਹਿੰਦਾ ਹੈ। ਉਹ ਕਦੇ ਵੀ ਅਪਵਿੱਤਰ ਫੁਰਨੇ ਨੂੰ ਨੇੜੇ ਨਹੀਂ ਫਟਕਣ ਦਿੰਦਾ, ਉਹ ਹਮੇਸ਼ਾ ਪਵਿੱਤਰ ਸੱਚ ਨਾਲ ਜੁੜਿਆ ਰਹਿੰਦਾ ਹੈ। ਪਵਿੱਤਰ ਮਨ ਵਾਲਾ ਕੂੜ ਨਾਲੋਂ ਆਪਣਾ ਨਾਤਾ ਤੋੜ ਲੈਂਦਾ ਹੈ। ਅਗਲੇ ਪੰਨੇ ਤੇ ਪਵਿੱਤਰ ਮਨ ਦੀਆਂ ਨਿਸ਼ਾਨੀਆਂ ਜੋ ਸ੍ਰੀ ਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਵਿੱਚ ਦਰਜ ਕੀਤੀਆਂ ਹਨ, ਪੜ੍ਹਾਂਗੇ। ਉਹਨਾਂ ਨੂੰ ਪੜ੍ਹਨ ਨਾਲ ਪਤਾ ਚਲ ਜਾਵੇਗਾ ਕਿ ਸਾਡਾ ਮਨ ਪਵਿੱਤਰ ਹੈ ਜਾਂ ਮਲੀਨ।

ਜੇ ਅਜੇ, ਸੰਸਾਰ ਮਿੱਠਾ ਲੱਗਦਾ ਹੈ, ਮਾਇਆ ਚੰਗੀ ਲੱਗਦੀ ਹੈ, ਧੀਆਂ ਪੁੱਤਰ ਪਰਿਵਾਰ ਦਾ ਮੋਹ ਅਸਰ ਕਰਦਾ ਹੈ, ਸਤ ਸੰਗਤ ਕਰਨ ਤੋਂ ਮਨ ਕੰਨੀ ਕਤਰਾਉਂਦਾ ਹੈ। ਪਵਿੱਤਰ ਪ੍ਰਭੂ ਪ੍ਰਮੇਸ਼ਰ ਜੀ ਦਾ ਨਾਮ ਅਜੇ ਹਿਰਦੇ ਵਿੱਚ ਨਹੀਂ ਵਸਿਆ। ਬਾਣੀ ਪੜ੍ਹਨ ਤੋਂ ਵੀ ਮਨ ਸੰਕੋਚ ਕਰਦਾ ਹੈ। ਪ੍ਰਮੇਸ਼ਰ ਦਾ ਹੁਕਮ ਮਿੱਠਾ ਨਹੀਂ ਲਗਦਾ, ਆਪਨਾ ਚੰਗਾ ਲਗਦਾ ਹੈ। ਜੇ ਅਜੇ, **ਕਬਹੂ ਜੀਅੜਾ ਊਭ ਚੜਤ ਹੈ ਕਬਹੂ ਜਾਇ ਪਇਆਲੇ ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥** ਦੀ ਅਵਸਥਾ ਬਣੀ ਹੋਈ ਹੈ, ਜੇ ਖੁਸ਼ੀ, ਗਮੀ ਦਾ ਵੱਖਰਾ-ਵੱਖਰਾ ਅਸਰ ਹੁੰਦਾ ਹੈ, ਸੋਨੇ ਤੇ ਮਿੱਟੀ ਵਿੱਚ ਅੰਤਰ ਭਾਸਦਾ ਹੈ। ਜ਼ਹਿਰ ਤੇ ਅੰਮ੍ਰਿਤ ਵਿੱਚ ਅੰਤਰ ਮਲੂਮ ਹੁੰਦਾ ਹੈ। ਕੰਗਾਲ ਤੇ ਰਾਜੇ ਨੂੰ ਵੱਖੋ ਵੱਖਰੀ ਨਿਗਾਹ ਨਾਲ ਵੇਖਿਆ ਜਾਂਦਾ ਹੈ। ਮਾਣ ਤੇ ਤ੍ਰਿਸਕਾਰ ਵਿੱਚ ਬਿਰਤੀ ਡੋਲਦੀ ਹੈ। ਸਮਝਣਾਂ ਚਾਹੀਦਾ ਹੈ ਕਿ ਅਜੇ ਮਨ ਪੂਰਨ ਤੌਰ ਤੇ ਪਵਿੱਤਰ ਨਹੀਂ ਹੋਇਆ। ਜੇ ਮਨ ਦੀ ਅਵਸਥਾ ਗੁਰੂ ਪੰਚਮ ਪਾਤਸ਼ਾਹ ਜੀ ਦੇ ਫ਼ੁਰਮਾਨ ਅਨੁਸਾਰ ਬਣ ਗਈ ਹੈ, ਫਿਰ ਮਨ ਬਿਲਕੁਲ ਪਵਿੱਤਰ ਹੈ। ਐਸੇ ਪਵਿੱਤਰ ਮਨ ਵਾਲੇ ਗੁਰੂ ਪਿਆਰੇ ਨੂੰ ਸਤਿਗੁਰੂ ਜੀ ਜੀਵਨ ਮੁਕਤ ਦਾ ਖਿਤਾਬ ਬਖਸ਼ਸ਼ ਕਰਦੇ ਹਨ ਅਤੇ ਆਪਨੇ ਸਰੂਪ ਵਿੱਚ ਬਿਨਾ ਸ਼ਰਤ ਅਭੇਦਤਾ ਬਖਸ਼ਸ਼ ਕਰਕੇ ਆਪਨਾ ਰੂਪ ਬਣਾ ਲੈਂਦੇ ਹਨ :—

ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥
ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥
ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥
ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥੭॥

ਸੁਖਮਨੀ ਮ: ੫ (ਪੰਨਾ : ੨੭੫)

ਤਥਾ :— **ਖਸਮੈ ਸੋਈ ਭਾਂਵਦਾ ਖਸਮੈ ਦਾ ਜਿਸੁ ਭਾਣਾ ਭਾਵੈ॥**

(ਵਾਰ : ੨੯, ਪਉੜੀ : ੧੩)

ਦੂਸਰੇ ਪਾਸੇ ਜੇ ਇੰਝ ਕਹਿ ਲਈਏ ਤਾਂ ਠੀਕ ਹੋਵੇਗਾ ਕਿ ਨਾਮ ਜਪਣਾ ਗੁਰਬਾਣੀ ਪੜ੍ਹਨੀ, ਸਤਸੰਗਤ ਕਰਨੀ, ਗੁਰੂ ਚਾਲੀ ਦੇ ਧਾਰਨੀ ਬਣਨਾ ਹੀ ਇਸ ਕਰਕੇ ਹੈ ਕਿ ਸਾਡਾ ਮਨ ਨਾਮ ਜਪ ਕੇ, ਗੁਰਬਾਣੀ ਪੜ੍ਹ ਸੁਣ ਕੇ ਉਸਦੀ ਕਮਾਈ ਕਰਕੇ, ਸਤਸੰਗਤ ਦਾ ਧਾਰਨੀ ਬਣ ਕੇ, ਗੁਰੂ ਚਾਲੀ ਉੱਤੇ ਚਲਕੇ ਪਵਿੱਤ੍ਰ ਹੋ ਜਾਵੇ।

ਨਿਰਮਲ ਮਨ ਦੀ ਪਰਖ ਵਾਸਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਦੀ ਵੀਹਵੀਂ ਪਉੜੀ ਵਿੱਚ ਸ਼ਬਦ ਦੀ ਕਸਵੱਟੀ ਬਖਸ਼ਸ਼ ਕੀਤੀ ਹੈ। ਹਰ ਮਨੁੱਖ ਨੂੰ ਆਪਨੇ

ਮਨ ਉੱਪਰ ਲਾ ਕੇ ਵੇਖ ਲੈਣੀ ਚਾਹੀਦੀ ਹੈ। ਜੇ ਸਾਡਾ ਮਨ ਸ਼ਬਦ ਦੀ ਕਸਵੱਟੀ ਉੱਪਰ ਪੂਰਾ ਉਤਰਦਾ ਹੈ, ਸਮਝ ਲੈਣਾ ਚਾਹੀਦਾ ਹੈ ਕਿ ਸਾਡਾ ਮਨ ਪਵਿੱਤਰ ਹੈ। ਜੇ ਸ਼ਬਦ ਕਸਵੱਟੀ ਦਾ ਇੱਕ ਵੀ ਗੁਣ ਸਾਡੇ ਮਨ ਨਾਲ ਮੇਲ ਨਹੀਂ ਖਾਂਦਾ, ਫਿਰ ਆਪ ਹੀ ਨਿਰਨਾ ਕਰਕੇ ਏਹੜ ਤੇਹੜ ਛੱਡ ਦੇਣੀ ਚਾਹੀਦੀ ਹੈ।

ਜਿਹੜੇ ਮਨੁੱਖ ਅੰਦਰੋਂ ਬਾਹਰੋਂ ਪਵਿੱਤਰ ਹਨ, ਉਹਨਾਂ ਦੀ ਨਿਸ਼ਾਨੀ ਹੈ, ਉਹ ਹਮੇਸ਼ਾ, ਆਪਨੀ ਮਤ ਤਿਆਗ ਕੇ ਗੁਰੂ ਦੀ ਦੱਸੀ ਹੋਈ ਜੀਵਨ ਜੁਗਤ, ਜੀਵਨ ਕਾਰ ਦੇ ਧਾਰਨੀ ਬਣੇ ਰਹਿੰਦੇ ਹਨ।

ਕੂੜ ਦਾ ਸੰਕਲਪ ਮਾਤ੍ਰ ਵੀ ਉਹਨਾਂ ਦੀ ਆਤਮਾਂ ਨੂੰ ਨਹੀਂ ਪੋਹਦਾ। ਉਹ ਹਮੇਸ਼ਾ ਸੱਚ ਨਾਲ ਜੁੜੇ ਰਹਿੰਦੇ ਹਨ। ਕੂੜ ਨਾਲੋਂ ਨਾਤਾ ਤੋੜ ਲੈਂਦੇ ਹਨ।

ਉਹਨਾਂ ਪਵਿੱਤਰ ਮਨ ਵਾਲਿਆਂ ਦੀਆਂ ਸਾਰੀਆਂ ਵਾਸ਼ਨਾਵਾਂ (ਖਾਹਸ਼ਾਂ) ਬਿਲਕੁਲ ਖਤਮ ਹੋ ਜਾਂਦੀਆਂ ਹਨ।

ਜਿਹਨਾਂ ਨੇ ਮਨੁੱਖਾ ਜਨਮ ਦਾ ਲਾਹਾ ਪ੍ਰਾਪਤ ਕਰ ਲਿਆ ਹੈ, ਉਹ ਹੀ ਗੁਰੂ ਦਰ ਵਿੱਚ ਪ੍ਰਵਾਨ ਹਨ। ਜਿਹਨਾਂ ਦਾ ਮਨ ਨਿਰਮਲ ਪਵਿੱਤਰ ਹੋ ਜਾਂਦਾ ਹੈ, ਉਹ ਸਦਾ ਅੰਤਰ ਆਤਮੇਂ ਗੁਰੂ ਨਾਲ ਜੁੜੇ ਰਹਿੰਦੇ ਹਨ। ਪੜ੍ਹੀਏ ਗੁਰੂ ਅਮਰਦਾਸ ਜੀ ਦਾ ਫ਼ੁਰਮਾਨ, ਮਨ ਦੀ ਪਵਿੱਤ੍ਰਤਾ ਦਾ ਪਤਾ ਚੱਲ ਜਾਵੇਗਾ :—

ਜੀਅਹੁ ਨਿਰਮਲ ਬਾਹਰਹੁ ਨਿਰਮਲ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ
ਸਤਿਗੁਰ ਤੇ ਕਰਣੀ ਕਮਾਣੀ॥
ਕੂੜ ਕੀ ਸੋਇ ਪਹੁਚੈ ਨਾਹੀ
ਮਨਸਾ ਸਚਿ ਸਮਾਣੀ॥
ਜਨਮੁ ਰਤਨੁ ਜਿਨੀ ਖਟਿਆ
ਭਲੇ ਸੇ ਵਣਜਾਰੇ॥
ਕਹੈ ਨਾਨਕੁ ਜਿਨ ਮੰਨੁ ਨਿਰਮਲੁ
ਸਦਾ ਰਹਹਿ ਗੁਰ ਨਾਲੇ॥ ੨੦॥

ਰਾਮਕਲੀ ਮ: ੩ ਅਨੰਦ (ਪੰਨਾ : ੯੧੯)

ਸ੍ਰੀ ਗੁਰੂ ਅਮਰਦਾਸ ਜੀ ਦੀ ਦ੍ਰਿਸ਼ਟੀ ਵਿੱਚ ਕੌਣ ਪਵਿੱਤਰ ਹਨ? ਉਹ ਪਵਿੱਤ੍ਰ ਹਨ ਜਿਹਨਾਂ ਨੇ ਗੁਰੂ ਦੀਖਿਆ ਪ੍ਰਾਪਤ ਕਰਕੇ ਅੰਮ੍ਰਿਤ ਨਾਮ ਦੀ ਕਮਾਈ ਕੀਤੀ ਹੈ। ਐਸੇ ਪਵਿੱਤਰ ਗੁਰੂ ਪਿਆਰਿਆਂ ਦੇ ਮਾਤਾ-ਪਿਤਾ ਵੀ ਪਵਿੱਤਰ ਉਹਨਾਂ ਦਾ ਪਰਿਵਾਰ ਵੀ ਪਵਿੱਤਰ, ਉਹਨਾਂ ਦੇ ਸੰਗਤ ਵੀ ਪਵਿੱਤਰ। ਪਰ ਪਵਿੱਤਰ ਕੌਣ ਹਨ ਜੋ ਪਵਿੱਤਰ ਨਾਮ ਨੂੰ ਜਪਦੇ ਹਨ, ਪਵਿੱਤਰ ਨਾਮ ਨੂੰ ਸੁਣਦੇ ਹਨ, ਪਵਿੱਤਰ ਨਾਮ ਨੂੰ ਹਿਰਦੇ ਵਿੱਚ

ਵਸਾਉਂਦੇ ਹਨ। ਪਵਿੱਤਰ ਹਨ ਉਹ ਜਿਹੜੇ ਗੁਰੂ ਦੀਖਿਆ ਪ੍ਰਾਪਤ ਕਰਕੇ ਗੁਰੂ ਚਾਲੀ ਦੇ ਧਾਰਨੀ ਬਣ ਗਏ ਹਨ। ਸਾਹਿਬਾਂ ਦਾ ਫੁਰਮਾਨ ਹੈ :—

ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ॥
ਹਰਿ ਧਿਆਇਆ ਪਵਿਤੁ ਹੋਏ
ਗੁਰਮੁਖਿ ਜਿਨੀ ਧਿਆਇਆ॥
ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ
ਪਵਿਤੁ ਸੰਗਤਿ ਸਬਾਈਆ॥
ਕਹਦੇ ਪਵਿਤੁ ਸੁਣਦੇ ਪਵਿਤੁ
ਸੇ ਪਵਿਤੁ ਜਿਨੀ ਮੰਨਿ ਵਸਾਇਆ॥
ਕਹੈ ਨਾਨਕੁ ਸੇ ਪਵਿਤੁ
ਜਿਨੀ ਗੁਰਮੁਖਿ ਹਰਿ ਹਰਿ ਧਿਆਇਆ॥ ੧੭॥

ਰਾਮਕਲੀ ਮ: ੩ (ਪੰਨਾ : ੯੧੯)

ਸ੍ਰੇਸ਼ਟ ਤਤਵੇਤਾ ਮਹਾਂਪੁਰਖ, ਮਨ ਦਾ ਕੌਣ ਹੈ ਜੋ ਹਮੇਸ਼ਾ ਨਿਰਮਲ ਸੱਚ ਨਾਲ ਜੁੜਿਆ ਰਹਿੰਦਾ ਹੈ। ਸੱਚੇ ਨਾਮ ਨੂੰ ਆਪਣੇ ਹਿਰਦੇ ਵਿੱਚ ਵਸਾ ਕੇ ਹਮੇਸ਼ਾ ਨਾਮ ਨਾਲ ਜੁੜੇ ਰਹਿੰਦੇ ਹਨ। ਉਹ ਨਿਰਮਲ ਪਵਿੱਤਰ ਗੁਰੂ ਪਿਆਰੇ ਹਮੇਸ਼ਾ, ਸੱਚ ਨੂੰ ਹੀ ਇਕੱਠਾ ਕਰਦੇ ਹਨ। ਹਮੇਸ਼ਾ ਸੱਚ ਵਿੱਚ ਹੀ ਤਦਾਕਾਰ ਰਹਿੰਦੇ ਹਨ। ਸੱਚ ਨਾਲ ਹੀ ਪਿਆਰ ਕਰਦੇ ਹਨ। ਕੂੜ ਦੀ ਲੇਛ ਮਾਤ੍ਰ ਵੀ ਉਹਨਾਂ ਨੂੰ ਪੋਂਹਦੀ ਨਹੀਂ। ਐਸੇ ਨਿਰਮਲ ਹਿਰਦੇ ਵਾਲਿਆਂ ਉੱਤੇ ਪ੍ਰਭੂ ਜੀ ਨੇ ਆਪ ਬਖਸ਼ਸ਼ ਕਰ ਦਿੱਤੀ ਹੈ। ਜਿਸ ਸਦਕਾ ਹਉਮੈਂ ਅਤੇ ਵਿਕਾਰਾਂ ਦੀ ਮਲ-ਵਿਖੇਪ ਤੋਂ ਉਹ ਮੁਕਤ ਹੋ ਗਏ ਹਨ। ਜੋ ਦਿਨ ਰਾਤ ਸੱਚੇ ਨਾਮ ਨਾਲ ਜੁੜ ਗਏ ਹਨ, ਸਤਿਗੁਰੂ ਐਸੇ ਨਿਰਮਲ ਨਾਮੀ ਜਨਾਂ ਤੋਂ ਬਲਿਹਾਰ ਜਾਂਦੇ ਹਨ:—

ਸਬਦਿ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ॥
ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ॥
ਸਦਾ ਨਿਰਮਲ ਮੈਲੁ ਨ ਲਗਈ ਨਦਰਿ ਕੀਤੀ ਕਰਤਾਰਿ॥
ਨਾਨਕ ਹਉ ਤਿਨ ਕੈ ਬਲਿਹਾਰਣੈ ਜੋ ਅਨਦਿਨੁ ਜਪਹਿ ਮੁਰਾਰਿ॥ ੧॥

ਸਲੋਕ ਮ: ੩ (ਪੰਨਾ : ੫੮੫)

ਪਵਿੱਤਰ ਮਨ ਦੀ ਨਿਸ਼ਾਨੀ ਹੈ, ਜਿਸ ਦੀਆਂ ਸਾਰੀਆਂ ਵਾਸ਼ਨਾਵਾਂ-ਖਾਹਸ਼ਾਂ ਖਤਮ ਹੋ ਗਈਆਂ ਹਨ। ਦੁਬਿਧਾ-ਦਵੈਤ ਦਾ ਉੱਕਾ ਹੀ ਅਭਾਵ ਹੋ ਗਿਆ ਹੈ। ਜਿਹਨਾਂ ਨੂੰ ਆਤਮਿਕ ਅਡੋਲਤਾ ਵਾਲੀ ਅਵਸਥਾ ਪ੍ਰਾਪਤ ਹੋ ਗਈ ਹੈ। ਨਾਮ ਦਾ

ਰਸ ਜਿਹਨਾਂ ਨੂੰ ਪ੍ਰਾਪਤ ਹੋ ਗਿਆ ਹੈ, ਉਹਨਾਂ ਦਾ ਮਨ ਨਿਰਮਲ ਹੋ ਗਿਆ ਸਮਝੋ:—

ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ ਪਾਇਆ ਨਾਮੁ ਅਪਾਰਾ॥
ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ ਕਿਲਬਿਖ ਕਾਟਣਹਾਰਾ॥ ੨॥

(ਸੋਰਠ ਮ: ੩, ਪੰਨਾ ੬੦੩)

ਪਰ ਜੇ ਅਜੇ ਨਾ ਤਾਂ ਨਾਮ ਦਾ ਰਸ ਪ੍ਰਪਾਤ ਹੋਇਆ ਹੈ, ਨਾ ਹੀ ਦੁਬਿਧਾ ਨੇ ਪਿੱਛਾ ਛੱਡਿਆ ਹੈ। ਨਾਸਵੰਤ ਸੰਸਾਰ ਦੀਆਂ ਖਾਹਸ਼ਾਂ ਨਾਲ ਅੰਦਰ ਨਕੋ ਨਕ ਭਰਿਆ ਹੈ। ਆਤਮਿਕ ਅਡੋਲਤਾ ਵਾਲੀ ਅਵਸਥਾ ਨਹੀਂ ਪ੍ਰਾਪਤ ਹੋਈ। ਕੂੜ ਅਜੇ ਖਹਿੜਾ ਨਹੀਂ ਛਡਦਾ। ਸਤਿਗੁਰੂ ਦੀ [1]ਕਮਾਈ ਵਲ ਅਜੇ ਪਿੱਠ ਕੀਤੀ ਹੋਈ ਹੈ। ਫਿਰ ਮਨ ਕਿਵੇਂ ਨਿਰਮਲ ਹੈ? ਸੋਚਣ ਦੀ ਲੋੜ ਹੈ। ਸ਼ਬਦ ਕਸਵੱਟੀ ਲਾ ਕੇ ਪਰਖਣ ਦੀ ਲੋੜ ਹੈ।

ਸਤਿਗੁਰੂ ਜੀ ਨੇ ਕਿਹਨਾਂ ਨੂੰ ਪ੍ਰਵਾਨ ਨਹੀਂ ਕੀਤਾ?

ਗੁਰਮਤ ਦਾ ਮਾਰਗ ਹੈ ਬਾਹਰੋਂ ਵੀ ਪਵਿੱਤਰ, ਅੰਦਰਹੁ ਵੀ ਪਵਿੱਤਰ, ਜੋ ਮਨੁੱਖ ਬਾਹਰੋਂ ਕੁਚੀਲ ਜੀਵਨ ਬਤੀਤ ਕਰਦੇ ਹਨ। ਗੁਰਮਤ ਨੇ ਉਹਨਾਂ ਨੂੰ ਵੀ ਪ੍ਰਵਾਨ ਨਹੀਂ ਕੀਤਾ, ਸਗੋਂ ਵਿਅੰਗਮਈ ਤਰਕ ਨਾਲ ਉਹਨਾਂ ਦਾ ਖੰਡਨ ਕੀਤਾ ਹੈ। ਜੋ ਹਮੇਸ਼ਾ ਕੁਚੀਲ ਰਹਿੰਦੇ ਹਨ, ਸਿਰ ਵਿੱਚ ਸੁਆਹ ਪਵਾ ਕੇ, ਸਿਰ ਦੇ ਵਾਲਾਂ ਨੂੰ ਪੁੱਟਦੇ ਹਨ। ਨਾ ਹੀ ਉਹ ਪਾਣੀ ਨਾਲ ਇਸ਼ਨਾਨ ਕਰਦੇ ਹਨ। ਨਾ ਹੀ ਸੁੱਚਾ ਤਾਜਾ ਪਾਣੀ ਪੀਂਦੇ ਹਨ, ਨਾ ਸੁੱਚਾ ਭੋਜਨ ਛਕਦੇ ਹਨ। ਇੰਨੀ ਕੁਚੀਲਤਾ ਕਿ ਆਪਣਾ ਪਖਾਨਾ ਫੋਲ ਕੇ ਉਸ ਦੀ ਗੰਦੀ ਹਵਾੜ ਲੈਂਦੇ ਹਨ। ਐਸੇ ਕੁਚੀਲ, ਅਪਵਿਤ੍ਰ ਲੋਕਾਂ ਪ੍ਰਤੀ ਜਿਹਨਾਂ ਨੇ ਕੁਚੀਲ ਰਹਿਣੀ ਨੂੰ ਹੀ ਧਰਮ ਮੰਨ ਲਿਆ ਹੈ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਪੜ੍ਹੀਏ, ਕਿਵੇਂ ਸਤਿਗੁਰੂ ਜੀ ਨੇ ਉਹਨਾਂ ਲੋਕਾਂ ਨੂੰ ਅਸਲੀਅਤ ਤੋਂ ਜਾਣੂ ਕਰਾਇਆ ਹੈ। ਸਦਾ ਅਪਵਿਤ੍ਰਤਾ ਵਿੱਚ ਰਹਿਣ ਵਾਲੇ ਜੀਵਨ ਤੋਂ ਨਿਜਾਤ ਪਾਉਣ ਲਈ ਪ੍ਰੇਰਨਾ ਦਿੱਤੀ ਹੈ :—

ਸਿਰੁ ਖੋਹਾਇ ਪੀਅਹਿ ਮਲ਼ਵਾਣੀ ਜੂਠਾ ਮੰਗਿ ਮੰਗਿ ਖਾਹੀ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ॥
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥
ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ॥
ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ॥

---

੧. ਗੁਰੂ ਦੀ ਦੱਸੀ ਕਾਰ

ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ॥
ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ॥
ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ॥
ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ॥
ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ॥
ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ॥
ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ॥

ਸਲੋਕ ਮ: ੧ (ਪੰਨਾ : ੧੪੯)

ਸਰੀਰਕ ਕਰਮ ਕਾਂਡ ਅਤੇ ਸਰੀਰ ਕੁਚੀਲ ਤਾਂ ਮਨ ਨੂੰ ਪਵਿੱਤਰ ਕਰਨ ਵਿੱਚ ਸਹਾਇਕ ਨਹੀਂ ਹੋ ਸਕਦੇ। ਭਾਈ ਗੁਰਦਾਸ ਜੀ ਨੇ ਵੀ ਸਾਹਿਬਾਂ ਦੇ ਸਿਧਾਂਤ ਦੀ ਪੁਸ਼ਟੀ ਕਰਦੇ ਹੋਏ ਬੜੇ ਰੋਚਕ ਢੰਗ ਨਾਲ ਸਮਝਾਉਣ ਦਾ ਯਤਨ ਕੀਤਾ ਹੈ ਕਿ ਜੇ ਪੁੱਠੇ ਲਟਕਿਆਂ ਹੀ ਪ੍ਰਮੇਸ਼ਰ ਜੀ ਦੀ ਪ੍ਰਾਪਤੀ ਹੁੰਦੀ ਹੋਵੇ, ਜੰਗਲਾਂ ਵਿੱਚ ਚਮਗਿਦੜ ਹਮੇਸ਼ਾ ਪੁੱਠੇ ਹੀ ਲਮਕੇ ਰਹਿੰਦੇ ਹਨ। ਜੇ ਮੜੀ ਮਸਾਣਾ ਵਿੱਚ ਇਕਾਂਤ ਵਾਸਾ ਪਾਉਣ ਨਾਲ ਮਨ ਪਵਿੱਤਰ ਹੁੰਦਾ ਹੋਵੇ, ਖੁਡਾਂ ਵਿੱਚ ਚੂਹੇ ਸਦਾ ਇਕਾਂਤ ਵਾਸੀ ਇੱਕਲੇ ਹੀ ਰਹਿੰਦੇ ਹਨ। ਵੱਡੀ ਆਰਜੂ ਵਧਾਣ ਨਾਲ ਵੀ ਪ੍ਰਭੂ ਦੀ ਪ੍ਰਾਪਤੀ ਨਹੀਂ, ਸੱਪਾਂ ਦੀ ਬਹੁਤ ਲੰਮੀ ਉਮਰ ਹੁੰਦੀ ਹੈ ਪਰ ਉਹ ਸਦਾ ਆਪਣੀ ਜ਼ਹਿਰ ਨਾਲ ਹੀ ਸੜਦੇ ਰਹਿੰਦੇ ਹਨ। ਜੇ ਕੁਚੀਲ, ਗੰਦੇ ਰਹਿਣ ਨਾਲ ਹੀ ਪ੍ਰਮਾਤਮਾਂ ਦੀ ਪ੍ਰਾਪਤੀ ਹੁੰਦੀ ਹੋਵੇ, ਖੋਤੇ ਅਤੇ ਸੂਰ ਹਮੇਸ਼ਾ, ਸੁਆਹ ਅਤੇ ਮਿੱਟੀ ਵਿੱਚ ਹੀ ਲਿੱਬੜ ਕੇ ਪਲੀਤ ਰਹਿੰਦੇ ਹਨ। ਜੇ ਕੰਦ ਮੂਲ ਖਾਣ ਨਾਲ ਹੀ ਛੁਟਕਾਰਾ ਹੋਵੇ ਫਿਰ ਬੱਕਰੀਆਂ ਦੇ ਇੱਜੜ ਕੇਵਲ ਵੇਲ-ਪੱਤੇ ਖਾ ਕੇ ਹੀ ਗੁਜਾਰਾ ਕਰਦੇ ਹਨ। ਜਿਸ ਤਰਾਂ ਘਰ ਵਿੱਚ ਪ੍ਰਵੇਸ਼ ਕਰਨ ਲਈ ਬੂਹਾ ਅਵੱਸ਼ ਲੰਘਣਾ ਪੈਂਦਾ ਹੈ, ਇਸੇ ਤਰਾਂ ਮਨ ਦੀ ਪਵਿੱਤਤਾ ਲਈ, ਗੁਰੂ ਅਗਵਾਈ ਵਿੱਚ ਢਲਣਾ ਹੀ ਪਵੇਗਾ :—

ਸਿਰ ਤਲਵਾਏ ਪਾਈਐ, ਚਮਗਿਦੜ, ਜੂਹੇ॥
ਮੜੀ ਮਸਾਣੀ ਜੇ ਮਿਲੈ, ਵਿਚਿ ਖੁਡਾਂ ਚੂਹੇ॥
ਮਿਲੈ ਨ ਵਡੀ ਆਰਜਾ ਬਿਸੀਅਰੁ ਵਿਹੁ ਲੂਹੇ॥
ਹੋਇ ਕੁਚੀਲੁ ਵਰਤੀਐ ਖਰ ਸੂਰ ਭਸੂਹੈ।
ਕੰਦ ਮੂਲ ਚਿਤੁ ਲਾਈਐ ਅਈਅੜ ਵਣੁ ਧੂਹੇ॥
ਵਿਣੁ ਗੁਰ ਮੁਕਤਿ ਨ ਹੋਵਈ ਜਿਉਂ ਘਰੁ ਵਿਣੁ ਬੂਹੇ॥

ਵਾਰ : ੩੬ (ਪਉੜੀ : ੧੨)

ਸੰਸਾਰ ਵਿੱਚ ਇੱਕ ਦੂਸਰੀ ਕਿਸਮ ਦੇ ਲੋਕ ਵੀ ਮਿਲਦੇ ਹਨ, ਜੋ ਬਾਹਰੋਂ ਤਾਂ ਬਹੁਤ ਸਫਾਈ ਰੱਖਦੇ ਹਨ, ਦਿਨ ਵਿੱਚ ਦੋ ਤਿੰਨ ਵਾਰੀ ਇਸ਼ਨਾਨ ਵੀ ਕਰਦੇ ਹਨ। ਚਿੱਟੇ ਸਵੱਛ ਕੱਪੜੇ ਪਹਿਨਦੇ ਹਨ। ਕੱਪੜਿਆਂ ਉਪਰ ਸੁਗੰਧੀ ਵਾਸਤੇ, ਚੰਦਨ ਤੇ ਅਤਰ ਵੀ ਛਿੜਕਦੇ ਹਨ। ਪਰ ਉਹਨਾਂ ਦਾ ਅੰਤਸ਼ਕਰਣ ਮਲੀਨ ਹੈ। ਅੰਦਰ ਦੀ ਪਵਿੱਤ੍ਰਤਾ ਵਾਸਤੇ ਕਦੇ ਉਹਨਾਂ ਨੇ, ਨਿਰਭਉ ਅਕਾਲ ਪੁਰਖ ਦਾ ਸਿਮਰਨ ਨਹੀਂ ਕੀਤਾ। ਜਿਸ ਸਦਕਾ ਉਹਨਾਂ ਦੀ ਸਾਰੀ ਪਵਿੱਤ੍ਰਤਾ ਹਾਥੀ ਦਾ ਇਸ਼ਨਾਨ ਹੈ। ਸਤਿਗੁਰੂ ਨੂੰ ਐਸੇ ਬੰਦੇ ਵੀ ਪ੍ਰਵਾਨ ਨਹੀਂ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :—

ਪਹਿਰੈ ਬਾਗਾ ਕਰਿ ਇਸਨਾਨਾ ਚੋਆ ਚੰਦਨ ਲਾਏ॥
ਨਿਰਭਉ ਨਿਰੰਕਾਰ ਨਹੀ ਚੀਨਿਆ ਜਿਉ ਹਸਤੀ ਨਾਵਾਏ॥ ੩॥

ਗਉੜੀ ਮ: ੫ (ਪੰਨਾ : ੨੧੩)

ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਤੁਲੰਬੇ ਦੀ ਧਰਤੀ ਤੇ ਗਏ। ਸਾਹਿਬਾਂ ਨੂੰ ਇੱਕ ਬਹੁਤ ਸੁੰਦਰ ਪਹਿਰਾਵੇ ਵਾਲਾ ਮਨੁੱਖ੍ਰ ਮਿਲਿਆ ਜਿਸ ਨੇ ਬੜਾ ਉੱਜਲ ਚੋਲਾ ਪਹਿਨਿਆ ਹੋਇਆ ਸੀ, ਹੱਥ ਵਿੱਚ ਜਪਮਾਲੀ ਫੜੀ ਹੋਈ ਸੀ। ਜ਼ੁਬਾਨ ਨਾਲ ਇੰਨੀ ਹਲੇਮੀ ਵਿੱਚ ਗੱਲ ਕਰਦਾ ਸੀ ਕਿ ਵੇਖਣ ਤੇ ਬੋਲ ਸੁਣਨ ਵਾਲਾ ਬੰਦਾ ਮੋਹਿਆ ਜਾਂਦਾ ਸੀ। ਪਰ ਸੀ ਨਿਰਾ ਵਿਖਾਵਾ, ਸਤਿਗੁਰੂ ਜੀ ਨੇ ਉਸ ਬੰਦੇ ਨੂੰ ਵੀ ਅਪਰਵਾਨ ਕਰ ਦਿਤਾ ਅਤੇ ਉਸਨੂੰ ਅੰਦਰਹੁ ਬਾਹਰੋਂ ਇੱਕੋ ਜਿਹਾ ਬਣਨ ਦਾ ਉਪਦੇਸ਼ ਦਿੱਤਾ, ਕਿਵੇਂ ਗੁਰੂ ਨਾਨਕ ਪਾਤਸ਼ਾਹ ਜੀ ਨੇ ਉਸ ਦੇ ਬਾਹਰਲੇ ਪਹਿਰਾਵੇ ਅਤੇ ਅੰਦਰਲੀ ਮਲੀਨਤਾਈ ਦੀ ਤਸਵੀਰ ਖਿੱਚੀ ਹੈ। ਪੜ੍ਹੀਏ ਸੂਹੀ ਰਾਗ ਵਿੱਚ ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ, ਅਸਲੀਅਤ ਦਾ ਪਤਾ ਚਲ ਜਾਵੇਗਾ :—

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥ ੧॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥ ੧॥ ਰਹਾਉ॥
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥
ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ॥੨॥
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ॥੩॥
ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ॥

੧. ਇਹ ਸੀ ਸਜਣ (ਠਗ)

ਸੇ ਫਲ ਕੰਮਿ ਨ ਆਵਨੑੀ ਤੇ ਗੁਣ ਮੈ ਤਨਿ ਹਨੑਿ॥੪॥

ਸੂਹੀ ਮ: ੧ (ਪੰਨਾ : ੭੨੯)

ਗੁਰਦੇਵ ਗੁਰੂ ਨਾਨਕ ਪਾਤਸ਼ਾਹ, ਬਾਹਰਲੇ ਸੁੰਦਰ ਪਹਿਰਾਵੇ ਦਾ ਸੰਕੇਤ ਦੇ ਕੇ ਫੁਰਮਾਨ ਕਰਦੇ ਹਨ, ਸੱਜਣਾ, ਕੈਹਾ ਬਾਹਰੋਂ ਬਹੁਤ ਚਮਕਦਾ ਹੈ, ਪਰ ਜਦੋਂ ਉਸ ਨੂੰ ਰਗੜੀਦਾ ਹੈ, ਉਸ ਵਿੱਚੋਂ ਕਾਲਖ ਹੀ ਕਾਲਖ ਨਿੱਕਲਦੀ ਹੈ। ਭਾਵੇਂ ਸੈਂਕੜੇ ਵਾਰੀ ਉਸਨੂੰ ਧੋਈਏ ਤਦ ਵੀ ਉਸ ਦੀ ਅੰਦਰਲੀ ਕਾਲਖ ਨਹੀਂ ਜਾਂਦੀ। ਸਜਣ ਤਾਂ ਉਹ ਹੁੰਦੇ ਹਨ ਜੋ ਹਮੇਸ਼ਾ ਨਾਲ ਰਹਿਣ, ਇਸ ਲੋਕ ਵਿੱਚ ਵੀ ਤੇ ਪ੍ਰਲੋਕ ਵਿੱਚ ਵੀ ਜਦੋਂ ਕੀਤੇ ਕਰਮਾਂ ਦਾ ਹਿਸਾਬ-ਕਿਤਾਬ ਹੋਣਾ ਹੈ, ਨਾਲ ਖੜੇ ਹੋ ਕੇ ਸਾਥ ਦੇਣ। ਸੱਜਣਾ, ਖੰਬ ਤਾਂ ਬਗਲਿਆਂ ਦੇ ਵੀ ਬਹੁਤ ਚਿੱਟੇ ਹੁੰਦੇ ਹਨ। ਉਹ ਤੀਰਥਾਂ ਤੇ ਵੀ ਨਿਵਾਸ ਕਰਦੇ ਹਨ। ਪਰ ਮੌਕਾ ਤਾੜ ਕੇ ਜੀਵਾਂ ਨੂੰ ਖਾ ਜਾਂਦੇ ਹਨ। ਐਸੇ ਬਾਹਰੋਂ ਚਿੱਟੇ ਦਿਸਦੇ ਪਵਿੱਤਰ ਨਹੀਂ ਕਹੇ ਜਾ ਸਕਦੇ। ਜਿਵੇਂ ਸਿੰਬਲ ਦੇ ਫਲਾਂ ਨੂੰ ਵੇਖ ਕੇ ਤੋਤੇ ਧੋਖਾ ਖਾ ਜਾਂਦੇ ਹਨ, ਸਿੰਬਲ ਦੇ ਫਲ ਤੋਤਿਆਂ ਦੇ ਕਿਸੇ ਕੰਮ ਨਹੀਂ ਆਉਂਦੇ, ਕਿਸੇ ਦੀ ਭੁੱਖ ਨਹੀਂ ਮਿਟਾਉਂਦੇ ਇਸੇ ਤਰਾਂ ਬਾਹਰਲਾ ਪਵਿਤ੍ਰ, ਉਜਲਾ ਪਹਿਰਾਵਾ ਬਨਾਉਣ ਨਾਲ, ਕਿਸੇ ਦਾ ਮਨ ਪਵਿੱਤਰ ਨਹੀਂ ਹੋ ਜਾਂਦਾ ਸਗੋਂ ਐਸਾ ਵਿਖਵਾ-ਕਾਰੀ ਪ੍ਰਭੂ ਦੀ ਦਰਗਾਹ ਵਿੱਚ ਦੋਹਰੇ ਪਾਪ ਦਾ ਭਾਗੀ ਮੰਨਿਆ ਜਾਂਦਾ ਹੈ।

ਭਗਤ ਕਬੀਰ ਜੀ ਨੂੰ ਵੀ ਇਹੋ ਜਿਹੇ ਬੰਦਿਆਂ ਨਾਲ ਵਾਹ ਪਿਆ, ਆਪ ਤੀਰਥਾਂ ਤੇ ਗਏ। ਆਪਨੀਆਂ ਅੱਖਾਂ ਨਾਲ ਵੇਖਿਆ, ਕੁਛ ਲੋਕਾਂ ਨੇ ਸਾਢੇ ਤਿੰਨ-ਤਿੰਨ ਗਜਾਂ ਦੀਆਂ ਲਾਂਗੜ ਵਾਲੀਆਂ ਚਿੱਟੀਆਂ ਧੋਤੀਆਂ ਲਾਈਆਂ ਹੋਈਆਂ ਸਨ। ਤਿੰਨਾਂ-ਤਿੰਨਾਂ ਤੰਦਾਂ ਦੇ ਵਟਮੇਂ ਜਨੇਊ ਪਾਏ ਹੋਏ ਸਨ। ਗਲਾਂ ਵਿੱਚ ਰੁਦਰਾਕਸ਼ ਦੀਆਂ ਸੁਹਣੀਆਂ ਮਾਲਾ ਪਹਿਨੀਆਂ ਹੋਈਆਂ ਸਨ। ਵਿਖਾਵੇ ਲਈ ਇੱਕ-ਇੱਕ ਹੱਥ ਵਿੱਚ ਗੜਵਾ, ਦੂਸਰੇ ਹੱਥ ਵਿੱਚ ਜਪਮਾਲੀਆਂ ਫੜੀਆਂ ਬਹੁਤ ਫਬਦੀਆਂ ਸਨ। ਪ੍ਰਸ਼ਾਦਾ ਬਨਾਉਣ ਵਾਸਤੇ ਧਰਤੀ ਨੂੰ ਖੋਦ ਕੇ ਚੁੱਲਾ ਬਨਾਉਂਦੇ ਸਨ। ਲਕੜਾਂ ਨੂੰ ਧੋ ਕੇ, ਧੋਤੀਆਂ ਸੁੱਚੀਆਂ ਕੀਤੀਆਂ ਲਕੜਾਂ ਦੀ ਅੱਗ ਬਾਲਦੇ ਸਨ, ਕਾਰਾਂ ਕੱਢਕੇ, ਚੌਂਕਾ ਬਣਾ ਕੇ ਲੰਗਰ ਛੱਕਦੇ। ਪਰ ਜਦੋਂ ਉਹਨਾਂ ਨਾਲ ਵਾਹ ਪਿਆ, ਬਾਬਾ ਕਬੀਰ ਜੀ ਲਿਖਦੇ ਹਨ। ਬਾਹਰੋਂ ਨਿਰਾ ਵਿਖਾਵਾ, ਅੰਦਰੋਂ ਪੂਰੇ ਪੱਕੇ ਅਪਰਾਧੀ ਹਨ, ਸਮੇਤ ਡਾਲੀਆਂ ਦੇ ਪੂਰਾ ਤਨਾ ਖਾ ਜਾਣ ਵਾਲੇ ਨਿਰੇ ਠੱਗ। ਬਾਬਾ ਕਬੀਰ ਜੀ ਨੇ ਉਹਨਾਂ ਦੀ ਰਹਿਣੀ ਤੇ ਰਹਿਤ ਦਾ ਜਿਕਰ ਕਰਕੇ ਐਸੇ ਲੋਕਾਂ ਨੂੰ ਬਨਾਰਸ ਦੇ ਠੱਗ ਲਿੱਖ ਕੇ ਲੋਕਾਈ ਨੂੰ ਸੁਚੇਤ ਕੀਤਾ ਹੈ ਕਿ ਐਸੇ ਵਿਖਾਵਾ ਕਰਨ ਵਾਲਿਆਂ ਤੋਂ ਹਮੇਸ਼ਾ ਬਚ ਕੇ ਰਹਿਣਾ ਚਾਹੀਦਾ ਹੈ। ਬਾਬਾ ਕਬੀਰ ਦਾ ਫਤਵਾ ਪੜ੍ਹੀਏ, ਸੋਝੀ ਪੈ ਜਾਵੇਗੀ :—

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥
ਗਲੀ ਜਿਨੑਾ ਜਪਮਾਲੀਆ ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥੧॥
ਐਸੇ ਸੰਤ ਨ ਮੋ ਕਉ ਭਾਵਹਿ॥ ਡਾਲਾ ਸਿਉ ਪੇਡਾ ਗਟਕਾਵਹਿ॥੧॥ ਰਹਾਉ॥
ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ॥
ਬਸੁਧਾ ਖੋਦਿ ਕਰਹਿ ਦੁਇ ਚੂਲੑੇ ਸਾਰੇ ਮਾਣਸ ਖਾਵਹਿ॥੨॥
ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ॥
ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ॥੩॥
ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ॥
ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ॥੪॥੨॥

ਰਾਗ ਆਸਾ (ਪੰਨਾ : ੪੭੬)

ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਇਹੋ ਜਿਹੇ ਮਨੁੱਖਾਂ ਪ੍ਰਤੀ ਫਤਵਾ ਦਿੱਤਾ ਹੈ ਕਿ ਜਿਹੜੇ ਮਨੁੱਖ, ਬਾਹਰੋਂ ਵੇਖਣ ਨੂੰ ਤਾਂ ਬਹੁਤ ਪਵਿੱਤਰ ਲਗਦੇ ਹਨ, ਪਰ ਅੰਦਰਹੁ ਵੀਚਾਰ ਉਹਨਾਂ ਦੇ ਅਤਿ ਮਲੀਨ ਹਨ। ਐਸੇ ਮਨੁੱਖ ਜਿਹਨਾਂ ਦਾ ਪਹਿਰਾਵਾ ਤਾਂ ਸੰਤਾਂ ਵਰਗਾ ਹੈ ਪਰ ਕਰਮ ਉਹਨਾਂ ਦੇ ਠਗਾਂ, ਚੋਰਾਂ, ਵਰਗੇ ਹਨ। ਐਸੇ ਮਨੁੱਖਾਂ ਨੇ ਆਪਨਾ ਕੀਮਤੀ ਮਨੁੱਖਾ ਜਨਮ ਜੂਏ ਦੀ ਬਾਜੀ ਵਿੱਚ ਹਾਰ ਦਿੱਤਾ ਹੈ।

ਮਾਇਕੀ ਪਦਾਰਥਾਂ ਦੀ ਤ੍ਰਿਸ਼ਨਾਂ ਉਹਨਾਂ ਨੂੰ ਇੰਨੀ ਪਰਬਲ ਹੋ ਕੇ ਚੰਬੜੀ ਹੈ ਕਿ ਪਦਾਰਥਾਂ ਦੀ ਪ੍ਰਾਪਤੀ ਹੀ ਉਹਨਾਂ ਨੇ ਆਪਨਾ ਜੀਵਨ ਪ੍ਰਯੋਜਨ ਬਣਾ ਲਿਆ ਹੈ। ਆਪਨੀ ਮੌਤ ਵੀ ਉਹਨਾਂ ਨੂੰ ਭੁੱਲ ਗਈ ਹੈ। ਆਤਮਾਂ ਨੂੰ ਪਵਿੱਤਰ ਕਰਨ ਵਾਲਾ ਪ੍ਰਮੇਸ਼ਰ ਦਾ ਨਾਮ ਉਹਨਾਂ ਕਦੇ ਸੁਣਿਆ ਤਕ ਨਹੀਂ, ਜਪਣਾ ਤਾਂ ਕੀ ਹੈ। ਆਪਨੇ ਜੀਵਨ ਮਨੋਰਥ ਨੂੰ ਭੁੱਲ ਕੇ ਭੂਤਨਿਆਂ ਦੀ ਨਿਆਈ ਸੰਸਾਰ ਵਿੱਚ ਜੀਵਨ ਬਤੀਤ ਕਰ ਰਹੇ ਹਨ।

ਸਾਹਿਬ ਫੁਰਮਾਨ ਕਰਦੇ ਹਨ, ਜਿਹਨਾਂ ਦਾ ਜੀਵਨ ਇਹੋ ਜਿਹੇ ਵਿਖਾਵੇ ਵਾਲਾ ਬਣ ਗਿਆ ਹੈ, ਉਹਨਾਂ ਨੇ ਮਾਨੋਂ ਸੱਚ ਦਾ ਪੱਲਾ ਛੱਡ ਦਿੱਤਾ ਹੈ। ਦਿਨ ਰਾਤ ਝੂਠ ਵਿੱਚ ਗਲਤਾਨ ਹੋ ਕੇ ਆਪਨੇ ਕੀਮਤੀ ਮਨੁੱਖਾ ਜਨਮ ਨੂੰ ਜੂਏ ਦੀ ਬਾਜੀ ਵਿੱਚ ਹਾਰ ਰਹੇ ਹਨ :—

ਜੀਅਹੁ ਮੈਲੇ ਬਾਹਰਹੁ ਨਿਰਮਲ॥
ਬਾਹਰਹੁ ਨਿਰਮਲ ਜੀਅਹੁ ਮੈਲੇ
ਤਿਨੀ ਜਨਮੁ ਜੂਐ ਹਾਰਿਆ॥

ਏਹ ਤਿਸਨਾ ਵਡਾ ਰੋਗੁ ਲਗਾ
ਮਰਣੁ ਮਨਹੁ ਵਿਸਾਰਿਆ॥
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ
ਤਿਨੀ ਜਨਮੁ ਜੂਐ ਹਾਰਿਆ॥ ੧੯॥

ਅਨੰਦ ਸ: (ਪੰਨਾ : ੯੧੯)

ਗੁਰਮਤ ਵਿੱਚ ਨਾ ਤਾਂ ਸਰੀਰਕ ਪਲੀਤਤਾਈ ਵਾਲਾ ਮਨੁੱਖ ਪ੍ਰਵਾਨ ਹੈ ਅਤੇ ਨਾ ਹੀ, ਅੰਦਰਲੀ ਮਲੀਨਤਾਈ ਗੁਰੂ ਨੂੰ ਚੰਗੀ ਲਗਦੀ ਹੈ। ਗੁਰੂ ਦੀ ਦ੍ਰਿਸ਼ਟੀ ਵਿੱਚ ਕੌਣ ਪ੍ਰਵਾਨ ਚੜਦਾ ਹੈ ? ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ ?

ਗੁਰੂ ਦਰ ਵਿੱਚ ਕੌਣ ਪ੍ਰਵਾਨ ਹਨ?

ਜਿਹੜੇ ਗੁਰਮੁਖ ਜਨ ਬਾਹਰਲੀ ਰਹਿਣੀ ਬਹਿਣੀ ਵੀ ਪਵਿੱਤਰ ਰੱਖਦੇ ਹਨ ਅਤੇ ਮਨ ਵੀ ਉਹਨਾਂ ਨੇ ਪਵਿੱਤਰ ਕਰ ਲਿਆ ਹੈ, ਐਸੇ ਗੁਰੂ ਪਿਆਰੇ ਗੁਰੂ ਦੀ ਦ੍ਰਿਸ਼ਟੀ ਵਿੱਚ ਪ੍ਰਵਾਨ ਚੜ੍ਹਦੇ ਹਨ। ਬਾਹਰਲੀ ਪਵਿੱਤ੍ਰਤਾ ਤਾਂ ਦਿਸ ਪੈਂਦੀ ਹੈ, ਮਨ ਦੀ ਪਵਿੱਤ੍ਰਤਾ ਦੀ ਕੀ ਨਿਸ਼ਾਨੀ ਹੈ ? ਸਤਿਗੁਰੁ ਜੀ ਨਿਸ਼ਾਨੀ ਦਸਦੇ ਹਨ ਕਿ ਪਵਿੱਤਰ ਹਿਰਦੇ ਵਾਲੇ ਮਨੁੱਖ ਆਪਣੇ ਮਨ ਦੇ ਪਿੱਛੇ ਨਹੀਂ ਲੱਗਦੇ ਉਹ ਕੇਵਲ ਉਹ ਕਾਰ ਹੀ ਕਰਦੇ ਹਨ ਜਿਹੜੀ ਗੁਰੂ ਨੂੰ ਚੰਗੀ ਲਗਦੀ ਹੈ।

ਦੂਸਰੇ ਝੂਠ ਦਾ ਸੰਕਲਪ ਮਾਤ੍ਰ ਵੀ ਉਹਨਾਂ ਦੇ ਹਿਰਦੇ ਵਿੱਚ ਨਹੀਂ ਉਠਦਾ। ਤੀਸਰੇ ਪਵਿੱਤਰ ਹਿਰਦੇ ਵਾਲਿਆਂ ਦੀਆਂ ਸਾਰੀਆਂ ਵਾਸ਼ਨਾਵਾਂ ਖਤਮ ਹੋ ਜਾਂਦੀਆਂ ਹਨ। ਐਸੇ ਗੁਰੂ ਪਿਆਰਿਆਂ ਨੇ ਮਨੁੱਖਾ ਜਨਮ ਦਾ ਲਾਹਾ ਪ੍ਰਾਪਤ ਕਰਕੇ, ਆਪਣੇ ਰਤਨ ਰੂਪੀ ਜਨਮ ਨੂੰ ਸਫਲਾ ਕਰ ਲਿਆ ਹੈ। ਸਾਹਿਬਾਂ ਦਾ ਫੁਰਮਾਨ ਹੈ ਜਿਨ੍ਹਾਂ ਨੇ ਆਪਣੇ ਮਨ ਨੂੰ ਪਵਿੱਤਰ ਕਰ ਲਿਆ ਹੈ, ਉਹ ਸਦਾ ਗੁਰੂ ਨਾਲ ਜੁੜੇ ਰਹਿੰਦੇ ਹਨ:—

ਜੀਅਹੁ ਨਿਰਮਲ ਬਾਹਰਹੁ ਨਿਰਮਲ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ
ਸਤਿਗੁਰ ਤੇ ਕਰਣੀ ਕਮਾਣੀ॥
ਕੂੜ ਕੀ ਸੋਇ ਪਹੁਚੈ ਨਾਹੀ
ਮਨਸਾ ਸਚਿ ਸਮਾਣੀ॥
ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ॥
ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ॥ ੨੦॥

ਅਨੰਦ ਸਾ: ਮ: ੩ (ਪੰਨਾ : ੯੧੯)

ਸਤਿਗੁਰੂ ਸ੍ਰੀ ਗੁਰੂ ਅਮਰ ਦਾਸ ਜੀ ਨੇ ਸਾਨੂੰ ਆਪਣੇ ਮਨ ਨੂੰ ਪਰਖਣ ਵਾਸਤੇ ਉਪਰ ਲਿਖੇ ਸ਼ਬਦ ਵਿੱਚ ਕਸਵੱਟੀ ਦਿੱਤੀ ਹੈ, ਜੇ ਤਾਂ ਸਾਡਾ ਮਨ ਗੁਰੂ ਦੀ ਸ਼ਰਣ ਵਿੱਚ ਆ ਕੇ ਗੁਰੂ ਚਾਲੀ ਦਾ ਧਾਰਨੀ ਬਣ ਗਿਆ ਹੈ। ਝੂਠ ਦਾ ਸੰਕਲਪ ਮਾਤਰ ਫੁਰਨਾ ਵੀ ਮਨ ਵਿੱਚ ਨਹੀਂ ਫੁਰਦਾ। ਸਾਰੀਆਂ ਵਾਸ਼ਨਾਵਾਂ ਖਤਮ ਹੋ ਗਈਆਂ ਹਨ। ਮਨ ਸਦਾ ਗੁਰੂ ਚਰਨਾਂ ਨਾਲ ਜੁੜਿਆ ਰਹਿੰਦਾ ਹੈ, ਸਮਝੋ ਮਨ ਪਵਿੱਤਰ ਹੋ ਗਿਆ ਹੈ।

ਜੇ ਅਜੇ ਮਨ ਵਿੱਚ ਵਾਸ਼ਨਾ ਦੇ ਤੂੰਗ ਉੱਠਦੇ ਹਨ। ਗੁਰੂ ਦੀ ਦੱਸੀ ਕਾਰ ਕਰਨੀ ਨਹੀਂ ਅਰੰਭੀ, ਅਜੇ ਮਨ ਦੇ ਪਿੱਛੇ ਲੱਗ ਕੇ ਹੀ ਚਲਦੇ ਹਾਂ। ਕੂੜ ਦੀ ਸੋਅ ਅਜੇ ਹਿਰਦੇ ਵਿੱਚ ਫੇਰਾ ਮਾਰਦੀ ਹੈ। ਗੁਰੂ ਦੇ ਨਾਲ ਹਮੇਸ਼ਾ ਮਨ ਜੁੜਿਆ ਨਹੀਂ ਰਹਿੰਦਾ, ਸਮਝ ਲੈਣਾ ਚਾਹੀਦਾ ਹੈ ਕਿ ਅਜੇ ਮਨ ਪਵਿੱਤਰ ਨਹੀਂ ਹੋਇਆ। ਜੇ ਐਵੇਂ ਖ਼ੁਸ਼ ਫਹਿਮੀ ਵਿੱਚ ਪਵਿੱਤਰ ਹੋਇਆ ਸਮਝਦੇ ਹਾਂ, ਸਮਝੋ ਆਪਣੇ ਆਪ ਨਾਲ ਧੋਖਾ ਕਰ ਰਹੇ ਹਾਂ। ਪਵਿੱਤਰ ਮਨ ਵਾਲਾ ਮਨੁੱਖ ਤਾਂ ਪ੍ਰਭੂ ਨੂੰ ਚੰਗਾ ਲੱਗਣ ਲੱਗ ਜਾਂਦਾ ਹੈ :—

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ॥

ਮ: ੧ (ਪੰਨਾ : ੭੩੦)

ਜੇ ਆਪਾਂ ਪ੍ਰਭੂ ਨੂੰ ਭਾਏ ਨਹੀਂ, ਪ੍ਰਭੂ ਸਾਨੂੰ ਨਹੀਂ ਭਾਉਂਦਾ ਫਿਰ ਤਾਂ ਸਮਝਣਾ ਚਾਹੀਦਾ ਹੈ ਕਿ ਸਾਡਾ ਮਨ ਰੂਪੀ ਭਾਂਡਾ ਅੱਤ ਮਲੀਨ ਹੈ :—

ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ॥

ਮ: ੧ (ਪੰਨਾ : ੭੩੦)

ਸਤਿਗੁਰੂ ਗੁਰੂ ਅਮਰਦਾਸ ਜੀ ਸਾਡੇ ਮਨ ਦੀ ਪਲੀਤਤਾਈ ਦੀ ਤਸਵੀਰ ਸਾਡੇ ਸਾਹਮਣੇ ਰੱਖ ਰਹੇ ਹਨ। ਹੇ ਗੁਰਮੁਖ ਜਨੋਂ, ਐਵੇਂ ਭਰਮ ਭੁਲੇਖੇ ਵਿੱਚ ਪੈ ਕੇ, ਇਹ ਧਾਰਨਾ ਨਾ ਬਣਾ ਛੱਡਿਓ ਕਿ ਸਾਡਾ ਮਨ ਬੜਾ ਪਵਿੱਤਰ ਹੈ। ਨਹੀਂ! ਇਸ ਮਨ ਨੂੰ ਤਾਂ ਪਤਾ ਨਹੀਂ ਕਿੰਨੇ ਕੁ ਜਨਮਾਂ ਦੇ ਸੰਸਕਾਰਾਂ ਦੀ ਮੈਲ ਨੇ ਪਲੀਤ ਕੀਤਾ ਹੋਇਆ ਹੈ। ਮਨ ਦਾ ਹਾਲ ਤਾਂ ਤੇਲੀ ਦੀ ਖੰਨਲੀ[1] ਵਰਗਾ ਹੋਇਆ ਬਣਿਆ ਹੈ। ਸੈਂਕੜੇ ਵਾਰੀ ਵੀ, ਖੰਨਲੀ ਨੂੰ ਧੋਤਾ ਜਾਵੇ ਤਦ ਵੀ ਉਸ ਵਿੱਚ ਪਈ ਹੋਈ ਤੰਦ ਮੈਲ ਦੂਰ ਨਹੀਂ ਹੁੰਦੀ। ਯਾਦ ਰਖੋ :—

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥

(ਸਲੋਕ ਮ: ੩, ਪੰਨਾ : ੬੫੧)

੧. ਕੋਹਲੂ ਸਾਫ ਕਰਨ ਵਾਲੀ ਟਾਕੀ

✵ ✵ ✵

ਮਨ ਪਵਿੱਤਰ ਕਰਨ ਦੇ ਸਾਧਨ

ਮਨ ਉੱਤੇ ਲੱਗੇ ਹੋਏ ਜਨਮਾਂ ਜਨਮਾਂਤਰਾਂ ਦੇ ਸੰਸਕਾਰਾਂ ਦੀ ਮੈਲ ਨੂੰ ਕਿਵੇਂ ਧੋਣਾ ਹੈ ? ਸਾਹਿਬ ਅਗਲੀਆਂ ਪੰਗਤੀਆਂ ਵਿੱਚ ਮਨ ਨੂੰ ਸਾਫ ਕਰਨ ਦਾ ਤਰੀਕਾ ਦੱਸ ਰਹੇ ਹਨ ਕਿ ਜੇ ਮਨੁੱਖ ਜੀਵਤ ਭਾਵ ਵਲੋਂ ਮਰ ਜਾਵੇ। (ਭਾਵ ਆਪ ਹੁਦਰਾਪਨ ਛੱਡ ਦੇਵੇ ਅਤੇ ਗੁਰੂ ਦੀ ਅਗਵਾਈ ਵਿੱਚ ਚੱਲ ਪਵੇ) ਤਦ ਮਨੁੱਖ ਸੰਸਾਰ ਦੀਆਂ ਪਕੜਾਂ ਨਾਲੋਂ ਟੁੱਟ ਕੇ ਨਿਰੰਕਾਰ ਨਾਲ ਜੁੜ ਜਾਂਦਾ ਹੈ। ਇਸ ਤਰ੍ਹਾਂ ਗੁਰੂ ਚਾਲੀ ਅਨੁਸਾਰ ਚਲਣ ਨਾਲ ਮਨੁੱਖ ਪਵਿੱਤਰ ਹੋ ਜਾਂਦਾ ਹੈ। ਉਸਦਾ ਆਵਾਗਵਣ ਦਾ ਚੱਕਰ ਖਤਮ ਹੋ ਜਾਂਦਾ ਹੈ :—

ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ॥
ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ॥

ਮ: ੩ (ਪੰਨਾ : ੬੫੧)

ਸੰਸਾਰ ਵਿੱਚ ਆਪਾਂ ਵੇਖਦੇ ਹਾਂ ਮਿੱਟੀ ਘੱਟੇ ਦਾ ਝੱਖੜ ਵਗ ਰਿਹਾ ਹੋਵੇ, ਮਕਾਨ ਦੇ ਸਾਰੇ ਦਰਵਾਜੇ ਖੁੱਲ੍ਹੇ ਹੋਣ, ਸਾਰਾ ਮਕਾਨ ਮਿੱਟੀ ਘੱਟੇ ਨਾਲ ਭਰ ਜਾਂਦਾ ਹੈ। ਮਕਾਨ ਨੂੰ ਸਾਫ ਕਰਨ ਲਈ ਮਨੁੱਖ ਝਾੜੂ ਲੈ ਲਵੇ, ਇੱਕ ਤੋਂ ਬਾਅਦ ਦੂਸਰਾ, ਦੂਸਰੇ ਤੋਂ ਬਾਅਦ ਤੀਸਰਾ ਕਮਰਾ ਸਾਫ ਕਰੀ ਜਾਵੇ, ਪਰ ਮਕਾਨ ਸਾਫ ਨਹੀਂ ਹੁੰਦਾ, ਸਾਫ ਹੋਣਾ ਵੀ ਨਹੀਂ, ਭਾਵੇਂ ਸਾਰੀ ਉਮਰ ਕਿਉਂ ਨਾ ਸਾਫ ਕਰਦਾ ਰਹੇ ਕਿਉਂਕਿ ਦਰਵਾਜੇ ਖੁੱਲ੍ਹੇ ਹਨ। ਜਿੰਨਾ ਮਿੱਟੀ ਘੱਟਾ ਹੂੰਝ ਕੇ ਬਾਹਰ ਕੱਢਦਾ ਹੈ, ਉਸ ਤੋਂ ਕਈ ਗੁਣਾਂ ਵਧ ਹੋਰ ਅੰਦਰ ਦਾਖਲ ਹੋ ਜਾਂਦਾ ਹੈ। ਕੋਈ ਸਿਆਣਾ ਮਨੁੱਖ ਉਸ ਨੂੰ ਵਿਧੀ ਦਸ ਦੇਵੇ ਕਿ ਭਲਿਆ ਲੋਕਾ, ਤੇਰਾ ਮਕਾਨ ਤਦ ਸਾਫ ਹੋਵੇਗਾ ਜੇ ਤੂੰ ਪਹਿਲਾਂ ਦਰਵਾਜੇ, ਤਾਕੀਆਂ ਬੰਦ ਕਰੇਂ। ਬਾਹਰਲਾ ਘੱਟਾ-ਮਿੱਟੀ ਅੰਦਰ ਆਉਣ ਤੋਂ ਬੰਦ ਹੋਵੇ ਫਿਰ ਤੂੰ ਸੁਖੈਨ ਹੀ ਮਕਾਨ ਨੂੰ ਸਾਫ ਕਰ ਲਵੇਂਗਾ।

ਉਹ ਮਨੁੱਖ ਜਦੋਂ ਉਸ ਭਲੇ ਬੰਦੇ ਦੀ ਸਲਾਹ ਮੰਨ ਕੇ ਬੂਹੇ-ਤਾਕੀਆਂ ਬੰਦ ਕਰਕੇ ਬਾਹਰਲਾ ਘੱਟਾ ਮਿੱਟੀ ਅੰਦਰ ਆਉਣ ਤੋਂ ਰੋਕ ਲੈਂਦਾ ਹੈ ਫਿਰ ਇੱਕ ਦੋ ਵਾਰੀ ਝਾੜੂ ਫੇਰਨ ਤੇ ਪੋਚਾ ਲਾਉਣ ਨਾਲ, ਸਾਰਾ ਮਕਾਨ ਲਿਸ਼ਕਾਂ ਮਾਰਨ ਲੱਗ ਜਾਂਦਾ ਹੈ।

ਐਨ ਇਸੇ ਤਰ੍ਹਾਂ, ਸਾਡੇ ਅੰਤਸ਼ਕਰਣ ਉੱਪਰ ਵੀ ਕੁਛ ਤਾਂ ਪਿਛਲੇ ਜਨਮਾਂ ਦੇ ਸੰਸਕਾਰਾਂ ਦੀ ਧੂੜ ਜੰਮੀ ਹੋਈ ਹੈ ਕੁਝ ਹੁਣ ਇਸ ਜਨਮ ਵਿੱਚ ਅਨੇਕ ਤਰ੍ਹਾਂ ਦੇ

ਫੁਰਨਿਆਂ ਅਤੇ ਮੰਦੇ ਵੀਚਾਰਾਂ ਦੀ ਗਰਦ ਸਾਡੇ ਅੰਤਸ਼ਕਰਣ ਤੇ ਪੈ ਰਹੀ ਹੈ। ਜਿੰਨਾਂ ਕੁ ਅਸੀਂ ਅੰਤਸ਼ਕਰਣ ਨੂੰ ਸਾਫ ਕਰਨ ਦਾ ਯਤਨ ਕਰਦੇ ਹਾਂ ਉਸ ਤੋਂ ਵੱਧ ਹੋਰ ਮੰਦੇ ਵੀਚਾਰਾਂ, ਮਾੜੇ ਕਰਮਾਂ ਦੀ ਮੈਲ ਲੱਗ ਜਾਂਦੀ ਹੈ। ਬਾਬਾ ਕਬੀਰ ਜੀ ਦੀ ਅਗਵਾਈ ਵਿੱਚ ਜਦੋਂ ਆਪਾਂ ਉਹਨਾਂ ਮੋਰੀਆਂ ਨੂੰ, ਦਰਵਾਜਿਆਂ ਨੂੰ ਬੰਦ ਕਰ ਲਵਾਂਗੇ, ਪਲੀਤ ਵੀਚਾਰਾਂ ਦਾ ਗਰਦੋ-ਗੁਬਾਰ ਅੰਦਰ ਦਾਖਲ ਹੋਣੋ ਬੰਦ ਹੋ ਜਾਵੇਗਾ। ਫਿਰ ਸੌਖਾ ਹੀ ਅੰਤਸ਼ਕਰਣ ਸਾਫ ਹੋ ਜਾਵੇਗਾ।

ਬਾਬਾ ਕਬੀਰ ਜੀ ਦਾ ਫੁਰਮਾਨ ਹੈ, ਮੇਰੇ ਗੁਰੂ ਨੇ, ਮੈਨੂੰ ਉਹ ਸੁਰਾਖ, ਉਹ ਦਰਵਾਜੇ ਵਿਖਾ ਦਿੱਤੇ ਜਿਹਨਾਂ ਦਰਵਾਜਿਆਂ ਰਾਹੀਂ ਕਾਮ, ਕਰੋਧ, ਲੋਭ, ਮੋਹ, ਅਹੰਕਾਰ, ਆਸਾ, ਤ੍ਰਿਸ਼ਨਾ ਦੇ ਸੰਸਕਾਰ ਤੇਰੇ ਅੰਦਰ ਪ੍ਰਵੇਸ਼ ਕਰਕੇ ਤੇਰੇ ਮਨ ਨੂੰ ਮਲੀਨ ਕਰਦੇ ਹਨ :—

ਗੁਰਿ ਦਿਖਲਾਈ ਮੋਰੀ॥ ਜਿਤੁ ਮਿਰਗ ਪੜਤ ਹੈ ਚੋਰੀ॥

ਸੋਰਠਿ ਕਬੀਰ ਜੀ (ਪੰਨਾ : ੬੫੬)

ਗੁਰੂ ਦੇ ਦੱਸਣ ਤੇ ਮੈਂ ਇਹ ਸਾਰੇ ਦਰਵਾਜ਼ੇ ਬੰਦ ਕਰ ਲਏ, ਮਾੜੇ ਵੀਚਾਰਾਂ ਦੇ ਸੰਸਕਾਰਾਂ ਨੂੰ ਆਪਣੇ ਅੰਦਰ ਦਾਖਲ ਹੋਣ ਤੋਂ ਬੰਦ ਕਰ ਲਿਆ। ਪਹਿਲੇ ਮਲੀਨ ਸੰਸਕਾਰਾਂ ਨੂੰ ਗੁਰੂ ਦੇ ਗਿਆਨ ਅਤੇ ਨਾਮ ਦੇ ਸਾਬਣ ਨਾਲ ਸਾਫ ਕਰ ਦਿੱਤਾ। ਇਸ ਸਫਾਈ ਕਰਨ ਨਾਲ ਮੇਰੇ ਹਿਰਦੇ ਵਿੱਚ, ਅਨੰਦ ਹੀ ਅਨੰਦ ਹੋ ਗਿਆ ਅਤੇ ਅਨਹਦ ਸ਼ਬਦ ਜੋ ਵੱਜ ਤਾਂ ਪਹਿਲਾਂ ਹੀ ਰਹੇ ਸਨ, ਫੁਰਨਿਆਂ ਦੇ ਸ਼ੋਰ ਸ਼ਰਾਬੇ ਕਾਰਣ ਸੁਣਦੇ ਨਹੀਂ ਸਨ। ਜਦੋਂ ਫੁਰਨਿਆਂ ਦਾ ਰੌਲਾ-ਗੌਲਾ ਬੰਦ ਹੋਇਆ, ਅਨਹਦ ਸ਼ਬਦ ਵੀ ਸੁਣਨ ਲੱਗ ਪਏ। ਕੈਸੀ ਅਗਵਾਈ ਬਾਬਾ ਕਬੀਰ ਜੀ ਨੇ ਆਪਣੇ ਤਜਰਬੇ ਦੀ ਗੁਰਬਾਨੀ ਵਿੱਚ ਬਖਸ਼ਸ਼ ਕੀਤੀ ਹੈ :—

ਮੂੰਦਿ ਲੀਏ ਦਰਵਾਜੇ॥ ਬਾਜੀਅਲੇ ਅਨਹਦ ਬਾਜੇ॥ ੧॥

ਸੋਰਠ ਕਬੀਰ ਜੀ (ਪੰਨਾ : ੬੫੬)

ਨਾਮ ਜਪ ਦੁਆਰਾ ਮਨ ਦੀ ਪਵਿਤ੍ਰਤਾ

ਸ੍ਰੀ ਗੁਰੂ ਅਮਰਦਾਸ ਜੀ ਅਨੰਦ ਸਾਹਿਬ ਵਿੱਚ ਮਨ ਦੀ ਪਲੀਤਤਾਈ ਨੂੰ ਧੋਣ ਦਾ ਤਰੀਕਾ ਦਸਦੇ ਹਨ ਕਿ ਜਿਸ ਗੁਰੂ ਪਿਆਰੇ ਨੇ ਆਪਣੇ ਮਨ ਨੂੰ ਧੋਣਾ ਹੋਵੇ ਉਹ ਗੁਰੂ ਦੇ ਸ਼ਬਦ ਨਾਲ ਆਪਣੀ ਸੁਰਤੀ ਨੂੰ ਜੋੜ ਲਵੇ ਤੇ ਹਮੇਸ਼ਾ ਆਪਣਾ ਚਿੱਤ ਹਰੀ ਦੇ ਨਾਮ ਨਾਲ ਲਾਈ ਰੱਖੇ। ਇਸ ਤਰ੍ਹਾਂ ਕਰਨ ਨਾਲ ਮਨੁੱਖ ਗੁਰੂ ਦੀ ਮਿਹਰ ਦਾ ਪਾਤ੍ਰ ਬਣ ਜਾਂਦਾ ਹੈ ਅਤੇ ਅਗਿਆਨ ਭਰਮ ਦੀ ਅਪਵਿੱਤ੍ਰਤਾ ਸਦਾ ਵਾਸਤੇ ਦੂਰ ਹੋ ਜਾਂਦੀ ਹੈ। ਫੁਰਮਾਨ ਹੈ :—

ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥

ਅਨੰਦ ਸਾ: ਮ: ੩ (ਪੰਨਾ : ੯੧੯)

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਤਾਂ ਆਪਾਂ ਜਪੁਜੀ ਸਾਹਿਬ ਵਿੱਚ ਨਿੱਤ ਹੀ ਪੜ੍ਹਦੇ ਹਾਂ। ਜਨਮਾਂ-ਜਨਮਾਂ ਦੇ ਪਾਪ ਸੰਸਕਾਰਾਂ ਨਾਲ ਪਲੀਤ ਹੋਈ ਆਤਮਾ ਪਿਆਰ ਵਿੱਚ ਭਿੱਜ ਕੇ ਨਾਮ ਜਪਣ ਨਾਲ ਪਵਿੱਤਰ ਹੋ ਜਾਂਦੀ ਹੈ :—

ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥

ਜਪੁਜੀ (ਪੰਨਾ : ੪)

ਪ੍ਰਮੇਸ਼ਰ ਦਾ ਸਿਮਰਨ ਹੀ ਮਨ ਦੀ ਮੈਲ ਨੂੰ ਦੂਰ ਕਰਨ ਦੀ ਸਮਰਥਾ ਰੱਖਦਾ ਹੈ। ਪ੍ਰਮੇਸ਼ਰ ਦਾ ਨਾਮ ਪਹਿਲਾਂ ਮਨ ਨੂੰ ਪਵਿੱਤਰ ਕਰਦਾ ਹੈ, ਫਿਰ ਉਸੇ ਪਵਿੱਤਰ ਹਿਰਦੇ ਵਿੱਚ ਸਮਾਈ ਕਰ ਜਾਂਦਾ ਹੈ :—

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥

ਸੁਖਮਨੀ : ੫ (ਪੰਨਾ : ੨੬੩)

ਪ੍ਰਭੂ ਪ੍ਰਮੇਸ਼ਰ ਦੀ ਸਿਫਤ ਸਲਾਹ ਸਾਡੇ ਅੰਤਸ਼ਕਰਣ ਦੀ ਮੈਲ ਧੋ ਦਿੰਦੀ ਹੈ ਅਤੇ ਹਉਮੈਂ ਦੀ ਬਿਖ ਵੀ ਹਿਰਦੇ ਵਿੱਚੋਂ ਬਿਲਾ ਜਾਂਦੀ ਹੈ। ਕੈਸੀ ਬਰਕਤ ਹੈ, ਪ੍ਰਭੂ ਦੇ ਗੁਣ ਗਾਉਣ ਦੀ :—

ਗੁਨ ਗਾਵਤ ਤੇਰੀ ਉਤਰਸਿ ਮੈਲੁ॥ ਬਿਨਸਿ ਜਾਇ ਹਉਮੈ ਬਿਖੁ ਫੈਲੁ॥

ਗਉੜੀ ਸੁਖਮਨੀ ਮ: ੫ (ਪੰਨਾ : ੨੮੯)

ਤਥਾ :— **ਗੁਨ ਗਾਵਹ ਠਾਕੁਰ ਅਬਿਨਾਸੀ ਕਲਮਲ ਸਗਲੇ ਝਾਰਉ॥**

ਦੇਵ ਗੰਧਾਰੀ ਮ: ੫ (ਪੰਨਾ : ੫੩੨)

ਪ੍ਰਭੂ ਗੁਣ ਗਾਉਣ ਨਾਲ ਹੀ, ਪਿਛਲੇ ਤੇ ਹੁਣ ਦੇ ਸਾਰੇ ਪਾਪ ਖਤਮ ਹੋ ਸਕਦੇ ਹਨ। ਸਤ ਸੰਗਤ ਕਰਨ ਨਾਲ ਮਲੀਨ ਫੁਰਨੇ ਹਿਰਦੇ ਵਿੱਚ ਪ੍ਰਵੇਸ਼ ਕਰਨੋਂ ਰੁਕ ਜਾਂਦੇ ਹਨ। ਪਹਿਲੇ ਸੰਸਕਾਰ, ਨਾਮ ਜਪ ਦੁਆਰਾ ਧੋਤੇ ਜਾਂਦੇ ਹਨ। ਮਨ ਸ਼ੁਧ ਪਵਿੱਤਰ ਹੋ ਆਪਣੇ ਧੁਰੇ ਪ੍ਰਮੇਸ਼ਰ ਨਾਲ ਜੁੜ ਜਾਂਦਾ ਹੈ।

ਫੁਰਨਿਆਂ ਅਤੇ ਮੰਦ ਵਾਸ਼ਨਾਵਾਂ ਦੇ ਅਨੇਕਾਂ ਤਰੰਗ, ਅਨੇਕਾਂ ਝੱਖੜ ਮਨ ਦੇ ਅੰਦਰ ਝੁੱਲ ਰਹੇ ਹਨ। ਇਹਨਾਂ ਤਰੰਗਾਂ ਤੋਂ ਛੁਟਕਾਰਾਂ ਪਾ ਕੇ ਕਿਵੇਂ ਪ੍ਰਭੂ ਦੇ ਦਰ ਦੀ ਪ੍ਰਾਪਤੀ ਹੋਵੇ, ਇਕ ਸਵਾਲ ਹੈ ? ਸਾਹਿਬਾਂ ਅਗਲੀਆਂ ਪੰਗਤੀਆਂ ਵਿੱਚ ਉੱਤਰ

ਦਿਤਾ ਹੈ। ਜੇ ਮਨੁੱਖ ਸੱਚੇ ਵਾਹਿਗੁਰੂ ਦੇ ਪਿਆਰ ਵਿੱਚ ਭਿੱਜ ਕੇ ਨਾਮ ਰੰਗ ਵਿੱਚ ਰੰਗਿਆ ਜਾਵੇ, ਇਸ ਤਰਾਂ ਫੁਰਨਿਆਂ ਦੇ ਝੱਖੜਾਂ ਤੋਂ ਬਚ ਸਕਦਾ ਹੈ ਅਤੇ ਪ੍ਰਭੂ ਦੇ ਦਰ ਦੀ ਪ੍ਰਾਪਤੀ ਹੋ ਸਕਦੀ ਹੈ। ਸਾਹਿਬਾਂ ਦਾ ਫੁਰਮਾਨ ਹੈ :—

ਮਨ ਕੇ ਅਧਿਕ ਤਰੰਗ ਕਿਉ ਦਰਿ ਸਾਹਿਬ ਛੁਟੀਐ॥
ਜੇ ਰਾਚੈ ਸਚ ਰੰਗਿ ਗੂੜੈ ਰੰਗਿ ਅਪਾਰ ਕੈ॥
ਨਾਨਕ ਗੁਰ ਪਰਸਾਦੀ ਛੁਟੀਐ ਜੇ ਚਿਤੁ ਲਗੈ ਸਚਿ॥ ੨॥

ਸਲੋਕ ਮ: ੩ (ਪੰਨਾ : ੧੦੮੮)

ਮਾਝ ਰਾਗ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ ਕਿ ਕੁਦਰਤ ਦਾ ਨਿਯਮ ਹੈ, ਜਿਹੜਾ ਵੀ ਨਿਰਮਲ ਪ੍ਰਮੇਸ਼ਰ ਜੀ ਦੇ ਨਾਮ ਨੂੰ ਸਿਮਰੇਗਾ, ਉਹ ਆਪ ਨਿਰਮਲ ਹੋ ਜਾਵੇਗਾ। ਨਿਰਮਲ ਪ੍ਰਭੂ ਦੇ ਨਾਮ ਦੀ ਅਰਾਧਨਾ ਦੁਆਰਾ ਉਸਦੀ ਹਉਮੈਂ ਦੀ ਮਲੀਨਤਾਈ ਦੂਰ ਹੋ ਜਾਵੇਗੀ। ਨਾਮ ਮਨ ਨੂੰ ਧੋ ਕੇ ਪਵਿੱਤਰ ਕਰ ਦੇਵੇਗਾ। ਨਿਰਮਲ ਹਿਰਦੇ ਵਿੱਚ, ਨਿਰਮਲ ਅਨਹਦ ਸ਼ਬਦ ਦੀ ਧੁਨੀ ਵੱਜਣ ਲੱਗ ਜਾਵੇਗੀ। ਉਹ ਨਿਰਮਲ ਆਤਮਾ ਪ੍ਰਭੂ ਜੀ ਦੇ ਦਰਬਾਰ ਵਿੱਚ ਸੋਭਾ ਪਾਵੇਗੀ।

ਪਵਿੱਤਰ ਪ੍ਰਮੇਸ਼ਰ ਦਾ ਨਾਮ ਸਭ ਦੀ ਮੈਲ ਕੱਟ ਕੇ ਸਾਰਿਆਂ ਨੂੰ ਪਵਿੱਤਰ ਕਰ ਦਿੰਦਾ ਹੈ। ਜਿਸ ਨਾਲ ਮਨ ਹਰੀ ਪ੍ਰਮੇਸ਼ਰ ਦੇ ਨਾਮ ਨਾਲ ਜੁੜ ਜਾਂਦਾ ਹੈ। ਜਿਹੜੇ ਮਨੁੱਖ ਪ੍ਰਭੂ ਦੇ ਪਵਿੱਤਰ ਨਾਮ ਵਿੱਚ ਜੁੜੇ ਹਨ ਉਹ ਵੱਡੇ ਭਾਗਾਂ ਵਾਲੇ ਹਨ। ਪਵਿੱਤਰ ਨਾਮ ਜਪਣ ਸਦਕਾ ਉਹ ਲੋਕ ਪ੍ਰਲੋਕ ਵਿੱਚ ਸੋਭਨੀਕ ਹੋ ਜਾਂਦੇ ਹਨ :—

ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ॥
ਹਉਮੈ ਮੈਲੁ ਗੁਰ ਸਬਦੇ ਧੋਵੈ॥
ਨਿਰਮਲ ਵਾਜੈ ਅਨਹਦ ਧੁਨਿ ਬਾਣੀ
ਦਰਿ ਸਚੈ ਸੋਭਾ ਪਾਵਣਿਆ ॥ ੪॥
ਨਿਰਮਲ ਤੇ ਸਭ ਨਿਰਮਲ ਹੋਵੈ॥
ਨਿਰਮਲੁ ਮਨੂਆ ਹਰਿ ਸਬਦਿ ਪਰੋਵੈ॥
ਨਿਰਮਲ ਨਾਮਿ ਲਗੇ ਬਡਭਾਗੀ
ਨਿਰਮਲੁ ਨਾਮਿ ਸੁਹਾਵਣਿਆ॥ ੫॥
ਸੋ ਨਿਰਮਲੁ ਜੋ ਸਬਦੇ ਸੋਹੈ॥
ਨਿਰਮਲ ਨਾਮਿ ਮਨੁ ਤਨੁ ਮੋਹੈ॥
ਸਚਿ ਨਾਮਿ ਮਲੁ ਕਦੇ ਨ ਲਾਗੈ
ਮੁਖੁ ਉਜਲ ਸਚੁ ਕਰਾਵਣਿਆ॥੬॥

ਮਾਝ ਮ: ੩, (ਪੰਨਾ : ੧੨੧)

ਤਥਾ :— ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ॥
ਸੋ ਭਾਈ ਮੇਰੈ ਮਨਿ ਭਾਵੈ॥ ੧॥

(ਗਉੜੀ ਕਬੀਰ ਜੀ, ਪੰਨਾ : ੩੨੮)

ਜਦੋਂ ਮਨ ਦੀਆਂ ਵਾਸ਼ਨਾਵਾਂ ਖਤਮ ਹੋ ਜਾਂਦੀਆਂ ਮਨ ਟਿਕ ਜਾਂਦਾ ਹੈ। ਇਸ ਦੀ ਦੌੜ-ਭੱਜ ਖਤਮ ਹੋ ਜਾਂਦੀ ਹੈ। ਜਿਸਨੇ ਆਪਣੇ ਮਨ ਨੂੰ ਕਾਬੂ ਵਿੱਚ ਕਰ ਲਿਆ ਉਸਨੇ ਹਰੀ ਪ੍ਰਮਾਤਮਾ ਨੂੰ ਪ੍ਰਾਪਤ ਕਰ ਲਿਆ। ਬਿਨਾਂ ਮਨ ਮਾਰੇ ਤੋਂ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ। ਮਨ ਨੂੰ ਮਾਰਨ ਦੀ ਦਵਾਈ ਗੁਰੂ ਸ਼ਬਦ ਹੈ। ਕੋਈ ਵਿਰਲਾ ਭਾਗਾਂ ਵਾਲਾ ਹੀ ਗੁਰੂ ਸ਼ਬਦ ਦੀ ਦੁਆਈ ਵਰਤਦਾ ਹੈ। ਮਨ ਹੰਕਾਰ ਦੇ ਨਸ਼ੇ ਵਿੱਚ ਮਸਤ ਹੈ, ਸ਼ਰਾਬੀ ਹਾਥੀ ਦੀ ਨਿਆਈਂ ਇਸ ਦਾ ਸੁਭਾਅ ਬਣਿਆਂ ਹੋਇਆ ਹੈ। ਗੁਰੂ ਦੇ ਨਾਮ ਦਾ ਅੰਕਸ ਹੀ ਇਸ ਨੂੰ ਕਾਬੂ ਕਰ ਸਕਦਾ ਹੈ। ਮਨ ਬਹੁਤ ਅਵੈੜਾ ਹੈ। ਗੁਰੂ ਮਿਹਰ ਨਾਲ ਤੇ ਸ਼ਬਦ ਦੀ ਬਰਕਤ ਨਾਲ ਇਸ ਤੇ ਕਾਬੂ ਪਾਇਆ ਜਾ ਸਕਦਾ ਹੈ। ਜਿਹੜਾ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੀ ਲੇਪ ਛੇਪ ਤੋਂ ਬਚਿਆ ਰਹਿੰਦਾ ਹੈ, ਉਸਦਾ ਮਨ ਪਵਿੱਤਰ ਹੋ ਜਾਂਦਾ ਹੈ। ਸਾਹਿਬ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :—

ਮਨੁ ਮਰੈ ਧਾਤੁ ਮਰਿ ਜਾਇ॥
ਬਿਨੁ ਮਨ ਮੂਏ ਕੈਸੇ ਹਰਿ ਪਾਇ।
ਇਹੁ ਮਨੁ ਮਰੈ ਦਾਰੂ ਜਾਣੈ ਕੋਇ॥
ਮਨੁ ਸਬਦਿ ਮਰੈ ਬੂਝੈ ਜਨੁ ਸੋਇ॥ ੧॥
ਜਿਸ ਨੋ ਬਖਸੇ ਹਰਿ ਦੇ ਵਡਿਆਈ॥
ਗੁਰ ਪਰਸਾਦਿ ਵਸੈ ਮਨਿ ਆਈ॥ ਰਹਾਉ॥
ਗੁਰਮੁਖਿ ਕਰਣੀ ਕਾਰ ਕਮਾਵੈ॥
ਤਾ ਇਸੁ ਮਨ ਕੀ ਸੋਝੀ ਪਾਵੈ॥
ਮਨੁ ਮੈ ਮਤੁ ਮੈਗਲ ਮਿਕਦਾਰਾ॥
ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ਹਾਰਾ॥੨॥
ਮਨੁ ਅਸਾਧੁ ਸਾਧੈ ਜਨੁ ਕੋਈ॥
ਅਚਰੁ ਚਰੈ ਤਾ ਨਿਰਮਲੁ ਹੋਈ॥

ਧਨਾਸਰੀ ਮ: ੩ (ਪੰਨਾ : ੬੬੫)

ਜਿਥੇ ਪ੍ਰਮੇਸ਼ਰ ਜੀ ਦਾ ਨਾਮ ਜਪਣ ਨਾਲ ਮਨ ਪਵਿੱਤਰ ਹੋ ਜਾਂਦਾ ਹੈ ਅਤੇ ਪ੍ਰਭੂ ਪ੍ਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਹੁੰਦੀ, ਉੱਥੇ ਪ੍ਰਮੇਸ਼ਰ ਦਾ ਨਾਮ ਅਨੇਕਾਂ-ਅਨੇਕਾਂ ਪਾਪ ਕਰਮਾਂ ਨੂੰ ਦਗਧ ਕਰ ਕੇ ਮਨ ਨੂੰ ਪਵਿੱਤ੍ਰਤਾ ਬਖਸ਼ਸ਼ ਕਰਦਾ ਹੈ।

ਜਿਵੇਂ ਛੋਟੀ ਜਿਹੀ ਅੱਗ ਦੀ ਚੰਗਿਆੜੀ ਲੱਖਾਂ ਮਣ ਲੱਕੜਾਂ ਨੂੰ ਭਸਮ ਕਰ ਦਿੰਦੀ ਹੈ, ਇਸੇ ਤਰਾਂ "ਕਟੇ ਪਾਪ ਅਸੰਖ ਨਾਵੈ ਇਕ ਕਣੀ॥" ਸਾਹਿਬ ਪੰਚਮ ਪਾਤਸ਼ਾਹ ਜੀ ਦਾ ਫੁਰਮਾਨ ਹੈ :—

ਘੋਰ ਦੁਖੵੰ ਅਨਿਕ ਹਤੵੰ
ਜਨਮ ਦਾਰਿਦ੍ਰੰ ਮਹਾ ਬਿਖੵਾਦੰ॥
ਮਿਟੰਤ ਸਗਲ ਸਿਮਰੰਤ ਹਰਿ ਨਾਮ
ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ॥ ੧੯॥

ਸਲੋਕ ਸਹਸਕ੍ਰਿਤੀ ਮ: ੫ (ਪੰਨਾ : ੧੩੫੫)

ਤਥਾ :— ਥੋੜੀ ਜਿੰਨੀ ਵੀ ਨਾਮ ਦੀ ਕਣੀ ਹਿਰਦੇ ਵਿੱਚ ਵੱਸ ਜਾਵੇ ਅਸੰਖਾਂ[੧] ਪਾਪਾਂ ਦਾ ਨਾਸ਼ ਕਰ ਕੇ ਮਨ ਨੂੰ ਪਵਿੱਤਰ ਕਰ ਦਿੰਦੀ ਹੈ। ਸਾਹਿਬਾਂ ਦਾ ਬਚਨ ਹੈ:—

ਕਟੇ ਪਾਪ ਅਸੰਖ ਨਾਵੈ ਇਕ ਕਣੀ॥

ਮ: ੩ (ਪੰਨਾ : ੧੨੮੩)

ਨਾਮ ਜਪਣ ਨਾਲ, ਪਾਪ ਕਰਮਾਂ ਦੀ ਮੈਲ ਖਤਮ ਹੋ ਕੇ ਮਨ ਪਵਿੱਤਰ ਸ਼ੁਧ ਹੋ ਜਾਂਦਾ ਹੈ। ਸ਼ੁਧ ਪਵਿੱਤਰ ਹਿਰਦੇ ਵਿੱਚ ਨਾਮ ਦਾ ਨਿਵਾਸ ਹੋ ਜਾਂਦਾ ਹੈ। ਜਿਥੇ ਨਾਮ ਦਾ ਨਿਵਾਸ ਹੋ ਜਾਵੇ ਉੱਥੇ ਨਾਮੀ ਨੇ ਆਪਣੇ ਆਪ ਹੀ ਆ ਪ੍ਰਗਟ ਹੋਣਾ ਹੈ।

ਸਤਿ ਸੰਗਤ ਦੁਆਰਾ ਮਨ ਦੀ ਸ਼ੁਧੀ

ਦੂਸਰੇ ਸਤ ਸੰਗਤ ਨੂੰ ਸਤਿਗੁਰੂ ਜੀ ਨੇ ਬਹੁਤ ਮਹਾਨਤਾ ਤੇ ਉੱਤਮ ਦਰਜਾ ਦਿੱਤਾ ਹੈ। ਸਤਿਗੁਰੂ ਜੀ ਨੇ ਸਤ ਸੰਗਤ ਪ੍ਰਤੀ ਫੁਰਮਾਇਆ ਹੈ ਕਿ ਜੇ ਕਿਸੇ ਗੁਰੂ ਪਿਆਰੇ ਨੇ ਮਨ ਨੂੰ ਮਾਂਜ ਕੇ ਪਵਿੱਤਰ ਕਰਨਾ ਹੋਵੇ, ਉਸਨੂੰ ਸਤ ਸੰਗਤ ਜ਼ਰੂਰ ਕਰਨੀ ਚਾਹੀਦੀ ਹੈ। ਸਤ ਸੰਗਤ ਕਰਨ ਨਾਲ ਮਨ ਮਾਂਜਿਆ ਜਾਂਦਾ ਹੈ। ਪਵਿੱਤਰ ਸ਼ੁਧ ਮਨ ਦੇ ਵਿੱਚ ਹਰੀ ਦੇ ਨਾਮ ਦਾ ਨਿਵਾਸ ਅਵੱਸ਼ ਹੋ ਜਾਂਦਾ ਹੈ। ਅਗਿਆਨਤਾ ਖਤਮ ਹੋ ਕੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ :—

ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ॥
ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ॥

ਸੋਰਠ ਮ: ੫, (ਪੰਨਾ : ੬੩੯)

ਤਥਾ :— ਸਾਧਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ॥

ਸਤ ਸੰਗਤ ਕਰਨ ਨਾਲ ਮਲੀਨ ਫੁਰਨੇ ਹਿਰਦੇ ਵਿੱਚ ਪ੍ਰਵੇਸ਼ ਹੋਣੋਂ ਰੁੱਕ ਜਾਂਦੇ ਹਨ ਅਤੇ ਸਤ ਸੰਗਤ ਵਿੱਚ ਬੈਠ ਨਾਮ ਜਪ ਦੁਆਰਾ ਪਾਪ ਕਰਮ ਨਸ਼ਟ ਹੋ ਜਾਂਦੇ ਹਨ।

੧. ਗਿਣਤੀ ਮਿਣਤੀ ਤੋਂ ਬਾਹਰ

ਪ੍ਰਭੂ ਜੀ ਨਾਲ ਪਿਆਰ ਬਣ ਜਾਂਦਾ ਹੈ। ਮੁੜ ਮਾਤਾ ਦੇ ਗਰਭ ਦਾ ਦੁੱਖ ਨਹੀਂ ਸਹਿਨ ਕਰਨਾ ਪੈਂਦਾ।

ਸਾਧਸੰਗਤਿ ਕੈ ਬਾਸਬੈ ਕਲਮਲ ਸਭਿ ਨਸਨਾ॥
ਪ੍ਰਭ ਸੇਤੀ ਰੰਗਿ ਰਾਤਿਆ ਤਾ ਤੇ ਗਰਭਿ ਨ ਗ੍ਰਸਨਾ॥੧॥

ਬਿਲਾਵਲ ਮ: ੫ (ਪੰਨਾ ੮੧੧)

ਸ੍ਰੀ ਗੁਰੂ ਅਰਜਨ ਦੇਵ ਜੀ, ਕਿੰਨੀ ਵਡੀ ਗਰੰਟੀ ਦਿੰਦੇ ਹਨ ਕਿ ਜਿਸ ਮਨੁੱਖ ਦੇ ਹਿਰਦੇ ਵਿੱਚ, ਪੰਜਾਂ ਵਿਕਾਰਾਂ ਨੇ ਡੇਰਾ ਜਮਾਇਆ ਹੋਵੇ ਅਤੇ ਉਹ ਮਨੁੱਖ ਇਹਨਾਂ ਪੰਜਾਂ ਦੇ ਪ੍ਰਭਾਵ ਕਰਕੇ ਮਾਇਆ ਵਿੱਚ ਹੀ ਰਚ-ਮਿਚ ਗਿਆ ਹੋਵੇ। ਐਸਾ ਮਾਇਆ ਵਿੱਚ ਖੱਚਤ ਹੋਇਆ ਮਨੁੱਖ ਵੀ ਸਤ ਸੰਗਤ ਕਰਨ ਲੱਗ ਜਾਵੇ, ਉਸਦੇ ਹਿਰਦੇ ਵਿੱਚੋਂ, ਪੰਜਾਂ ਦਾ ਪ੍ਰਭਾਵ ਦੂਰ ਹੋ ਕੇ ਉਸਦੀ ਸੁਰਤ ਪ੍ਰਭੂ ਰੰਗਣ ਵਿੱਚ ਰੰਗੀ ਜਾਵੇਗੀ:—

ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ॥
ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ॥੫॥

ਥਿਤੀ ਗਉੜੀ ਮ: ੫ (ਪੰਨਾ : ੨੯੭)

ਭਾਈ ਗੁਰਦਾਸ ਜੀ ਨੇ ਦਸਵੀਂ ਵਾਰ ਦੀ ਇੱਕੀਵੀਂ ਪੌੜੀ ਵਿੱਚ ਗਨਕਾ ਦੀ ਗਾਥਾ ਲਿਖੀ ਹੈ ਉਸ ਨੂੰ ਪ੍ਰੇਮ ਨਾਲ ਪੜ੍ਹ ਲਈਏ ਤਾਂ ਜੋ ਸਾਡੇ ਮਨ ਅੰਦਰ ਵੀ ਸਤ ਸੰਗਤ ਦੀ ਮਹਾਨਤਾ ਦਾ ਕੋਈ ਕਿਣਕਾ ਮਾਤਰ ਟਿੱਕ ਜਾਵੇ ਅਤੇ ਅਸੀਂ ਵੀ ਨੇਮ ਨਾਲ ਸੰਗਤ ਵਿੱਚ ਬੈਠ ਕੇ "ਹਰਿ ਨਾਮੈ ਕੇ ਹੋਵਹੁ ਜੋੜੀ" ਬਣ ਸਕੀਏ :—

ਗਨਿਕਾ ਪਾਪਣਿ ਹੋਇ ਕੈ ਪਾਪਾਂ ਦਾ ਗਲਿ ਹਾਰੁ ਪਰੋਤਾ॥
ਮਹਾਂ ਪੁਰਖ ਆਚਾਣਚਕ ਗਨਿਕਾ ਵਾੜ ਆਇ ਖਲੋਤਾ॥
ਦੁਰਮਤਿ ਦੇਖਿ ਦਇਆਲੁ ਹੋਇ ਹਥਹੁ ਉਸ ਨੋ ਦਿਤੋਨੁ ਤੋਤਾ॥
ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਓਤਾ॥
ਲਿਵ ਲਗੀ ਤਿਸੁ ਤੋਤਿਅਹੁ ਨਿਤ ਪੜ੍ਹਾਏ ਕਰੈ ਅਸੋਤਾ॥
ਪਤਿਤੁ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰੁ ਧੋਤਾ॥
ਅੰਤਕਾਲਿ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੁ ਸੁ ਗੋਤਾ॥
ਗਈ ਬੈਕੁੰਠਿ ਬਿਬਾਣਿ ਚੜ੍ਹਿ ਨਾਉਂ ਰਸਾਇਣੁ ਛੋਤਿ ਅਛੋਤਾ॥
ਥਾਉਂ ਨਿਥਾਵੇਂ ਮਾਣੁ ਮਣੋਤਾ॥

(ਵਾਰ ੧੦, ਪਉੜੀ ੨੧)

ਗਨਕਾ ਦੀ ਗਾਥਾ ਵਾਚਣ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਜੇ ਗਨਕਾ

ਵਰਗੀਆਂ ਪਲੀਤ ਆਤਮਾਵਾਂ ਸਤਸੰਗ ਕਰਕੇ ਪਵਿੱਤਰ ਹੋ ਸਕਦੀਆਂ ਹਨ ਤਾਂ ਸਾਨੂੰ ਵੀ ਆਪਣੇ ਮਨ ਨੂੰ ਪਵਿੱਤਰ ਕਰਨ ਵਾਸਤੇ ਅਤੇ ਭੈੜੇ ਸੰਸਕਾਰਾਂ ਤੋਂ ਨਿਜਾਤ ਪਾਉਣ ਲਈ, ਜਰੂਰ ਸਤ ਸੰਗਤ ਕਰਨ ਦਾ ਰਸਤਾ ਅਪਨਾਉਣਾ ਚਾਹੀਦਾ ਹੈ:—

ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥
ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥ ੨੩੨॥

ਸਲੋਕ ਕਬੀਰ ਜੀ (ਪੰਨਾ : ੧੩੭੭)

ਬਹੁਤੇ ਤੋਂ ਬਹੁਤਾ ਸਮਾਂ, ਥੋੜੇ ਤੋਂ ਥੋੜਾ ਸਮਾਂ ਜਰੂਰ ਸਤ ਸੰਗਤ ਕਰਨ ਵਾਸਤੇ ਕੱਢਣਾ ਚਾਹੀਦਾ ਹੈ ਤਾਂ ਜੋ ਪਿਛਲੇ ਪਾਪ ਕਰਮ ਸਤ ਸੰਗਤ ਦੀ ਬਦੌਲਤ ਧੋਤੇ ਜਾਣ ਅਤੇ ਅਗਾਂਹ ਲਈ ਅਸੀਂ ਸ਼ੁਭ ਵੀਚਾਰਾਂ ਦੇ ਧਾਰਨੀ ਬਣ ਜਾਈਏ। ਇਸ ਮਾਰਗ ਦੇ ਧਾਰਨੀ ਬਣਨ ਨਾਲ ਹੀ ਮਨ ਦੀ ਸ਼ੁੱਧੀ ਪ੍ਰਾਪਤ ਹੋਣੀ ਹੈ।

ਸਾਧ ਸੰਗਤ ਦੀ ਵਡਿਆਈ ਕਥਨ ਨਹੀਂ ਕੀਤੀ ਜਾ ਸਕਦੀ। ਸਤਿਗੁਰੂ ਜੀ ਨੇ ਕੋਟ ਸ਼ਬਦ ਵਰਤਿਆ ਹੈ। ਕਰੋੜਾਂ ਤੀਰਥਾਂ ਤੇ ਪੁਰਬਾਂ ਦੇ ਇਸ਼ਨਾਨ ਕਰਨ ਨਾਲ ਵੀ ਮਨ ਉੱਤੇ ਲੱਗੀ ਹੋਈ ਹਉਮੈਂ ਦੀ ਮਲੀਨਤਾਈ ਦੂਰ ਨਹੀਂ ਹੁੰਦੀ ਸਗੋਂ ਹੋਰ ਵਧਦੀ ਹੈ।

ਹਿਰਦੇ ਦੀ ਨਿਰਮਲਤਾ ਕੇਵਲ ਤੇ ਕੇਵਲ ਸਤ ਸੰਗਤ ਵਿੱਚ ਬੈਠ ਕੇ ਪ੍ਰਭੂ ਪ੍ਰਮੇਸ਼ਰ ਦੇ ਗੁਣ ਗਾਉਣ ਨਾਲ ਹੀ ਹੁੰਦੀ ਹੈ। ਸਤਿਗੁਰੂ ਜੀ ਦਾ ਫੁਰਮਾਨ ਹੈ :—

ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ॥
ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ॥ ੨॥

ਸੋਰਠ ਮ: ੫ (ਪੰਨਾ : ੭੪੭)

ਸਤਿ ਸੰਗ ਵਿੱਚ ਬਹੁਤ ਵੱਡੀ ਬਰਕਤ ਹੈ। ਸਤ ਸੰਗਤ ਕਰਨ ਨਾਲ ਜਨਮਾਂ-ਜਨਮਾਂ ਦਾ ਅਵਿਦਿਆ ਦੀ ਨੀਂਦ ਵਿੱਚ ਘੂਕ ਸੁੱਤਾ ਹੋਇਆ ਮਨ ਵੀ, ਜਾਗ੍ਰਤ ਅਵਸਥਾ ਵਿੱਚ ਆ ਜਾਂਦਾ ਹੈ। ਜਦੋਂ ਮਨ ਸੁਚੇਤ ਹੋ ਗਿਆ ਫਿਰ ਆਪਣੀ ਅੰਸ਼ ਪ੍ਰਭੂ ਜੀ ਚੰਗੇ ਮਿੱਠੇ ਲੱਗਣ ਲੱਗ ਜਾਂਦੇ ਹਨ। ਕੈਸੀ ਕਮਾਲ ਸ਼ਕਤੀ ਹੈ ਸਤਸੰਗਤ ਵਿੱਚ:—

ਸਾਧਸੰਗਿ ਮਨ ਸੋਵਤ ਜਾਗੇ॥
ਤਬ ਪ੍ਰਭ ਨਾਨਕ ਮੀਠੇ ਲਾਗੇ॥੪॥

ਆਸਾ ਮ: ੫ (ਪੰਨਾ : ੩੯੬)

ਕੈਸੀ ਹੈ ਸਤਿ ਸੰਗਤ ਦੀ ਬਰਕਤ, ਜਿਸਨੂੰ ਸ੍ਰੀ ਗੁਰੂ ਰਾਮ ਦਾਸ ਜੀ ਨੇ ਧੰਨੁ ਧੰਨੁ ਗੁਰਬਾਣੀ ਵਿੱਚ ਲਿਖਿਆ ਹੈ। ਸਤ ਸੰਗਤ ਧੰਨ ਹੈ, ਸਤਿ ਸੰਗਤ ਧੰਨ ਹੈ, ਜਿਸ ਦੇ

ਸਦਕਾ ਮਨ ਪਵਿੱਤਰ ਹੋ ਕੇ ਹਿਰਦੇ ਵਿੱਚੋਂ ਨਾਮ ਦਾ ਰਸ ਪ੍ਰਾਪਤ ਹੋਣ ਲੱਗ ਜਾਂਦਾ ਹੈ। ਹਿਰਦਾ ਨੂਰੀ ਪ੍ਰਕਾਸ਼ ਨਾਲ ਜਗਮਗਾ ਉਠਦਾ ਹੈ :—

ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ
ਮਿਲਿ ਜਨ ਨਾਨਕ ਨਾਮੁ ਪਰਗਾਸਿ॥ ੪॥ ੪॥

ਰਾਗ ਗੂਜਰੀ ਮ: ੪ (ਪੰਨਾ : ੧੦)

ਸਾਧ ਸੰਗਤ ਦੀ ਬਦੌਲਤ ਗਨਕਾ ਵਰਗੀਆਂ ਪਲੀਤ ਆਤਮਾਵਾਂ ਵੀ ਪਵਿੱਤਰ ਹੋ ਕੇ ਬੈਕੁੰਠ ਵਾਸੀ ਹੋ ਸਕਦੀਆਂ ਹਨ। ਇਸ ਲਈ ਸਤ ਸੰਗਤ ਦਾ ਦਰਜਾ ਬਹੁਤ ਉੱਚਾ ਹੈ :—

ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ॥

ਨਟ ਮ: ੪ (ਪੰਨਾ : ੯੮੧)

ਸਤ ਸੰਗਤ ਦੀ ਮਹਿਮਾ ਅਪਰ ਅਪਾਰ ਹੈ। ਹਰ ਮਨੁੱਖ ਨੂੰ ਆਪਣੇ ਭਲੇ ਦੀ ਖਾਤਰ, ਸਤ ਸੰਗਤ ਜਰੂਰ ਕਰਨੀ ਚਾਹੀਦੀ ਹੈ।

ਪਹਿਲੇ-ਪਹਿਲੇ ਸਤ ਸੰਗਤ ਵਿੱਚ ਜਾਣ ਤੋਂ ਮਨ ਝਿਜਕਦਾ ਹੈ ਕਿਉਂਕਿ ਬੁੱਧੀ ਮੈਲੇ ਸੰਸਕਾਰਾਂ ਦੇ ਕਾਰਣ ਮਲੀਨ ਹੈ, ਜਿਵੇਂ ਕਿਸੇ ਬੈਲ ਗੱਡੀ ਉਪਰ ਬਹੁਤਾ ਭਾਰ ਰੱਖ ਦੇਈਏ ਉਸ ਦੇ ਭਾਰ ਕਾਰਣ ਗੱਡੀ ਹੌਲੇ-ਹੌਲੇ ਚਲਦੀ ਹੈ। ਉਸਨੂੰ ਤੇਜ ਚਲਾਉਣ ਵਾਸਤੇ ਪਸ਼ੂ ਨੂੰ ਸੋਟੀ ਮਾਰ ਕੇ ਤੇਜ਼ ਤੋਰੀਦਾ ਹੈ। ਇਸੇ ਤਰਾਂ ਬਾਬਾ ਨਾਮ ਦੇਵ ਜੀ ਫੁਰਮਾਨ ਕਰਦੇ ਹਨ ਕਿ ਮਲੀਨ ਸੰਸਕਾਰਾਂ ਕਾਰਣ ਕਾਇਆਂ ਪਾਪਾਂ ਦੇ ਬੋਝ ਨਾਲ ਬੋਝਲ ਹੈ ਜਿਸ ਸਦਕਾ ਇਹ ਸਤ ਸੰਗਤ ਸਰੋਵਰ ਵਲ ਸਹਿਜੇ-ਸਹਿਜੇ ਚਲਦੀ ਹੈ।

ਗੁਰੂ ਮਿਹਰ ਨਾਲ ਉਤਸ਼ਾਹ ਰੂਪੀ ਤਿਨਕਾ (ਸੋਟਾ) ਇਸ ਨੂੰ ਮਾਰਦੇ ਰਹਿਣਾ ਚਾਹੀਦਾ ਹੈ।

ਜਿਵੇਂ ਧੋਬਣ, ਮੈਲੇ ਕੱਪੜਿਆਂ ਦਾ ਭਾਰ ਗੱਡੀ ਉੱਪਰ ਰੱਖ ਕੇ ਧੋਬੀ ਘਾਟ ਤੇ ਲੈ ਜਾਂਦੀ ਹੈ। ਉੱਥੇ ਧੋਬੀ ਘਾਟ ਤੇ ਉਸਦਾ ਮਾਲਕ ਧੋਬੀ, ਧੋਬਣ ਪਾਸੋਂ ਕੱਪੜੇ ਲੈ ਕੇ ਆਪ ਹੀ ਧੋ ਕੇ ਸਾਫ ਕਰਕੇ ਉਸਨੂੰ ਵਾਪਸ ਦੇ ਦਿੰਦਾ ਹੈ।

ਇਸੇ ਤਰਾਂ, ਸਤ ਸੰਗਤ ਰੂਪੀ ਸਰੋਵਰ ਉੱਤੇ ਜੀਵ ਇਸਤ੍ਰੀ ਜਦੋਂ ਆਪਣੀ ਮੈਲੀ ਮੱਤ ਨੂੰ ਧੋਣ ਲਈ ਲੈ ਜਾਂਦੀ ਹੈ। ਉੱਥੇ ਸਤਿ ਸੰਗਤ ਵਿੱਚ ਸਾਡਾ ਮਾਲਕ ਪ੍ਰਭੂ ਪ੍ਰਮੇਸ਼ਰ ਪ੍ਰਤੱਖ ਵਰਤ ਕੇ ਜੀਵ ਇਸਤਰੀਆਂ ਦੇ ਮਨਾਂ ਦੀ ਮੈਲ ਧੋ ਦਿੰਦਾ ਹੈ ਅਤੇ ਪ੍ਰਭੂ ਪਿਆਰ ਦੀ ਰੰਗਣ ਵਿੱਚ ਰੰਗ ਦਿੰਦਾ ਹੈ। ਬਾਬਾ ਨਾਮ ਦੇਵ ਜੀ ਫੁਰਮਾਨ ਕਰਦੇ ਹਨ

ਕਿ ਉਸ ਮਾਲਕ ਪ੍ਰਭੂ ਨੇ ਜੋ ਹਰ ਜਗਹ ਤੇ ਰਮਿਆ ਹੋਇਆ ਹੈ, ਮੇਰੇ ਉੱਪਰ ਵੀ ਮਿਹਰ ਕਰਕੇ ਮੇਰੇ ਮਨ ਨੂੰ ਧੋ ਕੇ, ਪ੍ਰਭੂ ਪਿਆਰ ਵਿੱਚ ਰੰਗ ਦਿੱਤਾ ਹੈ। ਹੁਣ ਮੇਰਾ ਮਨ ਹਰ ਸਮੇਂ ਨਾਮ ਰੰਗ ਵਿੱਚ ਰਤਿਆ ਰਹਿੰਦਾ ਹੈ। ਕੈਸਾ ਅਲੰਕਾਰ ਦੱਸ ਕੇ ਬਾਬਾ ਨਾਮ ਦੇਵ ਜੀ ਨੇ ਸਤ ਸੰਗਤ ਵਿੱਚ ਜਾਣ ਵਾਸਤੇ ਉਤਸ਼ਾਹਤ ਕੀਤਾ ਹੈ ਅਤੇ ਪ੍ਰੇਰਨਾ ਜਿੱਤੀ ਹੈ ਕਿ ਜੇ ਪਹਿਲੇ ਸਤ ਸੰਗਤ ਵਿੱਚ ਜਾਣ ਤੋਂ ਮਨ ਹਿਚਕਿਚਾਉਂਦਾ ਹੈ ਤਾਂ ਉਤਸ਼ਾਹ ਦੀ ਸੋਟੀ ਨਾਲ ਇਸਨੂੰ ਤੋਰੀ ਰੱਖਣਾ ਚਾਹੀਦਾ ਹੈ। ਜਦੋਂ ਜੀਵ ਸਤਸੰਗਤ ਦੇ ਸਰੋਵਰ ਤੇ ਪੁੱਜ ਗਿਆ ਫਿਰ ਗੁਰੂ ਧੋਬੀ ਨੇ ਮਿਹਰ ਕਰਕੇ ਮਾੜੇ ਸੰਸਕਾਰ, ਮਨ ਤੋਂ ਧੋ ਹੀ ਦੇਣੇ ਹਨ। ਕੈਸਾ ਪਿਆਰਾ ਬਚਨ ਹੈ ਬਾਬਾ ਨਾਮਦੇਵ ਜੀ ਦਾ :—

ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ॥
ਪੀਛੈ ਤਿਨਕਾ ਲੈ ਕਰਿ ਹਾਂਕਤੀ॥ ੧॥
ਜੈਸੇ ਪਨਕਤ ਥ੍ਰੂਟਿਟਿ ਹਾਂਕਤੀ॥
ਸਰਿ ਧੋਵਨ ਚਾਲੀ ਲਾਡੁਲੀ॥ ੧॥ ਰਹਾਉ॥
ਧੋਬੀ ਧੋਵੈ ਬਿਰਹ ਬਿਰਾਤਾ॥
ਹਰਿ ਚਰਨ ਮੇਰਾ ਮਨੁ ਰਾਤਾ॥ ੨॥
ਭਣਤਿ ਨਾਮਦੇਉ ਰਮਿ ਰਹਿਆ॥
ਅਪਨੇ ਭਗਤ ਪਰ ਕਰਿ ਦਇਆ॥ ੩॥ ੩।

ਨਾਮਦੇਵ ਜੀ (ਪੰਨਾ : ੧੧੯੬)

ਕੁਸੰਗਤ ਤੋਂ ਬਚਣ ਦੀ ਤਾਕੀਦ

ਜਿਥੇ ਸਤਿਗੁਰੂ ਜੀ ਨੇ, ਮਨ ਦੀ ਪਵਿੱਤ੍ਰਤਾ ਕਰਨ ਲਈ ਸਤ-ਸੰਗਤ ਕਰਨ ਦੀ ਬਾਰੰਬਾਰ ਤਾਕੀਦ ਕੀਤੀ ਹੈ, ਉੱਥੇ ਬੁਰੇ ਵਿਚਾਰਾਂ ਦੇ ਮਨ ਉੱਪਰ ਪੈਣ ਵਾਲੇ ਪ੍ਰਭਾਵ ਤੋਂ ਬਚਣ ਲਈ, ਕੁਸੰਗਤ ਦਾ ਤਿਆਗ ਵੀ ਉਸ ਤੋਂ ਵਧ ਜ਼ਰੂਰੀ ਦਰਸਾਇਆ ਹੈ।

ਮਨ ਸਤਸੰਗ ਵਿੱਚੋਂ ਚੰਗੇ ਵੀਚਾਰਾਂ ਦੇ ਪ੍ਰਭਾਵ ਤਾਂ ਸਹਿਜੇ-ਸਹਿਜੇ ਕਬੂਲਦਾ ਹੈ, ਪਰ ਕੁਸੰਗਤ ਦਾ ਅਸਰ, ਮਨ ਤੇ ਬਹੁਤ ਛੇਤੀ ਹੁੰਦਾ ਹੈ। ਕੋਈ ਮਨੁੱਖ ਇੱਕ ਮਹੀਨਾ ਲਗਾਤਾਰ ਸਤ ਸੰਗਤ ਕਰਦਾ ਰਹੇ। ਸਤਿ ਸੰਗਤ ਦੁਆਰਾ ਮਨ ਦੇ ਬਣੇ ਚੰਗੇ ਸੰਸਕਾਰ ਇੱਕ ਦਿਨ ਦੀ ਕੀਤੀ ਕੁਸੰਗਤ ਹੂੰਝ ਕੇ ਬਾਹਰ ਕੱਢ ਦਿੰਦੀ ਹੈ।

ਇਸੇ ਕਰਕੇ ਹੀ ਸਤਿਗੁਰੂ ਜੀ ਅਤੇ ਭਗਤਾਂ ਨੇ ਹਮੇਸ਼ਾਂ ਖੋਟੀ ਸੰਗਤ ਤੋਂ ਬਚ ਕੇ ਰਹਿਣ ਦੀ ਤਾਕੀਦ ਕੀਤੀ ਹੈ ਅਤੇ ਪ੍ਰੇਰਨਾ ਦਿੱਤੀ ਹੈ ਕਿ ਸਤਪੁਰਖਾਂ ਦੀ ਸੰਗਤ ਹਮੇਸ਼ਾਂ ਕਰਨੀ ਚਾਹੀਦੀ ਹੈ ਜਿਹੜੀ ਕਿ ਅੰਤ ਸਮੇਂ ਵੀ ਜੀਵ ਆਤਮਾਂ ਦਾ ਸਾਥ ਦਿੰਦੀ ਹੈ। ਸ਼ਾਕਤ ਪੁਰਸ਼ ਦਾ ਕਦੇ ਵੀ ਸੰਗ ਨਹੀਂ ਕਰਨਾ ਚਾਹੀਦਾ ਕਿਉਂਕਿ ਸਾਕਤ ਦੀ ਕੁਸੰਗਤ ਆਤਮਿਕ ਜੀਵਨ ਦਾ ਨਾਸ਼ ਕਰ ਦਿੰਦੀ ਹੈ :—

ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥
ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ ॥ ੯੩ ॥

ਸਲੋਕ ਕਬੀਰ ਜੀ (ਪੰਨਾ : ੧੩੬੯)

ਬਾਬਾ ਕਬੀਰ ਜੀ ਇੱਕ ਸੌ ਇੱਕਤੀਵੇਂ ਸਲੋਕ ਵਿੱਚ, ਮੁੜ ਦੁਵਾਰਾ ਪ੍ਰੇਰਨਾ ਕਰਦੇ ਹਨ ਹੇ ਮਨੁੱਖ! ਰੱਬ ਤੋਂ ਭੁੱਲੇ ਹੋਏ ਬੰਦਿਆਂ ਦੀ ਸੰਗਤ ਨਹੀਂ ਕਰਨੀ ਚਾਹੀਦੀ। ਸਗੋਂ ਸਾਕਤ ਤੋਂ ਦੂਰ ਹੀ ਨੱਸ ਜਾਣਾ ਚਾਹੀਦਾ ਹੈ ਕਿਉਂਕਿ ਮਾੜੀ ਸੰਗਤ ਦਾ ਬਹੁਤ ਛੇਤੀ ਮਨ ਤੇ ਪ੍ਰਭਾਵ ਪੈਂਦਾ ਹੈ। ਅਗਲੀ ਪੰਗਤੀ ਵਿੱਚ ਉਦਾਹਰਣ ਦਿੱਤੀ ਹੈ ਕਿ ਜਿਸ ਤਰ੍ਹਾਂ ਕਾਲਖ ਲੱਗੀ ਵਾਲਾ ਬਰਤਨ, ਕੱਪੜੇ ਨੂੰ ਜਾਂ ਸਰੀਰ ਨੂੰ ਛੂਹ ਜਾਵੇ ਉਹ ਕੱਪੜੇ ਅਤੇ ਸਰੀਰ ਉੱਤੇ ਕਾਲਖ ਦੇ ਦਾਗ ਲਾ ਜਾਂਦਾ ਹੈ। ਇਸੇ ਤਰਾਂ ਭੈੜੇ ਮਨੁੱਖ ਦੀ ਕੁਸੰਗਤ ਮਨ ਦੇ ਅੰਤਸ਼ਕਰਣ ਤੇ ਬੁਰੇ ਪ੍ਰਭਾਵ ਦੇ ਦਾਗ ਲਾ ਦਿੰਦੀ ਹੈ। ਇਸ ਲਈ:—

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥ ੧੩ ॥

ਸਲੋਕ ਕਬੀਰ ਜੀ (ਪੰਨਾ : ੧੩੭੧)

ਬਾਬਾ ਕਬੀਰ ਜੀ, ਕੇਲੇ ਦੀ ਉਦਾਹਰਣ ਦੇ ਕੇ ਸਾਨੂੰ ਸਮਝਾਉਂਦੇ ਹਨ ਕਿ ਵੇਖੋ ਕੇਲੇ ਦੇ ਨਜਦੀਕ ਬੇਰੀ ਦਾ ਦਰਖਤ ਹੋਵੇ। ਜਦੋਂ ਹਵਾ ਨਾਲ ਬੇਰੀ ਦਾ ਦਰਖਤ ਝੂਲਦਾ ਹੈ ਤਾਂ ਬੇਰੀ ਦੇ ਕੰਡੇ ਕੇਲੇ ਦੇ ਪਤਿਆਂ ਨੂੰ ਲੀਰੋ ਲੀਰ ਕਰ ਦਿੰਦੇ ਹਨ। ਇਸੇ ਤਰਾਂ ਸਾਕਤ ਪੁਰਸ਼ ਦਾ ਕੁਸੰਗੀ ਪ੍ਰਭਾਵ ਵੀ ਮਨੁੱਖ ਦੀ ਜਿੰਦਗੀ ਲਈ ਦੁੱਖਦਾਈ ਹੈ। ਬਾਬਾ ਕਬੀਰ ਜੀ ਦਾ ਫੁਰਮਾਨ ਹੈ :—

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥ ੮੮ ॥

ਸਲੋਕ ਕਬੀਰ ਜੀ (ਪੰਨਾ : ੧੩੬੯)

ਤਥਾ :— **ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ ॥**
ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ ॥ ੨੧੧ ॥

ਸਲੋਕ ਕਬੀਰ ਜੀ (ਪੰਨਾ : ੧੩੭੫)

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਕੁਸੰਗਤ ਦੇ ਬੁਰੇ ਪ੍ਰਭਾਵ ਤੋਂ ਸਦਾ ਬਚਣ ਵਾਸਤੇ ਤਾਕੀਦ ਕੀਤੀ ਹੈ ਅਤੇ ਪ੍ਰੇਰਨਾ ਕੀਤੀ ਹੈ। ਹੇ ਮਨ, ਸਾਕਤ ਪੁਰਸ਼ ਦੀ ਸੰਗਤ ਨ ਕਰ, ਉਸ ਨਾਲੋਂ ਪ੍ਰੀਤੀ ਤੋੜ ਲੈ ਕਿਉਂਕਿ ਸਾਕਤ ਝੂਠ ਵਿੱਚ ਫਸਿਆ ਹੋਇਆ ਹੈ, ਉਸ ਦੀ ਪ੍ਰੀਤੀ ਵੀ ਝੂਠੀ ਹੈ। ਹੇ ਮਨ! ਜੇ ਤੂੰ ਸਾਕਤ ਦੀ ਸੰਗਤ ਕਰੇਂਗਾ, ਬੁਰੇ ਖਿਆਲਾਂ ਦੇ ਪ੍ਰਭਾਵ ਤੋਂ ਤੂੰ ਕਦੇ ਵੀ ਬਚ ਨਹੀਂ ਸਕੇਂਗਾ।

ਜਿਵੇਂ ਕੋਈ ਮਕਾਨ ਦਾ ਕਮਰਾ ਕੱਜਲ[1] ਨਾਲ ਭਰਿਆ ਹੋਵੇ, ਜਿਹੜਾ ਮਨੁੱਖ ਵੀ ਉਸ ਵਿੱਚ ਪ੍ਰਵੇਸ਼ ਕਰੇਗਾ, ਉਹ ਅਵੱਸ਼ ਕਾਲਖ ਨਾਲ ਭਰ ਜਾਵੇਗਾ। ਜਿਸ ਪ੍ਰਾਣੀ ਤੇ ਗੁਰੂ ਦੀ ਰਹਿਮਤ ਹੁੰਦੀ ਹੈ, ਉਹ ਮਨੁੱਖ ਸਾਕਤ ਦਾ ਸੰਗ ਕਰਨ ਤੋਂ ਦੂਰ ਭੱਜ ਜਾਂਦਾ ਹੈ ਭਾਵ ਉਹ ਸਾਕਤ ਦੀ ਸੰਗਤ ਨਹੀਂ ਕਰਦਾ।

ਸਾਕਤ ਦੇ ਸੰਗ ਤੋਂ ਬਚਣ ਲਈ ਗੁਰਦੇਵ ਦੇ ਚਰਨਾਂ ਵਿੱਚ ਅਰਦਾਸ ਕਰਨੀ ਚਾਹੀਦੀ ਹੈ। ਹੇ ਗੁਰਦੇਵ ! ਕਿਰਪਾ ਦੇ ਖਜ਼ਾਨੇ, ਮੈਂ ਆਪ ਜੀ ਦੇ ਪਾਸੋਂ ਇੱਕ ਦਾਨ ਮੰਗਦਾ ਹਾਂ, ਕਿਰਪਾ ਕਰਕੇ ਉਹ ਦਾਨ ਮੇਰੀ ਝੋਲੀ ਵਿੱਚ ਪਾਉ, ਮੇਰੀ ਮੰਗ ਹੈ ਕਿ ਮੈਂ ਕਦੇ ਵੀ ਸਾਕਤ ਪੁਰਸ਼ ਦੇ ਮੱਥੇ ਨ ਲੱਗਾਂ, ਮੈਨੂੰ ਕਦੇ ਵੀ ਸਾਕਤ ਦੀ ਕੁਸੰਗਤ ਨ ਪ੍ਰਾਪਤ ਹੋਵੇ। ਮੈਨੂੰ ਦਾਸਾਂ ਦਾ ਦਾਸ ਬਣਾਈ ਰੱਖੋ ਅਤੇ ਮੇਰਾ ਸਿਰ, ਤੁਹਾਡੇ ਪਿਆਰੇ ਸਾਧੂ ਜਨਾਂ ਦੇ ਚਰਨਾਂ ਵਿੱਚ ਰੁਲਦਾ ਰਹੇ।

ਕੁਸੰਗਤ ਵਿੱਚ ਬੈਠਣ ਨਾਲ ਜਿੱਥੇ, ਮਾੜੇ ਵੀਚਾਰਾਂ ਦੇ ਪ੍ਰਭਾਵ ਮਨ ਉੱਤੇ ਚਿਤਰੇ ਜਾਂਦੇ ਹਨ, ਉਥੇ ਕੁਸੰਗਤ ਵਿੱਚੋਂ ਅਨੇਕਾਂ ਐਬ ਤੇ ਵਿਸ਼ੇ ਵਿਕਾਰਾਂ ਦੇ ਰੋਗ ਮਨੁੱਖ ਨੂੰ ਚੰਬੜ ਜਾਂਦੇ ਹਨ। ਸਹਿਬਾਂ ਦਾ ਫੁਰਮਾਨ ਹੈ :—

੧. ਕਾਲਖ

ਉਲਟੀ ਰੇ ਮਨ ਉਲਟੀ ਰੇ॥
ਸਾਕਤ ਸਿਉ ਕਰਿ ਉਲਟੀ ਰੇ॥
ਝੂਠੈ ਕੀ ਰੇ ਝੂਠੁ ਪਰੀਤਿ
ਛੁਟਕੀ ਰੇ ਮਨ ਛੁਟਕੀ ਰੇ
ਸਾਕਤ ਸੰਗਿ ਨ ਛੁਟਕੀ ਰੇ॥ ੧ ॥ ਰਹਾਉ॥
ਜਿਉ ਕਾਜਰ ਭਰਿ ਮੰਦਰੁ ਰਾਖਿਓ
ਜੋ ਪੈਸੈ ਕਾਲੂਖੀ ਰੇ॥
ਦੂਰਹੁ ਹੀ ਤੇ ਭਾਗਿ ਗਇਓ ਹੈ
ਜਿਸੁ ਗੁਰ ਮਿਲਿ ਛੁਟਕੀ ਤ੍ਰਿਕੁਟੀ ਰੇ॥ ੨॥
ਮਾਗਉ ਦਾਨੁ ਕ੍ਰਿਪਾਲ ਕ੍ਰਿਪਾ ਨਿਧਿ
ਮੇਰਾ ਮੁਖੁ ਸਾਕਤ ਸੰਗਿ ਨ ਜੁਟਸੀ ਰੇ॥
ਜਨ ਨਾਨਕ ਦਾਸ ਦਾਸ ਕੋ ਕਰੀਅਹੁ
ਮੇਰਾ ਮੂੰਡ ਸਾਧ ਪਗਾ ਹੇਠਿ ਰੁਲਸੀ ਰੇ ॥੩॥੪॥੩੭॥

ਦੇਵਗੰਧਾਰੀ ਮ: ੫ (ਪੰਨਾ : ੫੩੫)

ਗੁਰਮਤ ਦੇ ਮਹਾਨ ਦਾਰਸ਼ਨਿਕ ਭਾਈ ਗੁਰਦਾਸ ਜੀ ਆਪਣੀ ਬਾਣੀ ਵਿਚ ਤਿੰਨ ਉਦਾਹਰਣਾਂ ਦੇ ਕੇ ਸਤਿ ਸੰਗਤ ਅਤੇ ਕੁਸੰਗਤ ਦੇ ਪ੍ਰਭਾਵ ਤੋਂ ਜਾਣੂ ਕਰਵਾ ਕੇ ਸਾਨੂੰ ਕੁਸੰਗਤ ਤੋਂ ਬਚਣ ਲਈ ਪ੍ਰੇਰਤ ਕਰਦੇ ਹਨ।

ਭਾਈ ਗੁਰਦਾਸ ਜੀ ਫ਼ੁਰਮਾਨ ਕਰਦੇ ਹਨ ਕਿ ਹਵਾ ਤਾਂ ਉਹੋ ਹੀ ਹੈ। ਜੇ ਹਵਾ ਦੱਖਣ ਦਿਸ਼ਾ ਵਲੋਂ ਚਲੇ, ਉਸਦੇ ਵਗਣ ਨਾਲ ਬਾਰਸ਼ ਪੈਣ ਲੱਗ ਜਾਂਦੀ, ਪਰ ਦੂਸਰੀ ਦਿਸ਼ਾ ਵਲੋਂ ਹਵਾ ਵਗਣ ਲੱਗ ਜਾਵੇ ਤਾਂ ਵਰ੍ਹਦੇ ਮੀਂਹ ਦੇ ਬੱਦਲਾਂ ਨੂੰ ਉਡਾ ਕੇ ਬਾਰਸ਼ ਬੰਦ ਕਰਵਾ ਦਿੰਦੀ ਹੈ।

ਪਾਣੀ ਮਨੁੱਖ ਨੂੰ ਜੀਵਨ ਦਾਨ ਬਖਸ਼ਦਾ ਹੈ। ਅਰੋਗਤਾ ਪ੍ਰਦਾਨ ਕਰਦਾ ਹੈ, ਪਰ ਜੇ ਉਸੇ ਪਾਣੀ ਵਿੱਚ ਖੋਟੇ ਤੱਤ ਮਿਲ ਜਾਣ, ਉਹੋ ਭਾਰਾ ਪਾਣੀ ਪੀਣ ਨਾਲ ਮਨੁੱਖ ਨੂੰ ਅਨੇਕਾਂ ਰੋਗ ਚੰਬੜ ਜਾਂਦੇ ਹਨ ਅਤੇ ਰੋਗੀ ਦੁੱਖ ਨਾਲ ਕੁਰਲਾਉਂਦਾ ਹੈ।

ਅੱਗ ਘਰ ਦੀ ਰਸੋਈ ਵਿੱਚ ਬਲਦੀ ਹੈ। ਅਨੇਕਾਂ ਤਰਾਂ ਦੀਆਂ ਸਬਜ਼ੀਆਂ, ਭੋਜਨ ਤਿਆਰ ਕਰਨ ਵਿੱਚ ਸਹਾਇਕ ਹੁੰਦੀ ਹੈ। ਪਰ ਉਹੀ ਅੱਗ ਬੇ-ਮਰਯਾਦਾ ਹੋ ਕੇ ਘਰਾਂ ਬਾਰਾਂ ਨੂੰ ਸਾੜ ਕੇ ਤਬਾਹ ਕਰਨ ਦਾ ਸਬੱਬ ਬਣਦੀ ਹੈ।

ਇਸੇ ਤਰਾਂ ਹੀ ਭਲੇ ਪੁਰਸ਼ਾਂ ਦੀ ਸੰਗਤ ਕਰਨ ਨਾਲ ਮਨੁੱਖ ਦਾ ਜੀਵਨ ਸੌਰ ਜਾਂਦਾ ਹੈ। ਮਨੁੱਖ ਜੀਵਨ ਪਦਵੀ ਨੂੰ ਪ੍ਰਾਪਤ ਕਰ ਲੈਂਦਾ ਹੈ। ਪਰ ਦੂਸਰੇ ਪਾਸੇ ਜੇ ਕੁਸੰਗਤ ਮਿਲ ਜਾਵੇ, ਮਨੁੱਖ ਨੂੰ ਅਨੇਕਾਂ ਐਬ ਲੱਗ ਜਾਂਦੇ ਹਨ, ਬੁਰੇ ਕਰਮਾਂ ਦਾ

ਧਾਰਨੀ ਬਣਨ ਸਦਕਾ, ਮਨੁੱਖ ਨਰਕਾਂ ਵਿੱਚ ਦੁੱਖ ਭੋਗਦਾ ਹੈ। ਫੈਸਲਾ ਸਾਡੇ ਹੱਥ ਹੈ ਕਿ ਸਤਿ ਸੰਗਤ ਕਰਕੇ ਗੁਰੂ ਖੁਸ਼ੀ ਨੂੰ ਪ੍ਰਾਪਤ ਕਰਕੇ ਜੀਵਨ ਮੁਕਤੀ ਪ੍ਰਾਪਤ ਕਰਨੀ ਹੈ ਜਾਂ ਕੁਸੰਗਤ ਦੇ ਧਾਰਨੀ ਬਣ ਕੇ ਲੋਕ ਪ੍ਰਲੋਕ ਵਿੱਚ ਦੁੱਖ ਭੋਗਣੇ ਹਨ :—

ਕਾਹੂ ਦਸਾ ਕੈ ਪਵਨ ਗਵਨ ਕੈ ਬਰਖਾ ਹੈ,
ਕਾਹੂ ਦਸਾ ਕੋ ਪਵਨ ਬਾਦਰ ਬਿਲਾਤ ਹੈ॥
ਕਾਹੂ ਜਲ ਪਾਨ ਕੀਏ ਰਹਤ ਅਰੋਗ ਦੇਹੀ,
ਕਾਹੂ ਜਲ ਪਾਨ ਬਿਆਪੇ ਬ੍ਰਿਥਾ ਬਿਲਲਾਤ ਹੈ॥
ਕਾਹੂ ਗ੍ਰਿਹ ਕੀ ਅਗਨਿ ਪਾਕ ਸਾਕ ਸਿਧਿ ਕਰੈ,
ਕਾਹੂ ਗ੍ਰਿਹ ਕੀ ਅਗਨਿ ਭਵਨ ਜਰਾਤ ਹੈ॥
ਕਾਹੂ ਕੀ ਸੰਗਤਿ ਮਿਲਿ ਜੀਵਨ ਮੁਕਤਿ ਹੁਇ,
ਕਾਹੂ ਕੀ ਸੰਗਤਿ ਮਿਲਿ ਜਮਪੁਰਿ ਜਾਤ ਹੈ॥ ੫੪੯॥

(ਕਬਿਤ ਸਵਯੈ ਭਾ: ਗੁਰਦਾਸ ਜੀ)

ਭਾਈ ਗੁਰਦਾਸ ਜੀ ਨੇ ਸੰਗਤ ਦਾ ਪ੍ਰਭਾਵ ਦਰਸਾਉਣ ਵਾਸਤੇ ਦੂਸਰੀ ਵਾਰ ਦੀ ਛੇਵੀਂ ਪਉੜੀ ਵਿੱਚ ਤਾਂਬੇ ਦੀ ਧਾਤ ਦੀ ਉਦਾਹਰਣ ਦਿੱਤੀ ਹੈ।

ਆਪ ਫ਼ੁਰਮਾਨ ਕਰਦੇ ਹਨ ਕਿ ਵੇਖੋ ਤਾਂਬੇ ਦੀ ਧਾਤ ਦਾ ਆਪਣਾ ਮੁੱਲ ਹੈ। ਆਪਣੀ ਵੱਖਰੀ ਹੋਂਦ ਹੈ। ਆਪਣਾ ਵੱਖਰਾ ਰੰਗ ਹੈ। ਉਸ ਦੇ ਗੁਣ ਅਡਰੇ ਹਨ।

ਪਰ ਜਦੋਂ ਇਹੋ ਤਾਂਬਾ ਕਲੀ ਦੀ ਸੰਗਤ ਕਰ ਲਵੇ (ਭਾਵ ਤਾਂਬੇ ਨੂੰ ਕਲੀ ਨਾਲ ਮਿਲਾ ਦਿੱਤਾ ਜਾਵੇ) ਉਹੀ ਤਾਂਬਾ ਕੈਂਹੇ ਦਾ ਰੂਪ ਧਾਰਨ ਕਰ ਲੈਂਦਾ ਹੈ।

ਤਾਂਬਾ ਉਹੋ ਹੀ ਹੈ, ਜਦੋਂ ਤਾਂਬਾ ਜਿਸਤ ਨਾਲ ਮਿਲਾ ਦਿੱਤਾ ਜਾਵੇ, ਤਾਂਬਾ ਤੇ ਜਿਸਤ ਮਿਲ ਕੇ ਪਿੱਤਲ ਬਣ ਜਾਂਦੇ ਹਨ।

ਤਾਂਬਾ ਉਹੋ ਹੀ ਹੈ, ਜਦੋਂ ਤਾਂਬੇ ਨੂੰ ਸਿੱਕੇ ਦੇ ਨਾਲ ਰਲਾ ਦਿੱਤਾ ਜਾਵੇ ਤਾਂਬਾ ਤੇ ਸਿੱਕਾ ਮਿਲ ਕੇ ਭਰਤ ਦਾ ਰੂਪ ਧਾਰਨ ਕਰ ਲੈਂਦੇ ਹਨ।

ਤਾਂਬਾ ਉਹੋ ਹੀ ਹੈ, ਇਸੇ ਤਾਂਬੇ ਦੀ ਧਾਤ ਨੂੰ ਜੇ ਪਾਰਸ ਦੀ ਛੂਹ ਮਿਲ ਜਾਵੇ ਤਾਂਬਾ ਸੋਨੇ ਦਾ ਰੂਪ ਧਾਰਨ ਕਰ ਲੈਂਦਾ ਹੈ।

ਇਸੇ ਤਾਂਬੇ ਨੂੰ ਅੱਗ ਦੀ ਸੰਗਤ ਮਿਲ ਜਾਵੇ, ਤਾਂਬਾ ਭਸਮ ਹੋ ਕੇ (ਤਮੇਸ਼ਰ) ਦੁਆਈ ਬਣ ਜਾਂਦਾ ਹੈ।

ਭਾਈ ਸਾਹਿਬ ਜੀ ਦਾ ਸਿੱਖਿਆ ਦੇਣ ਦਾ ਢੰਗ ਬੜਾ ਨਿਰਾਲਾ ਹੈ। ਪੰਜ ਉਦਾਹਰਣਾਂ ਦੇ ਕੇ ਅਖੀਰ ਸਿੱਟਾ ਕੱਢਿਆ ਹੈ ਕਿ ਜਿਵੇਂ ਤਾਂਬਾ ਜਿਹੋ ਜਿਹੀ ਧਾਤ ਨਾਲ ਮਿਲਦਾ ਹੈ, ਉਸ ਧਾਤ ਦੇ ਨਾਲ ਮਿਲਣ ਸਦਕਾ ਹੋਰ ਨਵੀਂ ਧਾਤ ਦਾ ਰੂਪ ਧਾਰਨ ਕਰ ਲੈਂਦਾ ਹੈ।

ਇਸੇ ਤਰ੍ਹਾਂ ਮਨੁੱਖ ਨੂੰ ਜਿਹੋ ਜਿਹੀ ਸੰਗਤ ਪ੍ਰਾਪਤ ਹੁੰਦੀ ਹੈ, ਉਸਦੇ ਜੀਵਨ ਦਾ ਉਹੋ ਜਿਹਾ ਵਰਤਾਰਾ ਹੋ ਜਾਂਦਾ ਹੈ। ਜਿਹੋ ਜਿਹਾ ਵਰਤਾਰਾ, ਉਸੇ ਹਿਸਾਬ ਉਸ ਦੀ ਜਿੰਦਗੀ ਦਾ ਮੁੱਲ ਪੈਂਦਾ ਹੈ। ਜੇ ਮਾੜੀ ਕੁਸੰਗਤ ਮਿਲ ਜਾਵੇ, ਜੀਵਨ ਬਰਬਾਦ ਹੋ ਜਾਂਦਾ ਹੈ। ਜੇ ਵੱਡੇ ਭਾਗਾਂ ਨਾਲ ਸ੍ਰੇਸ਼ਟ ਸਤ ਸੰਗਤ ਮਿਲ ਜਾਵੇ, ਮਨੁੱਖ ਪਰਮ ਗਤੀ ਨੂੰ ਪ੍ਰਾਪਤ ਕਰ ਲੈਂਦਾ ਹੈ। ਲੋਕ ਅਤੇ ਪ੍ਰਲੋਕ ਵਿੱਚ ਜਸ ਖੱਟਦਾ ਹੈ। ਭਾਈ ਸਾਹਿਬ ਦਾ ਫੁਰਮਾਨ ਪੜ੍ਹੀਏ, ਸੋਝੀ ਪੈ ਜਾਵੇਗੀ :--

ਸੋਈ ਤਾਂਬਾ ਰੰਗ ਸੰਗਿ ਜਿਉ ਕੈਹਾਂ ਹੋਈ॥
ਸੋਈ ਤਾਂਬਾ ਜਿਸਤ ਮਿਲਿ ਪਿਤਲ ਅਵਲੋਈ॥
ਸੋਈ ਸੀਸੇ ਸੰਗਤੀ ਭੰਗਾਰ ਭੁਲੋਈ॥
ਤਾਂਬਾ ਪਾਰਸਿ ਪਰਸਿਆ ਹੋਇ ਕੰਚਨ ਸੋਈ॥
ਸੋਈ ਤਾਂਬਾ ਭਸਮ ਹੋਇ ਅਉਖਧ ਕਰਿ ਭੋਈ॥
ਆਪੇ ਆਪਿ ਵਰੱਤਦਾ ਸੰਗਤਿ ਗੁਣ ਗੋਈ॥ ੬॥

(ਵਾਰ ੨ ਪਉੜੀ ੬)

ਭਾਈ ਗੁਰਦਾਸ ਜੀ ਨੇ, ਇੱਕ ਹੋਰ ਸਵੱਯੇ ਵਿੱਚ ਪਾਰੇ ਦੀਆਂ ਉਦਾਹਰਣਾਂ ਦੇ ਕੇ ਪ੍ਰੇਰਨਾ ਦਿੱਤੀ ਹੈ ਕਿ ਮਨੁੱਖ ਨੂੰ ਹਮੇਸ਼ਾਂ ਸ੍ਰੇਸ਼ਟ ਸੰਗਤ ਕਰ ਕੇ ਜੀਵਨ ਨੂੰ ਉਚੇਰਾ ਬਨਾਉਣਾ ਚਾਹੀਦਾ ਹੈ। ਖੋਟੀ, ਭੈੜੀ ਕੁਸੰਗਤ ਵਿੱਚੋਂ ਹਮੇਸ਼ਾਂ ਦੁੱਖ ਅਤੇ ਪ੍ਰੇਸ਼ਾਨੀਆਂ ਹੀ ਪੱਲੇ ਪੈਂਦੀਆਂ ਹਨ।

ਕੱਚਾ ਪਾਰਾ ਮਨੁੱਖ ਖਾ ਲਵੇ, ਅਨੇਕ ਤਰ੍ਹਾਂ ਦੇ ਰੋਗ ਸਰੀਰ ਵਿੱਚ ਉਤਪਨ ਹੋ ਜਾਂਦੇ ਹਨ। ਉਸੇ ਪਾਰੇ ਨੂੰ ਸ਼ੁੱਧ ਕਰਕੇ ਜਦੋਂ ਉਸਦੀ ਦੁਆਈ ਬਣ ਜਾਂਦੀ ਹੈ ਤਾਂ ਸ਼ੁੱਧ ਪਾਰਾ ਖਾਧਿਆਂ ਅਨੇਕਾਂ ਲਾ-ਇਲਾਜ ਬਿਮਾਰੀਆਂ ਦੂਰ ਹੋ ਜਾਂਦੀਆਂ ਹਨ।

ਜਿਵੇਂ ਪਾਰੇ ਦੇ ਘੋਲ ਵਿੱਚ ਸੋਨਾ ਉੱਡ ਜਾਂਦਾ ਹੈ, ਉਸੇ ਰਸਾਇਣ ਰੂਪ ਪਾਰੇ ਨਾਲ ਮਿਲ ਕੇ ਤਾਂਬਾ ਸੋਨੇ ਦਾ ਰੂਪ ਧਾਰ ਲੈਂਦਾ ਹੈ।

ਪਾਰਾ ਇੰਨਾ ਚਲਾਇਮਾਨ ਹੈ ਕਿ ਉਸਨੂੰ ਹੱਥਾਂ ਨਾਲ ਫੜਿਆ ਨਹੀਂ ਜਾ ਸਕਦਾ। ਪਰ ਉਸੇ ਪਾਰੇ ਨੂੰ ਵਿਧੀ ਨਾਲ ਗੋਲੀ ਦਾ ਰੂਪ ਬਣਾ ਲਿਆ ਜਾਵੇ, ਉਸਨੂੰ ਸਿੱਧ ਲੋਕ ਵੀ ਸਤਿਕਾਰ ਨਾਲ ਕੋਲ ਰੱਖਦੇ ਹਨ ਕਿਉਂਕਿ ਸਰੀਰ ਨੂੰ ਬਹੁਤ ਤਾਕਤ ਦਿੰਦਾ ਹੈ।

ਪ੍ਰਮੇਸ਼ਰ ਨੇ ਸਾਨੂੰ ਸੁਹਣਾ ਮਨੁੱਖਾ ਜਨਮ ਦਿੱਤਾ ਹੈ। ਇਸ ਮਨੁੱਖਾ ਜਨਮ ਵਿੱਚ ਜਿਹੋ ਜਿਹੀ ਮਨੁੱਖ ਸੰਗਤ ਕਰਦਾ ਹੈ, ਉਹੋ ਜਿਹੀ ਉਸਨੂੰ ਪਦਵੀ ਮਿਲ ਜਾਂਦੀ ਹੈ। ਸਤਿਗੁਰੂ ਦੀ ਸੰਗਤ ਕਰਨ ਨਾਲ ਮਨੁੱਖ ਪ੍ਰਮਾਤਮਾ ਦਾ ਰੂਪ ਬਣ ਜਾਂਦਾ। ਪਰ ਕੁਸੰਗਤ ਕਰਨ ਨਾਲ ਲੋਕਾਂ ਵਿੱਚ ਵੀ ਫਿਟਕਾਰਾਂ ਅਤੇ ਦੁੱਖ ਪ੍ਰਾਪਤ ਹੁੰਦੇ ਹਨ। ਪਰਲੋਕ ਵਿੱਚ ਵੀ ਲਾਹਣਤਾਂ ਅਤੇ ਨਰਕਾਂ ਵਿੱਚ ਨਿਵਾਸ ਮਿਲਦਾ ਹੈ :—

ਸੋਈ ਪਾਰੋ ਖਾਤ ਗਾਤਿ ਬਿਬਿਧਿ ਬਿਕਾਰ ਹੋਤ
ਸੋਈ ਪਾਰੋ ਖਾਤ ਗਾਤ ਹੋਤ ਉਪਚਾਰ ਹੈ॥
ਸੋਈ ਪਾਰੋ ਪਰਸਤ ਕੰਚਨਹਿ ਸੋਖ ਲੇਤ
ਸੋਈ ਪਾਰੋ ਪਰਸ ਤਾਂਬੋ ਕਨਿਕ ਧਾਰਿ ਹੈ॥
ਸੋਈ ਪਾਰੋ ਅਗਹੁ ਨ ਹਾਥਨ ਕੈ ਗਹਿਓ ਜਾਇ,
ਸੋ ਪਾਰੋ ਗੁਟਕਾ ਹੋਇ ਸਿਧ ਨਮਸਕਾਰ ਹੈ॥
ਮਾਨਸ ਜਨਮ ਪਾਇ ਜੈਸੀਐ ਸੰਗਤਿ ਮਿਲੈ,
ਤੈਸੀ ਪਾਵੈ ਪਦਵੀ ਪ੍ਰਾਪਤ ਅਧਿਕਾਰ ਹੈ॥ ੪੬੯॥

(ਕਬਿਤ ਸਵਯੇ ਭਾਈ ਗੁਰਦਾਸ ਜੀ)

ਸਾਰੀ ਗੁਰਬਾਣੀ ਵਿੱਚ, ਸਤਿਗੁਰਾਂ, ਭਗਤਾਂ ਨੇ ਸਾਨੂੰ ਕੁਸੰਗਤ ਤੋਂ ਹਮੇਸ਼ਾਂ-ਹਮੇਸ਼ਾਂ ਬਚਣ ਵਾਸਤੇ ਪ੍ਰੇਰਨਾ ਦਿੱਤੀ ਹੈ। ਇਸ ਮਨੁੱਖਾ ਜਨਮ ਵਿੱਚ ਆਪਾਂ ਆਪਣੇ ਮਨ ਉੱਤੋਂ ਜਨਮਾਂ-ਜਨਮਾਂ ਦੀ ਮਲੀਨਤਾਈ, (ਨਾਮ ਜਪ ਕੇ, ਸਤਸੰਗਤ ਕਰਕੇ, ਗੁਰੂ ਚਾਲੀ ਦੇ ਧਾਰਨੀ ਬਣਕੇ), ਉਤਾਰ ਕੇ ਪ੍ਰਭੂ ਨਾਲ ਅਭੇਦ ਹੋਣਾ ਹੈ।

ਜੇ ਅਸੀਂ, ਬਦ-ਕਿਸਮਤੀ ਨਾਲ ਸਾਕਤ ਪੁਰਸ਼ਾਂ ਦੀ ਸੰਗਤ ਵਿੱਚ ਜਾਵਾਂਗੇ ਪਹਿਲੇ ਜਨਮਾਂ ਦੇ ਸੰਸਕਾਰਾਂ ਦੀ ਮਲੀਨਤਾਈ ਤਾਂ ਕੀ ਉਤਰਨੀ ਹੈ, ਸਗੋਂ ਮਾੜੇ ਵੀਚਾਰਾਂ ਤੇ ਐਬ ਕਰਮਾਂ ਦੀ ਮਲੀਨਤਾਈ ਦੇ ਵਖੇਪ ਸਾਡੀ ਆਤਮਾਂ ਤੇ ਹੋਰ ਚੜ੍ਹ ਜਾਣਗੇ। ਆਤਮਾਂ ਦੀ ਮਲੀਨਤਾਈ "**ਜੰਮਿ ਜੰਮਿ ਮਰੈ ਮਰੈ ਫਿਰਿ ਜੰਮੈ॥ ਬਹੁਤੁ ਸਜਾਇ ਪਇਆ ਦੇਸਿ ਲੰਮੈ॥**" ਦਾ ਚੱਕਰ ਬੰਨ ਦੇਵੇਗੀ।

ਗੁਰਮੁਖ ਮਨ ਨੂੰ ਮਾਰਦਾ ਨਹੀਂ, ਸੰਵਾਰਦਾ ਹੈ

ਗੁਰਮੁਖ ਮਨ ਨੂੰ ਮਾਰਦਾ ਨਹੀਂ, ਗੁਰਮੁਖ ਮਨ ਨੂੰ ਗੁਰੂ ਅਰਪਣ ਕਰਕੇ, ਉਸਦੇ ਇਵਜ਼ਾਨੇ ਵਿੱਚ ਰਾਮ ਪ੍ਰਾਪਤ ਕਰਦਾ ਹੈ। ਉਹ ਰਾਮ ਜਿਹੜਾ ਸੋਨੇ, ਚਾਂਦੀ, ਹੀਰੇ, ਜਵਾਹਰਾਤਾਂ ਦਾ ਮੁੱਲ ਤਾਰ ਕੇ ਵੀ ਨਹੀਂ ਪ੍ਰਾਪਤ ਹੁੰਦਾ, ਉਸਨੂੰ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ। ਬਾ: ਕਬੀਰ ਜੀ ਦਾ ਬਚਨ ਹੈ :—

ਕੰਚਨ ਸਿਉ ਪਾਈਐ ਨਹੀ ਤੋਲਿ॥
ਮਨੁ ਦੇ ਰਾਮੁ ਲੀਆ ਹੈ ਮੋਲਿ॥ ੧॥

ਗਉੜੀ ਕਬੀਰ ਜੀ (ਪੰਨਾ : ੩੨੭)

ਮਨ ਦੇ ਦਿੱਤਾ, ਰਾਮ ਲੈ ਲਿਆ। ਮਨ ਕੋਈ ਸਥੂਲ ਚੀਜ ਤਾਂ ਹੈ ਨਹੀਂ ਜਿਸਨੂੰ ਸਰੀਰ ਵਿੱਚੋਂ ਕੱਢ ਕੇ ਗੁਰੂ ਅੱਗੇ ਧਰ ਦਿੱਤਾ। ਜਿਵੇਂ ਪਹਿਲਾਂ ਮਨ ਪ੍ਰਤੀ ਵੀਚਾਰ ਕਰ ਚੁੱਕੇ ਹਾਂ ਕਿ ਮਨ ਸੰਕਲਪਾਂ, ਵਿਕਲਪਾਂ, ਵੀਚਾਰਾਂ ਫੁਰਨਿਆਂ ਦਾ ਸੰਗ੍ਰਹਿ ਹੈ। ਜਦੋਂ ਸਾਰੇ ਸੰਕਲਪ, ਵਿਕਲਪ, ਫੁਰਨੇ ਗੁਰੂ ਦੇ ਚਰਨਾਂ ਵਿੱਚ ਅਰਪਨ ਕਰ ਦਿੱਤੇ, ਸਾਡਾ ਅੰਤਸ਼ਕਰਣ ਖਾਲੀ ਹੋ ਗਿਆ, ਇਸ ਦੇ ਇਵਜ਼ਾਨੇ ਵਿੱਚ ਗੁਰੂ ਨੇ ਸਾਡੇ ਹਿਰਦੇ ਵਿੱਚ ਰਾਮ ਪ੍ਰਗਟ ਕਰ ਦਿੱਤਾ। ਫਿਰ ਰਾਮ ਦੇ ਪ੍ਰਗਟ ਹੋਣ ਨਾਲ ਕੀ ਹੋਇਆ ?

ਰਾਮ ਦੇ ਪ੍ਰਗਟ ਹੋਣ ਨਾਲ ਰਾਮ ਮੈਨੂੰ ਆਪਣਾ ਲੱਗਣ ਲੱਗ ਪਿਆ, ਮੇਰਾ ਮਨ ਸੁਭਾਵਕ ਹੀ ਰਾਮ ਤੇ ਪਤੀਜ ਗਿਆ। ਉਹ ਰਾਮ ਜਿਸਦੇ ਗੁਣਾਂ ਦਾ ਬ੍ਰਹਮਾ ਵਰਗਿਆਂ ਨੇ, ਕਥਨ ਕਰਕੇ ਅੰਤ ਨਹੀਂ ਪਾਇਆ। ਰਾਮ ਨੂੰ ਪ੍ਰਾਪਤ ਕਰਨ ਲਈ ਮੈਨੂੰ ਜੰਗਲਾਂ ਵਿੱਚ ਨਹੀਂ ਜਾਣਾ ਪਿਆ, ਤੀਰਥਾਂ ਤੇ ਭਰਮਣਾ ਨਹੀਂ ਪਿਆ, ਨਾ ਕੋਈ ਹਠ ਯੋਗ ਦੇ ਸਾਧਨ ਕਰਨੇ ਪਏ, ਘਰ ਬੈਠਿਆਂ ਹੀ, ਮਨ ਦੇ ਕੇ ਉਸ ਨੂੰ ਪ੍ਰਾਪਤ ਕਰ ਲਿਆ:—

ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ॥
ਸਹਜ ਸੁਭਾਇ ਮੇਰਾ ਮਨੁ ਮਾਨਿਆ॥ ੧॥ ਰਹਾਉ॥
ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ॥
ਰਾਮ ਭਗਤਿ ਬੈਠੇ ਘਰਿ ਆਇਆ॥ ੨॥
ਕਹੁ ਕਬੀਰ ਚੰਚਲ ਮਤਿ ਤਿਆਗੀ॥
ਕੇਵਲ ਰਾਮ ਭਗਤਿ ਨਿਜ ਭਾਗੀ॥ ੩॥ ੧॥

ਗਉੜੀ ਕਬੀਰ ਜੀ (ਪੰਨਾ : ੩੨੭)

ਰਾਮ ਨੂੰ ਕਿਵੇਂ ਪ੍ਰਾਪਤ ਕੀਤਾ ? ਮਨ ਨੂੰ ਚੰਚਲ ਕਰਨ ਵਾਲੀ ਮੱਤ ਗੁਰੂ ਚਰਨਾਂ

ਵਿੱਚ ਅਰਪਨ ਕਰ ਦਿੱਤੀ। ਕੈਸਾ ਹੈ ਸਾਡਾ ਗੁਰੂ ਜੋ ਸਾਡੇ, ਸੰਕਲਪਾਂ ਵਿਕਲਪਾਂ ਮਾੜੇ ਫੁਰਨਿਆਂ ਨੂੰ ਆਪ ਲੈ ਲੈਂਦਾ ਹੈ ਅਤੇ ਔਗੁਣਾਂ ਦੇ ਇਵਜ਼ਾਨੇ ਵਿੱਚ ਗੁਣਾਂ ਨਾਲ ਮਾਲੋਮਾਲ ਕਰ ਦਿੰਦਾ ਹੈ। ਭਾਈ ਗੁਰਦਾਸ ਜੀ ਦਾ ਗੁਰੂ ਉਸਤਤ ਵਿੱਚ ਇੱਕ ਸਵੱਯਾ ਹੈ, ਉਸ ਨੂੰ ਵਾਚ ਲਈਏ ਤਾਂ ਸਤਿਗੁਰੂ ਜੀ ਦੇ ਪਰ ਉਪਕਾਰਾਂ ਦੀ ਸੋਝੀ ਪੈ ਜਾਵੇਗੀ।

ਭਾਈ ਸਾਹਿਬ ਫੁਰਮਾਨ ਕਰਦੇ ਹਨ ਕਿ ਸੰਸਾਰ ਦੇ ਦੁਕਾਨਦਾਰਾਂ ਦੀ ਹੱਟੀ ਉੱਪਰ ਜਦੋਂ ਕੋਈ ਸੌਦਾ ਵੇਚਣ ਆਉਂਦਾ, ਉਸਦਾ ਮੁੱਲ ਘਟਾ ਕੇ ਖ੍ਰੀਦਦੇ ਹਨ ਅਤੇ ਆਪਣੀ ਚੀਜ਼ ਦਾ ਮੁੱਲ, ਛਲ, ਕਪਟ ਨਾਲ ਵਧਾ ਕੇ ਵੇਚਦੇ ਹਨ।

ਅਜਿਹੇ ਕਪਟੀ ਦੁਕਾਨਦਾਰਾਂ ਨਾਲ ਵਸਤੂਆਂ ਦਾ ਵਟਾਂਦਰਾ ਕਰਕੇ ਕਿਸੇ ਨੂੰ ਕੋਈ ਨਫਾ ਪ੍ਰਾਪਤ ਨਹੀਂ ਹੋ ਸਕਦਾ, ਹਰੇਕ ਵਪਾਰੀ ਘਾਟੇ ਵਾਲਾ ਸੌਦਾ ਵੇਖ ਕੇ ਪਛਤਾਉਂਦਾ ਹੈ।

ਜਿਵੇਂ ਲੱਕੜ ਦੀ ਹਾਂਡੀ ਇੱਕੋ ਵਾਰੀ ਹੀ ਚੁੱਲੇ ਤੇ ਚੜ੍ਹਦੀ ਹੈ। ਇਸੇ ਤਰਾਂ, ਕਪਟੀ ਬਿਊਹਾਰ, ਆਪ ਹੀ ਆਪਣਾ ਆਪ ਜਣਾ ਦਿੰਦਾ ਹੈ।

ਪਰ ਸੰਸਾਰ ਦੇ ਵਪਾਰੀਆਂ ਦੇ ਉਲਟ, ਸਤਿਗੁਰੂ ਸੱਚਾ ਸ਼ਾਹ ਹੈ। ਗੁਰਸਿੱਖਾਂ ਪਾਸੋਂ ਔਗੁਣ ਆਪ ਲੈ ਲੈਂਦਾ ਹੈ। ਇਹਨਾਂ ਔਗੁਣਾਂ ਦੇ ਬਦਲੇ ਗੁਰਸਿੱਖਾਂ ਨੂੰ ਗੁਣਾਂ ਨਾਲ ਮਾਲਾਮਾਲ ਕਰ ਦਿੰਦਾ ਹੈ। ਇਸ ਲਈ ਗੁਰੂ ਦਾ ਸੁਜੱਸ ਸੁਣਕੇ ਸੰਸਾਰ ਦੀ ਲੋਕਾਈ ਉਹਨਾਂ ਪਾਸ ਨੱਸੀ ਆਉਂਦੀ ਹੈ। ਭਾਈ ਗੁਰਦਾਸ ਜੀ ਦਾ ਫੁਰਮਾਨ ਹੈ :—

ਆਨ ਹਾਟ ਕੇ ਹਟੂਆ ਲੇਤ ਹੈ ਘਟਾਇ ਮੋਲ,
ਦੇਤ ਹੈ ਚੜ੍ਹਾਇ ਡਹਕਤ ਜੋਈ ਆਵੈ ਜੀ॥
ਤਿਨ ਸੈ ਵਣਜ ਕੀਏ ਬਿੜਤਾ ਨ ਪਾਵੈ ਕੋਊ,
ਟੋਟਾ ਕੋ ਬਨਜ ਪੇਖਿ ਪੇਖਿ ਪਛੁਤਾਵੇ ਜੀ॥
ਕਾਠ ਕੀ ਹਾਂਡੀ ਜੈਸੇ ਚਢੈ ਏਕੈ ਬਾਰਿ ਕੋਊ,
ਕਪਟ ਬਿਉਹਾਰ ਕੀਏ ਆਪਹਿ ਲਖਾਵੈ ਜੀ॥
ਸਤਿਗੁਰ ਸਾਹ ਗੁਨ ਬੇਚ ਅਵਗੁਨ ਲੇਤ,
ਸੁਨਿ ਸੁਨਿ ਸੁਜਸ ਜਗਤ ਉਠਿ ਧਾਵੈ ਜੀ॥ ੪੬੧॥

(ਸਵਯੇ ਭਾ: ਗੁਰਦਾਸ ਜੀ)

ਭਾਈ ਗੁਰਦਾਸ ਜੀ ਨੇ ਉਤਲੇ ਸਵੱਯੇ ਦੀ ਪ੍ਰੋੜਤਾ ਵਿੱਚ ਇੱਕ ਪਉੜੀ ਆਪਣੀਆਂ ਵਾਰਾਂ ਵਿੱਚ ਰਚੀ ਹੈ। ਭਾਈ ਗੁਰਦਾਸ ਜੀ ਨੇ ਫੁਰਮਾਨ ਕੀਤਾ ਹੈ, ਹੇ ਭਰਾਵੋ, ਰੱਬੀ ਦਰਗਾਹ ਵਿੱਚ ਸਚਿਆਰ ਹੋਣ ਲਈ ਪ੍ਰਮਾਰਥ ਦਾ ਸੌਦਾ ਕੇਵਲ ਇਕੋ ਸਤਿਗੁਰੂ ਦੀ ਹੱਟੀ ਸਤਸੰਗਤ ਵਿੱਚੋਂ ਹੀ ਮਿਲ ਸਕਦਾ ਹੈ, ਇਸ ਹੱਟੀ ਵਿੱਚ ਸ਼ਾਹੂਕਾਰਾ ਸਤਿਗੁਰੂ

ਦਾ ਚਲਦਾ ਹੈ, ਹੋਰ ਕਿਸੇ ਦਾ ਨਹੀਂ।

ਸਤਿਗੁਰੂ ਬਚਨਾਂ ਦਾ ਸੂਰਮਾਂ ਹੈ। ਜੋ ਗੁਰੂ ਕਹਿੰਦਾ ਹੈ ਉਸ ਕਹੇ ਹੋਏ ਨੂੰ ਪੂਗਾ ਦਿੰਦਾ ਹੈ। ਗੁਰੂ ਜਗਿਆਸੂ ਦੇ ਅਉਗੁਣ ਲੈ ਲੈਂਦਾ ਹੈ ਤੇ ਔਗੁਣਾਂ ਦੇ ਬਦਲੇ ਗੁਣ ਬਖਸ਼ਸ਼ ਕਰ ਦਿੰਦਾ ਹੈ। ਕੈਸਾ ਹੈ ਗੁਰੂ !

ਗੁਰੂ ਵਿੱਚ ਬਰਕਤ ਹੈ, ਉਹ ਸਿੰਬਲ ਰੁੱਖ ਨੂੰ ਵੀ ਸ੍ਰੇਸ਼ਟ ਫਲ ਲਾ ਦਿੰਦਾ ਹੈ, ਮਨੂਰ ਨੂੰ ਵੀ ਸੋਨਾ ਬਣਾ ਦਿੰਦਾ ਹੈ। ਭਾਵ ਜਿਸ ਮਨੁੱਖ ਦਾ ਜੀਵਨ ਸਿੰਬਲ ਅਤੇ ਮਨੂਰ ਵਰਗਾ ਅਫੱਲ ਅਤੇ ਪਾਪ ਕਰਮਾਂ ਨਾਲ ਮਨੂਰ ਵਾਂਗ ਸੜ ਚੁੱਕਾ ਹੈ, ਉਸਨੂੰ ਵੀ ਸ਼ੁਭ ਗੁਣਾਂ ਦੇ ਫਲ ਲਾ ਕੇ ਬੇਸ਼-ਕੀਮਤੀ ਬਣਾ ਦਿੰਦਾ ਹੈ।

ਬਾਂਸ ਦੀ ਨਿਆਈਂ ਸਾਕਤ ਪੁਰਸ਼ਾਂ ਨੂੰ ਵੀ, ਸ਼ੁਭ ਗੁਣਾਂ ਦੀ ਸੁਗੰਧੀ ਨਾਲ ਸੁਗੰਧਤ ਕਰ ਦਿੰਦਾ ਹੈ ਅਤੇ ਕਾਵਾਂ ਵਰਗੇ ਸੁਭਾਵੀ ਪੁਰਸ਼ਾਂ ਨੂੰ ਵੀ ਹੰਸਾ ਵਰਗੇ ਗੁਰਮੁਖ ਬਣਾ ਦਿੰਦਾ ਹੈ।

ਉੱਲੂ ਵਰਗੇ ਅਗਿਆਨੀ ਪੁਰਸ਼ਾਂ ਨੂੰ ਗਿਆਨ ਬਖਸ਼ਸ਼ ਕਰ ਦਿੰਦਾ ਹੈ। ਗੁਣਾਂ ਤੋਂ ਖਾਲੀ ਮਨੁੱਖਾਂ ਨੂੰ ਮੋਤੀ ਚੁਗ[1] ਬਣਾ ਦਿੰਦਾ ਹੈ।

ਇੰਝ ਜਾਨਣਾ ਕਰੋ ਪ੍ਰਭੂ ਪ੍ਰਮੇਸ਼ਰ ਜੋ ਵੇਦ-ਕਤੇਬਾਂ ਦੁਆਰਾ ਵੀ ਪ੍ਰਾਪਤ ਨਹੀਂ ਹੋ ਸਕਦਾ, ਉਹ ਪ੍ਰਭੂ ਗੁਰੂ ਸ਼ਬਦ ਦੀ ਕਮਾਈ ਨਾਲ ਹਾਜ਼ਰ ਪ੍ਰਤੀਤ ਹੋਣ ਲੱਗ ਜਾਂਦਾ ਹੈ। ਕੈਸਾ ਹੈ ਪਰਉਪਕਾਰੀ ਗੁਰੂ :—

ਸਉਦਾ ਇਕਤੁ ਹਟਿ ਹੈ ਸਾਹੂ ਸਤਿਗੁਰ ਪੂਰਾ।
ਅਉਗੁਣ ਲੈ ਗੁਣ ਵਿਕਣੈ ਵਚਨੈ ਦਾ ਸੂਰਾ।
ਸਫਲੁ ਕਰੈ ਸਿੰਮਲੁ ਬਿਰਖੁ ਸੋਵਰਨੁ ਮਨੂਰਾ।
ਵਾਸਿ ਸੁਵਾਸੁ ਨਿਵਾਸੁ ਕਰਿ ਕਾਉ ਹੰਸੁ ਨ ਊਰਾ।
ਘੁਘੂ ਸੁਝ ਸੁਝਾਇਦਾ ਸੰਖ ਮੋਤੀ ਚੂਰਾ।
ਵੇਦ ਕਤੇਬਹੁ ਬਾਹਰਾ ਗੁਰ ਸਬਦਿ ਹਜੂਰਾ ॥੧੨॥

(ਵਾਰ ੧੩ ਪਉੜੀ ੨੧)

ਜਦੋਂ ਆਪਾਂ ਗੁਰਬਾਣੀ ਨੂੰ ਧਿਆਨ ਨਾਲ ਪੜ੍ਹਦੇ ਹਾਂ ਤਾਂ ਸਤਿਗੁਰੂ ਜੀ ਦਾ ਸਿਧਾਂਤ, ਨਿੱਖਰ ਕੇ ਸਾਹਮਣੇ ਆਉਂਦਾ ਹੈ ਕਿ ਪ੍ਰਮਾਤਮਾ ਨੂੰ ਮਿਲਣ ਵਿੱਚ ਮਨ ਵੀ ਤੇ ਮਾਇਆ ਵੀ ਰੁਕਾਵਟ ਹੈ। ਨਾ ਮਨ ਨੇ ਹੀ ਮਰਨਾ ਹੈ, ਨਾ ਮਾਇਆ ਨੇ ਹੀ ਮਰਨਾ ਹੈ।

ਸਤਿਗੁਰੂ ਜੀ ਨੇ ਅਗਵਾਈ ਦਿੱਤੀ ਹੈ ਕਿ ਇਹਨਾਂ ਨੂੰ ਮਾਰਨ ਵਾਲੇ ਪਾਸੇ ਵੀ

---

੧. ਗੈਹਣਿਆਂ ਵਿੱਚੋਂ ਸਰੋਮਣੀ ਗਹਣਾਂ

ਨਹੀਂ ਪੈਣਾ। ਇਹਨਾਂ ਪਾਸੋਂ ਕੰਮ ਲੈਣਾ ਹੈ ਕਿਉਂਕਿ ਮਾਇਆ ਦਾ ਅਤੇ ਮਨ ਦਾ ਪ੍ਰਮੇਸ਼ਰ ਨੇ ਆਪ ਖੇਡ ਰਚਿਆ ਹੈ। ਉਹ ਮਾਲਕ ਆਪ ਹੀ ਜਾਣਦਾ ਹੈ। ਗੁਰੂ ਦੇ ਸ਼ਬਦ ਦੀ ਅਗਵਾਈ ਲੈ ਕੇ ਅਤੇ ਗੁਰੂ ਦੇ ਸ਼ਬਦ ਦੀ ਕਮਾਈ ਕਰਕੇ ਸੰਸਾਰ ਭਵਜਲ ਤੋਂ ਤਰਿਆ ਜਾ ਸਕਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ :—

ਨਾ ਮਨੁ ਮਰੈ ਨ ਮਾਇਆ ਮਰੈ ॥
ਜਿਨਿ ਕਿਛੁ ਕੀਆ ਸੋਈ ਜਾਣੈ ਸਬਦੁ ਵੀਚਾਰਿ ਭਉ ਸਾਗਰੁ ਤਰੈ ॥

(ਪ੍ਰਭਾਤੀ ਮ: ੧, ਪੰਨਾ : ੧੩੪੨)

ਜਿਹਨਾਂ ਨੇ ਘਰ-ਬਾਰ, ਪਰਿਵਾਰ ਨੂੰ ਛੱਡ ਕੇ ਮਾਰੂਥਲਾਂ-ਜੰਗਲਾਂ ਵਿੱਚ ਜਾ ਕੇ ਮਨ ਨੂੰ ਮਾਰਨ ਦਾ ਜਤਨ ਕੀਤਾ, ਉਹ ਮਨ ਨੂੰ ਮਾਰਨ ਵਿੱਚ ਸਫਲ ਨਹੀਂ ਹੋਏ ਕਿਉਂਕਿ ਤਿਆਗਣੇ ਤਾਂ ਮਾੜੇ-ਪਲੀਤ ਵੀਚਾਰ ਸਨ। ਪਰ ਤਿਆਗਿਆ ਉਹਨਾਂ ਨੇ ਸੰਸਾਰ, ਪਰਿਵਾਰ ਤੇ ਘਰ-ਬਾਰ ਛੱਡਣ ਵਾਲੀਆਂ ਵਸਤੂਆਂ ਨਾਲ ਹੀ ਚੁੱਕੀ ਫਿਰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ :—

ਦੇਸੁ ਛੋਡਿ ਪਰਦੇਸਹਿ ਧਾਇਆ ॥
ਪੰਚ ਚੰਡਾਲ ਨਾਲੇ ਲੈ ਆਇਆ ॥

ਪ੍ਰਭਾਤੀ ਮ: ੫ (ਪੰਨਾ ੧੩੪੮)

ਦੇਸ ਤਾਂ ਕੀ ਭਾਵੇਂ ਪ੍ਰਦੇਸਾਂ ਵਿੱਚ ਵੀ ਚਲਾ ਜਾਵੇ ਇਸ ਤਰਾਂ ਕਰਨ ਨਾਲ, ਪੰਜਾਂ ਦੇ ਪਲੀਤ ਫੁਰਨਿਆਂ ਤੋਂ ਬਚਿਆ ਨਹੀਂ ਜਾ ਸਕਦਾ। ਜੇ ਮਨ ਨੂੰ ਵੱਸ ਵਿੱਚ ਕਰਨਾ ਹੈ, ਇਸ ਨੂੰ ਮਾਰਨਾ ਚਾਹੁੰਦੇ ਹੋ ਤਾਂ ਗੁਰੂ ਦੇ ਸ਼ਬਦ ਦੀ ਵੀਚਾਰ ਨਾਲ ਇਸ ਮਨ ਨੂੰ ਮਾਰਿਆ ਜਾ ਸਕਦਾ ਹੈ। ਆਪਣੀ ਮਰਜ਼ੀ ਅਨੁਸਾਰ ਜਿਹੜਾ ਮਨ ਨੂੰ ਮਾਰਨਾ ਚਾਹੁੰਦਾ ਹੈ, ਉਸ ਨੂੰ ਮਨ ਦੇ ਮਾਰਨ ਵਿੱਚ ਸਫਲਤਾ ਨਹੀਂ ਮਿਲਦੀ। ਗੁਰੂ ਦੀ ਸ਼ਰਨ ਵਿਚ ਆ ਕੇ ਗੁਰੂ ਅਗਵਾਈ ਵਿੱਚ ਸ੍ਰੇਸ਼ਟ ਮਨ ਦੇ ਵੀਚਾਰ, ਪਲੀਤ ਮਨ ਦੇ ਵੀਚਾਰਾਂ ਨੂੰ ਮਾਰ ਲੈਂਦੇ ਹਨ। ਇਸ ਤਰ੍ਹਾਂ ਮਨ ਪਵਿੱਤਰ ਹੋ ਜਾਂਦਾ ਹੈ ਅਤੇ ਮੁੜ ਆਵਾਗਵਣ ਦੇ ਚੱਕਰ ਵਿਚ ਨਹੀਂ ਪੈਣਾ ਪੈਂਦਾ। ਸਾਹਿਬਾਂ ਦਾ ਫੁਰਮਾਨ ਹੈ :—

ਮਾਰੂ ਮਾਰਣ ਜੋ ਗਏ ਮਾਰਿ ਨ ਸਕਹਿ ਗਵਾਰ ॥
ਨਾਨਕ ਜੇ ਇਹੁ ਮਾਰੀਐ ਗੁਰ ਸਬਦੀ ਵੀਚਾਰਿ ॥
ਏਹੁ ਮਨੁ ਮਾਰਿਆ ਨਾ ਮਰੈ ਜੇ ਲੋਚੈ ਸਭੁ ਕੋਇ ॥
ਨਾਨਕ ਮਨ ਹੀ ਕਉ ਮਨੁ ਮਾਰਸੀ ਜੇ ਸਤਿਗੁਰੁ ਭੇਟੈ ਸੋਇ ॥

ਮ: ੩ (ਪੰਨਾ ੧੦੮੯)

ਮਨ ਨੂੰ ਨਹੀਂ ਮਾਰਨਾ, ਮਨ ਦੇ ਭੈੜੇ ਵੀਚਾਰਾਂ ਨੂੰ ਮਾਰਨਾ ਹੈ। ਭੈੜੇ ਵੀਚਾਰ ਗੁਰੂ ਦੇ ਸ੍ਰੇਸ਼ਟ ਵੀਚਾਰਾਂ ਨਾਲ ਮਾਰੇ ਜਾ ਸਕਦੇ ਹਨ। ਜਿਹੜਾ ਮਨੁੱਖ ਮਨ ਦੇ ਵਿਕਾਰੀ ਵਿਚਾਰਾਂ ਨੂੰ ਮਾਰ ਲੈਂਦਾ ਹੈ, ਉਹ ਆਪ ਤਰ ਜਾਂਦਾ ਹੈ ਅਤੇ ਹੋਰਨਾਂ ਨੂੰ ਤਾਰਨ ਦਾ ਵਸੀਲਾ ਬਣਦਾ ਹੈ। ਉਸ ਨੂੰ ਮੁੜ ਗਰਭ ਜੂਨਾਂ ਵਿੱਚ ਨਹੀਂ ਆਉਣਾ ਪੈਂਦਾ। ਉਹ ਗੁਰੂ ਪਿਆਰਾ ਆਪ ਪਾਰਸ ਰੂਪ ਬਣ ਜਾਂਦਾ ਹੈ। ਉਸ ਦਾ ਧਿਆਨ ਪਰਮ-ਪ੍ਰਮੇਸ਼ਰ ਨਾਲ ਜੁੜ ਜਾਂਦਾ ਹੈ। ਉਹ ਸੱਚੇ ਵਾਹਿਗੁਰੂ ਜੀ ਨੂੰ ਚੰਗਾ ਲੱਗਣ ਲੱਗ ਜਾਂਦਾ ਹੈ। ਐਸੇ ਗੁਰੂ ਪਿਆਰੇ ਨੂੰ ਸਦੀਵੀਂ ਖੁਸ਼ੀ, ਸਦੀਵੀ ਅਨੰਦ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ। ਉਸ ਦੇ ਦੁੱਖ ਅਤੇ ਪਾਪ ਸਾਰੇ ਖਤਮ ਹੋ ਜਾਂਦੇ ਹਨ। ਗੁਰੂ ਉਸ ਨੂੰ ਸੱਚੇ ਪ੍ਰਭੂ ਦੇ ਦਰਸ਼ਨ ਕਰਵਾ ਦਿੰਦਾ ਹੈ। ਐਸੇ ਗੁਰੂ ਪਿਆਰੇ ਦੇ ਪਵਿੱਤਰ ਮਨ ਨੂੰ ਕਦੇ ਵੀ, ਪਲੀਤ ਵੀਚਾਰਾਂ ਦੀ ਮੈਲ ਨਹੀਂ ਪੋਂਹਦੀ। ਕਿਸ ਦੀ ਬਰਕਤ ਨਾਲ ਇਹੋ ਜਿਹੀ ਅਵਸਥਾ ਪ੍ਰਾਪਤ ਹੋਈ? ਗੁਰੂ ਦੇ ਵੀਚਾਰਾਂ ਦੁਆਰਾ ਪਲੀਤ ਵਿਕਾਰਾਂ ਦੇ ਵੀਚਾਰਾਂ ਨੂੰ ਮਾਰਨ ਨਾਲ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ :—

ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ॥
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ॥
ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ॥

ਧਨਾਸਰੀ ਮ: ੧ (ਪੰਨਾ ੬੮੭)

ਸਰੀਰਕ ਹਠ ਜੋਗ ਦੇ ਕਰਮ ਕਰਨ ਨਾਲ ਸਰੀਰ ਤਾਂ ਕਮਜੋਰ, ਦੁਰਬਲ ਹੋ ਸਕਦਾ ਹੈ, ਪਰ ਮਨ ਦੇ ਵੀਚਾਰਾਂ ਵਿੱਚ ਕੋਈ ਦੁਰਬਲਤਾ ਕਮਜੋਰੀ ਨਹੀਂ ਆਉਂਦੀ। ਸਤਿਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਜੇ ਸੱਪ ਖੁੱਡ ਵਿੱਚ ਹੈ, ਵਰਮੀ ਉੱਤੇ ਜਿੰਨੀਆਂ ਮਰਜੀ ਡਾਂਗਾਂ ਮਾਰੀ ਜਾਵੋ ਸੱਪ ਨੂੰ ਉਹਨਾਂ ਡਾਗਾਂ ਦੀ ਮਾਰ ਦਾ ਕੋਈ ਅਸਰ ਨਹੀਂ ਹੁੰਦਾ। ਸੱਪ ਤਾਂ ਸਹੀ ਸਲਾਮਤ ਖੁੱਡ ਦੇ ਅੰਦਰ ਸੁਰਖਿਅਤ ਹੈ। ਇਸੇ ਤਰ੍ਹਾਂ ਸਰੀਰ ਨੂੰ ਮਾਰਨ ਨਾਲ ਮਨ ਨਹੀਂ ਮਰਦਾ :—

ਵਰਮੀ ਮਾਰੀ ਸਾਪੁ ਨ ਮੂਆ॥

ਪ੍ਰਭਾਤੀ ਮ: ੫ (ਪੰਨਾ ੧੩੪੮)

ਤਥਾ :—**ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ॥**
ਵਰਮੀ ਮਾਰੀ ਸਾਪੁ ਨ ਮਰੈ ਤਿਉ ਨਿਗੁਰੇ ਕਰਮ ਕਮਾਹਿ॥

ਵਡਹੰਸ ਮ: ੪ (ਪੰਨਾ ੫੮੮)

ਤਥਾ :—**ਗੋਵਿੰਦ ਭਜਨ ਕੀ ਮਤਿ ਹੈ ਹੋਰਾ॥**
ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ॥ ੧॥

ਆਸਾ ਮ: ੫ (ਪੰਨਾ ੩੮੧)

ਸੋਰਠ ਰਾਗ ਦੀ ਅਸ਼ਟਪਦੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਤਕਰੀਬਨ ਸਾਰੇ, ਮਨ ਹਠ ਦੇ ਸਾਧਨਾਂ ਦਾ ਜਿਕਰ ਕੀਤਾ ਹੈ। ਸਾਰੇ ਸਾਧਨਾਂ ਦੀ ਗਿਣਤੀ ਕਰਨ ਤੋਂ ਉਪਰੰਤ ਨਾਲ-ਨਾਲ ਹੀ ਸੰਕੇਤ ਦਿੱਤੇ ਹਨ, "ਪਿਆਰੇ ਇਨ ਬਿਧਿ ਮਿਲਣ ਨ ਜਾਈ।" ਇਹਨਾਂ ਸਰੀਰਕ ਕਰਮਕਾਂਡਾ ਦੁਆਰਾ ਪ੍ਰਭੂ ਪ੍ਰਮੇਸ਼ਰ ਦੇ ਦਰ ਦੀ ਪ੍ਰਾਪਤੀ ਨਹੀਂ ਹੋਣੀ। ਹਠ ਜੋਗ ਦੇ ਸਾਧਨਾਂ ਨਾਲ ਮਨ ਪਵਿੱਤਰ ਨਹੀਂ ਹੋਣਾ। ਉਹ ਕਿਹੜੇ ਸਾਧਨ ਹਨ, ਜਿਨ੍ਹਾਂ ਦਾ ਜ਼ਿਕਰ ਸਾਹਿਬਾਂ ਨੇ ਸੋਰਠ ਰਾਗ ਵਿੱਚ ਕੀਤਾ ਹੈ। ਪਾਠ ਪੜ੍ਹਨ ਨਾਲ, ਵੇਦਾਂ ਦੀ ਵੀਚਾਰ ਕਰਨ ਨਾਲ, ਨਿਉਲੀ ਧੋਤੀ ਜੋਗ ਦੇ ਕਰਮ ਕਰਨ ਦੁਆਰਾ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਛੁਟਕਾਰਾ ਨਹੀਂ ਹੋਣਾ। ਸਗੋਂ ਹੋਰ ਹਉਮੈ ਵਧਦੀ ਹੈ।

ਮੋਨ ਧਾਰਨ ਕਰਨ ਨਾਲ, ਹੱਥਾਂ ਨੂੰ ਬਰਤਣ ਬਣਾ ਕੇ ਪ੍ਰਸ਼ਾਦਾ ਛਕਣ ਨਾਲ, ਘਰ ਬਾਰ ਛੱਡ ਕੇ ਜੰਗਲਾਂ ਵਿੱਚ ਚਲੇ ਜਾਣ ਨਾਲ, ਬਸਤ੍ਰਾਂ ਦਾ ਤਿਆਗੀ ਬਣ ਕੇ ਨੰਗੇ ਰਹਿਣ ਨਾਲ, ਤੀਰਥਾਂ ਉਤੇ ਜਾ ਕੇ ਇਸ਼ਨਾਨ ਕਰਨ ਨਾਲ, ਧੂਈਆਂ ਤਾਪਣ, ਪੁੱਠੇ ਲਟਕਣ ਨਾਲ, ਦਿਨ ਰਾਤ ਤੁਰੇ ਰਹਿ ਕੇ ਸਾਰੀ ਧਰਤੀ ਦਾ ਭ੍ਰਮਣ ਕਰਨ ਨਾਲ ਵੀ ਮਨ ਦੀ ਦੁਬਿਧਾ ਖਤਮ ਨਹੀਂ ਹੁੰਦੀ। ਘਰ ਬਾਰ ਛੱਡ ਕੇ, ਤੀਰਥਾਂ ਤੇ ਵਸੇਬਾ ਕਰ ਲੈਣ ਨਾਲ, ਕਾਂਸ਼ੀ ਵਿੱਚ ਜਾ ਕੇ ਕਰਵਤਰ ਆਰੇ ਨਾਲ ਸਰੀਰ ਦੇ ਟੋਟੇ ਕਰਾਉਣ ਨਾਲ, ਮਨ ਉਤੇ ਲੱਗੀ ਹਉਮੈ ਦੀ ਮੈਲ ਦੂਰ ਨਹੀਂ ਹੁੰਦੀ, ਭਾਵੇਂ ਇਹੋ ਜਿਹੇ ਹੋਰ ਲੱਖਾਂ ਔਖੇ ਸਾਧਨ ਕਰ ਲਵੇ।

ਸੋਨੇ ਦਾ ਦਾਨ ਕਰਨ ਨਾਲ, ਹਾਥੀ ਘੋੜਿਆਂ ਦੇ ਦਾਨ ਕਰਨ ਨਾਲ, ਧਨ ਸੰਪਦਾ ਅੰਨ ਬਸਤ੍ਰਾਂ ਦਾ ਦਾਨ ਕਰਨ ਨਾਲ, ਆਪਣੀ ਵਿਆਹੁਤਾ ਇਸਤ੍ਰੀ ਦਾ ਦਾਨ ਕਰਨ ਨਾਲ ਵੀ ਹਰੀ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ।

ਮੂਰਤੀਆਂ ਦੀ ਪੂਜਾ ਕਰਨ ਨਾਲ, ਭੋਗ ਲੁਆਉਣ ਨਾਲ, ਡੰਡਉਤ ਬੰਦਨਾ ਕਰਨ ਨਾਲ, ਸ਼ਾਸਤਰਾਂ ਦੇ ਦੱਸੇ ਅਨੁਸਾਰ ਛੇ ਪ੍ਰਕਾਰ ਦੇ ਕਰਮ ਕਰਨ ਨਾਲ, ਹਉਮੈ ਨਹੀਂ ਘਟਦੀ ਸਗੋਂ ਹੋਰ ਵਧਦੀ ਹੈ। ਜਿਸ ਕਾਰਣ ਪ੍ਰਮੇਸ਼ਰ ਜੀ ਦਾ ਮਿਲਾਪ ਪ੍ਰਾਪਤ ਨਹੀਂ ਹੁੰਦਾ।

ਯੋਗਾ ਸਾਧਨ ਕਰਨ ਨਾਲ ਸਰੀਰ ਤੰਦਰੁਸਤ ਅਤੇ ਉਮਰ ਲੰਬੀ ਤਾਂ ਹੋ ਜਾਂਦੀ ਹੈ, ਪਰ ਆਵਾਗਉਣ ਦਾ ਚੱਕਰ ਖਤਮ ਨਹੀਂ ਹੁੰਦਾ ਅਤੇ ਨਾ ਹੀ ਪ੍ਰਭੂ ਮਿਲਾਪ ਪ੍ਰਾਪਤ ਹੁੰਦਾ ਹੈ।

ਰਾਜ ਭਾਗ ਦੀ ਪ੍ਰਾਪਤੀ ਕਰ ਕੇ ਸੁੰਦਰ ਸੇਜਾ ਉੱਤੇ ਸੌਣ ਨਾਲ, ਮਨ ਭਾਉਂਦੇ ਭੋਗ ਭੋਗਣ ਨਾਲ, ਸੁਹਣੇ ਅਤਰ, ਫੁਲੇਲ, ਚੰਦਨ ਦੀਆਂ ਸੁਗੰਧੀਆਂ ਲਾਉਣ ਨਾਲ, ਮਨ ਭਾਉਂਦੇ ਹੁਕਮ ਚਲਾਉਣ ਨਾਲ ਵੀ ਪ੍ਰਭੂ ਪ੍ਰਾਪਤੀ ਤਾਂ ਕੀ ਹੋਣੀ ਹੈ ਸਗੋਂ, ਆਪ ਹੁਦਰੀਆਂ ਕਰ ਕੇ ਪ੍ਰਭੂ ਭੁੱਲਣ ਸਦਕਾ ਮਨੁੱਖ ਨਰਕਾਂ ਦਾ ਅਧਿਕਾਰੀ ਬਣ ਜਾਂਦਾ ਹੈ।

ਮਨ ਨੂੰ ਕਿਵੇਂ ਸਵਾਰਨਾ ਹੈ? ਅਗਲਾ ਸਵਾਲ ਹੈ ਕਿ ਮਨ ਕਿਵੇਂ ਸਵਾਰਿਆ ਜਾਵੇ ਅਤੇ ਪ੍ਰਭੂ ਪ੍ਰਾਪਤੀ ਕਿਵੇਂ ਹੋਵੇ? ਸਤਿਗੁਰੂ ਜੀ ਨੇ ਮਨ ਨੂੰ ਸਵਾਰਨ ਦੇ ਤਿੰਨ ਸਾਧਨ ਬਖਸ਼ਸ਼ ਕੀਤੇ ਹਨ ਕਿ ਉਹਨਾਂ ਤਿੰਨਾਂ ਸਾਧਨਾਂ ਦੇ ਧਾਰਨੀ ਬਣਨ ਨਾਲ ਪਲੀਤ ਵੀਚਾਰਾਂ ਦਾ ਖਾਤਮਾਂ ਹੋ ਜਾਂਦਾ ਹੈ ਅਤੇ ਪ੍ਰਭੂ ਪ੍ਰਮੇਸ਼ਰ ਜੀ ਦਾ ਮਿਲਾਪ ਪ੍ਰਾਪਤ ਹੋ ਕੇ ਸਦੀਵੀ ਖੁਸ਼ੀ ਖੇੜਾ ਪ੍ਰਾਪਤ ਹੋ ਜਾਂਦਾ ਹੈ। ਪਰ ਇਹ ਦਾਤਾਂ ਬਹੁਤ ਚੰਗੇ ਪੂਰਬਲੇ ਕਰਮਾਂ ਸਦਕਾ ਪ੍ਰਾਪਤ ਹੁੰਦੀਆਂ ਹਨ।

ਪਹਿਲਾ ਹੈ—"ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥" ਆਪਣਾ ਬਲ, ਆਪਣੀ ਚਤੁਰਾਈ, ਆਪਣੀ ਸਿਆਣਪ ਦਾ ਤਿਆਗ ਕਰਕੇ, ਗੁਰੂ ਦੇ ਚਰਨਾਂ ਵਿੱਚ ਨਿਆਸਰੇ ਹੋ ਕੇ, ਆਪਾ ਸਮਰਪਤ ਕਰਕੇ ਅਰਦਾਸ ਕਰਨੀ ਅਤੇ ਅਰਦਾਸ ਵਿੱਚ ਮੰਗਣੀ ਹੈ ਸ੍ਰੇਸ਼ਟ, ਬਿਬੇਕ ਬੁੱਧੀ।

ਦੂਸਰਾ ਹੈ — "ਹਰਿ ਕੀਰਤ", ਹਰੀ ਪ੍ਰਮੇਸ਼ਰ ਜੀ ਦੀ ਸਿਫਤੋ ਸਲਾਹ ਪ੍ਰਭੂ ਪ੍ਰਮੇਸ਼ਰ ਜੀ ਦਾ ਨਾਮ, ਜਿਉਂ ਜਿਉਂ ਪ੍ਰਭੂ ਜੀ ਦੀ ਸਿਫਤੋ ਸਲਾਹ ਕਰਾਂਗੇ, ਗੁਰੂ ਫੁਰਮਾਨ ਦੀ ਕਲਾ **"ਜੈਸਾ ਸੇਵੈ ਤੈਸੋ ਹੋਇ॥"** ਵਰਤਣੀ ਅਰੰਭ ਹੋ ਜਾਵੇਗੀ, ਸਿਫਤੋ ਸਲਾਹ ਕਰਦਿਆਂ-ਕਰਦਿਆਂ ਹਰੀ ਪ੍ਰਮੇਸ਼ਰ ਜੀ ਦੇ ਗੁਣ ਹਿਰਦੇ ਵਿੱਚ ਪ੍ਰਵੇਸ਼ ਹੋਣੇ ਆਰੰਭ ਹੋ ਜਾਣਗੇ, ਇੱਕ ਦਿਨ ਗੁਣ ਗਾਉਂਦਿਆਂ, ਸਿਫਤੋ ਸਲਾਹ, ਕੀਰਤੀ ਕਰਦਿਆਂ **"ਗੁਣ ਕਹਿ ਗੁਣੀ ਸਮਾਵਣਿਆ"** ਦੀ ਅਵਸਥਾ ਪ੍ਰਾਪਤ ਹੋ ਜਾਵੇਗੀ:—

ਤਥਾ :—ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ
ਤੇ ਹਰਿ ਹਰਿ ਰੂਪਿ ਸਮਾਸੀ॥

ਆਸਾ ਮ: ੧ (ਪੰਨਾ ੧੧)

ਮਨ ਨੂੰ ਕਿਵੇਂ ਸੰਵਾਰਨਾ ਹੈ?

ਸਤਸੰਗਤ ਕਰਦਿਆਂ ਮਨ ਵਿਚੋਂ ਮਲੀਨ, ਵਿਕਾਰੀ ਵੀਚਾਰ ਖਤਮ ਹੋਣੇ ਸ਼ੁਰੂ ਹੋ ਜਾਣਗੇ ਅਤੇ ਅਗਾਂਹ ਤੋਂ ਮਾੜੇ ਸੰਕਲਪ ਅੰਦਰ ਪ੍ਰਵੇਸ਼ ਹੋਣ ਤੋਂ ਰੁੱਕ ਜਾਣਗੇ ਅਤੇ ਸਤਿਸੰਗਤ ਵਿੱਚੋਂ ਸ਼ੁਭ, ਸ੍ਰੇਸ਼ਟ ਵੀਚਾਰਾਂ ਦੀ ਰਾਸ ਹਿਰਦੇ ਵਿਚ ਵਧਣ ਲੱਗ ਜਾਵੇਗੀ। ਜਦੋਂ ਸ੍ਰੇਸ਼ਟ ਵੀਚਾਰਾਂ ਦਾ ਮਨ ਉੱਤੇ ਵਸੀਕਾਰ ਹੋ ਗਿਆ ; ਸਮਝੋ ਮਨ ਸਵਾਰਿਆ ਗਿਆ।

ਜਦੋਂ ਮਨ ਸਵਾਰਿਆ ਗਿਆ, ਬੱਸ ਗੱਲ ਬਣ ਗਈ। ਫਿਰ ਬਾਬਾ ਫਰੀਦ ਜੀ ਗਰੰਟੀ ਦਿੰਦੇ ਹਨ ਕਿ ਜਿਹੜਾ ਜਗਿਆਸੂ ਆਪੇ ਨੂੰ ਸਵਾਰ ਲੈਂਦਾ ਹੈ, ਪਰਮਾਤਮਾਂ ਉਸ ਨੂੰ ਆਖਦਾ ਹੈ, ਹੇ ਜਗਿਆਸੂ, ਜੇ ਤੂੰ ਆਪਣੇ ਅੰਤਸ਼ਕਰਣ ਨੂੰ ਸਵਾਰ ਲਵੇਂ ਤਦ ਤੂੰ ਮੈਨੂੰ ਮਿਲ ਸਕਦਾ ਹੈਂ। ਜਦੋਂ ਤੈਨੂੰ ਮੇਰਾ ਮਿਲਾਪ ਪ੍ਰਾਪਤ ਹੋ ਗਿਆ ਫਿਰ ਤੈਨੂੰ ਆਤਮਿਕ ਸੁੱਖ ਪ੍ਰਾਪਤ ਹੋ ਜਾਵੇਗਾ। ਜੇ ਤੂੰ ਮੇਰਾ ਆਗਿਆਕਾਰੀ ਬਣਿਆ ਰਹੇਗਾਂ, ਸਾਰਾ ਸੰਸਾਰ ਹੀ ਤੇਰਾ ਆਗਿਆਕਾਰੀ ਬਣ ਜਾਵੇਗਾ। ਪਹਿਲਾਂ ਬਾਬਾ ਫਰੀਦ ਜੀ ਦਾ ਪ੍ਰਾਪਤੀ ਵਾਲਾ ਸਲੋਕ ਪੜ੍ਹੀਏ :—

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥
ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥ ੯੫॥

ਸਲੋਕ ਫਰੀਦ ਜੀ (ਪੰਨਾ ੧੩੮੨)

ਹੁਣ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਆਪਣਾ ਪਾਵਨ ਪਵਿੱਤਰ ਫੁਰਮਾਨ ਜਿਸ ਵਿੱਚ ਸਾਰੇ ਮਨ ਹਠ ਸਾਧਨਾਂ ਦਾ ਜਿਕਰ ਕੀਤਾ ਹੈ ਉਸਨੂੰ ਵਾਚੀਏ, ਜਿਹਨਾਂ ਨੂੰ ਕਰਨ ਦੇ ਨਾਲ, ਪ੍ਰਭੂ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ, ਨਾਲ ਹੀ ਧਿਆਨ ਨਾਲ ਪਹਿਲੇ ਰਹਾਉ ਦੀ ਪੰਗਤੀ "ਦੀਜੈ ਬੁਧਿ ਬਿਬੇਕਾ" ਅਤੇ ਦੂਸਰੇ ਰਹਾਉ ਦੀਆਂ ਉਪਰਲੀਆਂ ਪੰਗਤੀਆਂ ਧਿਆਨ ਨਾਲ ਪੜ੍ਹੀਏ, ਪੂਰੀ ਅਗਵਾਈ ਪ੍ਰਾਪਤ ਹੋ ਜਾਵੇਗੀ। ਅਤੇ ਪ੍ਰਭੂ ਪ੍ਰਾਪਤੀ ਦਾ ਮਾਰਗ ਮਿਲ ਜਾਵੇਗਾ :—

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ॥ ੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥

ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ ਰਹਾਉ॥
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥ ੨॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥ ੩॥
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ॥ ੪॥
ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ॥ ੫॥
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ॥ ੬॥
ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ॥
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥ ੭॥
ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥ ੮॥
ਤੇਰੋ ਸੇਵਕੁ ਇਹ ਰੰਗਿ ਮਾਤਾ॥ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ
ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥ ਰਹਾਉ ਦੂਜਾ॥ ੧॥ ੩॥

ਸੋਰਠਿ ਮ: ੫ (ਪੰਨਾ ੬੪੧)

ਗੁਰਮਤ ਵਿਚ ਮਨ ਨੂੰ ਮਾਰਨ ਦਾ ਭਾਵ ਕੀ ਹੈ?

ਬਹੁਤ ਥਾਵਾਂ ਤੇ ਗੁਰਬਾਣੀ ਵਿੱਚ ਮਨ ਨੂੰ ਮਾਰਨ ਦਾ ਜ਼ਿਕਰ ਵੀ ਕੀਤਾ ਹੈ ਕਿ ਮਨ ਨੂੰ ਮਾਰਨ ਤੋਂ ਬਿਨਾਂ ਕਿਸੇ ਨੂੰ ਆਤਮਿਕ ਪੈਂਡੇ ਵਿੱਚ ਸਫਲਤਾ ਨਹੀਂ ਪ੍ਰਾਪਤ ਹੋਈ। ਇਸ ਗੱਲ ਨੂੰ ਚੰਗੀ ਤਰ੍ਹਾਂ ਵੀਚਾਰ ਕੇ ਵੇਖ ਲਵੋ ਅਤੇ ਨਾਲ ਹੀ ਮਨ ਨੂੰ ਮਾਰਨ ਵਾਸਤੇ ਜੋ ਹਠ ਜੋਗ ਦੇ ਕਰਮ ਲੋਕ ਕਰਦੇ ਹਨ, ਉਹਨਾਂ ਦਾ ਜ਼ਿਕਰ ਵੀ ਕੀਤਾ ਹੈ ਕਿ ਮਨ ਨੇ ਨਾ ਭੇਖ ਧਾਰਨ ਕਰਨ ਨਾਲ ਮਰਨਾ ਹੈ, ਨਾ ਤੀਰਥਾਂ ਤੇ ਭਰਮਣ ਕਰਨ ਨਾਲ ਮਨ ਨੇ ਮਰਨਾ ਹੈ। ਸਾਹਿਬਾ ਦਾ ਫੁਰਮਾਨ ਹੈ :—

ਵਿਣੁ ਮਨੁ ਮਾਰੇ ਕੋਇ ਨ ਸਿਝਈ ਵੇਖਹੁ ਕੋ ਲਿਵ ਲਾਇ॥
ਭੇਖਧਾਰੀ ਤੀਰਥੀ ਭਵਿ ਥਕੇ ਨਾ ਏਹੁ ਮਨੁ ਮਾਰਿਆ ਜਾਇ॥

ਮ: ੩ (ਪੰਨਾ ੬੫੦)

ਤਥਾ :—ਮਨ ਅੰਤਰਿ ਬੋਲੈ ਸਭੁ ਕੋਈ॥
ਮਨ ਮਾਰੇ ਬਿਨੁ ਭਗਤਿ ਨ ਹੋਈ॥

ਗਉੜੀ ਕਬੀਰ ਜੀ (ਪੰਨਾ ੩੨੯)

ਇਹਨਾਂ ਪੰਗਤੀਆਂ ਨੂੰ ਪੜ੍ਹ ਕੇ ਕਈ ਵਾਰੀ ਟਪਲਾ ਲੱਗ ਜਾਂਦਾ ਹੈ ਕਿ ਜੇ ਮਨ ਨੂੰ ਮਾਰ ਹੀ ਦਿੱਤਾ ਫਿਰ ਤਾਰਨਾ ਕਿਸ ਨੂੰ ਹੈ? ਬਾਬਾ ਕਬੀਰ ਜੀ ਵੀ ਗਉੜੀ ਰਾਗ ਵਿੱਚ ਫੁਰਮਾਨ ਕਰਦੇ ਹਨ ਕਿ ਪਹਿਲੀ ਗੱਲ ਤਾਂ ਇਹ ਹੈ ਕਿ ਸੰਸਾਰ ਵਿੱਚ ਉਹ ਕਿਹੜਾ ਮੁਨੀ ਹੈ ਜਿਸ ਨੇ ਆਪਣੇ ਮਨ ਨੂੰ ਮਾਰ ਲਿਆ ਹੋਵੇ? ਭਾਵ ਕੋਈ ਵੀ ਮਨ ਨੂੰ ਮਾਰ ਨਹੀਂ ਸਕਿਆ ਦੂਸਰੇ ਜੇ ਮਨ ਨੂੰ ਮਾਰ ਦਿੱਤਾ ਫਿਰ ਤਾਰਨਾ ਕਿਸ ਨੂੰ ਹੈ :—

ਕਵਨ ਸੁ ਮੁਨਿ ਜੋ ਮਨੁ ਮਾਰੈ॥
ਮਨ ਕਉ ਮਾਰਿ ਕਹਹੁ ਕਿਸੁ ਤਾਰੈ॥

ਗਉੜੀ ਕਬੀਰ ਜੀ (ਪੰਨਾ ੩੨੯)

ਨਾ ਮਨ ਨੇ ਮਰਨਾ ਹੈ, ਨਾ ਮਨ ਨੂੰ ਮਾਰਨਾ ਹੀ ਹੈ। ਕਰਨਾ ਕੀ ਹੈ?

ਮਨ ਦੇ ਸੁਭਾਅ ਨੂੰ ਮਾਰਨਾ ਹੈ। ਮਨ ਦੀ ਦੁਬਿਧਾ ਨੂੰ ਮਾਰਨਾ ਹੈ। ਮਨ ਦੀ ਹਉਮੈ ਨੂੰ ਮਾਰਨਾ ਹੈ। ਮਨ ਦੀਆਂ ਵਾਸ਼ਨਾਵਾਂ ਨੂੰ ਮਾਰਨਾ ਹੈ। ਅਸਲੀ ਮੁਨੀ, ਗੁਰੂ ਦੀ ਦ੍ਰਿਸ਼ਟੀ ਵਿੱਚ ਉਹ ਹੀ ਹੈ, ਜੋ ਮਨ ਦੀ ਦਵੈਤ ਨੂੰ ਖਤਮ ਕਰ ਦਿੰਦਾ ਹੈ। ਕੇਵਲ ਬ੍ਰਹਮ, ਪ੍ਰਮੇਸ਼ਰ ਦੀ ਹੀ ਵੀਚਾਰ ਕਰਦਾ ਹੈ। ਪ੍ਰਮੇਸ਼ਰ ਤੋਂ ਬਗੈਰ ਹੋਰ ਕਿਸੇ ਪਾਸੇ ਬ੍ਰਿਤੀ

ਨਹੀਂ ਲਿਜਾਂਦਾ। ਜੋ ਇਹ ਕਰਮ ਕਰਦਾ ਹੈ, ਉਸ ਨੂੰ ਨੌਂ ਨਿੱਧੀਆਂ ਭਾਵ ਸਾਰੇ ਸੁੱਖ ਪ੍ਰਾਪਤ ਹੋ ਜਾਂਦੇ ਹਨ, ਤਰ੍ਹਾਂ-ਤਰ੍ਹਾਂ ਦੇ ਸੁੱਖਾਂ ਦੇ ਸਮਾਨ ਜੋ ਨੌਂ ਗਿਣੇ ਹਨ :—

1. ਪਦਮ-ਸੋਨਾ ਚਾਂਦੀ
2. ਮਹਾਂ ਪਦਮ- ਹੀਰੇ ਜਵਾਹਰਾਤ
3. ਸੰਖ- ਚੰਗੇ-ਚੰਗੇ ਖਾਣੇ ਅਤੇ ਬਸਤ੍ਰ
4. ਮਕਰ- ਸ਼ਾਸਤਰ ਵਿੱਦਿਆ ਦੀ ਪ੍ਰਾਪਤੀ, ਰਾਜ ਦਰਬਾਰ ਵਿੱਚ ਮਾਨ ਸਤਿਕਾਰ
5. ਕਛਪ - ਕੱਪੜੇ ਦਾਣੇ ਦੀ ਸਉਦਾਗਰੀ
6. ਕੁੰਦ - ਸੋਨੇ ਦੀ ਸਉਦਾਗਰੀ
7. ਨੀਲ - ਮੋਤੀ ਮੂਗੇ ਦਾ ਵਪਾਰ
8. ਮਕੁੰਦ - ਰਾਗ ਅਤੇ ਕੋਮਲ ਹੁਨਰ ਦੀ ਪ੍ਰਾਪਤੀ
9. ਵਰਚ; ਖਰਬ

ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ॥
ਦੁਬਿਧਾ ਮਾਰਿ ਬ੍ਰਹਮੁ ਬੀਚਾਰੇ॥ ੧॥
ਇਸੁ ਮਨ ਕਉ ਕੋਈ ਖੋਜਹੁ ਭਾਈ॥
ਮਨੁ ਖੋਜਤ ਨਾਮੁ ਨਉ ਨਿਧਿ ਪਾਈ॥ ੧॥ ਰਹਾਉ॥

ਭੈਰਉ ਮ: ੩ (ਪੰਨਾ ੧੧੨੮)

ਮਨ ਹਠ ਦੇ ਸਾਧਨਾਂ ਨਾਲ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੋ ਸਕਦੀ ਭਾਵੇਂ ਉਹ ਭੇਖ ਧਾਰਨ ਦੇ ਹੋਣ, ਚਾਹੇ ਉਹ ਸਰੀਰਕ ਕਸ਼ਟ ਝੱਲਣ ਦੇ ਹੋਣ, ਇਹਨਾਂ ਨਾਲ ਪ੍ਰਾਪਤੀ ਦੀ ਬਜਾਏ ਅਨੇਕਾਂ ਦੁੱਖ ਲੱਗ ਜਾਂਦੇ ਹਨ।

ਜੇ ਕਠਨ ਸਾਧਨਾਂ ਕਰਨ ਨਾਲ ਕੁਛ ਰਿੱਧੀਆਂ ਸਿੱਧੀਆਂ ਪ੍ਰਾਪਤ ਹੋ ਵੀ ਜਾਣ, ਇਹ ਰਿੱਧੀਆਂ ਸਿੱਧੀਆਂ ਪ੍ਰਮੇਸ਼ਰ ਜੀ ਤੋਂ ਵਿੱਥ ਪਾਉਣ ਦਾ ਕਾਰਣ ਹੀ ਬਣਦੀਆਂ ਹਨ। ਨਾਮ ਦਾ ਟਿਕਾਉ ਹਿਰਦੇ ਵਿੱਚ ਨਹੀਂ ਹੁੰਦਾ ਅਤੇ ਨਾ ਹੀ ਮਨ ਨਿਰਮਲ ਹੁੰਦਾ ਹੈ।

ਮਨ ਪਵਿੱਤਰ ਕੇਵਲ ਗੁਰੂ ਦੀ ਸੇਵਾ ਕਰਕੇ ਹੁੰਦਾ ਹੈ। ਗੁਰੂ ਦੀ ਸੇਵਾ ਕੀ ਹੈ? ਸਤਿਗੁਰ ਕੀ ਸੇਵਾ ਗੁਰ ਸ਼ਬਦ ਵੀਚਾਰ। ਜੋ ਗੁਰੂ ਦੇ ਸ਼ਬਦ ਦੀ ਵੀਚਾਰ ਕਰਕੇ, ਗੁਰ ਚਾਲੀ ਦਾ ਧਾਰਨੀ ਬਣ ਜਾਂਦਾ ਹੈ, ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ ਅਤੇ ਅਗਿਆਨਤਾ ਦਾ ਅੰਧੇਰਾ ਬਿਨਸ ਜਾਂਦਾ ਹੈ। ਨਾਮ ਹਿਰਦੇ ਵਿੱਚ ਪ੍ਰਗਟ ਹੋ ਕੇ ਸਹਿਜ ਅਵਸਥਾ ਵਿੱਚ ਸਮਾਈ ਕਰਵਾ ਦਿੰਦਾ ਹੈ :—

ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ॥
ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ॥
ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ॥
ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ॥

ਸਲੋਕ ਮ: ੩ (ਪੰਨਾ ੫੯੩)

ਮਨ ਦੀ ਦੁਬਿਧਾ ਮਾਰਨ ਦੇ ਨਾਲ, ਮਨ ਦੀ ਦੌੜ-ਭੱਜ ਵੀ ਖਤਮ ਹੋ ਜਾਂਦੀ ਹੈ। ਮਨ ਦੇ ਮਾਰਨ ਦੀ ਦੁਆਈ ਗੁਰੂ ਸ਼ਬਦ ਹੈ :—

ਮਨੁ ਮਰੈ ਧਾਤੁ ਮਰਿ ਜਾਇ॥
ਬਿਨੁ ਮਨ ਮੂਏ ਕੈਸੇ ਹਰਿ ਪਾਇ॥
ਇਹੁ ਮਨੁ ਮਰੈ ਦਾਰੂ ਜਾਣੈ ਕੋਇ॥
ਮਨੁ ਸਬਦਿ ਮਰੈ ਬੂਝੈ ਜਨੁ ਸੋਇ॥

ਧਨਾਸਰੀ ਮ: ੩ (ਪੰਨਾ ੬੬੫)

ਜਿਸ ਮਨੁੱਖ ਦੇ ਗੁਰੂ ਦੇ ਸ਼ਬਦ ਦੀ ਕਮਾਈ ਨਾਲ ਸੰਕਲਪ ਖਤਮ ਹੋ ਜਾਂਦੇ ਹਨ, ਉਸ ਗੁਰੂ ਪਿਆਰੇ ਨੂੰ ਅਸਲੀ ਅਮਰ ਜੀਵਨ ਪ੍ਰਾਪਤ ਹੋ ਜਾਂਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :—

ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ॥

ਸਲੋਕ ਮ: ੩ (ਪੰਨਾ ੬੦੪)

ਕੈਸੀ ਆਪਣੇ ਨਿਜੀ ਜੀਵਨ ਦੀ ਉਦਾਹਰਣ ਗੁਰੂ ਅਮਰਦਾਸ ਜੀ ਨੇ ਦਿੱਤੀ ਹੈ, ਹੇ ਭਾਈ, ਅਸੀਂ ਗੁਰੂ ਦੇ ਸ਼ਬਦ ਰਾਹੀਂ ਆਪਾ ਭਾਵ ਮਾਰ ਦਿੱਤਾ। ਜਦੋਂ ਮੈਂ ਮੇਰੀ, ਹਉ ਹੰਗਤਾ ਖਤਮ ਕਰ ਦਿੱਤੀ, ਫਿਰ ਸ਼ਬਦ ਨੇ ਹੀ ਮਾਰ ਕੇ ਮੁੜ ਜੀਵਾਲ ਦਿੱਤਾ ਅਤੇ ਜੀਵਨ ਮੁਕਤੀ ਵੀ ਗੁਰੂ ਸ਼ਬਦ ਨੇ ਬਖਸ਼ਸ਼ ਕਰ ਦਿੱਤੀ। ਸ਼ਬਦ ਨੇ ਹੀ ਮਨ ਅਤੇ ਤਨ ਪਵਿੱਤਰ ਕਰ ਦਿੱਤਾ। ਸ਼ਬਦ ਨੇ ਹੀ ਹਰੀ ਸਾਡੇ ਮਨ ਵਿੱਚ ਵਸਾ ਦਿੱਤਾ। ਸਾਡਾ ਸ਼ਬਦ ਹੀ ਗੁਰੂ ਹੈ, ਗੁਰੂ ਦਾ ਸ਼ਬਦ ਹੀ ਸਾਡਾ ਦਾਤਾ ਹੈ। ਸ਼ਬਦ ਨੇ ਹੀ ਸਾਡਾ ਮਨ ਤਨ ਗੁਰੂ ਦੇ ਨਾਮ ਰੰਗ ਵਿੱਚ ਰੰਗ ਦਿੱਤਾ ਜਿਸ ਸਦਕਾ ਪ੍ਰਮਾਤਮਾਂ ਵਿੱਚ ਸਦੀਵ ਕਾਲ ਲਈ ਸਮਾਈ ਪ੍ਰਾਪਤ ਹੋ ਗਈ ਹੈ :—

ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ॥
ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ॥
ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ॥ ੨॥

ਸੋਰਠ ਮ: ੩ (ਪੰਨਾ ੬੦੧)

ਪੂਰਨਤਾ ਗੁਰੂ ਦੇ ਸ਼ਬਦ ਦੁਆਰਾ ਆਪਾ ਭਾਵ ਖਤਮ ਕੀਤਿਆਂ ਹੀ ਮਿਲਣੀ ਹੈ। ਸੂਰੇ ਪੂਰੇ ਗੁਰੂ ਦਾ ਹੁਕਮ ਧਿਆਨ ਦੇ ਕੇ ਸਾਨੂੰ ਸੁਣ ਲੈਣਾ ਚਾਹੀਦਾ ਹੈ :—

ਸਬਦਿ ਮਰੈ ਸੋਈ ਜਨੁ ਪੂਰਾ॥
ਸਤਿਗੁਰੁ ਆਖਿ ਸੁਣਾਏ ਸੂਰਾ॥

(ਮਾਰੂ ਮ: ੩, ਪੰਨਾ ੧੦੪੯)

ਗੁਰੂ ਸ਼ਬਦ ਦੀ ਕਮਾਈ ਕਰਨ ਦੇ ਨਾਲ ਸੰਕਲਪ, ਵਿਕਲਪ ਖਤਮ ਹੋ ਜਾਂਦੇ ਹਨ। ਨਿੱਜ ਸਰੂਪ ਦੇ ਵਿੱਚ ਨਿਵਾਸ ਪ੍ਰਾਪਤ ਹੋ ਜਾਂਦਾ ਹੈ। ਸਾਰੀਆਂ ਵਾਸ਼ਨਾਵਾਂ ਖਤਮ ਹੋ ਜਾਂਦੀਆਂ ਹਨ। ਆਵਾਗਉਣ ਦਾ ਗੇੜ ਵੀ ਖਤਮ ਹੋ ਜਾਂਦਾ ਹੈ। ਗੁਰ ਸ਼ਬਦ ਦੀ ਬਰਕਤ ਨਾਲ ਹਿਰਦਾ ਕੰਵਲ ਵੀ ਖਿੜਾਉ ਵਿੱਚ ਆ ਜਾਂਦਾ ਹੈ। ਕੈਸੀ ਹੈ ਸ਼ਬਦ ਦੁਆਰਾ ਆਪਾ ਭਾਵ ਮਾਰਨ ਦੀ ਬਰਕਤ :—

ਸਬਦਿ ਮਰੈ ਤਿਸੁ ਨਿਜ ਘਰਿ ਵਾਸਾ॥
ਆਵੈ ਨ ਜਾਵੈ ਚੂਕੈ ਆਸਾ॥
ਗੁਰ ਕੈ ਸਬਦਿ ਕਮਲੁ ਪਰਗਾਸਾ॥ ੧॥

ਗਉੜੀ ਮ: ੧ (ਪੰਨਾ ੨੨੪)

ਮਨ ਨੂੰ ਮਿੱਤਰ ਬਣਾ ਕੇ ਮਨ ਤੋਂ ਕੰਮ ਲੈਣਾ ਹੈ

ਮਨ ਦੇ ਸੰਕਲਪ, ਵਿਕਲਪ ਮਾਰ ਕੇ ਮਨ ਪਾਸੋਂ ਪ੍ਰਭੂ ਪ੍ਰਾਪਤੀ ਦਾ ਕੰਮ ਲੈਣਾ ਹੈ। ਜਦੋਂ ਮਨ ਵਾਸ਼ਨਾਵਾਂ ਦੇ ਫੁਰਨਿਆਂ ਦਾ ਤਿਆਗ ਕਰਕੇ ਗੁਰੂ ਚਾਲੀ ਅਨੁਸਾਰ ਚਲ ਪਵੇਗਾ ਅਤੇ ਆਪ ਹੁਦਰੀਆਂ ਕਰਨੀਆਂ ਛੱਡ ਦੇਵੇਗਾ, ਸਮਝੋ ਕਾਰਜ ਰਾਸ ਹੋਣਾ ਆਰੰਭ ਹੋ ਗਿਆ।

ਫਿਰ ਮਨ ਨਾਲ ਪਿਆਰ ਪ੍ਰੇਮ ਦਾ ਵਰਤਾਉ ਕਰ ਕੇ ਇਸ ਨੂੰ ਆਪਣੇ ਨਿੱਜ ਸਰੂਪ ਵਿੱਚ ਅਭੇਦ ਹੋਣ ਲਈ ਉਤਸ਼ਾਹਿਤ ਕਰਨਾ ਹੈ। ਜਿਵੇਂ ਕਿ ਸ੍ਰੀ ਰਾਗ ਵਿੱਚ ਸਤਿਗੁਰੂ ਅਰਜਨ ਦੇਵ ਜੀ ਨੇ ਪ੍ਰੇਰਨਾ ਦਿੱਤੀ ਹੈ।

ਹੇ ਮੇਰੇ ਪਿਆਰੇ ਮਿੱਤਰ ਮਨ, ਤੂੰ ਸਦਾ ਪ੍ਰਮੇਸ਼ਰ ਦਾ ਨਾਮ ਹਿਰਦੇ ਵਿੱਚ ਸਾਂਭ ਕੇ ਰੱਖ। ਹੇ ਮੇਰੇ ਪਿਆਰੇ ਮਿੱਤਰ ਮਨ ! ਨਾਮ ਦਾ ਧਨ ਹੀ ਤੇਰੇ ਨਾਲ ਨਿਭਣ ਵਾਲਾ ਹੈ। ਨਾਮ ਦਾ ਧਨ ਹਰ ਥਾਂ ਤੇ ਸਹਾਇਤਾ ਕਰਨ ਵਾਲਾ ਹੈ। ਹਰੀ ਦਾ ਨਾਮ ਜਪਣ ਨਾਲ ਕਦੇ ਵੀ ਸੰਸਾਰ ਤੋਂ ਖਾਲੀ ਹੱਥ ਨਹੀਂ ਜਾਈਦਾ। ਜੋ ਪ੍ਰਭੂ ਪ੍ਰਮੇਸ਼ਰ ਜੀ ਦੇ ਨਾਮ ਨਾਲ ਜੁੜ ਜਾਂਦਾ ਹੈ, ਉਸ ਨੂੰ ਮਨ ਬਾਂਛਤ ਫਲ ਪ੍ਰਾਪਤ ਹੋ ਜਾਂਦੇ ਹਨ।

ਹੇ ਮੇਰੇ ਪਿਆਰੇ ਮਨ ! ਹਰੀ ਪ੍ਰਮਾਤਮਾਂ ਸਭ ਥਾਵਾਂ ਤੇ ਪਰੀ ਪੂਰਨ ਹੋ ਕੇ ਰਮਿਆ ਹੋਇਆ ਹੈ। ਸਾਰਿਆਂ ਉੱਪਰ ਮਿਹਰ ਦੀ ਦ੍ਰਿਸ਼ਟੀ ਨਾਲ ਵੇਖ ਰਿਹਾ ਹੈ। ਹੇ ਮੇਰੇ ਪਿਆਰੇ ਮਨ ! ਸਾਧ ਸੰਗਤ ਕਰਨ ਨਾਲ ਸਾਰੀਆਂ ਭਟਕਣਾਂ ਤੇ ਭਰਮ ਨਾਸ਼ ਹੋ ਜਾਂਦੇ ਹਨ :—

ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ॥
ਮਨ ਪਿਆਰਿਆ ਜੀ ਮਿਤ੍ਰਾ ਹਰਿ ਨਿਬਹੈ ਤੇਰੈ ਨਾਲੇ॥
ਸੰਗਿ ਸਹਾਈ ਹਰਿ ਨਾਮੁ ਧਿਆਈ ਬਿਰਥਾ ਕੋਇ ਨ ਜਾਇ॥
ਮਨ ਚਿੰਦੇ ਸੇਈ ਫਲ ਪਾਵਹਿ ਚਰਣ ਕਮਲ ਚਿਤੁ ਲਾਏ॥
ਜਲਿ ਥਲਿ ਪੂਰਿ ਰਹਿਆ ਬਨਵਾਰੀ ਘਟਿ ਘਟਿ ਨਦਰਿ ਨਿਹਾਲੇ॥
ਨਾਨਕੁ ਸਿਖ ਦੇਇ ਮਨ ਪ੍ਰੀਤਮ ਸਾਧਸੰਗਿ ਭ੍ਰਮੁ ਜਾਲੇ॥ ੧॥

ਸਿਰੀਰਾਗੁ ਮ: ੫ (ਪੰਨਾ ੭੯)

ਹੇ ਮੇਰੇ ਪਿਆਰੇ ਮਿੱਤਰ ਮਨ ! ਹਰੀ ਪ੍ਰਮੇਸ਼ਰ ਜੀ ਤੋਂ ਬਿਨਾਂ ਸਾਰਾ ਸੰਸਾਰ ਝੂਠ ਦਾ ਹੀ ਪਸਾਰਾ ਹੈ। ਕੋਈ ਵੀ ਸਾਥ ਦੇਣ ਵਾਲਾ ਨਹੀਂ। ਹੇ ਮੇਰੇ ਪਿਆਰੇ ਮਿੱਤਰ ਮਨ, ਸੰਸਾਰ ਤਾਂ ਇੱਕ ਜ਼ਹਿਰ ਦਾ ਸਮੁੰਦਰ ਹੈ। ਪ੍ਰਭੂ ਦੇ ਨਾਮ ਰੂਪੀ ਚਰਨਾਂ ਨੂੰ ਜਹਾਜ਼ ਬਣਾ

ਲੈ। ਭਾਵ ਪ੍ਰਭੂ ਦਾ ਨਾਮ ਜਪਣਾ ਅਰੰਭ ਕਰ ਦੇਹ, ਨਾਮ ਜਪ ਦੁਆਰਾ ਤੇਰੇ ਸਾਰੇ ਸੰਸੇ ਅਤੇ ਦੁੱਖ ਖਤਮ ਹੋ ਜਾਣਗੇ।

ਹੇ ਮੇਰੇ ਪਿਆਰੇ ਮਨ! ਗੁਰੂ ਦੀ ਸ਼ਰਣ ਵਿੱਚ ਆ ਕੇ ਅੱਠੇ ਪਹਿਰ ਮਾਲਕ ਦਾ ਨਾਮ ਜਪਿਆ ਕਰ। ਪ੍ਰਭੂ ਪ੍ਰਮੇਸ਼ਰ ਮੁੱਢ ਕਦੀਮਾਂ ਤੋਂ ਹੀ ਆਪਣੇ ਭਗਤਾਂ ਦੀ ਰੱਖਿਆ ਕਰਦਾ ਆ ਰਿਹਾ ਹੈ ਕਿਉਂਕਿ ਭਗਤਾਂ ਦਾ ਸਹਾਰਾ ਵੀ ਪ੍ਰਭੂ ਦਾ ਨਾਮ ਹੀ ਹੈ। ਭਗਤ ਜਨ ਨਾਮ ਤੋਂ ਬਗੈਰ ਹੋਰ ਕਿਸੇ ਦੀ ਓਟ ਨਹੀਂ ਰੱਖਦੇ। ਤਾਂ ਤੇ ਹੇ ਮੇਰੇ ਪਿਆਰੇ ਮਿੱਤਰ ਮਨ, ਸ੍ਰੇਸ਼ਟ ਸਿੱਖਿਆ ਇਹ ਹੀ ਹੈ ਕਿ ਪ੍ਰਮਾਤਮਾ ਤੋਂ ਬਿਨਾਂ ਸਭ ਝੂਠ ਪਸਾਰਾ ਹੀ ਹੈ:—

ਮਨ ਪਿਆਰਿਆ ਜੀ ਮਿਤ੍ਰਾ ਹਰਿ ਬਿਨੁ ਝੂਠੁ ਪਸਾਰੇ॥
ਮਨ ਪਿਆਰਿਆ ਜੀਉ ਮਿਤ੍ਰਾ ਬਿਖੁ ਸਾਗਰੁ ਸੰਸਾਰੇ॥
ਚਰਨ ਕਮਲ ਕਰਿ ਬੋਹਿਥੁ ਕਰਤੇ ਸਹਸਾ ਦੂਖੁ ਨ ਬਿਆਪੈ॥
ਗੁਰੁ ਪੂਰਾ ਭੇਟੈ ਵਡਭਾਗੀ ਆਠ ਪਹਰ ਪ੍ਰਭੁ ਜਾਪੈ॥
ਆਦਿ ਜੁਗਾਦੀ ਸੇਵਕ ਸੁਆਮੀ ਭਗਤਾ ਨਾਮੁ ਅਧਾਰੇ॥
ਨਾਨਕੁ ਸਿਖ ਦੇਇ ਮਨ ਪ੍ਰੀਤਮ ਬਿਨੁ ਹਰਿ ਝੂਠ ਪਸਾਰੇ॥ ੨॥

ਸਿਰੀਰਾਗ ਮ: ੫ (ਪੰਨਾ ੭੯)

ਸਤਿਗੁਰੂ ਜੀ ਹੋਰ ਕ੍ਰਿਪਾ ਕਰਕੇ ਮਨ ਨੂੰ ਸਮਝਾਉਣ ਲਈ ਸਿੱਖਿਆ ਦੇਣ ਦੀ ਅਗਵਾਈ ਕਰਦੇ ਹਨ। ਕਿਵੇਂ ਮਨ ਨੂੰ ਪ੍ਰੇਰਨਾ ਦੇਣੀ ਹੈ ? ਹੇ ਮੇਰੇ ਪਿਆਰੇ ਮਿੱਤਰ ਮਨ! ਤੂੰ ਹਰੀ ਪ੍ਰਮੇਸ਼ਰ ਦੇ ਨਾਮ ਦੀ ਗੱਲ ਵਿਹਾਝ, ਨਾਮ ਦਾ ਸੌਦਾ ਹੀ ਨਫਾ ਦੇਣ ਵਾਲਾ ਹੈ।

ਹੇ ਮੇਰੇ ਪਿਆਰੇ ਮਿੱਤਰ ਮਨ! ਪ੍ਰਮਾਤਮਾਂ ਦਾ ਦਰ ਨਾ ਛੱਡੀਂ। ਜਿਹੜਾ ਵੀ ਪ੍ਰਮਾਤਮਾਂ ਦਾ ਦਰ ਮੱਲ ਕੇ ਉਸ ਮਾਲਕ ਦੇ ਚਰਨਾਂ ਵਿੱਚ ਫਰਿਆਦ ਕਰਦਾ ਰਹਿੰਦਾ ਹੈ, ਪ੍ਰਮਾਤਮਾਂ ਉਸ ਨੂੰ ਆਤਮਿਕ ਅਡੋਲ ਅਵਸਥਾ ਬਖਸ਼ਸ਼ ਕਰ ਦਿੰਦਾ ਹੈ। ਉਸ ਗੁਰੂ ਪਿਆਰੇ ਦੇ ਸਾਰੇ ਦੁੱਖ, ਸਾਰੇ ਸੰਸੇ ਅਤੇ ਆਵਾਗਉਣ ਦੇ ਚੱਕਰ ਖਤਮ ਹੋ ਜਾਂਦੇ ਹਨ। ਨਾਮ ਨਾਲ ਜੁੜੇ ਪ੍ਰਾਣੀ ਦਾ ਸਾਰਾ ਹਿਸਾਬ-ਕਿਤਾਬ ਖਤਮ ਹੋ ਜਾਂਦਾ ਹਨ। ਉਸ ਦੇ ਨੇੜੇ ਜਮਦੂਤ ਵੀ ਨਹੀਂ ਆਉਂਦੇ। ਇਸ ਲਈ ਹੇ ਮੇਰੇ ਪਿਆਰੇ ਮਨ! ਹਰੀ ਪ੍ਰਮੇਸ਼ਰ ਦੇ ਨਾਮ ਦਾ ਸੌਦਾ ਖ੍ਰੀਦ। ਨਾਮ ਦਾ ਸੌਦਾ ਹੀ ਨਫ਼ਾ ਦੇਣ ਵਾਲਾ ਹੈ :—

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ ਖੇਪ ਸਵਲੀ॥
ਮਨ ਪਿਆਰਿਆ ਜੀਉ ਮਿਤ੍ਰਾ ਹਰਿ ਦਰੁ ਨਿਹਚਲੁ ਮਲੀ॥
ਹਰਿ ਦਰੁ ਸੇਵੇ ਅਲਖ ਅਭੇਵੇ ਨਿਹਚਲੁ ਆਸਣੁ ਪਾਇਆ॥

ਤਹ ਜਨਮ ਨ ਮਰਣੁ ਨ ਆਵਣ ਜਾਣਾ ਸੰਸਾ ਦੂਖੁ ਮਿਟਾਇਆ॥
ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ॥
ਨਾਨਕੁ ਸਿਖ ਦੇਇ ਮਨ ਪ੍ਰੀਤਮ ਹਰਿ ਲਦੇ ਖੇਪ ਸਵਲੀ॥ ੩॥

ਸਿਰੀਰਾਗ ਮ: ੫ (ਪੰਨਾ ੭੯)

ਹੇ ਮੇਰੇ ਪਿਆਰੇ ਮਿੱਤਰ ਮਨ! ਤੂੰ ਭਲੇ ਪੁਰਸ਼ਾਂ ਦੀ ਸੰਗਤ ਕਰਿਆ ਕਰ। ਜਦੋਂ ਤੂੰ ਗੁਰਮੁਖਾਂ ਦੀ ਸਤਸੰਗਤ ਵਿੱਚ ਬੈਠ ਕੇ ਨਾਮ ਜਪੇਂਗਾ ਤਾਂ ਤੈਨੂੰ ਆਤਮਿਕ ਪ੍ਰਕਾਸ਼ ਦੀ ਦਾਤ ਪ੍ਰਾਪਤ ਹੋ ਜਾਵੇਗੀ। ਸੁੱਖਾਂ ਦੇ ਦਾਤੇ ਪ੍ਰਮਾਤਮਾਂ ਦਾ ਸਿਮਰਨ ਕਰਨ ਨਾਲ ਸਾਰੀਆਂ ਇਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਨਿਰੀਆਂ ਇਛਾਵਾਂ ਹੀ ਪੂਰੀਆਂ ਨਹੀਂ ਹੁੰਦੀਆਂ, ਜਿਸ ਪ੍ਰਮਾਤਮਾਂ ਤੋਂ ਕਈਆਂ ਜਨਮਾਂ ਦਾ ਵਿਛੋੜਾ ਪਿਆ ਹੋਇਆ ਹੈ, ਉਸ ਦਾ ਮਿਲਾਪ ਵੀ ਪ੍ਰਾਪਤ ਹੋ ਜਾਵੇਗਾ। ਗੁਰਮੁਖ ਜਨਾਂ ਦੀ ਸੰਗਤ ਕਰਨ ਨਾਲ, ਪ੍ਰਮਾਤਮਾਂ ਦੀ ਸਰਬ ਵਿਆਪਕਤਾ ਦੀ ਲੱਖਤਾ ਹੋ ਜਾਂਦੀ ਹੈ। ਸੋ ਹੇ ਮੇਰੇ ਮਨ! ਸਤ ਸੰਗਤ ਵਿੱਚੋਂ ਬਹੁਤ ਦਾਤਾਂ ਪ੍ਰਾਪਤ ਹੁੰਦੀਆਂ ਹਨ। ਇਸ ਲਈ ਗੁਰਮੁਖਾਂ ਦੀ ਸੰਗਤ ਵਿੱਚ ਟਿਕ ਕੇ ਨਾਮ ਜਪਿਆ ਕਰ :—

ਮਨ ਪਿਆਰਿਆ ਜੀਉ ਮਿਤ੍ਰਾ ਕਰਿ ਸੰਤਾ ਸੰਗਿ ਨਿਵਾਸੋ॥
ਮਨਿ ਪਿਆਰਿਆ ਜੀਉ ਮਿਤ੍ਰਾ ਹਰਿ ਨਾਮੁ ਜਪਤ ਪਰਗਾਸੋ॥
ਸਿਮਰਿ ਸੁਆਮੀ ਸੁਖਹ ਗਾਮੀ ਇਛ ਸਗਲੀ ਪੁੰਨੀਆ॥
ਪੁਰਬੇ ਕਮਾਏ ਸ੍ਰੀਰੰਗ ਪਾਏ ਹਰਿ ਮਿਲੇ ਚਿਰੀ ਵਿਛੁੰਨਿਆ॥
ਅੰਤਰਿ ਬਾਹਰਿ ਸਰਬਤਿ ਰਵਿਆ ਮਨਿ ਉਪਜਿਆ ਬਿਸੁਆਸੋ॥
ਨਾਨਕੁ ਸਿਖ ਦੇਇ ਮਨ ਪ੍ਰੀਤਮ ਕਰਿ ਸੰਤਾ ਸੰਗਿ ਨਿਵਾਸੋ॥ ੪॥

ਮਨ ਨੂੰ ਅਸਲੀ ਕਰਮ ਕਰਨ ਲਈ ਕਿਵੇਂ ਪ੍ਰੇਰਨਾ ਦੇਣੀ ਹੈ, ਸਾਹਿਬ ਫ਼ੁਰਮਾਨ ਕਰਦੇ ਹਨ ਕਿ ਮਨ ਨੂੰ ਪ੍ਰੇਰਨਾ ਦਿਉ ਕਿ ਹੇ ਮਨ, ਤੂੰ ਮੇਰਾ ਬਹੁਤ ਪਿਆਰਾ ਮਿੱਤਰ ਹੈਂ। ਤੂੰ ਹਮੇਸ਼ਾ ਪ੍ਰਮੇਸ਼ਰ ਦੀ ਪ੍ਰੇਮਾ ਭਗਤੀ ਕਰਿਆ ਕਰ। ਜਿਸ ਤਰ੍ਹਾਂ ਮਛਲੀ ਪਾਣੀ ਤੋਂ ਬਿਨਾਂ ਜੀਵਤ ਨਹੀਂ ਰਹਿ ਸਕਦੀ ਤੂੰ ਵੀ ਆਪਣੇ ਮਾਲਕ ਨਾਲ ਐਸੀ ਪ੍ਰੀਤ ਬਣਾ ਲੈ। ਹੇ ਮੇਰੇ ਪਿਆਰੇ ਮਨ! ਜਿਹੜਾ ਪ੍ਰਭੂ ਜੀ ਦਾ ਆਤਮਿਕ ਅਨੰਦ ਦੇਣ ਵਾਲਾ ਨਾਮ ਰਸ ਪੀ ਲੈਂਦਾ ਹੈ, ਉਸ ਨੂੰ ਸਾਰੇ ਸੁੱਖ ਅਤੇ ਸਾਰੇ ਅਨੰਦ ਪ੍ਰਾਪਤ ਹੋ ਜਾਂਦੇ ਹਨ। ਨਾਮ ਜਪ ਵਿੱਚ ਇੰਨੀ ਵੱਡੀ ਬਰਕਤ ਹੈ, ਜਿੱਥੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ, ਉੱਥੇ ਪ੍ਰਮਾਤਮਾਂ ਦੀ ਪ੍ਰਾਪਤੀ ਭੀ ਹੋ ਜਾਂਦੀ ਹੈ।

ਹੇ ਮੇਰੇ ਮਨ, ਜਿਸ ਨੂੰ ਪ੍ਰਮਾਤਮਾਂ ਨੇ ਆਪਣੇ ਲੜ ਲਾ ਲਿਆ, ਸਮਝੋ, ਉਸ ਨੂੰ ਲੋਕ ਅਤੇ ਪ੍ਰਲੋਕ ਦੇ ਸਾਰੇ ਸੁੱਖ ਪ੍ਰਾਪਤ ਹੋ ਜਾਂਦੇ ਹਨ ਪਰ ਇਹ ਸਾਰੀਆਂ ਦਾਤਾਂ ਪ੍ਰਭੂ ਦੀ ਪ੍ਰੇਮਾ ਭਗਤੀ ਦੁਆਰਾ ਹੀ ਪ੍ਰਾਪਤ ਹੁੰਦੀਆਂ ਹਨ। ਇਸ ਲਈ ਹੇ ਮੇਰੇ ਮਨ, ਤੂੰ ਵੀ

ਏਹੜ ਤੇਹੜ ਛੱਡ ਕੇ ਪ੍ਰੇਮਾ ਭਗਤੀ ਵਿੱਚ ਤਦਾਕਾਰ ਹੋ ਜਾਹ। ਸਾਹਿਬਾਂ ਦਾ ਫੁਰਮਾਨ ਸੁਣ :—

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਪ੍ਰੇਮ ਭਗਤਿ ਮਨੁ ਲੀਨਾ॥
ਮਨ ਪਿਆਰਿਆ ਜੀਉ ਮਿਤ੍ਰਾ ਹਰਿ ਜਲ ਮਿਲਿ ਜੀਵੇ ਮੀਨਾ॥
ਹਰਿ ਪੀ ਆਘਾਨੇ ਅੰਮ੍ਰਿਤ ਬਾਨੇ ਸ੍ਰਬ ਸੁਖਾ ਮਨਿ ਵੁਠੇ॥
ਸ੍ਰੀਧਰ ਪਾਏ ਮੰਗਲ ਗਾਏ ਇਛ ਪੁੰਨੀ ਸਤਿਗੁਰ ਤੁਠੇ॥
ਲੜਿ ਲੀਨੇ ਲਾਏ ਨਉ ਨਿਧਿ ਪਾਏ ਨਾਉ ਸਰਬਸੁ ਠਾਕੁਰਿ ਦੀਨਾ॥
ਨਾਨਕ ਸਿਖ ਸੰਤ ਸਮਝਾਈ ਹਰਿ ਪ੍ਰੇਮ ਭਗਤਿ ਮਨੁ ਲੀਨਾ॥ ੫॥ ੧॥

ਸ੍ਰੀ ਰਾਗ ਮ: ੫ (ਪੰਨਾ ੭੮)

ਹੇ ਮੇਰੇ ਪਿਆਰੇ ਮਨ! ਤੂੰ ਸਦਾ ਹਰੀ ਜੀ ਨਾਲ ਲਿਵ-ਲੀਨ ਹੋ ਕੇ ਰਿਹਾ ਕਰ। ਜੇ ਤੂੰ ਹਰੀ-ਪ੍ਰਮੇਸ਼ਰ ਜੀ ਨਾਲ ਲਿਵ-ਲੀਨ ਰਹੇਂਗਾ, ਹਰੀ ਤੇਰੇ ਸਾਰੇ ਦੁੱਖ ਕਲੇਸ਼ ਦੂਰ ਕਰ ਦੇਵੇਗਾ। ਨਿਰਾ ਦੁੱਖ ਕਲੇਸ਼ ਹੀ ਦੂਰ ਨਹੀਂ ਕਰੇਗਾ ਸਗੋਂ ਹਰ ਜਗ੍ਹਾ-ਹਰ ਸਮੇਂ ਤੇਰਾ ਪੱਖ ਪੂਰੇਗਾ ਅਤੇ ਤੇਰੇ ਸਾਰੇ ਕੰਮ ਸਵਾਰ ਦੇਵੇਗਾ।

ਐਸੇ ਸਰਬ ਸ਼ਕਤੀਮਾਨ ਹਰੀ ਪ੍ਰਭੂ ਨੂੰ ਤੂੰ ਕਿਉਂ ਭੁਲਾਉਂਦਾ ਹੈਂ। ਹੇ ਮੇਰੇ ਪਿਆਰੇ ਮਨ, ਤੂੰ ਹਰੀ ਪ੍ਰਮਾਤਮਾਂ ਨੂੰ ਭੁਲਾ ਨਾ ਸਗੋਂ ਹਮੇਸ਼ਾ-ਹਮੇਸ਼ਾ ਉਸ ਨਾਲ ਲਿਵ-ਲੀਨ ਹੋ ਕੇ ਰਿਹਾ ਕਰ :—

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥ ੨॥

ਰਾਮਕਲੀ ਮ: ੩ ਅਨੰਦ (ਪੰਨਾ ੯੧੭)

ਕਿਵੇਂ ਪਿਆਰ ਨਾਲ ਮਨ ਪਾਸੋਂ ਕੰਮ ਲੈਣ ਲਈ, ਮਨ ਨੂੰ ਅਸਲੀਅਤ ਤੋਂ ਜਾਣੂੰ ਕਰਵਾ ਕੇ ਇਸ ਨੂੰ ਪ੍ਰੇਰਨਾ ਦੇਣੀ ਹੈ? ਸ੍ਰੀ ਗੁਰੂ ਅਮਰਦਾਸ ਜੀ ਪਾਸੋਂ ਸਿੱਖਿਆ ਪ੍ਰਾਪਤ ਕਰੀਏ। ਸਾਹਿਬਾਂ ਦਾ ਫੁਰਮਾਨ ਹੈ—

ਹੇ ਮੇਰੇ ਪਿਆਰੇ ਮਨ ! ਤੂੰ ਸਦਾ ਹਰੀ ਪ੍ਰਮੇਸ਼ਰ ਨੂੰ ਯਾਦ ਕਰਿਆ ਕਰ। ਜਿਸ ਨੂੰ ਤੂੰ ਆਪਣਾ ਜਾਣਦਾ ਹੈਂ, ਅੰਤ ਨੂੰ ਉਸ ਨੇ ਤੇਰੇ ਨਾਲ ਨਹੀਂ ਨਿਭਣਾ। ਜਿਸ ਪਰਿਵਾਰ ਨੇ ਅਖੀਰ ਸਮੇਂ ਤੇਰਾ ਸਾਥ ਹੀ ਨਹੀਂ ਦੇਣਾ ਫਿਰ ਤੂੰ ਮੁੜ-ਮੁੜ ਕੇ ਉਸ ਨਾਲ ਕਿਉਂ ਚੰਬੜਦਾ ਹੈ। ਇਹੋ ਜਿਹਾ ਕੰਮ ਕਦਾਚਿਤ ਨਹੀਂ ਕਰਨਾ ਚਾਹੀਦਾ, ਜਿਸ ਦੇ ਕਰਨ

ਨਾਲ ਅਖੀਰ ਪਛਤਾਵਾ ਹੀ ਪੱਲੇ ਪਵੇ।

ਇਸ ਲਈ ਹੇ ਮੇਰੇ ਮਨ ! ਤੂੰ ਧਿਆਨ ਨਾਲ ਗੁਰੂ ਦਾ ਕਲਿਆਣ ਕਾਰੀ ਉਪਦੇਸ਼ ਸੁਣ। ਇਹ ਉਪਦੇਸ਼ ਹੀ ਤੇਰੇ ਲੋਕ ਪ੍ਰਲੋਕ ਵਿੱਚ ਕੰਮ ਆਉਣ ਵਾਲਾ ਹੈ। ਇਸ ਲਈ ਹੇ ਮੇਰੇ ਪਿਆਰੇ ਮਨ, ਤੂੰ ਸਦਾ-ਸਦਾ ਸੱਚੇ ਥਿਰ ਰਹਿਣ ਵਾਲੇ ਪ੍ਰਭੂ ਦਾ ਨਾਮ ਜ਼ਰੂਰ ਸਿਮਰਿਆ ਕਰ। ਸਾਹਿਬਾਂ ਦਾ ਫੁਰਮਾਨ ਮਨ ਨੂੰ ਸ੍ਰਵਣ ਕਰਾਈਏ :—

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥
ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥
ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ॥
ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ॥ ੧੧॥

ਰਾਮਕਲੀ ਮ: ੩, ਅਨੰਦ (ਪੰਨਾ ੯੧੮)

ਜੇ ਮਨ ਦੇ ਵਿੱਚ ਗੁਰੂ ਦਾ ਉਪਦੇਸ਼ ਘਰ ਕਰ ਗਿਆ, ਫਿਰ ਇਹ ਮਨ ਹੀ ਪ੍ਰਭੂ ਜੀ ਨਾਲ ਅਭੇਦ ਕਰਨ ਦਾ ਵਸੀਲਾ ਬਣੇਗਾ। ਮਨ ਅਜੇ ਨਾ ਸਾਡੀ ਸੁਣਦਾ ਹੈ ਨਾ ਗੁਰੂ ਦੀ, ਕਰਦਾ ਹੈ ਆਪ ਹੁਦਰੀਆਂ ਜਾਂ ਮਾਇਆ ਦੇ ਪ੍ਰਭਾਵ ਅਧੀਨ ਹੋਣ ਕਰਕੇ ਮਾਇਆ ਦੀ ਸੁਣਦਾ ਹੈ। ਇਸ ਨੂੰ ਆਪ ਹੁਦਰੀਆਂ ਤੋਂ ਵਰਜ ਕੇ ਗੁਰੂ ਦੀ ਸੁਨਾਉਣੀ ਹੈ।

ਅਧਿਆਇ 4

ਅੰਮ੍ਰਿਤ ਨਾਮ

ਗੁਰਮਤ ਵਿੱਚ, ਗੁਰਬਾਣੀ ਵਿੱਚ ਨਾਮ ਨੂੰ ਹੀ ਮਹਾਨਤਾ, ਨਾਮ ਨੂੰ ਹੀ ਪ੍ਰਧਾਨਤਾ ਦਿੱਤੀ ਹੈ ਅਤੇ ਫੁਰਮਾਨ ਕੀਤਾ ਹੈ :—

ਨਾਨਕ ਕੈ ਘਰਿ ਕੇਵਲ ਨਾਮੁ ॥

ਭੈਰਉ ਮ: ੫ (ਪੰਨਾ : ੧੧੩੬)

ਜਿਸ ਨਾਮ ਪ੍ਰਥਾਇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਰਾਗ ਵਿੱਚ ਫੁਰਮਾਨ ਕੀਤਾ ਹੈ। ਹੇ ਅਕਾਲ ਪੁਰਖ, ਤੇਰਾ ਇੱਕ ਨਾਮ ਸਾਰੇ ਸੰਸਾਰ ਨੂੰ ਤਾਰ ਸਕਦਾ ਹੈ। ਮੈਨੂੰ ਵੀ ਤੇਰੇ ਨਾਮ ਦੀ ਹੀ ਆਸ ਅਤੇ ਓਟ ਹੈ :—

ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥
ਮੈ ਏਹਾ ਆਸ ਏਹੋ ਆਧਾਰੁ ॥ ੧ ॥

ਸ੍ਰੀ ਰਾਗ ਮ: ੧ (ਪੰਨਾ : ੨੮)

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਜਿਸ ਨਾਮ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਪ੍ਰਭੂ ਦੇ ਦਰਬਾਰ ਸੱਚ ਖੰਡ ਵਿੱਚ ਜਾ ਕੇ, ਸੰਸਾਰ ਦੇ ਕਲਿਆਣ ਵਾਸਤੇ ਪ੍ਰਭੂ ਜੀ ਪਾਸੋਂ ਪ੍ਰਾਪਤ ਕਰਕੇ, ਸਾਨੂੰ ਕਲਜੁਗੀ ਜੀਵਾਂ ਨੂੰ ਬਖਸ਼ਸ਼ ਕੀਤਾ ਅਤੇ ਨਾਮ ਦੀ ਕਮਾਈ ਕਰਕੇ ਪ੍ਰਭੂ ਨਾਲ ਅਭੇਦ ਹੋਣ ਦਾ ਵਸੀਲਾ ਪ੍ਰਦਾਨ ਕੀਤਾ। ਭਾਈ ਗੁਰਦਾਸ ਜੀ ਦਾ ਫੁਰਮਾਨ ਹੈ :—

ਬਾਬਾ ਪੈਧਾ ਸਚਿ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ ॥

(ਵਾਰ ੧ ਪਉੜੀ ੨੪)

ਗੁਰਮਤ ਦਾ ਨਾਮ ਕੇਵਲ ਸੰਗਿਆ ਵਾਚਕ ਨਹੀਂ। ਗੁਰਮਤ ਦਾ ਨਾਮ ਉਹ ਸਰਬ ਸਮਰੱਥ, ਸਿਰਜਣਹਾਰ, ਪਾਲਣਹਾਰ, ਬਖਸ਼ਣਹਾਰ, ਕਰਤਾ ਪੁਰਖੁ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ, ਸੈਭੰ, ਸਦਾ ਸਥਿਰ, ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ, ਸ਼ਕਤੀ ਦਾ ਲਖਾਇਕ ਹੈ।

ਜਿਸ ਦੇ ਆਸਰੇ ਸਾਰੇ ਜੀਵ ਜੰਤ, ਜੀਵਨ ਸੱਤਾ ਪ੍ਰਾਪਤ ਕਰ ਰਹੇ ਹਨ। ਜਿਸ ਦੇ ਆਸਰੇ ਸਾਰੇ ਖੰਡ, ਬ੍ਰਹਿਮੰਡ ਹੋਂਦ ਵਿੱਚ ਆਏ ਹਨ। ਉਸ ਨਾਮ ਵਿੱਚੋਂ ਹੀ ਗਿਆਨ ਪ੍ਰਾਪਤ ਕਰਕੇ, ਬੇਦ, ਸ਼ਾਸਤ੍ਰ, ਧਰਮਗ੍ਰੰਥ ਹੋਂਦ ਵਿੱਚ ਆਏ ਹਨ। ਨਾਮ ਦੇ ਆਸਰੇ ਨਾਮ ਦੀ ਹੋਂਦ ਨਾਲ ਹੀ ਅਕਾਸ਼ ਪਤਾਲ ਹੋਂਦ ਵਿੱਚ ਆਏ ਹਨ। ਜੋ ਅਕਾਰ ਦ੍ਰਿਸ਼ਟਮਾਨ

ਦਿੱਸ ਰਿਹਾ ਹੈ, ਸਭ ਨਾਮ ਦਾ ਹੀ ਪਸਾਰਾ ਹੈ। ਸਾਰੇ ਭਵਨ, ਸਾਰੀਆਂ ਪੁਰੀਆਂ, ਨਾਮ ਦੀ ਹੋਂਦ ਵਿੱਚੋਂ ਹੀ ਪ੍ਰਗਟ ਹੋਈਆਂ ਹਨ। ਨਾਮ ਨੂੰ ਜਪ ਕੇ, ਨਾਮ ਨੂੰ ਸੁਣ ਕੇ ਹੀ ਅਨੇਕਾਂ ਆਤਮਾਵਾਂ ਦਾ ਉਧਾਰ ਹੋਇਆ ਅਤੇ ਹੁੰਦਾ ਹੈ :—

ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ
ਮਹਿ ਸੋ ਜਨੁ ਗਤਿ ਪਾਏ ॥

ਗਉੜੀ ਸੁਖਮਨੀ ਮ: ੫ (ਪੰਨਾ : ੨੮੪)

ਗੁਰਮਤ ਵਿੱਚ ਨਾਮ ਅਤੇ ਨਾਮੀ ਇੱਕ ਰੂਪ ਹਨ, ਵੱਖ-ਵੱਖ ਨਹੀਂ। ਨਾਮੀਂ ਦੀ ਹੋਂਦ ਨਾਮ ਵਿੱਚ ਹੀ ਸਮਾਈ ਹੋਈ ਹੈ। ਨਾਮੀਂ ਸਾਰੀ ਰਚਨਾ ਨੂੰ ਰਚ ਕੇ ਉਸ ਵਿੱਚ "ਕਰਿ ਆਸਣੁ ਡਿਠੋ ਚਾਉ" ਦੀ ਖੇਡ ਕਰ ਰਿਹਾ ਹੈ :—

ਇਹ ਜਗ ਸਚੇ ਕੀ ਹੈ ਕੋਠਰੀ ਸਚੇ ਕਾ ਵਿਚਿ ਵਾਸ ॥

ਇਸੇ ਕਰਕੇ ਹੀ :—

ਰੂਪੁ ਸਤਿ ਜਾ ਕਾ ਸਤਿ ਅਸਥਾਨੁ ॥
ਪੁਰਖੁ ਸਤਿ ਕੇਵਲ ਪਰਧਾਨੁ ॥
ਕਰਤੂਤਿ ਸਤਿ ਸਤਿ ਜਾ ਕੀ ਬਾਣੀ ॥
ਸਤਿ ਪੁਰਖ ਸਭ ਮਾਹਿ ਸਮਾਣੀ ॥
ਸਤਿ ਕਰਮੁ ਜਾ ਕੀ ਰਚਨਾ ਸਤਿ ॥
ਮੂਲੁ ਸਤਿ ਸਤਿ ਉਤਪਤਿ ॥
ਸਤਿ ਕਰਣੀ ਨਿਰਮਲ ਨਿਰਮਲੀ ॥
ਜਿਸਹਿ ਬੁਝਾਏ ਤਿਸਹਿ ਸਭ ਭਲੀ ॥
ਸਤਿਨਾਮੁ ਪ੍ਰਭ ਕਾ ਸੁਖਦਾਈ ॥
ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥ ੬ ॥

(ਸੁਖਮਨੀ ਮ: ੫, ਪੰਨਾ : ੨੮੪)

ਅੱਖਰ ਭਾਵੇਂ ਨਾਸ਼ਵੰਤ ਹਨ, ਪਰ ਇਹਨਾਂ ਨਾਸ਼ਵੰਤ ਅੱਖਰਾਂ ਵਿੱਚ ਅਬਿਨਾਸ਼ੀ ਦੀ ਹੋਂਦ ਹਸਤੀ ਮੌਜੂਦ ਹੋਣ ਕਰਕੇ, ਨਾਮ ਜਪਣ ਵਾਲਾ ਵੀ ਅਬਿਨਾਸ਼ੀ ਦਾ ਰੂਪ ਬਣ ਜਾਂਦਾ ਹੈ :—

ਨਾਮੁ ਸਤਿ ਸਤਿ ਧਿਆਵਨਹਾਰ॥

ਸੁਖਮਨੀ ਮ: ੫, (ਪੰਨਾ : ੨੮੫)

ਨਾਮ ਅਕਾਰੀ ਵੀ ਹੈ। ਨਾਮ ਨਿਰਾਕਾਰੀ ਵੀ ਹੈ। ਨਾਮ ਸਰਬ ਸ਼ਕਤੀਮਾਨ ਹੈ। ਸਰਬ ਸ਼ਕਤੀਮਾਨ ਦਾ ਪਸਾਰਾ, ਕਿੰਨਾ ਕੁ ਵੱਡਾ ਹੈ, ਕੋਈ ਅੰਤ ਨਹੀਂ। ਇਸ ਵੇਲੇ ਤੱਕ ਜੋ ਸਾਇੰਸਦਾਨਾਂ ਨੇ ਗਿਣਤੀ ਕੀਤੀ ਹੈ, ਉਸ ਵਿੱਚ ਆਏ ਦਿਨ ਵਾਧਾ ਹੁੰਦਾ ਰਹਿੰਦਾ ਹੈ। ਉਹ ਆਖਦੇ ਹਨ ਕਿ ਜੇ ਦਸ ਕ੍ਰੋੜ ਅੰਕੜਿਆਂ ਨੂੰ ਦਸ ਕ੍ਰੋੜ ਨਾਲ ਜਰਬ ਦਿਉ, ਜੋ ਉੱਤਰ ਆਵੇ ਉਸ ਨੂੰ ਮੁੜ ਦਸ ਕ੍ਰੋੜ ਨਾਲ ਗੁਣਾਂ ਕਰ ਦੇਵੋ ਜਿੰਨਾ ਉੱਤਰ ਆਵੇ ਇੰਨੇ ਕੁ ਬ੍ਰਹਿਮੰਡਾਂ ਦੀ ਗਿਣਤੀ ਹੋ ਚੁੱਕੀ ਹੈ। ਇੱਕ ਬ੍ਰਹਿਮੰਡ ਵਿੱਚ ਇੱਕ ਧਰਤੀ, ਇੱਕ ਸੂਰਜ ਅਤੇ ਇੱਕ ਚੰਦ੍ਰਮਾ ਹੁੰਦੇ ਹਨ। ਜੇ ਇਸ ਤੋਂ ਵੱਡੀ ਤਾਕਤ ਵਾਲੀ ਟੈਲੀਸਕੋਪ (Telescope) ਈਜਾਦ ਹੋ ਗਈ, ਅਗਾਂਹ ਬ੍ਰਹਿਮੰਡਾਂ ਦੀ ਗਿਣਤੀ ਹੋਰ ਵਧ ਜਾਵੇਗੀ। ਤਦ ਹੀ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਜੀ ਨੇ ਉਸ ਬਿਅੰਤ ਸਰਬ ਸ਼ਕਤੀਮਾਨ ਦੀ ਰਚਨਾ ਪ੍ਰਤੀ ਸੰਕੇਤ ਦਿੱਤਾ ਹੈ ਕਿ ਉਹ ਬਿਅੰਤ ਹੈ, ਉਸ ਦੀ ਰਚਨਾ ਭੀ ਬਿਅੰਤ ਹੈ, ਉਸ ਦੇ ਓੜਕ ਨੂੰ ਕੋਈ ਲੱਭ ਨਹੀਂ ਸਕਿਆ। ਬਿਅੰਤ-ਬਿਅੰਤ ਕਹਿ ਕੇ ਹੀ ਛੁਟਕਾਰਾ ਹੁੰਦਾ ਹੈ।

ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਪੜ੍ਹੀਏ, ਅਟੱਲ ਸਚਾਈ ਪ੍ਰਗਟ ਹੋ ਜਾਵੇਗੀ :—

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥

ਜਪੁਜੀ (ਪੰਨਾ : ੫)

ਨਿਰੰਕਾਰ ਵਿੱਚ ਗਿਣਤੀ ਤੋਂ ਬਾਹਰ ਬ੍ਰਹਿਮੰਡ ਹਨ, ਬੇ-ਸੁਮਾਰ ਖੰਡ ਅਤੇ ਮੰਡਲ ਹਨ। ਬੇਅੰਤ ਲੋਅ ਅਤੇ ਅਕਾਰ ਹਨ। ਪ੍ਰਭੂ ਦੀ ਰਚਨਾ ਪ੍ਰਤੀ ਕੁਝ ਕਹਿਣਾ ਬਹੁਤ ਕਠਨ ਹੈ। ਇਹ ਤਾਂ ਲੋਹਾ ਚੱਬਣ ਵਾਲੀ ਬਾਤ ਹੈ :—

ਸਚ ਖੰਡਿ ਵਸੈ ਨਿਰੰਕਾਰੁ॥
ਕਰਿ ਕਰਿ ਵੇਖੈ ਨਦਰਿ ਨਿਹਾਲ॥
ਤਿਥੈ ਖੰਡ ਮੰਡਲ ਵਰਭੰਡ॥
ਜੇ ਕੋ ਕਥੈ ਤ ਅੰਤ ਨ ਅੰਤ॥
ਤਿਥੈ ਲੋਅ ਲੋਅ ਆਕਾਰ॥
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ॥
ਵੇਖੈ ਵਿਗਸੈ ਕਰਿ ਵੀਚਾਰੁ॥

ਨਾਨਕ ਕਥਨਾ ਕਰੜਾ ਸਾਰੁ॥

ਜਪੁਜੀ ਸਾ: (ਪੰਨਾ : ੮)

ਐਸੇ ਬਿਅੰਤ ਗੁਣਾਂ ਅਤੇ ਸਮਰੱਥਾ ਵਾਲੀ ਹੋਂਦ ਹਸਤੀ ਸਦਾ ਸੱਚ ਹੈ। ਇਹ ਸ਼ਕਤੀ ਹੀ ਸਾਡੇ ਸਭ ਦਾ ਮੂਲ ਹੈ। ਇਹ ਸਰਬ ਸਮਰੱਥ ਸ਼ਕਤੀ ਅਨਾਦਿ ਹੈ। ਜੂਨ ਰਹਿਤ ਹੈ। ਬਿਅੰਤ ਅਤੇ ਅਪਾਰ ਹੈ। ਤਿੰਨਾਂ ਕਾਲਾਂ ਵਿੱਚ ਸ਼ੋਭਾ ਭਰਪੂਰ ਹੈ। ਪ੍ਰਕਾਸ਼ ਸਰੂਪ ਅਤੇ ਭੇਦ ਰਹਿਤ ਹੈ। ਇਹ ਸ਼ਕਤੀ ਹੀ ਸਾਰਿਆਂ ਦਾ ਆਦਿ ਹੈ ਅਤੇ ਦਾਤਾਰ ਹੋ ਕੇ ਸਭ ਨੂੰ ਦਾਤਾਂ ਬਖਸ਼ ਰਹੀ ਹੈ। ਇਹ ਹਸਤੀ ਸਭ ਨੂੰ ਪਾਲਣ ਵਾਲੀ, ਸਭ ਦਾ ਸੰਘਾਰ ਕਰਨ ਵਾਲੀ ਹੈ।

ਇਹ ਹਸਤੀ ਸਭ ਦਾ ਮੁੱਢ ਹੈ, ਹਰ ਥਾਂ ਪ੍ਰੀਪੂਰਨ ਹੋ ਕੇ ਰਮੀਂ ਹੋਈ ਹੈ, ਅਤੀਤ ਰੂਪ ਅਤੇ ਰਸ ਭਰਪੂਰ ਹੈ। ਜਿਸਦਾ ਕੋਈ ਖਾਸ ਦੇਸ਼ ਨਹੀਂ, ਜਿਸਦਾ ਕੋਈ ਵਿਸ਼ੇਸ਼ ਪਹਿਰਾਵਾ ਨਹੀਂ ਅਤੇ ਨਾ ਹੀ ਕੋਈ ਚਿਹਨ-ਚੱਕਰ ਅਤੇ ਖਾਸ ਰੰਗ ਰੂਪ ਹੈ। ਉਸਦਾ ਕੋਈ ਵਿਸ਼ੇਸ਼ ਨਾਮ ਨਹੀਂ ਹੈ, ਵਿਸ਼ੇਸ਼ ਘਰ ਨਹੀਂ, ਜੋ ਮਾਇਕੀ ਕਾਮਨਾਂ ਤੋਂ ਮੁਕਤ ਹੈ। ਇਹ ਸ਼ਕਤੀ ਸਭ ਦੀ ਸਨਮਾਨਯੋਗ ਅਤੇ ਸਦੀਵਕਾਲੀ ਹੈ।

ਨਿਰਗੁਨ ਸਰੂਪ ਵਿੱਚ ਇੱਕੋ ਇੱਕ ਹਸਤੀ ਹੋਣ ਦੇ ਬਾਵਜੂਦ ਸਰਗੁਨ ਸਰੂਪ ਵਿੱਚ ਉਸਦੇ ਅਨੇਕ ਤਰਾਂ ਵਿੱਚ ਦਰਸ਼ਨ ਹੋ ਰਹੇ ਹਨ ਕਿਉਂਕਿ ਉਸ ਇੱਕ ਹੋਂਦ ਨੇ ਹੀ ਅਨੇਕਾਂ ਰੂਪ ਧਾਰਨ ਕੀਤੇ ਹੋਏ ਹਨ।

ਸਰਗੁਨ ਸਰੂਪ ਵਿੱਚ ਸਾਰੀ ਜਗਤ ਖੇਡ, ਖੇਡ ਕੇ ਜਦੋਂ ਅਖੇਲ ਹੁੰਦਾ ਹੈ ਭਾਵ ਖੇਡ ਨੂੰ ਸੰਕੋਚ ਲੈਂਦਾ ਹੈ, ਮੁੜ ਨਿਰਗੁਨ ਸਰੂਪ ਵਿੱਚ ਇੱਕੋ ਹੋ ਜਾਂਦਾ ਹੈ। ਉਸ ਪਰਮ ਹਸਤੀ ਦਾ ਭੇਦ, ਦੇਵੀ ਦੇਵਤੇ ਅਤੇ ਧਾਰਮਕ ਗ੍ਰੰਥ ਵੀ ਨਹੀਂ ਜਾਣਦੇ। ਉਸ ਪਰਮ ਹਸਤੀ ਦਾ ਕੋਈ ਵਿਸ਼ੇਸ਼ ਰੂਪ ਰੰਗ, ਜਾਤ-ਗੋਤ ਨਹੀਂ। ਉਸਦੀ ਆਭਾ ਸੁੰਦਰਤਾ ਕਿਹੋ ਜਿਹੀ ਹੈ, ਉਹ ਆਪ ਹੀ ਜਾਣਦਾ ਹੈ।

ਉਸ ਪ੍ਰਭੂ ਪ੍ਰਮੇਸ਼ਰ ਦਾ ਨਾ ਕੋਈ ਮਾਤਾ-ਪਿਤਾ ਅਤੇ ਨਾ ਹੀ ਉਸਦੀ ਕੋਈ ਬਿੰਦੀ ਸੰਤਾਨ ਹੈ। ਉਹ ਆਵਾਗਉਣ ਦੇ ਚੱਕਰ ਤੋਂ ਰਹਿਤ ਹੈ।

ਜਿਸ ਅਟੱਲ ਹਸਤੀ ਦਾ ਸਤਾਣਾ ਹੁਕਮ ਸਾਰੇ ਭਵਨਾਂ ਅਤੇ ਚੌਹਾਂ ਚੱਕਾਂ ਵਿੱਚ ਵਰਤ ਰਿਹਾ ਹੈ। ਚੌਦਾਂ ਹੀ ਲੋਕਾਂ ਵਿੱਚ ਸਾਰੇ ਸੰਸਾਰ ਦੇ ਜੀਵ ਉਸਦਾ ਜਾਪ ਕਰਦੇ ਹਨ। ਸੰਸਾਰ ਰਚਨਾ ਦੇ ਅਰੰਭ ਤੋਂ ਹੀ ਉਹ ਪ੍ਰਕਾਸ਼ ਸਰੂਪ ਹੈ। ਉਸਦੀ ਹੋਂਦ ਹਸਤੀ ਅਨਾਦੀ ਹੈ। ਜਗਤ ਥਾਟ ਨੂੰ ਇਸਥਿਤ ਕਰਨ ਵਾਲੀ ਹੈ।

ਜੋ ਸਰਬ ਉਤਮ ਸਰੂਪ ਵਾਲਾ, ਨਿਰਮਲ ਪਵਿੱਤਰ ਹੋਂਦ ਵਾਲਾ, ਪਾਰਾਵਾਰ ਤੋਂ

ਪਰੇ ਪੂਰਨ ਪੁਰਖ ਹੈ। ਜੋ ਸਾਰੇ ਸੰਸਾਰ ਨੂੰ ਸਿਰਜਣ ਵਾਲਾ ਅਤੇ ਭੰਨਣ ਘੜਨ ਦੀ ਸਮਰੱਥਾ ਰੱਖਦਾ ਹੈ, ਜੋ ਸੁਤੇ ਪ੍ਰਕਾਸ਼ ਹੈ, ਜੋ ਕਾਲ ਚੱਕਰ ਤੋਂ ਮੁਕਤ ਅਤੇ ਦੇਸ਼ ਕਾਲ ਦੀ ਸੀਮਾਂ ਤੋਂ ਪਰੇ ਸਰਬ ਕਲਾ ਸਪੰਨ ਹੈ।

ਜੋ ਧਰਮ ਦਾ ਘਰ, ਸੰਸੇ ਤੋਂ ਪਰੇ, ਪੰਜ ਭੂਤਕੀ ਬਣਤਰ ਤੋਂ ਅਤੀਤ, ਸਮਝ ਸੂਝ ਤੋਂ ਪਰੇ, ਦੇਸ਼-ਭੇਸ਼ ਤੋਂ ਨਿਆਰਾ ਹੈ। ਜਿਸਦਾ ਕੋਈ ਵੀ ਪੰਜਾਂ ਤੱਤਾਂ ਦਾ ਸਰੀਰ ਨਹੀਂ, ਨਾ ਹੀ ਸਰੀਰਕ ਮੋਹ ਅਤੇ ਨਾ ਹੀ ਉਸਦਾ ਕੋਈ ਵਿਸ਼ੇਸ਼ ਨਾਉ ਅਤੇ ਰੰਗ, ਜਾਤ-ਵੰਸ਼ ਹੈ। ਉਹ ਪਰਮ ਹਸਤੀ ਸਭ ਦੇ ਹੰਕਾਰ ਤੋੜਨ ਵਾਲੀ, ਦੁਸ਼ਟ ਦੋਖੀਆਂ ਦਾ ਨਾਸ਼ ਕਰਨ ਵਾਲੀ ਅਤੇ ਹਰ ਕਿਸਮ ਦੀ ਕਾਮਨਾਂ ਤੋਂ ਖੁਲਾਸੀ ਬਖਸ਼ਸ਼ ਕਰਨ ਵਾਲੀ ਹੈ।

ਉਸਦਾ ਸਰੂਪ ਆਪਣੇ ਆਪ ਤੋਂ ਪ੍ਰਕਾਸ਼ ਹੈ। ਉਹ ਅੱਤ ਗਹਿਰ ਗੰਭੀਰ ਅਤੇ ਉਸਤਤ ਤੋਂ ਪਰੇ ਹੈ। ਇੱਕੋ ਇੱਕ ਨਿਰਲੇਪ ਪੁਰਖ ਹੈ। ਸਭ ਦਾ ਹੰਕਾਰ ਤੋੜਨ ਵਾਲਾ, ਨਾਸ਼ ਕਰਨ ਵਾਲਾ, ਜੂਨ-ਜਨਮ ਤੋਂ ਮੁਕਤ ਆਦਿ ਪੁਰਖ ਹੈ।

ਉਹ ਇੱਕੋ ਇੱਕ ਬੇਅੰਤ ਪੁਰਖ, ਅਬਿਨਾਸ਼ੀ ਹੈ। ਉਹ ਅਬਿਨਾਸ਼ੀ ਕਿਸੇ ਦੀ ਅੰਸ਼ ਨਹੀਂ। ਸਾਰੀ ਸ਼੍ਰਿਸ਼ਟੀ ਨੂੰ ਧੰਧਿਆਂ ਵਿੱਚ ਖਚਤ ਕਰਨ ਵਾਲਾ, ਸਾਰਿਆਂ ਦਾ ਨਾਸ਼ ਕਰਨ ਵਾਲਾ ਅਤੇ ਸਭਨਾਂ ਦੀ ਪਾਲਣਾ ਕਰਨ ਵਾਲਾ ਹੈ।

ਸਭਨਾਂ ਦੀ ਕਲਿਆਣ ਕਰਨ ਵਾਲਾ, ਸਭਨਾਂ ਨੂੰ ਮਾਰਨ ਵਾਲਾ ਅਤੇ ਸਭਨਾਂ ਤੋਂ ਨਿਰਾਲਾ ਹੈ। ਉਸ ਹੋਂਦ ਹਸਤੀ ਦਾ ਚੱਕਰ ਚਿਹਨ, ਰੂਪ ਰੰਗ ਸਾਰੇ ਵੇਦ ਸ਼ਾਸਤ੍ਰ ਵੀ ਨਹੀਂ ਦੱਸ ਸਕਦੇ। ਜੋ ਸਾਰਿਆਂ ਦਾ ਸਿਰਮੌਰ ਹੈ। ਜਿਸਨੂੰ ਵੇਦ ਸ਼ਾਸਤ੍ਰ ਅਤੇ ਪੁਰਾਣ ਸਦੀਵਕਾਲ, ਨ ਇਤੀ, ਨ ਇਤੀ, ਭਾਵ ਬੇਅੰਤ ਕਹਿ ਕੇ ਸਨਮਾਨਦੇ ਹਨ।

ਉਸ ਪ੍ਰਭੂ ਦੀ ਹੋਂਦ ਹਸਤੀ ਕ੍ਰੋੜਾਂ ਸਿਮ੍ਰਤੀਆਂ, ਪੁਰਾਣਾਂ ਅਤੇ ਸ਼ਾਸਤ੍ਰਾਂ ਦੀ ਕਲਪਨਾ ਵਿੱਚ ਵੀ ਨਹੀਂ ਆ ਸਕਦੀ।

ਐਸੇ ਗੁਣਾਂ ਦੀ ਮਾਲਕ ਹੈ ਉਹ ਪਰਮ ਹਸਤੀ, ਜਿਸਦੇ ਵਿਸ਼ੇਸ਼ ਗੁਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਾਪ ਸਾਹਿਬ ਦੀ ਬਾਣੀ ਵਿੱਚ ਨਿਰੂਪਣ ਕੀਤੇ ਹਨ :—

ਆਦਿ ਰੂਪ ਅਨਾਦਿ ਮੂਰਤਿ ਅਜੋਨਿ ਪੁਰਖ ਅਪਾਰ॥
ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ॥
ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨਿ ਕਾਲ॥
ਜੱਤ੍ਰ ਤੱਤ੍ਰ ਬਿਰਾਜਹੀ ਅਵਧੂਤ ਰੂਪ ਰਸਾਲ॥ ੭੯॥
ਨਾਮ ਠਾਮ ਨ ਜਾਤਿ ਜਾਕਰ ਰੂਪ ਰੰਗ ਨ ਰੇਖ॥
ਆਦਿ ਪੁਰਖ ਉਦਾਰ ਮੂਰਤਿ ਅਜੋਨਿ ਆਦਿ ਅਸੇਖ॥
ਦੇਸ ਔਰ ਨ ਭੇਸ ਜਾਕਰ ਰੂਪ ਰੇਖ ਨ ਰਾਗ॥

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥੮੦॥
ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ॥
ਸਰਬ ਮਾਨ ਸਰਬੱਤ੍ਰ ਮਾਨ ਸਦੈਵ ਮਾਨਤ ਤਾਹਿ॥
ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ॥ ੮੧॥
ਦੇਵ ਭੇਵ ਨ ਜਾਨਹੀ ਜਿਹ ਬੇਦ ਅਉਰ ਕਤੇਬ॥
ਰੂਪ ਰੰਗ ਨ ਜਾਤਿ ਪਾਤਿ ਸੁ ਜਾਨਈ ਕਿਹ ਜੇਬ॥
ਤਾਤ ਮਾਤ ਨ ਜਾਤ ਜਾਕਰ ਜਨਮ ਮਰਨ ਬਿਹੀਨ॥
ਚੱਕ੍ਰ ਬੱਕ੍ਰ ਫਿਰੈ ਚਤੁਰ ਚੱਕ ਮਾਨਹੀ ਪੁਰ ਤੀਨ॥ ੮੨॥
ਲੋਕ ਚਉਦਹ ਕੇ ਬਿਖੈ ਜਗ ਜਾਪਹੀ ਜਿਂਹ ਜਾਪ॥
ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਬੈ ਜਿਂਹ ਥਾਪਿ॥
ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖ ਅਪਾਰ॥
ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨਹਾਰ॥ ੮੩॥
ਕਾਲ ਹੀਨ ਕਲਾ ਸੰਜੁਗਤਿ ਅਕਾਲ ਪੁਰਖ ਅਦੇਸ॥
ਧਰਮ ਧਾਮ ਸੁ ਭਰਮ ਰਹਿਤ ਅਭੂਤ ਅਲਖ ਅਭੇਸ॥
ਅੰਗ ਰਾਗ ਨ ਰੰਗ ਜਾਕਹਿ ਜਾਤਿ ਪਾਤਿ ਨ ਨਾਮ॥
ਗਰਬ ਗੰਜਨ ਦੁਸਟ ਭੰਜਨ ਮੁਕਤਿ ਦਾਇਕ ਕਾਮ॥ ੮੪॥
ਆਪ ਰੂਪ ਅਮੀਕ ਅਨ ਉਸਤਤਿ ਏਕ ਪੁਰਖ ਅਵਧੂਤ॥
ਗਰਬ ਗੰਜਨ ਸਰਬ ਭੰਜਨ ਆਦਿ ਰੂਪ ਅਸੂਤ॥
ਅੰਗ ਹੀਨ ਅਭੰਗ ਅਨਾਤਮ ਏਕ ਪੁਰਖ ਅਪਾਰ॥
ਸਰਬ ਲਾਇਕ ਸਰਬ ਘਾਇਕ ਸਰਬ ਕੋ ਪ੍ਰਤਿਪਾਰ॥ ੮੫॥
ਸਰਬ ਗੰਤਾ ਸਰਬ ਹੰਤਾ ਸਰਬ ਤੇ ਅਨਭੇਖ॥
ਸਰਬ ਸਾਸਤ੍ਰ ਨ ਜਾਨਹੀ ਜਿਹ ਰੂਪ ਰੰਗੁ ਅਰੁ ਰੇਖ॥
ਪਰਮ ਬੇਦ ਪੁਰਾਣ ਜਾਕਹਿ ਨੇਤ ਭਾਖਤ ਨਿੱਤ॥
ਕੋਟਿ ਸਿੰਮ੍ਰਿਤ ਪੁਰਾਨ ਸਾਸਤ੍ਰ ਨ ਆਵਈ ਵਹੁ ਚਿੱਤ॥ ੮੬॥

(ਜਾਪ ਸਾਹਿਬ ਪਾ: ੧੦)

ਜਿਥੇ ਸਤਿਗੁਰੂ ਕਲਗੀਧਰ ਜੀ ਨੇ ਉਸ ਸਰਬ ਸ਼ਕਤੀਮਾਨ ਪ੍ਰਭੂ ਪ੍ਰਮੇਸ਼ਰ ਜੀ ਦੇ ਗੁਣ ਜਾਪੁ ਸਾਹਿਬ ਵਿੱਚ ਵਰਨਣ ਕੀਤੇ ਹਨ, ਜਿਹਨਾਂ ਨੂੰ ਪਿਛਲੇ ਪੰਨਿਆਂ ਵਿੱਚ ਆਪਾਂ ਵਾਚਿਆ ਹੈ ਉਸੇ ਦਾ ਹੀ ਹੋਰ ਖੁਲਾਸਾ ਕਰਨ ਵਾਸਤੇ ਤਾਂ ਜੋ ਉਸ ਪ੍ਰਭੂ ਦੀ ਹੋਂਦ ਦਾ ਕੋਈ ਕਿਣਕਾ ਸਾਡੇ ਅੰਦਰ ਬੈਠ ਜਾਵੇ ਅਤੇ ਅਸੀਂ ਵੀ ਉਸ ਸਰਬ-

ਸ਼ਕਤੀਆਂ ਦੀ ਮਾਲਕ ਹੋਂਦ, ਹਸਤੀ ਨਾਲ ਉਸਦੇ ਨਾਮ ਜਪ ਦੁਆਰਾ ਜੁੜ ਕੇ ਉਸ ਨਾਲ ਆਪਣਾ ਸੰਪਰਕ ਬਣਾ ਸਕੀਏ, ਕਲਗੀਧਰ ਪਾਤਸ਼ਾਹ ਜੀ ਨੇ ਅਕਾਲ ਉਸਤਤ ਵਿੱਚ ਚੌਪਈ ਰਚੀ ਹੈ। ਇਸ ਚੌਪਈ ਦੇ ਅਰਥ ਭਾਵ ਅਤੇ ਮੂਲ ਪਾਠ ਨੂੰ ਧਿਆਨ ਨਾਲ ਵਾਚੀਏ ਤੇ ਪੜ੍ਹੀਏ, ਪ੍ਰਭੂ ਪ੍ਰਮੇਸ਼ਰ ਜੀ ਪ੍ਰਥਾਇ ਹੋਰ ਵਧੇਰੇ ਸਪਸ਼ਟਤਾ ਹੋ ਜਾਵੇਗੀ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਕਿਸਨੂੰ ਨਮਸ਼ਕਾਰ ਕੀਤੀ ਹੈ ? ਸਾਹਿਬਾਂ ਦਾ ਫ਼ੁਰਮਾਨ ਹੈ :—

ਸਭ ਤੋਂ ਪਹਿਲਾਂ ਮੈਂ ਇੱਕ ਓਅੰਕਾਰ ਜੋ ਸਭ ਦਾ ਮੁੱਢ ਹੈ, ਸਾਰੇ ਪਸਾਰੇ ਦਾ ਮਾਲਕ ਹੈ, ਉਸਨੂੰ ਨਮਸਕਾਰ ਕਰਦਾ ਹਾਂ। ਜਿਸ ਪ੍ਰਭੂ ਨੇ ਜਲਾਂ ਥਲਾਂ, ਧਰਤੀ, ਅਕਾਸ਼ ਵਿੱਚ ਆਪਣਾ ਪਸਾਰਾ ਕੀਤਾ ਹੋਇਆ ਹੈ, ਉਹ ਸਭ ਕਾਸੇ ਦਾ ਆਦਿ ਹੈ। ਉਸਦੀ ਗਤੀ ਮਰਯਾਦਾ ਨੂੰ ਜਾਣਿਆਂ ਨਹੀਂ ਜਾ ਸਕਦਾ। ਉਸਦੀ ਹੋਂਦ ਕਦੇ ਵੀ ਨਾਸ਼ ਨਹੀਂ ਹੁੰਦੀ। ਉਸਦੀ ਜੋਤ ਚੌਦਾਂ ਲੋਕਾਂ ਵਿੱਚ ਪ੍ਰਕਾਸ਼ ਰਹੀ ਹੈ। ਉਸਦੀ ਜੋਤ ਵੱਡੇ-ਵੱਡੇ ਹਾਥੀਆਂ ਤੋਂ ਲੈ ਕੇ ਨਿੱਕੀ ਤੋਂ ਨਿੱਕੀ ਕੀੜੀ ਵਿੱਚ ਸਮਾਈ ਹੋਈ ਹੈ। ਰਾਜੇ ਅਤੇ ਕੰਗਾਲ ਉਸ ਵਾਸਤੇ ਇੱਕੋ ਜਿਹੇ ਹਨ। ਉਸਦੇ ਬਰਾਬਰ ਦਾ ਕੋਈ ਨਹੀਂ। ਉਸਦੀ ਸੰਪੂਰਣ ਲਖਤਾ ਨਹੀਂ ਹੋ ਸਕਦੀ। ਉਹ ਗਿਆਨ ਸਰੂਪ ਹੈ। ਸਾਰਿਆਂ ਦੇ ਹਿਰਦੇ ਵਿੱਚ ਇੱਕ ਰਸ ਬਿਰਾਜਮਾਨ ਹੈ। ਉਸਦਾ ਰੂਪ ਲਖਿਆ ਨਹੀਂ ਜਾ ਸਕਦਾ। ਉਹ ਅਬਿਨਾਸ਼ੀ ਹੈ, ਉਸਦਾ ਕੋਈ ਖਾਸ ਭੇਸ ਨਹੀਂ ਹੈ। ਨਾ ਉਸ ਦਾ ਕੋਈ ਵੈਰੀ ਹੈ। ਉਸਦਾ ਵਰਨ ਚਿਹਨ ਸਾਰਿਆਂ ਤੋਂ ਵੱਖਰਾ ਹੈ। ਉਹ ਪ੍ਰਮਾਤਮਾਂ ਹਸਤੀ ਆਦਿ ਕਾਲ ਤੋਂ ਹੈ, ਉਹ ਵਿਕਾਰ ਰਹਿਤ ਹੈ। ਉਸਦਾ ਰੂਪ ਰੰਗ, ਜਾਤਪਾਤ ਕੋਈ ਨਹੀਂ ਹੈ। ਉਸ ਹਸਤੀ ਦਾ ਜਨਮਦਾਤਾ (ਭਾਵ ਮਾਤਾ ਪਿਤਾ) ਕੋਈ ਨਹੀਂ, ਉਹ ਅਗਿਆਨਤਾ ਕਰਕੇ ਦੂਰ ਭਾਸਦੀ ਹੈ। ਪਰ ਸਭਨਾਂ ਦੇ ਨੇੜੇ ਵਸਦੀ ਹੈ। ਉਸਦਾ ਨਿਵਾਸ ਜਲਾਂ ਵਿੱਚ ਵੀ, ਥਲਾਂ ਵਿੱਚ ਵੀ, ਧਰਤੀ ਅਕਾਸ਼ ਸਭ ਥਾਂਈ ਹੈ। ਉਸਦਾ ਰੂਪ ਅਟੱਲ ਹੈ। ਉਸਦੀ ਅਨਹਦ ਨਾਦ ਬਾਣੀ ਆਪਣੇ ਆਪ ਹੋ ਰਹੀ ਹੈ। ਉਸਦੇ ਚਰਨਾਂ ਵਿੱਚ ਉਸ ਦੀਆਂ ਬਣਾਈਆਂ ਹੋਈਆਂ ਸ਼ਕਤੀਆਂ (ਦੁਰਗਾ ਵਰਗੀਆਂ) ਸਦਾ ਨਿਵਾਸ ਕਰਦੀਆਂ ਹਨ।

ਉਸ ਪ੍ਰਭੂ ਪ੍ਰਮੇਸ਼ਰ ਦਾ ਅੰਤ, ਬ੍ਰਹਮਾ, ਵਿਸ਼ਨੂੰ ਆਦਿ ਦੇਵਤਿਆਂ ਨੇ ਵੀ ਨਹੀਂ ਪਾਇਆ। ਚਾਰ ਮੂੰਹਾਂ ਵਾਲੇ ਬ੍ਰਹਮਾਂ ਨੇ ਤਾਂ ਉਸਨੂੰ ਨੇਤ ਨੇਤ (ਨ ਇਤੀ ਨ ਇਤੀ) ਹੀ ਵਖਾਨਿਆ ਹੈ।

ਉਸ ਹਸਤੀ ਨੇ ਕ੍ਰੋੜਾਂ ਇੰਦ੍ਰ ਅਤੇ ਬਾਬਨ ਵਰਗੇ ਅਵਤਾਰ ਬਣਾਏ ਹਨ। ਬ੍ਰਹਮਾ ਤੇ ਸ਼ਿਵ ਜੀ ਵਰਗੇ ਅਨੇਕਾਂ ਬਣਾ ਕੇ ਉਹਨਾਂ ਨੂੰ ਖਪਾ ਛੱਡਿਆ ਹੈ। ਚੌਦਾਂ ਲੋਕਾਂ ਵਿੱਚ ਉਸਨੇ ਆਪਣਾ ਖੇਡ ਤਮਾਸ਼ਾ ਬਣਾਇਆ ਹੈ। ਸਾਰੇ ਖੇਡ ਪਸਾਰੇ ਨੂੰ ਬਣਾ ਕੇ ਆਪ ਬਾਹਰ ਕਿਤੇ ਇਕਾਂਤ ਵਾਸੀ ਨਹੀਂ ਹੋਇਆ, ਆਪਣੀ ਰਚੀ ਖੇਡ ਦੇ ਵਿੱਚ ਹੀ

ਮਿਲ ਬੈਠਾ ਹੈ।

ਜਿਸ ਨੇ ਰਾਕਸ਼, ਦੇਵਤੇ, ਸ਼ੇਸ਼ਨਾਗ ਵਰਗੇ ਅਨਗਿਣਤ ਸ਼ੁਭ ਵਿਚਾਰਾਂ ਵਾਲੇ ਗੰਧ੍ਰਬ ਅਤੇ ਜੱਛ ਰਚੇ ਹਨ। ਜਿਸ ਦੀ ਹੋਂਦ ਹਸਤੀ ਦੀ ਚਰਚਾ ਪਿਛਲੇ ਸਮੇਂ ਵਿੱਚ ਵੀ ਹੁੰਦੀ ਰਹੀ, ਵਰਤਮਾਨ ਵਿੱਚ ਹੋ ਰਹੀ ਹੈ, ਆਉਣ ਵਾਲੇ ਸਮੇਂ ਵਿੱਚ ਹੁੰਦੀ ਰਹੇਗੀ। ਉਹ ਹਰ ਇੱਕ ਦੇ ਅੰਦਰ ਦੀ ਜਾਣਦਾ ਹੈ। ਉਸਦਾ ਨਾ ਕੋਈ ਪਿਤਾ, ਨਾ ਮਾਤਾ, ਨਾ ਹੀ ਉਸਦੀ ਕੋਈ ਜਾਤ ਗੋਤ ਹੈ। ਉਹ ਕਿਸੇ ਇਕ ਰੰਗ ਵਿੱਚ ਨਹੀਂ ਉਹ ਸਾਰਿਆਂ ਵਿੱਚ ਸਮਾਇਆ ਹੋਇਆ ਹੈ। ਹਰ ਥਾਂ, ਹਰ ਜਗ੍ਹਾ ਉਸਦੀ ਲਖਤਾ ਹੋ ਸਕਦੀ ਹੈ। ਪਰ ਲੋੜ ਹੈ ਉਸਨੂੰ ਚੀਨਣ ਦੀ। ਉਹ ਕਾਲ ਤੋਂ ਰਹਿਤ, ਅਕਾਲ ਸਰੂਪ ਹੈ। ਉਸਦੀ ਕੋਈ ਲਖਤਾ ਨਹੀਂ ਕਰ ਸਕਦਾ। ਉਹ ਸਰੀਰ ਰਹਿਤ, ਸ਼ੁਧ ਸਰੂਪੀ ਹੈ। ਜਿੱਥੇ ਉਸਦਾ ਕੋਈ ਜਾਤ ਗੋਤ ਨਹੀਂ ਉੱਥੇ ਉਸਦਾ ਕੋਈ ਰੰਗ ਅਤੇ ਚਿਹਨ ਨਹੀਂ, ਭਰਮ ਭੇਖ ਤੋਂ ਰਹਿਤ ਅਬਿਨਾਸ਼ੀ ਨਿਰੰਕਾਰ ਸਰੂਪ ਹੈ।

ਉਹ ਸਭਨਾਂ ਦਾ ਨਾਸ਼ਕ ਅਤੇ ਰਚਣਹਾਰ ਹੈ। ਸਭ ਦੇ ਰੋਗਾਂ ਸੋਗਾਂ ਅਤੇ ਦੁੱਖਾਂ ਨੂੰ ਦੂਰ ਕਰਨ ਵਾਲਾ ਹੈ। ਜਿਸ ਜਿਸਨੇ ਉਸਨੂੰ ਇੱਕ ਚਿੱਤ ਅਤੇ ਇਕ ਛਿੰਨ ਦੀ ਅਵਸਥਾ ਨਾਲ ਧਿਆਇਆ ਹੈ, ਮੁੜ ਉਸ ਨੂੰ ਕਾਲ ਦੀ ਫਾਹੀ ਵਿੱਚ ਨਹੀਂ ਫਸਣਾ ਪੈਂਦਾ :—

ਪ੍ਰਣਵੋ ਆਦਿ ਏਕੰਕਾਰਾ॥ ਜਲ ਥਲ ਮਹੀਅਲ ਕੀਓ ਪਸਾਰਾ॥
ਆਦਿ ਪੁਰਖੁ ਅਬਿਗਤਿ ਅਬਿਨਾਸੀ॥ ਲੋਕ ਚੱਤ੍ਰਦਸ ਜੋਤਿ ਪ੍ਰਕਾਸੀ॥ ੧॥
ਹਸਤ ਕੀਟ ਕੇ ਬੀਚ ਸਮਾਨਾ॥ ਰਾਵ ਰੰਕ ਜਿਹ ਇਕ ਸਰ ਜਾਨਾ॥
ਅਦ੍ਵੈ ਅਲਖ ਪੁਰਖ ਅਬਿਗਾਮੀ॥ ਸਭ ਘਟ ਘਟ ਕੇ ਅੰਤਰਜਾਮੀ॥ ੨॥
ਅਲਖ ਰੂਪ ਅਛੈ ਅਨਭੇਖਾ॥ ਰਾਗ ਰੰਗ ਜਿਹ ਰੂਪ ਨ ਰੇਖਾ॥
ਬਰਨ ਚਿਹਨ ਸਭਹੂੰ ਤੇ ਨਿਆਰਾ॥ ਆਦ ਪੁਰਖ ਅਦ੍ਵੈ ਅਬਿਕਾਰਾ॥ ੩॥
ਬਰਨ ਚਿਹਨ ਜਿਹ ਜਾਤ ਨ ਪਾਤਾ॥ ਸੱਤ੍ਰ ਮਿੱਤ੍ਰ ਜਿਹ ਤਾਤ ਨ ਮਾਤਾ॥
ਸਭ ਤੇ ਦੂਰਿ ਸਭਨ ਤੇ ਨੇਰਾ॥ ਜਲ ਥਲ ਮਹੀਅਲ ਜਾਹਿ ਬਸੇਰਾ॥ ੪॥
ਅਨਹਦ ਰੂਪ ਅਨਾਹਦ ਬਾਨੀ॥ ਚਰਨ ਸਰਨ ਜਿਹ ਬਸਤ ਭਵਾਨੀ॥
ਬ੍ਰਹਮਾ ਬਿਸਨ ਅੰਤੁ ਨਹੀ ਪਾਇਓ॥ ਨੇਤ ਨੇਤ ਮੁਖ ਚਾਰ ਬਤਾਇਓ॥ ੫॥
ਕੋਟਿ ਇੰਦ੍ਰ ਉਪਇੰਦ੍ਰ ਬਨਾਏ॥ ਬ੍ਰਹਮਾ ਰੁਦ੍ਰ ਉਪਾਇ ਖਪਾਏ॥
ਲੋਕ ਚੱਤ੍ਰ ਦਸ ਖੇਲ ਰਚਾਇਓ॥ ਬਹੁਰ ਆਪ ਹੀ ਬੀਚ ਮਿਲਾਇਓ॥ ੬॥
ਦਾਨਵ ਦੇਵ ਫਨਿੰਦ ਅਪਾਰਾ॥ ਗੰਧ੍ਰਬ ਜੱਛ ਰਚੈ ਸੁਭ ਚਾਰਾ॥
ਭੂਤ ਭਵਿਖ ਭਵਾਨ ਕਹਾਨੀ॥ ਘਟ ਘਟ ਕੇ ਪਟ ਪਟ ਕੀ ਜਾਨੀ॥ ੭॥
ਤਾਤ ਮਾਤ ਜਿਹ ਜਾਤ ਨਾ ਪਾਤਾ॥ ਏਕ ਰੰਗ ਕਾਹੂ ਨਹੀ ਰਾਤਾ॥

ਸਰਬ ਜੋਤ ਕੇ ਬੀਚ ਸਮਾਨਾ॥ ਸਭਹੂੰ ਸਰਬ ਠੌਰ ਪਹਿਚਾਨਾ॥੮॥
ਕਾਲ ਰਹਤ ਅਨਕਾਲ ਸਰੂਪਾ॥ ਅਲਖ ਪੁਰਖ ਅਬਗਤ ਅਵਧੂਤਾ॥
ਜਾਤ ਪਾਤ ਜਿਹ ਚਿਹਨ ਨ ਬਰਨਾ॥ ਅਬਗਤ ਦੇਵ ਅਛੈ ਅਨਭਰਮਾ॥ ੯॥
ਸਭ ਕੋ ਕਾਲ ਸਭਨ ਕੋ ਕਰਤਾ॥ ਰੋਗ ਸੋਗ ਦੋਖਨ ਕੋ ਹਰਤਾ॥
ਏਕ ਚਿੱਤ ਜਿਹ ਇਕ ਛਿਨ ਧਿਆਇਓ॥ ਕਾਲ ਫਾਸ ਕੇ ਬੀਚ ਨ ਆਇਓ॥੧੦॥

(ਚੌਪਈ ਪਾ: ੧੦ ਅਕਾਲ ਉਸਤਤ)

ਕਲਗੀਧਰ ਪਾਤਸ਼ਾਹ ਜੀ ਦੇ ਮੁਖਾਰਬਿੰਦ ਤੋਂ ਉਚਾਰਨ ਕੀਤੀ ਚੌਪਈ ਤੋਂ ਸਪੱਸ਼ਟ ਹੈ ਕਿ ਅਕਾਲ ਪੁਰਖ ਸਰਬ ਗੁਣ ਸਪੰਨ, ਸਰਬ ਸ਼ਕਤੀਮਾਨ ਅਤੇ ਸਰਬ ਬਿਆਪਕ ਹੈ। ਇਸੇ ਤਰਾਂ ਉਸ ਪ੍ਰਭੂ ਮਾਲਕ ਦੇ ਨਾਮ ਵਿੱਚ ਵੀ ਪ੍ਰਭੂ ਜਿੰਨੀ ਹੀ ਸ਼ਕਤੀ ਹੈ। ਨਾਮ ਵੀ ਸਰਬ ਗੁਣ ਸਪੰਨ-ਸਰਬ ਸ਼ਕਤੀਮਾਨ ਅਤੇ ਸਰਬ ਬਿਆਪਕ ਹੈ।

ਨਾਮ ਦੀ ਸ਼ਕਤੀ ਨੂੰ ਸਮਝਣ ਵਾਸਤੇ ਇੱਕ ਜਟਕੀ ਜਿਹੀ ਮਿਸਾਲ ਜੋ ਆਪਾਂ ਨਿੱਤ ਵਰਤੋਂ ਵਿੱਚ ਲਿਆਉਂਦੇ ਹਾਂ ਤੇ ਵੇਖਦੇ ਹਾਂ, ਵਾਚਣ ਦਾ ਜਤਨ ਕਰੀਏ। ਸ਼ਾਇਦ ਕੁਝ ਸਪੱਸ਼ਟਤਾ ਵਧੇਰੇ ਹੋ ਜਾਵੇ :—

ਕਈ ਵਾਰੀ ਆਪਾਂ ਵੇਖਿਆ ਹੋਵੇਗਾ ਤੇ ਕੰਨਾਂ ਨਾਲ ਸੁਣਿਆ ਵੀ ਹੋਵੇਗਾ। ਕੋਈ ਮਨੁੱਖ ਕਿਤੇ ਦੂਰ-ਦੁਰਾਡੇ ਚਲਿਆ ਹੋਵੇ। ਉਹ ਜਾਣ ਤੋਂ ਪਹਿਲਾਂ ਆਪਣੇ ਮਿੱਤਰ ਨੂੰ ਮਿਲਣ ਵਾਸਤੇ ਜਾਂਦਾ ਹੈ। ਉਸਦਾ ਮਿੱਤਰ ਜਿਸ ਨੂੰ ਉਹ ਮਿਲਣ ਗਿਆ, ਬੜੀ ਉੱਚ ਪਦਵੀ ਦਾ ਮਾਲਕ ਹੈ, ਬੜੇ ਰਸੂਖ ਅਤੇ ਪੈਸੇ ਵਾਲਾ ਹੈ। ਉਸਦਾ ਨਾਮ ਦੂਸਰੇ ਸੂਬਿਆਂ ਵਾਲੇ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ। ਐਸੇ ਮਨੁੱਖ ਦੀ ਪਹੁੰਚ ਸਟੇਟ ਤੱਕ ਹੀ ਨਹੀਂ। ਸੈਂਟਰ ਤੱਕ ਹੋਵੇ। ਉਹ ਮਿਲਣ ਆਏ ਮਿੱਤਰ ਨੂੰ ਹਮਦਰਦੀ ਵਜੋਂ ਕਹਿੰਦਾ ਹੈ ਕਿ ਤੂ ਮੇਰਾ ਬੜਾ ਦੋਸਤ ਹੈਂ। ਦੂਰ ਚੱਲਿਆ ਹੈਂ, ਰਸਤੇ ਵਿੱਚ, ਕਿਸੇ ਸ਼ਹਿਰ ਵਿੱਚ ਜਿੱਥੇ ਵੀ ਤੈਨੂੰ ਲੋੜ ਪਵੇ, ਕੋਈ ਕਰਮਚਾਰੀ ਤੈਨੂੰ ਤੰਗ ਕਰੇ ਜਾਂ ਕਿਸੇ ਕਿਸਮ ਦੀ ਪ੍ਰੇਸ਼ਾਨੀ ਬਣੇ ਤਾਂ ਮੇਰਾ ਨਾਮ ਲੈ ਦੇਵੀਂ, ਮੇਰਾ ਨਾਮ ਲੈਣ ਦੇ ਨਾਲ ਤੈਨੂੰ ਕੋਈ ਵੀ ਕੁਝ ਨਹੀਂ ਕਹੇਗਾ ਜਾਂ ਫਿਰ ਆਪਣਾ ਇੱਕ ਛੋਟਾ ਜਿਹਾ ਕਾਰਡ ਦਸਖਤ ਕਰਕੇ ਦੇ ਦਿੰਦਾ ਹੈ ਅਤੇ ਨਾਲ ਤਾਕੀਦ ਕਰ ਦਿੰਦਾ ਹੈ ਕਿ ਇਹ ਕਾਰਡ ਤੂੰ ਕਿਸੇ ਨੂੰ ਵਿਖਾਵੀਂ ਨਾ, ਸਿਰਫ ਮੇਰਾ ਨਾ ਲੈਣ ਨਾਲ ਹੀ ਤੇਰਾ ਕੰਮ ਚਲ ਜਾਵੇਗਾ। ਜੇ ਬਿਲਕੁਲ ਹੀ ਸਿਰੋ ਭੁੱਲ ਜਾਵੇ ਫਿਰ ਮੇਰਾ ਦਸਖਤਾਂ ਵਾਲਾ ਕਾਰਡ ਵਿਖਾ ਦੇਵੀਂ, ਅੱਵਲ ਲੋੜ ਨਹੀਂ। ਸੋ ਹੁੰਦਾ ਵੀ ਐਸਾ ਹੀ ਹੈ। ਜਦੋਂ ਸਫਰ ਕਰਨ ਵਾਲੇ ਨੂੰ ਮੁਸ਼ਕਲ ਆਉਂਦੀ ਹੈ। ਕੋਈ ਕਰਮਚਾਰੀ ਤੰਗ ਕਰਦਾ ਹੈ, ਉਹ ਮਨੁੱਖ ਆਪਣੇ ਮਿੱਤਰ ਦਾ ਨਾਉ ਲੈ ਦਿੰਦਾ ਹੈ ਕਿ ਮੈਂ ਫਲਾਨੇ ਦਾ ਬੰਦਾ ਹਾਂ। ਉਹ ਮੇਰਾ ਦੋਸਤ ਹੈ। ਝੱਟ ਕਰਮਚਾਰੀ ਉਸ ਉੱਚ ਪਦਵੀ ਵਾਲੇ ਮਨੁੱਖ ਦਾ ਨਾਉ ਸੁਣ ਕੇ, ਉਸ ਦਾ ਕੰਮ ਕਰ ਦਿੰਦਾ ਹੈ ਅਤੇ

ਉਸਦੀ ਬਣੀ ਰੁਕਾਵਟ ਵੀ ਦੂਰ ਹੋ ਜਾਂਦੀ ਹੈ। ਆਪਾਂ ਸੋਚੀਏ ਉਹ ਮਨੁੱਖ ਸੈਂਕੜੇ ਮੀਲਾਂ ਤੇ ਬੈਠਾ ਹੈ। ਉਸਦੀ ਉੱਥੇ ਹੋਂਦ ਵੀ ਨਹੀਂ, ਕੇਵਲ ਦੁਨਿਆਵੀ ਉੱਚ ਪਦਵੀ ਤੇ ਹੋਣ ਕਾਰਣ ਉਸਦਾ ਨਾਮ ਲੈਣ ਨਾਲ ਸਾਰੇ ਕੰਮ ਹੋ ਜਾਂਦੇ ਹਨ।

ਪ੍ਰਮੇਸ਼ਰ ਅਕਾਲ ਪੁਰਖ ਜੋ ਸਾਰੇ ਰਾਜੇ ਮਹਾਰਾਜਿਆਂ ਦਾ ਸਿਰਮੌਰ ਮਾਲਕ ਹੈ। ਜਿਸ ਦੇ ਹੁਕਮ ਵਿੱਚ ਸਾਰੀ ਕਾਇਨਾਤ ਚਲ ਰਹੀ ਹੈ। ਜਿਸਦੇ ਹੁਕਮ ਵਿੱਚ, ਪਉਣ, ਪਾਣੀ, ਲੱਖਾਂ ਦਰੀਆਉ ਚਲ ਰਹੇ ਹਨ। ਜਿਸਦੇ ਹੁਕਮ ਵਿੱਚ ਸੰਸਾਰ ਤਾਂ ਕੀ, ਸੂਰਜ, ਚੰਦਰਮਾ, ਧਰਮ ਰਾਜਾ, ਦੇਵਤਿਆਂ ਦਾ ਸਿਰਮੌਰ ਇੰਦ੍ਰ, ਦੇਵਤੇ, ਰਿੱਧੀਆਂ ਸਿੱਧੀਆਂ ਦੀ ਪ੍ਰਾਪਤੀ ਵਾਲੇ, ਜੋਗੀ ਜਤੀ, ਜੋਧੇ ਮਹਾਬਲੀ ਸੂਰਮੇਂ, ਹੁਕਮ ਵਿੱਚ ਵਿਗਾਰਾਂ ਕੱਢਦੇ ਹਨ। ਜਿਸ ਦੇ ਹੁਕਮ ਨਾਲ ਪੂਰਾਂ ਦੇ ਪੂਰ ਸੰਸਾਰ ਵਿੱਚ ਜੰਮਦੇ ਤੇ ਮਰ ਜਾਂਦੇ ਹਨ :—

ਭੈ ਵਿਚਿ ਪਵਣੁ ਵਹੈ ਸਦਵਾਉ॥
ਭੈ ਵਿਚਿ ਚਲਹਿ ਲਖ ਦਰੀਆਉ॥
ਭੈ ਵਿਚਿ ਅਗਨਿ ਕਢੈ ਵੇਗਾਰਿ॥
ਭੈ ਵਿਚਿ ਧਰਤੀ ਦਬੀ ਭਾਰਿ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥
ਭੈ ਵਿਚਿ ਰਾਜਾ ਧਰਮ ਦੁਆਰੁ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥
ਕੋਹ ਕਰੋੜੀ ਚਲਤ ਨ ਅੰਤੁ॥
ਭੈ ਵਿਚਿ ਸਿਧ ਬੁਧ ਸੁਰ ਨਾਥ॥
ਭੈ ਵਿਚਿ ਆਡਾਣੇ ਆਕਾਸ॥
ਭੈ ਵਿਚਿ ਜੋਧ ਮਹਾਬਲ ਸੂਰ॥
ਭੈ ਵਿਚਿ ਆਵਹਿ ਜਾਵਹਿ ਪੂਰ॥
ਸਗਲਿਆ ਭਉ ਲਿਖਿਆ ਸਿਰਿ ਲੇਖੁ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥੧॥

ਸਲੋਕ ਮ: ੧ (ਪੰਨਾ ੪੬੪)

ਐਸੇ ਸਤਾਣੇ, ਸਰਬ ਸ਼ਕਤੀਮਾਨ, ਸਰਬ ਸਮੱਰਥ, ਸਰਬ ਬਿਆਪਕ ਪ੍ਰਭੂ ਦੇ ਨਾਮ ਵਿੱਚ ਕਿੰਨੀ ਕੁ ਸ਼ਕਤੀ ਹੈ ? ਉਸਦਾ ਅਲਪ ਬੁੱਧੀ ਨਾਲ ਅਨੁਮਾਨ ਲਾਉਣਾ ਕਠਨ ਹੈ।

ਉਂਝ ਨਾਮ ਦੀ ਸ਼ਕਤੀ ਦੇ ਸੰਕੇਤ ਗੁਰਬਾਣੀ ਵਿੱਚ ਦਿੱਤੇ ਹਨ ਕਿ ਵੇਖੋ ਨਾਮ

ਵਿੱਚ ਕਿੰਨੀ ਬਰਕਤ ਅਤੇ ਸ਼ਕਤੀ ਹੈ। ਉਸ ਮਾਲਕ ਦਾ ਨਾਮ ਸੁਣ ਕੇ ਜਮ ਦੂਤ ਡਰ ਕੇ ਦੂਰ ਭੱਜ ਜਾਂਦੇ ਹਨ :—

ਸੁਣਿ ਕੈ ਜਮ ਕੇ ਦੂਤ ਨਾਇ ਤੇਰੈ ਛਡਿ ਜਾਹਿ॥

ਸਲੋਕ ਮ: ੫ (ਪੰਨਾ : ੯੬੨)

ਨਾਮ ਦੇ ਸੁਣਨ ਨਾਲ ਕੀ ਕੁਝ ਨਹੀਂ ਮਿਲਦਾ ? ਸਭ ਕੁਝ ਹੀ ਪ੍ਰਾਪਤ ਹੋ ਜਾਂਦਾ ਹੈ। ਜਿੱਥੇ ਨਾਮ ਸੁਣਕੇ ਜਮਦੂਤ ਭੱਜ ਜਾਂਦੇ ਹਨ ਉੱਥੇ, ਹਰ ਤਰ੍ਹਾਂ ਦੀ ਪਵਿੱਤ੍ਰਤਾ ਪ੍ਰਾਪਤ ਹੋ ਜਾਂਦੀ ਹੈ। ਨਾਮ ਸੁਣਨ ਨਾਲ ਅਗਿਆਨ ਭਰਮ ਦੂਰ ਹੋ ਜਾਂਦਾ ਹੈ। ਗਿਆਨ ਦਾ ਪ੍ਰਕਾਸ਼ ਪ੍ਰਾਪਤ ਹੁੰਦਾ ਹੈ। ਪਾਪ ਕੱਟੇ ਜਾਂਦੇ ਹਨ। ਆਪੇ ਦੀ ਆਪੇ ਨੂੰ ਸੋਝੀ ਹੋ ਆਉਂਦੀ ਹੈ। ਪ੍ਰਭੂ ਦਾ ਨਾਮ ਲੋਕ ਪਰਲੋਕ ਦੇ ਵਿੱਚ ਮੁਖ ਉੱਜਲਾ ਕਰ ਦਿੰਦਾ ਹੈ। ਪ੍ਰਭੂ ਦਾ ਨਾਮ ਪ੍ਰਭੂ ਦੀ ਪ੍ਰਾਪਤੀ ਕਰਵਾ ਦਿੰਦਾ ਹੈ। ਸਾਹਿਬਾਂ ਦਾ ਫੁਰਮਾਨ ਹੈ :—

ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ॥
ਨਾਇ ਸੁਣਿਐ ਘਟਿ ਚਾਨਣਾ ਆਨੇ੍ਰੁ ਗਵਾਵੈ॥
ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ॥
ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ॥
ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ॥

ਪਉੜੀ (ਪੰਨਾ : ੧੨੪੦)

ਕੈਸੀ ਹੈ ! ਪ੍ਰਭੂ ਜੀ ਦੇ ਨਾਮ ਦੀ ਸ਼ਕਤੀ ਜਿਸ ਤੋਂ ਅਸੀਂ ਅਵੇਸਲੇ ਹਾਂ। ਪੜ੍ਹੀਏ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ, ਨਾਮ ਦੀ ਸ਼ਕਤੀ ਦਾ ਪਤਾ ਚਲ ਜਾਵੇਗਾ। ਸਾਹਿਬਾਂ ਦਾ ਫੁਰਮਾਨ ਹੈ ਕਿ ਨਾਮ ਸੁਣਨ ਅਤੇ ਜਪਣ ਨਾਲ ਸਾਰੇ ਬਿਘਨਾਂ ਦਾ ਨਾਸ਼ ਹੋ ਜਾਂਦਾ ਹੈ। ਪ੍ਰਭੂ ਦਾ ਨਾਮ ਸੁਣਦਿਆਂ ਸਾਰ ਹੀ ਜਮਦੂਤ ਵੇਖ ਕੇ ਦੂਰ ਭੱਜ ਜਾਂਦੇ ਹਨ। ਨਾਮ ਸੁਣਨ ਤੇ ਜਪਣ ਨਾਲ ਸਾਰੇ ਦੁੱਖਾਂ ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ। ਨਾਮ ਹੀ ਹਰੀ ਪ੍ਰਭੂ ਦੇ ਚਰਨਾਂ ਵਿੱਚ ਨਿਵਾਸ ਬਖਸ਼ਸ਼ ਕਰਵਾ ਦਿੰਦਾ ਹੈ।

ਹੇ ਭਰਾਵੋ ! ਹਰੀ ਦਾ ਨਾਮ ਹੀ, ਹਰੀ ਦੀ ਭਗਤੀ ਹੀ, ਸਾਰੇ ਬਿਘਨਾਂ ਦਾ ਨਾਸ਼ ਕਰਨ ਵਾਲੀ ਹੈ। ਨਾਮ ਜਪਣ ਵਾਲਿਆਂ ਨੂੰ ਭੈੜੀ ਨਜ਼ਰ ਵੀ ਨਹੀਂ ਲੱਗਦੀ। ਨਾਮ ਜਪਣ ਨਾਲ ਦੈਂਤ ਅਤੇ ਵੱਡੇ-ਵੱਡੇ ਦਿਉ ਵੀ ਨੇੜੇ ਤੱਕ ਨਹੀਂ ਪੁੰਹਦੇ। ਨਾਮ ਸਿਮਰਨ ਨਾਲ ਮਾਇਆ ਦੇ ਦੂਤ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਮਨੁੱਖ ਦੇ ਨੇੜੇ ਨਹੀਂ ਫਟਕਦੇ। ਹੰਕਾਰ ਤੇ ਮੋਹ ਵੀ ਮਨੁੱਖ ਦਾ ਖਹਿੜਾ ਛੱਡ ਜਾਂਦੇ ਹਨ। ਹਰੀ ਦਾ ਨਾਮ ਜਪਣ ਨਾਲ ਗਰਭ ਜੂਨੀਆਂ ਵਿੱਚੋਂ ਛੁਟਕਾਰਾ ਮਿਲ ਜਾਂਦਾ ਹੈ :—

ਨਾਮੁ ਲੈਤ ਕਿਛੁ ਬਿਘਨੁ ਨ ਲਾਗੈ॥

ਨਾਮੁ ਸੁਣਤ ਜਮੁ ਦੂਰਹੁ ਭਾਗੈ॥
ਨਾਮੁ ਲੈਤ ਸਭ ਦੂਖਹ ਨਾਸੁ॥
ਨਾਮੁ ਜਪਤ ਹਰਿ ਚਰਣ ਨਿਵਾਸੁ॥ ੧॥
ਨਿਰਬਿਘਨ ਭਗਤਿ ਭਜੁ ਹਰਿ ਹਰਿ ਨਾਉ॥
ਰਸਕਿ ਰਸਕਿ ਹਰਿ ਕੇ ਗੁਣ ਗਾਉ॥ ੧॥ ਰਹਾਉ॥
ਹਰਿ ਸਿਮਰਤ ਕਿਛੁ ਚਾਖੁ ਨ ਜੋਹੈ॥
ਹਰਿ ਸਿਮਰਤ ਦੈਤ ਦੇਉ ਨ ਪੋਹੈ॥
ਹਰਿ ਸਿਮਰਤ ਮੋਹੁ ਮਾਨੁ ਨ ਬਧੈ॥
ਹਰਿ ਸਿਮਰਤ ਗਰਭ ਜੋਨਿ ਨ ਰੁਧੈ॥

ਭੈਰਉ ਮ: ੫ (ਪੰਨਾ : ੧੧੫੦)

ਨਾਮ, ਅਕਾਲ ਪੁਰਖ ਦਾ ਰੂਪ ਹੋਣ ਕਰਕੇ ਅਕਾਲ ਪੁਰਖ ਜਿੰਨੀ ਹੀ ਤਾਕਤ ਰੱਖਦਾ ਹੈ। ਅਕਾਲ ਪੁਰਖ ਜਿੰਨੀ ਸੱਤਿਆ ਦਾ ਮਾਲਕ ਹੈ ਕਿਉਂਕਿ ਨਾਮ ਤੇ ਨਾਮੀ ਆਪਸ ਵਿੱਚ ਓਤ ਪੋਤ ਹਨ। ਤਦ ਹੀ ਸਤਿਗੁਰੂ ਅਰਜਨ ਦੇਵ ਜੀ ਨੇ ਨਾਮ ਦੀ ਮਹਾਨਤਾ ਦਰਸਾਉਂਦੇ ਭੈਰਉ ਰਾਗ ਵਿੱਚ ਫੁਰਮਾਨ ਕੀਤਾ ਹੈ ਕਿ ਨਾਮ ਹੀ ਸਾਡੇ ਸਾਰੇ ਕਾਰਜ ਸਵਾਰਦਾ ਹੈ। ਨਾਮ ਹੀ ਸਾਡੇ ਹਰ ਥਾਂ ਕੰਮ ਆਉਣ ਵਾਲਾ ਹੈ। ਨਾਮ ਹੀ ਸਾਡੇ ਅੰਦਰ ਦੀ ਜਾਨਣ ਵਾਲਾ ਹੈ। ਹਰੀ ਦਾ ਨਾਮ ਹੀ ਸਾਡੇ ਰੋਮ-ਰੋਮ ਵਿੱਚ ਸਮਾਇਆ ਹੋਇਆ ਹੈ।

ਨਾਮ ਹੀ ਐਸਾ ਅਮੋਲਕ ਰਤਨਾਂ ਦਾ ਭੰਡਾਰ ਹੈ। ਇਹ ਅਮੋਲਕ ਰਤਨ, ਅਪਹੁੰਚ ਅਤੇ ਬਿਅੰਤ ਬਿਅੰਤ ਕੀਮਤੀ ਹਨ। ਨਾਮ ਹੀ ਸਾਡਾ ਸਦਾ ਕਾਇਮ ਰਹਿਣ ਵਾਲਾ ਮਾਲਕ ਹੈ। ਨਾਮ ਦੀ ਸ਼ੋਭਾ ਸਭ ਘਟਾਂ, ਸਭ ਥਾਵਾਂ ਵਿੱਚ ਹੈ। ਹੇ ਭਾਈ ! ਨਾਮ ਹੀ ਸਾਡਾ ਸ਼ਾਹ ਹੈ। ਨਾਮ ਜਿੱਥੇ ਆਪ ਬੇ-ਪ੍ਰਵਾਹ ਹੈ, ਉੱਥੇ ਜਪਣ ਵਾਲੇ ਨੂੰ ਬੇ-ਪ੍ਰਵਾਹੀ ਬਖਸ਼ਸ਼ ਕਰਦਾ ਹੈ। ਹੇ ਗੁਰਮੁਖੋ ! ਨਾਮ ਹੀ ਸਾਡਾ ਪ੍ਰੀਤੀ ਭੋਜਨ ਹੈ। ਨਾਮ ਹੀ ਸਾਡਾ ਸੁਆਰਥ (ਮੰਗ) ਹੈ। ਗੁਰੂ ਮਿਹਰ ਨਾਲ ਜਿਸ ਨੂੰ ਨਾਮ ਨਹੀਂ ਵਿਸਰਦਾ ਉਸਦੇ ਹਿਰਦੇ ਵਿੱਚ ਇੱਕ ਰਸ ਅਨਾਹਦ ਨਾਦ ਵੱਜਣ ਲੱਗ ਜਾਂਦੇ ਹਨ। ਨਾਮੀਂ ਪ੍ਰਭੂ ਦੀ ਮਿਹਰ ਨਾਲ ਨਉ ਨਿੱਧਾਂ ਦਾ ਦਾਤਾ ਨਾਮ ਪ੍ਰਾਪਤ ਹੁੰਦਾ ਹੈ। ਗੁਰੂ ਪਮੇਸ਼ਰ ਦੀ ਰਹਿਮਤ ਹੋ ਜਾਵੇ ਤਦ ਨਾਮ ਦੇ ਨਾਲ ਪ੍ਰੀਤੀ ਬਣ ਜਾਂਦੀ ਹੈ। ਸਤਿਗੁਰੂ ਜੀ ਦੇ ਫੁਰਮਾਨ ਅਨੁਸਾਰ ਅਸਲੀ ਸੱਚੇ ਸ਼ਾਹ-ਧਨਵਾਨ ਉਹ ਹਨ ਜਿਹਨਾਂ ਦੇ ਕੋਲ ਨਾਮ ਦੀ ਰਾਸ ਹੈ। ਉਹ ਹੀ ਸਭ ਤੋਂ ਸਿਰਮੌਰ ਹਨ ਜੋ ਨਾਮ ਦੇ ਨਾਲ ਜੁੜੇ ਹਨ। ਕੈਸੀ ਕਮਾਲ ਦੀ ਬਰਕਤ ਹੈ ਨਾਮ ਵਿੱਚ ਪੜ੍ਹੀਏ, "ਪ੍ਰਤਖ ਹਰਿ" ਗੁਰੂ ਅਰਜਨ ਦੇਵ ਜੀ ਦਾ ਫੁਰਮਾਨ :—

ਨਾਮੁ ਹਮਾਰੈ ਅੰਤਰਜਾਮੀ ॥
ਨਾਮੁ ਹਮਾਰੈ ਆਵੈ ਕਾਮੀ ॥
ਰੋਮਿ ਰੋਮਿ ਰਵਿਆ ਹਰਿ ਨਾਮੁ ॥
ਸਤਿਗੁਰ ਪੂਰੈ ਕੀਨੋ ਦਾਨੁ ॥ ੧ ॥
ਨਾਮੁ ਰਤਨੁ ਮੇਰੈ ਭੰਡਾਰ ॥
ਅਗਮ ਅਮੋਲਾ ਅਪਰ ਅਪਾਰ ॥ ੧ ॥ ਰਹਾਉ ॥
ਨਾਮੁ ਹਮਾਰੈ ਨਿਹਚਲ ਧਨੀ ॥
ਨਾਮ ਕੀ ਮਹਿਮਾ ਸਭ ਮਹਿ ਬਨੀ ॥
ਨਾਮੁ ਹਮਾਰੈ ਪੂਰਾ ਸਾਹੁ ॥
ਨਾਮੁ ਹਮਾਰੈ ਬੇਪਰਵਾਹੁ ॥ ੨ ॥
ਨਾਮੁ ਹਮਾਰੈ ਭੋਜਨ ਭਾਉ ॥
ਨਾਮੁ ਹਮਾਰੈ ਮਨ ਕਾ ਸੁਆਉ ॥
ਨਾਮੁ ਨ ਵਿਸਰੈ ਸੰਤ ਪ੍ਰਸਾਦਿ ॥
ਨਾਮੁ ਲੈਤ ਅਨਹਦ ਪੂਰੇ ਨਾਦ ॥ ੩ ॥
ਪ੍ਰਭ ਕਿਰਪਾ ਤੇ ਨਾਮੁ ਨਉ ਨਿਧਿ ਪਾਈ ॥
ਗੁਰ ਕਿਰਪਾ ਤੇ ਨਾਮ ਸਿਉ ਬਨਿ ਆਈ ॥
ਧਨਵੰਤੇ ਸੇਈ ਪਰਧਾਨ ॥
ਨਾਨਕ ਜਾ ਕੈ ਨਾਮੁ ਨਿਧਾਨ ॥ ੪ ॥

ਭੈਰਉ ਮ: ੫ (ਪੰਨਾ : ੧੧੪੪)

ਨਾਨਕ ਕੈ ਘਰਿ ਕੇਵਲ ਨਾਮੁ ॥

ਸੰਸਾਰ ਦੇ ਵਿੱਚ ਅਨੇਕਾਂ ਹੀ ਧਰਮ ਹਨ। ਅਨੇਕਾਂ ਧਰਮਾਂ ਦੇ ਮਨ ਦੀ ਸ਼ਾਂਤੀ ਦੀ ਪ੍ਰਾਪਤੀ ਅਤੇ ਪ੍ਰਭੂ ਪ੍ਰਮੇਸ਼ਰ ਦੀ ਪ੍ਰਸੰਨਤਾ ਪ੍ਰਾਪਤੀ ਲਈ ਓਨੇ ਹੀ ਰਸਤੇ ਹਨ। ਕਿਸੇ ਧਰਮ ਵਿੱਚ, ਗਿਆਨ ਕਰਮਾਂ ਦੀ ਪ੍ਰਧਾਨਤਾ ਹੈ, ਕਿਸੇ ਵਿੱਚ ਹਠ ਯੋਗ ਦੀ ਮਹਾਨਤਾ ਹੈ। ਕੋਈ ਕਰਮ ਕਾਂਡ ਉਪਾਸਨਾ ਦਾ ਮਾਰਗ ਦਰਸ਼ਨਾਉਂਦਾ ਹੈ। ਕਿਸੇ ਨੇ ਜੀਵ-ਦਇਆ ਨੂੰ ਹੀ ਅਸਲੀ ਧਰਮ ਪ੍ਰਵਾਨਿਆ ਹੈ। ਕਿਸੇ ਧਰਮ ਵਿੱਚ ਸੇਵਾ ਹੀ ਸਾਰੇ ਕਰਮਾਂ ਧਰਮਾਂ ਦਾ ਮੂਲ ਗਿਣੀ ਜਾਂਦੀ ਹੈ।

ਪਰ ਗੁਰਮਤ ਵਿੱਚ, ਗੁਰੂ ਘਰ ਵਿੱਚ, ਕੇਵਲ ਨਾਮ ਨੂੰ ਹੀ ਮਹਾਨਤਾ, ਨਾਮ ਨੂੰ ਹੀ ਪ੍ਰਧਾਨਤਾ ਦਿੱਤੀ ਗਈ ਹੈ :—

ਨਾਨਕ ਕੈ ਘਰਿ ਕੇਵਲ ਨਾਮੁ ॥

ਮ: ੫ (ਪੰਨਾ : ੧੧੩੬)

ਸਤਿਗੁਰੂ ਗੁਰੂ ਅਰਜਨ ਦੇਵ ਜੀ ਨੂੰ ਵੀ ਸ੍ਰੇਸ਼ਟ ਧਰਮ ਪ੍ਰਤੀ ਪੁੱਛਿਆ ਗਿਆ ਕਿ ਸਤਿਗੁਰੂ ਜੀ ਕਿਰਪਾ ਕਰਕੇ ਦੱਸੋ ਸਾਰਿਆਂ ਧਰਮਾਂ ਵਿੱਚੋਂ ਸ੍ਰੇਸ਼ਟ ਧਰਮ ਕਿਹੜਾ ਹੈ? ਸਾਰੇ ਕਰਮ ਕਾਂਡਾਂ ਵਿੱਚੋਂ ਨਿਰਮਲ ਕਰਮ ਕਿਹੜਾ ਹੈ ? ਸਤਿਗੁਰੂ ਜੀ ਨੇ ਗੁਰਸਿੱਖਾਂ ਦੇ ਪ੍ਰਸ਼ਨ ਦਾ ਉੱਤਰ ਦਿੰਦੇ ਗੁਰਬਾਨੀ ਵਿਚ ਫੁਰਮਾਨ ਕੀਤਾ :—

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥

ਗਉੜੀ ਮ: ੫ (ਪੰਨਾ : ੨੬੬)

ਹੇ ਗੁਰ ਸਿੱਖੋ ! ਸਾਰਿਆਂ ਧਰਮਾਂ ਵਿੱਚੋਂ ਸ੍ਰੇਸ਼ਟ ਧਰਮ ਪ੍ਰਮੇਸ਼ਰ ਜੀ ਦਾ ਨਾਮ ਜਪ ਦੇ ਧਾਰਨੀ ਬਣਨਾ ਹੈ। ਸਾਰਿਆਂ ਸ੍ਰੇਸ਼ਟ ਕਰਮਾਂ ਵਿੱਚੋਂ ਸਭ ਤੋਂ ਪਵਿੱਤਰ ਕਰਮ ਵੀ ਪ੍ਰਮੇਸ਼ਰ ਜੀ ਦਾ ਨਾਮ ਜਪਣਾ ਹੀ ਹੈ।

ਸੁਖਮਨੀ ਸਾਹਿਬ ਵਿੱਚ ਸਤਿਗੁਰੂ ਜੀ ਨੇ ਕਿਵੇਂ ਸਪਸ਼ਟ ਕਰਕੇ ਇਕੱਲੇ-ਇਕੱਲੇ ਸਾਧਨ ਦਾ, ਕਰਮ ਦਾ ਜਿਕਰ ਕਰਕੇ ਅਖੀਰ ਨਾਮ ਨੂੰ ਮਹਾਨਤਾ ਅਤੇ ਪ੍ਰਧਾਨਤਾ ਦੇ ਕੇ ਨਾਮ ਦੀ ਵਡਿਆਈ ਉਜਾਗਰ ਕੀਤੀ ਹੈ।

ਕੋਈ ਮਨੁੱਖ, ਮੰਤ੍ਰਾਂ ਦਾ ਜਾਪ ਕਰੇ ਕੋਈ ਤਪ ਸਾਧਨਾ ਕਰ ਲਵੇ। ਗਿਆਨ ਪ੍ਰਾਪਤ ਕਰਕੇ ਧਿਆਨ ਲਾਉਣਾ ਵੀ ਸਿੱਖ ਲਵੇ। ਛੇ ਸ਼ਾਸਤਰਾਂ, ਸਤਾਈ ਸਿਮ੍ਰਤੀਆਂ ਦਾ ਗਿਆਤਾ ਬਣ ਕੇ ਉਹਨਾਂ ਦਾ ਉਪਦੇਸ਼ ਲੋਕਾਂ ਨੂੰ ਦ੍ਰਿੜ ਕਰਾਉਣ ਲੱਗ ਜਾਵੇ। ਕੋਈ ਮਨੁੱਖ ਯੋਗਾ ਅਭਿਆਸ ਵਿੱਚ ਨਿਪੁੰਨਤਾ ਪ੍ਰਾਪਤ ਕਰ ਲਵੇ, ਧਰਮ ਦੇ ਕਰਮਾਂ ਦਾ ਵੀ ਧਾਰਨੀ ਹੋਵੇ। ਤਿਆਗੀ ਇਨਾ ਬਣ ਜਾਵੇ ਕਿ ਸਾਰਾ ਕੁਝ, ਘਰ ਬਾਰ, ਪਰਿਵਾਰ, ਧਨ-ਦੌਲਤ ਦਾ ਤਿਆਗ ਕਰਕੇ ਜੰਗਲੀਂ ਜਾ ਇਕਾਂਤ ਵਾਸੀ ਹੋ ਜਾਵੇ। ਇਹੋ ਜਿਹੇ ਹੋਰ ਅਨੇਕਾਂ ਤਿਆਗ ਦੇ ਕਰਮ ਕਰ ਲਵੇ। ਕੋਈ ਮਨੁੱਖ ਹੋਮ ਜੱਗ ਵੀ ਕਰ ਲਵੇ। ਪੁੰਨ ਅਤੇ ਦਾਨ ਦਾ ਕਰਮ ਵੀ ਕਰੇ। ਕਾਂਸ਼ੀ ਵਿੱਚ ਜਾ ਕੇ ਕਲਵਤ੍ਰ ਆਰੇ ਨਾਲ ਸਰੀਰ ਦੇ ਟੁਕੜੇ-ਟੁਕੜੇ ਵੀ ਕਰਵਾ ਲਵੇ, ਅਨੇਕ ਤਰ੍ਹਾਂ ਦੇ ਵਰਤ ਵੀ ਰੱਖੇ, ਨੇਮ ਵੀ ਨਿਭਾਵੇ। ਪਰ ਇਹ ਸਾਰੇ ਕਰਮ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ :—

ਜਾਪ ਤਾਪ ਗਿਆਨ ਸਭਿ ਧਿਆਨ ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥
ਸਗਲ ਤਿਆਗਿ ਬਨ ਮਧੇ ਫਿਰਿਆ ॥

ਅਨਿਕ ਪ੍ਰਕਾਰ ਕੀਏ ਬਹੁ ਜਤਨਾ॥
ਪੁੰਨ ਦਾਨ ਹੋਮੇ ਬਹੁ ਰਤਨਾ॥
ਸਰੀਰੁ ਕਟਾਇ ਹੋਮੈ ਕਰਿ ਰਾਤੀ॥
ਵਰਤ ਨੇਮ ਕਰੈ ਬਹੁ ਭਾਤੀ॥
ਨਹੀ ਤੁਲਿ ਰਾਮ ਨਾਮ ਬੀਚਾਰ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥ ੧॥

ਗਉੜੀ ਸੁਖਮਨੀ ਮ: ੫ (ਪੰਨਾ ੨੬੫)

ਇੱਥੇ ਹੀ ਨਾਮ ਦੀ ਮਹਾਨਤਾ ਸੀਮਤ ਨਹੀਂ ਕੀਤੀ ਜਾ ਸਕਦੀ। ਕੋਈ ਮਨੁੱਖ ਸੁਖ ਸ਼ਾਂਤੀ ਦੀ ਪ੍ਰਾਪਤੀ ਅਤੇ ਪ੍ਰਭੂ ਮਿਲਾਪ ਲਈ ਘਰ ਬਾਰ ਦਾ ਤਿਆਗ ਕਰਕੇ ਧਰਤੀ ਦਾ ਭਰਮਣ ਕਰਨ ਲੱਗ ਪਵੇ। ਇੱਕ ਧਰਤੀ ਨਹੀ ਭਾਵੇਂ ਸਾਰੀ ਨੌਂ-ਖੰਡ ਪ੍ਰਿਥਵੀ ਦਾ ਭਰਮਣ ਕਰ ਲਵੇ, ਉਮਰ ਵਡੇਰੀ ਬਣਾ ਲਵੇ। ਸੰਸਾਰ ਵਲੋਂ ਉਦਾਸੀ ਧਾਰਨ ਕਰਕੇ ਜੰਗਲਾਂ ਵਿੱਚ ਬੈਠ ਤਪ ਸਾਧਨਾ ਕਰੀ ਜਾਵੇ।

ਕੋਈ ਸਮਰੱਥਾ ਵਾਲਾ ਮਨੁੱਖ ਸੋਨੇ ਦਾ, ਹਾਥੀ ਘੋੜਿਆਂ ਦਾ, ਧਰਤੀ ਦਾ ਵੀ ਦਾਨ ਕਰ ਦੇਵੇ। ਨਿਉਲੀ-ਧੋਤੀ ਕਰਮਾਂ ਵਿੱਚ ਨਿਪੁੰਨਤਾ ਪ੍ਰਾਪਤ ਕਰ ਲਵੇ ਚਉਰਾਸੀ ਦਾ ਵੀ ਧਾਰਨੀ ਬਣ ਜਾਵੇ। ਜੈਨਮਤ ਦੇ ਔਖੇ ਸਾਧਨ ਵੀ ਕਰਦਾ ਹੋਵੇ। ਭਾਵੇਂ ਕੋਈ ਹਠ ਨਾਲ ਆਪਣੇ ਸਰੀਰ ਨੂੰ ਭੋਰਾ-ਭੋਰਾ ਕਰਕੇ ਕਟਵਾ ਲਵੇ। ਇਹੋ ਜਿਹੇ ਔਖੇ ਸਾਧਨਾ ਦੇ ਕਰਨ ਨਾਲ ਹੰਕਾਰ ਤਾਂ ਕੀ ਦੂਰ ਹੋਣਾ ਹੈ, ਸਗੋਂ ਹਉਮੈਂ ਹੋਰ ਵਧਦੀ ਹੈ।

ਇਸ ਲਈ ਹੇ ਗੁਰਮੁਖ ਜਨੋ! ਹਰੀ ਪ੍ਰਮੇਸ਼ਰ ਜੀ ਦਾ ਨਾਮ ਬਹੁਤ ਮਹਾਨ ਹੈ। ਇਹ ਸਾਰੇ ਕਰਮ ਧਰਮ ਉਸਦੀ ਬਰਾਬਰੀ ਨਹੀਂ ਕਰ ਸਕਦੇ। ਨਾਮ ਜਪ ਦੁਆਰਾ ਹੀ ਜੀਵ ਦੀ ਸਦ-ਗਤੀ ਹੁੰਦੀ ਹੈ। ਪੜ੍ਹੀਏ ਸਾਹਿਬਾਂ ਦਾ ਫੁਰਮਾਨ :—

ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ॥
ਮਹਾ ਉਦਾਸੁ ਤਪੀਸਰੁ ਥੀਵੈ॥
ਅਗਨਿ ਮਾਹਿ ਹੋਮਤ ਪਰਾਨ॥
ਕਨਿਕ ਅਸ੍ਵ ਹੈਵਰ ਭੂਮਿ ਦਾਨ॥
ਨਿਉਲੀ ਕਰਮ ਕਰੈ ਬਹੁ ਆਸਨ॥
ਜੈਨ ਮਾਰਗ ਸੰਜਮ ਅਤਿ ਸਾਧਨ॥
ਨਿਮਖ ਨਿਮਖ ਕਰਿ ਸਰੀਰੁ ਕਟਾਵੈ॥
ਤਉ ਭੀ ਹਉਮੈ ਮੈਲੁ ਨਾ ਜਾਵੈ॥
ਹਰਿ ਕੇ ਨਾਮ ਸਮਸਰਿ ਕਛੁ ਨਾਹਿ॥

ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ॥ ੨॥

ਗਉੜੀ ਸੁਖਮਨੀ ਮ: ੫ (ਪੰਨਾ : ੨੬੫)

ਪੁਰਾਤਨ ਧਾਰਨਾ ਅਨੁਸਾਰ ਕੋਈ ਮਨੁੱਖ ਤੀਰਥਾਂ ਉੱਤੇ ਜਾ ਕੇ ਆਪਣਾ ਸਰੀਰ ਤਿਆਗ ਦੇਵੇ। ਇਸ ਤਰ੍ਹਾਂ ਕਰਨ ਨਾਲ ਵੀ ਹੰਕਾਰ ਤੋਂ ਬਚਿਆ ਨਹੀਂ ਜਾ ਸਕਦਾ। ਕੋਈ ਮਨੁੱਖ ਮਨ ਦੀ ਪਵਿੱਤ੍ਰਤਾ ਵਾਸਤੇ ਤੀਰਥਾਂ ਦੇ ਜਲ ਨਾਲ ਇੱਕ ਵਾਰੀ ਨਹੀ, ਦਿਨ ਰਾਤ ਮੁੜ-ਮੁੜ ਸਰੀਰ ਦਾ ਇਸ਼ਨਾਨ ਕਰਵਾਉਂਦਾ ਰਹੇ। ਇਸ ਤਰਾਂ ਸਰੀਰ ਦਾ ਇਸ਼ਨਾਨ ਕਰਨ ਨਾਲ ਮਨ ਪਵਿੱਤਰ ਨਹੀਂ ਹੁੰਦਾ। ਇਸ ਸਰੀਰ ਦੇ ਨਾਲ ਭਾਵੇਂ ਕੋਈ ਬਹੁਤ ਔਖੇ ਤੋਂ ਔਖੇ ਸਾਧਨ ਵੀ ਕਰ ਲਵੇ ਇਹਨਾਂ ਔਖੇ ਸਾਧਨਾਂ ਦੇ ਕਰਨ ਦੇ ਨਾਲ ਵੀ ਮਨ ਤੋਂ ਮਾਇਆ ਦਾ ਪ੍ਰਭਾਵ ਦੂਰ ਨਹੀਂ ਹੁੰਦਾ। ਜਿਵੇਂ ਕੱਚੀ ਕੰਧ ਨੂੰ ਪਾਣੀ ਨਾਲ ਧੋਈਏ ਉਹ ਕਦੇ ਵੀ ਸ਼ੁਧ ਨਹੀਂ ਹੋ ਸਕਦੀ, ਇਸੇ ਤਰਾਂ ਸਾਡਾ ਸਰੀਰ, ਜੋ ਬਿਸਟਾ, ਅਸਤ, ਰਕਤ, ਪਰੇਟੇ, ਚਾਮ ਪਲੀਤ ਚੀਜਾਂ ਦਾ ਬਣਿਆ ਹੋਇਆ ਹੈ, ਇਹ ਕਿਸੇ ਤਰ੍ਹਾਂ ਵੀ ਪਵਿੱਤਰ ਨਹੀਂ ਹੋ ਸਕਦਾ ਇੱਕ ਪ੍ਰਮੇਸ਼ਰ ਦਾ ਨਾਮ ਹੀ ਹੈ, ਜਿਸ ਨਾਮ ਨੂੰ ਜਪਣ ਨਾਲ ਨੀਚ ਤੋਂ ਨੀਚ ਵੀ ਉੱਚ ਪਦਵੀ ਪ੍ਰਾਪਤ ਕਰ ਸਕਦਾ ਹੈ। ਇਸ ਲਈ ਨਾਮ ਦੀ ਵਡਿਆਈ, ਨਾਮ ਦੀ ਮਹਿਮਾ ਬਹੁਤ ਉੱਚੀ ਹੈ। ਸਾਹਿਬ ਨਾਮ ਦੀ ਵਡਿਆਈ ਦੱਸਦੇ ਫੁਰਮਾਨ ਕਰਦੇ ਹਨ :—

ਮਨ ਕਾਮਨਾ ਤੀਰਥ ਦੇਹ ਛੁਟੈ॥
ਗਰਬੁ ਗੁਮਾਨੁ ਨ ਮਨ ਤੇ ਹੁਟੈ॥
ਸੋਚ ਕਰੈ ਦਿਨਸੁ ਅਰੁ ਰਾਤਿ॥
ਮਨ ਕੀ ਮੈਲੁ ਨ ਤਨ ਤੇ ਜਾਤਿ॥
ਇਸੁ ਦੇਹੀ ਕਉ ਬਹੁ ਸਾਧਨਾ ਕਰੈ॥
ਮਨ ਤੇ ਕਬਹੂ ਨ ਬਿਖਿਆ ਟਰੈ।
ਜਲਿ ਧੋਵੈ ਬਹੁ ਦੇਹ ਅਨੀਤਿ॥
ਸੁਧ ਕਹਾ ਹੋਇ ਕਾਚੀ ਭੀਤਿ॥
ਮਨ ਹਰਿ ਕੇ ਨਾਮ ਕੀ ਮਹਿਮਾ ਊਚ॥
ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ॥ ੩॥

ਗਉੜੀ ਸੁਖਮਨੀ ਮ: ੫ (ਪੰਨਾ ੨੬੫)

ਨਾਮ ਦੀ ਮਹਾਨਤਾ ਨੂੰ ਜਾਨਣ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਾਰੰਗ ਰਾਗ ਵਿੱਚ ਦਰਜ ਕੀਤਾ ਫੁਰਮਾਨ ਪੜ੍ਹੀਏ ਕਿਵੇਂ ਨਾਮ ਦੀ ਮਹਾਨਤਾ ਸਪਸ਼ਟ ਹੋ ਜਾਂਦੀ ਹੈ। ਸਾਹਿਬਾਂ ਦਾ ਫੁਰਮਾਨ ਹੈ :—

ਕੋਈ ਮਨੁੱਖ ਸੋਨੇ ਦਾ ਬਹੁਤ ਜਿਆਦਾ ਦਾਨ ਕਰ ਦੇਵੇ ਆਪਣੀ ਭੂਮੀ ਨੂੰ ਵੀ ਦਾਨ ਵਜੋਂ ਕਿਸੇ ਨੂੰ ਮਨਸ ਦੇਵੇ। ਕੋਈ ਮਨੁੱਖ ਅਨੇਕ ਤਰ੍ਹਾਂ ਨਾਲ ਸਰੀਰ ਨੂੰ ਤੀਰਥਾਂ ਦੇ ਪਵਿੱਤਰ ਜਲ ਨਾਲ ਇਸ਼ਨਾਨ ਕਰਵਾ ਕੇ ਨਿਰਮਲ ਕਰ ਲਵੇ। ਇਸ ਤਰਾਂ ਦੇ ਸਾਰੇ ਕਰਮ ਪ੍ਰਮੇਸ਼ਰ ਜੀ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ।

ਕੋਈ ਮਨੁੱਖ, ਮਿਹਨਤ ਕਰਕੇ ਚਾਰੇ ਵੇਦ ਜ਼ੁਬਾਨੀ ਯਾਦ ਕਰਕੇ, ਉਹਨਾਂ ਦਾ ਉਚਾਰਨ ਕਰਕੇ ਸੁਣਾਵੇ। ਅਠਾਰਾਂ ਪੁਰਾਣ, ਛੇ ਸ਼ਾਸਤ੍ਰ ਆਪਣੇ ਕੰਨਾਂ ਨਾਲ ਸ੍ਰਵਣ ਕਰੇ। ਇਹ ਸਾਰੇ ਕਰਮ ਪ੍ਰਮੇਸ਼ਰ ਦੇ ਨਾਮ ਦੀ ਬਰਾਬਰਤਾ ਨਹੀਂ ਕਰ ਸਕਦੇ।

ਜੇ ਕੋਈ ਮਨੁੱਖ, ਹਰ ਕਿਸਮ ਦੇ ਵਰਤ ਵੀ ਰੱਖ ਲਵੇ। ਦੋਵੇਂ ਸਮੇਂ ਸੰਧਿਆ ਕਰੇ। ਤੀਰਥਾਂ ਤੇ ਪੁਰਬੀ ਇਸ਼ਨਾਨ ਵੀ ਕਰੇ। ਚਾਰੇ ਕੁੰਟਾਂ ਦੇ ਤੀਰਥਾਂ ਦਾ ਭਰਮਣ ਵੀ ਕਰੇ। ਲਗਾਤਾਰ ਨਿਰਾਹਾਰ (ਭੁੱਖਾ) ਰਹੇ। ਇੰਨੀ ਸੁੱਚਮ ਕਰੇ ਕਿ ਕਿਸੇ ਦੇ ਨਾਲ ਆਪਣੇ ਸਰੀਰ ਨੂੰ ਛੂਹਣ ਨ ਦੇਵੇ। ਸਵੈਅੰ ਪਾਕੀ ਹੋਵੇ। ਅੰਤੜੀਆਂ ਨੂੰ ਧੋਣ ਦੀ ਕ੍ਰਿਆ ਵੀ ਜਾਣਦਾ ਹੋਵੇ। ਪੂਜਾ ਵਾਸਤੇ ਧੂਪ-ਦੀਪ ਵੀ ਕਰੇ ਅਤੇ ਹਰ ਤਰਾਂ ਦੀ ਪੂਜਾ ਕਰਨਾ ਵੀ ਜਾਣਦਾ ਹੋਵੇ ਪਰ ਇਹੋ ਜਿਹੇ ਸਾਰੇ ਕਰਮ ਪ੍ਰਮੇਸ਼ਰ ਦੇ ਨਾਮ ਦੀ ਰਾਈ ਜਿੰਨੀ ਵੀ ਬਰਾਬਰੀ ਨਹੀਂ ਕਰ ਸਕਦੇ। ਕਿੰਨਾ ਹੈ ਮਹਾਨ? ਪ੍ਰਮੇਸ਼ਰ ਜੀ ਦਾ ਨਾਮ! ਪੜ੍ਹੀਏ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ :—

ਕੰਚਨਾ ਬਹੁ ਦਤ ਕਰਾ॥ ਭੂਮਿ ਦਾਨੁ ਅਰਪਿ ਧਰਾ॥
ਮਨ ਅਨਿਕ ਸੋਚ ਪਵਿਤ੍ਰ ਕਰਤ॥ ਨਾਹੀ ਰੇ ਨਾਮ ਤੁਲਿ
ਮਨ ਚਰਨ ਕਮਲ ਲਾਗੇ॥ ੧॥ ਰਹਾਉ॥
ਚਾਰਿ ਬੇਦ ਜਿਹਵ ਭਨੇ॥ ਦਸ ਅਸਟ ਖਸਟ ਸ੍ਰਵਨ ਸੁਨੇ॥
ਨਹੀ ਤੁਲਿ ਗੋਬਿਦ ਨਾਮ ਧੁਨੇ॥ ਮਨ ਚਰਨ ਕਮਲ ਲਾਗੇ॥ ੧॥
ਬਰਤ ਸੰਧਿ ਸੋਚ ਚਾਰ॥ ਕ੍ਰਿਆ ਕੁੰਟਿ ਨਿਰਾਹਾਰ॥
ਅਪਰਸ ਕਰਤ ਪਾਕਸਾਰ॥ ਨਿਵਲੀ ਕਰਮ ਬਹੁ ਬਿਸਥਾਰ॥
ਧੂਪ ਦੀਪ ਕਰਤੇ ਹਰਿ ਨਾਮ ਤੁਲਿ ਨ ਲਾਗੇ॥
ਰਾਮ ਦਇਆਰ ਸੁਨਿ ਦੀਨ ਬੇਨਤੀ॥
ਦੇਹੁ ਦਰਸੁ ਨੈਨ ਪੇਖਉ ਜਨ ਨਾਨਕ ਨਾਮ ਮਿਸਟ ਲਾਗੇ॥ ੨॥ ੧॥

ਸਾਰਗ ਮ: ੫ (ਪੰਨਾ : ੧੨੨੯)

ਭਗਤ ਨਾਮ ਦੇਵ ਜੀ ਦਾ ਇੱਕ ਫੁਰਮਾਨ ਪੜ੍ਹ ਲਈਏ, ਨਾਮ ਦੀ ਮਹਾਨਤਾ, ਨਾਮ ਦੀ ਵਡਿਆਈ, ਹੋਰ ਵਧੇਰੇ ਉਜਾਗਰ ਹੋ ਕੇ ਪ੍ਰਗਟੇਗੀ। ਜਿੰਨਾਂ ਚਿਰ ਕਿਸੇ ਚੀਜ਼ ਦੇ ਗੁਣਾਂ ਦਾ, ਉਸਦੀ ਮਹਾਨਤਾ ਦਾ, ਪਤਾ ਨਾ ਹੋਵੇ, ਉਨਾਂ ਚਿਰ ਮਨੁੱਖ ਉਸ

ਤੋਂ ਲਾਭ ਪ੍ਰਾਪਤ ਨਹੀਂ ਕਰ ਸਕਦਾ। ਉਸ ਚੀਜ਼ ਦੀ ਕਦਰ ਉਸਦੇ ਗੁਣਾਂ ਕਰਕੇ ਪੈਂਦੀ ਹੈ। ਨਾਮ ਵਿੱਚ ਕਿੰਨੇ ਕੁ ਅਮੋਲਕ ਗੁਣ, ਅਮੋਲਕ ਦਾਤਾਂ ਛਿਪੀਆਂ ਪਈਆਂ ਹਨ। ਭਗਤ ਜੀ ਨੂੰ ਪੁੱਛੀਏ। ਆਪ ਜੀ ਫੁਰਮਾਨ ਕਰਦੇ ਹਨ ਕਿ ਨਾਮ ਦੀ ਮਹਾਨਤਾ ਦੱਸੀ ਨਹੀਂ ਜਾ ਸਕਦੀ ਪਰ ਫਿਰ ਵੀ ਸੁਣੋ ਨਾਮ ਕਿੰਨਾ ਮਹਾਨ ਹੈ। ਭਗਤ ਜੀ ਦਾ ਫੁਰਮਾਨ ਹੈ।

ਕੋਈ ਮਨੁੱਖ ਕਾਸ਼ੀ ਤੀਰਥ ਤੇ ਜਾ ਕੇ ਪੁੱਠਾ ਲਟਕ ਕੇ ਉਗਰ ਤਪ ਵੀ ਕਰੇ। ਸਰੀਰ ਨੂੰ ਧੂਣੀਆਂ ਤਪਾ-ਤਪਾ ਕੇ ਸਾੜੀ ਜਾਵੇ, ਆਪਣੀ ਕਾਇਆ ਕਲਪ ਵੀ ਕਰ ਲਵੇ, ਭਾਵ ਲੰਮੀ ਉਮਰ ਬਣਾ ਲਵੇ, ਪਵਿੱਤਰ ਤੀਰਥਾਂ ਦੇ ਉੱਪਰ ਜਾ ਕੇ ਆਪਣਾ ਸਰੀਰ ਤਿਆਗ ਦੇਵੇ। ਅਸਮੇਧ ਜੱਗ ਵੀ ਕਰ ਲਵੇ, ਸੋਨਾ ਲੁਕਾ ਕੇ ਭਾਵ ਗੁਪਤ ਰੂਪ ਵਿੱਚ ਦਾਨ ਕਰੀ ਜਾਵੇ। ਪਰ ਇਹੋ ਜਿਹੇ ਅਨੇਕਾਂ ਕਰਮ ਕੀਤੇ ਵੀ ਪਰਮੇਸ਼ਰ ਜੀ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ।

ਇਸ ਲਈ ਹੇ ਟਾਲਮਟੋਲ ਕਰਨ ਵਾਲੇ ਮਨ, ਆਪਣਾ ਸੁਭਾਅ ਛੱਡ ਦੇ, ਹਰੀ ਪ੍ਰਮੇਸ਼ਰ ਜੀ ਦਾ ਅਮੋਲਕ ਨਾਮ ਹਰ ਰੋਜ਼ ਹਰ ਸਮੇਂ ਹੀ ਸਿਮਰਿਆ ਕਰ।

ਹੇ ਮੇਰੇ ਮਨ! ਨਾਮ ਦੀ ਹੋਰ ਮਹਾਨਤਾ ਸੁਣ, ਪਹਿਲੀ ਗੱਲ ਤਾਂ ਇਹ ਹੈ ਕਿ ਇਹੋ ਜਿਹੇ ਕਰਮ ਹਰ ਹਾਰੀ ਸਾਰੀ ਨਹੀਂ ਕਰ ਸਕਦਾ ਪਰ ਜੇ ਕੋਈ ਕਰ ਵੀ ਲਵੇ, ਉਹ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ।

ਕੋਈ ਮਨੁੱਖ ਕੁੰਭ ਦੇ ਮੇਲੇ ਤੇ ਜਾ ਕੇ, ਗੰਗਾ, ਯਮੁਨਾ ਗੁਦਾਵਰੀ, ਕੇਦਾਰ-ਨਾਥ ਦੇ ਤੀਰਥਾਂ ਤੇ ਪਵਿੱਤਰ ਨਦੀਆਂ ਵਿੱਚ ਇਸ਼ਨਾਨ ਵੀ ਕਰ ਲਵੇ। ਹਜ਼ਾਰਾਂ ਗਊਆਂ ਦਾ ਦਾਨ ਵੀ ਕਰ ਦੇਵੇ। ਦਸ-ਵੀਹ ਵਾਰੀ ਨਹੀਂ ਕ੍ਰੋੜਾਂ ਵਾਰੀ ਵੀ ਤੀਰਥਾਂ ਦਾ ਇਸ਼ਨਾਨ ਕਰ ਲਵੇ। ਬਰਫ ਵਾਲੇ ਪਹਾੜਾਂ ਉੱਪਰ ਜਾ ਕੇ ਆਪਣੇ ਸਰੀਰ ਨੂੰ ਬਰਫ ਵਿੱਚ ਹੀ ਗਾਲ ਦੇਵੇ, ਇਹੋ ਜਿਹੇ ਔਖੇ ਕਰਮ ਵੀ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ।

ਕੋਈ ਸਮਰੱਥ ਪੁਰਸ਼, ਘੋੜਿਆਂ ਦਾ ਦਾਨ, ਹਾਥੀਆਂ ਦਾ ਦਾਨ ਜ਼ਮੀਨ ਦਾ ਦਾਨ, ਪਲੰਘਾਂ ਦਾ ਦਾਨ, ਧਰਤੀ ਦਾ ਦਾਨ, ਇਸਤ੍ਰੀ ਦਾ ਦਾਨ ਨਿੱਤ ਹੀ ਕਰੇ। ਆਪਣੇ ਭਾਰ ਦੇ ਬਰਾਬਰ ਸੋਨਾ ਜੋਖ ਕੇ ਉਸ ਦਾ ਦਾਨ ਕਰ ਦੇਵੇ। ਐਸੇ ਕਰਮ ਵੀ ਪ੍ਰਮੇਸ਼ਰ ਜੀ ਦੇ ਨਾਮ ਦੀ ਬਰਾਬਰਤਾ ਨਹੀਂ ਕਰ ਸਕਦੇ। ਪ੍ਰਮੇਸ਼ਰ ਦਾ ਨਾਮ ਬਹੁਤ ਮਹਾਨ ਹੈ। ਅਖੀਰ ਦੀ ਪੰਗਤੀ ਵਿੱਚ ਭਗਤ ਜੀ ਆਪਣੀ ਨਾਮ ਪ੍ਰਤੀ ਦ੍ਰਿੜਤਾ ਪਰਗਟਾਉਂਦੇ ਹਨ ਕਿ ਸਾਡੇ ਲਈ ਤਾਂ ਨਾਮ ਹੀ ਰਾਮ ਚੰਦਰ ਹੈ। ਨਿਰਬਾਣ ਪਦ ਦੀ ਪ੍ਰਾਪਤੀ ਵੀ ਨਾਮ ਹੀ ਹੈ। ਮੋਖ ਪਦ ਵੀ ਨਾਮ ਹੈ। ਨਾਮ ਦਾ ਅੰਮ੍ਰਿਤ ਰੂਪੀ ਰਸ ਨਿੱਤ ਹੀ ਪੀਣਾ ਚਾਹੀਦਾ ਹੈ।

ਨਾਮ ਨਾਲ ਨਾ ਜੁੜੋਗੇ ਫਿਰ, ਗੁੱਸਾ ਨਾ ਕਰਿਓ, ਜਮਾਂ ਨੇ ਜ਼ਰੂਰ ਆ ਕੇ ਗ੍ਰਸ ਲੈਣਾ ਹੈ। ਫਿਰ ਕਿਸੇ ਨੂੰ ਦੋਸ਼ ਨ ਦਇਉ। ਕੈਸੀ ਨਾਮ ਦੀ ਮਹਾਨਤਾ ਬਾਬਾ ਨਾਮ ਦੇਵ ਜੀ ਨੇ ਦਰਸਾਈ ਹੈ ਅਤੇ ਨਾਮ ਪ੍ਰਤੀ ਆਪਣੀ ਦ੍ਰਿੜਤਾ ਪ੍ਰਗਟਾਈ ਹੈ। ਸੋ ਸਾਨੂੰ ਵੀ ਐਸੇ ਮਹਾਨਤਾ ਵਾਲੇ ਨਾਮ ਨਾਲ ਜੁੜ ਕੇ ਜੀਵਨ ਸਫਲਾ ਕਰ ਲੈਣਾ ਚਾਹੀਦਾ ਹੈ:—

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ
ਅਗਨਿ ਦਹੈ ਕਾਇਆ ਕਲਪੁ ਕੀਜੈ॥
ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ
ਰਾਮ ਨਾਮ ਸਰਿ ਤਊ ਨ ਪੂਜੈ॥ ੧॥
ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ॥
ਹਰਿ ਕਾ ਨਾਮੁ ਨਿਤ ਨਿਤਹਿ ਲੀਜੈ॥ ਰਹਾਉ॥
ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨਾਈਐ
ਗੋਮਤੀ ਸਹਸ ਗਊ ਦਾਨੁ ਕੀਜੈ॥
ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ
ਰਾਮ ਨਾਮ ਸਰਿ ਤਊ ਨ ਪੂਜੈ॥ ੨॥
ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ
ਐਸੋ ਦਾਨੁ ਨਿਤ ਨਿਤਹਿ ਕੀਜੈ॥
ਆਤਮ ਜਉ ਨਿਰਮਾਇਲੁ ਕੀਜੈ
ਆਪ ਬਰਾਬਰਿ ਕੰਚਨੁ ਦੀਜੈ
ਰਾਮ ਨਾਮ ਸਰਿ ਤਊ ਨ ਪੂਜੈ॥ ੩॥
ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ
ਨਿਰਮਲ ਨਿਰਬਾਣ ਪਦੁ ਚੀਨ੍ਹਿ ਲੀਜੈ॥
ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ
ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ॥ ੪॥ ੪॥

ਭਗਤ ਨਾਮ ਦੇਵ ਜੀ (ਪੰਨਾ : ੯੭੩)

ਗੁਰਮਤ ਦਾ ਨਾਮ ਕੋਈ ਸ਼ੂਨਯ ਜਾਂ ਸੰਗਯ ਨਹੀਂ। ਗੁਰਮਤ ਦਾ ਨਾਮ ਤਾਂ ਖੁਦ ਆਪ ਪ੍ਰਮੇਸ਼ਰ ਹੈ। ਜਿਸ ਦੇ ਵਿੱਚ ਸਾਰੇ ਜਪ, ਸਾਰੇ ਤਪ, ਸਾਰੇ ਸੁੱਚ-ਸੋਚ ਦੇ ਸਾਧਨ, ਸਾਰੇ ਗਿਆਨ ਧਿਆਨ, ਸਾਰੇ ਦਾਨ, ਸਾਰੇ ਪੂਜਾ ਚਾਰ ਦੇ ਕਰਮ, ਸਾਰੇ ਤਿਆਗ ਦੇ ਸਾਧਨ ਨਾਮ ਦੀ ਬੁੱਕਲ ਵਿੱਚ ਸਮੋ ਜਾਂਦੇ ਹਨ। ਜੋ ਨਾਮ ਦਾ ਧਾਰਨੀ ਬਣ ਜਾਂਦਾ ਹੈ,

ਉਸਨੂੰ ਕੋਈ ਹੋਰ, ਕਰਮ ਧਰਮ ਕਰਨ ਦੀ ਲੋੜ ਨਹੀਂ ਰਹਿ ਜਾਂਦੀ। ਤਦ ਹੀ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਨ ਕੀਤਾ ਹੈ ਕਿ ਸਾਰੇ ਬੇਦ-ਸਾਸਤ੍ਰ, ਸਿਮ੍ਰਤੀਆਂ ਅਤੇ ਸਾਰੇ ਧਰਮ ਗ੍ਰੰਥਾਂ ਨੂੰ ਚੰਗੀ ਤਰਾਂ ਢੂੰਡ ਕੇ ਉਹਨਾਂ ਦਾ ਮੁਤਾਲਿਆ ਕੀਤਾ ਹੈ। ਨਿਚੋੜ ਤੱਤ ਇਹ ਹੀ ਹੈ ਕਿ ਕੋਈ ਵੀ ਸ੍ਰੇਸ਼ਟ ਕਰਮ ਧਰਮ "ਨਾਮ" ਦੀ ਬਰਾਬਰਤਾ ਨਹੀਂ ਕਰ ਸਕਦਾ :—

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥

ਸੁਖਮਨੀ ਮ: ੫ ਸਲੋਕ (ਪੰਨਾ : ੨੬੫)

ਭਗਤ ਰਵਿਦਾਸ ਜੀ ਪੁਰਾਤਨ ਜੁਗਾਂ ਦਾ ਧਰਮ ਦੱਸ ਕੇ ਕਲਜੁਗ ਦੇ ਸਮੇਂ ਵਿੱਚ ਨਾਮ ਦੀ ਮਹਾਨਤਾ ਦਰਸਾਉਂਦੇ ਗੁਰਬਾਣੀ ਵਿੱਚ ਲਿਖਦੇ ਹਨ ਕਿ ਸਤਜੁੱਗ ਦੇ ਸਮੇਂ ਵਿੱਚ ਸੱਚ ਪ੍ਰਧਾਨ ਸੀ, ਤ੍ਰੇਤੇ ਜੁਗ ਵਿੱਚ ਅਨੇਕਾਂ ਤਰ੍ਹਾਂ ਦੇ ਜੱਗ ਕਰਨ ਦੀ ਰੀਤੀ ਪ੍ਰਚਲਤ ਸੀ। ਦੁਆਪਰ ਵਿੱਚ ਪੂਜਾ-ਅਰਚਾ ਦੇ ਕਰਮ ਪ੍ਰਧਾਨ ਸਨ। ਹੁਣ ਜਿਸ ਸਮੇਂ ਵਿੱਚ ਅਸੀਂ ਵਿਚਰ ਰਹੇ ਹਾਂ, ਇਸ ਕਲਜੁਗ ਦੇ ਸਮੇਂ ਵਿੱਚ ਕੇਵਲ ਨਾਮ ਹੀ ਮਹਾਨ ਹੈ। ਨਾਮ ਦੇ ਸਿਮਰਨ ਨਾਲ ਜੀਵ ਆਤਮਾ ਦੀ ਕਲਿਆਣ ਹੋਣੀ ਹੈ। ਭਗਤ ਰਵਿਦਾਸ ਜੀ ਨੇ ਨਿਚੋੜ ਕੱਢਿਆ ਹੈ :—

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ॥੧॥

ਗਉੜੀ ਬੈਰਾਗਣ, ਰਵਿਦਾਸ ਜੀ, (ਪੰਨਾ : ੩੪੬)

ਤਥਾ :— **ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ**
ਕਲਿ ਮਹਿ ਕੀਰਤਿ ਹਰਿ ਨਾਮਾ॥

ਬਿਲਾਵਲੁ ਮ: ੩ (ਪੰਨਾ : ੭੯੭)

ਸਤਿਗੁਰੂ ਅਰਜਨ ਦੇਵ ਜੀ ਨੇ ਤਾਂ ਪੁਕਾਰ-ਪੁਕਾਰ ਕੇ ਨਾਮ ਦਾ ਢੰਡੋਰਾ ਦਿਤਾ ਹੈ। ਹੇ ਸੰਸਾਰ ਦੇ ਲੋਕੋ! ਹੁਣ ਕਲਜੁਗ ਦਾ ਸਮਾਂ ਚਲ ਰਿਹਾ ਹੈ। ਇਸ ਕਲਜੁਗ ਦੇ ਸਮੇਂ ਕੇਵਲ ਨਾਮ ਹੀ ਜਪੋ, ਹੋਰ ਕਰਮਾਂ ਧਰਮਾਂ ਵਿੱਚ ਪੈ ਕੇ ਆਪਣੇ ਅਮੋਲਕ ਸਮੇਂ ਨੂੰ ਅਜਾਈਂ ਨ ਗੁਆਵੋ :—

ਅਬ ਕਲੂ ਆਇਓ ਰੇ॥
ਇਕੁ ਨਾਮੁ ਬੋਵਹੁ ਬੋਵਹੁ॥
ਅਨ ਰੂਤਿ ਨਾਹੀ ਨਾਹੀ॥
ਮਤੁ ਭਰਮਿ ਭੂਲਹੁ ਭੂਲਹੁ॥

ਬਸੰਤ ਮ: ੫ (ਪੰਨਾ : ੧੧੮੫)

ਹੁਣ ਕਲਜੁਗ ਦੇ ਸਮੇਂ ਵਿੱਚ ਤਾਂ ਸਾਰੇ ਪੁੰਨ ਦਾਨ, ਜਪ ਤਪ, ਜਿੰਨੇ ਵੀ ਧਰਮ ਦੇ ਕਰਮ ਹਨ ਉਹਨਾਂ ਸਾਰਿਆਂ ਵਿੱਚੋਂ ਨਾਮ ਜਪਣਾ ਹੀ ਸਿਰਮੌਰ, ਸ੍ਰੋਮਣੀ ਕਰਮ ਹੈ:—

ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥
ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ ॥

ਆਸਾ ਮ: ੫ (ਪੰਨਾ : ੪੦੧)

ਗੁਰਮਤ ਵਿੱਚ ਤਾਂ ਸਤਿਗੁਰਾਂ ਨੇ ਕੇਵਲ ਨਾਮ ਜਪਣ ਦਾ ਹੀ ਉਪਦੇਸ਼, ਨਾਮ ਜਪਣ ਦਾ ਹੀ ਸੰਦੇਸ਼ ਦਿੱਤਾ ਹੈ :—

ਸੰਦੇਸ਼ ਕੀ ਹੈ :—ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ ॥

ਧਨਾਸਰੀ ਕਬੀਰ ਜੀ (ਪੰਨਾ : ੬੯੨)

ਤਥਾ :—ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥

ਪ੍ਰਭਾਤੀ ਕਬੀਰ ਜੀ (ਪੰਨਾ :੧੩੪੯)

ਬਾਰੰ ਬਾਰ ਨਾਮ ਜਪਣ ਦਾ ਉਪਦੇਸ਼ ਕਿਉਂ ਦਿੱਤਾ ਹੈ ?

ਸਤਿਗੁਰੂ ਜੀ ਨੇ "ਕੇਵਲ ਨਾਮ ਜਪਹੁ ਰੇ ਪ੍ਰਾਨੀ" ਦਾ ਸੰਦੇਸ਼ ਗੁਰਬਾਣੀ ਵਿੱਚ ਇਸ ਕਰਕੇ ਦਿੱਤਾ ਹੈ ਕਿਉਂਕਿ ਗੁਰੂ ਘਰ ਵਿੱਚ ਸਭ ਕੁਝ ਨਾਮ ਹੀ ਹੈ।

ਗੁਰਮਤ ਵਿੱਚ ਪ੍ਰਭੂ ਪ੍ਰਾਪਤੀ ਦਾ ਰਸਤਾ ਵੀ ਨਾਮ ਹੀ ਹੈ।

ਗੁਰਮਤ ਵਿੱਚ ਗੁਰਮਤ ਦੇ ਪਾਂਧੀ ਦੀ ਮੰਗ ਵੀ ਨਾਮ ਹੀ ਹੈ।

ਗੁਰਮਤ ਵਿੱਚ ਗੁਰਮਤ ਦੇ ਪਾਂਧੀ ਦੀ ਮੰਜ਼ਲ ਵੀ ਨਾਮ ਹੀ ਹੈ।

ਨਾਮ ਰਸਤਾ ਹੈ

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਮਨ ਨੂੰ ਸੰਬੋਧਨ ਕਰਕੇ ਉਪਦੇਸ਼ ਹੈ। ਹੇ ਮੇਰੇ ਮਨ! ਜਿਸ ਮਾਰਗ ਤੇ ਚਲ ਕੇ ਤੂੰ ਆਪਣੇ ਮਾਲਕ ਪ੍ਰਭੂ ਨੂੰ ਮਿਲ ਸਕਦਾ ਹੈ, ਉਸੇ ਮਾਰਗ ਦਾ ਧਾਰਨੀ ਬਣ, ਉਸੇ ਕਰਮ ਨੂੰ ਕਰਿਆ ਕਰ। ਨਾਲ ਹੀ ਪਹਿਲੀ ਪੰਗਤੀ ਵਿੱਚ ਅਗਵਾਈ ਕੀਤੀ ਹੈ ਕਿ ਉਹ ਰਸਤਾ ਹੈ, "ਗੁਰਮੁਖਿ ਨਾਮ ਧਿਆਇ" ਦਾ, ਗੁਰੂ ਦੀ ਅਗਵਾਈ ਲੈ ਕੇ ਨਾਮ ਨੂੰ ਧਿਆਉਣਾ ਇਹ ਹੈ, ਪ੍ਰਭੂ ਪ੍ਰਾਪਤੀ ਦਾ ਰਸਤਾ:—

ਮਨ ਮੇਰੇ ਗੁਰਮੁਖਿ ਨਾਮੁ ਧਿਆਇ ॥
ਜਿਤੁ ਮਾਰਗਿ ਹਰਿ ਪਾਈਐ ਮਨ ਸੇਈ ਕਰਮ ਕਮਾਇ ॥ ਰਹਾਉ ॥

ਪ੍ਰਭਾਤੀ ਮ: ੩ (ਪੰਨਾ : ੧੩੪੬)

ਨਾਮ ਜਪ ਦੇ ਰਸਤੇ ਤੇ ਚਲ ਕੇ ਛੇਤੀ ਆਪਣੇ ਮਾਲਕ ਪ੍ਰਭੂ ਨੂੰ ਮਿਲਣ ਲਈ, ਪ੍ਰਭੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰੇਰਨਾਂ ਦਿੱਤੀ ਹੈ। ਹੇ ਮਾਲਕ ਪ੍ਰਭੂ! ਮੈਂ ਤੇਰੇ ਨਾਲ ਬਹੁਤ ਛੇਤੀ ਮਿਲਣਾ ਚਾਹੁੰਦਾ ਹਾਂ, ਰਸਤਾ ਬੜਾ ਲੰਮੇਰਾ ਹੈ। ਉਸ ਰਸਤੇ ਨੂੰ ਛੇਤੀ ਤੈਅ ਕਰਨ ਲਈ ਤੁਸੀਂ ਮੈਨੂੰ ਇੱਕ ਜੀਭ ਤੋਂ ਮੇਰੀਆਂ ਲੱਖਾਂ ਜੀਭਾਂ ਬਣਾ ਦੇਵੋ, ਹੋਰ ਬਖਸ਼ਸ਼ ਕਰੋ ਲੱਖਾਂ ਤੋਂ ਵੀ ਵੀਹ ਲੱਖ ਬਣਾ ਦੇਵੋ। ਫਿਰ ਇਹਨਾਂ ਲੱਖਾਂ ਜੀਭਾਂ ਦੇ ਨਾਲ ਦਿਨ ਰਾਤ ਨਾਮ ਜਪ ਦੇ ਲੱਖਾਂ ਗੇੜੇ ਲਾਉਂਦਾ ਰਹਾਂ, ਭਾਵ ਨਾਮ ਦੀ ਅਤੁੱਟ ਕਮਾਈ ਕਰ ਲਵਾਂ। ਫਿਰ ਇਸ ਨਾਮ ਜਪ ਦੇ ਰਸਤੇ ਦੁਆਰਾ ਆਪ ਦੇ ਦਰ ਦੀਆਂ ਪਉੜੀਆਂ ਚੜ੍ਹ ਕੇ ਆਪ ਜੀ ਨਾਲ ਇੱਕ-ਮਿੱਕ ਹੋ ਜਾਵਾਂ, ਇੱਕ ਈਸ਼ਵਰ ਦਾ ਰੂਪ ਬਣ ਜਾਵਾਂ। ਗੁਰੂ ਨਾਨਕ ਪਾਤਸ਼ਾਹ ਜੀ ਦਾ ਬਚਨ ਹੈ :—

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥

ਜਪੁਜੀ ਸਾ: (ਪੰਨਾ : ੭)

ਨਾਮ ਹੀ ਮੰਗ ਹੈ

ਜਿੱਥੇ ਪ੍ਰਭੂ ਪ੍ਰਾਪਤੀ ਦਾ ਰਸਤਾ ਨਾਮ ਹੈ, ਉੱਥੇ ਪ੍ਰਭੂ-ਪ੍ਰਮੇਸ਼ਰ ਜੀ ਦੇ ਚਰਨਾਂ ਵਿੱਚ ਅਰਦਾਸ ਕਰਕੇ ਨਾਮ ਦੀ ਮੰਗ ਮੰਗਣ ਵਾਸਤੇ ਸਾਹਿਬਾਂ ਨੇ ਤਾਕੀਦ ਕੀਤੀ ਹੈ।

ਹੇ ਜਗਿਆਸੂ ਜਨੋਂ! ਆਪਣੇ ਦਾਤਾਰ ਮਾਲਕ ਦੇ ਚਰਨਾਂ ਵਿੱਚ ਅਰਦਾਸ ਕਰਿਆ ਕਰੋ ਕਿ ਹੇ ਮਾਲਕ, ਕਿਰਪਾ ਕਰੋ, ਮੈਨੂੰ ਕਦੇ ਵੀ ਤੁਹਾਡਾ ਨਾਮ ਨ ਵਿਸਰੇ। ਮੈਂ ਦਿਨ ਰਾਤ ਆਪ ਜੀ ਦੇ ਹੀ ਗੁਣ ਗਾਉਂਦਾ ਰਹਾਂ। ਸਾਹਿਬਾਂ ਦੀ ਬਖਸ਼ੀ ਅਗਵਾਈ ਨੂੰ ਵਾਚੀਏ। ਗੁਰਦੇਵ ਫੁਰਮਾਨ ਕਰਦੇ ਹਨ :—

ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥
ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥

ਸੂਹੀ ਮ: ੫ (ਪੰਨਾ : ੭੬੨)

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਵੀ ਪ੍ਰੇਰਨਾ ਇਹੋ ਹੀ ਬਖਸ਼ਸ਼ ਕੀਤੀ ਹੈ। ਹੇ ਮਾਲਕ ਪ੍ਰਭੂ ਜੀਓ, ਮੇਰੀ ਤੁਹਾਡੇ ਚਰਨਾਂ ਵਿੱਚ ਇੱਕ ਅਰਦਾਸ ਹੈ। ਜੇ ਆਪ ਜੀ ਨੂੰ ਭਾਅ ਜਾਵੇ ਤਾਂ ਕਿਰਪਾ ਕਰਕੇ ਉਸ ਨੂੰ ਪੂਰੀ ਕਰ ਦੇਣਾ ਜੀ। ਅਰਦਾਸ ਹੈ ਕਿਰਪਾ ਕਰਕੇ ਮੇਰੇ ਹਿਰਦੇ ਵਿੱਚ ਨਾਮ ਦਾ ਟਿਕਾਉ ਕਰ ਦਿਉ। ਨਾਮ ਹਿਰਦੇ ਵਿੱਚ ਟਿਕਣ ਦੀ ਬਰਕਤ ਨਾਲ ਮੈਂ ਆਪ ਜੀ ਦੇ ਦਿਨ ਰਾਤ ਗੁਣ ਗਾਉਂਦਾ ਰਹਾਂ :—

ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ॥
ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ॥ ੯॥ ੧॥

ਸੂਹੀ ਮ: ੧ (ਪੰਨਾ : ੭੫੨)

ਕਿਵੇਂ ਗੁਰਬਾਨੀ ਵਿੱਚ ਬਾਰਬਾਰ ਨਾਮ ਦੀ ਹੀ ਮੰਗ ਮੰਗਣ ਵਾਸਤੇ ਪ੍ਰੇਰਨਾ ਦਿਤੀ ਹੈ। ਹੇ ਮਾਲਕ ਜੀ, ਤਰੁੱਠੇ ਹੋ ਕਿਰਪਾ ਕਰੋ ਜੋ ਸਾਰੇ ਸੰਸਾਰ ਦੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਦਾਤਾ ਹੈ। ਉਹ ਦਾਤਾਰ ਮੈਨੂੰ ਕਦੇ ਵੀ ਨਾ ਭੁੱਲੇ, ਮੈਂ ਹਮੇਸ਼ਾ ਉਸਨੂੰ ਯਾਦ ਕਰਦਾ ਰਹਾਂ :—

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥

ਜਪੁਜੀ ਸਾ: (ਪੰਨਾ : ੨)

ਉਸ ਕਰਤੇ ਪ੍ਰਭੂ ਨੂੰ ਜਗਿਆਸੂ ਵਲੋਂ ਜਜਮਾਨ ਕਹਿ ਕੇ ਸੰਬੋਧਨ ਕੀਤਾ ਹੈ। ਹੇ ਕਰਤੇ ਤੂੰ ਮੇਰਾ ਜਜਮਾਨ ਹੈ। ਮੈਂ ਤੇਰੇ ਪਾਸੋਂ ਇੱਕ ਦਖਣਾ ਮੰਗਦਾ ਹਾਂ। ਕ੍ਰਿਪਾ ਕਰਕੇ, ਨਾਮ ਦੀ ਦਖਣਾ ਮੇਰੀ ਝੋਲੀ ਵਿੱਚ ਪਾਉ :—

ਕਰਤਾ ਤੂ ਮੇਰਾ ਜਜਮਾਨੁ॥
ਇਕ ਦਖਿਣਾ ਹਉ ਤੈ ਪਹਿ ਮਾਗਉ
ਦੇਹਿ ਆਪਣਾ ਨਾਮੁ॥੧॥

ਪ੍ਰਭਾਤੀ ਮ: ੧ (ਪੰਨਾ : ੧੩੨੯)

ਜੇ ਨਾਮ ਦੀ ਮੰਗ ਨੂੰ ਇੱਕ ਪਾਸੇ ਰੱਖ ਕੇ ਸੰਸਾਰ ਦੀਆਂ ਧਨ, ਪਦਾਰਥ, ਧੀਆਂ ਪੁੱਤਰਾਂ ਦੀਆਂ ਮੰਗਾਂ ਪ੍ਰਮੇਸ਼ਰ ਜੀ ਪਾਸੋਂ ਮੰਗੀ ਜਾਵਾਂਗੇ, ਉਹਨਾਂ ਸੰਸਾਰਕ ਮੰਗਾਂ ਵਿੱਚੋਂ ਸਦੀਵੀਂ ਸੁੱਖ ਪ੍ਰਾਪਤ ਨਹੀਂ ਹੋ ਸਕਦਾ। ਸਗੋਂ ਸੰਸਾਰਕ ਮੰਗਾਂ ਵਿੱਚੋਂ ਦੁੱਖ ਅਤੇ ਕਲੇਸ਼ ਹੀ ਪ੍ਰਾਪਤ ਹੁੰਦੇ ਹਨ। ਜਿਸਨੂੰ ਨਾਮ ਦੀ ਦਾਤ ਪ੍ਰਭੂ ਜੀ ਪਾਸੋਂ ਪ੍ਰਾਪਤ ਹੋ ਜਾਂਦੀ ਹੈ, ਫਿਰ ਉਸ ਦੇ ਸਾਰੇ ਦੁੱਖ ਵੀ ਦੂਰ ਹੋ ਜਾਂਦੇ ਹਨ। ਉਸ ਦੀਆਂ ਮਾਇਕੀ ਵਾਸ਼ਨਾਵਾਂ ਵੀ ਖਤਮ ਹੋ ਜਾਂਦੀਆਂ ਹਨ। ਸਾਹਿਬਾਂ ਦਾ ਫੁਰਮਾਨ ਹੈ :—

ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ॥
ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥

ਮ: ੫ (ਪੰਨਾ : ੯੫੮)

ਹੇ ਮਾਲਕ ! ਰਹਿਮਤ ਕਰ, ਮੇਰੇ ਹਿਰਦੇ ਰੂਪੀ ਝੋਲੀ ਵਿੱਚ ਨਾਮ ਦੀ ਦਾਤ ਪਾ ਦਿਉ ਤਾਂ ਜੋ ਮੇਰਾ ਤਨ ਅਤੇ ਮਨ ਹਰਾ ਭਰਾ ਹੋ ਜਾਵੇ :—

ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥

ਮੁੰਦਾਵਣੀ ਮ: ੫ (ਪੰਨਾ : ੧੪੨੯)

ਨਾਮ ਹੀ ਮੰਜ਼ਲ ਹੈ।

ਜਿੱਥੇ ਗੁਰਮਤ ਵਿੱਚ, ਪ੍ਰਭੂ ਪ੍ਰਮੇਸ਼ਰ ਦੀ ਪ੍ਰਾਪਤੀ ਦਾ ਰਸਤਾ ਨਾਮ ਹੈ। ਉੱਥੇ ਗੁਰਮਤ ਦੇ ਪਾਂਧੀ ਦੀ ਮੰਗ ਵੀ ਨਾਮ ਹੀ ਹੈ ਅਤੇ ਨਾਮ ਹੀ ਗੁਰਸਿੱਖ ਜਗਿਆਸੂ ਦੀ ਮੰਜ਼ਲ ਹੈ।

ਸਾਹਿਬ ਗੁਰੂ ਅਰਜਨ ਦੇਵ ਜੀ ਨੇ ਪਹਿਲੀ ਪੰਗਤੀ ਵਿੱਚ ਸਾਡਾ ਸਵਾਲ ਅੰਕਤ ਕਰਕੇ, ਦੂਸਰੀ ਵਿੱਚ ਉਸਦਾ ਸੰਪੂਰਨ ਉੱਤਰ ਦਿੱਤਾ ਹੈ।

ਸਵਾਲ ਕੀ ਹੈ ? ਜਿਹਨਾਂ ਨੂੰ ਪ੍ਰਮੇਸ਼ਰ ਦਾ ਨਾਮ ਕਦੇ ਨਹੀਂ ਭੁੱਲਦਾ ਉਹ ਕਿਹੋ ਜਿਹੇ ਹੁੰਦੇ ਹਨ ? ਅਗਲੀ ਪੰਗਤੀ ਵਿੱਚ ਉੱਤਰ ਦਿੱਤਾ ਹੈ ਕਿ ਜੋ ਨਾਮ ਜਪਦੇ ਹਨ, ਜਿਹਨਾਂ ਨੂੰ ਪ੍ਰਭੂ ਦਾ ਨਾਮ ਕਦੇ ਨਹੀਂ ਵਿਸਰਦਾ ਉਹ ਸਾਂਈ ਮਾਲਕ ਦਾ ਰੂਪ ਹੀ ਹੁੰਦੇ ਹਨ। ਉਹਨਾਂ ਵਿੱਚ ਅਤੇ ਪ੍ਰਭੂ ਪ੍ਰਮੇਸ਼ਰ ਜੀ ਵਿੱਚ ਭੋਰਾ ਜਿੰਨਾ ਵੀ ਫਰਕ ਨਹੀਂ ਹੁੰਦਾ, ਉਹ ਸਾਈਂ ਦਾ ਰੂਪ ਹੀ ਹੁੰਦੇ ਹਨ :—

ਜਿਨ੍ ਨ ਵਿਸਰੈ ਨਾਮੁ ਸੇ ਕਿਨੇਹਿਆ॥
ਭੇਦ ਨ ਜਾਣਹੁ ਮੂਲਿ ਸਾਂਈ ਜੇਹਿਆ॥

ਆਸਾ ਮ: ੫ (ਪੰਨਾ : ੩੯੭)

ਸਾਹਿਬ ਚੌਥੇ ਪਾਤਸਾਹ ਜੀ ਦਾ ਮੁਖਵਾਕ ਹੈ। ਜਿਹਨਾਂ ਨੇ ਵਾਹਿਗੁਰੂ ਜੀ ਦੇ ਨਾਮ ਨੂੰ ਪਿਆਰ ਨਾਲ ਜਪਿਆ, ਉਹ ਹਰੀ ਪ੍ਰਮੇਸ਼ਰ ਜੀ ਦਾ ਰੂਪ ਹੀ ਬਣ ਗਏ। ਉਹਨਾਂ ਨੂੰ ਜਗਤ ਰਚਨਾ ਵਿੱਚ ਕੇਲ ਕਰਨ ਵਾਲਾ ਪ੍ਰਭੂ ਸਮਰਤਥ ਹੋ ਗਿਆ। ਉਹ ਪ੍ਰਮੇਸ਼ਰ ਨਾਲ ਇੱਕ ਮਿੱਕ ਹੋ ਗਏ :—

ਜਿਨ ਹਰਿ ਜਪਿਆ ਸੇ ਹਰਿ ਹੋਏ
ਹਰਿ ਮਿਲਿਆ ਕੇਲ ਕੇਲਾਲੀ॥

ਧਨਾਸਰੀ ਮ: ੪ (ਪੰਨਾ : ੬੬੭)

ਸੋਢੀ ਸੁਲਤਾਨ ਗੁਰੂ ਰਾਮ ਦਾਸ ਜੀ ਹੋਰ ਫੁਰਮਾਨ ਕਰਦੇ ਹਨ। ਜਿਨ੍ਹਾਂ-ਜਿਨ੍ਹਾਂ ਨੇ ਹਰੀ ਪ੍ਰਮੇਸ਼ਰ ਦੇ ਨਾਮ ਨੂੰ ਧਿਆਇਆ ਹੈ, ਉਹਨਾਂ ਨੇ ਨਾਮ ਜਪ ਕੇ ਸੁਆਮੀ ਮਾਲਕ ਨੂੰ ਪ੍ਰਾਪਤ ਕਰ ਲਿਆ। ਜਿਹੜਾ ਕੋਈ ਐਸੇ ਨਾਮੀ ਵਿੱਚ ਅਭੇਦ ਹੋਏ ਪਿਆਰੇ ਦੀ ਦੱਸ ਮੈਨੂੰ ਪਾਵੇ, ਮੈਂ ਉਸਦੇ ਚਰਨ ਮਲ-ਮਲ ਕੇ ਧੋਵਾਂ :—

ਜਿਨ ਹਰਿ ਧਿਆਇਆ ਤਿਨ ਹਰਿ ਪਾਇਆ
ਮੇਰਾ ਸੁਆਮੀ ਤਿਨ ਕੇ ਚਰਣ ਮਲਹੁ ਹਰਿ ਦਸਨਾ॥

ਗੋਂਡ ਮ: ੪ (ਪੰਨਾ : ੮੬੦)

ਜਿਹਨਾਂ ਨੂੰ ਕਿਸੇ ਸਮੇਂ ਵੀ ਹਰੀ ਪ੍ਰਮੇਸ਼ਰ ਦਾ ਨਾਮ ਨਹੀਂ ਭੁੱਲਦਾ, ਜੋ ਹਰ ਸਮੇਂ ਨਾਮ ਜਪਦੇ ਹਨ। ਉਹ ਗੁਰੂ ਪਿਆਰੇ ਸੰਤ ਹਨ, ਉਹ ਧੰਨਤਾ ਦੇ ਯੋਗ ਹਨ।

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥

(ਸਲੋਕ ਮ: ੫, ਪੰਨਾ : ੩੧੯)

ਗੁਰੂ ਕੀ ਬਾਨੀ ਅਨੁਸਾਰ, ਸੰਤ ਕਿਸੇ ਭੇਖ ਦਾ ਨਾਉਂ ਨਹੀਂ। ਜਿਸਦੀ ਆਤਮਿਕ ਦਸ਼ਾ "ਸਾਸ ਗਿਰਾਸ ਨ ਵਿਸਰੈ" ਦੀ ਬਣ ਗਈ ਹੈ, ਉਸਨੂੰ ਗੁਰਬਾਣੀ ਵਿੱਚ ਸੰਤ ਲਿਖਿਆ ਹੈ। ਫਿਰ ਐਸੀ ਆਤਮਿਕ ਅਵਸਥਾ ਵਾਲੇ ਵਿੱਚ ਅਤੇ ਪ੍ਰਭੂ ਵਿੱਚ ਭੋਰਾ ਜਿੰਨਾ ਵੀ ਫ਼ਰਕ ਨਹੀਂ ਹੁੰਦਾ :—

ਰਾਮ ਸੰਤ ਮਹਿ ਭੇਦੁ ਕਿਛੁ ਨਾਹੀ

ਗਉੜੀ ਮ: ੫ (ਪੰਨਾ : ੨੦੮)

ਤਥਾ :— ਸੰਤ ਅਨੰਤਹਿ ਅੰਤਰੁ ਨਾਹੀ॥

ਆਸਾ ਰਵਿਦਾਸ ਜੀ (ਪੰਨਾ : ੪੮੬)

ਜਿਹੜੇ ਨਾਮ-ਜਪ ਦੇ ਰਸਤੇ ਦੇ ਧਾਰਨੀ ਬਣ ਗਏ, ਜਿਹਨਾਂ ਨੇ ਬਾਰੰਬਾਰ ਨਾਮ ਦੀ ਮੰਗ ਦੀ ਪੂਰਤੀ ਲਈ ਅਰਦਾਸਾਂ ਕੀਤੀਆਂ ਅਤੇ ਉਹਨਾਂ ਦੀਆਂ ਅਰਦਾਸਾਂ ਸਦਕਾ ਸਤਿਗੁਰੂ ਜੀ ਨੇ ਜੋ ਮਾਂਗਹਿ ਠਾਕੁਰ ਆਪਨੇ ਤੇ ਸੋਈ ਸੋਈ ਦੇਵੈ ਦਾ ਬਿਰਦ ਪਾਲ ਕੇ ਉਹਨਾਂ ਨੂੰ ਨਾਮ ਦੀ ਦਾਤ ਬਖਸ਼ਸ਼ ਕਰ ਦਿੱਤੀ। ਉਹ ਫਿਰ ਸਾਂਈ ਨਾਲ, "ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ" ਦੀ ਅਵਸਥਾ ਨੂੰ ਪ੍ਰਾਪਤ ਕਰਕੇ, ਮਨੁੱਖਾ ਜਨਮ ਦੇ ਲਕਸ਼ ਨੂੰ ਪ੍ਰਾਪਤ ਕਰ ਗਏ। ਲਕਸ਼ ਕੀ ਸੀ ? "ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ" ਸੋ ਉਹਨਾਂ ਨੇ ਪੂਰਾ ਕਰ ਲਿਆ, ਉਹ ਆਪਣੀ ਮੰਜ਼ਲ ਤੇ ਪਹੁੰਚ ਗਏ।

ਗੁਰਮਤ ਪਾਂਧੀਆ ਲਈ ਨਾਮ ਹੀ ਸਭ ਕੁਝ ਹੈ

ਜਿੱਥੇ ਨਾਮ ਰਸਤਾ ਹੈ, ਨਾਮ ਮੰਗ ਹੈ, ਨਾਮ ਮੰਜ਼ਲ ਹੈ, ਉੱਥੇ ਨਾਮ ਹੀ ਆਤਮਿਕ ਭੋਜਨ ਹੈ। ਜਿਸ ਪ੍ਰਤੀ ਸ੍ਰੀ ਗੁਰੂ ਰਾਮ ਦਾਸ ਜੀ ਨੇ ਵਡਹੰਸ ਰਾਗ ਵਿੱਚ ਫ਼ੁਰਮਾਨ ਕੀਤਾ ਹੈ ਕਿ ਨਾਮ ਹੀ ਸਾਡੇ ਲਈ ਛੱਤੀ ਪ੍ਰਕਾਰ ਦੇ ਭੋਜਨ ਹਨ। ਜਿਵੇਂ ਭੋਜਨ ਛਕਣ ਨਾਲ ਸਰੀਰਕ ਤ੍ਰਿਪਤੀ ਹੁੰਦੀ ਹੈ ਇਸੇ ਤਰਾਂ ਨਾਮ ਭੋਜਨ ਛੱਕ ਕੇ ਆਤਮਾ ਅਨੰਦਤ ਹੋ ਜਾਂਦੀ ਹੈ ਅਤੇ ਹੋਰ ਸਾਰੀਆਂ ਭੁੱਖਾਂ ਖਤਮ ਹੋ ਜਾਂਦੀਆਂ ਹਨ :—

ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ
ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ॥

ਪਉੜੀ ਵਡਹੰਸ ਕੀ ਵਾਰ ਮ: ੫ (ਪੰਨਾ : ੫੯੩)

ਪ੍ਰਮੇਸ਼ਰ ਦੇ ਨਾਮ ਵਿੱਚ ਬਹੁਤ ਵੱਡੀ ਤਾਕਤ ਹੈ। ਨਾਮ ਤਾਂ ਪ੍ਰਤੱਖ ਭੋਜਨ ਦੇ ਥਾਂ ਅਹਾਰ, ਆਸਰਾ ਬਖਸ਼ਸ਼ ਕਰਦਾ ਹੈ। ਸੁਖਮਨੀ ਸਾਹਿਬ ਜੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ :—

ਮਿਰਤਕ ਕਉ ਜੀਵਾਲਨਹਾਰ॥
ਭੂਖੇ ਕਉ ਦੇਵਤ ਅਧਾਰ॥

ਸੁਖਮਨੀ ਮ: ੫, (ਪੰਨਾ : ੨੮੩)

ਤਦ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੋਰਠ ਰਾਗ ਵਿੱਚ ਪ੍ਰੇਰਨਾ ਦਿੱਤੀ ਹੈ ਕਿ ਹੇ ਗੁਰਮੁਖ ਜਨੋ! ਪ੍ਰਭੂ ਪ੍ਰਮੇਸ਼ਰ ਜੀ ਦੇ ਅੰਮ੍ਰਿਤ ਰੂਪੀ ਨਾਮ ਭੋਜਨ ਨੂੰ ਨਿੱਤ ਹੀ ਛਕਿਆ ਕਰੋ ਅਤੇ ਹਰ ਸਮੇਂ ਭੁੰਚਿਆ ਕਰੋ। ਨਾਮ ਦੇ ਭੋਜਨ ਵਿੱਚ ਇੰਨੀ ਵੱਡੀ ਬਰਕਤ ਹੈ, ਜਿਹੜਾ ਨਾਮ ਦਾ ਭੋਜਨ ਛਕਦਾ ਹੈ ਉਸਦੇ ਨੇੜੇ ਨਾ ਬੁਢੇਪਾ, ਨਾ ਮੌਤ ਅਤੇ ਨਾ ਹੀ ਕੋਈ ਦੁੱਖ ਆਉਂਦਾ ਹੈ। ਇਸ ਲਈ ਹਰ ਸਮੇਂ ਨਾਮੀ ਪ੍ਰਭੂ ਦੇ ਗੁਣ ਗਾਇਆ ਕਰੋ। ਜਿੱਥੇ ਨਾਮ ਆਤਮਾ ਦਾ ਅਹਾਰ ਹੈ, ਉੱਥੇ ਨਾਮ ਪ੍ਰਤੱਖ ਭੋਜਨ ਦਾ ਆਸਰਾ ਨਾਮੀਆਂ ਨੂੰ ਬਖਸ਼ਸ਼ ਕਰਦਾ ਹੈ। ਇਸ ਲਈ :—

ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ॥
ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ॥ ੩॥

ਸੋਰਠ ਮ: ੫, (ਪੰਨਾ : ੬੧੧)

ਗੁਰਮਤ ਆਸ਼ੇ ਅਨੁਸਾਰ ਗੁਰਮਤ ਪਾਂਧੀਆਂ ਲਈ ਮੁੱਢ ਤੋਂ ਜਗਿਆਸੂ ਅਵਸਥਾ ਤੋਂ ਲੈ ਕੇ ਬ੍ਰਹਮ ਵਿੱਚ ਲੀਨਤਾ ਤੱਕ ਸਭ ਨਾਮ ਹੀ ਨਾਮ ਹੈ। ਚਾਹੇ, ਅਨਹਦ ਸ਼ਬਦ ਹਨ, ਚਾਹੇ ਪ੍ਰਕਾਸ਼ ਹੈ ਜਾਂ ਅੰਮ੍ਰਿਤ ਰੂਪੀ ਰਸ ਹੈ ਜਾਂ ਅਨੁਭਵ ਰੂਪੀ ਸੱਦੜਾ ਹੈ। ਚਲ ਰਹੇ ਪ੍ਰਸੰਗ ਦਾ ਅਕਾਰ ਵੱਡਾ ਹੋਈ ਜਾ ਰਿਹਾ ਹੈ। ਕੇਵਲ ਸੰਖੇਪ ਰੂਪ ਵਿੱਚ ਤਿੰਨ ਕੁ ਗੁਰੂ ਬਾਣੀ ਸਬਦਾਂ ਨੂੰ ਪੜ੍ਹ ਲਈਏ। ਸੋਝੀ ਪੈ ਜਾਵੇਗੀ ਕਿ ਸਤਿਗੁਰੂ ਜੀ ਨੇ ਕਿਉਂ ਕਿਹਾ ਹੈ ਕਿ "**ਨਾਨਕ ਕੈ ਘਰਿ ਕੇਵਲ ਨਾਮੁ॥**"

ਨਾਮ ਮਨੁੱਖ ਨੂੰ ਸੰਸਾਰ ਤੇ ਪ੍ਰਗਟ ਕਰ ਦਿੰਦਾ ਹੈ॥ ਭਗਤ ਭਗਤ ਜਗ ਵਜਿਆ ਚਹੁ ਚਕਾਂ ਦੇ ਵਿੱਚ ਚਮਰੇਟਾ (ਭਾਈ ਗੁਰਦਾਸ ਜੀ)

ਨਾਮ ਸਾਰੇ ਪਾਪਾਂ ਦਾ ਨਾਸ਼ ਕਰ ਦਿੰਦਾ ਹੈ।

ਨਾਮ ਲੈਣ ਨਾਲ ਸਾਰੇ ਸ਼ੁਭ ਪੁਰਬ (ਸ਼ੁਭ ਦਿਹਾੜੇ) ਮਨਾਏ ਜਾਂਦੇ ਹਨ।

ਨਾਮ ਸਿਮਰਨ ਕਰਨ ਨਾਲ ਸਾਰੇ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ।

ਨਾਮ ਹੀ ਤੀਰਥ ਹੈ।

ਨਾਮ ਲੈਣ ਨਾਲ ਸਾਰੇ ਦੁੱਖ ਦੂਰ ਹੋ ਜਾਂਦੇ ਹਨ।

ਨਾਮ ਲੈਣ ਨਾਲ ਗਿਆਨ ਪ੍ਰਾਪਤ ਹੋ ਜਾਂਦਾ ਹੈ।

ਨਾਮ ਲੈਣ ਨਾਲ ਪ੍ਰਭੂ ਜੀ ਦਾ ਪ੍ਰਤੱਖ ਪ੍ਰਕਾਸ਼ ਪ੍ਰਾਪਤ ਹੋ ਜਾਂਦਾ ਹੈ।

ਨਾਮ ਲੈਣ ਨਾਲ ਮਾਇਆ ਦੇ ਜੰਜਾਲਾਂ ਤੋਂ ਨਿਜ਼ਾਤ ਮਿਲ ਜਾਂਦੀ ਹੈ।

ਨਾਮ ਜਪ ਦੁਆਰਾ ਪਰਲੋਕ ਵਿੱਚ ਜਮਦੂਤ ਨੇੜੇ ਨਹੀਂ ਆਉਂਦੇ।

ਨਾਮ ਜਪਣ ਨਾਲ ਪ੍ਰਭੂ ਦੀ ਦਰਗਾਹ ਵਿੱਚ ਸਦੀਵੀਂ ਸੁੱਖ ਪ੍ਰਾਪਤ ਹੁੰਦਾ ਹੈ।

ਨਾਮ ਜਪਣ ਵਾਲੇ ਨੂੰ ਪ੍ਰਭੂ ਸ਼ਾਬਾਸ਼ ਦਿੰਦਾ ਹੈ।

ਜਗਿਆਸੂ ਦੀ ਨਾਮ ਜਪ ਹੀ ਰਾਸ ਤੇ ਪੂੰਜੀ ਹੈ।

ਸਾਰੇ ਗੁਰੂ ਉਪਦੇਸ਼ ਦਾ ਨਿਚੋੜ ਨਾਮ ਹੀ ਹੈ, ਜੋ ਮਨ ਨੂੰ ਆਸਰਾ ਦਿੰਦਾ ਹੈ।

ਨਾਮ ਜੀਵ ਆਤਮਾ ਦੇ ਹਰ ਜਗਾਹ ਸਹਾਈ ਹੁੰਦਾ ਹੈ।

ਨਾਮ ਜਪ ਹੀ ਸੰਸਾਰ ਸਾਗਰ ਤੋਂ ਪਾਰ ਉਤਾਰਾ ਕਰ ਦਿੰਦਾ ਹੈ।

ਨਾਮ ਤੋਂ ਬਿਨਾਂ ਸਾਰੇ ਕਰਮ ਕੇਵਲ ਲੋਕਾਚਾਰ ਹੀ ਹਨ। ਕੈਸਾ ਹੈ, ਨਾਮ :—

ਨਾਮੁ ਲੈਤ ਮਨੁ ਪਰਗਟੁ ਭਇਆ॥
ਨਾਮੁ ਲੈਤ ਪਾਪੁ ਤਨ ਤੇ ਗਇਆ॥
ਨਾਮੁ ਲੈਤ ਸਗਲ ਪੁਰਬਾਇਆ॥
ਨਾਮੁ ਲੈਤ ਅਠਸਠਿ ਮਜਨਾਇਆ॥ ੧॥
ਤੀਰਥੁ ਹਮਰਾ ਰਹਿ ਕੋ ਨਾਮੁ॥
ਗੁਰਿ ਉਪਦੇਸਿਆ ਤਤੁ ਗਿਆਨੁ॥ ੧॥ ਰਹਾਉ॥
ਨਾਮੁ ਲੈਤ ਦੁਖੁ ਦੂਰਿ ਪਰਾਨਾ॥
ਨਾਮੁ ਲੈਤ ਅਤਿ ਮੂੜ ਸੁਗਿਆਨਾ॥
ਨਾਮੁ ਲੈਤ ਪਰਗਟਿ ਉਜੀਆਰਾ॥
ਨਾਮੁ ਲੈਤ ਛੁਟੇ ਜੰਜਾਰਾ॥ ੨॥
ਨਾਮੁ ਲੈਤ ਜਮੁ ਨੇੜਿ ਨ ਆਵੈ॥
ਨਾਮੁ ਲੈਤ ਦਰਗਹ ਸੁਖੁ ਪਾਵੈ॥
ਨਾਮੁ ਲੈਤ ਪ੍ਰਭੁ ਕਹੈ ਸਾਬਾਸਿ॥
ਨਾਮੁ ਹਮਾਰੀ ਸਾਚੀ ਰਾਸਿ॥੩॥

ਗੁਰਿ ਉਪਦੇਸੁ ਕਹਿਓ ਇਹੁ ਸਾਰੁ॥
ਹਰਿ ਕੀਰਤਿ ਮਨ ਨਾਮੁ ਅਧਾਰੁ॥
ਨਾਨਕ ਉਧਰੇ ਨਾਮ ਪੁਨਹਚਾਰ॥
ਅਵਰਿ ਕਰਮ ਲੋਕਹ ਪਤੀਆਰ॥ ੪॥

ਭੈਰਉ ਮ: ੫ (ਪੰਨਾ : ੧੧੪੨)

ਪ੍ਰਭੂ ਦਾ ਨਾਮ ਹੀ ਅੰਤਰਯਾਮਤਾ ਬਖਸ਼ਦਾ ਹੈ।

ਪ੍ਰਭੂ ਦਾ ਨਾਮ ਹੀ ਹਰ ਥਾਂ ਕੰਮ ਆਉਂਦਾ ਹੈ।

ਇਹ ਨਾਮ ਜੋਰ ਨਾਲ ਨਹੀਂ; ਗੁਰੂ ਤਰੁਠ ਕੇ ਪ੍ਰਭੂ ਪਾਸੋਂ ਨਾਮ ਦਾ ਦਾਨ ਬਖਸ਼ਸ਼ ਕਰਵਾ ਦਿੰਦਾ ਹੈ।

ਸਾਡੇ ਲਈ ਨਾਮ ਹੀ ਰਤਨਾਂ ਦਾ ਭੰਡਾਰਾ ਹੈ।

ਨਾਮ ਹੀ, ਅਗਮ, ਬਿਅੰਤ, ਅਮੋਲਕ, ਅਪੁੰਹਚ ਤੋਂ ਪਰੇ ਭਾਵ ਸਭ ਕੁਝ ਹੀ ਹੈ, ਜਿਸਦਾ ਵਰਨਣ ਨਹੀਂ ਕੀਤਾ ਜਾ ਸਕਦਾ।

ਨਾਮ ਹੀ ਸਾਡਾ ਮਾਲਕ ਹੈ।

ਨਾਮ ਦੀ ਵਡਿਆਈ ਹੀ ਸਾਰੇ ਪਸਰ ਰਹੀ ਹੈ।

ਨਾਮ ਹੀ ਸਾਡਾ ਸ਼ਾਹੂਕਾਰ ਹੈ

ਨਾਮ ਜਪ ਹੀ ਬੇ-ਪਰਵਾਹੀ ਬਖਸ਼ਦਾ ਹੈ।

ਨਾਮ ਹੀ ਭੋਜਨ ਹੈ।

ਨਾਮ ਹੀ ਪਿਆਰ ਹੈ

ਨਾਮ ਹੀ ਜ਼ਿੰਦਗੀ ਦਾ ਪ੍ਰਯੋਜਨ ਹੈ।

ਨਾਮ ਹੀ ਅਨਹਦ ਦੀ ਧੁਨੀ ਪ੍ਰਦਾਨ ਕਰਦਾ ਹੈ।

ਨਾਮ ਹੀ ਨਉ ਨਿੱਧੀਆਂ ਦਾ ਭੰਡਾਰ ਹੈ।

ਜਿਸਨੂੰ ਗੁਰੂ ਮਿਹਰ ਕਰਕੇ ਨਾਮ ਦਾ ਧਨ ਬਖਸ਼ਸ਼ ਕਰ ਦੇਵੇ, ਉਹ ਅਸਲੀ ਸ਼ਾਹੂਕਾਰ ਹੈ। ਕੈਸਾ ਹੈ ਨਾਮ ! ਜਿਸ ਦੀ ਵਡਿਆਈ ਕਲਮਬੰਦ ਨਹੀਂ ਕੀਤੀ ਜਾ ਸਕਦੀ :—

ਨਾਮੁ ਹਮਾਰੈ ਅੰਤਰਜਾਮੀ॥
ਨਾਮੁ ਹਮਾਰੈ ਆਵੈ ਕਾਮੀ॥
ਰੋਮਿ ਰੋਮਿ ਰਵਿਆ ਹਰਿ ਨਾਮੁ॥
ਸਤਿਗੁਰ ਪੂਰੈ ਕੀਨੋ ਦਾਨੁ॥ ੧॥
ਨਾਮੁ ਰਤਨੁ ਮੇਰੈ ਭੰਡਾਰ॥

ਅਗਮ ਅਮੋਲਾ ਅਪਰ ਅਪਾਰ॥੧॥ ਰਹਾਉ॥
ਨਾਮੁ ਹਮਾਰੈ ਨਿਹਚਲ ਧਨੀ॥
ਨਾਮ ਕੀ ਮਹਿਮਾ ਸਭ ਮਹਿ ਬਨੀ॥
ਨਾਮੁ ਹਮਾਰੈ ਪੂਰਾ ਸਾਹੁ॥
ਨਾਮੁ ਹਮਾਰੈ ਬੇਪਰਵਾਹੁ॥ ੨॥
ਨਾਮੁ ਹਮਾਰੈ ਭੋਜਨ ਭਾਉ॥
ਨਾਮੁ ਹਮਾਰੈ ਮਨ ਕਾ ਸੁਆਉ॥
ਨਾਮੁ ਨ ਵਿਸਰੈ ਸੰਤ ਪ੍ਰਸਾਦਿ॥
ਨਾਮੁ ਲੈਤ ਅਨਹਦ ਪੂਰੇ ਨਾਦ॥ ੩॥
ਪ੍ਰਭ ਕਿਰਪਾ ਤੇ ਨਾਮੁ ਨਉ ਨਿਧਿ ਪਾਈ॥
ਗੁਰ ਕਿਰਪਾ ਤੇ ਨਾਮ ਸਿਉ ਬਨਿ ਆਈ॥
ਧਨਵੰਤੇ ਸੇਈ ਪਰਧਾਨ॥
ਨਾਨਕ ਜਾ ਕੈ ਨਾਮੁ ਨਿਧਾਨ॥੪॥

ਭੈਰਉ ਮਹਲਾ ੫, (ਪੰਨਾ : ੧੧੪੪)

ਨਾਮ ਹੀ ਛਤੀਹ ਪ੍ਰਕਾਰ ਦਾ ਭੋਜਨ ਹੈ, ਜੋ ਸਾਰੀਆਂ ਸੂਖਮ ਅਸਥੂਲ ਭੁੱਖਾਂ ਦੂਰ ਕਰਦਾ ਹੈ। ਤਨ ਅਤੇ ਮਨ ਨੂੰ ਤ੍ਰਿਪਤੀ ਪ੍ਰਦਾਨ ਕਰਦਾ ਹੈ।

ਨਾਮ ਹੀ ਅਸਲੀ ਪੋਸ਼ਾਕ ਹੈ। ਜੋ ਲੋਕ ਪ੍ਰਲੋਕ ਵਿੱਚ ਪੜਦਾ ਢੱਕਦੀ ਹੈ। ਨਾਮ ਮਨੁੱਖ ਨੂੰ ਲੋਕ-ਪ੍ਰਲੋਕ ਵਿੱਚ ਕਦੇ ਵੀ ਬੇ-ਪੜਦਾ ਨਹੀਂ ਹੋਣ ਦਿੰਦਾ।

ਜਗਿਆਸੂ ਦਾ ਵਣਜ ਬਿਉਹਾਰ ਵੀ ਨਾਮ ਹੀ ਹੈ।

ਨਾਮ ਜਪਣ ਵਾਲਾ ਹੀ ਸਭ ਕਾਸੇ ਦਾ ਕਾਰ ਮੁਖਤਿਆਰ ਬਣ ਜਾਂਦਾ ਹੈ।

ਹਰ ਨਾਮ ਦਾ ਜਪ ਕਰਨ ਨਾਲ ਜਮਾਂ ਦੀ ਮੁਹਤਾਜੀ ਖਤਮ ਹੋ ਜਾਂਦੀ ਹੈ। ਪਰ ਯਾਦ ਰੱਖਣਾ, ਹਰੀ ਪ੍ਰਮੇਸ਼ਰ ਦੇ ਨਾਮ ਦਾ ਤੋਸਾ ਨਾ ਤਾਂ ਜ਼ੋਰ ਨਾਲ, ਨਾ ਸਿਆਣਪ ਨਾਲ, ਨਾ ਹਠ ਨਾਲ ਮਿਲਦਾ ਹੈ। ਨਾਮ ਦੀ ਦਾਤ ਤਾਂ ਧੁਰੋਂ ਪ੍ਰਭੂ ਦੀ ਬਖਸ਼ਸ਼ ਨਾਲ ਪ੍ਰਾਪਤ ਹੁੰਦੀ ਹੈ। ਪਉੜੀ ਨੂੰ ਪਿਆਰ ਨਾਲ ਪੜੀਏ :—

ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ
ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ॥
ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ
ਹੋਰ ਪੈਨਣ ਕੀ ਹਮਾਰੀ ਸਰਧ ਗਈ॥
ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ

ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ ਦੀਈ॥
ਹਰਿ ਨਾਮੈ ਕਾ ਹਮ ਲੇਖਾ ਲਿਖਿਆ
ਸਭ ਜਮ ਕੀ ਅਗਲੀ ਕਾਣਿ ਗਈ॥
ਹਰਿ ਕਾ ਨਾਮੁ ਗੁਰਮੁਖਿ ਕਿਨੈ ਵਿਰਲੈ ਧਿਆਇਆ
ਜਿਨ ਕੰਉ ਧੁਰਿ ਕਰਮਿ ਪਰਾਪਤਿ ਲਿਖਤੁ ਪਈ॥੧੭॥

(ਪੰਨਾ : ੫੯੩)

ਜਿਹਨਾਂ ਨੇ ਨਾਮ ਜਪ ਦੀ ਕਾਰ ਕੀਤੀ ਉਹਨਾਂ ਨੂੰ ਹੀ ਨਾਮ ਦੀ ਮਹਾਨਤਾ ਪੁੱਛੀਏ। ਉਹ ਪੁਕਾਰ-ਪੁਕਾਰ ਕਹਿੰਦੇ ਹਨ ਕਿ ਸਾਨੂੰ ਹੁਣ ਹੋਰ ਕੋਈ ਧਾਰਮਕ ਕਰਮ ਕਾਂਡ ਕਰਨ ਦੀ ਲੋੜ ਨਹੀਂ।

ਨਾਮ ਹੀ ਸਾਡੀ ਆਰਤੀ ਹੈ। ਨਾਮ ਹੀ ਇਸ਼ਨਾਨ ਹੈ।

ਨਾਮ ਹੀ ਬੈਠਣ ਵਾਲਾ ਆਸਣ ਹੈ। ਨਾਮ ਹੀ ਚੰਦਨ ਰਗੜਨ ਵਾਲੀ ਸਿਲਾ ਹੈ। ਹੇ ਪ੍ਰਭੂ ਨਾਮ ਹੀ ਸਾਡਾ ਕੇਸਰ ਹੈ। ਨਾਮ ਹੀ ਪਾਣੀ ਹੈ।

ਹੇ ਪ੍ਰਭੂ, ਤੇਰਾ ਨਾਮ ਹੀ ਸੁਗੰਧੀ ਵਾਲਾ ਚੰਦਨ ਹੈ।

ਹੇ ਪ੍ਰਭੂ, ਤੇਰਾ ਨਾਮ ਹੀ ਦੀਵਾ ਹੈ। ਨਾਮ ਹੀਂ ਬੱਤੀ ਹੈ। ਤੇਰਾ ਨਾਮ ਹੀ ਤੇਲ ਹੈ। ਨਾਮ ਹੀ ਅਗਨੀ ਹੈ। ਇਸ ਨਾਮ ਦੁਆਰਾ ਹੀ ਸਾਰੇ ਭਵਨਾਂ ਵਿੱਚ ਪ੍ਰਕਾਸ਼ ਹੋ ਰਿਹਾ ਹੈ।

ਹੇ ਪ੍ਰਮਾਤਮਾ, ਤੇਰਾ ਨਾਮ ਹੀ ਧਾਗਾ ਹੈ। ਤੇਰਾ ਨਾਮ ਹੀ ਫੁੱਲ ਹਨ, ਤੇਰਾ ਨਾਮ ਹੀ ਫੁੱਲਾਂ ਦੀ ਮਾਲਾ ਹੈ। ਤੇਰੇ ਨਾਮ ਤੋਂ ਬਿਨਾਂ ਸਭ ਜੂਠੇ ਅਤੇ ਝੂਠ ਪਸਾਰੇ ਹੀ ਹਨ।

ਹੇ ਪ੍ਰਭੂ, ਤੇਰਾ ਨਾਮ ਹੀ ਮੇਰੇ ਵਾਸਤੇ ਚੌਰ ਹੈ ਅਤੇ ਤੇਰਾ ਨਾਮ ਹੀ ਚੌਰ ਨੂੰ ਝੁਲਾਉਣ ਵਾਲਾ ਹੈ।

ਹੇ ਪ੍ਰਭੂ, ਮੇਰੇ ਵਾਸਤੇ ਤਾਂ ਤੇਰਾ ਨਾਮ ਹੀ ਆਰਤੀ ਹੈ।

ਹੇ ਪ੍ਰਭੂ, ਤੇਰਾ ਨਾਮ ਹੀ ਤੁਹਾਡੇ ਵਾਸਤੇ ਮੇਰੇ ਲਈ ਭੋਗ ਲਵਾਉਣਾ ਹੈ।

ਕੈਸਾ ਹੈ ਨਾਮ ਜੋ ਸਾਰੇ ਸੰਸਾਰ ਦਾ ਅਤੇ ਪ੍ਰਮਾਰਥ ਦੇ ਵਰਤੋਂ ਵਲੇਵੇਂ ਦਾ ਕੰਮ ਦਿੰਦਾ ਹੈ :—

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥ ੧॥ ਰਹਾਉ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ

ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥
ਨਾਮ ਤੇਰੇ ਕੀ ਜੋਤਿ ਲਗਾਈ
ਭਇਓ ਉਜਿਆਰੋ ਭਵਨ ਸਗਲਾਰੇ ॥੨॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ
ਭਾਰ ਅਠਾਰਹ ਸਗਲ ਜੂਠਾਰੇ ॥
ਤੇਰੋ ਕੀਆ ਤੁਝਹਿ ਕਿਆ ਅਰਪਉ
ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥
ਦਸ ਅਠਾ ਅਠਸਠੇ ਚਾਰੇ ਖਾਣੀ
ਇਹੈ ਵਰਤਣਿ ਹੈ ਸਗਲ ਸੰਸਾਰੇ ॥
ਕਹੈ ਰਵਿਦਾਸ ਨਾਮੁ ਤੇਰੋ ਆਰਤੀ
ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥

ਧ: ਭਗਤ ਰਵੀਦਾਸ ਜੀ ਕੀ (ਪੰਨਾ : ੬੯੪)

ਸੰਸਾਰ ਹੀ ਨਹੀਂ, ਜਿੱਥੇ ਮਾਤਾ-ਪਿਤਾ ਨੇ ਸਹਾਇਤਾ ਨਹੀਂ ਕਰਨੀ ਉੱਥੇ ਨਾਮ ਸਹਾਇਤਾ ਕਰੇਗਾ। ਜਿੱਥੇ ਭਿਆਨਕ ਜਮਦੂਤਾਂ ਦੇ ਦਲਾਂ ਨੇ ਘੇਰਨਾ ਹੈ, ਉੱਥੇ ਕੇਵਲ ਨਾਮ ਹੀ ਸੰਗੀ ਸਾਥੀ ਹੋ ਕੇ ਸਹਾਈ ਹੋਵੇਗਾ। ਜਿੱਥੇ ਬਹੁਤ ਭਾਰੀ ਮੁਸ਼ਕਲ ਬਿਪਤਾ ਦੇ ਰੂਪ ਵਿੱਚ ਬਣ ਜਾਵੇਗੀ, ਉੱਥੇ ਨਾਮ ਇੱਕ ਖਿਨ ਵਿੱਚ ਛੁਟਕਾਰਾ ਬਖਸ਼ਸ਼ ਕਰਵਾ ਦੇਵੇਗਾ। ਜਿੱਥੇ ਪਾਪ ਕਰਮਾਂ ਤੋਂ ਛੁਟਕਾਰੇ ਲਈ ਪ੍ਰਾਸ਼ਚਿਤ ਕਰਮਾਂ ਨੇ ਵੀ ਬਹੁੜੀ ਨਹੀਂ ਕਰਨੀ ਉੱਥੇ ਨਾਮ ਸਹਾਇਤਾ ਕਰੇਗਾ :—

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥
ਜਹ ਮਹਾ ਭਇਆਨ ਦੂਤ ਜਮ ਦਲੈ ॥
ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥
ਜਹ ਮੁਸਕਲ ਹੋਵੈ ਅਤਿ ਭਾਰੀ ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥
ਅਨਿਕ ਪੁਨਹਚਰਨ ਕਰਤ ਨਹੀ ਤਰੈ ॥
ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥
ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥

ਨਾਨਕ ਪਾਵਹੁ ਸੂਖ ਘਨੇਰੇ ॥ ੧ ॥

ਗਉੜੀ ਸੁਖਮਨੀ ਮ: ੫ (ਪੰਨਾ : ੨੬੪)

ਜਿਸ ਜਮ ਮਾਰਗ ਦਾ ਪੈਂਡਾ ਬਹੁਤ ਲੰਬਾ ਹੈ। ਉਸ ਰਸਤੇ ਦਾ ਸਾਰਾ ਖਰਚ ਨਾਮ ਹੋਵੇਗਾ। ਜਮ ਮਾਰਗ ਦੇ ਹਨੇਰੇ ਰਸਤੇ ਵਿੱਚ ਨਾਮ ਪ੍ਰਕਾਸ਼ਕ ਹੋ ਕੇ ਚਾਨਣ ਕਰੇਗਾ। ਨਾਮ ਸੰਗੀ ਸਾਥੀ, ਜਾਣੂ-ਪਛਾਣੂ ਬਣੇਗਾ। ਬਹੁਤ ਭਿਆਨਕ ਧੁੱਪ ਵਿੱਚ ਹਰੀ ਦਾ ਨਾਮ ਛਾਂ ਕਰਕੇ ਸ਼ਾਂਤੀ ਬਖਸ਼ੇਗਾ। ਅੰਤ ਦੀ ਪਿਆਸ ਵਿੱਚ ਪਾਣੀ ਰੂਪ ਹੋ ਕੇ ਤੇਰੀ ਆਤਮਾਂ ਨੂੰ ਤ੍ਰਿਪਤ ਕਰੇਗਾ। ਕੈਸਾ ਹੈ ਨਾਮ ਜੋ ਪ੍ਰਲੋਕ ਵਿੱਚ, ਜਿਥੇ ਹਰ ਅਰਾਧੀਐ ਤਿਥੇ ਹਰਿ ਮਿਤ ਸਹਾਈ ਹੋ ਕੇ ਬਹੁੜੀ ਕਰਦਾ ਹੈ :—

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥
ਜਿਹ ਪੈਡੇ ਮਹਾ ਅੰਧ ਗੁਬਾਰਾ ॥
ਹਰਿ ਕਾ ਨਾਮੁ ਸੰਗਿ ਉਜੀਆਰਾ ॥
ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥
ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥
ਜਹ ਮਹਾ ਭਇਆਨ ਤਪਤਿ ਬਹੁ ਘਾਮ ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥
ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥
ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥ ੪ ॥

ਗਉੜੀ ਸੁਖਮਨੀ ਮ: ੫ (ਪੰਨਾ : ੨੬੪)

ਕੈਸਾ ਹੈ ਗੁਰਮਤ ਦਾ ਨਾਮ ਜੋ ਲੋਕ ਪ੍ਰਲੋਕ ਦੀਆਂ ਸਾਰੀਆਂ ਲੋੜਾਂ ਹਰ ਥਾਂ, ਹਰ ਸਥਿਤੀ ਵਿੱਚ ਸਹਾਇਕ ਹੋ ਕੇ ਪੂਰੀਆਂ ਕਰਦਾ ਹੈ।

ਨਾਮ ਕਿਉਂ ਜਪਣਾ ਹੈ ?

ਜੀਵ ਆਤਮਾਂ ਦਾ ਪ੍ਰਭੂ ਜੀ ਨਾਲ ਸੰਬੰਧ ਬਨਾਉਣ ਲਈ ਸਤਿਗੁਰੂ ਜੀ ਨੇ ਸਾਨੂੰ ਨਾਮ ਸਾਧਨ ਦਿੱਤਾ ਹੈ। ਜਿਹੜਾ ਜਗਿਆਸੂ ਨਾਮ ਦੇ ਸਾਧਨ ਨੂੰ ਆਪਣੇ ਜੀਵਨ ਵਿੱਚ ਧਾਰਨ ਕਰ ਲੈਂਦਾ ਹੈ ਉਹ ਜਗਿਆਸੂ ਨਾਮ ਜਪ ਦੇ ਰਸਤੇ ਤੇ ਚਲ ਕੇ ਸਦੀਵੀਂ ਸੁੱਖ, ਸ਼ਾਂਤੀ ਪ੍ਰਾਪਤ ਕਰ ਲੈਂਦਾ ਅਤੇ ਉਸਦੀ ਆਤਮਾ ਪ੍ਰਭੂ ਦੇ ਨਾਮ ਨੂੰ ਧਿਆ ਕੇ ਮਾਇਕੀ ਬੰਧਨਾਂ ਤੋਂ ਮੁਕਤ ਹੋ ਜਾਂਦੀ ਹੈ ਅਤੇ ਨਾਮ ਜਪ ਦੇ ਸਾਧਨ ਰਾਹੀਂ ਹੀ ਜਨਮਾਂ-ਜਨਮਾਂ ਤੋਂ ਆਪਣੇ ਮੂਲ-ਧੁਰੇ ਨਾਲੋਂ ਵਿਛੜੀ ਹੋਈ ਆਤਮਾ ਆਪਣੇ ਮੂਲ ਨਾਲ ਅਭੇਦ ਹੋ ਕੇ ਪਰਮੇਸ਼ਰ ਜੀ ਦਾ ਰੂਪ ਬਣ ਜਾਂਦੀ ਹੈ। ਜੀਵ ਆਤਮਾ ਅਤੇ

ਪ੍ਰਮੇਸ਼ਰ ਇਕ ਰੂਪ ਹੋ ਜਾਂਦੇ ਹਨ। ਗੁਰੂ ਰਾਮ ਦਾਸ ਜੀ ਦਾ ਫੁਰਮਾਨ ਹੈ :—

ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ॥

ਆਸਾ ਮ: ੪ (ਪੰਨਾ : ੧੧)

ਤਥਾ— ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ
ਤਿਨ ਤੂਟੀ ਜਮ ਕੀ ਫਾਸੀ॥

ਆਸਾ ਮ: ੪ (ਪੰਨਾ : ੧੧)

ਹੋਰ ਵਧੇਰੇ ਜਾਨਣ ਲਈ ਸਾਹਿਬ ਫੁਰਮਾਉਂਦੇ ਹਨ ਕਿ ਨਾਮ ਕਿਉਂ ਜਪਣਾ ਹੈ ? ਸਤਿਗੁਰੂ ਅਰਜਨ ਦੇਵ ਜੀ ਪਾਸੋਂ ਪੁਛੀਏ, ਸਤਿਗੁਰੂ ਜੀ ਕੀ ਅਗਵਾਈ ਕਰਦੇ ਹਨ? ਸਾਹਿਬ ਫੁਰਮਾਉਂਦੇ ਹਨ :—

ਨਾਮ ਜਪਣਾ ਹੈ, ਸਦੀਵੀ ਸੁਖਾਂ ਦੀ ਪ੍ਰਾਪਤੀ ਵਾਸਤੇ॥
ਨਾਮ ਜਪਣਾ ਹੈ, ਕਲਾ ਕਲੇਸ਼ ਪੈਦਾ ਕਰਨ ਵਾਲੇ ਪੰਜਾਂ ਤੇ ਕਾਬੂ ਪਾਉਣ ਵਾਸਤੇ।
ਨਾਮ ਜਪਣਾ ਹੈ, ਹਉਮੈਂ ਤੋਂ ਛੁਟਕਾਰੇ ਵਾਸਤੇ।
ਨਾਮ ਜਪਣਾ ਹੈ, ਆਵਾਗਉਣ ਦੇ ਚੱਕਰ ਤੋਂ ਛੁਟਕਾਰੇ ਲਈ।
ਨਾਮ ਜਪਣਾ ਹੈ, ਜਮਾਂ ਦੇ ਦੁੱਖਾਂ ਤੋਂ ਛੁਟਕਾਰੇ ਲਈ।
ਨਾਮ ਜਪਣਾ ਹੈ, ਮੌਤ ਦੇ ਡਰ (ਸਹਿਮ) ਤੋਂ ਖੁਲਾਸੀ ਪ੍ਰਾਪਤ ਕਰਨ ਲਈ।
ਨਾਮ ਜਪਣਾ ਹੈ, ਅੰਦਰੂਨੀ ਤੇ ਬਹਿਰੂਨੀ ਦੁਸ਼ਮਣਾਂ ਤੋਂ ਰੱਖਿਆ ਲਈ।
ਨਾਮ ਜਪਣਾ ਹੈ, ਬਿਘਨਾਂ ਦੇ ਵਿਨਾਸ਼ ਵਾਸਤੇ।
ਨਾਮ ਜਪਣਾ ਹੈ, ਆਤਮਿਕ ਸੁਚੇਤਤਾ ਵਾਸਤੇ।
ਨਾਮ ਜਪਣਾ ਹੈ, ਹਰ ਕਿਸਮ ਦੇ ਭੈ ਤੋਂ ਮੁਕਤ ਹੋਣ ਲਈ।
ਨਾਮ ਜਪਣਾ ਹੈ, ਸਰੀਰਕ ਤੇ ਮਾਨਸਕ ਰੋਗਾਂ ਤੋਂ ਛੁਟਕਾਰੇ ਲਈ।
ਨਾਮ ਜਪਣਾ ਹੈ, ਸਰਬ ਨਿਧਾਨਾਂ (ਖਜਾਨਿਆਂ) ਦੀ ਪ੍ਰਾਪਤੀ ਲਈ।
ਨਾਮ ਜਪਣਾ ਹੈ, ਆਤਮਿਕ ਸ਼ਕਤੀਆਂ ਪ੍ਰਾਪਤ ਕਰਨ ਲਈ।
ਨਾਮ ਜਪਣਾ ਹੈ, ਸੰਸਾਰਕ ਲੋੜਾਂ-ਥੋੜਾਂ ਤੋਂ ਬੇ-ਪ੍ਰਵਾਹ ਹੋਣ ਲਈ।
ਨਾਮ ਜਪਣਾ ਹੈ, ਤਾਂ ਜੋ ਜਪ, ਤਪ, ਪੂਜਾ ਆਦਿ ਕਰਮ ਨ ਕਰਨੇ ਪੈਣ।
ਨਾਮ ਜਪਣਾ ਹੈ, ਦ੍ਵੈਤ ਦਾ ਨਾਸ਼ ਕਰਨ ਲਈ।
ਨਾਮ ਜਪਣਾ ਹੈ, ਤਾਂ ਜੋ ਤੀਰਥਾਂ ਤੇ ਇਸ਼ਨਾਨ ਕਰਨ ਲਈ ਭਰਮਣਾ ਨ ਪਵੇ।
ਨਾਮ ਜਪਣਾ ਹੈ, ਪ੍ਰਭੂ ਦਰਗਾਹ ਵਿੱਚ ਪ੍ਰਵਾਨਗੀ ਵਾਸਤੇ।
ਨਾਮ ਜਪਣਾ ਹੈ, ਤਾਂ ਜੋ ਪ੍ਰਭੂ ਮਾਲਕ ਦਾ ਭਾਣਾ ਮਿੱਠਾ ਲੱਗਣ ਲੱਗ ਪਵੇ।

ਨਾਮ ਜਪਣਾ ਹੈ, ਜੀਵਨ ਦੀ ਸਫਲਤਾ ਵਾਸਤੇ।
ਨਾਮ ਜਪਣਾ ਹੈ, ਮਨ ਦੀ ਨਿਮ੍ਰਤਾਈ ਪ੍ਰਾਪਤ ਕਰਨ ਵਾਸਤੇ
ਨਾਮ ਜਪਣਾ ਹੈ, ਕਿਉਂਕਿ ਨਾਮ ਸਾਰਿਆਂ ਕਰਮ-ਕਾਂਡਾ ਤੋਂ ਉੱਚਾ ਤੇ ਸ੍ਰੇਸ਼ਟ ਹੈ।
ਨਾਮ ਜਪਣਾ ਹੈ, ਕਿਉਂਕਿ ਨਾਮ ਸਿਮਰਨ ਵੱਡੇ-ਵੱਡੇ ਅਪਰਾਧੀਆਂ ਨੂੰ ਵੀ ਤਾਰ ਦਿੰਦਾ ਹੈ।
ਨਾਮ ਜਪਣਾ ਹੈ, ਤਾਂ ਜੋ ਮਾਇਕੀ ਪਦਾਰਥਾਂ ਦੀ ਭਟਕਣਾ ਖਤਮ ਹੋ ਜਾਵੇ।
ਨਾਮ ਜਪਣਾ ਹੈ, ਅਗਮ ਨਿਗਮ ਦੀ ਸੋਝੀ ਵਾਸਤੇ।
ਨਾਮ ਜਪਣਾ ਹੈ, ਜਮਦੂਤਾਂ ਦੇ ਤ੍ਰਾਸ ਤੋਂ ਬਚਣ ਵਾਸਤੇ।
ਨਾਮ ਜਪਣਾ ਹੈ, ਸਾਰੀਆਂ ਖਾਹਸ਼ਾਂ ਦੀ ਪੂਰਤੀ ਵਾਸਤੇ।
ਨਾਮ ਜਪਣਾ ਹੈ, ਮਨ ਦੀ ਮੈਲ ਦੂਰ ਕਰਨ ਵਾਸਤੇ।
ਨਾਮ ਜਪਣਾ ਹੈ, ਪ੍ਰਭੂ ਦਾ ਅੰਮ੍ਰਿਤ ਨਾਮ ਹਿਰਦੇ ਵਿੱਚ ਟਿਕਾਉਣ ਵਾਸਤੇ।
ਨਾਮ ਜਪਣਾ ਹੈ, ਆਤਮਕ ਖਜ਼ਾਨਿਆਂ ਦੇ ਮਾਲਕ ਬਣ ਕੇ ਧਨਵਾਨ ਬਣਨ ਲਈ।
ਨਾਮ ਜਪਣਾ ਹੈ, ਲੋਕ ਪ੍ਰਲੋਕ ਦੀ ਇੱਜ਼ਤ-ਪੱਤ ਪ੍ਰਾਪਤ ਕਰਨ ਲਈ।
ਨਾਮ ਜਪਣਾ ਹੈ, ਪ੍ਰਭੂ ਦਰ ਵਿੱਚ ਪਰਮਾਣੀਕਤਾ ਪ੍ਰਾਪਤ ਕਰਨ ਵਾਸਤੇ।
ਨਾਮ ਜਪਣਾ ਹੈ, ਸਰਬ ਸ਼੍ਰੋਮਣੀ ਅਵਸਥਾ ਪ੍ਰਾਪਤ ਕਰਨ ਵਾਸਤੇ।
ਨਾਮ ਜਪਣਾ ਹੈ, ਬੇਮੁਹਤਾਜ ਬਨਨ ਲਈ।
ਨਾਮ ਜਪਣਾ ਹੈ, ਸਰਬ ਸ੍ਰਿਸ਼ਟੀ ਦੇ ਰਾਜੇ ਬਨਨ ਲਈ।
ਨਾਮ ਜਪਣਾ ਹੈ, ਸੁਖਵਾਸੀ, ਸੁਖੀਏ ਬਣਨ ਵਾਸਤੇ।
ਨਾਮ ਜਪਣਾ ਹੈ, ਅਬਿਨਾਸ਼ੀ ਬਣਨ ਵਾਸਤੇ।
ਨਾਮ ਜਪਣਾ ਹੈ, ਨੇਕੀ ਕਰਨ ਵਾਲੇ ਇਨਸਾਨ ਬਣਨ ਲਈ।
ਨਾਮ ਜਪਣਾ ਹੈ, ਗੁਰੂ ਦੀ ਦ੍ਰਿਸ਼ਟੀ ਵਿੱਚ ਮਹਾਨ ਬਣਨ ਵਾਸਤੇ।
ਨਾਮ ਜਪਣਾ ਹੈ, ਆਤਮਕ ਖਿੜਾਓ, ਆਤਮਕ ਵਿਗਾਸ ਪ੍ਰਾਪਤ ਕਰਨ ਵਾਸਤੇ।
ਨਾਮ ਜਪਣਾ ਹੈ, ਜੀਵਨ ਸੁੱਖ ਸ਼ਾਂਤੀ ਨਾਲ ਬਿਤਾਉਣ ਵਾਸਤੇ।
ਨਾਮ ਜਪਣਾ ਹੈ, ਮਨ ਤੇ ਕਾਬੂ ਪਾਉਣ ਵਾਸਤੇ।
ਨਾਮ ਜਪਣਾ ਹੈ, ਜੀਵਨ ਦੀ ਰਹੁ ਰੀਤ ਨੂੰ ਪਵਿੱਤਰ ਕਰਨ ਵਾਸਤੇ।

ਨਾਮ ਜਪਣਾ ਹੈ, ਅਨੰਦ ਦੀ ਪ੍ਰਾਪਤੀ ਵਾਸਤੇ।
ਨਾਮ ਜਪਣਾ ਹੈ, ਪ੍ਰਭੂ ਦੀ ਹਜ਼ੂਰੀ ਵਿੱਚ ਨਿਵਾਸ ਪਾਉਣ ਲਈ।
ਨਾਮ ਜਪਣਾ ਹੈ, ਮਾਇਆ ਦੇ ਦੂਤਾਂ ਵਲੋਂ ਸੁਚੇਤ ਹੋਣ ਲਈ।
ਨਾਮ ਜਪਣਾ ਹੈ, ਪੂਰਨ ਭਾਗਾਂ ਵਾਲੇ ਬਣਨ ਲਈ।
ਨਾਮ ਜਪਣਾ ਹੈ, ਸਰਬ ਕਾਰਜਾਂ ਦੀ ਪੂਰਤੀ ਵਾਸਤੇ।
ਨਾਮ ਜਪਣਾ ਹੈ, ਚਿੰਤਾਤੁਰ ਜੀਵਨ ਤੋਂ ਛੁਟਕਾਰਾ ਪਾਉਣ ਵਾਸਤੇ।
ਨਾਮ ਜਪਣਾ ਹੈ, ਹਰੀ ਦੇ ਗੁਣਾਂ ਦੀ ਉਸਤਤ ਕਰਨ ਵਾਸਤੇ।
ਨਾਮ ਜਪਣਾ ਹੈ, ਸਹਜ ਅਵਸਥਾ ਵਿੱਚ ਸਮਾਈ ਲੈਣ ਵਾਸਤੇ।
ਨਾਮ ਜਪਣਾ ਹੈ, ਆਤਮਿਕ ਅਡੋਲ ਅਵਸਥਾ ਪ੍ਰਾਪਤ ਕਰਨ ਵਾਸਤੇ।
ਨਾਮ ਜਪਣਾ ਹੈ, ਹਿਰਦੇ ਕੰਵਲ ਦੇ ਖਿੜਾਉ ਲਈ (ਭਾਵ ਸਦੀਵੀ ਖੇੜਾ ਪ੍ਰਾਪਤ ਕਰਨ ਲਈ)
ਨਾਮ ਜਪਣਾ ਹੈ, ਅਨਹਦ ਦੀ ਝੁਨਕਾਰ ਸੁਣਨ ਵਾਸਤੇ।
ਨਾਮ ਜਪਣਾ ਹੈ, ਪਾਰਾਵਾਰ ਤੋਂ ਪਰੇ ਦਾ ਸੁੱਖ ਪ੍ਰਾਪਤ ਕਰਨ ਲਈ।
ਨਾਮ ਜਪਣਾ ਹੈ, ਪ੍ਰਭੂ ਪ੍ਰਮੇਸ਼ਰ ਜੀ ਦੀ ਕ੍ਰਿਪਾ ਪ੍ਰਾਪਤ ਕਰਨ ਵਾਸਤੇ।
ਨਾਮ ਜਪਣਾ ਹੈ, ਜਨ ਬਣਨ ਵਾਸਤੇ।
ਨਾਮ ਜਪਣਾ ਹੈ, ਪ੍ਰਭੂ ਦੇ ਪਿਆਰੇ ਭਗਤ ਬਣਨ ਲਈ।
ਨਾਮ ਜਪਣਾ ਹੈ, ਪ੍ਰਭੂ ਗਿਆਨ ਪ੍ਰਾਪਤ ਕਰਨ ਵਾਸਤੇ।
ਨਾਮ ਜਪਣਾ ਹੈ, ਸਿੱਧ, ਜਤੀ ਅਤੇ ਦਾਤੇ ਬਣਨ ਵਾਸਤੇ।
ਨਾਮ ਜਪਣਾ ਹੈ, ਨੀਚਤਾਈ ਤੋਂ ਉਚਤਾਈ ਪ੍ਰਾਪਤ ਕਰਨ ਵਾਸਤੇ।
ਨਾਮ ਜਪਣਾ ਹੈ, ਪ੍ਰਭੂ ਨੇ ਜਿਸ ਮਨੋਰਥ ਲਈ ਧਰਤੀ ਬਣਾਈ ਹੈ, ਉਸ ਮਨੋਰਥ ਨੂੰ ਪੂਰਾ ਕਰਨ ਲਈ।
ਨਾਮ ਜਪਣਾ ਹੈ, ਜੋ ਸਾਰੇ ਕਾਰਨਾਂ ਦੇ ਕਰਨ ਦੀ ਸਮਰੱਥਾ ਦਾ ਮਾਲਕ ਹੈ, ਉਸਨੂੰ ਯਾਦ ਕਰਨ ਲਈ।
ਨਾਮ ਜਪਣਾ ਹੈ, ਹਰੀ ਨਿਰੰਕਾਰ ਦੇ ਵਿੱਚ ਨਿਵਾਸ ਪ੍ਰਾਪਤ ਕਰਨ ਲਈ।
ਨਾਮ ਜਪਣਾ ਹੈ, ਗੁਰਮੁਖ ਪਦ ਦੀ ਪ੍ਰਾਪਤੀ ਵਾਸਤੇ।

ਕੈਸੀਆਂ ਦਾਤਾਂ, ਕੈਸੀਆਂ ਬਖਸ਼ਸ਼ਾਂ, ਨਾਮ ਜਪ ਦੁਆਰਾ ਪ੍ਰਾਪਤ ਹੁੰਦੀਆਂ ਹਨ। ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੇ ਉਚਾਰਨ ਕੀਤੇ ਸੁਖਮਨੀ ਸਾਹਿਬ ਜੀ ਦੀ ਪਹਿਲੀ ਅਸ਼ਟਪਦੀ ਧਿਆਨ ਨਾਲ ਪੜ੍ਹ ਲਈਏ, ਨਾਮ ਕਿਉਂ ਜਪਣਾ ਹੈ ? ਦੀ ਸੋਝੀ ਪੈ ਜਾਵੇਗੀ :—

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥
ਕਲਿ ਕਲੇਸ ਤਨ ਮਾਹਿ ਮਿਟਾਵਉ ॥
ਸਿਮਰਉ ਜਾਸੁ ਬਿਸੁੰਭਰ ਏਕੈ ॥
ਨਾਮੁ ਜਪਤ ਅਗਨਤ ਅਨੇਕੈ ॥
ਬੇਦ ਪੁਰਾਨ ਸਿੰਮ੍ਰਿਤਿ ਸੁਧਾਖੵਰ ॥
ਕੀਨੇ ਰਾਮ ਨਾਮ ਇਕ ਆਖੵਰ ॥
ਕਿਨਕਾ ਏਕ ਜਿਸੁ ਜੀਅ ਬਸਾਵੈ ॥
ਤਾ ਕੀ ਮਹਿਮਾ ਗਨੀ ਨ ਆਵੈ ॥
ਕਾਂਖੀ ਏਕੈ ਦਰਸ ਤੁਹਾਰੋ ॥
ਨਾਨਕ ਉਨ ਸੰਗਿ ਮੋਹਿ ਉਧਾਰੋ ॥੧॥
ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥
ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥
ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥
ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥
ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥
ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥
ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥
ਪ੍ਰਭ ਕੈ ਸਿਮਰਨਿ ਦੂਖੁ ਨ ਸੰਤਾਪੈ ॥
ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥
ਸਰਬ ਨਿਧਾਨ ਨਾਨਕ ਹਰਿ ਰੰਗਿ ॥ ੨ ॥
ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥
ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥
ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥
ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥
ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥
ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥

ਪ੍ਰਭ ਕੈ ਸਿਮਰਨਿ ਸੁਫਲ ਫਲਾ ॥
ਸੇ ਸਿਮਰਹਿ ਜਿਨ ਆਪਿ ਸਿਮਰਾਏ ॥
ਨਾਨਕ ਤਾ ਕੈ ਲਾਗਉ ਪਾਏ ॥ ੩ ॥
ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥
ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥
ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥
ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥
ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥
ਪ੍ਰਭ ਕੈ ਸਿਮਰਨਿ ਪੂਰਨ ਆਸਾ ॥
ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥
ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥
ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥
ਨਾਨਕ ਜਨ ਕਾ ਦਾਸਨਿ ਦਸਨਾ ॥ ੪ ॥
ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥
ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥
ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥
ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥
ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥
ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥
ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥
ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥
ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥
ਨਾਨਕ ਜਨ ਕੀ ਮੰਗੈ ਰਵਾਲਾ ॥ ੫ ॥
ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥
ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥
ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੈ ॥
ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥
ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥
ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥
ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥

ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥
ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥
ਨਾਨਕ ਸਿਮਰਨੁ ਪੂਰੈ ਭਾਗਿ ॥ ੬ ॥
ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥
ਪ੍ਰਭ ਕੈ ਸਿਮਰਨਿ ਕਬਹੁ ਨ ਝੂਰੈ ॥
ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ ॥
ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥
ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥
ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥
ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥
ਸੁਖੁ ਪ੍ਰਭ ਸਿਮਰਨਿ ਕਾ ਅੰਤੁ ਨ ਪਾਰ ॥
ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ ॥
ਨਾਨਕ ਤਿਨ ਜਨ ਸਰਨੀ ਪਇਆ ॥ ੭ ॥
ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥
ਹਰਿ ਸਿਮਰਨਿ ਲਗਿ ਬੇਦ ਉਪਾਏ ॥
ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥
ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥
ਹਰਿ ਸਿਮਰਨਿ ਧਾਰੀ ਸਭ ਧਰਨਾ ॥
ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥
ਹਰਿ ਸਿਮਰਨਿ ਕੀਓ ਸਗਲ ਅਕਾਰਾ ॥
ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥
ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥
ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥ ੮ ॥ ੧ ॥

ਗਉੜੀ ਸੁਖਮਨੀ ਮ: ੫ (ਪੰਨਾ ੨੬੨)

ਨਾਮ ਜਪਣਾ ਹੈ, ਉਸ ਥਾਂ ਤੇ ਸਹਾਇਤਾ ਲਈ, ਜਿੱਥੇ ਮਾਤਾ, ਪਿਤਾ, ਪੁੱਤਰ, ਭਰਾ, ਮਿੱਤਰ ਨੇ ਸਹਾਇਤਾ ਨਹੀਂ ਕਰਨੀ।
ਨਾਮ ਜਪਣਾ ਹੈ, ਮਹਾਂ ਭਿਆਨਕ ਜਮਦੂਤਾਂ ਦੇ ਦਲਾਂ ਤੋਂ ਬਚਾਉ ਲਈ।
ਨਾਮ ਜਪਣਾ ਹੈ, ਭਾਰੀਆਂ ਮੁਸ਼ਕਲਾਂ, ਬਿਪਤਾ ਤੋਂ ਛੁਟਕਾਰੇ ਲਈ।
ਨਾਮ ਜਪਣਾ ਹੈ, ਪੂਰਬਲੇ, ਖੋਟੇ ਪਾਪ ਕਰਮਾਂ ਦੇ ਨਾਸ਼ ਲਈ।

ਨਾਮ ਜਪਣਾ ਹੈ, ਸਦੀਵੀਂ ਸਰੀਰਕ ਅਤੇ ਮਾਨਸਕ ਸੁੱਖਾਂ ਦੀ ਪ੍ਰਾਪਤੀ ਵਾਸਤੇ।
ਨਾਮ ਜਪਣਾ ਹੈ, ਮਾਇਆ ਦੇ ਬੰਧਨਾਂ ਤੋਂ ਛੁਟਕਾਰੇ ਵਾਸਤੇ।
ਨਾਮ ਜਪਣਾ ਹੈ, ਮਨ ਅਤੇ ਤਨ ਦੀ ਤ੍ਰਿਪਤੀ ਲਈ।
ਨਾਮ ਜਪਣਾ ਹੈ, ਉਸ ਥਾਂ ਤੇ ਸਹਾਇਤਾ ਲਈ, ਜਿਥੇ ਜੀਵ ਆਤਮਾਂ ਨੇ ਜਾਣਾ ਹੈ।
ਨਾਮ ਜਪਣਾ ਹੈ, ਪਰਮਗਤੀ (ਉਚ ਪਦਵੀ) ਦੀ ਪ੍ਰਾਪਤੀ ਵਾਸਤੇ।
ਨਾਮ ਜਪਣਾ ਹੈ, ਜੰਜਾਲਾਂ ਦੀ ਘੁੰਮਣ ਘੇਰੀ ਤੋਂ ਛੁਟਕਾਰੇ ਲਈ।
ਨਾਮ ਜਪਣਾ ਹੈ, ਅਨੇਕਾਂ ਬਿਘਨਾਂ ਦੇ ਸਮੂਹ ਤੋਂ ਛੁਟਕਾਰੇ ਲਈ।
ਨਾਮ ਜਪਣਾ ਹੈ, ਟੇਢੀਆਂ ਜੂਨਾਂ ਦੇ ਭ੍ਰਮਣ ਚੱਕਰ ਤੋਂ ਬਚਣ ਲਈ।
ਨਾਮ ਜਪਣਾ ਹੈ, ਹਉ ਹੰਗਤਾ ਦੀ ਮਲੀਨਤਾਈ ਨੂੰ ਧੋਣ ਲਈ।
ਨਾਮ ਜਪਣਾ ਹੈ, ਪ੍ਰਭੂ ਪਿਆਰ ਪ੍ਰਾਪਤ ਕਰਨ ਲਈ।
ਨਾਮ ਜਪਣਾ ਹੈ, ਆਤਮਿਕ ਪੈਂਡੇ ਦਾ ਅੰਧਕਾਰ ਦੂਰ ਕਰਨ ਅਤੇ ਪ੍ਰਕਾਸ਼ ਦੀ ਪ੍ਰਾਪਤੀ ਲਈ।
ਨਾਮ ਜਪਣਾ ਹੈ, ਆਤਮਿਕ ਪੈਂਡੇ ਦੇ ਸਫਰ ਖਰਚ ਲਈ।
ਨਾਮ ਜਪਣਾ ਹੈ, ਆਤਮਿਕ ਪੈਂਡੇ ਵਿੱਚ ਜਾਨੂ-ਮਿਤ੍ਰ ਬਨਾਉਣ ਵਾਸਤੇ।
ਨਾਮ ਜਪਣਾ ਹੈ, ਪ੍ਰਲੋਕ ਵਿੱਚ ਭਿਆਨਕ ਤਪਸ਼ ਤੋਂ ਬਚਣ ਵਾਸਤੇ।
ਨਾਮ ਜਪਣਾ ਹੈ, ਪ੍ਰਲੋਕੀ ਪੈਂਡੇ ਵਿੱਚ ਆਤਮਾ ਦੀ ਤ੍ਰੇਹ ਨੂੰ ਦੂਰ ਕਰਨ ਲਈ।
ਨਾਮ ਜਪਣਾ ਹੈ, ਲੋਕ ਪ੍ਰਲੋਕ ਦਾ ਵਰਤੋਂ ਵਲੇਵਾ ਪ੍ਰਾਪਤ ਕਰਨ ਲਈ।
ਨਾਮ ਜਪਣਾ ਹੈ, ਹਰੀ ਪ੍ਰਮੇਸ਼ਰ ਤੇ ਨਾਮ ਦਾ ਆਸਰਾ ਪ੍ਰਾਪਤ ਕਰਨ ਲਈ।
ਨਾਮ ਜਪਣਾ ਹੈ, ਹਿਰਦੇ ਵਿੱਚ ਨਾਮ ਦੇ ਬਿਸਰਾਮ ਵਾਸਤੇ।
ਨਾਮ ਜਪਣਾ ਹੈ, ਸਰਬ ਰੋਗ ਕਾ ਅਉਖਧ ਜਾਣਕੇ।
ਨਾਮ ਜਪਣਾ ਹੈ, ਨਾਮ ਦੀ ਰਾਸ-ਪੂੰਜੀ ਇਕੱਤਰ ਕਰਨ ਵਾਸਤੇ।
ਨਾਮ ਜਪਣਾ ਹੈ, ਜੀਵਨ ਜੁਗਤੀ ਅਤੇ ਜੀਵਨ ਮੁਕਤੀ ਪ੍ਰਾਪਤ ਕਰਨ ਵਾਸਤੇ।
ਨਾਮ ਜਪਣਾ ਹੈ, ਸੰਸਾਰਕ ਪਦਾਰਥਾਂ ਦੇ ਭੋਗ ਭੋਗਣ ਵਲੋਂ ਰਜੇਵੇਂ ਲਈ।
ਨਾਮ ਜਪਣਾ ਹੈ, ਮੁਖ ਉੱਜਲਾ ਕਰਨ ਅਤੇ ਪ੍ਰਭੂ ਦੇ ਰੰਗ ਵਿੱਚ ਮਨ ਨੂੰ ਰੰਗਣ ਲਈ।
ਨਾਮ ਜਪਣਾ ਹੈ, ਲੋਕ, ਪ੍ਰਲੋਕ ਦੇ ਜੀਵਨ ਵਿੱਚ ਅਟਕਾਉ ਪੈਣ ਤੋਂ ਬਚਣ ਲਈ।

ਨਾਮ ਜਪਣਾ ਹੈ, ਪ੍ਰਲੋਕ ਵਿੱਚ ਵਡਿਆਈ ਸ਼ੋਭਾ ਪ੍ਰਾਪਤ ਕਰਨ ਲਈ।
ਨਾਮ ਜਪਣਾ ਹੈ, ਸਚੇ ਮਾਰਗ ਚਲਦਿਆਂ ਉਸਤਤ ਕਰੇ ਜਹਾਨ ਦੀ ਪ੍ਰਾਪਤੀ ਲਈ।
ਨਾਮ ਜਪਣਾ ਹੈ, ਸੰਸਾਰਕ ਭੋਗਾਂ ਵਲੋਂ ਤ੍ਰਿਪਤੀ ਲਈ ਅਤੇ ਪ੍ਰਭੂ ਨਾਲ ਜੁੜਨ ਲਈ।
ਨਾਮ ਜਪਣਾ ਹੈ, ਹਰ ਪ੍ਰਕਾਰ ਦੇ ਵਿਛੋੜੇ ਦੇ ਦੁੱਖ ਤੋਂ ਨਿਜ਼ਾਤ ਪ੍ਰਾਪਤ ਕਰਨ ਲਈ।
ਨਾਮ ਜਪਣਾ ਹੈ, ਹਰੀ ਦੀ ਅਸਲੀ ਸੇਵਾ ਕਰਨ ਲਈ।
ਨਾਮ ਜਪਣਾ ਹੈ, ਪ੍ਰਕਾਸ਼ਕ ਪ੍ਰਭੂ ਦੇ ਪੁਜਾਰੀ ਬਣਨ ਲਈ।
ਨਾਮ ਜਪਣਾ ਹੈ, ਮਾਲ, ਖਜ਼ਾਨਿਆਂ ਦੇ ਮਾਲਕ ਬਣਨ ਲਈ।
ਨਾਮ ਜਪਣਾ ਹੈ, ਪ੍ਰਭੂ ਦੀ ਸਤਾਣੀ ਓਟ ਪ੍ਰਾਪਤ ਕਰਨ ਲਈ।
ਨਾਮ ਜਪਣਾ ਹੈ, ਕ੍ਰਿਤ ਦੀ ਕਾਨ ਕਨੌਂਡ ਤੋਂ ਮੁਕਤ ਹੋਣ ਵਾਸਤੇ।
ਨਾਮ ਜਪਣਾ ਹੈ, ਨਾਮ ਰਸ ਦੀ ਪ੍ਰਾਪਤੀ ਵਾਸਤੇ।
ਨਾਮ ਜਪਣਾ ਹੈ, ਪ੍ਰਭੂ ਵਿੱਚ ਅਭੇਦਤਾ ਨੂੰ ਪ੍ਰਾਪਤ ਕਰਨ ਵਾਸਤੇ।
ਨਾਮ ਜਪਣਾ ਹੈ, ਫੁਰਨੇ ਰਹਿਤ ਹੋਣ ਵਾਸਤੇ।
ਨਾਮ ਜਪਣਾ ਹੈ, ਸਰਬ ਕਾਮਨਾਂ ਦੀ ਪੂਰਤੀ ਵਾਸਤੇ।
ਨਾਮ ਜਪਣਾ ਹੈ, ਸੰਸਾਰਕ ਦਰਿੱਦਰ ਅਤੇ ਸਰੀਰਕ, ਮਾਨਸਕ ਪੀੜਾ ਤੋਂ ਨਿਜ਼ਾਤ ਵਾਸਤੇ।
ਨਾਮ ਜਪਣਾ ਹੈ, ਤਾਂ ਜੋ ਨਾਮ ਦੀ ਮਹਿਮਾ, ਨਾਮ ਦੀ ਵਡਿਆਈ ਸਾਡੇ ਹਿਰਦੇ ਵਿੱਚ ਵਸ ਜਾਵੇ।
ਨਾਮ ਜਪਣਾ ਹੈ, ਤਾਂ ਜੋ ਸਮੂਹ ਪਾਪਾਂ ਦਾ ਨਾਸ਼ ਹੋ ਜਾਵੇ।
ਨਾਮ ਜਪਣਾ ਹੈ, ਤਾਂ ਜੋ ਅਸੀਂ ਗੁਰੂ ਦੀ ਸੇਵਾ ਕਰਕੇ, ਗੁਰੂ ਪ੍ਰਸੰਨਤਾ ਪ੍ਰਾਪਤ ਕਰ ਸਕੀਏ।
ਨਾਮ ਜਪਣਾ ਹੈ, ਕਿਉਂਕਿ ਨਾਮ ਦੇ ਬਰਾਬਰ ਹੋਰ ਕੋਈ ਵਸਤੂ ਸੰਸਾਰ ਵਿੱਚ ਨਹੀਂ ਹੈ।

ਸੁਖਮਨੀ ਸਾਹਿਬ ਜੀ ਦੀ ਦੂਸਰੀ ਅਸ਼ਟਪਦੀ ਪਿਆਰ ਨਾਲ ਇਕਾਗਰ ਮਨ ਹੋ ਕੇ ਵਾਚੀਏ, ਉੱਤਰ ਮਿਲ ਜਾਵੇਗਾ ਕਿ ਨਾਮ ਕਿਉਂ ਜਪਣਾ ਹੈ ?

ਜਹ ਮਾਤ ਪਿਤਾ ਸੁਤ ਮੀਤ ਨਾ ਭਾਈ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥
ਜਹ ਮਹਾ ਭਇਆਨ ਦੂਤ ਜਮ ਦਲੈ॥
ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥
ਜਹ ਮੁਸਕਲ ਹੋਵੈ ਅਤਿ ਭਾਰੀ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥
ਅਨਿਕ ਪੁਨਹਚਰਨ ਕਰਤ ਨਹੀ ਤਰੈ॥
ਹਰਿ ਕੋ ਨਾਮੁ ਕੋਟਿ ਪਾਪ ਪਰਹਰੈ॥
ਗੁਰਮੁਖਿ ਨਾਮੁ ਜਪਹੁ ਮਨ ਮੇਰੇ॥
ਨਾਨਕ ਪਾਵਹੁ ਸੂਖ ਘਨੇਰੇ॥ ੧॥
ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥
ਹਰਿ ਕਾ ਨਾਮੁ ਜਪਤ ਹੋਇ ਸੁਖੀਆ॥
ਲਾਖ ਕਰੋਰੀ ਬੰਧੁ ਨ ਪਰੈ॥
ਹਰਿ ਕਾ ਨਾਮੁ ਜਪਤ ਨਿਸਤਰੈ॥
ਅਨਿਕ ਮਾਇਆ ਰੰਗ ਤਿਖ ਨ ਬੁਝਾਵੈ॥
ਹਰਿ ਕਾ ਨਾਮੁ ਜਪਤ ਆਘਾਵੈ॥
ਜਿਹ ਮਾਰਗਿ ਇਹੁ ਜਾਤ ਇਕੇਲਾ॥
ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ॥
ਐਸਾ ਨਾਮੁ ਮਨ ਸਦਾ ਧਿਆਈਐ॥
ਨਾਨਕ ਗੁਰਮੁਖਿ ਪਰਮ ਗਤਿ ਪਾਈਐ॥੨॥
ਛੂਟਤ ਨਹੀ ਕੋਟਿ ਲਖ ਬਾਹੀ॥
ਨਾਮੁ ਜਪਤ ਤਹ ਪਾਰਿ ਪਰਾਹੀ॥
ਅਨਿਕ ਬਿਘਨ ਜਹ ਆਇ ਸੰਘਾਰੈ॥
ਹਰਿ ਕਾ ਨਾਮੁ ਤਤਕਾਲ ਉਧਾਰੈ॥
ਅਨਿਕ ਜੋਨਿ ਜਨਮੈ ਮਰਿ ਜਾਮ॥
ਨਾਮੁ ਜਪਤ ਪਾਵੈ ਬਿਸ੍ਰਾਮ॥
ਹਉ ਮੈਲਾ ਮਲੁ ਕਬਹੁ ਨ ਧੋਵੈ॥
ਹਰਿ ਕਾ ਨਾਮੁ ਕੋਟਿ ਪਾਪ ਖੋਵੈ॥
ਐਸਾ ਨਾਮੁ ਜਪਹੁ ਮਨ ਰੰਗਿ॥

ਨਾਨਕ ਪਾਈਐ ਸਾਧ ਕੈ ਸੰਗਿ॥ ੩॥
ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ॥
ਜਿਹ ਪੈਡੈ ਮਹਾ ਅੰਧ ਗੁਬਾਰਾ॥
ਹਰਿ ਕਾ ਨਾਮੁ ਸੰਗਿ ਉਜੀਆਰਾ॥
ਜਹਾ ਪੰਥਿ ਤੇਰਾ ਕੋ ਨ ਸਿਞਾਨੂ॥
ਹਰਿ ਕਾ ਨਾਮੁ ਤਹ ਨਾਲਿ ਪਛਾਨੂ॥
ਜਹ ਮਹਾ ਭਇਆਨ ਤਪਤਿ ਬਹੁ ਘਾਮ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥
ਜਹਾ ਤ੍ਰਿਖਾ ਮਨ ਤੁਝੁ ਆਕਰਖੈ॥
ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥ ੪॥
ਭਗਤ ਜਨਾ ਕੀ ਬਰਤਨਿ ਨਾਮੁ॥
ਸੰਤ ਜਨਾ ਕੈ ਮਨਿ ਬਿਸ੍ਰਾਮ॥
ਹਰਿ ਕਾ ਨਾਮੁ ਦਾਸ ਕੀ ਓਟ॥
ਹਰਿ ਕੈ ਨਾਮਿ ਉਧਰੇ ਜਨ ਕੋਟਿ॥
ਹਰਿ ਜਸੁ ਕਰਤ ਸੰਤ ਦਿਨੁ ਰਾਤਿ॥
ਹਰਿ ਹਰਿ ਅਉਖਧੁ ਸਾਧ ਕਮਾਤਿ॥
ਹਰਿ ਜਨ ਕੈ ਹਰਿ ਨਾਮੁ ਨਿਧਾਨੁ॥
ਪਾਰਬ੍ਰਹਮਿ ਜਨ ਕੀਨੋ ਦਾਨ॥
ਮਨ ਤਨ ਰੰਗਿ ਰਤੇ ਰੰਗ ਏਕੈ॥
ਨਾਨਕ ਜਨ ਕੈ ਬਿਰਤਿ ਬਿਬੇਕੈ॥ ੫॥
ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ॥
ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ॥
ਹਰਿ ਕਾ ਨਾਮੁ ਜਨ ਕਾ ਰੂਪ ਰੰਗੁ॥
ਹਰਿ ਨਾਮੁ ਜਪਤ ਕਬ ਪਰੈ ਨ ਭੰਗੁ॥
ਹਰਿ ਕਾ ਨਾਮੁ ਜਨ ਕੀ ਵਡਿਆਈ॥
ਹਰਿ ਕੈ ਨਾਮਿ ਜਨ ਸੋਭਾ ਪਾਈ॥
ਹਰਿ ਕਾ ਨਾਮੁ ਜਨ ਕਉ ਭੋਗ ਜੋਗ॥
ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ॥
ਜਨੁ ਰਾਤਾ ਹਰਿ ਨਾਮ ਕੀ ਸੇਵਾ॥

ਨਾਨਕ ਪੂਜੈ ਹਰਿ ਹਰਿ ਦੇਵਾ॥ ੬॥
ਹਰਿ ਹਰਿ ਜਨ ਕੈ ਮਾਲੁ ਖਜੀਨਾ॥
ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ॥
ਹਰਿ ਹਰਿ ਜਨ ਕੈ ਓਟ ਸਤਾਣੀ॥
ਹਰਿ ਪ੍ਰਤਾਪਿ ਜਨ ਅਵਰ ਨ ਜਾਣੀ॥
ਓਤਿ ਪੋਤਿ ਜਨ ਹਰਿ ਰਸਿ ਰਾਤੇ॥
ਸੁੰਨ ਸਮਾਧਿ ਨਾਮ ਰਸਿ ਮਾਤੇ॥
ਆਠ ਪਹਰ ਜਨੁ ਹਰਿ ਹਰਿ ਜਪੈ॥
ਹਰਿ ਕਾ ਭਗਤੁ ਪ੍ਰਗਟ ਨਹੀ ਛਪੈ॥
ਹਰਿ ਕੀ ਭਗਤਿ ਮੁਕਤਿ ਬਹੁ ਕਰੇ॥
ਨਾਨਕ ਜਨ ਸੰਗਿ ਕੇਤੇ ਤਰੇ॥ ੭॥
ਪਾਰਜਾਤੁ ਇਹੁ ਹਰਿ ਕੋ ਨਾਮ॥
ਕਾਮਧੇਨ ਹਰਿ ਹਰਿ ਗੁਣ ਗਾਮ॥
ਸਭ ਤੇ ਊਤਮ ਹਰਿ ਕੀ ਕਥਾ॥
ਨਾਮੁ ਸੁਨਤ ਦਰਦ ਦੁਖ ਲਥਾ॥
ਨਾਮ ਕੀ ਮਹਿਮਾ ਸੰਤ ਰਿਦ ਵਸੈ॥
ਸੰਤ ਪ੍ਰਤਾਪਿ ਦੁਰਤੁ ਸਭੁ ਨਸੈ॥
ਸੰਤ ਕਾ ਸੰਗੁ ਵਡਭਾਗੀ ਪਾਈਐ॥
ਸੰਤ ਕੀ ਸੇਵਾ ਨਾਮੁ ਧਿਆਈਐ॥
ਨਾਮ ਤੁਲਿ ਕਛੁ ਅਵਰੁ ਨ ਹੋਇ॥
ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ॥ ੮॥

ਇੱਥੇ ਹੀ ਬਸ ਨਹੀਂ ਸਾਰੀ ਗੁਰੂ ਕੀ ਬਾਣੀ ਵਿੱਚ ਨਾਮ ਕਿਉਂ ਜਪਣਾ ਹੈ ਦਾ ਉੱਤਰ ਦਿੱਤਾ ਹੈ ਅਤੇ ਨਾਮ ਜਪਣ ਨਾਲ ਕੀ-ਕੀ ਬਖਸ਼ਸ਼ਾਂ ਪ੍ਰਾਪਤ ਹੁੰਦੀਆਂ ਹਨ। ਸਾਰੀ ਗੁਰਬਾਣੀ ਪੁਕਾਰ-ਪੁਕਾਰ ਨਾਮ ਜਪ ਦੇ ਲਾਭ ਦੱਸ ਕੇ ਨਾਮ ਜਪ ਲਈ ਪ੍ਰੇਰਤ ਕਰਦੀ ਹੈ।

ਨਾਮ ਕਿਸ ਦਾ ਜਪਣਾ ਹੈ ?

ਗੁਰੂ ਕੀ ਸਾਰੀ ਬਾਣੀ ਨਾਮ ਜਪਣ ਦਾ ਉਪਦੇਸ਼ ਦਿੰਦੀ ਹੈ, ਨਾਮ ਜਪਣ ਲਈ ਹੀ ਪ੍ਰੇਰਨਾ ਦਿੰਦੀ ਹੈ। ਸੁਤੇ ਸਿਧ ਹੀ ਅਗਲਾ ਸਵਾਲ ਉਤਪੰਨ ਹੋ ਜਾਂਦਾ ਹੈ ਜਾਂ ਕਈ ਜਗਿਆਸੂ ਸਵਾਲ ਵੀ ਕਰਦੇ ਹਨ ਕਿ ਨਾਮ ਕਿਸ ਦਾ ਜਪਣਾ ਚਾਹੀਦਾ ਹੈ ?

ਕਿਉਂਕਿ ਧਰਮ ਦੇ ਪਰਦੇ ਹੇਠ ਬਹੁਤਾਤ ਵਿੱਚ ਲੋਕਾਈ ਨੂੰ ਗੁੰਮਰਾਹ ਕਰਕੇ ਆਪਣੀ ਦੁਕਾਨਦਾਰੀ ਚਲਾਈ ਜਾਂਦੀ ਵੇਖੀ ਜਾਂਦੀ ਹੈ। ਕੋਈ, ਕਰਤੇ ਦੀ ਕ੍ਰਿਤ ਦੇਵੀ ਦੇਵਤਿਆਂ ਦੀ ਅਰਾਧਨਾ ਵਿੱਚ ਲਾ ਦਿੰਦਾ ਹੈ। ਕੋਈ ਆਪਣਾ ਹੀ ਮੰਤ੍ਰ ਬਣਾ ਕੇ ਉਸ ਦੀ ਅਰਾਧਨਾ ਕਰਨ ਲਈ ਆਪਣੇ ਸੇਵਕਾਂ ਨੂੰ ਹਦਾਇਤ ਕਰ ਦਿੰਦਾ ਹੈ। ਕੋਈ ਤਿੰਨ ਚਾਰ ਧਰਮਾਂ ਦੇ ਜਾਪ ਮੰਤ੍ਰਾਂ ਦੀ ਖਿਚੜੀ ਜਿਹੀ ਬਣਾ ਕੇ ਆਪਣੇ ਚੇਲਿਆਂ ਦੇ ਅਗੇ ਧਰ ਦਿੰਦਾ ਹੈ।

ਇਸ ਲਈ ਤਕਰੀਬਨ ਬਹੁਤਾਤ ਵਿੱਚ ਜਗਿਆਸੂ ਗੁੰਮਰਾਹ ਹੋ ਜਾਂਦਾ ਹੈ। ਉਹ ਭੰਬਲ-ਭੂਸੇ ਵਿੱਚ ਪਿਆ ਨਾ ਇੱਧਰ ਜੋਗਾ ਨ ਉੱਧਰ ਜੋਗਾ ਰਹਿੰਦਾ ਹੈ। ਸਗੋਂ ਨਾਸਤਕ ਬਣਨ ਦੇ ਕੰਢੇ ਜਾ ਖਲੋਂਦਾ ਹੈ।

ਪਰ ਸਤਿਗੁਰਾਂ ਨੇ ਬਹੁਤ ਬਖਸ਼ਸ਼ਾਂ ਕਰਕੇ ਇਹੋ ਜਿਹੇ ਸਾਰੇ ਭਰਮ ਭੁਲੇਖਿਆਂ ਤੋਂ ਗੁਰਸਿੱਖ ਜਗਿਆਸੂਆਂ ਨੂੰ ਨਿਜ਼ਾਤ ਦਵਾ ਕੇ, ਗੁਰਮੁਖ ਗਾਡੀ ਰਾਹ ਦੀ ਬਖਸ਼ਸ਼ ਕੀਤੀ ਹੈ। ਪਰ ਐਸੇ ਗੁਰਮਤ ਗਾਡੀ ਰਸਤੇ ਨੂੰ ਵੀ ਜੋ ਬਹੁਤ ਸੌਖਾ ਤੇ ਸਪਸ਼ਟ ਸੀ, ਔਖਾ ਅਤੇ ਗੁੰਝਲਦਾਰ ਬਣਾ ਕੇ, ਕੁਝ ਲੋਕ ਪੇਸ਼ ਕਰ ਰਹੇ ਹਨ। ਜਿਹਨਾਂ ਕਰਮ-ਕਾਂਡਾਂ ਅਤੇ ਵਹਿਮਾਂ ਭਰਮਾਂ ਵਿੱਚੋਂ ਸਤਿਗੁਰੂ ਜੀ ਨੇ ਸਾਡਾ ਛੁਟਕਾਰਾ ਕਰਵਾਇਆ ਸੀ। ਬੜੀ ਤੀਬਰਤਾ ਨਾਲ ਅਸੀਂ ਉਸੇ ਭਰਮ ਅਤੇ ਵਹਿਮ ਦੀ ਦਲਦਲ ਵਿੱਚ ਫਸ ਕੇ ਖੁਸ਼ੀ ਮਹਿਸੂਸ ਕਰਦੇ ਹਾਂ ਅਤੇ ਉਹਨਾਂ ਵਹਿਮ ਭਰਮ ਪਾਉਣ ਵਾਲਿਆਂ ਅਤੇ ਗੁੰਝਲਦਾਰ ਰਸਤਿਆਂ ਵਿੱਚ ਫਸਾਉਣ ਵਾਲਿਆਂ ਪਾਸ ਦਿਨ-ਰਾਤ ਬਿਅੰਤ ਭੀੜਾਂ ਪਾਈ ਰਖਦੇ ਹਾਂ।

ਅਖੀਰ ਜਦੋਂ ਜਗਿਆਸੂ ਨੂੰ ਕੁਝ ਵੀ ਹੱਥ ਪੱਲੇ ਨਹੀਂ ਪੈਂਦਾ, ਉਸ ਸਮੇਂ ਜਗਿਆਸੂ ਆਪਣੀ ਗਲਤੀ ਤਾਂ ਮਹਿਸੂਸ ਨਹੀਂ ਕਰਦਾ ਸਗੋਂ ਉਲਟ ਨਾਸਤਕ ਹੋ ਕੇ ਸਚਾਈ ਵਲੋਂ ਮੂੰਹ ਮੋੜ ਲੈਂਦਾ ਹੈ। ਉਸਨੂੰ ਇਹ ਨਹੀਂ ਪਤਾ ਚਲਦਾ ਕਿ ਮੈਂ ਤਾਂ ਸਹੀ ਰਸਤੇ ਦਾ ਧਾਰਨੀ ਹੀ ਨਹੀਂ ਬਣਿਆ। ਮੈਨੂੰ ਤਾਂ ਵਿਚਕਾਰਲੇ ਵਿਚੋਲਿਆਂ ਨੇ ਹੀ, ਝੂਠ ਦੇ ਉੱਤੇ ਸੱਚ ਦਾ ਅਤੇ ਮਨਮਤ ਦੇ ਉਪਰ ਗੁਰਮਤ ਦਾ ਗਿਲਾਫ ਚਾੜ੍ਹ ਕੇ ਅਸਲੀਅਤ ਤਕ ਪੁੱਜਣ ਹੀ ਨਹੀਂ ਦਿਤਾ, ਭਰਮ-ਭੁਲੇਵੇਂ ਵਿੱਚ ਹੀ ਭਰਮਾਈ ਰਖਿਆ ਹੈ।

ਨਾਮ ਜਪ ਦੀ ਗੱਲ ਜਾਂ ਗੁਰਮਤ ਦੀ ਗੱਲ ਤਾਂ ਇੱਕ ਪਾਸੇ ਰਹੀ, ਅਸੀਂ ਤਾਂ ਗੁਰਮਤ ਤੋਂ ਕੋਹਾਂ ਉਰੇ ਖੜੇ ਕੇਵਲ, ਆਪ ਕੁਝ ਕਰਨ ਦੀ ਥਾਂ ਕਿਸੇ ਦਾ ਕੀਤਾ ਕਰਾਇਆ ਮਾਇਆ ਦੇ ਕੇ ਖ੍ਰੀਦਣਾ ਚਾਹੁੰਦੇ ਹਾਂ।

ਸੂਖਮ ਨਾਮ ਜਾਂ ਪ੍ਰਮੇਸ਼ਰ ਦੀ ਪ੍ਰਸੰਨਤਾ ਅਸੀਂ ਪਾਣੀ ਦੀ ਬੋਤਲ ਰਾਹੀਂ, ਜੁਐਣ ਦੇ ਪੈਕਟ ਰਾਹੀਂ, ਇਲੈਚੀਆਂ ਜਾਂ ਸੁਆਹ ਦੀਆਂ ਪੁੜੀਆਂ ਦੁਆਰਾ ਜਾਂ ਫਿਰ ਥਾਪੜੇ ਦੁਆਰਾ ਪ੍ਰਾਪਤ ਕਰਕੇ ਪ੍ਰਸੰਨ ਹੁੰਦੇ ਹਾਂ। ਉਹ ਲੋਕ ਨਾਲੇ ਤਾਂ ਪੈਸੇ ਲੈਂਦੇ ਹਨ, ਦੂਸਰੇ

ਸਾਨੂੰ ਮੂਰਖ ਬਣਾਉਂਦੇ ਹਨ। ਪਰ ਅਸੀਂ ਪੈਸੇ ਦੇਕੇ, ਮੂਰਖ ਬਣ ਕੇ ਖੁਸ਼ ਵੀ ਹੁੰਦੇ ਹਾਂ ਅਤੇ ਲਗਾਤਾਰ ਉਹਨਾਂ ਦੀਆਂ ਪਧਾੜੀਆਂ ਵੀ ਭਰਦੇ ਹਾਂ।

ਪਰ ਇਸ ਦੇ ਉਲਟ ਜਿਹੜਾ ਸਚਾ ਗੁਰੂ ਨਾ ਸਾਨੂੰ ਕਿਸੇ ਭਰਮ ਭੁਲੇਖੇ ਵਿੱਚ ਪਾਉਂਦਾ ਹੈ, ਸਗੋਂ ਭਰਮ ਭੁਲੇਖੇ ਵਿੱਚੋਂ ਕੱਢਦਾ ਹੈ। ਜਿਹੜਾ ਗੁਰੂ ਸਾਡੀ ਮਨਮਤ ਲੈ ਕੇ ਸਾਨੂੰ ਗੁਰਮਤ ਬਖਸ਼ਦਾ ਹੈ। ਜਿਹੜਾ ਗੁਰੂ ਸਾਥੋਂ ਔਗੁਣ ਲੈ ਕੇ ਗੁਣਾਂ ਨਾਲ ਮਾਲਾ ਮਾਲ ਕਰਦਾ ਹੈ। ਜਿਹੜਾ ਗੁਰੂ ਆਪਣੇ ਨਾਲ ਨਹੀਂ ਸਚੇ ਪ੍ਰਮੇਸ਼ਰ ਨਾਲ ਜੋੜਦਾ ਹੈ। ਐਸੇ ਸਚੇ ਗੁਰੂ ਦੇ ਪਾਸ ਨਾ ਤਾਂ ਅਸੀਂ ਬੈਠਦੇ ਹਾਂ, ਨਾ ਉਸਦੀ ਗਲ ਸੁਣਦੇ ਹਾਂ, ਨਾ ਉਸ ਦਾ ਹੁਕਮ ਮੰਨਦੇ ਹਾਂ ਅਤੇ ਨਾ ਹੀ ਗੁਰੂ ਦੀ ਦੱਸੀ ਹੋਈ ਚਾਲੀ ਦੇ ਧਾਰਨੀ ਬਣਦੇ ਹਾਂ। ਫਿਰ ਅਸੀਂ ਆਪ ਹੀ ਨਿਰਨਾ ਕਰੀਏ, ਕਸੂਰ ਸਾਡਾ ਹੀ ਨਿਕਲੇਗਾ, ਹੋਰ ਕਿਸੇ ਦਾ ਨਹੀਂ।

ਸਤਿਗੁਰੂ ਜੀ ਨੇ ਬਹੁਤ ਹੀ ਫਰਾਖ ਦਿਲੀ ਨਾਲ ਸਰਬ ਸੰਸਾਰ ਦੀ ਲੁਕਾਈ ਨੂੰ ਬਿਨਾਂ ਵਿਤਕਰੇ, ਸਰਬ ਸਾਂਝਾ ਪ੍ਰਭੂ ਪ੍ਰਾਪਤੀ ਦਾ ਉਪਦੇਸ਼ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਿੱਤਾ ਹੈ। ਇਹ ਨਹੀਂ ਕਿ ਜਿਹੜਾ ਦਸ ਹਜਾਰ ਚੜ੍ਹਾ ਕੇ ਮਥਾ ਟੇਕੇਗਾ ਉਸਨੂੰ ਕੋਈ ਹੋਰ ਉਪਦੇਸ਼ ਮਿਲਣਾ ਹੈ। ਜੋ ਹਜ਼ਾਰ ਚੜ੍ਹਾਵੇਗਾ ਉਸਨੂੰ ਕੋਈ ਵੱਖ ਉਪਦੇਸ਼ ਮਿਲਣਾ ਹੈ। ਜੋ ਦਸ ਰੁਪੈ ਚੜ੍ਹਾਵੇਗਾ ਉਸ ਨੂੰ ਥੋੜਾ ਉਪਦੇਸ਼ ਮਿਲਣਾ ਹੈ। ਜੋ ਖਾਲੀ ਹੱਥੀ ਆਵੇਗਾ ਉਸ ਲਈ ਉਪਦੇਸ਼ ਦੇ ਦਰਬਾਜ਼ੇ ਬੰਦ ਹਨ, ਜਿਵੇਂ ਕਿ ਸੰਸਾਰ ਵਿੱਚ ਚਲ ਹੀ ਰਿਹਾ ਹੈ। ਨਹੀਂ ਨਹੀਂ, ਗੁਰੂ ਕੀ ਤੇ ਮਾਇਆ ਕੀ ? ਗੁਰੂ ਕੀ ਤੇ ਵਿਤਕਰਾ ਕੀ?

ਇਥੇ ਤਾਂ :—

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ
ਚਹੁ ਵਰਨਾ ਕਉ ਸਾਝਾ॥
ਗੁਰਮੁਖਿ ਨਾਮੁ ਜਪੈ ਉਧਰੈ ਸੋ
ਕਲਿ ਮਹਿ ਘਟਿ ਘਟਿ ਨਾਨਕ ਮਾਝਾ॥

ਰਾਗੁ ਸੂਹੀ ਮ: ੫ (ਪੰਨਾ : ੭੪੭-੪੮)

ਇਸ ਦਰ ਤਾਂ :—

ਭਾਵਨੀ ਭਗਤ ਭਾਇ ਕਉਡੀ ਅਗ੍ਰਭਾਗ ਰਾਖੈ
ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ॥

ਉਹੋ ਸਰਬ ਸਾਂਝਾ ਪ੍ਰਭੂ ਪ੍ਰਾਪਤੀ ਦਾ ਉਪਦੇਸ਼ ਕ੍ਰੋੜਾਂ ਵਾਲੇ ਨੂੰ, ਉਹੋ ਉਪਦੇਸ਼ ਲੱਖਾਂ ਵਾਲੇ ਨੂੰ, ਉਹੋ ਹਜ਼ਾਰਾਂ ਅਤੇ ਕਉਡੀ ਚੜ੍ਹਾਉਣ ਵਾਲੇ ਨੂੰ, ਇਕ ਸਮਾਨ ਉਪਦੇਸ਼ ਮਿਲੇਗਾ। ਉਨਾਂ ਹੀ ਮਾਣ ਸਤਿਕਾਰ, ਕ੍ਰੋੜਪਤੀ ਨੂੰ ਗੁਰੂ ਦਰ ਮਿਲੇਗਾ ਉਨਾਂ ਹੀ

ਖਾਲੀ ਹੱਥ ਭਾਵਨੀ ਸਹਿਤ ਆਉਣ ਵਾਲੇ ਨੂੰ। ਉਹੋ ਪ੍ਰਸ਼ਾਦ ਬਾਦਸ਼ਾਹ ਅਮੀਰ ਵਜ਼ੀਰ ਨੂੰ ਮਿਲੇਗਾ, ਉਹੋ ਗੁਰੂ ਦਾ ਪ੍ਰਸਾਦ ਇਕ ਕੰਗਾਲ ਗਰੀਬ ਨੂੰ ਮਿਲੇਗਾ। ਕੋਈ ਵਿਤਕਰਾ ਨਹੀਂ। ਪ੍ਰਭੂ ਜਾਤ ਨਾਲ ਹੋਣਾ ਵੀ ਨਹੀਂ ਚਾਹੀਦਾ।

ਬਾਬਾ ਫਰੀਦ ਜੀ ਦੇ ਕਥਨ ਅਨੁਸਾਰ ਪ੍ਰਮੇਸ਼ਰ ਤਾਂ ਗੁਰੂ ਦੀ ਰਾਹੀਂ ਅਵਾਜ਼ਾਂ ਮਾਰਦਾ ਹੈ। ਹੇ ਜਗਿਆਸੂ! ਆਪਾ ਸਵਾਰ ਲੈ, ਜਦੋਂ ਤੂੰ ਆਪਣੇ ਆਪੇ ਨੂੰ ਸਵਾਰ ਲਵੇਂਗਾ, ਤੇਰਾ ਮੇਰੇ ਨਾਲ ਮਿਲਾਪ ਹੋ ਜਾਵੇਗਾ। ਜਦੋਂ ਮੇਰੇ ਨਾਲ ਤੇਰੀ ਅਭੇਦਤਾ ਹੋ ਗਈ ਫਿਰ ਤੂੰ ਸੁਖੀ ਹੋ ਜਾਵੇਂਗਾ ਅਤੇ ਤੇਰੀ ਸਾਰੀ ਭਟਕਣਾ ਖਤਮ ਹੋ ਜਾਵੇਗੀ।

ਜਦੋਂ ਤੂੰ ਸਚ-ਮੁਚ ਹੀ ਮੇਰਾ ਬਣ ਗਿਆ ਫਿਰ ਸਾਰਾ ਸੰਸਾਰ ਹੀ ਤੇਰਾ ਹੋ ਜਾਵੇਗਾ। ਫਿਰ ਸੰਸਾਰ ਕ੍ਰਿਤ ਦੇਵੀ ਦੇਵਤੇ, ਪੀਰ ਫਕੀਰ, ਸੰਤ, ਮਹਾਤਮਾ ਸਭ ਤੇਰੇ ਆਪਣੇ ਹੋ ਜਾਣਗੇ। ਫਿਰ ਤੈਨੂੰ ਕਿਸੇ ਦੀ ਮੁਹਤਾਜੀ ਨਹੀਂ ਰਹੇਗੀ :—

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ
ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥੯੫॥

ਸਲੋਕ ਫਰੀਦ ਜੀ (ਪੰਨਾ : ੧੩੮੨)

ਇਸ ਲਈ ਤੂੰ ਇਕ ਦਾ ਬਣ ਜਾਹ। ਇਕ ਦਾ ਬਣਨ ਲਈ ਇਕ ਦਾ ਅਰਾਧਨ ਕਰ ਕਿਉਂਕਿ ਕੁਦਰਤ ਦਾ ਨੇਮ ਸਾਹਿਬਾਂ ਨੇ ਬਾਣੀ ਵਿੱਚ ਨਿਰੂਪਣ ਕੀਤਾ ਹੈ :—

ਜੈਸਾ ਸੇਵੈ ਤੈਸੋ ਹੋਇ॥

ਗਉੜੀ ਮ: ੧ (ਪੰਨਾ : ੨੨੩)

ਇਸ ਲਈ ਇੱਕ ਦਾ ਬਣਨ ਲਈ ਇੱਕ ਦੀ ਹੀ ਅਰਾਧਨਾ ਕਰਨੀ ਹੈ ਸਾਹਿਬ ਪੰਚਮ ਪਾਤਸ਼ਾਹ ਜੀ ਨੇ ਫੁਰਮਾਨ ਕੀਤਾ ਹੈ :—

ਏਕੋ ਜਪਿ ਏਕੋ ਸਾਲਾਹਿ॥ ਏਕੁ ਸਿਮਰਿ ਏਕੋ ਮਨ ਆਹਿ॥
ਏਕਸ ਕੇ ਗੁਨ ਗਾਉ ਅਨੰਤ॥ ਮਨਿ ਤਨਿ ਜਾਪਿ ਏਕ ਭਗਵੰਤ॥

ਸੁਖਮਨੀ ਮ: ੫ (ਪੰਨਾ : ੨੮੯)

ਤਥਾ :— ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥

ਰਾਗੁ ਸੂਹੀ ਮ: ੧ (ਪੰਨਾ : ੭੨੮)

ਇੱਕ ਨਿਰੰਜਨ[੧] ਨੂੰ ਹੀ ਜਪਣਾ ਚਾਹੀਦਾ ਹੈ, ਜਿਸ ਵਿੱਚ ਸਭ ਕੁਝ ਕਰਨ ਦੀ ਸਮਰੱਥਾ ਹੈ। ਜੋ ਉਹ ਚਾਹਵੇ ਕਰ ਸਕਦਾ ਹੈ। ਉਸ ਇੱਕ ਵਿੱਚ ਇੰਨੀ ਸ਼ਕਤੀ ਹੈ, ਉਹ ਇੱਕ ਖਿਨ ਦੇ ਵਿੱਚ ਸਭ ਖੰਡ-ਬ੍ਰਹਮੰਡ ਬਣਾ ਸਕਦਾ ਹੈ ਅਤੇ ਅੱਖ ਦੇ ਫੋਰ ਵਿੱਚ ਉਸ ਰਚਨਾਂ ਨੂੰ ਨਾਸ਼ ਕਰ ਸਕਦਾ ਹੈ। ਜਿਸਨੂੰ ਐਸੇ ਮਾਲਕ ਦੀ ਗੁਰੂ ਸੋਝੀ ਦੇ ਦੇਵੇ ਉਹ ਸਭ ਤੋਂ ਸ੍ਰੇਸ਼ਟ ਮਨੁੱਖ ਹੈ। ਇਸ ਲਈ ਕਿਸ ਨੂੰ ਗਾਉਣਾ ਚਾਹੀਦਾ ਹੈ ?

੧. ਮਾਇਆ ਤੋਂ ਰਹਿਤ

ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ॥

ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ॥

ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ॥

ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ॥

ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ॥੧॥

ਜੈਤਸਰੀ ਵਾਰ ਪਉੜੀ (ਪੰਨਾ : ੭੦੬)

ਹੇ ਪਿਆਰੇ ਜਗਿਆਸੂ ਜਨੋ, ਇੱਕ ਦਾ ਸਿਮਰਨ ਕਰੋ, ਇੱਕ ਦਾ ਅਰਾਧਨ ਕਰੋ। ਇੱਕ ਦਾ ਸਿਮਰਨ ਕਰਨ ਨਾਲ, ਦੁੱਖ ਅਤੇ ਕਲ੍ਹਾ ਕਲੇਸ਼ ਖਤਮ ਹੋ ਜਾਣਗੇ। ਮਾਇਆ ਦੇ ਦੂਤ ਕਾਮ ਕਰੋਧ ਆਦਿ ਵੀ ਖਹਿੜਾ ਛੱਡ ਜਾਣਗੇ। ਸੰਸਾਰ ਸਮੁੰਦਰ ਤੋਂ ਵੀ ਨਿਸਤਾਰਾ ਹੋ ਜਾਵੇਗਾ :—

ਹਰਿ ਏਕੁ ਸਿਮਰਿ ਏਕੁ ਸਿਮਰਿ ਏਕੁ ਸਿਮਰਿ ਪਿਆਰੇ॥

ਕਲਿ ਕਲੇਸ ਲੋਭ ਮੋਹ ਮਹਾ ਭਉਜਲੁ ਤਾਰੇ। ਰਹਾਉ॥

ਧਨਾਸਰੀ ਮ: ੫ (ਪੰਨਾ : ੬੭੯)

ਇੱਕ ਦਾਤਾਰ ਕਰਤੇ ਦਾ ਹੀ ਸਿਮਰਨ ਕਰਨਾ ਚਾਹੀਦਾ ਹੈ। ਇੱਕ ਦਾਤਾਰ ਨੂੰ ਹੀ ਹਰ ਸਮੇਂ ਧਿਆਉਣਾ ਚਾਹੀਦਾ ਹੈ। ਇੱਕ ਦੇ ਪਾਸੋਂ ਹੀ ਮੰਗਣਾ ਚਾਹੀਦਾ ਹੈ। ਇੱਕ ਦਾਤਾਰ ਹੀ ਸਾਰੀਆਂ ਮਨੋ ਮੰਗੀਆਂ ਦਾਤਾਂ ਦੇਣ ਦੀ ਸਮਰੱਥਾ ਰੱਖਦਾ ਹੈ। ਜੇ ਇੱਕ ਨੂੰ ਛੱਡ ਕੇ ਹੋਰ ਅੱਗੇ ਹੱਥ ਅੱਡਾਂਗੇ, ਫਿਰ ਸ਼ਰਮ ਸਾਰ ਹੋਣਾ ਪਵੇਗਾ।

ਜਿਹੜਾ-ਜਿਹੜਾ ਵੀ ਇੱਕ ਮਾਲਕ ਪ੍ਰਭੂ ਦਾ ਸਿਮਰਨ ਕਰੇਗਾ, ਉਸਨੂੰ ਸਭ ਪਦਾਰਥਾਂ ਦੀ ਪ੍ਰਾਪਤੀ ਹੋ ਜਾਵੇਗੀ ਅਤੇ ਉਸ ਦੀਆਂ ਸਾਰੀਆਂ ਭੁੱਖਾਂ ਖਤਮ ਹੋ ਜਾਣਗੀਆਂ। ਜਿਹੜਾ ਦਿਨ ਰਾਤ ਇੱਕ ਦੀ ਅਰਾਧਨਾ ਕਰਦਾ ਹੈ, ਉਹ ਧੰਨਤਾ ਦੇ ਯੋਗ ਬਣ ਜਾਂਦਾ ਹੈ। ਉਸ ਤੋਂ ਕੁਰਬਾਨ ਜਾਣਾ ਚਾਹੀਦਾ ਹੈ :—

ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ॥

ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ॥

ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ॥

ਜਿਨਿ ਸੇਵਿਆ ਤਿਨਿ ਫਲੁ ਪਾਇਆ

ਤਿਸੁ ਜਨ ਕੀ ਸਭ ਭੁਖ ਗਵਾਈਐ॥

ਨਾਨਕੁ ਤਿਨ ਵਿਟਹੁ ਵਾਰਿਆ

ਜਿਨ ਅਨਦਿਨੁ ਹਿਰਦੈ ਹਰਿ ਨਾਮੁ ਧਿਆਈਐ॥

ਵਡ: ਕੀ ਵਾਰ ਮ: ੪, (ਪੰਨਾ : ੫੯੦)

ਇਸ ਲਈ ਹੇ ਮੇਰੇ ਮਨ! ਇੱਕ ਅਕਾਲ ਪੁਰਖ ਦੇ ਨਾਲ ਹੀ ਆਪਣਾ ਚਿਤ ਜੋੜ।

ਇੱਕ ਤੋਂ ਬਿਨਾਂ ਸਭ ਧੰਧ ਪਸਾਰਾ ਹੀ ਹੈ। ਇੱਕ ਨੂੰ ਛੱਡ ਕੇ ਹੋਰ-ਹੋਰ ਨਾਲ ਲਪਟੋਗੇ ਅਸੀਂ ਛਲ-ਕੂੜ ਮਾਇਆ ਵਿੱਚ ਪਲਚ ਰਹੇ ਹਾਂ। ਇਸ ਲਈ :—

ਮੇਰੇ ਮਨ ਏਕਸ ਸਿਉ ਚਿਤੁ ਲਾਇ॥

ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ॥੧॥

ਸਿਰੀਰਾਗੁ ਮ: ੫ (ਪੰਨਾ : ੪੪)

ਧਿਆਉਣਾ ਕਿਸ ਨੂੰ ਹੈ ? ਸਾਹਿਬਾਂ ਨੇ ਗੁਰਬਾਣੀ ਵਿੱਚ ਸੇਧ ਦਿੱਤੀ ਹੈ ਕਿ ਉਸਨੂੰ ਧਿਆਵੋ ਜੋ ਪਾਤਸ਼ਾਹਾਂ ਦਾ ਵੀ ਪਾਤਸ਼ਾਹ ਹੈ। ਉਸ ਇੱਕ ਦਾ ਹੀ ਆਸਰਾ ਲੈ ਜੋ ਸਾਰਿਆਂ ਨੂੰ ਆਸਰਾ ਤੇ ਭਰੋਸਾ ਬਖਸ਼ ਰਿਹਾ ਹੈ। ਸਾਰੀਆਂ ਉਕਤੀਆਂ ਜੁਗਤੀਆਂ ਛੱਡ ਕੇ ਗੁਰੂ ਦੀ ਅਗਵਾਈ ਵਿੱਚ ਚਲ ਪਉ। ਹੇ ਮੇਰੇ ਮਨ, ਉਸ ਇੱਕ ਨੂੰ ਜਪਣ ਲਈ ਕੋਈ ਹਠ ਜੋਗ ਜਾਂ ਕਸ਼ਟ ਦੇ ਕਰਮ ਨਹੀਂ ਕਰਨੇ ਪੈਣੇ। ਸੁਖ ਪੂਰਬਕ ਸਹਿਜ-ਸਹਿਜ ਨਾਲ ਪਿਆਰ ਵਿੱਚ ਭਿੱਜ ਕੇ ਉਸ ਇੱਕ ਦੇ ਨਾਮ ਦੀ ਅਰਾਧਨਾ ਕਰ।

ਉਸ ਇੱਕ ਮਾਲਕ ਨੂੰ ਅੱਠੇ ਪਹਿਰ ਹੀ ਜਪਦਾ ਰਹੀਂ ਅਤੇ ਉਸ ਮਾਲਕ ਦੇ ਨਿਤ ਹੀ ਗੁਣ ਗਾਉਂਦਾ ਰਹੀਂ। ਉਸ ਇਕ ਪ੍ਰਭੂ ਦੀ ਸਰਣ ਵਿੱਚ ਸਦਾ-ਸਦਾ ਲਈ ਪੈ ਜਾਹ। ਜਿਸ ਵਰਗਾ ਸੰਸਾਰ ਵਿੱਚ ਹੋਰ ਕੋਈ ਨਹੀਂ ਹੈ। ਜਿਸ ਦਾ ਸਿਮਰਨ ਕਰਨ ਨਾਲ ਦੁਖ, ਕਲੇਸ਼, ਮੂਲੋਂ ਹੀ ਖਤਮ ਹੋ ਜਾਂਦੇ ਹਨ, ਉਸ ਮਾਲਕ ਪ੍ਰਭੂ ਦਾ ਸਿਮਰਨ ਕਰ। ਸਤਸੰਗਤ ਕਰਨ ਅਤੇ ਨਾਮ ਜਪਣ ਨਾਲ ਜਿਥੇ ਮਨ ਦੀ ਨਿਰਮਲਤਾਈ ਪ੍ਰਾਪਤ ਹੋ ਜਾਂਦੀ ਹੈ, ਉੱਥੇ ਜਮਾਂ ਦੀ ਫਾਹੀ ਵੀ ਕੱਟੀ ਜਾਂਦੀ ਹੈ।

ਉਹ ਪ੍ਰਭੂ ਸੁੱਖਾਂ ਨੂੰ ਦੇਣ ਵਾਲਾ ਹੈ, ਸਾਰੇ ਭਰਮਾਂ ਤੋਂ ਨਿਜ਼ਾਤ ਦਿਵਾਣ ਵਾਲਾ ਹੈ। ਐਸੇ ਮਾਲਕ ਦੇ ਚਰਨਾਂ ਵਿੱਚ ਹਮੇਸ਼ਾ ਅਰਦਾਸ ਕਰਿਆ ਕਰ। ਜਿਸਦਾ ਸਿਮਰਨ ਕਰਨਾ ਹੈ, ਉਸ ਇੱਕ ਦਾ ਨਾ ਕੋਈ ਚੱਕਰ ਚਿਹਨ ਹੈ, ਨ ਉਸ ਦੀ ਕੋਈ ਜਾਤ-ਪਾਤ ਹੈ। ਉਸ ਪ੍ਰਭੂ ਦੀ ਕੋਈ ਕੀਮਤ ਵੀ ਨਹੀਂ ਪਾ ਸਕਦਾ।

ਜਿੰਨੀ ਉਸ ਦੀ ਵਡਿਆਈ ਕਰੀਏ ਉਸ ਤੋਂ ਅੱਗੇ ਹੋਰ, ਉਸ ਤੋਂ ਅੱਗੇ ਹੋਰ ਉਸਦੀ ਵਡਿਆਈ ਹੈ। ਉਸਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ। ਕੇਵਲ ਉਸਦੇ ਦਰ ਤੇ ਅਰਦਾਸ ਕਰਕੇ ਉਸਦੇ ਨਾਮ ਦੀ ਦਾਤ ਹੀ ਮੰਗਣੀ ਚਾਹੀਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ੍ਰੀ ਰਾਗ ਦਾ ਸ਼ਬਦ ਪੜ੍ਹੀਏ। ਕਿਸ ਦਾ ਸਿਮਰਨ ਕਰਨਾ ਹੈ ? ਕਿਸਨੂੰ ਧਿਆਉਣਾ ਹੈ :—

ਸੋਈ ਧਿਆਈਐ ਜੀਅੜੇ ਸਿਰਿ ਸਾਹਾਂ ਪਾਤਿਸਾਹੁ॥

ਤਿਸ ਹੀ ਕੀ ਕਰਿ ਆਸ ਮਨ ਜਿਸ ਕਾ ਸਭਸੁ ਵੇਸਾਹੁ॥

ਸਭ ਸਿਆਣਪਾ ਛਡਿ ਕੈ ਗੁਰ ਕੀ ਚਰਣੀ ਪਾਹੁ॥੧॥

ਮਨ ਮੇਰੇ ਸੁਖ ਸਹਜ ਸੇਤੀ ਜਪਿ ਨਾਉ॥

ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਇੰਦ ਨਿਤ ਗਾਉ ॥੧ ॥ ਰਹਾਉ ॥
ਤਿਸ ਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ ॥
ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ ॥
ਸਦਾ ਸਦਾ ਕਰਿ ਚਾਕਰੀ ਪ੍ਰਭੁ ਸਾਹਿਬੁ ਸਚਾ ਸੋਇ ॥ ੨ ॥
ਸਾਧਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ ॥
ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥
ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ ॥

ਸ੍ਰੀਰਾਗੁ ਮ: ੫ (ਪੰਨਾ : ੪੪)

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਹੇਠ ਲਿਖੇ ਸਲੋਕ ਵਿੱਚ ਕਿਵੇ ਇਕ ਦੀ ਅਰਾਧਨਾ ਕਰਨ ਵਾਸਤੇ, ਸਪਸ਼ਟ ਕਰਦੇ ਹਨ। ਹੇ ਗੁਰੂ ਪਿਆਰਿਉ, ਕੇਵਲ ਆਪਣੇ ਮਨ ਵਿੱਚ ਇੱਕ ਵਾਹਿਗੁਰੂ ਦਾ ਹੀ ਸਿਮਰਨ ਕਰੋ ਅਤੇ ਇੱਕ ਅਕਾਲ ਪੂਰਖ ਦੀ ਹੀ ਸ਼ਰਣ ਗ੍ਰਹਿਣ ਕਰੋ। ਇੱਕ ਨਾਲ ਹੀ ਪਿਆਰ ਪਾਵੋ। ਇੱਕ ਦਾਤਾਰ ਪਾਸੋ ਹੀ ਮੰਗੋ ਜੋ ਸਭ ਕੁਝ ਤੁਹਾਨੂੰ ਦੇ ਸਕਦਾ ਹੈ। ਮਨ ਕਰਕੇ, ਤਨ ਕਰਕੇ ਸੁਆਸ-ਸੁਆਸ ਉਸ ਇੱਕ ਨੂੰ ਹੀ ਧਿਆਵੋ। ਇੱਕ ਨੂੰ ਧਿਆਉਣ ਲਈ ਗੁਰੂ ਸ਼ਰਣ ਜ਼ਰੂਰ ਗ੍ਰਹਿਣ ਕਰੋ। ਜਿਹੜੇ ਗੁਰੂ ਪਿਆਰੇ ਇੱਕ ਦਾ ਸਿਮਰਨ ਕਰਕੇ ਆਪਣੇ ਮਨ ਵਿੱਚ ਇੱਕ ਨੂੰ ਵਸਾ ਲੈਂਦੇ ਹਨ, ਉਹ ਗੁਰੂ ਪਿਆਰੇ ਵਡਭਾਗੀ ਬਣ ਜਾਂਦੇ ਹਨ।

ਇੱਕ ਪ੍ਰਭੂ ਹੀ ਸਾਰਿਆਂ ਵਿੱਚ ਰਵਿਆ ਹੋਇਆ ਹੈ, ਉਸ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਹੈ। ਉਸ ਇੱਕ ਦਾ ਨਾਮ ਧਿਆਉਣਾ ਹੈ, ਇੱਕ ਦੇ ਨਾਮ ਦਾ ਹੀ ਉਚਾਰਨ ਕਰਨਾ ਚਾਹੀਦਾ ਹੈ। ਇਸ ਤਰਾਂ ਸਿਮਰਨ ਕਰਨ ਨਾਲ ਉਸ ਮਾਲਕ ਦੀ ਰਜ਼ਾ ਵਿੱਚ ਰਹਿਣ ਦੀ ਬਖਸ਼ਸ਼ ਪ੍ਰਾਪਤ ਹੋ ਜਾਂਦੀ ਹੈ :—

ਏਕੋ ਜਪੀਐ ਮਨੈ ਮਾਹਿ ਇਕਸ ਕੀ ਸਰਣਾਇ ॥
ਇਕਸੁ ਸਿਉ ਕਰਿ ਪਿਰਹੜੀ ਦੂਜੀ ਨਾਹੀ ਜਾਇ ॥
ਇਕੋ ਦਾਤਾ ਮੰਗੀਐ ਸਭੁ ਕਿਛੁ ਪਲੈ ਪਾਇ ॥
ਮਨਿ ਤਨਿ ਸਾਸਿ ਗਿਰਾਸਿ ਪ੍ਰਭੁ ਇਕੋ ਇਕੁ ਧਿਆਇ ॥
ਅੰਮ੍ਰਿਤੁ ਨਾਮੁ ਨਿਧਾਨੁ ਸਚੁ ਗੁਰਮੁਖਿ ਪਾਇਆ ਜਾਇ ॥
ਵਡਭਾਗੀ ਤੇ ਸੰਤ ਜਨ ਜਿਨ ਮਨਿ ਵੁਠਾ ਆਇ ॥
ਜਲਿ ਥਲਿ ਮਹੀਅਲਿ ਰਵਿ ਰਹਿਆ ਦੂਜਾ ਕੋਈ ਨਾਹਿ ॥
ਨਾਮੁ ਧਿਆਈ ਨਾਮੁ ਉਚਰਾ ਨਾਨਕ ਖਸਮ ਰਜਾਇ ॥

ਰਾਮਕਲੀ ਕੀਵਾਰ ਮ: ੫ (ਪੰਨਾ : ੯੬੧)

ਸਾਰੀ ਗੁਰੂ ਕੀ ਬਾਣੀ ਇੱਕ ਦੇ ਅਰਾਧਨ ਦੀ ਪ੍ਰੇਰਨਾ ਦਿੰਦੀ ਹੈ। ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਸਲੋਕ ਵਾਰਾਂ ਤੇ ਵਧੀਕ ਵਿੱਚ ਫੁਰਮਾਨ ਹੈ ਕਿ ਅੰਮ੍ਰਿਤ ਵੇਲੇ ਉੱਠ ਕੇ ਕਿਸ ਦਾ ਨਾਉ ਲੈਣਾ ਚਾਹੀਦਾ ਹੈ ? ਦੂਸਰੀ ਪੰਗਤੀ ਵਿੱਚ ਸਤਿਗੁਰੂ ਜੀ ਨੇ ਆਪ ਹੀ ਉੱਤਰ ਦਿੱਤਾ ਹੈ ਕਿ ਅੰਮ੍ਰਿਤ ਵੇਲੇ ਉੱਠ ਕੇ ਉਸ ਪ੍ਰਭੂ ਪ੍ਰਮੇਸ਼ਰ ਦਾ ਨਾਉ ਲਵੋ ਜੋ ਸਭ ਨੂੰ ਇੱਕ ਅੱਖ ਦੇ ਫੋਰ ਵਿੱਚ ਬਣਾ ਸਕਦਾ ਹੈ ਅਤੇ ਨਾਸ਼ ਕਰਨ ਦੀ ਸਮਰੱਥਾ ਰੱਖਦਾ ਹੈ। ਕਿੰਨਾ ਸਪਸ਼ਟ ਉਪਦੇਸ਼ ਹੈ !

ਵਡੜੈ ਝਾਲਿ ਝਲੁੰਭਲੈ ਨਾਵੜਾ ਲਈਐ ਕਿਸੁ ॥
ਨਾਉ ਲਈਐ ਪਰਮੇਸਰੈ ਭੰਨਣ ਘੜਨ ਸਮਰਥੁ ॥

ਸਲੋਕ ਮ: ੩ (ਪੰਨਾ : ੧੪੨੦)

ਜਿਹੜੇ ਲੋਗ ਇੱਕ ਨੂੰ ਛੱਡ ਕੇ ਹੋਰ-ਹੋਰ ਕ੍ਰਿਤ ਦੇ ਪਿਛਲਗ ਬਣ ਕੇ ਕਿਰਤ ਦੀ ਉਪਾਸਨਾ ਕਰਨ ਲੱਗ ਜਾਂਦੇ ਹਨ। ਉਹਨਾਂ ਨੂੰ ਪ੍ਰਾਪਤੀ ਤਾਂ ਕੀ ਹੋਣੀ ਹੈ ਸਗੋਂ ਸਾੜਾ ਹੀ ਪੱਲੇ ਪੈਂਦਾ ਹੈ। ਪ੍ਰਭੂ ਦਰ ਪ੍ਰਵਾਨਗੀ ਇੱਕ ਦੇ ਸੇਵਕ ਨੂੰ ਹੀ ਮਿਲਦੀ ਹੈ :—

ਸੇਵਕ ਸਚੇ ਸਾਹ ਕੇ ਸੇਈ ਪਰਵਾਣੁ ॥
ਦੂਜਾ ਸੇਵਨਿ ਨਾਨਕਾ ਸੇ ਪਚਿ ਪਚਿ ਮੁਏ ਅਜਾਣ ॥

ਸਲੋਕ ਮ: ੫ (ਪੰਨਾ : ੩੧੫)

ਤਥਾ :— **ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ ਬੁਟ**[1] **॥**

ਮ: ੫(ਪੰਨਾ : ੩੧੫)

ਤਥਾ :— **ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥**

ਆਸਾ ਦੀ ਵਾਰ (ਪੰਨਾ : ੪੭੦)

ਜਿਹੜਾ ਮੂਲ ਨੂੰ, ਇੱਕ ਪ੍ਰਮੇਸ਼ਰ ਨੂੰ, ਛੱਡ ਕੇ ਹੋਰ-ਹੋਰ ਦੇਵੀ ਦੇਵਤਿਆਂ ਅਤੇ ਭੂਤਾਂ ਦੇ ਪਿਛੇ ਲੱਗ ਕੇ, "ਕਰਤਾ ਛਡ ਕੀਤੇ ਲਪਟਾਇਆ" ਦੇ ਰਸਤੇ ਪੈ ਗਏ ਹਨ ਉਹਨਾਂ ਨੂੰ ਕੀ ਪ੍ਰਾਪਤ ਹੋਵੇਗਾ ? ਕੁਝ ਵੀ ਨਹੀਂ, ਸਵਾਹ ਹੀ ਪੱਲੇ ਪਵੇਗੀ।

ਜਿਨ੍ਹੀ ਨਾਮੁ ਵਿਸਾਰਿਆ ਦੂਜੈ ਭਰਮਿ ਭੁਲਾਈ ॥
ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ ॥

ਆਸਾ ਮ: ੧ (ਪੰਨਾ : ੪੨੦)

ਜੋ ਗੁਰੂ ਅਗਵਾਈ ਅਨੁਸਾਰ ਕ੍ਰਿਤ ਨਾਲ ਜੁੜ ਕੇ ਮੂੰਹ ਵਿੱਚ ਸਵਾਹ ਨਹੀਂ ਪਾਉਣੀ। ਮਾਲਕ ਨੂੰ ਤਿਆਗ ਕੇ ਉਸਦੇ ਨਾਮ ਨੂੰ ਵਿਸਾਰ ਕੇ, ਸੰਸਾਰ ਵਿੱਚ ਡੁੱਬ ਕੇ ਜੀਵਨ ਬਰਬਾਦ ਨਹੀਂ ਕਰਨਾ। ਇੱਕ ਨਾਮ ਦੇ ਤਿਆਗੀ ਬਣ ਕੇ ਬੇ-ਆਸਰਾ ਬੋਟ

---

੧. ਪੰਛੀ ਦਾ ਛੋਟਾ ਜਿਹਾ ਬਚਾ (ਜਿਹੜਾ ਨ ਉਡ ਸਕਦਾ ਹੈ ਨ ਤੁਰ ਸਕਦਾ ਹੈ)

ਨਹੀਂ ਬਣਨਾ। ਸਗੋਂ "**ਜਪਹੁ ਤਾ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥੧॥**" ਦੀ ਕਾਰ ਕਰਕੇ ਇੱਕ ਅਕਾਲ ਪੁਰਖ ਨਾਲ ਜੁੜ ਕੇ ਜੀਵਨ ਦੀ ਸਫਲਤਾ ਕਰਨੀ ਹੈ।

ਬਾਰੰ ਬਾਰ ਨਾਮ ਜਪਣਾ ਪੁਨਰੁਕਤਿ ਦੋਸ਼ ਹੈ ? ਇਕ ਉੱਤਰ

ਜਦੋਂ ਆਪਾਂ ਗੁਰਬਾਣੀ ਨੂੰ ਪੜ੍ਹਦੇ ਅਤੇ ਸੁਣਦੇ ਹਾਂ। ਗੁਰਬਾਣੀ ਦੁਆਰਾ ਸਤਿਗੁਰੂ ਜੀ ਸਾਨੂੰ ਤਾਕੀਦ ਕਰਦੇ ਹਨ। ਹੇ ਜਗਿਆਸੂ! ਪ੍ਰਭੂ ਪ੍ਰਮੇਸ਼ਰ ਦੇ ਨਾਮ ਨੂੰ ਬਾਰ-ਬਾਰ ਜਪ, ਨਾਮ ਹੀ ਅਸਲੀ ਤੇਰੀ ਖੁਰਾਕ ਹੈ। ਜਦੋਂ ਤੂੰ ਨਾਮ ਅੰਮ੍ਰਿਤ ਨੂੰ ਪੀਵੇਂਗਾ, ਤੇਰਾ ਮਨ ਵੀ, ਤਨ ਵੀ ਨਾਮ ਰਸ ਨੂੰ ਪੀ ਕੇ ਅਨੰਦਤ ਹੋ ਜਾਵੇਂਗਾ। ਸਾਹਿਬਾਂ ਦਾ ਫੁਰਮਾਨ ਹੈ :—

ਬਾਰੰ ਬਾਰ ਬਾਰ ਪ੍ਰਭੁ ਜਪੀਐ॥
ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥

ਸੁਖਮਨੀ ਮ: ੫ (ਪੰਨਾ : ੨੮੯)

ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ। ਹੇ ਗੁਰਮੁਖ ਜਨੋ! ਪ੍ਰਭੂ ਜੀ ਦੇ ਨਾਮ ਨੂੰ ਬਾਰੰ-ਬਾਰ ਜਪੋ ਕਿਉਂਕਿ ਜੀਵ ਆਤਮਾ ਦਾ, ਨਾਮ ਹੀ ਆਸਰਾ ਹੈ। ਜੀਵ ਆਤਮਾ ਨੂੰ, ਨਾਮ, ਅਧਾਰ ਦਿੰਦਾ ਹੈ। ਇਸ ਲਈ ਮੁੜ-ਮੁੜ ਨਾਮ ਦਾ ਅਭਿਆਸ ਕਰੋ :—

ਸਿਮਰਿ ਸਿਮਰਿ ਨਾਮੁ ਬਾਰੰ ਬਾਰ॥
ਨਾਨਕ ਜੀਅ ਕਾ ਇਹੈ ਅਧਾਰ॥

ਸੁਖਮਨੀ ਮ: ੫ (ਪੰਨਾ : ੨੯੫)

ਪੂਰੇ ਸਤਿਗੁਰੂ ਦਾ ਉਪਦੇਸ਼ ਹੀ ਇਹ ਹੈ ਕਿ ਉਸ ਪਾਰਬ੍ਰਹਮ ਨੂੰ ਸਦਾ ਨੇੜੇ ਜਾਣਿਆ ਕਰ। ਦੂਸਰਾ ਸੁਆਸ-ਸੁਆਸ ਨਾਲ ਉਸ ਮਾਲਕ ਦਾ ਨਾਮ ਜਪਿਆ ਕਰ। ਸੁਆਸ-ਸੁਆਸ ਨਾਮ ਜਪਣ ਨਾਲ ਹੇ ਮਨ! ਤੇਰੀਆਂ ਸਾਰੀਆਂ ਚਿੰਤਾਂ ਦੂਰ ਹੋ ਜਾਣਗੀਆਂ। ਕੈਸੀ ਹੈ ਨਾਮ-ਜਪ ਦੀ ਬਰਕਤ ਜਿਥੇ ਆਤਮਾਂ ਦੀ ਤ੍ਰਿਪਤੀ ਨਾਮ ਜਪ ਨਾਲ ਹੁੰਦੀ ਹੈ, ਉੱਥੇ ਸਾਰੀਆਂ ਚਿੰਤਾਵਾਂ ਦਾ ਵੀ ਨਾਸ਼ ਹੋ ਜਾਂਦਾ ਹੈ :—

ਪੂਰੇ ਗੁਰ ਕਾ ਸੁਨਿ ਉਪਦੇਸੁ॥
ਪਾਰਬ੍ਰਹਮੁ ਨਿਕਟਿ ਕਰਿ ਪੇਖੁ॥
ਸਾਸਿ ਸਾਸਿ ਸਿਮਰਹੁ ਗੋਬਿੰਦ॥
ਮਨ ਅੰਤਰ ਕੀ ਉਤਰੈ ਚਿੰਦ॥

ਸੁਖਮਨੀ ਮ: ੫ (ਪੰਨਾ : ੨੯੫)

ਕਈ ਵਾਰੀ ਤਰਕ ਬਾਜ, ਜਾਂ ਆਪਣੇ ਆਪ ਨੂੰ ਬਹੁਤਾ ਸਿਆਣਾ ਸਮਝਣ ਵਾਲੇ ਮਨੁੱਖ ਤਰਕ ਖੜੀ ਕਰ ਦਿੰਦੇ ਹਨ ਕਿ ਜੇ ਇੱਕ ਵਾਰੀ ਗੱਲ ਨੂੰ ਸਮਝ ਲਿਆ,

ਨਾਮ ਨੂੰ ਜਾਣ ਲਿਆ ਫਿਰ ਮੁੜ-ਮੁੜ ਇਸਨੂੰ ਜਪਣ ਦੀ ਕੀ ਲੋੜ ? ਸਾਹਿਤਕ ਬੋਲੀ ਵਿੱਚ ਵੀ ਇਸਨੂੰ ਪੁਨਰੁਕਤਿ ਦੋਸ਼ ਮੰਨਿਆ ਹੈ। ਬਾਰ-ਬਾਰ ਇੱਕੋ ਗੱਲ ਨੂੰ ਕਹਿਣਾ, ਇਹ ਅਸਭਯ ਹੈ। ਹਰ ਰੋਜ਼ ਨੇਮ ਦੇ ਨਾਲ ਬਾਣੀ ਪੜ੍ਹਨ ਦੀ ਕੀ ਲੋੜ ਹੈ ? ਕੇਵਲ ਲੋੜ ਹੈ ਸਮਝਣ ਦੀ।

ਇਹੋ ਜਿਹੇ ਦਲੀਲ ਬਾਜ ਗੁਰੂ ਦੀ ਦ੍ਰਿਸ਼ਟੀ ਵਿੱਚ ਤਾਂ ਮੁੱਢੋ ਹੀ ਪ੍ਰਮੇਸ਼ਰ ਤੋਂ ਭੁੱਲੇ ਹੋਏ ਹਨ। ਉਹ ਕਿਸਦੀ ਓਟ ਲੈਣ ? ਕੇਵਲ ਮਨ ਨੂੰ ਧਰਵਾਸ ਦੇਣ ਲਈ ਇਹੋ ਜਿਹੀਆਂ ਦਲੀਲਾਂ ਦਾ ਆਸਰਾ ਤੱਕਦੇ ਹਨ। ਐਸੇ ਮਨੁੱਖ ਕਰਣ ਕਾਰਨ ਸਮੱਰਥ ਪ੍ਰਭੂ ਦੇ ਸਰਾਪੇ ਅਤੇ ਮਾਰੇ ਹੋਏ ਹਨ!

ਮੁੰਢਹੁ ਭੁਲੇ ਮੁੰਢ ਤੇ ਕਿਥੈ ਪਾਇਨਿ ਹਥੁ॥
ਤਿੰਨੈ ਮਾਰੇ ਨਾਨਕਾ ਜਿ ਕਰਣ ਕਾਰਣ ਸਮਰਥੁ॥੨॥

ਸਲੋਕ ਮ: ੫ (ਪੰਨਾ : ੩੧੫)

ਪਰ ਉਹਨਾਂ ਦੀਆਂ ਫੋਕੀਆਂ ਦਲੀਲਾਂ ਜਦੋਂ ਕੋਈ ਸਧਾਰਣ ਮਨੁੱਖ ਸੁਣਦਾ ਹੈ ਤਾਂ ਉਸ ਤੇ ਜ਼ਰੂਰ ਅਸਰ ਹੋ ਜਾਂਦਾ ਹੈ।

ਜਿਵੇਂ ਆਪਾਂ ਸ਼ੁਭ ਵਿਚਾਰਾਂ ਦੇ ਸਿਰਲੇਖ ਹੇਠ ਪੜ੍ਹਿਆ ਹੈ ਕਿ ਸਾਡਾ ਸਰੀਰ ਦੋ ਚੀਜਾਂ ਦਾ ਸੁਮੇਲ ਹੈ। ਇੱਕ ਸਥੂਲ, ਦੂਸਰਾ ਸੂਖਮ। ਸਥੂਲ ਸਾਡਾ ਸਰੀਰ ਹੈ। ਸੂਖਮ ਸਾਡੀ ਆਤਮਾਂ ਅਤੇ ਮਨ ਹੈ। ਸਥੂਲ ਨੂੰ ਅਹਾਰ ਦੇਣ ਲਈ, ਸਥੂਲ ਦੀ ਪਿਆਸ ਮਿਟਾਉਣ ਲਈ, ਸਥੂਲ ਦੀ ਸਾਫ ਸਫਾਈ ਲਈ, ਅਸੀ ਹਰ ਰੋਜ਼ "ਪੁਨਰੁਕਤਿ ਦੋਸ਼" ਦੇ ਭਾਗੀ ਦਿਨ ਵਿੱਚ ਅਨੇਕਾਂ ਵਾਰੀ ਬਣਦੇ ਹਾਂ। ਜੇ ਕੋਈ ਸਿਆਣਾ ਮਨੁੱਖ ਉਪਰਲੀ ਦਲੀਲ ਵਰਤ ਕੇ ਸਾਨੂੰ ਉਲਟਾ ਪ੍ਰਸ਼ਨ ਕਰ ਲਵੇ ਕਿ ਜਦੋਂ ਇੱਕ ਵਾਰੀ ਪ੍ਰਸ਼ਾਦੇ ਨੂੰ ਸਮਝ ਲਿਆ ਦਾਲ ਸਬਜੀ ਨੂੰ ਜਾਣ ਲਿਆ, ਛਕ ਵੀ ਲਿਆ। ਫਿਰ ਮੁੜ ਮੁੜ ਕੇ ਛਕਣ ਦੀ ਕੀ ਲੋੜ ਹੈ ?

ਪਾਣੀ ਦੀ ਜਾਣਕਾਰੀ ਵੀ ਪ੍ਰਾਪਤ ਕਰ ਲਈ। ਪਿਆਸ ਲੱਗੀ ਤੇ ਪਾਣੀ ਪੀ ਵੀ ਲਿਆ, ਫਿਰ ਮੁੜ-ਮੁੜ ਪਾਣੀ ਪੀਣ ਦੀ ਕੀ ਲੋੜ ? ਸਰੀਰ ਨੂੰ ਇੱਕ ਵਾਰੀ ਸਾਬਣ ਲਾ ਕੇ, ਇਸ਼ਨਾਨ ਕਰਵਾ ਲਿਆ, ਫਿਰ ਵਾਰ-ਵਾਰ ਹਰ ਰੋਜ਼ ਇਸ਼ਨਾਨ ਕਰਨ ਦੀ ਕੀ ਲੋੜ ਹੈ ?

ਮਕਾਨ, ਘਰ ਚੰਗੀ ਤਰਾਂ ਇੱਕ ਵਾਰੀ ਸਾਫ ਕਰ ਲਿਆ, ਫਿਰ ਸਵੇਰੇ ਸ਼ਾਮ ਬਾਰ-ਬਾਰ ਸਾਫ ਕਰਨ ਦੀ ਕੀ ਲੋੜ ?

ਇਹ ਜਾਣ ਵੀ ਲਿਆ ਕਿ ਸਾਹ ਨਾਲ ਆਕਸੀਜਨ ਅੰਦਰ ਜਾਣ ਨਾਲ ਸਾਨੂੰ ਜੀਵਨ ਮਿਲਦਾ ਹੈ। ਚੰਗੀ ਤਰਾਂ ਸਾਹ ਭਰ ਕੇ ਲੈ ਵੀ ਲਿਆ, ਫਿਰ ਮੁੜ-ਮੁੜ ਕੇ ਬਾਰ-ਬਾਰ ਸਾਹ ਲੈਣ ਦੀ ਕੀ ਲੋੜ ?

ਇਸ ਤੋਂ ਹੋਰ ਥੋੜਾ ਦੁਰੇਡੇ ਹਟ ਕੇ ਵੀਚਾਰ ਕਰੀਏ। ਸੰਸਾਰਕ ਕੰਮ ਤੇ ਇਕ ਵਾਰੀ ਚਲੇ ਗਏ, ਬਾਰ ਬਾਰ ਜਾਣ ਦੀ ਕੀ ਲੋੜ? ਖੇਤ ਨੂੰ ਇੱਕ ਵਾਰੀ ਵਾਹ ਲਿਆ ਮੁੜ-ਮੁੜ ਕੇ ਵਾਹੁਣ ਦੀ ਕੀ ਲੋੜ ? ਫਸਲ ਨੂੰ ਇੱਕ ਵਾਰੀ ਪਾਣੀ ਦੇ ਦਿੱਤਾ ਵਾਰ-ਵਾਰ ਦੇਣ ਦੀ ਕੀ ਲੋੜ ? ਕੱਪੜੇ ਇੱਕ ਵਾਰੀ ਧੋ ਲਏ ਵਾਰ-ਵਾਰ ਧੋਣ ਦੀ ਕੀ ਲੋੜ ?

ਪਤੀ ਪਤਨੀ ਨੂੰ ਵਾਰ-ਵਾਰ ਨਾਉ ਲੈ ਕੇ ਬੁਲਾਉਂਦਾ ਹੈ।

ਪੁੱਤਰ ਪਿਤਾ ਨੂੰ ਬਾਰ-ਬਾਰ ਅਵਾਜਾਂ ਮਾਰਦਾ ਹੈ।

ਪਿਤਾ ਪੁਤਰ ਨੂੰ ਬਾਰ-ਬਾਰ ਨਾਉ ਲੈ ਕੇ ਲਾਡ ਲਡਾਉਂਦਾ ਹੈ।

ਕੀ ਕਾਰਣ ਹੈ ?

ਸ਼ਾਇਦ ਇਹਨਾਂ ਸਵਾਲਾਂ ਦਾ ਸਾਡੇ ਪਾਸ ਕੋਈ ਉੱਤਰ ਨਾ ਹੋਵੇ।

ਬਸ ਇੰਨਾ ਹੀ ਕਹਿਣਾ ਪਵੇਗਾ ਕਿ ਭੋਜਨ ਬਾਰ-ਬਾਰ ਸਰੀਰ ਨੂੰ ਅਹਾਰ ਦੇਣ ਲਈ ਛਕਦੇ ਹਾਂ।

ਪਾਣੀ ਬਾਰ-ਬਾਰ ਪਿਆਸ ਬੁਝਾਉਣ ਲਈ ਪੀਂਦੇ ਹਾਂ।

ਇਸ਼ਨਾਨ ਹਰ ਰੋਜ਼ ਮੁੜ-ਮੁੜ ਸਰੀਰ ਨੂੰ ਸਾਫ ਸੁਥਰਾ, ਰੱਖਣ ਲਈ ਕਰਦੇ ਹਾਂ।

ਮਕਾਨ ਨੂੰ ਸਵੇਰੇ ਸ਼ਾਮ ਝਾੜੂ ਤਾਂ ਮਾਰਦੇ ਹਾਂ ਤਾਂ ਜੋ ਪਇਆ ਹੋਇਆ ਗਰਦੋ ਗੁਬਾਰ ਮਿੱਟੀ ਘੱਟਾ ਮਕਾਨ ਵਿੱਚੋਂ ਦੂਰ ਹੋ ਜਾਵੇ ਤੇ ਮਕਾਨ ਸਾਫ ਹੋ ਜਾਵੇ।

ਸਾਹ ਬਾਰ-ਬਾਰ ਇਸ ਕਰਕੇ ਲੈਂਦੇ ਹਾਂ ਤਾਂ ਜੋ ਅਸੀਂ ਜੀਵਤ ਰਹੀਏ। ਸਾਹ ਆਉਣੋ ਹਟਿਆ ਨਹੀਂ ਤੇ ਬੰਦੇ ਦਾ ਸੰਖ ਵੱਜਿਆ ਨਹੀਂ।

ਕੰਮ ਤੇ ਹਰ ਰੋਜ ਬਾਰ-ਬਾਰ ਤਦ ਜਾਂਦੇ ਹਾਂ ਕਿਉਂਕਿ ਨਿਤ ਕੰਮ ਕਰਨ ਨਾਲ ਸਾਨੂੰ ਉਪਜੀਵਕਾ ਤੇ ਸਰੀਰਕ ਨਿਰਬਾਹ ਲਈ ਪੈਸੇ ਮਿਲਦੇ ਹਨ।

ਖੇਤ ਨੂੰ ਵਾਹੁੰਦੇ, ਸੁਆਰਦੇ ਤੇ ਫਸਲ ਬੀਜ ਕੇ ਬਾਰ-ਬਾਰ ਪਾਣੀ ਅਤੇ ਗੋਡੀ ਦਿੰਦੇ ਹਾਂ ਤਾਂ ਜੋ ਸਾਨੂੰ ਖੇਤ ਵਿੱਚੋਂ ਫਸਲ ਪ੍ਰਾਪਤ ਹੋਵੇ ਅਤੇ ਸਾਡੀਆਂ ਗਰਜ਼ਾਂ ਪੂਰੀਆਂ ਹੋਣ।

ਪਤੀ—ਪਤਨੀ ਨੂੰ

ਪਿਉ—ਪੁੱਤਰ ਨੂੰ

ਪੁੱਤਰ-ਪਿਉ ਨੂੰ

ਮਿੱਤਰ—ਮਿੱਤਰ ਨੂੰ ਇਸ ਕਰਕੇ ਬਾਰੰ ਬਾਰ ਬੁਲਾਉਂਦਾ ਹੈ ਤਾਂ ਜੋ ਉਹਨਾਂ ਨਾਲ ਸੰਪਰਕ ਕਾਇਮ ਹੋ ਸਕੇ।

ਸੰਸਾਰ ਵਿੱਚ ਵਿਚਰਦਿਆਂ ਹਰ ਸਮੇਂ, ਹਰ ਮਨੁੱਖ ਤੇ ਪੁਨਰੁਕਤਿ ਦੋਸ਼ ਖਿਨ-ਖਿਨ ਵਿੱਚ ਆਇਤ ਹੁੰਦਾ ਹੈ। ਅਸੀਂ ਸਾਰੇ ਦਿਨ ਰਾਤ ਇਸ ਦੋਸ਼ ਦੇ ਭਾਗੀ ਬਣਦੇ

ਹਾਂ। ਪਰ ਕਦੀ ਕਿਸੇ ਨੇ ਤਰਕ ਨਹੀਂ ਕੀਤੀ। ਜੇ ਕੋਈ ਉਪਰ ਲਿਖੇ ਬਾਰ-ਬਾਰ ਕਰਮ ਕਰਨ ਬਾਰੇ ਸਾਨੂੰ ਪ੍ਰਸ਼ਨ ਕਰੇ ਕਿ ਇਹ ਪੁਨਰੁਕਤਿ ਦੋਸ਼ ਕਰਮ ਤੁਸੀਂ ਕਿਉਂ ਕਰਦੇ ਹੋ ? ਉਸ ਬੰਦੇ ਨੂੰ ਮਨੁੱਖ ਤਾਂ ਨਹੀਂ ਪਾਗਲ ਜ਼ਰੂਰ ਕਿਹਾ ਜਾ ਸਕਦਾ ਹੈ ਕਿਉਂਕਿ ਉਹ ਖੁਦ ਵੀ ਇਸ ਸੰਸਾਰ ਦਾ ਸਾਰਾ ਉਪਰ ਲਿਖਿਆ ਕਰਮ ਬਾਰ-ਬਾਰ ਕਰਕੇ ਪੁਨਰੁਕਤਿ ਦੋਸ਼ ਦਾ ਭਾਗੀ ਬਣਦਾ ਹੈ।

ਜਿਹੜਾ ਮਨੁੱਖ ਪੁਨਰੁਕਤਿ ਦੋਸ਼ ਦੱਸ ਕੇ ਸਾਨੂੰ ਬਾਰ-ਬਾਰ ਨਾਮ ਜਪਣ ਤੋਂ, ਹਰ ਰੋਜ਼ ਨਿੱਤ ਨੇਮ ਕਰਨ ਤੋਂ, ਐਸੀਆਂ ਦਲੀਲਾਂ ਦੇ ਕੇ ਵਰਜਦਾ ਹੈ, ਉਸ ਮਨੁੱਖ ਪ੍ਰਤੀ ਫ਼ਤਵਾ ਤੁਸੀਂ ਆਪ ਹੀ ਦੇ ਲੈਣਾ ਕਿ ਉਹ ਕਿੰਨੀ ਕੁ ਸੂਝ-ਬੂਝ ਦਾ ਮਾਲਕ ਹੋਵੇਗਾ।

ਜਿਵੇਂ ਸਾਡੇ ਸਥੂਲ ਸਰੀਰ ਦੀਆਂ ਸਥੂਲ ਲੋੜਾਂ ਹਨ। ਉਹਨਾਂ ਦੀ ਪੂਰਤੀ ਲਈ ਅਸੀਂ ਬਾਰ-ਬਾਰ ਭੋਜਨ ਖਾਂਦੇ ਹਾਂ। ਬਾਰ-ਬਾਰ ਪਾਣੀ ਪੀਂਦੇ ਹਾਂ, ਬਾਰ-ਬਾਰ ਸਰੀਰ ਤੇ ਮਕਾਨ ਦੀ ਸਫਾਈ ਕਰਦੇ ਹਾਂ।

ਇਸੇ ਤਰਾਂ ਹੀ ਸਾਡੇ ਸਥੂਲ ਸਰੀਰ ਨੂੰ ਚਲਾਉਣ ਵਾਲੀ ਸਾਡੀ ਆਤਮਾ ਅਤੇ ਮਨ ਹੈ। ਸਾਡੀ ਆਤਮਾ ਅਤੇ ਮਨ ਦਾ ਵੀ ਭੋਜਨ ਹੈ, ਅਹਾਰ ਹੈ। ਆਤਮਾਂ ਨੂੰ ਭੋਜਨ ਨਾ ਦੇਵਾਂਗੇ। ਜਿਵੇਂ ਸਥੂਲ ਸਰੀਰ ਨੂੰ ਭੋਜਨ-ਅਹਾਰ ਨ ਦੇਵੀਏ ਸਰੀਰ ਦਾ ਅੰਤ ਹੋ ਜਾਂਦਾ ਹੈ, ਇਸੇ ਤਰਾਂ ਆਤਮਾ-ਮਨ ਨੂੰ ਨਾਮ ਬਾਣੀ ਦੀ ਖੁਰਾਕ ਬਾਰ-ਬਾਰ ਨਾ ਦੇਵਾਂਗੇ ਆਤਮਕ ਮੌਤ ਸਹੇੜ ਲਵਾਂਗੇ।

ਜੇ ਸਰੀਰ ਨੂੰ, ਮਕਾਨ ਨੂੰ ਬਾਰ-ਬਾਰ ਸਾਫ ਨਾ ਕਰਾਂਗੇ ਸਰੀਰ ਤੇ ਮਕਾਨ ਪਲੀਤ ਹੋ ਜਾਵੇਗਾ। ਇਸੇ ਤਰ੍ਹਾਂ ਜੇ ਅਸੀਂ :—

ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥

ਜਪੁਜੀ (ਪੰਨਾ : ੪)

ਅਤੇ **ਗੁਰਬਾਣੀ ਸੁਣਿ ਮੈਲੁ ਗਵਾਏ॥**

ਧਨਾਸਰੀ ਮ: ੩ (ਪੰਨਾ : ੬੬੫)

ਦੀ ਬਾਰੰ-ਬਾਰ ਕਾਰ ਨ ਕਰਾਂਗੇ, ਸਾਡੀ ਆਤਮਾਂ, ਸਾਡਾ ਅੰਤਸ਼ਕਰਣ ਸੰਸਾਰ ਦੇ ਪਲੀਤ ਵਿਚਾਰਾਂ ਨਾਲ ਏਨਾ ਮਲੀਨ ਹੋ ਜਾਵੇਗਾ ਕਿ :—

[1]ਖੰਨਲੀ ਧੋਤੀ ਉਜਲੀ ਨ ਹੋਵਈ
ਜੇ ਸਉ ਧੋਵਣਿ ਪਾਹੁ॥

ਸੋਰਠ ਮ: ੪, (ਪੰਨਾ : ੬੫੧)

੧. ਕੋਹਲੂ ਸਾਫ ਕਰਨ ਵਾਲੀ ਟਾਕੀ ਜਿਸ ਵਿੱਚ ਤੰਦ ਮੈਲ ਪਈ ਹੁੰਦੀ ਹੈ।

ਵਾਲੀ ਹਾਲਤ ਬਣ ਜਾਵੇਗੀ।

ਸੋ ਸਾਡੀ ਆਤਮਾ ਦਾ ਭੋਜਨ ਹੈ :—

ਨਾਮ ਹਮਾਰਾ ਭੋਜਨ ਛਤੀਹ ਪ੍ਰਕਾਰ ਜਿਤ

ਸਾਡੀ ਆਤਮਾਂ ਦੀ ਪਿਆਸ ਬੁਝਾਉਂਦਾ ਹੈ ਨਾਮ ਦਾ ਜਲ :—

ਬਾਰੰ-ਬਾਰ ਬਾਰ ਪ੍ਰਭ ਜਪੀਐ।ਪੀ ਅੰਮ੍ਰਿਤੁ ਇਹੁ ਮਨ ਤਨੁ ਧ੍ਰਪੀਐ[1]

ਸਾਡੀ ਆਤਮਾਂ ਅਤੇ ਮਨ ਦੀ ਸਫਾਈ ਕਰਦਾ ਹੈ ਪ੍ਰਮੇਸ਼ਰ ਦਾ ਬਾਰੰ-ਬਾਰ ਸਿਮਰਨ :—

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥

(ਸੁਖਮਨੀ ਮ: ੫)

ਤਥਾ :— ਗੁਨ ਗਾਵਤ ਤੇਰੀ ਉਤਰਸਿ ਮੈਲੁ॥

(ਸੁਖਮਨੀ ਮ: ੫)

ਆਤਮਾ ਦਾ ਇਸ਼ਨਾਨ ਕਿਹੜਾ ਹੈ ? **ਨਾਮੁ ਹਮਾਰੈ ਮਜਨ ਇਸਨਾਨੁ॥**

ਭੈਰਉ ਮ: ੫ (ਪੰਨਾ : ੧੧੪੫)

ਬਾਰ-ਬਾਰ ਨਾਮ ਜਪਣ ਨਾਲ ਆਤਮਿਕ ਜੀਵਨ ਮਿਲਦਾ ਹੈ :—

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥
ਨਾਨਕ ਅਵਰੁ ਨ ਜੀਵੈ ਕੋਇ॥

ਮਾਝ ਮ: ੧ (ਪੰਨਾ : ੧੪੨)

ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ
ਤਨੁ ਮਨੁ ਹੋਇ ਨਿਹਾਲਾ॥

ਸੂਹੀ ਮ: ੫ (ਪੰਨਾ : ੭੪੯)

ਆਤਮਾ ਦੀ ਖੇਤੀ ਕਿਹੜੀ ਹੈ ? ਉਹ ਹੈ ਪ੍ਰਭੂ ਦਾ ਨਾਮ :—

ਨਾਮੁ ਖੇਤੀ ਬੀਜਹੁ ਭਾਈ ਮੀਤ॥

ਆਸਾ ਮ: ੫ (ਪੰਨਾ : ੪੩੦)

ਆਤਮਾ ਦੀ ਚਾਕਰੀ ਕਿਹੜੀ ਹੈ ? ਪਿਆਰ ਵਿੱਚ ਭਿੱਜ ਕੇ ਨਾਮ ਮੰਨਣ ਦਾ ਕਰਮ ਕਰਨਾ :—

ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ॥

ਸੋਰਠ ਮ: ੧ (ਪੰਨਾ : ੫੯੫)

---

੧. ਰਜ ਮਿਲਦਾ ਹੈ।

ਆਤਮਾ ਦਾ ਵਣਜ ਬਿਉਹਾਰ ਕਿਹੜਾ ਹੈ ? ਜਿਸਨੂੰ ਆਤਮਾਂ ਨੇ ਨਿੱਤ ਹੀ ਕਰਨਾ ਹੈ :—

ਨਾਮ ਸੰਗਿ ਕੀਨੋ ਬਿਉਹਾਰੁ॥ ਨਾਮੁੋ ਹੀ ਇਸੁ ਮਨ ਕਾ ਅਧਾਰੁ॥

ਗੋਂਡ ਮ: ੫ (ਪੰਨਾ : ੮੬੩)

ਆਤਮਾ ਦੀ ਰਾਸ ਅਤੇ ਆਤਮਾ ਦਾ ਸੰਗੀ ਸਾਥੀ ਕੌਣ ਹੈ ? ਉਹ ਹੈ ਪ੍ਰਮੇਸ਼ਰ ਜੀ ਦਾ ਨਾਮ!

ਨਾਮੁ ਹਮਾਰੇ ਜੀਅ ਕੀ ਰਾਸਿ॥ ਨਾਮੋ ਸੰਗੀ ਜਤ ਕਤ ਜਾਤ॥

ਗੋਂਡ ਮ: ੫ (ਪੰਨਾ : ੮੬੩)

ਤਥਾ :— ਸੇ ਧਨਵੰਤ ਜਿਨ ਹਰਿ ਪ੍ਰਭੁ ਰਾਸਿ॥

ਬਸੰਤ ਮ: ੫ (ਪੰਨਾ : ੧੧੮੪)

ਆਤਮਾ ਨੂੰ ਉਜਲਾ ਪਵਿੱਤਰ ਕਿਸ ਤਰਾਂ ਕੀਤਾ ਜਾ ਸਕਦਾ ਹੈ ?

ਨਾਮੇ ਦਰਗਹ ਮੁਖ ਉਜਲੇ॥ ਨਾਮੇ ਸਗਲੇ ਕੁਲ ਉਧਰੇ।

ਗੋਂਡ ਮ: ੫ (ਪੰਨਾ : ੮੬੩)

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥੧॥

ਜਪੁਜੀ (ਪੰਨਾ : ੮)

ਆਤਮਿਕ ਤੌਰ ਤੇ ਧਨਵਾਨ ਕੌਣ ਹੈ ਜਾਂ ਇੰਝ ਕਹਿ ਲਵੋ ਆਤਮਾ ਦਾ ਧਨ ਕਿਹੜਾ ਹੈ ?

ਰਾਮ ਨਾਮ ਜੋ ਕਰਹਿ ਬੀਚਾਰ॥
ਸੇ ਧਨਵੰਤ ਗਨੀ ਸੰਸਾਰ॥

ਸੁਖਮਨੀ ਮ: ੫ (ਪੰਨਾ : ੨੮੧)

ਕੌਣ ਧਨਵਾਨ ਹੈ :—

ਸੇ ਧਨਵੰਤ ਹਰਿ ਨਾਮਿ ਲਿਵ ਲਾਇ॥
ਗੁਰਿ ਪੂਰੈ ਹਰਿ ਧਨੁ ਪਰਗਾਸਿਆ ਹਰਿ ਕਿਰਪਾ ਤੇ ਵਸੈ ਮਨ ਆਇ॥

ਧਨਾਸਰੀ ਮ: ੩ (ਪੰਨਾ : ੬੬੩)

ਜਿਵੇਂ ਨਾਮ ਲੈ ਕੇ ਪੁਕਾਰਨ ਨਾਲ ਸੰਸਾਰ ਨਾਲ ਸਬੰਧ ਜੁੜਦਾ ਹੈ, ਤਿਵੇਂ "ਸਿਮਰਿ ਸਿਮਰਿ ਨਾਮੁ ਬਾਰੰ-ਬਾਰ" ਦੀ ਕਾਰ ਕਰਨ ਨਾਲ ਪ੍ਰਭੂ ਪ੍ਰਮੇਸ਼ਰ ਨਾਲ ਆਤਮਾ ਦਾ ਸਬੰਧ ਜੁੜਦਾ ਹੈ। ਨਿਰਾ ਸਬੰਧ ਹੀ ਨਹੀਂ ਜੁੜਦਾ, ਨਾਮ ਜਪ ਤਾਂ ਨਾਮੀ

ਦਾ ਰੂਪ ਹੀ ਬਣਾ ਦਿੰਦਾ ਹੈ। ਸਾਹਿਬ ਗੁਰੂ ਰਾਮ ਦਾਸ ਜੀ ਦਾ ਫੁਰਮਾਨ ਹੈ :—

ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥ ੩॥

ਧਨਾਸਰੀ ਮ: ੪ (ਪੰਨਾ : ੬੬੭)

ਤਥਾ :—ਜਿਹਨਾਂ ਨੇ ਨਾਮ ਸਿਮਰਨ ਦੁਆਰਾ ਹਰੀ ਦੇ ਨਾਲ ਸਬੰਧ ਜੋੜਿਆ ਸਮਾਂ ਪਾਕੇ ਸਿਮਰਨ ਦੀ ਬਦੌਲਤ ਉਹ ਹਰੀ ਦੇ ਵਿੱਚ ਅਭੇਦ ਹੋ ਕੇ ਉਸ ਦਾ ਰੂਪ ਹੀ ਬਣ ਗਏ। ਕੈਸੀ ਬਰਕਤ ਹੈ, ਨਾਮ ਜਪ ਦੁਆਰਾ ਪ੍ਰਮੇਸ਼ਰ ਜੀ ਨਾਲ ਸਬੰਧ ਜੋੜਨ ਦੀ।

ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ
ਤੇ ਹਰਿ ਹਰਿ ਰੂਪਿ ਸਮਾਸੀ॥

ਆਸਾ ਮ: ੪ (ਪੰਨਾ : ੧੧)

ਉੱ ਰ ਲਿਖੀ ਸਾਰੀ ਵੀਚਾਰ ਤੋਂ ਸਪਸ਼ਟ ਹੈ ਕਿ ਜੇ ਸਰੀਰ ਨੂੰ ਭੋਜਨ ਚਾਹੀਦਾ ਹੈ। ਸਰੀਰ ਨੂੰ ਪਾਣੀ ਦੀ ਲੋੜ ਹੈ। ਸਰੀਰ ਨੂੰ ਸਫਾਈ ਦੀ ਲੋੜ ਹੈ। ਮਨੁੱਖ ਨੂੰ ਧਨ-ਪਦਾਰਥ ਦੀ ਲੋੜ ਹੈ। ਮਨੁੱਖ ਨੂੰ ਸੰਸਾਰ ਨਾਲ ਸਬੰਧ ਬਨਾਉਣ ਲਈ ਬਾਰੰ-ਬਾਰ ਆਪਣੇ ਸੱਜਣਾਂ ਰਿਸ਼ਤੇਦਾਰਾਂ ਦੇ ਨਾਉਂ ਲੈਣ ਦੀ ਲੋੜ ਹੈ।

ਇਸੇ ਤਰਾਂ ਸਾਡੀ ਸੂਖਸ਼ਮ ਆਤਮਾ ਜੋ ਸਾਡੇ ਸਥੂਲ ਸਰੀਰ ਨੂੰ ਚਲਾਉਂਦੀ ਹੈ ਉਸ ਨੂੰ ਵੀ ਆਤਮਾ ਅਹਾਰੀ ਭੋਜਨ ਚਾਹੀਦਾ, ਨਾਮ ਰਸ ਦੀ ਲੋੜ ਹੈ। ਆਤਮਾ ਨੂੰ ਤਾਂ ਸਰੀਰਕ ਸਫਾਈ ਨਾਲੋਂ ਜਿਆਦਾ ਪਵਿਤ੍ਰਤਾ ਦੀ ਲੋੜ ਹੈ। ਨਾਮ ਜਪ ਦੁਆਰਾ ਆਤਮਾ ਨੂੰ ਸਵੱਛ ਨ ਕਰਾਂਗੇ ਆਤਮਾ ਉੱਪਰ ਮਲੀਨ ਸੰਸਕਾਰਾਂ ਦੇ ਦਾਗ ਹੋਰ ਗਹਿਰੇ ਹੋ ਜਾਣਗੇ।

ਜਿਵੇਂ ਪਲੀਤ ਗੰਦੇ ਮਨੁੱਖ ਨੂੰ ਕੋਈ ਵੀ ਆਪਣੇ ਪਾਸ ਨਹੀਂ ਬਿਠਾਉਂਦਾ। ਇਸੇ ਤਰਾਂ ਪਲੀਤ ਦਾਗੀ ਆਤਮਾ ਨੂੰ ਵੀ ਪ੍ਰਭੂ ਦੀ ਦਰਗਾਹ ਵਿੱਚ ਥਾਂ ਨਹੀਂ ਮਿਲਦੀ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਨਾਸਰੀ ਰਾਗ ਵਿੱਚ ਫੁਰਮਾਨ ਹੈ :—

ਦਾਗ ਦੋਸ ਮੁਹਿ ਚਲਿਆ ਲਾਇ॥
ਦਰਗਹ ਬੈਸਣ ਨਾਹੀ ਜਾਇ॥

ਧਨਾਸਰੀ ਮ: ੧ (ਪੰਨਾ : ੬੬੨)

ਜੇ ਸਾਡੀ ਆਤਮਾ ਨੇ ਪ੍ਰਭੂ ਦੀ ਦਰਗਾਹ ਵਿੱਚ ਜਗ੍ਹਾ ਪ੍ਰਾਪਤ ਕਰਨੀ ਹੈ। ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੁਕਮ ਦੀ ਕਮਾਈ ਕਰਕੇ ਆਤਮਾ ਨੂੰ ਪਵਿੱਤਰ ਕਰਨਾ ਹੀ ਪਵੇਗਾ। ਜਦੋਂ ਹਿਰਦੇ ਨਾਲ ਗੁਰੂ ਦੀ ਅਰਾਧਨਾ ਕੀਤੀ, ਰਸਨਾ ਦੇ ਨਾਲ "ਬਾਰੰ-ਬਾਰ ਪ੍ਰਭ ਜਪੀਐ" ਦੀ ਕਾਰ ਕੀਤੀ, ਅੱਖਾਂ ਦੇ ਨਾਲ ਗੁਰੂ ਦੇ ਦੀਦਾਰ ਕੀਤੇ, ਕੰਨਾਂ

ਦੁਆਰਾ ਪ੍ਰਭੂ ਦਾ ਨਾਮ ਸੁਣਿਆਂ। ਇਹ ਕਰਮ ਕਰਨ ਦੇ ਨਾਲ ਆਤਮਾਂ ਪਵਿੱਤਰ, ਨਿਰਮਲ ਹੋ ਗਈ। ਸਤਿਗੁਰੂ ਨੇ ਸਦਾ ਵਾਸਤੇ ਆਪਣੀ ਦਰਗਾਹ ਵਿੱਚ ਥਾਂ ਬਖਸ਼ਸ਼ ਕਰ ਦਿੱਤੀ :—

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥
ਸਤਿਗੁਰੁ ਸੇਤੀ ਰਤਿਆ ਦਰਗਹ ਪਾਈਐ ਠਾਉ॥

ਸਲੋਕ ਮ: ੫ (ਪੰਨਾ : ੫੧੭)

ਆਪਣੀ ਆਤਮਾ ਦਾ ਸਬੰਧ ਪ੍ਰਮਾਤਮਾਂ ਨਾਲ ਜੋੜਨ ਲਈ ਬਾਰ-ਬਾਰ ਆਪਣੇ ਮਾਲਕ ਦਾ ਨਾਮ ਜਪਣ ਦੀ ਲੋੜ ਹੈ। ਜਿਵੇਂ ਬਾਬਾ ਕਬੀਰ ਜੀ ਨੇ ਉਪਦੇਸ਼ ਕੀਤਾ ਹੈ ਕਿ ਹੇ ਮੇਰੀ ਆਤਮਾਂ, ਦਿਨ ਰਾਤ ਉਸ ਮਾਲਕ ਦਾ ਨਾਉਂ ਲੈ ਕੇ ਉਸਨੂੰ ਪੁਕਾਰਿਆ ਕਰ, ਐਵੇਂ ਗਫਲਤ ਦੀ ਨੀਂਦ ਵਿੱਚ ਨ ਸੌਂ, ਦਿਨ ਰਾਤ ਆਪਣੇ ਮਾਲਕ ਨੂੰ ਪੁਕਾਰੇਂਗਾ ਉਹ ਮਾਲਕ ਤੇਰੀ ਪੁਕਾਰ ਜ਼ਰੂਰ ਸੁਣੇਗਾ ਅਤੇ ਤੈਨੂੰ ਆਪਣੇ ਸਰੂਪ ਵਿੱਚ ਅਭੇਦਤਾ ਬਖਸ਼ਸ਼ ਕਰ ਦੇਵੇਗਾ।

ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥
ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥ ੨੨੩॥

ਸਲੋਕ ਕਬੀਰ ਜੀ (ਪੰਨਾ : ੧੩੭੬)

ਨਾਮ ਕਿਸ ਵੇਲੇ ਜਪਣਾ ਹੈ?

ਸਤਿਗੁਰੂ ਜੀ ਨੇ ਜਗਿਆਸੂ ਨੂੰ ਹਰ ਸਮੇਂ ਪ੍ਰਭੂ ਪ੍ਰਮੇਸ਼ਰ ਦਾ ਨਾਮ ਜਪਣ ਦੀ ਤਾਕੀਦ ਕੀਤੀ ਹੈ :—

ਸਾਸਿ ਸਾਸਿ ਸਿਮਰਉ ਗੋਬਿੰਦ॥
ਮਨ ਅੰਤਰ ਕੀ ਉਤਰੈ ਚਿੰਦ॥

ਸੁਖਮਨੀ ਮ: ੫ (ਪੰਨਾ : ੨੯੫)

ਤਥਾ :— **ਊਠਤ ਬੈਠਤ ਸੋਵਤ ਧਿਆਈਐ॥**
ਮਾਰਗਿ ਚਲਤ ਹਰੇ ਹਰਿ ਗਾਈਐ॥੧॥

ਆਸਾ ਮ: ੫ (ਪੰਨਾ : ੩੮੬)

ਊਠਤ ਬੈਠਤ ਸੋਵਤ ਨਾਮ॥
ਕਹੁ ਨਾਨਕ ਜਨ ਕੈ ਸਦ ਕਾਮ॥

ਅਸਾ ਮ: ੫ (ਪੰਨਾ : ੨੮੬)

ਊਠਤ ਬੈਠਤ ਸੋਵਤ ਨਾਮ।
ਕਹੁ ਨਾਨਕ ਜਨ ਕੈ ਸਦ ਕਾਮ॥

ਸੁਖਮਨੀ ਮ: ੫ (ਪੰਨਾ : ੨੮੬)

ਉਸ ਮਾਲਕ ਦੀ ਯਾਦ, ਬੈਠਿਆਂ ਵੀ, ਸੁੱਤਿਆਂ ਵੀ, ਲੰਮੇ ਪਿਆਂ ਵੀ, ਰਸਤੇ ਚਲਦਿਆਂ ਵੀ, ਕਾਰ ਵਿਹਾਰ ਕਰਦਿਆਂ ਵੀ ਹਰ ਸਮੇਂ ਆਪਣੇ ਹਿਰਦੇ ਵਿੱਚ ਵਸਾਈ ਰੱਖਣੀ ਹੈ, ਉਸ ਨੂੰ ਯਾਦ ਕਰਨਾ ਹੈ।

ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ ਕਿ ਜਿਹੜਾ ਮਨੁੱਖ ਅੱਠੇ ਪਹਿਰ ਹੀ ਪ੍ਰਭੂ ਪ੍ਰਮਾਤਮਾਂ ਦੇ ਭੈ-ਭਾਵਨੀ ਵਿੱਚ ਆਪਨਾ ਜੀਵਨ ਬਤੀਤ ਕਰਦਾ ਹੈ ਉਸਦੇ ਵਾਸਤੇ ਸਾਰੇ ਸਮੇਂ ਹੀ ਮੁਬਾਰਕ ਹਨ ਕਿਉਂਕਿ ਉਹ ਮਨੁੱਖ ਤਾਂ ਹਰ ਸਮੇਂ ਉਸਦੀ ਯਾਦ ਵਿੱਚ ਜੁੜਿਆ ਹੋਇਆ ਹੈ :—

ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ॥
ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਸੋਇ॥
(ਸਲੋਕ ਮ: ੧, ਪੰਨਾ : ੧੪੬)

ਤਥਾ :— ਸਭੇ ਵਖਤ ਸਭੇ ਕਰਿ ਵੇਲਾ॥
ਖਾਲਕੁ ਯਾਦਿ ਦਿਲੈ ਮਹਿ ਮਉਲਾ॥
ਮਾਰੂ ਸੋਲਹੇ ਮ: ੫ (ਪੰਨਾ : ੧੦੮੪)

ਦਾ ਧਾਰਨੀ ਹੋਣ ਕਰਕੇ ਧੰਨਤਾ ਦੇ ਯੋਗ ਹੈ।

ਪਰ ਜਦੋਂ ਆਪਾਂ ਜਪੁਜੀ ਸਾਹਿਬ ਜੀ ਬਾਣੀ ਨੂੰ ਪੜ੍ਹਦੇ ਹਾਂ। ਪਹਿਲੀ ਪਉੜੀ ਵਿੱਚ ਹੀ ਸਤਿਗੁਰੂ ਜੀ ਨੇ **"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ"**? ਦਾ ਪ੍ਰਸ਼ਨ ਲਿਖਿਆ। ਅਗਲੇਰੀਆਂ ਪੌੜੀਆਂ ਵਿੱਚ ਇਸ ਪ੍ਰਸ਼ਨ ਦਾ ਉੱਤਰ ਬਖਸ਼ਿਆ ਹੈ ਕਿ ਉਸ ਬਿਅੰਤ ਪ੍ਰਭੂ ਨੂੰ ਜੋ ਸਾਰਿਆਂ ਨੂੰ ਦਾਤਾਂ ਬਖਸ਼ਦਾ ਹੈ। ਜਿਸ ਦੇ ਹੁਕਮ ਵਿੱਚ ਸਾਰੀ ਕਾਇਨਾਤ ਚੱਲ ਰਹੀ ਹੈ। ਆਪਣੀ ਬਣਾਈ ਹੋਈ, ਕ੍ਰਿਤ ਨੂੰ ਚਲਾ ਕੇ ਬਿਗਸ ਰਿਹਾ ਹੈ, ਐਸੇ ਮਾਲਕ ਦੀ ਪ੍ਰਾਪਤੀ ਲਈ, ਉਸਦੇ ਵਸਲ ਲਈ, ਉਸ ਮਾਲਕ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ, ਉਸ ਮਾਲਕ ਨੂੰ ਰੀਝਾਵਣ ਲਈ, ਉਸ ਮਾਲਕ ਦੇ ਅੱਗੇ ਕਿਹੜੀ ਵਸਤੂ ਰਖੀਏ। ਜਿਸ ਸਦਕਾ ਮਾਲਕ ਦੀ ਪ੍ਰਸੰਨਤਾ ਦੇ ਪਾਤ੍ਰ ਬਣ ਕੇ ਸਾਨੂੰ ਉਸਦੇ ਦਰਬਾਰ ਦੇ ਦਰਸ਼ਣ ਹੋ ਜਾਣ ?

ਰਸਨਾਂ ਨਾਲ ਕਿਹੋ ਜਿਹੇ ਬਚਨ ਬੋਲੀਏ ਜਿਹਨਾਂ ਨੂੰ ਸ੍ਵਣ ਕਰਕੇ ਮਾਲਕ ਪ੍ਰਭੂ ਸਾਡੇ ਨਾਲ ਪਿਆਰ ਕਰਨ ਲੱਗ ਜਾਵੇ ?

ਸਾਹਿਬਾਂ ਨੇ ਪਉੜੀ ਦੇ ਅਖੀਰ ਉੱਤਰ ਬਖਸਿਆ ਹੈ। ਹੇ ਜਗਿਆਸੂ, ਜੇ ਪ੍ਰਭੂ ਮਾਲਕ ਨੂੰ ਪ੍ਰਸੰਨ ਕਰਨਾ ਹੈ। ਉਸਦੇ ਦਰਬਾਰ ਦੇ ਦੀਦਾਰ ਕਰਨੇ ਹਨ, ਫਿਰ ਰਸਤਾ ਹੈ, ਅੰਮ੍ਰਿਤ ਵੇਲੇ ਉੱਠ ਕੇ, ਸਾਵਧਾਨਤਾ ਨਾਲ ਉਸ ਪ੍ਰਭੂ ਮਾਲਕ ਦੀਆਂ ਸਿਫਤਾਂ, ਉਸ ਦੀਆਂ ਵਡਿਆਈਆਂ ਦੀ ਵੀਚਾਰ ਕਰਨ ਨਾਲ ਉਸ ਮਾਲਕ ਦਾ ਦੀਦਾਰ ਪ੍ਰਾਪਤ ਹੋ

ਜਾਂਦਾ ਹੈ। ਉਸ ਮਾਲਕ ਨੂੰ ਮਿਲਣ ਦਾ ਹੋਰ ਕੋਈ ਸਾਧਨ ਨਹੀਂ :—

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥
ਉੱਤਰ ਹੈ :—ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥
ਜਪੁਜੀ (ਪੰਨਾ : ੨)

ਅੰਮ੍ਰਿਤ ਵੇਲੇ ਨੂੰ ਸਤਿਗੁਰੂ ਜੀ ਨੇ ਚਉਥਾ ਪਹਿਰ ਵੀ ਗੁਰਬਾਣੀ ਵਿੱਚ ਲਿਖਿਆ ਹੈ। ਇੱਕ ਤਾਂ ਉਸ ਸਮੇਂ ਸਰੀਰ ਵੀ ਆਰਾਮ ਕਰਕੇ ਪੂਰਾ ਤਰੋ-ਤਾਜ਼ਾ ਹੁੰਦਾ ਹੈ। ਦਿਮਾਗ ਵੀ ਸਾਵਧਾਨ ਹੁੰਦਾ ਹੈ। ਸੰਸਾਰਕ ਰੌਲਾ ਗੌਲਾ ਵੀ ਸਭ ਸ਼ਾਂਤ ਹੁੰਦਾ ਹੈ। ਬਹੁਤਾਤ ਸ੍ਰਿਸ਼ਟੀ ਦੇ ਜੀਵ ਆਰਾਮ ਫੁਰਮਾ ਰਹੇ ਹੁੰਦੇ ਹਨ। ਮਨ ਵੀ ਅਜੇ ਖਿੰਡਾਉ ਵਿੱਚ ਨਹੀਂ ਗਿਆ ਹੁੰਦਾ। ਕਾਰ ਵਿਹਾਰਾਂ ਦੀਆਂ ਸੋਚਾਂ ਅਜੇ ਅਰੰਭ ਨਹੀਂ ਹੋਈਆਂ ਹੁੰਦੀਆਂ। ਮਨ ਟਿਕਾਉ ਵਿੱਚ ਹੁੰਦਾ ਹੈ। ਐਸੇ ਸਮੇਂ ਨੂੰ ਗੁਰਮਤ ਵਿੱਚ ਅੰਮ੍ਰਿਤ ਵੇਲਾ ਕਿਹਾ ਹੈ। ਅੰਮ੍ਰਿਤ ਵੇਲੇ ਦਾ ਭਾਵ ਹੈ, ਉਹ ਸਮਾਂ ਜਿਸ ਵੇਲੇ ਪ੍ਰਭੂ ਦੀ ਯਾਦ ਹਿਰਦੇ ਵਿੱਚ ਵਸਾਉਣ ਨਾਲ ਮਨੁੱਖ ਮੌਤ ਦੇ ਤ੍ਰਾਸ ਵਲੋਂ ਵੀ ਨਿਸਚਿੰਤ ਹੋ ਜਾਂਦਾ ਹੈ।

ਸਾਹਿਬ **ਗੁਰੂ ਨਾਨਕ** ਪਾਤਸ਼ਾਹ ਜੀ ਨੇ ਅੰਮ੍ਰਿਤ ਵੇਲੇ ਦੀ ਸੰਭਾਲ ਕਰਨ ਵਾਲਿਆਂ ਨੂੰ **ਪੂਰੇ ਸ਼ਾਹ, ਮਾਝ** ਦੀ ਵਾਰ ਵਿੱਚ ਲਿਖਿਆ ਹੈ। ਉਹ ਮਨੁੱਖ ਜਿਹੜੇ ਅੰਮ੍ਰਿਤ ਵੇਲੇ ਉਠ ਕੇ ਪ੍ਰਭੂ ਪ੍ਰਮੇਸ਼ਰ ਦੀ ਸਿਫਤ ਸਲਾਹ ਵਿੱਚ ਜੁਟ ਜਾਂਦੇ ਹਨ ਅਤੇ ਇਕਾਗਰ ਮਨ ਹੋ ਕੇ ਮਾਲਕ ਪ੍ਰਭੂ ਦੇ ਨਾਮ ਦਾ ਸਿਮਰਨ ਕਰਦੇ ਹਨ। ਕਾਮ, ਕ੍ਰੋਧ, ਆਲਸ, ਨਿਦ੍ਰਾ ਅਤੇ ਮਨ ਨਾਲ ਝਗੜਾ ਕਰਕੇ, ਮਨ ਨਾਲ ਜੂਝਦੇ ਹਨ ਅਤੇ ਪ੍ਰਭੂ ਦੇ ਨਾਮ ਦੀ ਰਾਸ ਨੂੰ ਇੱਕਤ੍ਰਤ ਕਰਦੇ ਹਨ। ਗੁਰੂ ਦੀ ਦ੍ਰਿਸ਼ਟੀ ਵਿੱਚ ਐਸੇ ਗੁਰੂ ਪਿਆਰੇ ਅਸਲੀ ਸ਼ਾਹ ਹਨ।

ਅੰਮ੍ਰਿਤ ਵੇਲੇ ਨੂੰ ਸਾਹਿਬਾਂ ਨੇ ਕਿਉਂ ਮਹਾਨਤਾ ਦਿੱਤੀ ਹੈ ? ਸਾਹਿਬ ਅਗਲੇਰੀਆਂ ਪੰਗਤੀਆਂ ਵਿੱਚ ਸੰਕੇਤ ਦਿੰਦੇ ਹਨ ਕਿ ਜੇ ਅੰਮ੍ਰਿਤ ਵੇਲੇ ਦੀ, ਇਕਾਂਤ ਦੀ ਸੰਭਾਲ ਨਾ ਕੀਤੀ ਫਿਰ ਦੂਜੇ ਪਹਿਰ ਵਿੱਚ ਸੂਰਜ ਚੜ੍ਹ ਜਾਂਦਾ ਹੈ। ਹਰ ਮਨੁੱਖ, ਉੱਠ ਕੇ ਕਾਰ ਵਿਹਾਰਾਂ ਲਈ ਤੁਰ ਪੈਂਦਾ ਹੈ। ਸੰਸਾਰਕ ਕਾਰ ਵਿਹਾਰਾਂ ਦਾ ਸ਼ੋਰ ਸ਼ਰਾਬਾ ਅਰੰਭ ਹੋ ਜਾਂਦਾ ਹੈ। ਮਨ ਕਾਰ ਵਿਹਾਰਾਂ ਦੀਆਂ ਸੋਚਾਂ ਵਿੱਚ ਖਿੰਡ ਜਾਂਦਾ ਹੈ। ਇਕਾਗਰਤਾ ਖਤਮ ਹੋ ਜਾਂਦੀ ਹੈ। ਮਨੁੱਖ ਸੰਸਾਰੀ ਧੰਧਿਆਂ ਵਿੱਚ ਗਲਤਾਨ ਹੋ ਜਾਂਦਾ ਹੈ। ਫਿਰ ਸੰਸਾਰਕ ਧੰਧਿਆਂ ਵਿੱਚੋਂ ਸਮਾਂ ਕੱਢਣਾ ਮੁਸ਼ਕਲ ਹੋ ਜਾਂਦਾ ਹੈ। ਸਾਰਾ ਦਿਨ ਕਾਰਾਂ ਵਿਹਾਰਾਂ ਵਿੱਚ ਹੀ ਗੋਤੇ ਖਾਂਦਾ ਰਹਿੰਦਾ ਹੈ।

ਥੋੜਾ ਹੋਰ ਸਮਾਂ ਬੀਤਦਾ ਹੈ। ਤੀਜੇ ਪਹਿਰ ਵਿੱਚ ਸਰੀਰ ਨੂੰ ਭੁੱਖ ਪਿਆਸ

ਬਿਆਪਣ ਲੱਗ ਜਾਂਦੀ ਹੈ। ਮਨੁੱਖ ਸਰੀਰ ਨੂੰ ਅਹਾਰ ਦੇਣ ਦੇ ਆਹਰ ਵਿੱਚ ਲੱਗ ਪੈਂਦਾ ਹੈ। ਕਾਰ ਵਿਹਾਰਾਂ ਵਿੱਚ ਖਚਤ ਹੋਣ ਸਦਕਾ ਪਹਿਲਾਂ ਖਾਧਾ ਸਰੀਰ ਵਿੱਚ ਜਾ ਕੇ ਭਸਮ ਹੋ ਜਾਂਦਾ ਹੈ। ਮੁੜ ਸਰੀਰ ਨੂੰ ਅਹਾਰ ਦੇਣ ਦੇ ਆਹਰ ਵਿੱਚ ਮਨੁੱਖ ਲੱਗ ਜਾਂਦਾ ਹੈ। ਇਸੇ ਤਰਾਂ ਹੀ ਕਾਰ-ਵਿਹਾਰਾਂ ਅਤੇ ਖਾਣ ਪੀਣ ਵਿੱਚ ਹੀ ਸਾਰਾ ਦਿਨ ਬਤੀਤ ਹੋ ਜਾਂਦਾ ਹੈ।

ਸਾਰੀ ਦਿਹਾੜੀ ਕਾਰ ਵਿਹਾਰਾਂ ਦੀ ਥਕਾਵਟ ਹੋਣ ਸਦਕਾ ਰਾਤ ਪੈਣ ਤੇ ਮਨੁੱਖ ਗੂੜ੍ਹੀ ਘੂਕ ਨੀਂਦ ਵਿੱਚ ਸੌਂ ਜਾਂਦਾ ਹੈ ਅਤੇ ਮੁੜ ਸਵੇਰੇ ਉੱਠ ਕੇ ਕਾਰਾਂ ਵਿਹਾਰਾਂ ਵਿੱਚ ਖਚਤ ਹੋ ਜਾਂਦਾ ਹੈ। ਜਿਵੇਂ ਕਿ ਸਦਾ ਇਸ ਸੰਸਾਰ ਵਿੱਚ ਹੀ ਰਹਿਣਾ ਹੁੰਦਾ ਹੈ, ਇਸ ਭਾਵਨਾਂ ਨਾਲ, ਸੰਸਾਰ ਵਿੱਚ ਵਿਚਰਦਾ ਹੈ।

ਇਸ ਲਈ ਸਤਿਗੁਰੂ ਜੀ ਨੇ ਪ੍ਰੇਰਨਾ ਦਿੱਤੀ ਹੈ ਕਿ ਹੇ ਮਨੁੱਖ, ਅੰਮ੍ਰਿਤ ਵੇਲੇ ਦੀ ਸੰਭਾਲ ਜ਼ਰੂਰ ਕਰ, ਅੰਮ੍ਰਿਤ ਵੇਲੇ ਦੀ ਕੀਤੀ ਹੋਈ ਸੰਭਾਲ ਤੇਰੇ ਸਾਰਾ ਦਿਨ ਕੰਮ ਆਵੇਗੀ। ਸੰਸਾਰਕ ਕਾਰ ਵਿਹਾਰ ਕਰਦਿਆਂ ਵੀ ਤੇਰੀ ਰੁਚੀ ਪ੍ਰਭੂ ਪ੍ਰਮੇਸ਼ਰ ਜੀ ਦੇ ਨਾਮ ਵਿੱਚ ਜੁੜੀ ਰਹੇਗੀ ਕਿਉਂਕਿ ਅੰਮ੍ਰਿਤ ਵੇਲੇ ਇਕਾਂਤ ਸਮੇਂ ਨਾਮ ਜਪਣ ਦੇ ਜੋ ਸੰਸਕਾਰ ਤੇਰੇ ਮਨ ਵਿੱਚ ਇਕੱਤ੍ਰਤ ਹੋਏ ਹਨ, ਉਹ ਸਾਰਾ ਦਿਨ ਤੈਨੂੰ ਪ੍ਰਭੂ ਨਾਲ ਜੁੜਨ ਲਈ ਸਹਾਇਕ ਹੋਣਗੇ। ਇਸ ਲਈ ਅੰਮ੍ਰਿਤ ਵੇਲਾ ਬਹੁਤ ਮਹਾਨਤਾ ਵਾਲਾ ਸਮਾਂ ਹੈ :—

ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ॥
ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ॥
ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ॥
ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ॥
ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ॥
ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ॥
ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ॥
ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ॥

ਸਲੋਕ ਮ: ੧ (ਪੰਨਾ : ੧੪੫)

ਅਗਲੇਰੇ ਸ਼ਬਦਾਂ ਵਿੱਚ ਵੀ ਸਾਹਿਬਾਂ ਨੇ ਉਹਨਾਂ ਨਾਮ ਰਸੀਆਂ ਦਾ ਜਿਕਰ ਕੀਤਾ ਹੈ ਕਿ ਜਦੋਂ ਚਉਥੇ ਪਹਿਰ ਦਾ ਚੜ੍ਹਾਉ ਹੁੰਦਾ ਹੈ, ਨਾਮ ਰਸੀਆਂ ਦੇ ਮਨ ਵਿੱਚ ਆਪਣੇ ਮਾਲਕ ਦਾ ਸਿਮਰਨ ਕਰਨ ਲਈ ਚਾਉ ਚੜ੍ਹ ਜਾਂਦਾ ਹੈ। ਉਹ ਗੁਰੂ ਪਿਆਰੇ, ਨੀਂਦ ਤੋਂ ਉਥਾਨ ਹੋ ਕੇ ਸਰੀਰ ਦੀ ਸਵੱਸ਼ਤਾ ਲਈ ਵਗਦੇ ਦਰਿਆ ਤੇ ਨਾਮ ਜਪਦੇ-

ਜਪਦੇ ਪੁੱਜ ਜਾਂਦੇ ਹਨ। ਉੱਥੇ ਸਰੀਰ ਨੂੰ ਪਾਣੀ ਨਾਲ ਸਵੱਸ਼ ਪਵਿੱਤਰ ਕਰਕੇ ਮੁੜ ਸਤਸੰਗਤ ਵਿੱਚ ਆ ਕੇ, ਜਿੱਥੇ ਨਾਮ ਅੰਮ੍ਰਿਤ ਦੀ ਦਾਤ ਵੰਡੀ ਜਾਂਦੀ ਹੈ। ਆਪਣੀ ਆਤਮਾਂ ਨੂੰ ਪਵਿੱਤਰ ਕਰਨ ਲਈ ਪ੍ਰਭੂ ਦਾ ਨਾਮ ਪਿਆਰ ਵਿੱਚ ਭਿੱਜ ਕੇ ਜਪਦੇ ਹਨ। ਇਸ ਤਰ੍ਹਾਂ ਅੰਮ੍ਰਿਤ ਵੇਲੇ ਦੀ ਸੰਭਾਲ ਕਰਦਿਆਂ-ਕਰਦਿਆਂ ਉਹਨਾਂ ਦੀ ਆਤਮਾਂ ਕੰਚਨ ਵਰਗੀ ਭਾਵ ਬਹੁਤ ਕੀਮਤੀ ਹੋ ਜਾਂਦੀ ਹੈ। ਗੁਰੂ ਮਿਹਰ ਨਾਲ ਉਹ ਗੁਰੂ ਦੀ ਨਿਗਾਹ ਵਿੱਚ ਪ੍ਰਵਾਨ ਚੜ੍ਹ ਜਾਂਦੀ ਹੈ। ਐਸੀਆਂ ਗੁਰਮੁਖ ਰੂਹਾਂ ਨੂੰ ਫਿਰ ਕੋਈ ਹੋਰ ਕਠਨ ਘਾਲਣਾਂ ਨਹੀਂ ਕਰਨੀਆਂ ਪੈਂਦੀਆਂ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ :—

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥
ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ॥
ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ॥
ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥

ਸਲੋਕ ਮ: ੨ (ਪੰਨਾ : ੧੪੬)

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਵੇਲੇ ਨੂੰ ਮਹਾਨਤਾ ਦਿੰਦੇ ਹੋਏ ਫੁਰਮਾਨ ਕੀਤਾ ਹੈ। ਹੇ ਭਾਈ, ਅੰਮ੍ਰਿਤ ਵੇਲੇ ਉੱਠ ਕੇ ਪ੍ਰਭੂ ਪ੍ਰਮੇਸ਼ਰ ਜੀ ਦਾ ਨਾਮ ਜਪਣਾ ਚਾਹੀਦਾ ਹੈ। ਅੰਮ੍ਰਿਤ ਵੇਲੇ ਜੋ ਨਾਮ ਜਪ ਦੁਆਰਾ ਪ੍ਰੇਰਨਾ ਮਿਲੀ ਹੈ, ਉਸਨੂੰ ਦਿਨ ਰਾਤ ਹੀ ਹਿਰਦੇ ਵਿੱਚ ਵਸਾ ਕੇ, ਨਾਮੀ ਨਾਲ ਆਪਣੀ ਪ੍ਰੀਤ ਬਣਾਈ ਰੱਖ। ਇਸ ਤਰ੍ਹਾਂ ਕਰਨ ਨਾਲ ਤੈਨੂੰ ਕਿਸੇ ਕਿਸਮ ਦੀ ਚਿੰਤਾ ਫਿਕਰ ਤੰਗ ਨਹੀਂ ਕਰੇਗਾ। ਸਾਰੀਆਂ ਆਧੀਆਂ ਬਿਆਧੀਆਂ ਅਤੇ ਉਪਾਧੀਆਂ ਖਤਮ ਹੋ ਜਾਣਗੀਆਂ। ਕੈਸੀ ਅੰਮ੍ਰਿਤ ਵੇਲੇ ਦੀ ਬਰਕਤ ਸਾਹਿਬਾਂ ਨੇ ਦਰਸਾਈ ਹੈ :—

ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥
ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥ ੧॥

ਗਉੜੀ ਬਾਵਨ ਅਖਰੀ ਮ: ੫ (ਪੰਨਾ : ੨੫੫)

ਸਤਿਗੁਰਾਂ ਨੇ ਅੰਮ੍ਰਿਤ ਵੇਲੇ ਦੇ ਸੁੰਦਰ ਦ੍ਰਿਸ਼ ਨੂੰ ਚਿਤ੍ਰ ਕੇ ਜਗਿਆਸੂਆਂ ਨੂੰ ਅੰਮ੍ਰਿਤ ਵੇਲੇ ਦੀ ਸੰਭਾਲ ਕਰਨ ਦੀ ਪ੍ਰੇਰਨਾ ਦਿੱਤੀ ਹੈ।

ਹੇ ਮਨੁੱਖ, ਜਿਸ ਵੇਲੇ ਅੰਮ੍ਰਿਤ ਵੇਲਾ ਹੋ ਜਾਂਦਾ ਹੈ, ਚਿੜੀਆਂ, ਜਨੌਰ ਆਦਿ ਜਾਨਵਰ ਵੀ ਮਾਨੋਂ ਸਾਂਈ ਦਾ ਸਿਮਰਨ ਕਰਨ ਲੱਗ ਜਾਂਦੇ ਹਨ। ਇਹਨਾਂ ਵੱਲ ਵੇਖ ਕੇ ਤੂੰ ਵੀ ਮਨ ਵਿੱਚ ਉਤਸ਼ਾਹ ਧਾਰਨ ਕਰ। ਜਿਹੜੇ ਜਗਿਆਸੂ ਅੰਮ੍ਰਿਤ ਵੇਲੇ ਸਾਂਈ

ਦੇ ਨਾਮ ਰੰਗ ਵਿੱਚ ਜੁੜ ਜਾਂਦੇ ਹਨ ਉਹਨਾਂ ਦੇ ਹਿਰਦੇ ਵਿੱਚ ਪ੍ਰਭੂ ਨਾਮ ਦੀਆਂ ਮਾਨੋ ਲਹਿਰਾਂ ਉਤਪੰਨ ਹੋਣ ਲੱਗ ਜਾਂਦੀਆਂ ਹਨ। ਉਸ ਇਕਾਂਤ ਦੇ ਸਮੇਂ ਨਾਮ ਸਿਮਰਨ ਦੀ ਬਰਕਤ ਨਾਲ ਉਹਨਾਂ ਦੇ ਹਿਰਦੇ ਵਿੱਚ ਕੁਦਰਤ ਦੇ ਅਸਚਰਜ ਕਰਨ ਵਾਲੇ ਅਨੇਕਾਂ ਕੌਤਕ ਵਰਤਦੇ ਹਨ। ਤੂੰ ਵੀ ਇਹਨਾਂ ਤੋਂ ਪ੍ਰੇਰਨਾ ਲੈ ਤੇ ਅੰਮ੍ਰਿਤ ਵੇਲੇ ਦੀ ਸੰਭਾਲ ਕਰ:—

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥ ੧॥

ਸਲੋਕ ਮ: ੫ (ਪੰਨਾ : ੩੧੯)

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ, ਜਿਹਨਾਂ ਨੇ ਸਾਰੀ ਆਯੂ ਆਪ ਅੰਮ੍ਰਿਤ ਵੇਲੇ ਨੂੰ ਮਾਣਿਆ। ਸਾਨੂੰ ਵੀ ਅੰਮ੍ਰਿਤ ਵੇਲੇ ਤੋਂ ਲਾਹਾ ਪ੍ਰਾਪਤ ਕਰਨ ਵਾਸਤੇ ਪ੍ਰੇਰਨਾ ਦੇ ਰਹੇ ਹਨ। ਹੇ ਗੁਰਮੁਖ ਪਿਆਰਿਉ ! ਅੰਮ੍ਰਿਤ ਵੇਲੇ ਉੱਠ ਕੇ ਪ੍ਰਭੂ ਪ੍ਰਮੇਸ਼ਰ ਜੀ ਦੇ ਨਾਮ ਨੂੰ ਧਿਆਵੋ, ਸੰਸਾਰ ਦੀਆਂ ਝੂਠੀਆਂ ਪ੍ਰੀਤਾਂ ਦਾ ਤਿਆਗ ਕਰ ਦੇਵਹੁ। ਸਾਹਿਬ ਫੁਰਮਾਨ ਕਰਦੇ ਹਨ ਕਿ ਜੋ ਅੰਮ੍ਰਿਤ ਵੇਲੇ ਦੀ ਸੰਭਾਲ ਕਰਕੇ ਆਪਣੀ ਸੁਰਤੀ ਨੂੰ ਪ੍ਰਭੂ ਨਾਲ ਜੋੜ ਲੈਂਦਾ ਹੈ। ਸਮਝੋ ਉਸਨੇ ਜੀਵਨ ਦੀ ਬਾਜੀ ਨੂੰ ਜਿੱਤ ਲਿਆ ਹੈ :—

ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ॥
ਪ੍ਰਣਵਤਿ ਨਾਨਕ ਦਾਸਨਿ ਦਾਸਾ ਜਗਿ ਹਾਰਿਆ ਤਿਨਿ ਜੀਤਾ॥

ਪ੍ਰਭਾਤੀ ਮ: ੧ (ਪੰਨਾ : ੧੩੩੦)

ਤਥਾ :— **ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ॥**
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ॥੩॥

ਬਸੰਤ ਮ: ੫ (ਪੰਨਾ : ੧੧੮੫)

ਤਥਾ :— **ਪਰਭਾਤੇ ਪ੍ਰਭ ਨਾਮੁ ਜਪਿ ਗੁਰ ਕੇ ਚਰਣ ਧਿਆਇ॥**
ਜਨਮ ਮਰਣ ਮਲੁ ਉਤਰੈ ਸਚੇ ਕੇ ਗੁਣ ਗਾਇ॥ ੧॥

ਡਖਣੇ ਮ: ੫ (ਪੰਨਾ : ੧੦੯੯)

ਸ੍ਰੀ ਗੁਰੂ ਜੀ ਨੇ ਤਾਂ ਗੁਰਸਿੱਖ ਦੇ ਨਿੱਤ ਦੇ ਟਾਈਮਟੇਬਲ ਵਿੱਚ ਸਭ ਤੋਂ ਪਹਿਲੋਂ ਅੰਮ੍ਰਿਤ ਵੇਲੇ ਦੀ ਸੰਭਾਲ ਪਹਿਲਾ ਕਰਮ ਲਿਖਿਆ ਹੈ। ਫਿਰ ਸਾਵਧਾਨ ਹੋ ਕੇ ਪ੍ਰਭੂ ਪ੍ਰਮੇਸ਼ਰ ਜੀ ਦਾ ਸਾਰਾ ਦਿਨ ਨਾਮ ਜਪਣਾ ਹੈ। ਦਿਨੇ ਕਾਰ ਵਿਹਾਰ ਕਰਦਿਆਂ ਗੁਰਬਾਣੀ ਨਾਮ ਨਾਲ ਜੁੜ ਕੇ "**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥**" **(ਸਲੋਕ ਕਬੀਰ ਜੀ)** ਦੀ ਡਿਊਟੀ ਨਿਭਾਉਣੀ ਹੈ। ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ

ਜੀ ਦਾ ਗੁਰਸਿੱਖ ਨੂੰ ਬਖਸ਼ਸ਼ ਕੀਤਾ ਨਿੱਤ ਦਾ ਨਿਯਮ ਬਧ ਟਾਈਮਟੇਬਲ, ਪੜ੍ਹ ਲਈਏ ਸੋਝੀ ਪੈ ਜਾਵੇਗੀ :—

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

ਗਉੜੀ ਮ: ੪ (ਪੰਨਾ : ੩੦੫)

ਬਾਬਾ ਫਰੀਦ ਜੀ, ਰਾਤ ਦੇ ਪਹਿਲੇ ਪਹਿਰ ਦੇ ਸਿਮਰਨ ਨੂੰ ਫੁੱਲ ਦੱਸਦੇ ਹਨ ਅਤੇ ਅੰਮ੍ਰਿਤ ਵੇਲੇ ਦੇ ਸਿਮਰਨ ਨੂੰ ਫਲ ਨਾਲ ਤੁਲਨਾ ਦਿੱਤੀ ਹੈ। ਜਿਹੜੇ ਮਨੁੱਖ ਅੰਮ੍ਰਿਤ ਵੇਲੇ ਉੱਠ ਕੇ ਸਾਈਂ ਦੀ ਯਾਦ ਵਿੱਚ ਜੁੱਟ ਜਾਂਦੇ ਹਨ, ਉਹ ਨਾਮ ਜਪ ਦਾ ਅੰਮ੍ਰਿਤ ਮਈ ਫਲ ਪ੍ਰਾਪਤ ਕਰ ਲੈਂਦੇ ਹਨ। ਇਸ ਦਾਤ ਨੂੰ ਪ੍ਰਾਪਤ ਉਹ ਹੀ ਕਰਨਗੇ ਜੋ ਅੰਮ੍ਰਿਤ ਵੇਲੇ ਦੀ ਸੰਭਾਲ ਕਰਨਗੇ :—

ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ॥
ਜੋ ਜਾਗੰਨਿ੍ ਲਹੰਨਿ ਸੇ ਸਾਈ ਕੰਨੋ ਦਾਤਿ॥ ੧੧੨॥

ਸਲੋਕ ਫਰੀਦ ਜੀ (ਪੰਨਾ : ੧੩੮੪)

ਬਾਬਾ ਫਰੀਦ ਜੀ ਦੀ ਦ੍ਰਿਸ਼ਟੀ ਵਿੱਚ ਉਹ ਮਨੁੱਖ ਜਿਉਂਦਾ ਹੀ ਮੁਰਦੇ ਦੇ ਸਮਾਨ ਹੈ। ਜੋ ਅੰਮ੍ਰਿਤ ਵੇਲੇ ਉਠ ਕੇ ਆਪਣੇ ਸਾਂਈ ਦੀ ਯਾਦ ਵਿੱਚ ਨਹੀਂ ਜੁੜਦਾ। ਨਾਲ ਹੀ ਚਿਤਾਵਨੀ ਦਿੱਤੀ ਹੈ, ਹੇ ਇਨਸਾਨ, ਜੇ ਤੂੰ ਰੱਬ ਨੂੰ ਭੁਲਾ ਦਿੱਤਾ ਹੈ, ਯਾਦ ਰੱਖੀਂ ਰੱਬ ਨੇ ਤੈਨੂੰ ਨਹੀਂ ਭੁਲਾਇਆ। ਤੇਰੇ ਸਾਰੇ ਕਰਮਾਂ ਨੂੰ ਵੇਖ ਰਿਹਾ ਹੈ :—

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ॥
ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ॥ ੧੦੭॥

ਸਲੋਕ ਫਰੀਦ ਜੀ (ਪੰਨਾ : ੧੩੮੩)

ਸੋ ਅੰਮ੍ਰਿਤ ਵੇਲੇ ਦੀ ਗੁਰਬਾਣੀ ਵਿੱਚ ਬਹੁਤ ਮਹਾਨਤਾ ਦਰਸਾਈ ਹੈ। ਸਾਨੂੰ ਸਾਰੇ ਜਗਿਆਸੂਆਂ ਨੂੰ ਜ਼ਰੂਰ ਹੀ ਉਦਮ ਕਰਕੇ ਅੰਮ੍ਰਿਤ ਵੇਲੇ ਦੀ ਸੰਭਾਲ ਕਰਨੀ ਚਾਹੀਦੀ। ਸ੍ਰੀ ਗੁਰੂ ਰਾਮ ਦਾਸ ਜੀ ਅੰਮ੍ਰਿਤ ਵੇਲੇ ਦੇ ਜਪੇ ਨਾਮ ਦੀ ਵਡਿਆਈ ਦਰਸਾਉਂਦੇ ਫੁਰਮਾਨ ਕਰਦੇ ਹਨ :—

ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ
ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥

ਸੂਹੀ ਮ: ੪ (ਪੰਨਾ : ੭੩੪)

ਭਾਈ ਗੁਰਦਾਸ ਜੀ ਨੇ ਕਿੰਨੀ ਮਹਾਨਤਾ ਦਿੱਤੀ ਹੈ ਉਹਨਾਂ ਗੁਰਸਿੱਖਾਂ ਨੂੰ ਜੋ ਅੰਮ੍ਰਿਤ ਵੇਲੇ ਉਠ ਕੇ ਸਾਵਧਾਨ ਹੋ ਜਾਂਦੇ ਹਨ ਅਤੇ ਸਰੀਰਕ ਸਵੱਛਤਾ ਲਈ ਇਸ਼ਨਾਨ ਕਰਦੇ ਹਨ। ਫਿਰ ਆਤਮਕ ਸਵੱਛਤਾ ਲਈ ਇਕਾਗਰ ਮਨ ਹੋ ਕੇ ਪ੍ਰਭੂ ਪ੍ਰਮੇਸ਼ਰ ਜੀ ਦਾ ਨਾਮ ਜਪਦੇ ਹਨ। ਹੋਰ ਲਾਹਾ ਪ੍ਰਾਪਤ ਕਰਨ ਵਾਸਤੇ ਗੁਰੂ ਕੀ ਸਾਧ ਸੰਗਤ ਵਿੱਚ ਚੱਲ ਕੇ ਜਾਂਦੇ ਹਨ। ਸਾਧ ਸੰਗਤ ਵਿੱਚ ਜਾ ਕੇ ਨਿੱਤ ਹੀ ਗੁਰਬਾਣੀ ਕੀਰਤਨ ਨੂੰ ਪਿਆਰ ਵਿੱਚ ਭਿੱਜ ਕੇ ਸੁਣਦੇ ਹਨ ਅਤੇ ਗੁਰਮਤੀਆਂ ਨਾਲ ਹੀ ਮੇਲ ਮਿਲਾਪ ਰੱਖਦੇ ਹਨ ਅਤੇ ਗੁਰੂ ਪਾਤਸ਼ਾਹ ਜੀ ਦੇ ਗੁਰਪੁਰਬਾਂ ਨੂੰ ਪਿਆਰ ਸ਼ਰਧਾ ਭਾਵਨੀ ਨਾਲ ਮਨਾਉਂਦੇ ਹਨ। ਐਸੇ ਗੁਰਸਿੱਖ ਹੀ ਗੁਰੂ ਪਾਸੋਂ ਸ੍ਰੇਸ਼ਟ, ਆਤਮਕ ਫਲਾਂ ਦੀ ਪ੍ਰਾਪਤੀ ਕਰਦੇ ਹਨ।

ਐਸੇ ਨੇਮੀ ਗੁਰਸਿੱਖਾਂ ਤੋਂ ਮੈਂ ਕੁਰਬਾਨ ਹਾਂ, ਵਾਰਨੇ ਫੇਰਨੇ ਜਾਂਦਾ ਹਾਂ। ਭਾਈ ਗੁਰਦਾਸ ਜੀ ਦਾ ਫੁਰਮਾਨ ਪੜ੍ਹੀਏ :—

ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ॥
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤ ਵੇਲੈ ਸਰਿ ਨਾਵੰਦੇ॥
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਹੋਇ ਇਕ ਮਨ ਗੁਰ ਜਾਪੁ ਜਪੰਦੇ॥
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਸਾਧ ਸੰਗਤਿ ਚਲਿ ਜਾਇ ਜੁੜੰਦੇ॥
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ॥
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਮਨ ਮੇਲੀ ਕਰ ਮੇਲਿ ਮਿਲੰਦੇ॥
ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ॥
ਗੁਰ ਸੇਵਾ ਫਲੁ ਸੁਫਲ ਫਲੰਦੇ॥

(ਵਾਰ ੧੨ ਪਉੜੀ ੧)

ਗੁਰਮਤ ਵਿੱਚ ਅੰਮ੍ਰਿਤ ਵੇਲੇ ਦੀ ਬਹੁਤ ਮਹਾਨਤਾ ਹੈ। ਸੋ ਹਰ ਗੁਰਸਿੱਖ ਨੂੰ "**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥**" ਦੇ ਜ਼ਰੂਰ ਧਾਰਨੀ ਬਣਨਾ ਚਾਹੀਦਾ ਹੈ, ਤਦ ਹੀ ਪੂਰਨ ਲਾਹਾ ਪ੍ਰਾਪਤ ਹੋਵੇਗਾ। ਅੰਮ੍ਰਿਤ ਵੇਲੇ ਦੇ ਨਾਮ ਸਿਮਰਨ ਦੇ ਸੰਸਕਾਰ ਸਾਰੇ ਦਿਨ ਨੂੰ ਸਫਲਾ ਕਰਨ ਲਈ ਸਹਾਇਕ ਹੁੰਦੇ ਹਨ।

ਨਾਮ ਕਿਵੇਂ ਜਪਣਾ ਹੈ ?

ਸਾਰੀ ਗੁਰੂ ਕੀ ਬਾਣੀ ਨਾਮ ਸਿਮਰਨ ਕਰਨ ਵਾਸਤੇ ਪ੍ਰੇਰਦੀ ਹੈ। ਸਾਡੇ ਜੀਵਨ ਦਾ ਮਨੋਰਥ ਵੀ ਕੇਵਲ ਨਾਮ ਜਪਣ ਦਾ ਹੀ ਹੈ, ਜਿਸ ਨੂੰ ਗੁਰਦੇਵ ਪੰਜਵੇਂ ਪਾਤਸ਼ਾਹ ਜੀ ਨੇ ਰਹਿਰਾਸ ਜੀ ਦੇ ਪਾਠ ਵਿੱਚ ਅੰਕਤ ਕੀਤਾ ਹੈ :—

ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥

ਆਸਾ ਮ: ੫ (ਪੰਨਾ : ੧੨)

ਪ੍ਰਾਣੀ ਏਕੋ ਨਾਮੁ ਧਿਆਵਹੁ॥
ਅਪਨੀ ਪਤਿ ਸੇਤੀ ਘਰਿ ਜਾਵਹੁ॥੧॥

ਰਾਗੁ ਮਲਾਰ ਮ: ੧ (ਪੰਨਾ : ੧੨੫੪)

ਅਸੀਂ ਨਾਮ ਜਪ ਦੇ ਸਾਧਨ ਦੁਆਰਾ ਆਪਣੇ ਮੂਲ ਨਾਲ ਜੁੜਨਾ ਹੈ। ਸਾਡੇ ਸਰੀਰ ਦਾ ਮੂਲ ਹੈ, ਮਨ। ਮਨ ਦਾ ਮੂਲ ਹੈ ਆਤਮਾ ਅਤੇ ਆਤਮਾ ਦਾ ਮੂਲ ਹੈ ਪ੍ਰਮਾਤਮਾ। ਪ੍ਰਮਾਤਮਾ ਅਤੇ ਸ਼ਬਦ ਓਤ ਪੋਤ ਹਨ। ਪਰਮਾਤਮਾ ਦਾ ਰੂਪ ਹੈ ਸ਼ਬਦ। ਸ਼ਬਦ ਅਤੇ ਪ੍ਰਮਾਤਮਾ ਵਿੱਚ ਕੋਈ ਫਰਕ ਨਹੀਂ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਿੱਧਾਂ ਨੇ ਪ੍ਰਸ਼ਨ ਕਰਕੇ ਆਪਣੇ ਗੁਰੂ ਪ੍ਰਤੀ ਦੱਸਣ ਲਈ ਕਿਹਾ ਕਿ ਤੁਹਾਡਾ ਗੁਰੂ ਕੌਣ ਹੈ। ਸਿੱਧ ਗੋਸਟ ਵਿੱਚ ਸਿੱਧਾਂ ਵਲੋਂ ਪ੍ਰਸ਼ਨ ਕੀਤਾ :—

ਕਵਣ ਮੂਲੁ ਕਵਣ ਮਤਿ ਵੇਲਾ॥
ਤੇਰਾ ਕਵਣੁ ਗੁਰੂ ਜਿਸ ਕਾ ਤੂੰ ਚੇਲਾ॥

ਸਿਧ ਗੋਸਟ ਮ: ੧ (ਪੰਨਾ : ੯੪੨)

ਸਤਿਗੁਰੂ ਜੀ ਨੇ ਉਹਨਾਂ ਦੀ ਪੁੱਛ ਦੇ ਉੱਤਰ ਵਿੱਚ ਕਿਹਾ ਸੀ :—

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ॥

ਰਾਮਕਲੀ ਮ: ੧ (ਪੰਨਾ : ੯੪੩)

ਸਤਿਗੁਰੂ ਜੀ ਨੇ ਗੁਰਸਿੱਖਾ ਦਾ ਗੁਰੂ ਵੀ ਸ਼ਬਦ ਨੂੰ ਹੀ ਥਾਪਿਆ ਹੈ ਅਤੇ ਸੁਰਤ ਨੂੰ ਸ਼ਬਦ ਦਾ ਚੇਲਾ ਬਣਾ ਕੇ ਸ਼ਬਦ ਨਾਲ ਸਬੰਧ ਕਾਇਮ ਕਰਨ ਲਈ ਪ੍ਰੇਰਨਾ ਦਿੱਤੀ ਹੈ।

ਸਿੱਧਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ ਸੀ, ਹੇ ਅਤੀਤ ਗੁਰੂ ਨਾਨਕ, ਸੰਸਾਰ ਇੱਕ ਬਹੁਤ ਵਿਸ਼ਾਲ ਡਰਾਉਣਾ ਸਮੁੰਦਰ ਹੈ। ਇਸ ਭਿਆਨਕ ਸਮੁੰਦਰ ਵਿੱਚੋਂ ਕਿਵੇਂ ਪਾਰ ਉਤਰੀਏ ?

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥
ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥

ਸਿਧ ਗੋਸਟ (ਪੰਨਾ : ੯੩੮)

ਸਿੱਧਾਂ ਦੇ ਸਵਾਲ ਦਾ ਉੱਤਰ ਦਿੰਦੇ ਹੋਏ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਉਹਨਾਂ ਨੂੰ ਮਾਰਗ ਦਰਸ਼ਨ ਕਰਕੇ ਜੁਗਤੀ ਦੱਸੀ ਸੀ ਕਿ ਠੀਕ ਹੈ। ਸੰਸਾਰ ਬਹੁਤ ਭਿਆਨਕ ਸਮੁੰਦਰ ਹੈ ਇਸ ਵਿੱਚੋਂ ਤਰਨ ਲਈ ਗੁਰੂ ਤੋਂ ਅਗਵਾਈ ਲੈਣੀ ਹੈ। ਸੰਸਾਰ ਸਮੁੰਦਰ ਤੋਂ ਡਰ ਕੇ ਬਾਹਰ ਜੰਗਲਾਂ ਵਿੱਚ ਭੱਜ ਕੇ ਨਹੀਂ ਜਾਣਾ, ਸਗੋਂ ਕਉਲ ਫੂਲ ਅਤੇ ਮੁਰਗਾਬੀ ਤੋਂ ਸਿੱਖਿਆ ਲੈ ਕੇ ਸੰਸਾਰ ਵਿੱਚ ਰਹਿਣ ਦੀ ਜਾਚ ਸਿੱਖਣੀ ਹੈ।

ਜਿਵੇਂ ਕਉਲ ਫੁੱਲ ਪਾਣੀ ਵਿੱਚੋਂ ਪੈਦਾ ਹੁੰਦਾ ਹੈ। ਪਾਣੀ ਵਿੱਚ ਹੀ ਰਹਿੰਦਾ ਹੈ। ਪਾਣੀ ਹੀ ਉਸਦਾ ਜੀਵਨ ਅਧਾਰ ਹੈ। ਪਰ ਪਾਣੀ ਦੀ ਸਤਾਹ ਤੋਂ ਉੱਪਰ ਰਹਿੰਦਾ ਹੈ। ਜੇ ਪਾਣੀ ਦੀ ਸਤਾਹ ਉੱਚੀ ਹੋ ਜਾਵੇ ਕਉਲ ਫੁੱਲ ਵੀ ਹੋਰ ਉੱਚਾ ਹੋ ਜਾਂਦਾ ਹੈ। ਜੇ ਕਿਤੇ ਐਸਾ ਸਮਾਂ ਆ ਵੀ ਬਣੇ, ਪਾਣੀ ਕਉਲ ਫੁੱਲ ਦੇ ਉੱਪਰ ਦੀ ਲੰਘ ਜਾਵੇ, ਕਉਲ ਫੁੱਲ ਫਿਰ ਵੀ ਅਭਿਜ ਰਹਿੰਦਾ ਹੈ। ਪਾਣੀ ਦਾ ਅਸਰ ਨਹੀਂ ਕਬੂਲਦਾ।

ਇਸੇ ਤਰ੍ਹਾਂ ਮੁਰਗਾਬੀ ਵੀ ਪਾਣੀ ਵਿੱਚ ਹੀ ਸਾਰਾ ਜੀਵਨ ਬਤੀਤ ਕਰਦੀ ਹੈ। ਪਰ ਜਦੋਂ ਜੀ ਚਾਹੇ ਪਾਣੀ ਵਿੱਚੋਂ ਉਡਾਰੀ ਮਾਰ ਜਾਂਦੀ ਹੈ। ਇਸੇ ਤਰ੍ਹਾਂ ਸੰਸਾਰ, ਪਰਿਵਾਰ, ਘਰ-ਬਾਰ ਦੀਆਂ ਡਿਊਟੀਆਂ ਨਿਭਾਉਂਦੇ ਹੋਏ ਸੁਰਤ ਨੂੰ ਸ਼ਬਦ ਨਾਲ ਜੋੜੀ ਰੱਖਣਾ ਹੈ। ਸੁਰਤ ਨੂੰ ਸੰਸਾਰ ਨਾਲ ਨਹੀਂ ਜੋੜਨਾ। ਜਿਸ ਦੀ ਸੁਰਤ ਸ਼ਬਦ ਨਾਲ ਜੁੜੀ ਰਹੇਗੀ ਉਸਨੂੰ ਸੰਸਾਰ ਵਿੱਚ ਰਹਿੰਦਿਆਂ ਨਿਰੰਕਾਰ ਦੀ ਲਖਤਾ ਹੋ ਜਾਵੇਗੀ। ਸੰਸਾਰ ਭਵਜਲ ਉਸਦਾ ਕੁਝ ਵੀ ਵਿਗਾੜ ਨਹੀਂ ਸਕੇਗਾ, ਸਾਹਿਬਾਂ ਨੇ ਫੁਰਮਾਨ ਕੀਤਾ :—

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥

ਸਿਧ ਗੋਸਟ, (ਪੰਨਾ : ੯੩੮)

ਪ੍ਰੋ. ਪੂਰਨ ਸਿੰਘ ਜੀ ਜਿਸ ਵੇਲੇ ਭਾਈ ਵੀਰ ਸਿੰਘ ਜੀ ਦੀ ਸੰਗਤ ਦੁਆਰਾ ਸੰਨਿਆਸ ਤਿਆਗ ਕੇ ਗੁਰਮਤ ਦੇ ਧਾਰਨੀ ਬਣ ਗਏ। ਇੱਕ ਦਿਨ ਆਪ, ਪਰਿਵਾਰ ਅਤੇ ਰਿਸ਼ਤੇਦਾਰਾਂ ਦੇ ਛੋਟੇ-ਛੋਟੇ ਬੱਚਿਆਂ ਨਾਲ ਖੇਡ ਰਹੇ ਸਨ। ਖੇਡ ਵਿੱਚ ਮਗਨ ਬਚਿਆਂ ਨਾਲ ਬੱਚੇ ਹੀ ਬਣੇ ਹੋਏ ਸਨ, ਇੱਕ ਸੰਨਿਆਸੀਆਂ ਦੀ ਟੋਲੀ ਜੋ ਕਿ ਪੂਰਨ ਸਿੰਘ ਜੀ ਨੂੰ ਵੀ ਜਾਣਦੇ ਸਨ, ਉਸ ਰਸਤੇ ਲੰਘੇ ਜਿੱਥੇ ਪ੍ਰੋਫੈਸਰ ਸਾਹਿਬ ਬੱਚਿਆਂ ਨਾਲ ਖੇਡ ਰਹੇ ਸਨ।

ਪ੍ਰੋ. ਪੂਰਨ ਸਿੰਘ ਜੀ ਨੂੰ ਬੱਚਿਆਂ ਨਾਲ ਬੱਚੇ ਬਣੇ ਵੇਖ ਕੇ ਉਹਨਾਂ ਤਰਕ ਕੀਤੀ ਕਿ ਵੇਖੋ ਇਹੋ ਜਿਹੇ ਵੀ ਦੁਨੀਆਂ ਉੱਤੇ ਸੰਨਿਆਸੀ ਹਨ, ਪਹਿਲਾਂ ਘਰ ਬਾਰ, ਪਰਿਵਾਰ ਤਿਆਗ ਸੰਨਿਆਸ ਧਾਰਨ ਕਰ ਲਿਆ। ਮੁੜ ਜਦੋਂ ਮਾਇਆ ਨੇ ਜ਼ੋਰ ਪਾਇਆ, ਘਰ ਵਿੱਚ ਆ ਪਰਿਵਾਰ ਬੱਚਿਆਂ ਨਾਲ ਮੋਹ ਪਿਆਰ ਪਾ, ਮਾਇਆ ਵਿੱਚ ਹੀ ਜਕੜੇ ਗਏ। ਇਹ ਤਾਂ ਸੰਨਿਆਸ ਨੂੰ ਵੀ ਕਲੰਕਤ ਕਰਨ ਵਾਲੀ ਗੱਲ ਹੈ।

ਪ੍ਰੋਫੈਸਰ ਸਾਹਿਬ ਦੇ ਕੰਨਾਂ ਵਿੱਚ ਵੀ ਉਹਨਾਂ ਸੰਨਿਆਸੀਆਂ ਦੀ ਤਰਕ ਦੇ ਬੋਲ ਪੈ ਗਏ। ਆਪ ਬੱਚਿਆਂ ਦੀ ਖੇਡ ਛੱਡ ਕੇ ਉਹਨਾਂ ਸੰਨਿਆਸੀਆਂ ਪਾਸ ਚਲੇ ਗਏ। ਉਹਨਾਂ ਨੂੰ ਸੰਬੋਧਨ ਕਰਕੇ ਕਹਿਣ ਲੱਗੇ, ਭਲਿਓ ਤੁਸੀਂ ਕਦੇ ਚਿੜੀਆਂ ਨੂੰ ਵੇਖਿਆ ਹੈ? ਉਹ ਕਿਵੇਂ ਆਪਣੇ ਬੱਚਿਆਂ ਨਾਲ ਖੇਡਦੀਆਂ ਆਪਣਾ ਸਿਰ ਮੂੰਹ ਮਿੱਟੀ ਨਾਲ ਭਰ ਲੈਂਦੀਆਂ ਹਨ। ਪਰ ਜਦੋਂ ਉਹਨਾਂ ਦਾ ਚਿੱਤ ਚਾਹੁੰਦਾ ਹੈ, ਇੱਕ ਦਮ ਉਡਾਰੀ ਮਾਰ ਕੇ ਆਪਣੇ ਖੰਭਾਂ ਦੀ ਮਿੱਟੀ ਝਾੜ ਕੇ ਪਤਾ ਨਹੀਂ ਕਿੱਥੇ ਚਲੀਆਂ ਜਾਂਦੀਆਂ ਹਨ। ਬੱਚਿਆਂ ਦਾ ਭੋਰਾ ਜਿੰਨਾ ਵੀ ਆਪਣੇ ਮਨ ਵਿੱਚ ਲਗਾਉ ਨਹੀਂ ਰੱਖਦੀਆਂ। ਜਦੋਂ ਬੱਚਿਆਂ ਨਾਲ ਖੇਡਦੀਆਂ ਸਨ ਖੇਡ ਵਿੱਚ ਪੂਰੀਆਂ ਮਸਤ ਸਨ। ਜਦੋਂ ਛੱਡ ਦਿੱਤਾ, ਉਡਾਰੀ ਮਾਰੀ, ਨਾ ਖੇਡ ਨਾਲ ਲਗਾਉ, ਨ ਬੱਚਿਆਂ ਨਾਲ ਮੋਹ ਪਿਆਰ। ਇਹ ਹੈ ਗੁਰੂ ਨਾਨਕ ਦਾ ਸੰਨਿਆਸ, ਸੰਸਾਰ ਵਿੱਚ ਰਹਿੰਦਿਆਂ ਸਾਰੀਆਂ ਜਿਮੇਂਵਾਰੀਆਂ ਨਿਭਾਉਣੀਆਂ। ਜਦੋਂ ਨਿਰੰਕਾਰ ਨਾਲ ਜੁੜਨਾ, ਫਿਰ ਸਾਰੇ ਕੁਝ ਦੇ ਲਗਾਉ ਨੂੰ ਤਿਆਗ ਦੇਣਾ। ਸੰਸਾਰ ਨਹੀਂ ਛੱਡਣਾ, ਸੰਸਾਰ ਦੀ ਪਕੜ ਛੱਡਣੀ ਹੈ। ਸਤਿਗੁਰੂ ਨਾਨਕ ਜੀ ਨੇ:—

ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥

ਮਾਰੂ ਸੋਲਹੇ ਮ: ੪ (ਪੰਨਾ : ੧੦੭੦)

ਦੀ ਜੀਵਨ ਜੁਗਤੀ ਬਖਸ਼ਸ਼ ਕਰਕੇ ਅਸਲੀ ਸੰਨਿਆਸ ਦੇ ਪੂਰਨੇ ਪਾਏ ਹਨ। ਜੇ ਹਠ ਨਾਲ ਸੰਸਾਰ ਤਿਆਗ ਵੀ ਦਿੱਤਾ। ਪਰਿਵਾਰ, ਘਰ-ਬਾਰ ਬੱਚਿਆਂ ਦਾ ਮੋਹ ਮਨ ਵਿੱਚ ਹੀ ਘਰ ਕਰੀ ਬੈਠਾ ਰਹੇ। ਉਹ ਸੰਨਿਆਸੀ ਕਾਹਦਾ ? ਗੁਰੂ ਨਾਨਕ ਪਾਤਸ਼ਾਹ ਜੀ ਦੇ ਮੁਖਾਰਬਿੰਦ ਤੋਂ ਉਚਾਰਨ ਕੀਤੇ ਬਚਨ ਇੱਕ ਸਾਖੀ ਰਾਹੀਂ ਵਾਚ ਲਈਏ ਵਧੇਰੇ ਸਪਸ਼ਟਤਾ ਹੋ ਜਾਵੇਗੀ।

ਇੱਕ ਸਮੇਂ ਭਾਈ ਪਿਰਥਾ ਅਤੇ ਖੇਡਾ ਸੋਇਰੀ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਦਰਬਾਰ ਵਿੱਚ ਹਾਜਰ ਹੋਏ, ਕੀਰਤਨ ਚਲ ਰਿਹਾ ਸੀ। ਝੱਟ-ਪੱਟ ਹੀ ਦੋਵਾਂ ਦੀ ਸੁਰਤ ਇਕਾਗ੍ਰ ਚਿੱਤ ਹੋ ਗਈ। ਕੀਰਤਨ ਦੀ ਸਮਾਪਤੀ ਤੋਂ ਪਿੱਛੋਂ ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਨੇ ਭਾਈ ਪਿਰਥਾ ਅਤੇ ਖੇਡਾ ਸੋਇਰੀ ਨੂੰ ਪੁੱਛਿਆ, ਭਾਈ ਕਿਸ ਕਾਮਨਾਂ ਕਰਕੇ ਸੰਗਤ ਵਿੱਚ ਆਏ ਹੋ ?

ਭਾਈ ਪਿਰਥਾ ਨੇ ਹੱਥ ਜੋੜ ਬੇਨਤੀ ਕੀਤੀ, ਜੋ ਅਨੰਦ, ਜੋ ਰਸ ਹੁਣ ਆਇਆ ਹੈ ਇਹ ਬਣਿਆ ਰਹੇ। ਜਿਵੇਂ ਸੰਸਾਰ ਹੁਣ ਅਸੱਤ ਪ੍ਰਤੀਤ ਕਰਾਇਆ ਜੇ ਇਸੇ ਤਰਾਂ ਪ੍ਰਤੀਤ ਹੁੰਦਾ ਰਹੇ। ਸਦਾ ਆਪਣੀ ਚਰਨ ਸ਼ਰਨ ਵਿੱਚ ਰੱਖੋ ਸਾਡਾ ਤੁਹਾਡੇ ਨਾਲੋਂ ਕਦੇ ਵੀ ਵਿਛੋੜਾ ਨਾ ਪਵੇ।

ਗੁਰੂ ਨਾਨਕ ਪਾਤਸ਼ਾਹ ਜੀ ਨੇ ਬਚਨ ਕੀਤਾ ਭਾਈ ਪਿਰਥਾ ਸਾਡੇ ਚਰਨ ਸਦਾ ਸਾਧ ਸੰਗਤ ਵਿੱਚ ਰਹਿੰਦੇ ਹਨ, ਤੁਸੀਂ ਸਾਧ ਸੰਗਤ ਕਰਨੀ। ਦੂਸਰਾ ਸਰੀਰ ਸਾਡਾ ਸਰਗੁਣ ਹੈ, ਸਰਗੁਣ ਕਦੀ ਸੰਸਾਰ ਤੇ ਸਦੀਵੀਂ ਨਹੀਂ ਰਹਿੰਦਾ। ਸਰੀਰ ਨਾਲ ਜੁੜੋਗੇ ਤਾਂ ਵਿਛੋੜਾ ਅਵੱਸ਼ ਹੋਣਾ ਹੀ ਹੋਇਆ, ਸ਼ਬਦ ਸਾਡਾ ਹਿਰਦਾ ਹੈ। ਜੇ ਸ਼ਬਦ ਨਾਲ ਮਿਲੋਗੇ ਸਾਡੇ ਨਾਲੋਂ ਕਦੇ ਵੀ ਵਿਛੋੜਾ ਨਹੀਂ ਪਵੇਗਾ। ਸੋ ਸਦਾ ਯਾਦ ਰੱਖਣਾ।

ਗੁਰਮਤ ਦਾ ਮਾਰਗ ਹੈ ਵੀ ਬਹੁਤ ਸੁਖੈਨ। ਗੁਰਮਤ ਦੇ ਧਾਰਨੀ ਬਣਨ ਲਈ ਨ ਘਰ-ਬਾਰ ਛੱਡਣਾ ਪੈਂਦਾ ਹੈ, ਨਾ ਮਾਇਆ ਦੇ ਸੁੱਖ ਅਰਾਮ ਛੱਡਣੇ ਪੈਂਦੇ ਹਨ ਅਤੇ ਨਾ ਹੀ ਬੱਚਿਆਂ ਦਾ ਤਿਆਗ ਕਰਨਾ ਪੈਂਦਾ ਹੈ। ਸਾਰੇ ਸੁੱਖ ਅਰਾਮ ਮਾਣਦੇ ਹੋਏ, ਸੰਸਾਰਕ ਡਿਊਟੀਆਂ ਨਿਭਾਉਂਦੇ ਹੋਏ, ਸੁਰਤੀ ਨੂੰ ਪ੍ਰਭੂ ਚਰਨਾਂ ਨਾਲ ਜੋੜਨਾ ਹੈ।

ਔਖਾ ਇਸ ਕਰਕੇ ਹੈ। ਇਹ ਮਾਰਗ ਬਹੁਤ ਸੂਖਮ ਅਤੇ ਗਾਖੜਾ ਹੈ। ਦ੍ਰਿਸ਼ਟਮਾਨ ਵਿੱਚ ਰਹਿੰਦਿਆਂ, ਸਥੂਲ ਵਿੱਚ ਵਿਚਰਦਿਆਂ ਦ੍ਰਿਸ਼ਟਮਾਨ ਦੀ ਅਤੇ ਮਾਇਆ ਦੀ ਪਕੜ ਛੱਡਣੀ ਪੈਂਦੀ ਹੈ। ਧਨ ਪਦਾਰਥ ਸਥੂਲ ਹੈ, ਪਰਵਾਰ ਸਥੂਲ ਹੈ, ਘਰ ਬਾਰ ਸਥੂਲ ਹੈ, ਸਾਡਾ ਸਰੀਰ ਵੀ ਸਥੂਲ ਹੈ, ਸਥੂਲ ਸਰੀਰ, ਹਠ ਕਰਕੇ ਔਖਾ ਸੌਖਾ ਸਥੂਲ ਸੰਸਾਰ ਦਾ ਤਿਆਗ ਕਰ ਸਕਦਾ ਹੈ। ਪਰ ਸਥੂਲ ਸਰੀਰ ਦੁਆਰਾ ਸੂਖਮ ਮਾਇਆ ਦੇ ਲਗਾਉ ਅਤੇ ਮਾਇਆ ਦੇ ਪ੍ਰਭਾਵ ਤੋਂ ਬਚਣਾ ਬਹੁਤ ਔਖਾ ਹੈ। ਤਦ ਹੀ ਬਾਬਾ ਕਬੀਰ ਜੀ ਨੇ ਫੁਰਮਾਨ ਕੀਤਾ ਹੈ। **ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ॥ ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥**

ਮਾਇਆ ਦੇ ਸੂਖਮ ਪ੍ਰਭਾਵ ਤੋਂ, ਲਗਾਉ ਤੋਂ, ਛੁਟਣ ਲਈ ਆਪਣੀ ਸੂਖਮ ਸੁਰਤ ਨੂੰ, ਸੰਸਾਰ ਵਲੋਂ ਨਿਰਲੇਪ ਕਰਨ ਲਈ ਸਤਿਗੁਰੂ ਜੀ ਨੇ ਸਾਨੂੰ ਸਾਧਨ ਵੀ ਸੂਖਮ ਨਾਮ ਦਾ ਹੀ ਦਿੱਤਾ ਹੈ। ਜਦੋਂ ਸੂਖਮ ਸ਼ਬਦ ਦੇ ਸਾਧਨ ਦੁਆਰਾ ਮਨ ਦੇ ਸਾਰੇ ਬੰਧਨ ਛੁਟ ਗਏ, ਫਿਰ ਸਮਝੋ ਗੱਲ ਬਣ ਗਈ।

ਸਾਡੀ ਸੁਰਤ ਵੀ ਸੂਖਮ ਹੈ, ਸ਼ਬਦ ਵੀ ਸੂਖਮ ਦਾ ਸਰੂਪ ਹੈ। ਦੋਵਾਂ ਦਾ ਆਪਸੀ ਮੇਲ ਕਰਨਾ ਹੈ। ਮੇਲ ਕਰਾਉਣ ਵਾਲੀ ਹੈ, ਸ਼ਬਦ ਦੀ ਧੁਨ। ਜੋ ਆਪਾਂ ਗੁਰੂ ਸ਼ਬਦ ਦੀ ਧੁਨ ਬੋਲ ਕੇ, ਬੁੱਲਾਂ ਨਾਲ ਘੰਡੀ ਰਾਹੀਂ ਜਾਂ ਸਵਾਸਾਂ ਨਾਲ ਪ੍ਰਗਟ ਕਰਦੇ ਹਾਂ ਉਸ ਨਿਕਲ ਰਹੀ ਧੁਨ ਦੇ ਵਿੱਚ ਧਿਆਨ ਜੋੜਨਾ ਹੈ। ਜਦੋਂ ਵੀ ਧੁਨ ਦੇ ਵਿੱਚ ਧਿਆਨ ਜੁੜ ਗਿਆ ਸਮਝੋਂ ਗਲ ਬਣਨੀ ਅਰੰਭ ਹੋ ਗਈ। ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ :—

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ
ਗੁਰਮੁਖਿ ਅਕਥ ਕਹਾਨੀ॥ ੩॥

ਰਾਮਕਲੀ ਮ: ੧ (ਪੰਨਾ : ੯੭੯)

ਜੇ ਧੁਨ ਦੇ ਵਿੱਚ ਧਿਆਨ ਨਹੀਂ ਜੁੜਦਾ, ਫਿਰ ਸਮਝੋ ਸੁਰਤ ਅੱਜੇ ਬਾਹਰ ਮੁਖੀ ਭਟਕ ਰਹੀ ਹੈ। ਸੁਰਤ ਦਾ ਸ਼ਬਦ ਨਾਲ ਮੇਲ ਨਹੀਂ ਹੋ ਰਿਹਾ, ਜਿਨਾਂ ਚਿਰ ਸੁਰਤ ਦਾ ਸ਼ਬਦ ਨਾਲ ਮੇਲ ਨਹੀਂ ਹੁੰਦਾ ਉਨਾਂ ਚਿਰ ਮਾਇਕੀ ਬੰਧਨ ਨਹੀਂ ਟੁੱਟਣੇ।

ਸ੍ਰੀ ਗੁਰੂ ਨਾਨਕ ਦੇਵ ਜੀ ਵੀ ਸੁਲਤਾਨਪੁਰ ਸਾਹਿਬ ਇਹੋ ਸਿਖਿਆ ਪ੍ਰਦਾਨ ਕੀਤੀ ਸੀ। ਜਦੋਂ ਕਾਜੀ ਅਤੇ ਨਬਾਬ ਨੇ ਆਪ ਨੂੰ ਨਿਵਾਜ਼ ਵਿੱਚ ਸ਼ਾਮਲ ਹੋਣ ਲਈ ਬੇਨਤੀ ਕੀਤੀ। ਆਪ ਨੇ ਉੱਤਰ ਦਿੱਤਾ ਜੇ ਤੁਸੀਂ ਖੁਦਾ ਦੀ ਨਿਵਾਜ਼ ਅਦਾ ਕਰਨੀ ਹੈ, ਫਿਰ ਮੈਂ ਜ਼ਰੂਰ ਤੁਹਾਡੇ ਨਾਲ ਚਲਾਂਗਾ।

ਆਪ ਜੀ ਮਸੀਤ ਵਿੱਚ ਚਲੇ ਗਏ, ਕਾਜੀ, ਨਵਾਬ ਅਤੇ ਹੋਰ ਕਲਮਾਂ ਪੜ੍ਹਦੇ ਰਹੇ ਅਤੇ ਆਪਣੀ ਸ਼ਰ੍ਹਾ ਰੀਤੀ ਅਨੁਸਾਰ ਊਠਕ ਬੈਠਕ ਕਰਦੇ ਰਹੇ। ਸਤਿਗੁਰੂ ਜੀ ਇਕ ਪਾਸੇ ਖੜੇ ਮੁਸਕਰਾਉਂਦੇ ਰਹੇ। ਨਮਾਜ਼ ਪੜ੍ਹਨ ਵਿੱਚ ਸ਼ਾਮਲ ਨਹੀਂ ਹੋਏ ਨਮਾਜ਼ ਦੀ ਸਮਾਪਤੀ ਉਪਰੰਤ ਕਾਜੀ ਨੇ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਸਵਾਲ ਕੀਤਾ ਕਿ ਤੁਸੀਂ ਸਾਡੇ ਨਾਲ ਨਮਾਜ਼ ਪੜ੍ਹਨ ਆਏ ਸੀ ਪਰ ਤੁਸੀਂ ਸਾਡੇ ਨਾਲ ਸ਼ਰੀਕ ਨਹੀਂ ਹੋਏ। ਸਗੋਂ ਸਾਡੀ ਵਲ ਵੇਖ ਕੇ ਹੱਸਦੇ ਰਹੇ ਹੋ ?

ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਨੇ ਕਾਜ਼ੀ ਨੂੰ ਉੱਤਰ ਦਿੱਤਾ, ਕਾਜ਼ੀ ਸਾਹਿਬ ! ਤੁਸੀਂ ਮੈਨੂੰ ਖੁਦਾ ਦੀ ਨਮਾਜ਼ ਵਿੱਚ ਸ਼ਰੀਕ ਹੋਣ ਵਾਸਤੇ ਲਿਆਂਦਾ ਸੀ ਨਾ ਕਿ ਘੋੜਿਆਂ-ਵਛੇਰੀਆਂ ਦੀ ਨਿਵਾਜ਼ ਪੜ੍ਹਨ ਵਾਸਤੇ ਲਿਆਏ ਸੀ। ਸਤਿਗੁਰਾਂ ਨੂੰ ਪੁੱਛਣ ਤੇ ਆਪ ਜੀ ਨੇ ਉੱਤਰ ਦਿੱਤਾ ਜਦੋਂ ਤੁਸੀਂ ਕਲਮਾ ਪੜ੍ਹ ਰਹੇ ਸੀ, ਤੁਹਾਡਾ ਧਿਆਨ ਘਰ ਵਿੱਚ ਨਵ ਜੰਮੀ ਵਛੇਰੀ ਦੇ ਮਗਰ ਘੁੰਮ ਰਿਹਾ ਸੀ। ਬੋਲ ਤੁਸੀਂ ਨਮਾਜ਼ ਦੇ ਪੜ੍ਹ ਰਹੇ ਸੀ, ਪਰ ਸੁਰਤ ਤੁਹਾਡੀ ਪਸ਼ੂਆਂ ਦੇ ਗਿਰਦ ਚੱਕਰ ਲਾਉਂਦੀ ਸੀ। ਕਾਜੀ ਦੇ ਦੁਬਾਰਾ ਸਵਾਲ ਕਰਨ ਤੇ ਕਿ ਜੇ ਮੇਰੀ ਸੁਰਤ ਨਮਾਜ਼ ਵਿਚ ਨਹੀ ਸੀ ਤੁਸੀਂ ਨਵਾਬ ਸਾਹਿਬ ਨਾਲ ਖੁਦਾ ਦੀ ਨਮਾਜ਼ ਅਦਾ ਕਰ ਲੈਂਦੇ। ਸਤਿਗੁਰਾਂ ਉੱਤਰ ਦਿੱਤਾ ਕਿ ਨਵਾਬ ਸਾਹਿਬ ਕਿਹੜਾ ਨਮਾਜ਼ ਵਿੱਚ ਹਾਜ਼ਰ ਸਨ ਇਹ ਵੀ ਕਾਬਲ ਵਿੱਚ ਘੋੜਿਆਂ ਦੀ ਖਰੀਦੋ ਫਰੋਕਤ ਕਰ ਰਹੇ ਸਨ। ਦੋਵਾਂ ਨੇ ਸੱਚ ਨੂੰ ਕਬੂਲਿਆ ਕਿ ਵਾਕਿਆ ਈ ਸਾਡੀ ਸੁਰਤ, ਨਮਾਜ਼ ਪੜ੍ਹਨ ਸਮੇਂ ਇੱਥੇ ਹਾਜ਼ਰ ਨਹੀਂ ਸੀ।

ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਨੇ ਸਿਧਾਂਤ ਬਖਸ਼ਸ਼ ਕੀਤਾ ਅਤੇ ਖੁਦਾ ਦੀ ਬੰਦਗੀ ਕਰਨ ਦਾ ਰਸਤਾ ਰੁਸ਼ਨਾਇਆ ਕਿ ਖੁਦਾ ਨੂੰ, ਅੱਲਾ ਤਾਲਾ ਨੂੰ, ਪ੍ਰਮੇਸਰ ਨੂੰ,

ਉਹ ਹੀ ਕੀਤੀ ਹੋਈ ਬੰਦਗੀ ਪ੍ਰਵਾਨ ਹੈ, ਜੋ ਆਪਾਂ ਖੁਦਾ ਦੀ ਇਬਾਦਤ ਕਰਦੇ ਹਾਂ ਜੋ ਮੂੰਹ ਵਿੱਚੋਂ ਉਸ ਦੀ ਸਿਫਤ ਸਲਾਹ ਦੇ ਬੋਲ ਬੋਲਦੇ ਹਾਂ। ਜੇ ਸਾਡੀ ਸੁਰਤ ਉਹਨਾਂ ਬੋਲਾਂ ਨੂੰ ਪ੍ਰਭੂ ਪ੍ਰਮੇਸ਼ਰ ਜੀ ਦੇ ਸਿਫਤ ਸਲਾਹ ਦੇ ਸ਼ਬਦਾਂ ਨੂੰ ਧਿਆਨ ਮਗਨ ਹੋ ਕੇ ਸੁਣ ਰਹੀ ਹੈ, ਫਿਰ ਤਾਂ ਪ੍ਰਮਾਤਮਾਂ ਦੇ ਦਰ ਵਿੱਚ ਪ੍ਰਵਾਨਗੀ ਹੈ। ਜੇ ਸੁਰਤ ਇਬਾਦਤ ਸਮੇਂ ਕਿਸੇ ਹੋਰ ਹੋਰ ਪਾਸੇ ਘੁੰਮਦੀ ਹੈ, ਐਸੀ ਬੰਦਗੀ ਪ੍ਰਭੂ ਦੇ ਦਰ ਵਿੱਚ ਪ੍ਰਵਾਨ ਨਹੀਂ, ਉਹ ਕੇਵਲ ਤੋਤਾ ਰਟਨੀ ਹੀ ਹੈ।

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ ਕਿ ਜੇ ਧਿਆਨ ਬਾਹਰਮੁਖੀ ਹੈ। ਸੁਰਤੀ ਕਿਤੇ ਬਾਹਰ ਭਟਕਦੀ ਹੈ। ਮੂੰਹ ਵਿੱਚੋਂ ਭਾਵੇਂ ਕੋਈ ਨੌ ਵਿਆਕਰਣ, ਛੇ ਸ਼ਾਸਤ੍ਰ ਅਤੇ ਹੋਰ ਧਾਰਮਕ ਗਰੰਥ ਮੂੰਹ-ਜ਼ਬਾਨੀ ਰਟੀ ਜਾਵੇ, ਇਸ ਤਰ੍ਹਾਂ ਨਿਰਾ ਉਚਾਰਨ ਕਰਨ ਨਾਲ ਮੇਰਾ ਮਾਲਕ ਪ੍ਰਭੂ ਪ੍ਰਸੰਨ ਨਹੀਂ ਹੁੰਦਾ :—

ਨਵ ਛਿਅ ਖਟੁ ਬੋਲਹਿ ਮੁਖ ਆਗਰ
ਮੇਰਾ ਹਰਿ ਪ੍ਰਭੁ ਇਵ ਨ ਪਤੀਨੇ॥

ਧਨਾਸਰੀ ਮ: ੪ (ਪੰਨਾ : ੬੬੮)

ਪ੍ਰਭੂ ਪ੍ਰਸੰਨ ਕਿਵੇਂ ਹੁੰਦਾ ਹੈ ? ਅਗਲੇਰੀ ਪੰਗਤੀ ਵਿੱਚ ਸਤਿਗੁਰੂ ਜੀ ਨੇ ਉੱਤਰ ਦਿੱਤਾ ਹੈ :—

ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ
ਇਉ ਹਰਿ ਪ੍ਰਭੁ ਮੇਰਾ ਭੀਨੇ॥

ਧਨਾਸਰੀ ਮ: ੪ (ਪੰਨਾ : ੬੬੮)

ਮਾਲਕ ਦੀ ਦਰਗਾਹ ਵਿੱਚ ਕਿਵੇਂ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ। ਸਤਿਗੁਰੂ ਜੀ ਦਾ ਹੇਠ ਲਿਖਿਆ ਫੁਰਮਾਨ ਪੜ੍ਹੀਏ :—

ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ॥
ਕਰਣ ਕਾਰਣ ਸਮਰਥ ਸੁਆਮੀ ਜਾ ਤੇ ਬ੍ਰਿਥਾ ਨ ਕੋਈ॥

ਸੋਰਠਿ ਮ: ੫ (ਪੰਨਾ : ੬੧੧)

ਰਸਨਾ ਨਾਲ ਜਾਂ ਹਿਰਦੇ ਨਾਲ ਉਸਨੂੰ ਗਾਉਣਾ ਹੈ। ਜੋ ਗਾ ਰਹੇ ਹਾਂ, ਉਸਨੂੰ ਕੰਨਾਂ ਨਾਲ ਜਾਂ ਆਤਮਾਂ ਨਾਲ ਸੁਣਨਾ ਹੈ। ਜਿਹੜਾ ਇਸ ਵਿਧੀ ਦੁਆਰਾ ਪ੍ਰਮੇਸ਼ਰ ਜੀ ਨਾਲ ਸਬੰਧ ਜੋੜ ਲੈਂਦਾ ਹੈ, ਉਹ ਖਾਲੀ ਨਹੀਂ ਰਹਿੰਦਾ। ਮਾਲਕ ਉਸਦੇ ਹਿਰਦੇ ਨੂੰ ਸਰਬ ਦਾਤਾਂ ਨਾਲ ਭਰਪੂਰ ਕਰ ਦਿੰਦਾ ਹੈ। ਸੁਣਨਾ ਧਿਆਨ ਨੇ ਹੈ, ਕੰਨਾ ਨੇ ਨਹੀਂ ਸੁਣਨਾ।

ਜੇ ਆਪਾਂ ਥੋੜੀ ਹੋਰ ਡੂੰਘੀ ਵੀਚਾਰ ਕਰੀਏ, ਸਾਡੀਆਂ ਅੱਖਾਂ ਨਹੀਂ ਵੇਖਦੀਆਂ,

ਵੇਖਦਾ ਧਿਆਨ ਹੈ। ਕੰਨ ਨਹੀਂ ਸੁਣਦੇ, ਸੁਣਦਾ ਧਿਆਨ ਹੈ। ਜ਼ੁਬਾਨ ਨਹੀਂ ਬੋਲਦੀ, ਬੋਲਦਾ ਧਿਆਨ ਹੈ।

ਸਾਡੇ ਨਿੱਤ ਦੇ ਜੀਵਨ ਵਿੱਚ ਹਰ ਰੋਜ਼ ਇਹੋ ਜਿਹੀਆਂ ਘਟਨਾਵਾਂ ਵਾਪਰਦੀਆਂ ਹਨ। ਕੋਈ ਮਨੁੱਖ ਤੁਰਿਆ ਜਾ ਰਿਹਾ ਹੈ। ਉਸ ਦਾ ਪੈਰ ਰਸਤੇ ਤੋਂ ਇਕ ਪਾਸੇ ਕਿਸੇ ਖੱਡੇ ਵਿੱਚ ਜਾ ਡਿਗਿਆ। ਦੂਸਰਾ ਸਾਥੀ ਪੁੱਛਦਾ ਹੈ ਕਿ ਤੁਸੀਂ ਬੜੇ ਸੁਹਣੇ ਤੁਰੇ ਜਾ ਰਹੇ ਸੀ, ਇਹ ਘਟਨਾ ਕਿਉਂ ਵਾਪਰੀ, ਅਗੋਂ ਉੱਤਰ ਮਿਲਦਾ ਹੈ। ਭਾਈ ਸਾਹਿਬ ਮੇਰਾ ਧਿਆਨ ਹੋਰ ਪਾਸੇ ਚਲਾ ਗਿਆ ਤਾਂ ਮੈਂ ਖੱਡੇ ਵਿੱਚ ਡਿੱਗ ਪਿਆ ਹਾਂ। ਅੱਖਾਂ ਤਾਂ ਖੁੱਲੀਆਂ ਹਨ, ਪਰ ਧਿਆਨ ਹੋਰ ਪਾਸੇ ਜਾਣ ਨਾਲ ਅੱਖਾਂ ਵੇਖਦੀਆਂ ਹੋਈਆਂ ਵੀ ਵੇਖ ਨਹੀਂ ਰਹੀਆਂ।

ਦੋ ਚਾਰ ਸਾਥੀ ਬੈਠੇ ਗਲਾਂ ਬਾਤਾਂ ਕਰ ਰਹੇ ਹਨ। ਉਹਨਾਂ ਵਿੱਚੋਂ ਹੀ ਇਕ ਸਾਥੀ, ਬੋਲ ਰਹੇ ਸਾਥੀ ਨੂੰ ਕਹਿ ਦਿੰਦਾ ਹੈ, ਕ੍ਰਿਪਾ ਕਰਿਉ, ਜੋ ਤੁਸੀਂ ਗਲ ਕਹਿ ਰਹੇ ਸੀ ਉਸਨੂੰ ਦੁਬਾਰਾ ਕਹਿਣ ਦੀ ਖੇਚਲ ਕਰੋ ਮੈਂ ਸੁਣਿਆ ਨਹੀਂ, ਕਿਉਂ ਨਹੀਂ ਸੁਣਿਆ ? ਧਿਆਨ ਕਿਸੇ ਹੋਰ ਪਾਸੇ ਚਲਾ ਗਿਆ ਸੀ। ਸੋਚਣਾ ਪਵੇਗਾ, ਕੰਨ ਤਾਂ ਸਰੀਰ ਦੇ ਨਾਲ ਹੀ ਹਨ, ਪਰ ਧਿਆਨ ਸਰੀਰ ਵਿੱਚੋਂ ਨਿਕਲ ਗਿਆ ਜਿਸ ਕਾਰਣ ਕੰਨਾਂ ਦੇ ਹੁੰਦਿਆਂ ਮਨੁੱਖ ਸੁਣ ਨਹੀਂ ਸਕਿਆ।

ਜ਼ੁਬਾਨ ਦਾ ਵੀ ਇਹ ਹੀ ਹਾਲ ਹੈ, ਧਿਆਨ ਹੋਰ ਪਾਸੇ ਗਿਆ ਨਹੀਂ, ਮਨੁੱਖ ਜੋ ਕਹਿ ਰਿਹਾ ਹੈ, ਜਾਂ ਕਹਿਣਾ ਚਾਹੁੰਦਾ ਹੈ, ਨਹੀਂ ਕਹਿ ਸਕੇਗਾ।

ਕੋਈ ਮਨੁੱਖ ਕਿਸੇ ਮਸ਼ੀਨ ਤੇ ਕੰਮ ਕਰ ਰਿਹਾ ਹੈ। ਮਸ਼ੀਨ ਠੀਕ ਚਲ ਰਹੀ ਹੈ। ਕੰਮ ਵੀ ਠੀਕ ਹੋ ਰਿਹਾ ਹੈ। ਕੰਮ ਕਰ ਰਹੇ ਮਨੁੱਖ ਦਾ ਧਿਆਨ ਕਿਸੇ ਹੋਰ ਪਾਸੇ ਚਲਾ ਜਾਵੇ ਜਾਂ ਤਾਂ ਮਨੁੱਖ ਆਪਣਾ ਹੱਥ ਪੈਰ ਮਸ਼ੀਨ ਵਿੱਚ ਦੇ ਕੇ ਜ਼ਖਮੀ ਹੋ ਜਾਵੇਗਾ ਜਾਂ ਫਿਰ ਕੰਮ ਸਹੀ ਨਹੀਂ ਹੋਵੇਗਾ। ਹਰ ਰੋਜ਼ ਸਾਡੀ ਜ਼ਿੰਦਗੀ ਵਿੱਚ ਇਹੋ ਜਿਹੀਆਂ ਘਟਨਾਵਾਂ ਵਰਤਦੀਆਂ ਹਨ। ਸੋ ਹੱਥ ਪੈਰ ਵੀ ਆਪ ਸੁਤੰਤਰ ਕੰਮ ਨਹੀਂ ਕਰ ਸਕਦੇ। ਧਿਆਨ ਦੇ ਅਧੀਨ ਹੀ ਸਾਰੀ ਖੇਡ ਚਲ ਰਹੀ ਹੈ। ਸੋ ਸਾਡੀ ਨਿੱਤ ਦੀ ਕ੍ਰਿਆ ਨੂੰ ਚਲਾਉਣ ਵਾਲਾ ਧਿਆਨ ਹੀ ਹੈ।

ਸੋ ਇਸ ਧਿਆਨ ਦੀ ਹੀ ਵਰਤੋਂ ਕਰਕੇ ਅਸੀਂ ਪ੍ਰਮਾਰਥ ਦੇ ਪੈਂਡੇ ਵਿੱਚ ਸਫਲਤਾ ਪ੍ਰਾਪਤ ਕਰਨੀ ਹੈ। ਜੇ ਸੁਣਦਾ ਧਿਆਨ ਹੈ, ਜੇ ਬੋਲਦਾ ਧਿਆਨ ਹੈ। ਜੇ ਵੇਖਦਾ ਧਿਆਨ ਹੈ, ਕੰਮ ਕਾਰ ਵੀ ਧਿਆਨ ਹੀ ਕਰਦਾ ਹੈ। ਫਿਰ ਐਸੇ ਬਲਵਾਨ ਧਿਆਨ ਤੋਂ ਆਪਾਂ ਵੀ ਕੰਮ ਲਈਏ।

ਜੋ ਮਾਰਗ "ਧੁਨ ਮਹਿ ਧਿਆਨ" ਵਾਲਾ ਸਤਿਗੁਰੂ ਜੀ ਨੇ ਪਿਛੇ ਦਸਿਆ ਸੀ। ਉਸ ਨੂੰ ਅਪਨਾਈਏ। ਧਿਆਨ ਨੂੰ ਸ਼ਬਦ ਦੇ ਵਿੱਚ ਲਾਈਏ। ਧਿਆਨ ਕਿਵੇਂ ਲੱਗਣਾ

ਹੈ। ਉਸਦਾ ਉੱਤਰ ਗੁਰੂ ਨਾਨਕ ਪਾਤਸ਼ਾਹ ਜੀ ਨੇ ਸੁਣਿਐ ਵਾਲੀਆਂ ਪੌੜੀਆਂ ਵਿੱਚ, ਜਪੁਜੀ ਸਾਹਿਬ ਰਾਹੀਂ ਦਿੱਤਾ ਹੈ, ਸਾਹਿਬਾਂ ਦਾ ਬਚਨ ਹੈ :—

ਸੁਣਿਐ ਲਾਗੈ ਸਹਜਿ ਧਿਆਨੁ ॥
ਨਾਨਕ ਭਗਤਾ ਸਦਾ ਵਿਗਾਸੁ ॥
ਸੁਣਿਐ ਦੂਖ ਪਾਪ ਕਾ ਨਾਸੁ ॥ ੧੦ ॥

ਜਪੁਜੀ (ਪੰਨਾ : ੩)

ਜਦੋਂ ਸ਼ਬਦ ਦੀ ਧੁਨੀ ਦੇ ਵਿੱਚ ਧਿਆਨ ਲੱਗ ਗਿਆ ਕਾਰਜ ਰਾਸ ਹੋ ਜਾਵੇਗਾ। ਧਿਆਨ ਸੁਣਨ ਨਾਲ ਲਗਣਾ ਹੈ। ਜੋ ਗੁਰਬਾਣੀ ਨੂੰ, ਨਾਮ ਨੂੰ ਸੁਣਨ ਲੱਗ ਜਾਂਦਾ ਹੈ, ਉਸਨੂੰ ਕਿੰਨੀ ਮਹਾਨਤਾ ਅਤੇ ਵਡਿਆਈ ਸਤਿਗੁਰੂ ਜੀ ਬਖਸ਼ਸ਼ ਕਰ ਦਿੰਦੇ ਹਨ। ਤੇਸਨੂੰ ਕੀ ਕੀ ਦਾਤਾਂ ਦੀ ਪ੍ਰਾਪਤੀ ਹੋ ਜਾਂਦੀ ਹੈ ? ਜਪੁਜੀ ਸਾਹਿਬ ਜੀ ਦੀਆਂ ਸੁਣਿਐ ਦੇ ਮਹਾਤਮ ਦੀਆ ੮, ੯, ੧੦, ੧੧ ਪਉੜੀਆਂ ਪੜ੍ਹ ਲਈਏ, ਸਾਰੇ ਸ਼ੰਕੇ ਦੂਰ ਹੋ ਜਾਣਗੇ।

ਹਰ ਰੋਜ ਨਿਤਨੇਮ ਦੀ ਬਾਣੀ, ਅਨੰਦ ਸਾਹਿਬ ਜੀ ਦੀ ਚਾਲੀਵੀਂ ਪਉੜੀ ਪੜ੍ਹ ਲਈਏ, ਸੁਣਨ ਦੀ ਮਹਾਨਤਾ ਦਾ ਪਤਾ ਚਲ ਜਾਵੇਗਾ।

ਸਤਿਗੁਰੂ ਜੀ ਨੇ ਪਹਿਲੀ ਪੰਗਤੀ ਵਿੱਚ ਹੀ ਹੁਕਮ ਕੀਤਾ ਹੈ ਕਿ ਹੇ ਵੱਡਿਆਂ ਭਾਗਾ ਵਾਲਿਓ, ਅਨੰਦ ਸਾਹਿਬ ਜੀ ਦੀ ਬਾਣੀ ਨੂੰ ਧਿਆਨ ਨਾਲ ਸੁਣੋ। ਜੇ ਧਿਆਨ ਨਾਲ ਸੁਣੋਗੇ, ਤੁਹਾਡੇ ਸਾਰੇ ਮਨੋਰਥ ਪੂਰੇ ਹੋ ਜਾਣਗੇ। ਗੁਰਬਾਣੀ ਸੁਣਨ ਦੇ ਨਾਲ, ਪਾਰਾਵਾਰ ਤੋਂ ਪਰੇ ਜੋ ਬ੍ਰਹਮ-ਪ੍ਰਮੇਸ਼ਰ ਹੈ, ਉਸਦੀ ਵੀ ਪ੍ਰਾਪਤੀ ਹੋ ਜਾਵੇਗੀ। ਤੁਹਾਡੇ ਸਾਰੇ ਚਿੰਤਾ ਝੋਰੇ ਪ੍ਰਭੂ ਦੀ ਪ੍ਰਾਪਤੀ ਹੁੰਦੇ ਹੀ ਖਤਮ ਹੋ ਜਾਣਗੇ। ਸੱਚੀ ਬਾਣੀ ਨੂੰ ਸੁਣਨ ਨਾਲ ਮਨੁੱਖ ਦੇ ਸਾਰੇ ਦੁੱਖ ਮੁੱਕਦੇ ਮਾਨਸਕ ਰੋਗ, ਚਿੰਤਾ, ਝੋਰੇ ਸਭ ਮੁੱਕ ਜਾਂਦੇ ਹਨ, ਪਰ ਮੁਕਦੇ ਸੁਣਨ ਨਾਲ ਹੀ ਹਨ, ਨਿਰਾ ਪੜ੍ਹਨ ਨਾਲ ਨਹੀਂ। ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਪੜ੍ਹ ਲਈਏ ਪੂਰੀ-ਪੂਰੀ ਸਪਸ਼ਟਤਾ ਹੋ ਜਾਵੇਗੀ :—

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥
ਪਾਰਬ੍ਰਹਮ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥

ਗੁਰਬਾਣੀ ਮ: ੩ ਅਨੰਦ (ਪੰਨਾ : ੯੨੨)

ਪ੍ਰਮੇਸ਼ਰ ਜੀ ਦਾ ਨਾਮ ਸਰੀਰਕ ਅਤੇ ਮਨ ਦੀ ਸਾਵਧਾਨੀ ਨਾਲ ਜਪਣਾ ਹੈ। ਜੇ ਮਨ ਸਾਵਧਾਨ ਵੀ ਹੋਵੇ, ਸਰੀਰਕ ਨੀਂਦ ਆ ਗੁੱਸੇ ਤਦ ਵੀ ਲਾਹੇ ਤੋਂ ਵਾਂਝੇ ਰਹਿ ਜਾਈਦਾ ਹੈ। ਜੇ ਸਰੀਰ ਸਾਵਧਾਨ ਹੋਵੇ, ਮਨ ਦਾ ਧਿਆਨ ਹੋਰ ਪਾਸੇ ਘੁੰਮਦਾ ਰਹੇ,

ਮਨ ਸਾਥ ਨਾ ਦੇਵੇ ਤਦ ਵੀ ਪੂਰਨ ਲਾਹਾ ਪ੍ਰਾਪਤ ਨਹੀਂ ਹੁੰਦਾ। ਸਰੀਰ ਅਤੇ ਮਨ ਦੋਵਾਂ ਦੀ ਸਾਵਧਾਨਤਾ ਦੇ ਸੁਮੇਲ ਨਾਲ ਪੂਰਨ ਅਨੰਦ ਪ੍ਰਾਪਤ ਹੁੰਦਾ ਹੈ ਅਤੇ ਸਾਈਂ ਨਾਲ ਸਬੰਧ ਬਣਦਾ ਹੈ। ਤਦ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹੁਕਮ ਕੀਤਾ ਹੈ ਕਿ ਗੁਰੂ ਪਿਆਰਿਓ ਦਿਨ ਰਾਤ ਪ੍ਰਭੂ ਪ੍ਰਮੇਸ਼ਰ ਦੀ ਸਿਫਤੋਂ ਸਲਾਹ ਕਰੋ ਪਰ ਕਰੋ ਸਾਵਧਾਨਤਾ ਦੇ ਨਾਲ, ਇਕਾਗਰ ਚਿਤ ਹੋ ਕੇ :—

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥
ਸਾਵਧਾਨ ਏਕਾਗਰ ਚੀਤ ॥

ਸੁਖਮਨੀ ਮ: ੫ (ਪੰਨਾ : ੨੯੫)

ਮਾਇਆ ਦਾ ਪ੍ਰਭਾਵ ਚਿਤ ਨੂੰ, ਮਨ ਨੂੰ, ਬਦੋ ਬਦੀ ਚੁਰਾ ਕੇ ਬਾਹਰ ਲੈ ਜਾਂਦਾ ਜਿਸ ਕਰਕੇ ਸਚੀ ਬਾਨੀ ਵੀ 'ਰਵਾਨੀ ਹੋ ਕੇ ਰਹਿ ਜਾਂਦੀ ਹੈ। ਅਨੰਦ ਬਾਣੀ ਦਾ ਫੁਰਮਾਨ ਹੈ :—

ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥

ਅਨੰਦ ਸ: ਮ: ੩ (ਪੰਨਾ : ੯੨੦)

ਧਿਆਨ ਤੋਂ ਬਿਨਾਂ ਪੜ੍ਹਨਾ, ਜਪਣਾ, ਬਹੁਤਾ ਸਾਰਥਕ ਨਹੀਂ ਤਦ ਹੀ ਬਾਬਾ ਕਬੀਰ ਜੀ ਨੇ ਫੁਰਮਾਨ ਕੀਤਾ ਹੈ :—

ਕਿਆ ਪੜੀਐ ਕਿਆ ਗੁਨੀਐ ॥ ਕਿਆ ਬੇਦ ਪੁਰਾਨਾਂ ਸੁਨੀਐ ॥
ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ ॥੧॥
ਹਰਿ ਕਾ ਨਾਮੁ ਨ ਜਪਸਿ ਗਵਾਰਾ ॥ ਕਿਆ ਸੋਚਹਿ ਬਾਰੰ ਬਾਰਾ ॥

ਕਬੀਰ ਜੀ (ਪੰਨਾ : ੬੫੫)

ਤਥਾ :—ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥ ੧ ॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥

ਸੋਰਠ ਮ: ੫ (ਪੰਨਾ : ੬੪੧)

੧. ਫਜ਼ੂਲ, ਬਿਅਰਥ, ਰਵਾ ਰਵੀਂ

ਧਿਆਨ ਤੋਂ ਬਿਨਾਂ ਤਾਂ :—

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ ੧॥

ਆਸਾ ਦੀ ਵਾਰ (ਪੰਨਾ : ੪੬੭)

ਸੋ ਗੁਰੂ ਦੀ ਅਗਵਾਈ ਵਿੱਚ ਪੜ੍ਹਨ ਨੂੰ ਵੀ ਸਾਰਥਕ ਬਨਾਉਣਾ ਹੈ। ਪੜ੍ਹਨ ਨੂੰ ਝਖਣਾ ਝਾਖ ਨਹੀਂ ਬਨਾਉਣਾ। ਸਾਰਥਕ ਬਣਨਾ ਹੈ, ਇਕ ਮਨ ਚਿੱਤ ਭਾਇ ਦੀ ਕ੍ਰਿਆ ਦੁਆਰਾ। ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਨੇ ਸੋਰਠ ਰਾਗ ਵਿੱਚ ਜਪਣ ਦੀ ਅਗਵਾਈ ਦਿਤੀ ਹੈ। ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਹੇ ਮੇਰੇ ਮਨ, ਤੂੰ ਹਰੀ ਪ੍ਰਮੇਸ਼ਰ ਜੀ ਦੇ ਨਾਮ ਨੂੰ ਧਿਆ, ਪ੍ਰਭੂ ਪ੍ਰਮੇਸ਼ਰ ਜੀ ਦੇ ਨਾਮ ਦਾ ਸਿਮਰਨ ਕਰ। ਸਵਾਲ ਬਣ ਜਾਂਦਾ ਹੈ, ਪਾਤਸ਼ਾਹ ਕਿਵੇਂ ਜਪਾਂ ਕੋਈ ਜੁਗਤੀ ਦਸੋ, ਸਿਮਰਨ ਕਰਨ ਦਾ ਢੰਗ ਦਸੋ ?

ਸਤਿਗੁਰੂ ਕਿਰਪਾ ਕਰਕੇ ਨਾਮ ਧਿਆਉਣ ਦਾ ਸਾਰਥਕ ਰਸਤਾ ਦੱਸ ਰਹੇ ਹਨ। ਕਿ ਹੇ ਮਨ! ਇਕਾਗਰ ਚਿੱਤ ਹੋ ਕੇ ਪ੍ਰਭੂ ਦੇ ਪਿਆਰ ਵਿੱਚ ਭਿੱਜ ਕੇ ਹਰੀ ਪ੍ਰਮੇਸ਼ਰ ਜੀ ਨੂੰ ਧਿਆ। ਹਰੀ ਪ੍ਰਮੇਸ਼ਰ ਜੀ ਵਿੱਚ ਬਹੁਤ-ਬਹੁਤ ਵਡਿਆਈਆਂ ਹਨ। ਉਹ ਮਾਲਕ ਤੇਰੇ "ਇਕ ਮਨ ਇਕ ਚਿਤ ਭਾਇ" ਦੀ ਬਿਰਤੀ ਤੇ ਤੱਰੁਠ ਕੇ ਤੈਨੂੰ ਲੋਕ ਪ੍ਰਲੋਕ ਦੀਆਂ ਵਡਿਆਈਆਂ ਬਖਸ਼ਸ਼ ਕਰ ਦੇਵੇਗਾ ਅਤੇ ਸਾਰੀਆਂ ਵਡਿਆਈਆਂ ਦੇ ਕੇ ਮੁੜ ਪਛਤਾਵੇਗਾ ਨਹੀਂ ਕਿ ਮੈਂ ਇਸ ਨੂੰ ਸਾਰੀਆਂ ਵਡਿਆਈਆਂ ਕਿਉਂ ਦੇ ਦਿਤੀਆਂ ਹਨ। ਪੜ੍ਹੀਏ ਗੁਰੂ ਅਮਰਦਾਸ ਜੀ ਦਾ ਫੁਰਮਾਨ :—

ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ॥
ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ॥

ਸਲੋਕ ਮ: ੩ (ਪਨਾ : ੬੫੩)

ਸਾਡਾ ਸਰੀਰਧਾਰੀਆਂ ਦਾ ਸੁਭਾਉ ਹੈ। ਅਸੀਂ ਸਥੂਲ ਸਰੀਰਾਂ ਦੇ ਆਸ਼੍ਰਤ ਹੋ ਚੁਕੇ ਹਾਂ। ਨਾਮ ਜਪਣ ਦੀ ਜੁਗਤੀ ਸਤਿਗੁਰਾਂ ਦੇ ਪਾਸੋਂ ਨਹੀਂ ਪੁੱਛਦੇ ਸਗੋਂ ਸਰੀਰਧਾਰੀਆਂ ਪਾਸ ਜਾ ਕੇ ਨਾਮ ਜਪਣ ਦੀਆਂ ਉਕਤੀਆਂ ਜੁਗਤੀਆਂ ਢੰਗ ਤਰੀਕੇ ਪੁੱਛਦੇ ਹਾਂ। ਉਹਨਾਂ ਨੇ ਵੀ ਬਹੁਤਾਤ ਵਿੱਚ ਕਮਾਈ ਤਾਂ ਕੀਤੀ ਨਹੀਂ ਹੁੰਦੀ, ਸੁਣੇ ਸੁਣਾਏ ਜਾਂ ਪੁਰਾਣੇ ਗ੍ਰੰਥ ਪੜ੍ਹ ਕੇ ਕਈ ਵਾਰੀ ਜਗਿਆਸੂ ਨੂੰ ਗਲਤ ਰਸਤੇ ਪਾ ਦਿੰਦੇ ਹਨ। ਜਿਸ

ਕਰਕੇ ਜਗਿਆਸੂ ਨੂੰ ਨਾਮ ਜਪਣ ਵਿੱਚ ਸਫਲਤਾ ਪ੍ਰਾਪਤ ਨਹੀਂ ਹੁੰਦੀ ਅਤੇ ਕਈ ਵਾਰੀ ਉਹ, ਪ੍ਰਾਪਤੀ ਦੀ ਥਾਂ ਪ੍ਰਮੇਸ਼ਰ ਦੇ ਨਾਮ ਸਿਮਰਨ ਵਲੋਂ ਮੁਨਕਰ ਹੋ, ਨਾਸਤਕ ਬਣ ਜਾਂਦਾ ਹੈ।

ਕੋਈ ਡੇਰੇਦਾਰ, ਕੰਨਾ ਵਿੱਚ ਉਂਗਲੀਆਂ ਲੈ ਅੱਖਾਂ ਦੱਬ ਕੇ ਸਿਮਰਨ ਕਰਨ ਦੀ ਜਾਚ ਸਿਖਾਉਂਦਾ ਹੈ, ਕੋਈ ਜੋਗੀਆਂ ਦੀ ਰੀਸ ਕਰਕੇ ਤ੍ਰਿਕੁਟੀ (ਮੱਥੇ) ਉਪਰ ਧਿਆਨ ਟਿਕਾਉਣ ਲਈ ਪ੍ਰੇਰਨਾ ਦੇ ਦਿੰਦਾ ਹੈ। ਕਈ ਘਟੀਆ ਦਰਜੇ ਦੀ ਆਪਣੀ ਫੋਟੋ ਦੇ ਕੇ ਉਸ ਫੋਟੋ ਦਾ ਧਿਆਨ ਧਰਨ ਦੀ ਜਗਿਆਸੂ ਨੂੰ ਤਾਕੀਦ ਕਰ ਦਿੰਦੇ ਹਨ। ਕੋਈ ਸਤਿਗੁਰਾਂ ਦੀਆਂ ਕਲਪਤ ਫੋਟੋਆਂ ਦਾ ਧਿਆਨ ਧਰਨ ਲਈ ਜਗਿਆਸੂਆਂ ਨੂੰ ਅਗਵਾਈ ਦਿੰਦੇ ਹਨ। ਜਿਨੇ ਬੰਦੇ, ਉੱਨੇ ਮੱਤ ਵਾਲੀ ਗਲ ਬਣੀ ਹੋਈ ਹੈ।

ਪਰ ਅਸੀ ਗੁਰੂ ਅਗਵਾਈ ਉਪਰ ਭਰੋਸਾ ਨਹੀਂ ਕਰਦੇ। ਜੋ ਵਿਧੀ ਜੋ ਅਗਵਾਈ ਸਤਿਗੁਰੂ ਜੀ ਨੇ ਗੁਰਬਾਨੀ ਵਿੱਚ ਸਾਨੂੰ ਦਿੱਤੀ ਹੈ ਜੇ ਉਸ ਦੇ ਪੂਰਨ ਤੌਰ ਤੇ ਧਾਰਨੀ ਬਣ ਜਾਈਏ ਫਿਰ ਸਾਨੂੰ ਜਰੂਰ ਸਫਲਤਾ ਪ੍ਰਾਪਤ ਹੋ ਜਾਵੇਗੀ। ਹਮੇਸ਼ਾ ਸਿਮਰਨ ਕਰਨ ਲਗਿਆਂ ਗੁਰਬਾਣੀ ਪੜ੍ਹਨ ਲਗਿਆਂ :—

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ
ਗੁਰਮੁਖਿ ਅਕਥ ਕਹਾਨੀ॥

ਰਾਮਕਲੀ ਮ: ੧ (ਪੰਨਾ : ੮੭੯)

ਦੀ ਪੰਗਤੀ ਜਰੂਰ ਧਿਆਨ ਵਿੱਚ ਰਖਣੀ ਚਾਹੀਦੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਮੇਸ਼ਰ ਜੀ ਨੂੰ ਧਿਆਉਣ ਦੀ ਪ੍ਰੇਰਨਾ ਦਿੱਤੀ ਹੈ। ਹੇ ਮਨੁੱਖ, ਤੂੰ ਹਰੀ ਪ੍ਰਮੇਸ਼ਰ ਜੀ ਨੂੰ ਧਿਆ, ਹਰੀ ਨੂੰ ਧਿਆਉਣ ਨਾਲ ਤੂੰ ਸੰਸਾਰ ਸਮੁੰਦਰ ਤੋਂ ਪਾਰ ਉੱਤਰ ਜਾਵੇਂਗਾ। ਪਰ ਤਾਂ ਪਾਰ ਉਤਰੇਂਗਾ, ਜੇ ਤੂੰ ਸੰਕਲਪਾਂ-ਵਿਕਲਪਾਂ ਨੂੰ ਮਾਰ ਕੇ ਇਕਾਗਰ ਚਿੱਤ ਹੋਕੇ ਦਵੈਤ ਦਾ ਤਿਆਗ ਕਰਕੇ ਹਰੀ ਦਾ ਸਿਮਰਨ ਕਰੇਗਾ। ਗੁਰੂ ਪਾਤਸ਼ਾਹ ਜੀ ਦਾ ਫੁਰਮਾਨ ਵਾਚੀਏ :—

ਰੇ ਨਰ ਇਨ ਬਿਧਿ ਪਾਰਿ ਪਰਾਇ॥
ਧਿਆਇ ਹਰਿ ਜੀਉ ਹੋਇ ਮਿਰਤਕੁ ਤਿਆਗਿ ਦੂਜਾ ਭਾਉ॥

ਮਾਰੂ ਮ: ੫ (ਪੰਨਾ : ੧੦੦੨)

ਪ੍ਰਭੂ ਪ੍ਰਮੇਸ਼ਰ ਜੀ ਦਾ ਸਿਮਰਨ ਕਰਦਿਆਂ ਕਿਸ ਦਾ ਧਿਆਨ ਧਰਨਾ ਹੈ? ਧਿਆਨ ਧਰਨਾ ਹੈ ਜੋ ਸਰਬਤ੍ਰ ਥਾਵਾਂ ਤੇ ਸਰਬਤ੍ਰ ਜੀਵਾਂ ਵਿੱਚ ਪਰੀਪੂਰਨ ਹੋ ਕੇ ਰਮਿਆ ਹੋਇਆ ਹੈ :—

ਮੰਤ੍ਰੰ ਰਾਮ ਰਾਮ ਨਾਮੰ
ਧ੍ਯਾਨੰ ਸਰਬਤ੍ਰ ਪੂਰਨਹ॥

ਸਲੋਕ ਸਹਸਕ੍ਰਿਤੀ ਮ: ੫ (ਪੰਨਾ : ੧੩੫੭)

ਜੋ ਸਰਬਤ੍ਰ ਪੂਰਨ ਹੈ, ਉਸ ਦਾ ਕੋਈ ਚਕ੍ਰ ਚਿਹਨ ਮੂਰਤੀ, ਫੋਟੋ ਨਹੀਂ ਹੈ ਨਾ ਉਸ ਦਾ ਕੋਈ ਵਰਨ-ਭੇਖ ਹੈ। ਨਾ ਜਾਤ ਨਾ ਪਾਤ, ਨਾ ਉਸ ਦਾ ਕੋਈ ਰੂਪ ਹੈ ਨ ਰੰਗ, ਉਹ ਤਾਂ ਅਚੱਲ ਮੂਰਤ ਅਨਭਉ ਪ੍ਰਕਾਸ਼ ਹੈ। ਜਿਸਨੂੰ ਦਸਵੇਂ ਗੁਰਦੇਵ ਜੀ ਨੇ ਜਾਪ ਸਾਹਿਬ ਦੇ ਅਰੰਭ ਵਿੱਚ ਅਨਮਾਨਿਆ ਹੈ। ਕੈਸਾ ਹੈ ਪ੍ਰਮਾਤਮਾਂ ਜਿਸ ਦੇ ਨਾਲ ਆਪਾਂ ਅਭੇਦ ਹੋਣਾ ਹੈ।

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ॥

ਜਾਪ ਸਾ: (ਪਾ: ੧੦)

ਉੱਪਰ ਲਿਖੇ ਗੁਣਾਂ ਵਾਲੇ ਨੂੰ ਗੁਰਬਾਣੀ ਵਿੱਚ ਪਾਰਬ੍ਰਹਮ ਦਾ ਨਾਉਂ ਦਿੱਤਾ ਹੈ। ਸਤਿਗੁਰੂ ਅਰਜਨ ਦੇਵ ਜੀ ਜੈਤਸਰੀ ਦੀ ਵਾਰ ਵਿੱਚ ਨਾਮ ਜਪਣ ਅਤੇ ਧਿਆਨ ਧਰਨ ਦੀ ਪ੍ਰੇਰਨਾ ਦਿੰਦੇ ਹੋਏ ਫੁਰਮਾਨ ਕਰਦੇ ਹਨ। ਜਿਹੜੇ ਰਸਨਾ ਨਾਲ ਹਰੀ ਪ੍ਰਮੇਸ਼ਰ ਦਾ ਨਾਮ ਜਪਦੇ ਹਨ ਅਤੇ ਕੰਨਾਂ ਨਾਲ ਅੰਮ੍ਰਿਤ ਰੂਪੀ ਗੁਰਬਾਣੀ ਅਤੇ ਨਾਮ ਨੂੰ ਸੁਣਦੇ ਹਨ ਅਤੇ ਪਾਰਬ੍ਰਹਮ ਪ੍ਰਮੇਸ਼ਰ ਦਾ ਧਿਆਨ ਧਰਦੇ ਹਨ। ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ। ਸਤਿਗੁਰੂ ਜੀ ਦਾ ਬਚਨ ਹੈ :—

ਰਸਨਾ ਉਚਰੰਤਿ ਨਾਮੰ, ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ॥
ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨੁ ਪਾਰਬ੍ਰਹਮਣਹ॥

ਜੈਤਸਰੀ ਮ: ੫ (ਪੰਨਾ ੭੦੯)

ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਫੁਰਮਾਨ ਜੋ ਅਕਾਲ ਉਸਤਤ ਵਿੱਚ ਅੰਕਤ ਹੈ, ਪੜ੍ਹ ਲਈਏ ਧਿਆਨ ਧਰਨ ਦਾ ਮਸਲਾ ਹਲ ਹੋ ਜਾਵੇਗਾ।

ਜਿਸ ਨਿਰੰਕਾਰ ਨੂੰ, ਬ੍ਰਹਮਾਂ, ਨਾਰਦ, ਰੁਮਨਾ ਰਿਸ਼ੀ ਵਰਗਿਆਂ ਨੇ ਮਿਲ ਕੇ ਧਿਆਇਆ ਹੈ ; ਜਿਸ ਦਾ ਭੇਦ, ਜਿਸਦਾ ਅੰਤ ਬੇਦਾਂ ਅਤੇ ਮੁਸਲਮਾਨੀ ਕਤੇਬਾਂ ਨੇ ਵੀ ਨਹੀਂ ਪਾਇਆ। ਸਾਰੇ ਉਸ ਨਿਰੰਕਾਰ ਦੇ ਭੇਦ ਨੂੰ ਟੋਲਦੇ ਹਾਰ ਗਏ ਹਨ।

ਸ਼ਿਵ ਜੀ, ਇੰਦ੍ਰ ਅਤੇ ਬੜੇ-ਬੜੇ ਰਿਸ਼ੀ, ਮੁਨੀਆਂ ਨੇ ਵੀ ਉਸ ਦਾ ਭੇਦ ਨਹੀਂ ਪਾਇਆ। ਸਨਕ ਸਨੰਦ ਨ ਸਨਾਤਨ ਸਨਤ ਕੁਮਾਰ ਵਰਗੇ ਚਿਰੰਜੀਵੀਆਂ ਨੂੰ ਵੀ ਉਸ ਦਾ ਅੰਤ ਨਹੀਂ ਲਭਿਆ। ਐਸੇ ਅਮਿਤੋਜ ਬਲ ਵਾਲੇ ਨਿਰੰਕਾਰ ਦਾ ਧਿਆਨ

ਧਰੋ, ਜਿਸਦਾ ਬਲ ਸਭਨਾਂ ਉਤੇ ਛਾਇਆ ਹੋਇਆ ਹੈ :—

ਨਾਰਦ ਸੇ ਚਤੁਰਾਨਨ ਸੇ ਰੁਮਨਾਰਿਖ ਸੇ ਸਭ ਹੂੰ ਮਿਲਿ ਗਾਇਓ॥
ਬੇਦ ਕਤੇਬ ਨ ਭੇਦ ਲਖਿਓ ਸਭ ਹਾਰਿ ਪਰੇ ਹਰਿ ਹਾਥ ਨ ਆਇਓ॥
ਪਾਇ ਸਕੈ ਨਹੀ ਪਾਰ ਉਮਾਪਤਿ ਸਿੱਧ ਸਨਾਥ ਸਨੰਤਨ ਧਿਆਇਓ॥
ਧਿਆਨ ਧਰੋ ਤਿਹ ਕੋ ਮਨ ਮੈ ਜਿਹ ਕੋ ਅਮਿਤੋਜ ਸਭੈ ਜਗੁ ਛਾਇਓ॥

(ਅਕਾਲ ਉਸਤਤ)

ਸਤਿਗੁਰੂ ਜੀ ਨੇ ਸਵੱਈਆਂ ਦੀ ਬਾਣੀ ਵਿੱਚ, ਧਿਆਨ ਧਰਨ ਲਈ ਹੋਰ ਸਪਸ਼ਟ ਕੀਤਾ ਹੈ ਕਿ ਧਿਆਨ ਕਿਸ ਦਾ ਧਰਨਾ ਹੈ ? ਸਤਿਗੁਰੂ ਜੀ ਸਾਰੇ ਦੇਵਤਿਆਂ ਦਾ ਜ਼ਿਕਰ ਕਰਕੇ ਅਖੀਰ ਪ੍ਰਮੇਸ਼ਰ ਪਾਰਬ੍ਰਹਮ ਦਾ ਧਿਆਨ ਧਰਨ ਲਈ ਪ੍ਰੇਰਨਾ ਦਿੰਦੇ ਹਨ। ਸਾਹਿਬਾਂ ਦਾ ਫੁਰਮਾਨ ਹੈ ਕਿ ਕੋਈ ਬ੍ਰਹਮਾਂ ਨੂੰ ਰਬ ਮੰਨ ਕੇ ਉਸਦਾ ਧਿਆਨ ਧਰਦਾ ਹੈ। ਕੋਈ ਸ਼ਿਵ ਜੀ ਨੂੰ ਹੀ ਈਸ਼ਵਰ ਮੰਨ ਬੈਠਾ ਹੈ। ਕੋਈ ਬਿਸ਼ਨੂ ਜੀ ਨੂੰ ਸੰਸਾਰ ਦਾ ਮਾਲਕ ਜਾਣਕੇ ਉਸ ਦਾ ਧਿਆਨ ਧਰਦਾ ਹੈ ਅਤੇ ਦਾਅਵਾ ਕਰਦਾ ਹੈ ਕਿ ਬਿਸ਼ਨੂ ਜੀ ਦਾ ਧਿਆਨ ਧਰਨ ਨਾਲ ਸਾਰੇ ਪਾਪ ਕੱਟੇ ਜਾਂਦੇ ਹਨ।

ਹੇ ਮੂਰਖ ਮਨ ! ਇੱਕ ਵਾਰੀ ਨਹੀਂ ਹਜ਼ਾਰਾਂ ਵਾਰੀ ਵਿਚਾਰ ਕੇ ਵੇਖ ਲੈ ਇਹਨਾਂ ਵਿੱਚੋਂ ਕਿਸੇ ਨੇ ਵੀ ਅੰਤ ਸਮੇਂ ਸਾਥ ਨਹੀਂ ਦੇਣਾ, ਤੈਨੂੰ ਸਭ ਛੱਡ ਜਾਣਗੇ। ਇਸ ਲਈ ਉਸ ਪ੍ਰਮੇਸ਼ਰ ਦਾ ਧਿਆਨ ਹਿਰਦੇ ਵਿੱਚ ਪੱਕਾ ਕਰ। ਉਸਦਾ ਧਿਆਨ ਧਰ, ਜੋ ਪਿਛੇ ਸੀ, ਹੁਣ ਹੈ ਅਤੇ ਅਗਾਂਹ ਸਦਾ ਵਾਸਤੇ ਹੋਵੇਗਾ :—

ਕੋਊ ਦਿਜੇਸ਼ ਕੋ ਮਾਨਤ ਹੈ, ਅਰੁ ਕੋਊ ਮਹੇਸ਼ ਕੌ ਏਸ਼ ਬਤੈ ਹੈ॥
ਕੋਊ ਕਹੈ ਬਿਸ਼ਨੋ ਬਿਸ਼ੁਨਾਇਕ, ਜਾਹਿ ਭਜੇ ਅਘ ਓਘ ਕਟੈ ਹੈ॥
ਬਾਰ ਹਜ਼ਾਰ ਬਿਚਾਰ ਅਰੇ ਜੜ ਅੰਤ ਸਮੈ ਸਭ ਹੀ ਤਜਿ ਜੈ ਹੈ॥
ਤਾਹੀ ਕੋ ਧਯਾਨ ਪ੍ਰਮਾਨਿ ਹੀਏ ਜੋਊ ਥੇ ਅਬ ਹੈ ਅਰੁ ਆਗੈ ਊ ਹ੍ਵੈ ਹੈ॥

(੩੩ ਸਵਈਏ ਪਾ : ੧੦)

ਤਥਾ :— **ਨ ਧਿਆਨ ਆਨ ਕੋ ਧਰੋਂ॥ ਨ ਨਾਮ ਆਨ ਉਚਰੋਂ॥ ੩੮**
ਪਰੱਮ ਧਿਆਨ ਧਾਰੀਯੰ॥ ਅਨੰਤ ਪਾਪ ਟਾਰੀਯੰ॥ ੩੯॥

(ਬਚਿਤ੍ਰ ਨਾਟਕ ਪਾ: ੧੦)

ਉਪਰਲੀ ਸਾਰੀ ਵੀਚਾਰ ਲਿਖਣ ਤੋਂ ਭਾਵ ਹੈ ਕਿ ਕਿਸੇ ਕ੍ਰਿਤ ਦੇਵੀ ਦੇਵਤੇ, ਦੇਹ ਧਾਰੀ ਤੇ ਕਲਪਤ ਤਸਵੀਰਾਂ ਦਾ ਧਿਆਨ ਨਹੀਂ ਧਰਨਾ ਅਤੇ ਨਾ ਹੀ ਕੰਨਾਂ ਵਿੱਚ ਉਂਗਲੀਆਂ ਦੇ ਕੇ ਕੰਨਾਂ ਨੂੰ ਬੁਜੇ ਦੇਣੇ ਹਨ ਅਤੇ ਨਾ ਹੀ ਮੱਥੇ ਦੀ ਤ੍ਰਿਕੁਟੀ ਦੇ ਧਿਆਨੀ ਬਣਨਾ ਹੈ। ਨਾ ਹੀ ਕਿਸੇ ਮੂਰਤ ਦਾ ਧਿਆਨ ਧਰਨਾ ਹੈ। ਧਿਆਨੀ ਬਣਨਾ

ਹੈ ਪ੍ਰਮੇਸਰ ਦੇ, ਧਿਆਨੀ ਬਣਨਾ ਹੈ, ਸ਼ਬਦ ਦੇ ਕਿਉਂਕਿ ਸਾਡੇ ਗੁਰੂ ਨਾਨਕ ਪਾਤਸ਼ਾਹ ਜੀ ਦਾ ਗੁਰੂ ਵੀ ਸ਼ਬਦ ਸੀ। ਸਤਿਗੁਰੂ ਜੀ ਨੇ ਗੁਰਸਿੱਖਾਂ ਨੂੰ ਵੀ ਸ਼ਬਦ ਗੁਰੂ ਦੇ ਲੜ ਲਾਇਆ ਹੈ। ਸ਼ਬਦ ਵਿੱਚ ਧਿਆਨ ਲਾਉਣਾ ਹੈ। ਧਿਆਨ ਸੁਣਨ ਨਾਲ ਲੱਗਣਾ ਹੈ। ਫਿਰ ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਪੜ੍ਹ ਲਈਏ, "**ਸੁਣਿਐ ਲਾਗੈ ਸਹਜਿ ਧਿਆਨੁ॥**" ਦੇ ਸਿਖਿਆਰਥੀ ਬਣਨਾ ਹੈ। ਜਦੋਂ ਸ਼ਬਦ ਵਿੱਚ ਧਿਆਨ ਲੱਗ ਗਿਆ, ਸ਼ਬਦ ਬ੍ਰਹਮ ਦਾ ਰੂਪ ਹੈ, ਸਮਝੋ ਬ੍ਰਹਮ ਨਾਲ ਸੰਪਰਕ ਜੁੜ ਗਿਆ। ਸ਼ਬਦ ਗੁਰਬਾਨੀ ਨੂੰ, ਸ਼ਬਦ ਨਾਮ ਨੂੰ, ਆਪ ਹੀ ਜਪਣਾ ਹੈ ਆਪ ਹੀ ਸੁਣਨਾ ਹੈ। ਬਹੁਤ ਸਰਲ ਅਤੇ ਸੌਖਾ ਢੰਗ ਸਤਿਗੁਰੂ ਜੀ ਨੇ, ਪ੍ਰਭੂ ਜੀ ਨਾਲ ਜੁੜਨ ਦਾ ਬਖਸ਼ਸ਼ ਕੀਤਾ ਹੈ।

ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਭੂ ਪ੍ਰਾਪਤੀ ਦਾ ਆਪਣਾ ਨਿੱਜੀ ਅਨੁਭਵ ਗੁਰਬਾਣੀ ਵਿੱਚ ਨਿਰੂਪਣ ਕੀਤਾ ਹੈ, ਉਸ ਤੋਂ ਅਗਵਾਈ ਲਈਏ। ਸਤਿਗੁਰੂ ਜੀ, ਪ੍ਰਭੂ ਪ੍ਰਾਪਤੀ ਵਾਸਤੇ ਗੁਰਮਤ ਦੇ ਚਾਰ ਅੰਗਾਂ ਤੇ ਪਹਿਰਾ ਦੇਣ ਦੀ ਤਾਕੀਦ ਕਰਦੇ ਹਨ :—

ਪਹਿਲਾ ਹੈ, ਰਸਨਾਂ ਦੇ ਨਾਲ ਪ੍ਰਭੂ ਪ੍ਰਮੇਸ਼ਰ ਜੀ ਦੇ ਨਾਮ ਦਾ ਜਾਪ ਕਰਨਾ।

ਦੂਸਰਾ ਹੈ, ਜਿਸ ਪ੍ਰਮਾਤਮਾ ਦਾ ਨਾਮ ਜਪ ਰਹੇ ਹਾਂ ਉਸ ਨਾਲ ਪਿਆਰ ਕਰਨਾ।

ਤੀਸਰਾ ਹੈ, ਗੁਰੂ ਦੇ ਉਪਦੇਸ਼ ਨੂੰ ਚਿੱਤ ਵਿੱਚ ਦ੍ਰਿੜ ਕਰਕੇ ਉਸ ਦੀ ਕਮਾਈ ਕਰਨੀ।

ਚੌਥਾ ਹੈ, ਸੰਸਾਰ ਵਿੱਚ ਫਸੇ ਹੋਏ, ਜੰਜਾਲੀ ਵੇੜੇ ਮਨ ਨੂੰ, ਸੰਸਾਰ ਨਾਲੋਂ ਤੋੜ ਕੇ ਨਿਰੰਕਾਰ ਨਾਲ ਜੋੜਨਾ। ਜਿਹੜਾ ਗੁਰੂ ਪਿਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਪਰ ਲਿਖੇ ਗੁਰਮਤ ਅਨੁਸਾਰ, ਨਾਮ ਧਿਆਉਣ ਦੇ ਚਾਰੇ ਅੰਗਾਂ ਤੇ ਪੂਰਾ ਪਹਿਰਾ ਦੇ ਕੇ ਇਸ ਤਰਾਂ ਨਾਮ ਦੀ ਕਮਾਈ ਕਰੇਗਾ ਉਸ ਦੀ ਸੁਰਤ ਨਿਰੰਕਾਰ ਨਾਲ ਅਵੱਸ਼ ਜੁੜ ਜਾਵੇਗੀ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :—

ਗੋਬਿੰਦ ਗੋਬਿੰਦ ਕਰਿ ਹਾਂ॥
ਹਰਿ ਹਰਿ ਮਨਿ ਪਿਆਰਿ ਹਾਂ॥
ਗੁਰਿ ਕਹਿਆ ਸੁ ਚਿਤਿ ਧਰਿ ਹਾਂ॥
ਅਨ ਸਿਉ ਤੋਰਿ ਫੇਰਿ ਹਾਂ॥
ਐਸੇ ਲਾਲਨੁ ਪਾਇਓ ਰੀ ਸਖੀ॥ ੧॥

ਰਾਗ ਆਸਾ ਮ: ੧ (ਪੰਨਾ : ੪੦੮)

ਜੇ ਗੋਬਿੰਦ ਗੋਬਿੰਦ ਕਰਦਿਆਂ, ਪ੍ਰਭੂ ਦੀ ਸਿਫਤ ਸਲਾਹ ਕਰਦਿਆਂ ਮਨ ਸਿਫਤ ਸਲਾਹ ਅਤੇ ਪ੍ਰਭੂ ਨਾਮ ਨੂੰ ਸੁਣਨ ਤੋਂ ਆਕੀ ਹੋ ਕੇ ਬਾਹਰ ਭਜਣ ਦਾ ਜਤਨ ਕਰੇ

ਤਾਂ ਜਗਿਆਸੂ ਨੂੰ ਚਾਹੀਦਾ ਹੈ ਕਿ ਸਤਿਗੁਰੂ ਜੀ ਕੀ ਓਟ ਆਸਰਾ ਲੈ ਕੇ ਗੁਰੂ ਚਰਨਾਂ ਵਿੱਚ ਅਰਦਾਸ ਕਰੇ ਅਤੇ ਨਾਲ-ਨਾਲ ਹੀ ਮਨ ਨੂੰ ਗੁਰੂ ਸਿਖਿਆ ਸੁਣਾ ਕੇ, "ਘਰ ਰਹੁ ਰੇ ਮਨ ਮੁਗਧ ਇਆਣੇ" ਦਾ ਉਪਦੇਸ਼ ਦੇ ਕੇ, ਮਨ ਨਾਲ ਝਗੜਾ, ਸੱਥ ਪਾ ਕੇ ਮਨ ਨੂੰ ਗੁਰੂ ਸ਼ਬਦ ਸੁਣਨ ਵਿੱਚ ਲਾਵੇ। ਮਨ ਨਾਲ ਲੜਾਈ ਕਰਦਿਆਂ ਇੱਕ ਦਿਨ ਗੁਰੂ ਦੀ ਓਟ ਆਸਰੇ, ਮਨ ਗੁਰਬਾਣੀ ਸੁਣਨ ਦੇ ਮਾਰਗ ਦਾ ਜ਼ਰੂਰ ਧਾਰਨੀ ਬਣ ਜਾਵੇਗਾ। ਜਗਿਆਸੂ ਨੇ ਕੀ ਕਰਨਾ ਹੈ ? ਸਾਹਿਬ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :—

ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ॥
ਮਨੁ ਜੋ ਇਛੇ ਸੋ ਲਹੈ ਸਚੈ ਸਬਦਿ ਸੁਭਾਇ॥

ਸਲੋਕ ਮ: ੩ (ਪੰਨਾ : ੮੭)

ਗਉੜੀ ਰਾਗ ਵਿੱਚ ਸੱਤਾਂ ਦਿਨਾਂ ਦੁਆਰਾ ਬਾਬਾ ਕਬੀਰ ਜੀ ਨੇ ਉਪਦੇਸ਼ ਬਖਸ਼ਸ਼ ਕੀਤਾ ਹੈ ਕਿ ਹੇ ਜਗਿਆਸੂ ਜਨੋ, ਸ਼ੁਕਰਵਾਰ ਦਾ ਇਹ ਹੀ ਸ੍ਰੇਸ਼ਟ ਉਪਦੇਸ਼ ਹੈ ਜੋ ਸ੍ਰੇਸ਼ਟ ਕਰਮਾਂ ਨੂੰ ਕਰਕੇ, ਜਰਦਾ ਹੈ। ਸ੍ਰੇਸ਼ਟ ਕਰਮਾਂ ਦਾ ਹੰਕਾਰ ਨਹੀਂ ਕਰਦਾ ਅਤੇ ਆਪਣੇ ਮਨ ਨਾਲ ਝਗੜਾ ਕਰਕੇ ਇਸ ਮਨ ਨੂੰ ਪ੍ਰਭੂ ਪ੍ਰੀਤ, ਪ੍ਰਭੂ ਨਾਮ ਵਿੱਚ ਲਾਉਂਦਾ ਹੈ। ਉਸਦੇ ਸਾਰੇ ਕਰਮ ਧਰਮ ਬਰਤ ਆਦਿ ਪੂਰੇ ਹੋ ਗਏ ਜਾਣੋਂ :—

ਸੁਕ੍ਰਿਤੁ ਸਹਾਰੈ ਸੁ ਇਹ ਬ੍ਰਿਤਿ ਚੜੈ॥
ਅਨਦਿਨ ਆਪਿ ਆਪ ਸਿਉ ਲੜੈ॥

ਗਉੜੀ ਵਾਰ ਕਬੀਰ ਜੀ (ਪੰਨਾ : ੩੪੪)

ਰਹਿਤਨਾਮਿਆਂ ਵਿੱਚ ਵੀ ਖਾਲਸੇ ਦੇ ਕਰਮਾਂ ਪ੍ਰਤੀ ਹਦਾਇਤ ਕੀਤੀ ਹੈ ਕਿ ਅਸਲੀ ਖਾਲਸਾ ਉਹ ਹੈ, ਜੋ ਮਨ ਰੂਪੀ ਘੋੜੇ ਤੇ ਹਰ ਸਮੇਂ ਅਸਵਾਰੀ ਕਰ ਰੱਖੇ, ਜਿਵੇਂ ਅਸਵਾਰ, ਘੋੜੇ ਨੂੰ ਆਪਣੀ ਮਰਜ਼ੀ ਅਨੁਸਾਰ ਚਲਾਉਂਦਾ ਹੈ ਅਤੇ ਆਪਣੀ ਮੰਜ਼ਲ ਤੇ ਸਹੀ ਸਲਾਮਤ ਪੁੱਜ ਜਾਂਦਾ ਹੈ। ਜਿਸਦੀ ਅਸਵਾਰੀ ਆਪਣੇ ਕਾਬੂ ਵਿੱਚ ਨਹੀਂ ਉਹ ਕਦੇ ਵੀ ਆਪਣੀ ਮੰਜ਼ਲ ਤੇ ਸਹੀ ਸਲਾਮਤ ਨਹੀਂ ਪੁੱਜ ਸਕਦਾ। ਇਸੇ ਤਰਾਂ ਜਿਹੜਾ ਖਾਲਸਾ ਆਪਣੇ ਮਨ ਤੇ ਕਾਬੂ ਕਰਕੇ ਇਸ ਪਾਸੋਂ ਪ੍ਰਭੂ ਪ੍ਰਾਪਤੀ ਦਾ ਕੰਮ ਲੈਂਦਾ ਹੈ। ਮਨ ਨੂੰ ਗੁਰੂ ਉਪਦੇਸ਼ ਦੀ ਲੁਗਾਮ ਅਨੁਸਾਰ ਚਲਾਉਂਦਾ ਹੈ, ਉਹ ਆਪਣੇ ਜੀਵਨ ਦੀ ਮੰਜ਼ਲ ਨੂੰ ਪ੍ਰਾਪਤ ਕਰ ਲੈਂਦਾ ਹੈ। ਜਿੱਥੇ ਮਨ ਪ੍ਰਭੂ ਪ੍ਰਾਪਤੀ ਦੇ ਰਸਤੇ ਉਤੇ ਚਲਣ ਲਈ ਅੜੀ ਕਰੇ, ਉਥੇ ਇਸ ਨੂੰ ਏਹੜ-ਤੇਹੜ ਕਰਨ ਤੋਂ ਵਰਜੇ :—

ਖਾਲਸਾ ਸੋ ਜੋ ਚੜੈ ਤੁਰੰਗ॥
ਖਾਲਸਾ ਸੋ ਜੋ ਕਰੈ ਨਿਤ ਜੰਗ॥

ਜਿਹੜਾ ਗੁਰੂ ਪਿਆਰਾ ਗੁਰਬਾਣੀ ਦੀ ਸਿਖਿਆ ਦੁਆਰਾ ਆਪਣੇ ਮਨ ਨੂੰ ਇੱਧਰ ਉੱਧਰ ਭੱਜਣ ਤੋਂ ਰੋਕ ਲੈਂਦਾ ਹੈ, ਉਸ ਦੀਆਂ ਸਾਰੀਆਂ ਵਿਸ਼ੇ ਵਿਕਾਰਾਂ ਦੀਆਂ ਵਾਸ਼ਨਾਵਾਂ ਖਤਮ ਹੋ ਜਾਂਦੀਆਂ ਹਨ। ਉਸ ਨੂੰ ਸ਼ਾਂਤੀ ਦੇਣ ਵਾਲੇ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਫਿਰ ਮਨ ਮਸਤ ਹੋ ਕੇ ਪ੍ਰਭੂ ਦੇ ਨਾਮ ਅੰਮ੍ਰਿਤ ਨੂੰ ਅਨੰਦਤ ਹੋ ਕੇ ਪੀਂਦਾ ਹੈ। ਬਾਬਾ ਕਬੀਰ ਜੀ ਦਾ ਫੁਰਮਾਨ ਹੈ :—

ਸੋਮਵਾਰਿ ਸਸਿ ਅੰਮ੍ਰਿਤੁ ਝਰੈ॥
ਚਾਖਤ ਬੇਗਿ ਸਗਲ ਬਿਖ ਹਰੈ॥
ਬਾਣੀ ਰੋਕਿਆ ਰਹੈ ਦੁਆਰ॥
ਤਉ ਮਨੁ ਮਤਵਾਰੋ ਪੀਵਨਹਾਰ॥

ਥਿਤੀਵਾਰ ਕਬੀਰ ਜੀ (ਪੰਨਾ : ੩੪੪)

ਸਿਆਣਾ ਮਨੁੱਖ ਉਹ ਹੀ ਹੈ, ਜੋ ਮਨ ਪਾਸੋਂ ਹਾਰ ਖਾ ਕੇ ਭੱਜਦਾ ਨਹੀਂ ਹੈ। ਜਿਹੜਾ ਮੈਦਾਨ ਛੱਡ ਕੇ ਭੱਜ ਹੀ ਗਿਆ ਉਸਨੇ ਜਿੱਤ ਤਾਂ ਕੀ ਪ੍ਰਾਪਤ ਕਰਨੀ ਹੈ ? ਸਗੋਂ ਉਸਨੂੰ ਪਾਜੀ ਨਾਉ ਦੇ ਕਲੰਕਤ ਉਪਮਾਨ ਦੇ ਨਾਲ ਸੰਬੋਧਨ ਕੀਤਾ ਜਾਂਦਾ ਹੈ। ਸੋ ਪਾਜੀ ਨਹੀਂ ਬਣਨਾ, ਸੂਰਮੇ ਬਣ ਕੇ "**ਮਨ ਜੀਤੈ ਜਗ ਜੀਤ**"॥ ਦੀ ਕਾਰ ਕਰਨੀ ਹੈ। ਸਿਆਣਾ ਕੌਣ ਹੈ ?

ਨਾਹੀ ਦੇਖਿ ਨ ਭਾਜੀਐ ਪਰਮ ਸਿਆਨਪ ਏਹ॥

ਮਨ ਨਾਲ ਝਗੜਾ, ਮਨ ਨਾਲ ਸੱਥ, ਮਨ ਨਾਲ ਲੜਾਈ ਕਰਦਿਆਂ ਆਪ ਨਹੀਂ ਥੱਕਣਾ, ਮਨ ਨੂੰ ਥਕਾਉਣਾ ਹੈ। ਜਦੋਂ ਮਨ ਥੱਕ ਕੇ ਹਾਰ ਖਾ ਗਿਆ ਸਮਝੋ ਗਲ ਬਣ ਗਈ। ਜਿਹੜੇ, ਇਸੇ ਆਸ਼ੇ ਵਿੱਚ ਸਫਲ ਹੋ ਜਾਂਦੇ ਹਨ, ਭਾਈ ਗੁਰਦਾਸ ਜੀ ਉਸ ਤੋਂ ਕੁਰਬਾਨ ਜਾਂਦੇ ਹਨ :—

ਹਉ ਸਦਕੇ ਤਿਨ੍ਹਾਂ ਗੁਰਸਿਖਾਂ ਬਾਹਿਰ ਜਾਂਦਾ ਵਰਜਿ ਰਹਾਇਆ॥

(ਭਾ: ਗੁ: ਜੀ, ਵਾਰ ੧੨, ਪਉੜੀ ੪)

ਇਕ ਸਮੇਂ ਸਤਿਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿੱਚ ਤਿੰਨ ਸਿੱਖ ਆਏ ਜਿਹਨਾਂ ਦਾ ਨਾਉਂ ਭਾਈ ਗੁਰਦਾਸ ਜੀ ਨੇ, ਪ੍ਰਿਥੀ ਮਲ, ਸਹਗਲ, ਰਾਮਾ ਡਿੱਡੀ ਲਿਖਿਆ ਹੈ। ਸਤਿਗੁਰੂ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਪਾਤਸ਼ਾਹ, ਜੀਵਨ ਬਤੀਤ ਹੋ ਰਿਹਾ ਹੈ, ਮੌਤ ਨੇੜੇ ਆ ਰਹੀ, ਜਮਾਂ ਦਾ ਤ੍ਰਾਸ ਡਰਾਉਂਦਾ ਹੈ। ਪਰ ਫਿਰ ਵੀ ਅਸੀਂ ਦਿਨ ਰਾਤ, ਕੰਮਾਂ ਦੇ ਭਾਰ ਹੀ ਢੋਈ ਜਾਂਦੇ ਹਾਂ। ਉਹੋ ਵਿਹਾਰ, ਉਹੋ ਭੋਗ, ਹਰ ਰੋਜ਼, ਉਹੋ ਵੈਰ-ਵਿਰੋਧ, ਝਗੜੇ, ਈਰਖਾ ਦਵੈਖ, ਖਹਿੜਾ ਨਹੀਂ ਛੱਡਦੇ। ਕੋਈ ਸੁਖੈਨ ਢੰਗ ਤਰੀਕਾ ਦੱਸੋ ਤਾਂ ਜੋ ਅਸੀਂ ਵੀ ਬਿਸ਼ਨ[੧] ਦਾ ਰੂਪ ਹੋ ਜਾਈਏ।

੧. ਪ੍ਰਮਾਤਮਾ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਹਨਾਂ ਤਿੰਨਾਂ ਨੂੰ ਸੰਬੋਧਨ ਕਰਕੇ ਫੁਰਮਾਨ ਕੀਤਾ ਸਹਗਲ, ਰਾਮਾ ਡਿੱਡੀ, ਮਨੁੱਖ ਹਰ ਸਮੇਂ ਰਜੋ, ਤਮੋਂ, ਸਤੋ ਗੁਣਾਂ ਦੇ ਪ੍ਰਭਾਵ ਅਧੀਨ ਸੰਸਾਰ ਵਿੱਚ ਵਿਚਰਦਾ ਹੈ। ਸੋ ਇਹਨਾਂ ਦੇ ਪ੍ਰਭਾਵ ਤੋਂ ਬਚਣ ਲਈ ਤੁਸੀਂ ਤਪ ਕਰੋ।

ਉਹਨਾਂ ਬਚਨ ਕੀਤਾ ਪਾਤਸ਼ਾਹ ਅਸੀਂ ਸੰਸਾਰੀ ਲੋਕ ਹਾਂ, ਨਾ ਸਾਨੂੰ ਤਪ ਕਰਨ ਦੀ ਜਾਚ ਹੈ, ਨਾ ਸਾਡੇ ਪਾਸ ਇੰਨਾ ਸਮਾਂ ਹੀ ਹੈ। ਗੁਰੂ ਨਾਨਕ ਪਾਤਸ਼ਾਹ ਕਹਿਣ ਲਗੇ ਅਸੀਂ ਤੁਹਾਨੂੰ ਤਿੰਨੇ ਤਰਾਂ ਦੇ ਤਪ ਦਸ ਦਿੰਦੇ ਹਾਂ, ਜਿਹੜਾ ਤੁਹਾਨੂੰ ਸੌਖਾ ਲਗੇ ਉਹ ਕਰ ਲੈਣਾ।

ਤਿੰਨੇ ਬੜੇ ਧਿਆਨ ਨਾਲ ਸਤਿਗੁਰੂ ਜੀ ਦਾ ਉਪਦੇਸ਼ ਸੁਣ ਰਹੇ ਸਨ। ਸਾਹਿਬ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਸਹਗਲ। ਇੱਕ ਤਾਮਸੀ ਤਪ ਹੈ ਉਹ ਹੈ, ਸਰੀਰ ਨੂੰ ਨੰਗਿਆਂ ਰੱਖਣਾਂ, ਪਾਲਾ, ਕੱਕਰ ਗਰਮੀ ਸਹਾਰਨੀ, ਜਲ ਧਾਰਾ ਕਰਨੀਆਂ, ਧੂਣੀਆਂ ਤਾਪਣੀਆਂ, ਭੁੱਖੇ ਰਹਿਣਾ ਪੁੱਠੇ ਲਟਕਣਾ। ਇਹ ਤਾਮਸੀ ਤਪ ਹੈ। ਇਸਨੂੰ ਕਰਨ ਨਾਲ ਖੇਚਲ ਜਿਆਦਾ ਝੱਲਣੀ ਪੈਂਦੀ ਹੈ। ਪੱਲੇ ਕੇਵਲ ਰਿੱਧੀਆਂ ਸਿੱਧੀਆਂ ਹੀ ਪੈਂਦੀਆਂ ਹਨ। ਪ੍ਰਮੇਸ਼ਰ ਦੀ ਪ੍ਰਾਪਤੀ ਅਤੇ ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਮਿਹਨਤ ਜਿਆਦਾ, ਫਲ ਘਟ ਪ੍ਰਾਪਤ ਹੁੰਦਾ ਹੈ।

ਦੂਸਰਾ ਤਪ ਹੈ ਰਾਜਸੀ, ਸਰੀਰ ਦੇ ਇੰਦ੍ਰਿਆਂ ਨੂੰ ਮੰਦ ਪਾਸੇ ਤੋਂ ਰੋਕਣਾ, ਅੱਖਾਂ ਨੂੰ ਮੰਦ ਦ੍ਰਿਸ਼ਟੀ ਵਲੋਂ ਵਰਜਣਾ, ਕੰਨਾਂ ਨੂੰ ਨਿੰਦਿਆ, ਈਰਖਾ ਦ੍ਵੈਸ਼ ਦੀਆਂ ਗਲਾਂ ਸੁਣਨ ਤੋਂ ਰੋਕਣਾ, ਹੱਥਾਂ ਨੂੰ ਬੁਰੇ ਕਰਮ ਕਰਨ ਵਲੋਂ ਹਟਾਉਣਾ, ਪੈਰਾਂ ਨੂੰ ਮਾੜੇ ਪਾਸੇ ਤੁਰਨ ਤੋਂ, ਰਸਨਾਂ ਨੂੰ ਕਉੜੇ ਫਿੱਕੇ ਬਚਨ ਝੂਠ, ਕੁਸੱਤ ਬੋਲਣ ਤੋਂ ਰੋਕਣਾ ਅਤੇ ਇਸ ਦੇ ਉਲਟ ਅੱਖਾਂ ਨੂੰ ਭਲੇ ਪੁਰਖਾਂ ਅਤੇ ਸਤਸੰਗਤ ਦੇ ਦਰਸ਼ਨ ਕਰਨ ਅਤੇ ਗੁਰਬਾਣੀ ਪੜ੍ਹਨ ਵਿੱਚ ਲਾਉਣਾ ਕੰਨਾਂ ਤੋਂ ਕੀਰਤਨ ਸੁਣਨ ਅਤੇ ਰਸਨਾਂ ਤੋਂ ਸਚ ਬੋਲਣ, ਨਾਮ ਜਪਣ ਦਾ ਕੰਮ ਲੈਣਾ, ਹੱਥਾਂ ਨਾਲ ਸੇਵਾ ਕਰਨੀ, ਪੈਰਾਂ ਨਾਲ ਸਤਸੰਗਤ ਵਿੱਚ ਜਾਣਾ, ਸਰੀਰ ਨੂੰ ਹਮੇਸ਼ਾ ਅਵਹਿਤ ਭੋਗਾਂ ਵਲੋਂ ਵਰਜੀ ਰਖਣਾ, ਇਹ ਰਾਜਸੀ ਤਪ ਹੈ। ਇਸਦੀ ਮਿਹਨਤ ਘੱਟ ਫਲ ਜਿਆਦਾ ਹੁੰਦਾ ਹੈ।

ਤੀਸਰਾ ਸਾਂਤਕੀ ਤਪ ਹੈ ਉਹ ਹੈ ਪ੍ਰਮੇਸ਼ਰ ਜੀ ਦਾ ਨਾਮ ਜਪਣਾ, ਪ੍ਰਭੂ ਦੀ ਸਿਫਤ ਸਲਾਹ ਕਰਨੀ, ਨਾਮ ਅਕਾਲ ਪੁਰਖ ਜੋ ਤ੍ਰਿਗੁਣੀ ਅਤੀਤ ਹੈ, ਉਸਦਾ ਜਪਣਾ ਹੈ। ਸਿਫਤ, ਸਲਾਹ ਗੁਰਬਾਣੀ ਦੁਆਰਾ ਕਰਨੀ ਹੈ।

ਨਾਮ ਜਪਣ ਨਾਲ, ਗੁਰਬਾਣੀ ਪੜ੍ਹਨ ਨਾਲ ਜਨਮਾਂ ਜਨਮਾਂਤਰਾਂ ਦੀ ਆਤਮਾ ਉੱਤੇ ਲੱਗੀ ਮੈਲ ਦੂਰ ਹੋ ਜਾਂਦੀ ਹੈ। ਮਨ ਨਿਰਮਲ ਹੋ ਕੇ ਰਸ ਨਾਲ ਭਰ ਜਾਂਦਾ ਹੈ। ਫਿਰ ਨਾਮ ਰਸ ਦੇ ਖੰਭਾਂ ਨਾਲ ਸੁਰਤ ਦੀ ਉਡਾਰੀ ਲਗੇਗੀ, ਪ੍ਰਭੂ ਪ੍ਰਮੇਸ਼ਰ ਜਿਸ ਦਾ

ਨਾਮ ਜਪਦੇ ਹਾਂ, ਜਿਸਦੀ ਸਿਫਤ-ਸਲਾਹ ਕਰਦੇ ਹਾਂ, ਉਸਦੇ ਵਿੱਚ ਅਭੇਦਤਾ ਕਰਵਾ ਦੇਵੇਗੀ।

ਸਾਂਤਕੀ ਤਪ ਕਰਦਿਆਂ, ਨਾਮ ਬਾਣੀ ਦਾ ਅਭਿਆਸ ਕਰਦਿਆਂ ਮਨ ਵਾਸ਼ਨਾਵਾਂ ਵਲ ਭਜੇਗਾ। ਤ੍ਰਿਸ਼ਨਾਂ ਜ਼ੋਰ ਫੜੇਗੀ ਫੁਰਨਿਆਂ ਦਾ, ਸੰਕਲਪਾਂ ਦਾ ਹੜ੍ਹ ਆ ਜਾਵੇਗਾ।

ਇਹਨਾਂ ਫੁਰਨਿਆਂ ਤੋਂ, ਵਾਸ਼ਨਾਵਾਂ ਦੇ ਸੰਕਲਪਾਂ ਤੋਂ ਘਾਬਰਨਾ ਨਹੀਂ। ਉਸ ਸਮੇਂ ਗੁਰੂ ਚਰਨਾਂ ਵਿੱਚ ਬਾਰ-ਬਾਰ ਅਰਦਾਸ ਕਰਨੀ ਹੈ ਅਤੇ ਮਨ ਦੇ ਸੰਕਲਪਾਂ ਫੁਰਨਿਆਂ ਨਾਲ ਜੁੱਧ ਕਰਕੇ ਬਾਹਰ ਜਾਂਦਾ ਵਰਜ਼ ਰਹਾਇਆ ਦੀ ਕਾਰ ਕਰਨੀ ਹੈ। ਮੁੜ-ਮੁੜ ਨਾਮ ਜਪਣ ਵਿੱਚ ਮਨ ਨੂੰ ਲਾਉਣਾ ਹੈ। ਆਪ ਨਹੀਂ ਅੱਕਣਾ, ਮਨ ਨੂੰ ਅਕਤਾਉਣਾ ਹੈ।

ਜਿਵੇਂ ਮਾਲਕ ਘੋੜੇ ਨੂੰ ਅਰੋਗ ਕਰਨ ਵਾਸਤੇ ਉਸਦੇ ਮੂੰਹ ਵਿੱਚ ਮਸਾਲੇ ਨੂੰ ਪਾਉਂਦਾ ਹੈ, ਪਰ ਘੋੜਾ ਮਸਾਲਾ ਬਾਹਰ ਕੱਢ ਦਿੰਦਾ ਹੈ। ਮਸਾਲੇ ਨੂੰ ਘੋੜੇ ਦੇ ਪੇਟ ਵਿੱਚ ਭੇਜਣ ਵਾਸਤੇ ਘੋੜੇ ਦਾ ਮਾਲਕ, ਘੋੜੇ ਦੇ ਮੂੰਹ ਵਿੱਚ ਮਸਾਲਾ ਪਾ ਕੇ, ਆਪਣਾ ਹੱਥ ਘੋੜੇ ਦੇ ਮੂੰਹ ਵਿੱਚ ਦੇਈ ਰਖਦਾ ਹੈ। ਘੋੜਾ ਮਸਾਲਾ ਬਾਹਰ ਨੂੰ ਸਿਟਣ ਦਾ ਜਤਨ ਕਰਦਾ ਹੈ। ਮਾਲਕ ਮਸਾਲੇ ਨੂੰ ਮੁੜ-ਮੁੜ ਅੰਦਰ ਨੂੰ ਧੱਕਦਾ ਹੈ। ਇਸ ਤਰਾਂ ਘੋੜਾ ਅੱਕ ਕੇ ਮਸਾਲਾ ਅੰਦਰ ਲੰਘਾ ਲੈਂਦਾ ਹੈ। ਮਸਾਲਾ ਘੋੜੇ ਦੇ ਅੰਦਰ ਚਲੇ ਜਾਣ ਸਦਕਾ ਘੋੜਾ ਅਰੋਗ ਹੋ ਜਾਂਦਾ ਹੈ।

ਇਸੇ ਤਰਾਂ ਨ ਲਗਦੇ ਮਨ ਨੂੰ ਬਾਰ-ਬਾਰ ਨਾਮ ਬਾਣੀ ਵਿੱਚ ਲਾਉਣਾ ਹੈ। ਜਿਹੜਾ ਵੀ ਇਸ ਸਾਂਤਕੀ ਤਪ ਕਰਨ ਵਿੱਚ ਸਫਲ ਹੋ ਗਿਆ, ਉਸਦਾ ਮਨ ਅਰੋਗ ਹੋ ਕੇ ਬ੍ਰਹਮ ਲੀਨਤਾ ਦੀ ਅਵਸਥਾ ਅਤੇ ਨਾਮ ਰਸ ਨੂੰ ਪ੍ਰਾਪਤ ਕਰ ਲਵੇਗਾ :—

ਬਾਰੰ ਬਾਰ ਬਾਰ ਪ੍ਰਭੁ ਜਪੀਐ ॥
ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥

ਸੁਖਮਨੀ ਮ: ੫ (ਪੰਨਾ : ੨੮੬)

ਸਾਡੇ ਮਨੁੱਖਾ ਜਨਮ ਦਾ ਲਾਹਾ ਆਪਣੇ ਮੂਲ ਨੂੰ ਪਛਾਨਣਾ ਹੈ :—

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥

ਆਸ ਮ: ੩ (ਪੰਨਾ : ੪੪੧)

ਸਾਡੇ ਸਰੀਰ ਦਾ ਮੂਲ ਮਨ ਹੈ। ਮਨ ਦਾ ਮੂਲ ਆਤਮਾ ਹੈ। ਆਤਮਾ ਦਾ ਮੂਲ ਪਰਮਾਤਮਾ ਹੈ।

ਪ੍ਰਮਾਤਮਾ ਸਰਬ-ਸਮਰੱਥ, ਸਰਬ ਸ਼ਕਤੀਮਾਨ, ਰਸ ਰੂਪ ਰਸਾਲ, ਸਤਿ ਚਿੱਤ, ਅਨੰਦ, ਪ੍ਰਕਾਸ਼ ਸਰੂਪ ਹੈ। ਐਸੇ ਸਤਿ-ਚਿੱਤ ਅਨੰਦ ਪ੍ਰਮੇਸ਼ਰ ਜੀ ਵਿੱਚ ਸਾਂਤਕੀ ਤਪ

ਕਰਕੇ ਅਭੇਦਤਾ ਪ੍ਰਾਪਤ ਕਰਕੇ ਸਤਿ, ਚਿੱਤ, ਅਨੰਦ ਅਵਸਥਾ ਨੂੰ ਪ੍ਰਾਪਤ ਕਰਨਾ ਹੈ।

ਗੁਰੂ ਪਾਤਸ਼ਾਹ ਜੀ ਦਾ, ਸਰਲ, ਸੌਖਾ ਕਾਰਗਰ ਉਪਦੇਸ਼ ਸੁਣ ਕੇ ਪ੍ਰਿਥੀਮਲ, ਸਹਿਗਲ ਅਤੇ ਰਾਮਾ ਡਿੱਡੀ ਪਾਰਗਰਾਮੀ ਹੋਏ ਅਤੇ ਅਨੇਕਾਂ ਨੂੰ ਪ੍ਰਭੂ ਨਾਲ ਜੋੜਨ ਦਾ ਵਸੀਲਾ ਬਣੇ। ਲੋੜ ਹੈ ਅਸੀਂ ਵੀ ਗੁਰੂ ਦੱਸੀ ਵਿਧੀ ਨੂੰ ਅਪਨਾ ਕੇ, ਆਪਣੇ ਗਿਆਨ ਇੰਦ੍ਰਿਆਂ, ਕਰਮ ਇੰਦ੍ਰਿਆਂ ਨੂੰ ਮਾੜੇ ਪਾਸੇ ਤੋਂ ਵਰਜ ਕੇ ਸ੍ਰੇਸ਼ਟ ਮਾਰਗ ਉੱਤੇ ਚਲਣ ਵਿੱਚ ਲਾਈਏ ਅਤੇ ਮੂਲ ਪਛਾਨਣ ਦੇ ਰਸਤੇ ਉੱਤੇ ਨਾਮ ਬਾਣੀ ਨਾਲ ਆਪਣੇ ਮਨ ਨੂੰ ਜੋੜੀਏ ਅਤੇ ਸਤਿਸੰਗਤ ਵਿੱਚੋਂ ਜੁੜਨ ਦੀ ਸਹਾਇਤਾ ਪ੍ਰਾਪਤ ਕਰੀਏ, ਫਿਰ ਸਾਡਾ ਇਸ ਸੰਸਾਰ ਵਿੱਚ ਆਉਣਾ ਸਫਲ ਹੋ ਜਾਵੇਗਾ।

ਨਾਮ ਜਪਣ ਅਤੇ ਬਾਣੀ ਪੜ੍ਹਨ ਦੇ ਸਾਧਨ ਨੂੰ ਸਾਰਥਕ ਬਨਾਉਣ ਲਈ ਅਤੇ ਆਪਣੇ ਮੂਲ ਨੂੰ ਪਛਾਨਣ ਅਤੇ ਮੂਲ ਨਾਲ ਜੁੜਨ ਲਈ ਹੋਰ ਸਹਾਇਤਾ ਮਿਲੇਗੀ। ਜੇ ਅਸੀਂ ਕਹਿਣੀ ਕਰਨੀ ਦੇ ਸੂਰੇ ਸੰਤ ਬਾਬਾ ਹਰਨਾਮ ਸਿੰਘ ਜੀ ਰਾਮ ਪੁਰ ਖੇੜੇ ਵਾਲੇ, ਜਿਹਨ੍ਹਾਂ ਨੇ ਆਪ ਨਾਮ ਸਿਮਰਨ ਦੀ ਅਤੁੱਟ ਕਮਾਈ ਕੀਤੀ ਅਤੇ ਪ੍ਰਭੂ ਵਸਲ ਪ੍ਰਾਪਤ ਕਰਕੇ ਅਨੇਕਾਂ ਨੂੰ ਆਪਣੇ ਮੂਲ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ, ਉਹਨਾਂ ਦੇ ਜੀਵਨ ਦੀ ਇਕ ਘਟਨਾ ਨੂੰ ਵਾਚ ਲਈਏ, ਜਿਸ ਦੁਆਰਾ ਆਪਣੇ ਮੂਲ ਨੂੰ ਛੇਤੀ ਪਛਾਨਣ ਵਿੱਚ ਵਧੇਰੇ ਅਗਵਾਈ ਪ੍ਰਾਪਤ ਹੋ ਜਾਵੇਗੀ।

ਜਦੋਂ ਆਪ ਜੀ ਸਰਗੋਧੇ (ਹੁਣ ਪਾਕਿਸਤਾਨ) ੧੧੯ ਚੱਕ ਜਨੂਬੀ ਵਿੱਚ ਖੇਤੀ ਬਾੜੀ ਦਾ ਕਿੱਤਾ ਕਰਦੇ ਸਨ। ਆਪ ਨੇ ਕੁਝ ਸਮਾਂ ਲਾਹੌਰ ਇਕਾਂਤ ਵਿੱਚ ਭਜਨ ਸਿਮਰਨ ਕਰਨ ਦਾ ਪ੍ਰੋਗਰਾਮ ਉਲੀਕਿਆ। ਇਸ ਸਮੇਂ ਤੋਂ ਲਾਹਾ ਪ੍ਰਾਪਤ ਕਰਨ ਵਾਸਤੇ ਇਕ ਪ੍ਰੇਮੀ ਜਿਸਨੇ B.A. ਦਾ ਇਮਤਿਹਾਨ ਪਾਸ ਕਰ ਲਿਆ ਸੀ ਪਰ ਅਜੇ ਨਤੀਜਾ ਪ੍ਰਾਪਤ ਨਹੀਂ ਸੀ ਹੋਇਆ। ਉਸਨੇ ਵੀ, ਜੁਦਾ ਬਾਬਾ ਜੀ ਦੇ ਨਾਲ ਹੀ ਦੂਸਰੇ ਕਮਰੇ ਵਿੱਚ ਨਾਮ ਸਿਮਰਨ, ਗੁਰਬਾਣੀ ਦਾ ਆਪਣਾ ਪ੍ਰੋਗਰਾਮ ਉਲੀਕ ਲਿਆ, ਕੋਈ ਪੰਦਰਾਂ ਕੁ ਦਿਨ ਦਾ ਸਮਾਂ ਲੰਘਿਆ ਉਸ ਪ੍ਰੇਮੀ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਜਿਵੇਂ ਤੁਸੀਂ ਨਾਮ ਜਪਣ, ਬਾਣੀ ਪੜ੍ਹਨ ਨਾਲ, ਆਤਮਿਕ ਉਚਤਾ ਦੀਆਂ, ਅਵਸਥਾ ਦਸਦੇ ਹੋ ਕਿ ਨਾਮ ਜਪਣ ਨਾਲ ਬਿਅੰਤ ਅਨੰਦ-ਖੁਸ਼ੀ, ਖੇੜਾ, ਪ੍ਰਕਾਸ਼, ਅਨਹਦ ਨਾਦ ਦੀ ਪ੍ਰਾਪਤੀ ਹੁੰਦੀ। ਮੈਂ ਵੀ ਪੰਦਰਾਂ ਦਿਨ ਤੋਂ ਲਗਾਤਾਰ ਸਿਮਰਨ ਵੀ ਕਰਦਾ ਹਾਂ, ਨਿਤਨੇਮ ਤੋਂ ਇਲਾਵਾ ਸੁਖਮਨੀ ਸਾਹਿਬ, ਆਸਾ ਜੀ ਦੀ ਵਾਰ ਅਤੇ ਸਤਾਈ ਪਾਠ ਬੇਨਤੀ ਚੌਪਈ ਦੇ ਵੀ ਕਰਦਾ ਹਾਂ, ਪਰ ਮੇਰੇ ਅੰਦਰ ਕੋਈ ਤਬਦੀਲੀ ਨਹੀਂ ਆਈ। ਆਪ ਨੇ ਪੁੱਛਿਆ ਥੋੜਾ ਬਹੁਤਾ ਫਰਕ ਤੇ ਜ਼ਰੂਰ ਪਿਆ ਹੋਵੇਗਾ ? ਪਰ ਉਸ ਪ੍ਰੇਮੀ ਨੇ ਉੱਤਰ ਨਾਂਹ ਵਿੱਚ ਹੀ ਦਿੱਤਾ ਕਿ ਮੇਰੇ ਅੰਦਰ, ਖੁਸ਼ੀ ਖੇੜੇ ਅਨੰਦ ਵਾਲੀ

ਕੋਈ ਭੋਰਾ ਜਿੰਨੀ ਵੀ ਗੱਲ ਨਹੀਂ ਬਣੀ, ਬਾਬਾ ਜੀ ਉਸ ਪ੍ਰੇਮੀ ਨੂੰ ਕਹਿਣ ਲਗੇ ਕਿ ਭਾਵੇਂ ਪੰਦਰਾਂ ਦਿਨ ਹੀ ਤੂੰ ਸਿਮਰਨ ਕੀਤਾ ਹੈ, ਗੁਰਬਾਣੀ ਪੜ੍ਹੀ ਹੈ। ਅੰਦਰ ਤਬਦੀਲੀ ਜ਼ਰੂਰ ਆਉਣੀ ਚੀਹੀਦੀ ਹੈ। ਜੇ ਨਹੀਂ ਆਈ, ਚਲੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿੱਚ ਬੇਨਤੀ ਕਰਦੇ ਹਾਂ ਜੋ ਸਤਿਗੁਰੂ ਜੀ ਅਗਵਾਈ ਦੇਣ ਤੁਸੀਂ ਉਸ ਅਨੁਸਾਰ ਉਸ ਅਗਵਾਈ ਨੂੰ ਮੰਨ ਲੈਣਾ।

ਬਾਬਾ ਜੀ ਦਸਦੇ ਸਨ ਕਿ ਅਸੀਂ ਦੋਵੇਂ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿੱਚ ਚਲੇ ਗਏ। ਨਮਸਕਾਰ ਕਰਕੇ, ਮੈਂ ਗੁਰੂ ਮਹਾਰਾਜ ਜੀ ਦੀ ਤਾਬਿਆ ਬੈਠ ਗਿਆ। ਉਸ ਪ੍ਰੇਮੀ ਨੂੰ ਗੁਰੂ ਚਰਨਾਂ ਵਿੱਚ ਖਲੋਕੇ ਆਪਣੇ ਮਨ ਦੀ ਹਾਲਤ ਪ੍ਰਤੀ ਅਰਦਾਸ ਕਰਨ ਨੂੰ ਕਿਹਾ। ਉਸ ਪ੍ਰੇਮੀ ਨੇ ਗੁਪਤ ਅਰਦਾਸ ਕੀਤੀ, ਗੁਰੂ ਚਰਨਾਂ ਵਿੱਚ ਨਮਸਕਾਰ ਕਰਨ ਉਪ੍ਰੰਤ, ਉਹ ਪ੍ਰੇਮੀ ਇਕ ਪਾਸੇ ਬੈਠ ਗਿਆ। ਮੈਂ ਗੁਰੂ ਪਾਤਸ਼ਾਹ ਜੀ ਦਾ ਹੁਕਮਨਾਮਾ ਲੈ ਕੇ, ਅੰਤਰ ਆਤਮੇ ਗੁਰਮੰਤ੍ਰ ਦੁਆਰਾ ਗੁਰੂ ਚਰਨਾਂ ਨਾਲ ਇਕ ਸੁਰ ਹੋਇਆ। ਥੋੜੇ ਸਮੇਂ ਤੋਂ ਪਿਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਤੱਖ ਦਰਸ਼ਨ ਹੋਏ। ਸਤਿਗੁਰੂ ਜੀ ਨੇ ਬਚਨ ਕੀਤਾ, ਭਾਈ ਹਰਨਾਮ ਸਿੰਘ! ਇਸ ਪ੍ਰੇਮੀ ਨੂੰ ਸਾਡੀ ਵਲੋਂ ਕਹਿ ਦਿਉ ਕਿ ਬੇਨਤੀ ਚੌਪਈ ਦੇ ਸਤਾਈ ਪਾਠ ਬੇਸ਼ਕ ਨ ਕਰੇ, ਇਕੋ ਪਾਠ ਹੀ ਕਰੇ ਪਰ ਸਾਨੂੰ ਸੁਣਾ ਕੇ ਕਰੇ।

ਇਹ ਪੁੱਛਣ ਤੇ ਕਿ ਪਾਤਸ਼ਾਹ ਆਪ ਜੀ ਨੂੰ ਕਿਵੇਂ ਸੁਣਾਇਆ ਜਾ ਸਕਦਾ ਹੈ ? ਇਸਦੇ ਉੱਤਰ ਵਿੱਚ ਸਤਿਗੁਰੂ ਜੀ ਨੇ ਫੁਰਮਾਇਆ ਕਿ ਜਿਹੜਾ ਪਾਠ ਤੁਸੀਂ ਕਰਦੇ ਹੋ ਜੇ ਤੁਸੀਂ ਆਪ ਆਪਣੇ ਕੀਤੇ ਹੋਏ ਪਾਠ ਨੂੰ, ਸਿਮਰਨ ਨੂੰ, ਸੁਣ ਲਿਆ ਹੈ। ਉਹ ਅਸੀਂ ਵੀ ਸੁਣ ਹਾਂ ਲੈਂਦੇ ਜਿਹੜੀ ਬਾਣੀ, ਜਿਹੜਾ ਸਿਮਰਨ, ਜਿਹੜੀ ਅਰਦਾਸ ਤੁਸੀਂ ਆਪਹੀ ਨਹੀਂ ਸੁਣੀ ਉਹ ਸਾਡੇ ਤਕ ਵੀ ਨਹੀਂ ਪਹੁੰਚੀ। ਉਸਨੂੰ ਅਸੀਂ ਵੀ ਨਹੀਂ ਸੁਣਿਆ।

ਬਾਬਾ ਜੀ ਨੇ ਗੁਰੂ ਮਹਾਰਾਜ ਜੀ ਦਾ ਬਚਨ, ਉਸ ਪ੍ਰੇਮੀ ਨੂੰ ਦੱਸ ਦਿੱਤਾ ਅਤੇ ਨਾਲ ਪ੍ਰੇਰਨਾ ਦਿੱਤੀ ਕਿ, ਜਿੰਨੀ ਬਾਣੀ ਰਸਨਾ ਨਾਲ ਪੜ੍ਹੋ, ਉਸ ਨੂੰ ਆਪਣੇ ਕੰਨਾਂ ਨਾਲ ਸੁਣੋ ਜੇ, ਬਿਨਾਂ ਰਸਨਾਂ ਤੋਂ ਅੰਤਰ ਆਤਮੇ ਪੜਦੇ ਹਾਂ ਉਸਨੂੰ ਆਪਣੀ ਆਤਮਾ ਨਾਲ ਸੁਣੋ। ਫਿਰ ਥੋੜੇ ਸਮੇਂ ਪਿਛੋਂ ਦੱਸਣਾ ?

ਮਹਾਂਪੁਰਖਾਂ ਦੇ ਦਸਣ ਅਨੁਸਾਰ ਜਦੋਂ ਸੁਣ ਕੇ ਗੁਰਬਾਣੀ ਨੂੰ ਪੜ੍ਹਨਾ ਸ਼ੁਰੂ ਕਰ ਦਿਤਾ ਅਤੇ ਸਿਮਰਨ ਕਰਦੇ ਸਮੇਂ ਵੀ ਸੁਣਨ ਵਲ ਵਧੇਰੇ ਬਿਰਤੀ ਲਾਈ। ਇਸ ਤਰਾਂ ਕਰਨ ਨਾਲ ਥੋੜੇ ਸਮੇਂ ਵਿੱਚ ਹੀ ਉਸ ਪ੍ਰੇਮੀ ਨੇ ਆਪ ਦੱਸਿਆ ਕਿ ਹੁਣ ਮੈਨੂੰ ਬਾਣੀ ਪੜ੍ਹਨ ਦੁਆਰਾ ਰਸ ਵੀ ਪ੍ਰਾਪਤ ਹੁੰਦਾ ਹੈ ਅਤੇ ਨਾਮ ਜਪਣ ਨਾਲ ਅਨੰਦ ਦਾ ਝਲਕਾਰਾ ਵੀ ਮਿਲਦਾ ਹੈ।

ਸੋ ਇਹ ਘਟਨਾ ਸਾਨੂੰ ਜਗਿਆਸੂ ਜਨਾਂ ਨੂੰ ਵੀ ਗੁਰਮਤ ਪ੍ਰਾਪਤੀ ਦਾ ਰਸਤਾ ਰੁਸ਼ਨਾਉਂਦੀ ਜੇ ਆਪਾਂ ਆਤਮਿਕ ਪੈਂਡੇ ਤੇ ਚਲ ਕੇ ਕੁਝ ਪ੍ਰਾਪਤ ਕਰਨਾ ਲੋਚਦੇ ਹਾਂ, ਗੁਰੂ ਬਚਨਾਂ ਦੇ ਧਾਰਨੀ ਬਣ ਜਾਈਏ, ਬਹੁਤਾ ਕਰਨ ਦੀ ਬਜਾਇ ਥੋੜਾ ਕਰ ਲਈਏ, ਪਰ ਕਰੀਏ ਗੁਰੂ ਦੱਸੀ ਵਿਧੀ ਅਨੁਸਾਰ। ਜਿਉਂ-ਜਿਉਂ ਨਾਮ ਸੁਣਨ, ਗੁਰਬਾਣੀ ਸੁਣਨੇ ਵਿੱਚ ਮਨ ਜੁੜਦਾ ਜਾਵੇਗਾ, ਸਾਰੇ ਮਨੋਰਥ ਪੂਰੇ ਹੋਣੇ ਅਰੰਭ ਹੋ ਜਾਣਗੇ। ਸੰਸਾਰਕ ਕਾਰ ਵਿਹਾਰਾਂ ਦੀਆਂ ਗੱਲਾਂ ਜਾਂ ਉਸਤਤ, ਨਿੰਦਿਆਂ, ਜਾਂ ਸਾਕਤੀ ਬੋਲ ਸੁਣਨੇ ਬਹੁਤ ਸੌਖੇ ਹਨ। ਪਰ ਗੁਰਬਾਣੀ ਸੁਣਨੀ, ਨਾਮ ਸੁਣਨਾ ਬਹੁਤ ਹੀ ਔਖਾ ਹੈ। ਸਹਿਜੇ-ਸਹਿਜੇ ਜਿਉਂ-ਜਿਉਂ ਮਨ ਨੂੰ ਸੁਨਾਣ ਦੀ ਆਦਤ ਪਾਵਾਂਗੇ, ਫਿਰ ਨਾਮ ਅਤੇ ਗੁਰਬਾਣੀ ਮਨ ਦਾ ਅਧਾਰ ਬਣ ਜਾਵੇਗੀ। ਫਿਰ ਤਾਂ ਆਖਾਂ ਜੀਵਾਂ ਵਿਸਰੈ ਮਰ ਜਾਉ ਦਾ ਫੁਰਮਾਨ ਲਾਗੂ ਹੋਣ ਲਗ ਜਾਵੇਗਾ। ਲੋੜ ਹੈ ਲਗੇ ਰਹਿਣ ਦੀ, ਜੋ ਲੱਗਾ ਰਹੇਗਾ :—

ਰੰਗ ਲਾਗਤ ਲਾਗਤ ਲਾਗਤ ਹੈ॥ ਭੈ ਭਾਗਤ ਭਾਗਤ ਭਾਗਤ ਹੈ।
ਜਨਮ ਜਨਮ ਕਾ ਸੋਇਆ ਇਹ ਮਨ॥ ਜਾਗਤ ਜਾਗਤ ਜਾਗਤ ਹੈ।
ਮਨ ਜਾਗੇ ਦੀ ਇਹ ਨਿਸ਼ਾਨੀ॥ ਤਉ ਉਰ ਮੀਠੀ ਲਾਗੇ ਬਾਨੀ॥

ਜਦੋਂ ਮਨ ਜਾਗ ਪਿਆ ਉਸ ਦੀ ਨਿਸ਼ਾਨੀ ਹੋਵੇਗੀ।

ਮਨ ਜਾਗੇ ਦੀ ਇਹ ਨਿਸ਼ਾਨੀ॥
ਤਉ ਓਰ ਮੀਠੀ ਲਾਗੇ ਬਾਨੀ॥

ਨਾਮ ਦੀ ਪ੍ਰਾਪਤੀ ਕਿਵੇਂ ਅਤੇ ਕਿਥੋਂ ?

ਐਸਾ ਅਮੋਲਕ ਨਾਮ ਜੋ ਇਸ ਸੰਸਾਰ ਵਿੱਚ ਵੀ

ਜਿਥੈ ਹਰਿ ਆਰਾਧਈਐ ਤਿਥੈ ਹਰਿ ਮਿਤੁ ਸਹਾਈ॥

ਸੂਹੀ ਮ: ੪ (ਪੰਨਾ : ੭੩੩)

ਹੋ ਕੇ ਸਹਾਇਤਾ ਕਰਦਾ ਹੈ, ਅਤੇ ਪ੍ਰਲੋਕ ਵਿੱਚ ਵੀ

ਜਹ ਮਾਤ ਪਿਤਾ ਸੁਤ ਮੀਤ ਨ ਭਾਈ॥
ਮਨੁ ਊਹਾ ਨਾਮੁ ਤੇਰੈ ਸੰਗਿ ਸਹਾਈ॥

ਸੁਖਮਨੀ ਮ: ੫ (ਪੰਨਾ : ੨੬੪)

ਰਖਿਅਕ ਬਣ ਕੇ ਜੀਵ ਆਤਮਾਂ ਦਾ ਪੱਖ ਪੂਰਦਾ ਹੈ, ਕਿਵੇਂ ਅਤੇ ਕਿੱਥੋਂ ਪ੍ਰਾਪਤ ਕੀਤਾ ਜਾ ਸਕਦਾ ਹੈ ?

ਭਗਤ ਕਬੀਰ ਜੀ ਫੁਰਮਾਨ ਹੈ, ਪ੍ਰਮੇਸ਼ਰ ਜੀ ਦਾ ਅਮੋਲਕ ਨਾਮ ਸੰਸਾਰ ਦੇ ਕਿਸੇ ਵੀ ਕੀਮਤੀ ਪਦਾਰਥ ਸੋਨਾ, ਚਾਂਦੀ, ਜ਼ਮੀਨ, ਜਾਇਦਾਦ ਦੇ ਬਦਲੇ ਵਿੱਚ ਮੁੱਲ ਤਾਰ

ਕੇ ਪ੍ਰਾਪਤ ਨਹੀਂ ਕੀਤਾ ਜਾ ਸਕਦਾ "**ਕੰਚਨ ਸਿਉ ਪਾਈਐ ਨਹੀ ਤੋਲਿ ॥**"

ਗਉੜੀ ਕਬੀਰ ਜੀ (ਪੰਨਾ : ੩੨੭)

ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ ?

ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥

ਗਉੜੀ ਕਬੀਰ ਜੀ (ਪੰਨਾ : ੩੨੭)

ਜਦੋਂ ਜਗਿਆਸੂ ਨੇ ਗੁਰੂ ਨੂੰ ਮਨ ਭੇਟ ਕਰ ਦਿੱਤਾ, ਮਨ ਦੀ ਭੇਟਾ ਤੇ ਪ੍ਰਸੰਨ ਹੋ ਕੇ ਸਤਿਗੁਰੂ ਨੇ ਨਾਮ ਦੀ ਅਮੋਲਕ ਦਾਤ ਬਖਸ਼ਸ਼ ਕਰ ਦਿੱਤੀ।

ਜਿਸ ਦੇ ਪਾਸ ਵਸਤੂ ਹੋਵੇ ਉਸ ਪਾਸੋਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਜਿਸ ਪਾਸ ਉਹ ਵਸਤੂ, ਜਿਸ ਨੂੰ ਅਸੀਂ ਪ੍ਰਾਪਤ ਕਰਨਾ ਚਾਹੁੰਦੇ ਹੋਈਏ, ਹੋਵੇ ਹੀ ਨਾ, ਉਹ ਕਦੇ ਵੀ ਪ੍ਰਾਪਤ ਨਹੀਂ ਹੋ ਸਕਦੀ। ਪ੍ਰਮੇਸ਼ਰ ਜੀ ਨੇ ਨਾਮ ਦੇ ਭੰਡਾਰੇ ਦੀ ਸਉਂਪਣਾ ਸਤਿਗੁਰੂ ਨੂੰ ਕੀਤੀ ਹੈ। ਹਰੀ ਪ੍ਰਮੇਸ਼ਰ ਦੀ ਮਿਹਰ ਨਾਲ ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਜਿਸ ਨੂੰ ਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ, ਉਸਨੂੰ ਸਤਿਗੁਰੂ ਨਾਮ ਦੀ ਰਾਸ ਬਖਸ਼ਸ਼ ਕਰ ਦਿੰਦਾ ਹੈ। ਸਤਿਗੁਰੂ ਜੀ ਵਰਗਾ ਹੋਰ ਸੰਸਾਰ ਵਿੱਚ ਕੋਈ ਨਹੀਂ ਕਿਉਂਕਿ ਜਿੱਥੇ ਸਤਿਗੁਰੂ ਨਾਮ ਦੇ ਭੰਡਾਰਿਆਂ ਦਾ ਮਾਲਕ ਹੈ, ਉੱਥੇ ਸਤਿਗੁਰੂ ਨੇ ਹਰੀ ਨੂੰ ਚੰਗੀ ਤਰਾਂ ਬੁੱਝ ਲਿਆ ਹੈ। ਸਾਹਿਬ ਸ੍ਰੀ ਗੁਰੂ ਰਾਮ ਦਾਸ ਜੀ ਦਾ ਫੁਰਮਾਨ ਹੈ :—

ਸਤਿਗੁਰੁ ਦਾਤਾ ਹਰਿ ਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ ॥
ਸਤਿਗੁਰਿ ਹਰਿ ਪ੍ਰਭੁ ਬੁਝਿਆ ਗੁਰ ਜੇਵਡੁ ਅਵਰੁ ਨ ਕੋਇ ॥

ਸਿਰੀਰਾਗੁ ਮ: ੪ (ਪੰਨਾ : ੩੯)

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ, ਬਹੁਤ ਚੰਗੇ ਭਾਗਾਂ ਨਾਲ ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਨਾਮ ਦੀ ਬਖਸ਼ਸ਼ ਕਰ ਕੇ ਪ੍ਰਭੂ ਨਾਲ ਮਿਲਾਪ ਕਰਵਾ ਦਿੰਦਾ ਹੈ :—

ਸਤਿਗੁਰ ਤੇ ਨਾਮੁ ਪਾਈਐ ਕਰਮਿ ਮਿਲੈ ਪ੍ਰਭੁ ਸੋਇ ॥ ੪ ॥

ਗਉੜੀ ਬੈਰਾਗਣ ਮ: ੩ (ਪੰਨਾ : ੨੩੩)

ਤਥਾ :—**ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥**
ਜੋਗ ਜੁਗਤਿ ਸਚਿ ਰਹੈ ਸਮਾਇ ॥

ਰਾਮਕਲੀ ਮ:੧ (ਪੰਨਾ : ੯੪੧)

ਤਥਾ :—**ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥**
ਸਚੈ ਸਬਦਿ ਸਚਿ ਸਮਾਇ ॥੧॥

ਏ ਮਨ ਨਾਮੁ ਨਿਧਾਨੁ ਤੂ ਪਾਇ ॥
ਆਪਣੇ ਗੁਰ ਕੀ ਮੰਨਿ ਲੈ ਰਜਾਇ ॥ ੧ ॥ ਰਹਾਉ ॥
ਗੁਰ ਕੈ ਸਬਦਿ ਵਿਚਹੁ ਮੈਲੁ ਗਵਾਇ ॥
ਨਿਰਮਲੁ ਨਾਮੁ ਵਸੈ ਮਨਿ ਆਇ ॥ ੨ ॥

ਵਡਹੰਸ ਮ: ੩ (ਪੰਨਾ : ੫੬੦)

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਮਾਝ ਰਾਗ ਵਿੱਚ ਫੁਰਮਾਨ ਹੈ ਕਿ ਨਾਮ ਤੋਂ ਬਿਨਾਂ ਸਦੀਵੀਂ ਸੁੱਖ ਕਦਾਚਿਤ ਨਹੀਂ ਪ੍ਰਾਪਤ ਹੋ ਸਕਦਾ। ਸਾਧਨਾ ਕਰਨ ਵਾਲੇ ਸਿੱਧ ਅਤੇ ਜੋਗੀ ਸਦੀਵੀਂ ਸੁੱਖ ਦੀ ਪ੍ਰਾਪਤੀ ਵਾਸਤੇ ਬਹੁਤ ਤਰਲੇ ਲੈਂਦੇ ਰਹੇ ਪਰ ਸਦੀਵੀਂ ਸੁੱਖ-ਸ਼ਾਂਤੀ ਉਹਨਾਂ ਨੂੰ ਪ੍ਰਾਪਤ ਨਾ ਹੋਈ। ਬਹੁਤ ਉੱਤਮ ਭਾਗ ਹੋਣ ਤਦ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਜਦੋਂ ਸਤਿਗੁਰੂ ਜੀ ਦਾ ਮਿਲਾਪ ਪ੍ਰਾਪਤ ਹੋ ਜਾਂਦਾ ਹੈ, ਗੁਰੂ ਮਿਹਰ ਕਰਕੇ ਨਾਮ ਦੀ ਦਾਤ ਬਖਸ਼ਸ਼ ਕਰ ਦਿੰਦਾ ਹੈ। ਜਿਸ ਨਾਮ ਦੀ ਬਦੌਲਤ ਸਦੀਵੀਂ ਸੁੱਖ, ਸਦੀਵੀਂ ਅਨੰਦ ਪ੍ਰਾਪਤ ਹੋ ਜਾਂਦਾ ਹੈ।

ਬਿਨੁ ਗੁਰ ਨਾਮੁ ਨ ਪਾਇਆ ਜਾਇ ॥
ਸਿਧ ਸਾਧਿਕ ਰਹੇ ਬਿਲਲਾਇ ॥
ਬਿਨੁ ਗੁਰ ਸੇਵੇ ਸੁਖੁ ਨ ਹੋਵੀ
ਪੂਰੈ ਭਾਗਿ ਗੁਰੁ ਪਾਵਣਿਆ ॥ ੩ ॥

ਮਾਝ ਮ: ੩ (ਪੰਨਾ : ੧੧੫)

ਤਥਾ :—**ਗੁਰ ਸੇਵਾ ਤੇ ਹਰਿ ਨਾਮੁ ਧਨੁ ਪਾਵੈ ॥**
ਅੰਤਰਿ ਪਰਗਾਸੁ ਹਰਿ ਨਾਮੁ ਧਿਆਵੈ ॥

ਧਨਾਸਰੀ ਮ: ੩ (ਪੰਨਾ : ੬੬੪)

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਜਿਹਨਾਂ ਨੇ 72 ਸਾਲ ਦੀ ਆਯੂ ਤੱਕ ਗੁਰੂ ਵਿਹੂਣਾ ਕਰਮਕਾਂਡੀ ਜੀਵਨ ਬਤੀਤ ਕੀਤਾ, ਉਪ੍ਰੰਤ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਗ੍ਰਿਹਣ ਕਰ, ਗੁਰੂ ਵਾਲੇ ਬਣ, ਬਰਕਤਾਂ ਪ੍ਰਾਪਤ ਕੀਤੀਆਂ ਅਤੇ ਨਾਮ ਜਪ ਤੇ ਹੁਕਮ ਮੰਨਣ ਦੀ ਘਾਲ ਦੁਆਰਾ ਗੁਰਤਾ ਗੱਦੀ ਪ੍ਰਾਪਤ ਕਰ ਅਨੇਕਾਂ ਨੂੰ ਜੀਅ ਦਾਨ ਬਖਸ਼ਸ਼ ਕੀਤਾ, ਆਪ ਦਾ ਫੁਰਮਾਨ ਹੈ ਕਿ ਨਾਮ ਦਾ ਦਾਤਾ ਕੇਵਲ ਤੇ ਕੇਵਲ ਸਤਿਗੁਰੂ ਹੀ ਹੈ। ਗੁਰੂ ਤੋਂ ਬਿਨਾਂ ਹੋਰ ਕੋਈ ਵੀ ਨਾਮ ਦੀ ਦਾਤ ਨਹੀਂ ਦੇ ਸਕਦਾ। ਜਿਹਨਾਂ ਵਡਭਾਗੀਆਂ ਨੂੰ ਸਤਿਗੁਰੂ ਜੀ ਨਾਮ ਦੀ ਦਾਤ ਬਖਸ਼ਸ਼ ਕਰ ਦਿੰਦੇ ਹਨ, ਨਾਮ ਜਪ ਦੁਆਰਾ ਉਹਨਾਂ ਨੂੰ ਜੀਅ ਦਾਨ ਪ੍ਰਾਪਤ ਹੋ ਜਾਂਦਾ ਹੈ। ਜੀਅ ਦਾਨ ਪ੍ਰਾਪਤ ਹੁੰਦੇ ਹੀ ਉਹ ਹਰ ਤਰਾਂ ਨਾਲ ਤ੍ਰਿਪਤ ਹੋ ਜਾਂਦੇ ਹਨ। ਉਹਨਾਂ ਦੀ ਆਤਮਕਿ

ਅਵਸਥਾ ਇਹੋ ਜਿਹੀ ਬਣ ਜਾਂਦੀ ਹੈ ਕਿ ਹਰ ਸਮੇਂ ਹਰੀ ਉਹਨਾਂ ਦੇ ਹਿਰਦੇ ਵਿੱਚ ਸਮਾਇਆ ਰਹਿੰਦਾ ਹੈ ਅਤੇ ਉਹਨਾਂ ਦੀ ਸਹਿਜ ਅਵਸਥਾ ਵਿੱਚ ਸਮਾਧੀ ਲੱਗ ਜਾਂਦੀ ਹੈ :—

ਸਤਿਗੁਰੁ ਦਾਤਾ ਰਾਮ ਨਾਮ ਕਾ ਹੋਰੁ ਦਾਤਾ ਕੋਈ ਨਾਹੀ॥
ਜੀਅ ਦਾਨੁ ਦੇਇ ਤ੍ਰਿਪਤਾਸੇ ਸਚੈ ਨਾਮਿ ਸਮਾਹੀ॥
ਅਨਦਿਨੁ ਹਰਿ ਰਵਿਆ ਰਿਦ ਅੰਤਰਿ ਸਹਜਿ ਸਮਾਧਿ ਲਗਾਹੀ॥ ੨॥

ਮਲਾਰ ਮ: ੩, (ਪੰਨਾ : ੧੨੫੮-੫੯)

ਤਥਾ :—**ਬਿਨੁ ਸਤਿਗੁਰ ਦਾਤਾ ਕੋ ਨਹੀ ਜੋ ਹਰਿ ਨਾਮੁ ਦੇਇ ਆਧਾਰ॥**
ਗੁਰ ਕਿਰਪਾ ਤੇ ਨਾਉ ਮਨਿ ਵਸੈ ਸਦਾ ਰਹੈ ਉਰਿ ਧਾਰਿ॥

ਸਲੋਕ ਮ: ੩ (ਪੰਨਾ : ੧੪੧੭)

ਸ਼ਹਿਬ ਸ੍ਰੀ ਗੁਰੂ ਰਾਮ ਦਾਸ ਜੀ ਦਾ ਕਾਨੜਾ ਵਾਰ ਵਿੱਚ ਫੁਰਮਾਨ ਹੈ ਕਿ ਹਰੀ ਪ੍ਰਮੇਸਰ ਜੀ ਦਾ ਨਾਮ ਬਹੁਤ ਉੱਤਮ ਹੈ, ਪਰ ਵਿਰਲੇ ਵਡਭਾਗੀਆਂ ਨੇ ਗੁਰੂ ਦੇ ਪਾਸੋਂ ਪ੍ਰਾਪਤ ਕੀਤਾ ਹੈ। ਜਿਹਨਾਂ ਨੂੰ ਸਤਿਗੁਰੂ ਜੀ ਨੇ ਸ੍ਰੇਸ਼ਟ ਨਾਮ ਬਖਸ਼ਸ਼ ਕਰ ਦਿੱਤਾ ਉਹਨਾਂ ਦਾ ਸਾਰਾ ਦਰਿੱਦਰ ਅਤੇ ਦੁੱਖ ਸਦਾ ਲਈ ਦੂਰ ਹੋ ਗਿਆ।

ਹਰਿ ਉਤਮੁ ਹਰਿ ਪ੍ਰਭ ਨਾਮੁ ਹੈ ਗੁਰ ਬਚਨਿ ਸਭਾਗੈ ਲੀਤਾ॥
ਦੁਖੁ ਦਾਲਦੁ ਸਭੋ ਲਹਿ ਗਇਆ ਜਾਂ ਨਾਉ ਗੁਰੂ ਹਰਿ ਦੀਤਾ॥

ਕਾਨੜੇ ਕੀ ਵਾਰ ਮ: ੪ (ਪੰਨਾ : ੧੩੧੭)

ਹੇ ਭਾਈ ਜਿਸ ਨਾਮ ਨੂੰ ਪ੍ਰਾਪਤ ਕਰਨ ਵਾਸਤੇ ਅਨੇਕਾਂ ਦੇਵਤੇ ਤਰਸਦੇ ਹਨ, ਜਿਸ ਨਾਮ ਦੀ ਪ੍ਰਾਪਤੀ ਵਾਸਤੇ ਸਾਰੇ ਭਗਤ ਹਰੀ ਦੀ ਸੇਵਾ ਕਰਦੇ ਹਨ ਐਸਾ ਅਮੋਲਕ ਨਾਮ ਜੋ ਅਨਾਥਾਂ ਨੂੰ ਆਸਰਾ ਦੇਣ ਵਾਲਾ ਹੈ, ਦੀਨਾਂ ਦੁਖੀਆਂ ਦੇ ਦੁੱਖ ਦੂਰ ਕਰਨ ਵਾਲਾ ਹੈ, ਐਸਾ ਪ੍ਰਭੂ ਅਤੇ ਉਸਦਾ ਅਮੋਲਕ ਨਾਮ ਪੂਰੇ ਗੁਰੂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਪੂਰੇ ਗੁਰੂ ਨੂੰ ਛੱਡ ਕੇ, ਭਾਵੇਂ ਕੋਈ ਤਿੰਨਾਂ ਭਵਨਾਂ ਵਿੱਚ ਦੌੜ-ਭੱਜ ਕਰ ਲਵੇ, ਪਰ ਇੰਨੀ ਭੱਜ ਦੌੜ ਕਰਨ ਨਾਲ ਵੀ ਉਸਨੂੰ ਨਾਮ ਰਤਨ ਦੀ ਸੋਝੀ ਪ੍ਰਾਪਤ ਨਹੀਂ ਹੋ ਸਕਦੀ। ਸਤਿਗੁਰੂ ਹੀ ਨਾਮ ਧਨ ਦਾ ਸ਼ਾਹ ਹੈ, ਸਤਿਗੁਰੂ ਦੇ ਪਾਸ ਹੀ ਨਾਮ ਧਨ ਦਾ ਖਜ਼ਾਨਾ ਹੈ। ਇਸ ਕਰਕੇ ਨਾਮ-ਰੂਪੀ ਰਤਨ ਪੂਰੇ ਗੁਰੂ ਪਾਸੋਂ ਹੀ ਪ੍ਰਾਪਤ ਹੋ ਸਕਦਾ ਹੈ। ਹੋਰ ਕਿਸੇ ਥਾਂ ਤੋਂ, ਕਿਸੇ ਵੀ ਜਤਨ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ :—

ਜਿਸੁ ਨਾਮੈ ਕਉ ਤਰਸਹਿ ਬਹੁ ਦੇਵਾ॥
ਸਗਲ ਭਗਤ ਜਾ ਕੀ ਕਰਦੇ ਸੇਵਾ॥

ਅਨਾਥਾ ਨਾਥੁ ਦੀਨ ਦੁਖ ਭੰਜਨੁ
ਸੋ ਗੁਰ ਪੂਰੇ ਤੇ ਪਾਇਣਾ॥ ੩॥
ਹੋਰੁ ਦੁਆਰਾ ਕੋਇ ਨ ਸੂਝੈ॥
ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ॥
ਸਤਿਗੁਰੁ ਸਾਹੁ ਭੰਡਾਰੁ ਨਾਮ ਜਿਸੁ
ਇਹੁ ਰਤਨੁ ਤਿਸੈ ਤੇ ਪਾਇਣਾ॥੪॥

ਮਾਰੂ ਮ: ੫ (ਪੰਨਾ : ੧੦੭੮)

ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਭਾਵੇਂ ਸਾਰਿਆਂ ਜੀਵਾਂ ਦੇ ਅੰਦਰ ਗੁਪਤ ਰੂਪ ਵਿੱਚ ਨਾਮ ਰਵਿਆ ਹੋਇਆ ਹੈ, ਸਾਰਿਆਂ ਘਟਾਂ ਵਿੱਚ ਪ੍ਰਮੇਸ਼ਰ ਦੀ ਹੋਂਦ ਮੌਜੂਦ ਹੈ, ਪਰ ਪ੍ਰਮੇਸ਼ਰ ਦਾ ਜ਼ਹੂਰ ਅਤੇ ਪ੍ਰਮੇਸ਼ਰ ਦਾ ਨਾਮ ਉਸ ਦੇ ਹਿਰਦੇ ਵਿੱਚ ਹੀ ਪ੍ਰਗਟ ਹੁੰਦਾ ਹੈ, ਜੋ ਗੁਰੂ ਦੀ ਸ਼ਰਣ ਵਿੱਚ ਭੱਜ ਕੇ ਆ ਜਾਂਦਾ ਹੈ, ਸਾਹਿਬਾਂ ਦਾ ਬਚਨ ਹੈ :—

ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ॥
ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ॥ ੨॥

ਪ੍ਰਭਾਤੀ ਮ: ੩ (ਪੰਨਾ : ੧੩੩੪)

ਮਾਰੂ ਰਾਗ ਵਿੱਚ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਸਾਡੇ ਜੀਵਨ ਦੀ ਰੋਜ਼ ਮਰਾ ਜ਼ਿੰਦਗੀ ਵਿੱਚੋਂ ਲੁਹਾਰ ਦੀ ਭੱਠੀ ਦਾ ਦ੍ਰਿਸ਼ਟਾਂਤ ਦੇ ਕੇ ਸਤਿਗੁਰੂ ਦੀ ਅਤੇ ਅੰਮ੍ਰਿਤ ਨਾਮ ਦੀ ਮਹਾਨਤਾ ਦਰਸਾਈ ਹੈ।

ਸਾਡਾ ਸਰੀਰ ਮਾਨੋ ਇੱਕ ਲੁਹਾਰ ਦੀ ਭੱਠੀ ਹੈ। ਜਿਵੇਂ ਲੋਹੇ ਨੂੰ ਗਰਮ ਕਰਨ ਲਈ ਲੁਹਾਰ ਅੱਗ ਬਾਲਦਾ ਹੈ। ਸਾਡੇ ਸਰੀਰ ਅੰਦਰ ਵੀ ਹਰ ਸਮੇਂ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੀ ਤਪਸ ਅਗਨੀ ਦੇ ਭਾਂਬੜ ਮਚ ਰਹੇ ਹਨ। ਇਹਨਾਂ ਪੰਜਾਂ ਦੀ ਅੱਗ ਨੂੰ ਹੋਰ ਤੇਜ ਕਰਨ ਲਈ ਮਨੁੱਖ ਹੋਰ ਪਾਪ ਕਰਮ ਕਰਕੇ ਮਾਨੋ ਬਲ ਰਹੀ ਅਗਨੀ ਵਿੱਚ ਤਪਦੇ ਕੋਲੇ ਪਾ ਰਿਹਾ ਹੈ। ਮਨੁੱਖ ਪਾਪ ਕਰਮ ਵਿਕਾਰਾਂ ਨੂੰ ਸ਼ਾਂਤ ਕਰਨ ਵਾਸਤੇ ਕਰਦਾ ਹੈ, ਪਰ ਹੁੰਦਾ ਇਸਦੇ ਉਲਟ ਹੈ। ਜਿਉਂ-ਜਿਉਂ ਮਨੁੱਖ ਵਾਸ਼ਨਾਵਾਂ ਨੂੰ ਸ਼ਾਂਤ ਕਰਨ ਲਈ ਵਿਸ਼ੇ ਭੋਗਾਂ ਵਿੱਚ ਖਚਤ ਹੁੰਦਾ ਹੈ, ਸਗੋਂ ਵਿਕਾਰਾਂ ਦੀ ਅਗਨੀ ਹੋਰ ਪ੍ਰਜੁਅਲਤ ਹੁੰਦੀ ਹੈ। ਅਸ਼ਾਂਤੀ ਹੋਰ ਵਧਦੀ ਹੈ। ਇਸ ਅਸ਼ਾਂਤੀ ਦੀ ਤਪਸ਼ ਨਾਲ ਮਨ ਦਿਨ ਰਾਤ ਤਪਦਾ ਹੈ, ਖਪਦਾ ਹੈ। ਹਰ ਸਮੇਂ ਚਿੰਤਾ ਮਨ ਨੂੰ ਸੰਨ੍ਹੀ ਵਾਂਗ ਫੜੀ ਰੱਖਦੀ ਹੈ। ਕਿਸੇ ਸਮੇਂ ਵੀ ਚਿੰਤਾ ਮਨ ਦਾ ਖਹਿੜਾ ਨਹੀਂ ਛੱਡਦੀ।

ਮਨ ਦੀ ਇਹੋ ਜਿਹੀ ਤਰਸ-ਜੋਗ ਹਾਲਤ ਤੋਂ ਨਿਜ਼ਾਤ ਦੁਆਉਣ ਲਈ ਜੇ ਵੱਡੇ ਭਾਗਾਂ ਨਾਲ ਸਮੱਰਥ ਗੁਰੂ ਦਾ ਮਿਲਾਪ ਹੋ ਜਾਵੇ। ਸਤਿਗੁਰੂ ਸੜੇ ਹੋਏ ਮਨੂਰ ਬਣੇ,

ਮਨ ਨੂੰ ਨਾਮ ਦਾ ਅੰਮ੍ਰਿਤ ਦੇ ਕੇ ਸ਼ੁੱਧ ਸੋਨਾ ਬਣਾ ਦਿੰਦਾ ਹੈ। ਨਾਮ ਦੀ ਬਰਕਤ ਨਾਲ ਮਨੁੱਖ ਨੂੰ ਸ਼ਾਂਤੀ ਵੀ ਪ੍ਰਾਪਤ ਹੋ ਜਾਂਦੀ ਹੈ ਅਤੇ ਵਿਕਾਰਾਂ ਦੀ ਤਪਸ਼ ਤੋਂ ਵੀ ਨਿਜ਼ਾਤ ਪ੍ਰਾਪਤ ਹੋ ਜਾਂਦੀ ਹੈ। ਕੈਸੀ ਪ੍ਰਮੇਸ਼ਰ ਨੇ ਗੁਰੂ ਨੂੰ ਨਾਮ ਦੀ ਰਸਾਇਣ ਦਾ ਭੰਡਾਰ ਬਖਸ਼ਸ਼ ਕੀਤਾ ਹੋਇਆ ਹੈ ਜੋ ਕੇਵਲ ਸਤਿਗੁਰੂ ਜੀ ਦੀ ਸ਼ਰਣ ਵਿੱਚ ਆ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਪੜ੍ਹੀਏ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ, ਸਤਿਗੁਰੂ ਅਤੇ ਨਾਮ ਦੀ ਮਹਾਨਤਾ ਦਾ ਪਤਾ ਚਲ ਜਾਵੇਗਾ :—

ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ॥
ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ॥ ੩॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥ ੪॥ ੩॥

ਮਾਰੂ ਮ: ੧ (ਪੰਨਾ : ੯੯੦)

ਉੱਪਰ ਲਿਖੀ ਗਰਬਾਣੀ ਵੀਚਾਰ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਪ੍ਰਮੇਸ਼ਰ ਦਾ ਅਮੋਲਕ ਨਾਮ ਆਪਣੀ ਸਿਆਣਪ ਜਾਂ ਬੁੱਧੀ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਧਨ-ਪਦਾਰਥ, ਸੋਨੇ ਚਾਂਦੀ ਹੀਰੇ ਜਵਾਹਰਾਤਾਂ ਦਾ ਮੁੱਲ ਤਾਰ ਕੇ ਨਾਮ ਨੂੰ ਖ੍ਰੀਦਿਆ ਜਾ ਸਕਦਾ ਹੈ। ਨਾਮ ਕੇਵਲ ਸਤਿਗੁਰੂ ਜੀ ਦੀ ਸ਼ਰਣ ਵਿੱਚ ਆ ਕੇ, ਗੁਰੂ ਪਾਸੋਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

ਉਹਨਾਂ ਗੁਰੂ ਪਿਆਰਿਆਂ ਦਾ ਆਪਣਾ ਨਿਜੀ ਅਨੁਭਵ ਵਾਚ ਲਈਏ ਜਿਹੜੇ ਨਾਮ ਪ੍ਰਾਪਤ ਕਰਕੇ ਪ੍ਰਭੂ ਜੀ ਨਾਲ ਅਭੇਦ ਹੋਣਾ ਚਾਹੁੰਦੇ ਸਨ। ਉਹ ਆਤਮਿਕ ਮੁਤਲਾਸ਼ੀ ਭੱਟ ਜਨ ਘਰ-ਬਾਰ ਛੱਡ ਕੇ ਲਗਾਤਾਰ ਇੱਕ ਸਾਲ ਸਾਧੂ ਮਹਾਤਮਾਂ ਦੇ ਡੇਰਿਆਂ ਵਿੱਚ ਗਏ। ਤੀਰਥ ਅਸਥਾਨਾਂ ਉੱਤੇ ਜਾ ਕੇ ਸਿਆਣੇ ਵਿਦਵਾਨਾਂ ਚਤੁਰ-ਬੇਦੀਆਂ, ਖਟ ਸ਼ਾਸਤ੍ਰੀਆਂ ਨਾਲ ਵੀਚਾਰ ਸਾਂਝੇ ਕੀਤੇ। ਮਨ ਦੀ ਸ਼ਾਂਤੀ ਵਾਸਤੇ ਜੋਗੀਆਂ ਦੇ ਮੱਠਾਂ ਵਿੱਚ ਗਏ, ਘਰ-ਬਾਰ ਤਿਆਗ ਕੇ ਬਾਹਰ ਜੰਗਲਾਂ ਵਿੱਚ ਦਿਨ ਕਟੀ ਕਰਦੇ ਸੰਨਿਆਸੀਆਂ ਪਾਸ ਪੁੱਜੇ, ਤਪ ਸਾਧਨਾਂ ਕਰਨ ਵਾਲਿਆਂ ਦੇ ਵੀ ਚਰਨ ਪਰਸੇ, ਪੰਡਤਾਂ ਪਾਸ ਵੀ ਗਏ। ਉਹਨਾਂ ਨਾਲ ਵੀ ਗਿਆਨ ਚਰਚਾ ਕੀਤੀ ਪਰ ਨਾਮ ਦਾ ਪੱਥ ਕਿਸੇ ਨੇ ਵੀ ਪ੍ਰਦਰਸ਼ਨ ਨ ਕੀਤਾ ਅਤੇ ਅਖੀਰ ਨਿਰਾਸ਼ ਹੋ ਗਏ।

ਮਨ ਦੀ ਤੀਬਰ ਲੋਚ ਨੇ ਅਖੀਰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮਿਲਾਪ ਕਰਵਾ ਦਿੱਤਾ। ਸਾਹਿਬਾਂ ਦੇ ਚਰਨਾਂ ਵਿੱਚ ਭੱਟਾਂ ਨੇ ਆਪਣੀ ਵੇਦਨਾ ਰੱਖੀ ਤੇ ਪ੍ਰਭੂ ਪ੍ਰਾਪਤੀ ਦੇ ਰਸਤੇ ਦੀ ਯਾਚਨਾ ਕੀਤੀ। ਸਾਹਿਬਾਂ, ਸੱਚੇ ਗੁਰਮਤ ਪਾਂਧੀ ਜਾਣ, ਨਾਮ ਦੀ ਦਾਤ ਬਖਸ਼ਿਸ਼ ਕੀਤੀ, ਜਿਸ ਸਦਕਾ ਉਹਨਾਂ ਦੀ ਲਿਵ ਪ੍ਰਭੂ ਪ੍ਰਮੇਸ਼ਰ ਜੀ ਨਾਲ ਇੱਕ ਸੁਰ ਹੋ

ਗਈ। ਇਹ ਸਾਰੀ ਹੱਡ ਬੀਤੀ ਉਨ੍ਹਾਂ ਨੇ ਆਪਣੀ ਕਲਮ ਦੁਆਰਾ ਬਾਣੀ ਵਿੱਚ ਦਰਜ ਕੀਤੀ :—

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ॥
ਸੰਨਿਆਸੀ ਤਪਸੀਅਹੁ ਮੁਖਹੁ ਏ ਪੰਡਿਤ ਮਿਠੇ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ॥
ਹਰਿ ਨਾਮੁ ਛੋਡਿ ਦੂਜੈ ਲਗੇ ਤਿਨ੍ ਕੇ ਗੁਣ ਹਉ ਕਿਆ ਕਹਉ॥
ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ॥

ਸਵਈਏ ਮਹਲੇ ਤੀਜੇ ਕੇ ੩ (ਪੰਨਾ : ੧੩੯੫)

ਜਦੋਂ ਸਤਿਗੁਰਾਂ ਪਾਸੋਂ ਨਾਮ ਦੀ ਦਾਤ ਪ੍ਰਾਪਤ ਕਰ ਲਈ, ਫਿਰ ਉਹਨਾਂ ਦੇ ਜੀਵਨ ਵਿੱਚ ਨਾਮ ਜਪ ਦੁਆਰਾ ਜੋ ਤਬਦੀਲੀ ਆਈ, ਸਾਡੇ ਜਗਿਆਸੂਆਂ ਦਾ ਰਸਤਾ ਰੁਸ਼ਨਾਉਣ ਹਿੱਤ ਉਸ ਨੂੰ ਵੀ ਉਨ੍ਹਾਂ ਬਾਣੀ ਵਿੱਚ ਦਰਜ ਕੀਤਾ ਤਾਂ ਜੋ ਆਉਣ ਵਾਲੇ ਜਗਿਆਸੂ ਨੂੰ ਨਾਮ ਅਤੇ ਗੁਰੂ ਦੀ ਮਹਾਨਤਾ ਦਾ ਪਤਾ ਚਲ ਸਕੇ ਅਤੇ ਜਗਿਆਸੂ, ਗੁਰੂ ਵਾਲਾ ਬਣ ਕੇ ਗੁਰੂ ਦੇ ਪਾਸੋਂ ਨਾਮ ਦੀ ਅਮੋਲਕ ਦਾਤ ਪ੍ਰਾਪਤ ਕਰਕੇ ਆਪਣਾ ਲੋਕ-ਪ੍ਰਲੋਕ ਸਵਾਰ ਲਵੇ। ਗੁਰੂ ਵਾਲੇ ਬਣਨ ਅਤੇ ਨਾਮ ਜਪ ਦੀ ਬਰਕਤ ਨਾਲ ਉਹਨਾਂ ਵਿੱਚ ਕੀ ਤਬਦੀਲੀ ਆਈ, ਉਨ੍ਹਾਂ ਨੇ ਸਵੱਈਆਂ ਦੀ ਬਾਣੀ ਵਿੱਚ ਅੰਕਿਤ ਕੀਤਾ ਹੈ ਕਿ ਹੇ ਸੰਸਾਰ ਦੇ ਲੋਕੋ! ਗੁਰੂ ਦੀ ਸ਼ਰਣ ਵਿੱਚ ਆਉਣ ਤੋਂ ਪਹਿਲੇ ਜਦੋਂ ਅਸੀਂ ਅਜੇ ਨਾਮ ਵਿਹੂਣੇ ਸਾਂ, ਸਾਡਾ ਜੀਵਨ ਇੱਕ ਕੱਚ ਦੇ ਸਮਾਨ ਸੀ। ਜਦੋਂ ਅਸੀਂ ਸਤਿਗੁਰੂ ਦੀ ਸ਼ਰਣ ਨੂੰ ਪ੍ਰਾਪਤ ਕਰਕੇ ਨਾਮ ਦੀ ਦਾਤ ਦੇ ਅਧਿਕਾਰੀ ਬਣ ਗਏ, ਉਹੋ ਸਾਡਾ ਕੱਚ ਸਮਾਨ ਜੀਵਨ ਕੰਚਨ[੧] ਵਰਗਾ ਬਣ ਗਿਆ।

ਸਾਡਾ ਪਹਿਲਾ, ਗੁਰੂ ਤੇ ਨਾਮ ਵਿਹੂਣਾ ਜੀਵਨ ਇੱਕ ਜ਼ਹਿਰ ਸਮਾਨ ਸੀ। ਦਿਨ ਰਾਤ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਸੰਸਾਰਕ ਵਾਸ਼ਨਾਵਾਂ ਦੀ ਬਿਖ ਨਾਲ ਨੱਕੋ-ਨੱਕ ਭਰਿਆ ਹੋਇਆ ਸੀ। ਗੁਰੂ ਵਾਲੇ ਬਣਨ ਅਤੇ ਨਾਮ ਜਪ ਦੀ ਕਮਾਈ ਨਾਲ ਹੁਣ ਸਾਡਾ ਜੀਵਨ ਅੰਮ੍ਰਿਤਮਈ ਨਾਮ ਰਸ ਵਾਲਾ ਬਣ ਗਿਆ ਹੈ।

ਪਹਿਲਾਂ, ਨਾਮ ਵਿਹੂਣਾ ਸਾਡਾ ਜੀਵਨ ਇੱਕ ਲੋਹੇ ਸਮਾਨ ਸੀ, ਪਰ ਗੁਰੂ ਦੀ ਬਖਸ਼ਿਸ਼ ਅਤੇ ਨਾਮ ਦੀ ਬਰਕਤ ਨਾਲ ਹੁਣ ਸਾਡਾ ਜੀਵਨ ਬੇਸ਼-ਕੀਮਤੀ ਲਾਲ ਦੀ ਨਿਆਈਂ ਬਣ ਗਿਆ ਹੈ।

ਪਹਿਲਾਂ ਜੀਵਨ ਇੱਕ ਸਧਾਰਨ ਪੱਥਰ ਦੀ ਤਰ੍ਹਾਂ ਸੀ ਪਰ ਗੁਰੂ ਦੇ ਬਖਸ਼ਿਸ਼ ਕੀਤੇ

੧. ਸੋਨਾ

ਨਾਮ ਗਿਆਨ ਦੀ ਬਰਕਤ ਸਦਕਾ ਹੁਣ ਵਾਲਾ ਜੀਵਨ ਸੁੱਚੇ ਕੀਮਤੀ ਮੋਤੀ ਸਮਾਨ ਬਣ ਗਿਆ ਹੈ।

ਸਤਿਗੁਰੂ ਨੇ ਰਹਿਮਤ ਕਰਕੇ, ਸਾਡੇ ਨਾਮ ਵਿਹੂਣੇ ਜੀਵਨ ਨੂੰ ਜੋ ਇੱਕ ਸਧਾਰਨ ਲੱਕੜ ਸਮਾਨ ਸੀ, ਨਾਮ ਦੀ ਦਾਤ ਬਖਸ਼ਸ਼ ਕਰਕੇ, ਚੰਦਨ ਵਰਗਾ ਬਣਾ ਦਿੱਤਾ। ਗੁਰੂ ਦੀ ਰਹਿਮਤ ਨਾਲ ਅਤੇ ਨਾਮ-ਜਪ ਦੀ ਬਦੌਲਤ ਸਾਡੇ ਜੀਵਨ ਦੇ ਸਾਡੇ ਦੁੱਖ, ਦਰਿੱਦਰ ਦੂਰ ਹੋ ਗਏ ਹਨ।

ਭੱਟ ਜਨ ਫਰਮਾਨ ਕਰਦੇ ਹਨ ਕਿ ਸਾਡਾ ਤਜਰਬਾ ਹੈ ਕਿ ਜਿਹੜਾ-ਜਿਹੜਾ ਵੀ ਗੁਰੂ ਦੇ ਚਰਨਾਂ ਨੂੰ ਪਰਸ ਲੈਂਦਾ ਹੈ, ਗੁਰੂ ਨੂੰ ਆਪਾ ਸਮਰਪਿਤ ਕਰ ਦਿੰਦਾ ਹੈ। ਆਪਾ ਸਮਰਪਤੀ ਤੇ ਤਰੁੱਠ ਕੇ ਜਿਸ ਨੂੰ ਗੁਰੂ ਨਾਮ ਦੀ ਦਾਤ ਬਖਸ਼ਿਸ਼ ਕਰ ਦਿੰਦਾ ਹੈ, ਉਸ ਦੀ ਪਸ਼ੂਆਂ ਵਰਗੀ, ਪ੍ਰੇਤਾਂ ਵਰਗੀ ਬਿਰਤੀ ਬਦਲ ਜਾਂਦੀ ਹੈ। ਸਤਿਗੁਰੂ ਉਸਨੂੰ ਸ੍ਰੇਸ਼ਟ ਮਨੁੱਖਾਂ ਵਾਲੀ ਅਤੇ ਦੇਵਤਿਆਂ ਵਰਗੀ ਬੁੱਧੀ ਬਖਸ਼ਿਸ਼ ਕਰ ਦਿੰਦਾ ਹੈ। ਪੜ੍ਹੀਏ ਭੱਟਾਂ ਦਾ ਨਿਜੀ ਅਨੁਭਵ, ਗੁਰੂ ਦੇ ਬਖਸ਼ਿਸ਼ ਕੀਤੇ ਨਾਮ ਵਿੱਚ ਕਿੰਨੀ ਬਰਕਤ ਹੈ:—

ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ॥
ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ॥
ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ॥
ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ॥
ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ॥
ਸਤਿਗੁਰੂ ਚਰਨ ਜਿਨ੍ ਪਰਸਿਆਸੇ ਪਸੁ ਪਰੇਤ ਸੁਰਿ ਨਰ ਭਇਅ॥੨॥

ਸਵਈਏ ਮਹਲੇ ੪ ਕੇ (ਪੰਨਾ : ੧੩੯੯)

ਆਸਾ ਜੀ ਦੀ ਵਾਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਪਹਿਲੇ ਸਲੋਕ ਵਿੱਚ ਹੀ ਗੁਰੂ ਦੀ ਮਹਾਨਤਾ ਦਰਸਾਈ ਹੈ ਕਿ ਮੈਂ ਆਪਣੇ ਗੁਰੂ ਤੋਂ ਦਿਨ ਵਿੱਚ ਸੈਂਕੜੇ ਵਾਰੀ ਬਲਿਹਾਰ, ਕੁਰਬਾਨ ਜਾਂਦਾ ਹਾਂ ਜਿਹਨਾਂ ਦੀ ਕ੍ਰਿਪਾ ਨਾਲ, ਮਨੁੱਖ ਨੂੰ ਦੇਵਤਾ ਬਣਨ ਲੱਗਿਆਂ ਰਤਾ ਵੀ ਦੇਰ ਨਹੀਂ ਲਗਦੀ। ਪ੍ਰਮੇਸ਼ਰ ਨੇ ਕੈਸੀ ਬਰਕਤ ਗੁਰੂ ਨੂੰ ਬਖਸ਼ਸ਼ ਕੀਤੀ ਹੈ। ਸਾਹਿਬਾਂ ਦਾ ਫੁਰਮਾਨ ਹੈ :—

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ ੧॥

ਆਸਾ ਮ: ੧ (ਪੰਨਾ : ੪੬੨)

ਇਸ ਲਈ ਨਾਮ ਦੀ ਦਾਤ ਪ੍ਰਾਪਤ ਕਰਨ ਵਾਸਤੇ ਗੁਰੂ ਦੀ ਸ਼ਰਣ ਨੂੰ ਪ੍ਰਾਪਤ ਕਰਨਾ ਅਵੱਸ਼ ਲਾਜ਼ਮੀ ਹੈ। ਗੁਰੂ ਦੀ ਰਹਿਮਤ ਨਾਲ ਹੀ ਅਗਿਆਨ-ਤਮ

ਅਗਿਆਨ-ਭਰਮ ਦੂਰ ਹੁੰਦਾ ਹੈ। ਗੁਰੂ ਹੀ ਅਗਿਆਨ ਅੰਧੇਰ ਨੂੰ ਦੂਰ ਕਰਨ ਲਈ ਗਿਆਨ [1]ਅੰਜਨ ਦੀ ਬਖਸ਼ਸ਼ ਕਰਦਾ ਹੈ। ਜਿਸਨੂੰ ਨਾਮ ਰੂਪੀ ਗਿਆਨ ਅੰਜਨ ਗੁਰੂ ਬਖਸ਼ਸ਼ ਕਰ ਦਿੰਦਾ ਹੈ, ਉਸ ਦਾ ਅਗਿਆਨ ਭਰਮ ਦੂਰ ਹੋ ਜਾਂਦਾ ਹੈ ਅਤੇ ਉਸਦੇ ਹਿਰਦੇ ਵਿੱਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :—

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥ ੧॥

ਸਲੋਕ, ਸੁਖਮਨੀ ਮ: ੫ (ਪੰਨਾ : ੨੯੩)

ਬਾਹਰਲੇ ਚਾਨਣ, ਦੁਨਿਆਵੀ ਗਿਆਨ ਦੁਆਰਾ ਆਤਮਿਕ ਅੰਧਕਾਰ ਦੂਰ ਨਹੀਂ ਹੁੰਦਾ। ਗੁਰੂ ਦਾ ਬਖਸ਼ਸ਼ ਕੀਤਾ ਗਿਆਨ ਹੀ ਆਤਮਿਕ ਅੰਧਕਾਰ ਦੂਰ ਕਰ ਸਕਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਦਾ ਫੁਰਮਾਨ ਹੈ :—

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥ ੨॥

ਆਸਾ ਦੀ ਵਾਰ ਮ: ੨ (ਪੰਨਾ : ੪੬੩)

ਭੱਟ ਜਨ ਜਿਹਨਾਂ ਦਾ ਨਿੱਜੀ ਅਨੁਭਵ ਪਹਿਲਾਂ ਵਾਚ ਚੁਕੇ ਹਾਂ ਉਹਨਾਂ ਨੇ ਵੀ ਸਤਿਗੁਰੂ ਜੀ ਦੇ ਫੁਰਮਾਨਾਂ ਦੀ ਪ੍ਰੋੜਤਾ ਕੀਤੀ ਹੈ ਕਿ ਸੰਸਾਰ ਦੇ ਲੋਕੋ, ਗੁਰੂ ਵਾਲੇ ਬਣਨ ਤੋਂ ਬਿਨਾਂ ਅਗਿਆਨਤਾ ਦਾ ਅੰਧਕਾਰ ਦੂਰ ਨਹੀਂ ਹੁੰਦਾ। ਗੁਰੂ ਦੀ ਸ਼ਰਣ ਵਿੱਚ ਆ ਕੇ ਹੀ ਅਸਲੀ ਜੀਵਨ ਦੀ ਸੋਝੀ ਪ੍ਰਾਪਤ ਹੁੰਦੀ ਹੈ। ਗੁਰੂ ਵਾਲੇ ਬਣਨ ਤੋਂ ਬਿਨਾਂ ਆਤਮਿਕ ਉੱਚਤਾ ਪ੍ਰਾਪਤ ਨਹੀਂ ਹੋ ਸਕਦੀ। ਗੁਰੂ ਵਾਲੇ ਬਣਨ ਤੋਂ ਬਿਨਾਂ ਮਨੁੱਖ ਵਿਕਾਰਾਂ ਤੋਂ ਮੁਕਤ ਨਹੀਂ ਹੋ ਸਕਦਾ। ਇਸ ਲਈ ਹੇ ਮੇਰੇ ਮਨ! ਛੇਤੀ ਤੋਂ ਛੇਤੀ ਗੁਰੂ ਦੀ ਸ਼ਰਣ ਵਿੱਚ ਪੈ ਜਾ ਕਿਉਂਕਿ ਇਹ ਹੀ ਸਭ ਤੋਂ ਸ੍ਰੇਸ਼ਟ ਵੀਚਾਰ ਹੈ। ਹੇ ਮੇਰੇ ਮਨ, ਤੂੰ ਸੂਰੇ ਗੁਰੂ ਦੀ ਸ਼ਰਣ ਵਿੱਚ ਆ ਜਾਵੇਗਾਂ, ਗੁਰੂ ਤੇਰੇ ਸਾਰੇ ਪਾਪ ਨਾਸ਼ ਕਰ ਦੇਵੇਗਾ। ਹੇ ਮੇਰੇ ਮਨ, ਆਪਣੇ ਬਚਨਾਂ ਵਿੱਚ, ਆਪਣੀਆਂ ਅੱਖਾਂ ਵਿੱਚ, ਹਮੇਸ਼ਾ ਗੁਰੂ ਨੂੰ ਹੀ ਵਸਾਈ ਰੱਖਿਆ ਕਰ ਕਿਉਂਕਿ ਸਤਿਗੁਰੂ ਹੀ ਸਦਾ ਸਦਾ ਥਿਰ ਰਹਿਣ ਵਾਲਾ ਹੈ।

ਨਲ੍ਹ ਭੱਟ ਜੀ ਆਖਦੇ ਹਨ, ਜਿਹਨਾਂ ਨੇ ਸਤਿਗੁਰੂ ਜੀ ਦੇ ਦਰਸ਼ਨ ਨਹੀਂ ਕੀਤੇ ਅਤੇ ਨਾ ਹੀ ਗੁਰੂ ਦੀ ਸ਼ਰਣ ਨੂੰ ਗ੍ਰਹਿਣ ਕਰਕੇ ਗੁਰੂ ਵਾਲੇ ਬਣੇ ਹਨ, ਐਸੇ ਮਨੁੱਖਾਂ ਦਾ ਸੰਸਾਰ ਵਿੱਚ ਜਨਮ ਲੈਣਾ ਵਿਅਰਥ ਹੈ। ਲੋੜ ਹੈ ਮਨੁੱਖਾ ਜਨਮ ਨੂੰ ਸਕਾਰਥਾ

---

੧. ਸੁਰਮਾ

ਕਰਨ ਲਈ ਗੁਰੂ ਵਾਲੇ ਬਣ ਕੇ ਗੁਰੂ ਦੇ ਪਾਸੋਂ ਨਾਮ ਦੀ ਦਾਤ ਪ੍ਰਾਪਤ ਕਰੀਏ, ਨਾਲ-ਨਾਲ ਗੁਰੂ ਸ਼ਰਣ ਨੂੰ ਗ੍ਰਹਿਣ ਕਰਨ ਦਾ ਮਨ ਬਣਾਈਏ ਅਤੇ ਨਾਲ-ਨਾਲ ਹੀ ਨਲ ਜੀ ਦਾ ਫੁਰਮਾਨ ਪੜੀਏ :—

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ॥
ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ॥
ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ॥
ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ ਗੁਰੂ ਸਤਿ ਕਵਿ ਨਲੵ ਕਹਿ॥
ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ॥੪॥੮॥

ਸਵਈਏ ਮ: ੪ (ਪੰਨਾ : ੧੩੯੯)

ਜਿਹੜਾ ਗੁਰੂ ਪਿਆਰਾ ਗੁਰੂ ਦੀ ਸ਼ਰਣ ਵਿੱਚ ਆ ਜਾਂਦਾ ਹੈ, ਗੁਰੂ ਉਸ ਦਾ ਪੱਖ ਕਰਦਾ ਹੈ। ਗੁਰੂ ਉਸ ਦਾ ਹੰਕਾਰ ਦੂਰ ਕਰ ਦਿੰਦਾ ਹੈ। ਗੁਰੂ ਦੇ ਪੱਖ ਕਰਨ ਸਦਕਾ ਲੱਖਾਂ ਫੌਜਾਂ ਵੀ ਉਸ ਦਾ ਵਾਲ ਵਿੰਗਾ ਨਹੀਂ ਕਰ ਸਕਦੀਆਂ। ਜਦ ਗੁਰੂ ਦਾ ਹੱਥ ਜਗਿਆਸੂ ਦੇ ਸਿਰ ਉੱਪਰ ਹੋ ਜਾਵੇ, ਗੁਰੂ ਦੇ ਗਿਆਨ ਦੀ ਬਰਕਤ ਸਦਕਾ ਉਸ ਦਾ ਧਿਆਨ ਕਿਸੇ ਹੋਰ ਪਾਸੇ ਨਹੀਂ ਜਾਂਦਾ। ਉਹ ਹਮੇਸ਼ਾ ਆਪਣੇ ਮਾਲਕ ਨਾਲ ਜੁੜਿਆ ਰਹਿੰਦਾ ਹੈ। ਗੁਰੂ ਦੀ ਰਹਿਮਤ ਨਾਲ ਜਗਿਆਸੂ ਦੇ ਹਿਰਦੇ ਵਿੱਚ ਸ਼ਬਦ ਸਾਖਿਆਤ ਹੋ ਜਾਂਦਾ ਹੈ। ਗੁਰੂ ਦੀ ਮਿਹਰ ਨਾਲ ਸੱਚੇ ਘਰ ਵਿੱਚ ਟਿਕਾਈ ਪ੍ਰਾਪਤ ਹੋ ਜਾਂਦੀ ਹੈ।

ਨਲੵ ਭੱਟ ਜੀ ਬੇਨਤੀ ਕਰਦੇ ਹਨ ਕਿ ਜਿਹੜਾ ਗੁਰੂ ਪਿਆਰਾ ਸਤਿਗੁਰੂ ਜੀ ਪਾਸੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਦਿਨ ਰਾਤ ਨਾਮ ਦਾ ਸਿਮਰਨ ਕਰਦਾ ਹੈ, ਹਰੀ ਨਾਮ ਉਸ ਦੇ ਹਿਰਦੇ ਵਿੱਚ ਟਿਕ ਜਾਂਦਾ ਹੈ ਜਿਸ ਸਦਕਾ ਉਸ ਦਾ ਜਨਮ ਮਰਣ ਦਾ ਚੱਕਰ ਖਤਮ ਹੋ ਜਾਂਦਾ ਹੈ। ਨਲੵ ਭੱਟ ਦੀ ਦਾ ਫੁਰਮਾਨ ਹੈ :—

ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ॥
ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ॥
ਜਾਮਿ ਗੁਰੂ ਹੋਇ ਵਲਿ ਗਿਆਨ ਅਰੁ ਧਿਆਨ ਅਨਨ ਪਰਿ॥
ਜਾਮਿ ਗੁਰੂ ਹੋਇ ਵਲਿ ਸਬਦੁ ਸਾਖੀ ਸੁ ਸਚਹ ਘਰਿ॥
ਜੋ ਗੁਰੂ ਗੁਰੂ ਅਹਿਨਿਸਿ ਜਪੈ ਦਾਸੁ ਭਟੁ ਬੇਨਤਿ ਕਹੈ॥
ਜੋ ਗੁਰੂ ਨਾਮੁ ਰਿਦ ਮਹਿ ਧਰੈ ਸੋ ਜਨਮ ਮਰਣ ਦੁਹ ਥੇ ਰਹੈ॥੩॥੭॥

ਸਵਈਏ ਮ: ੪ (ਪੰਨਾ : ੧੩੯੯)

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਗੂਜਰੀ ਰਾਗ ਵਿੱਚ ਫੁਰਮਾਨ ਹੈ ਕਿ ਰਸਨਾ

ਨਾਲ ਤਾਂ ਹਰ ਕੋਈ ਰਾਮ ਦਾ ਨਾਮ ਲੈਂਦਾ ਹੈ। ਪਰ ਗੁਰੂ ਦੀ ਕ੍ਰਿਪਾ ਤੋਂ ਬਿਨਾਂ ਰਾਮ ਦਾ ਨਾਮ ਹਿਰਦੇ ਵਿੱਚ ਨਹੀਂ ਵਸਦਾ। ਜਿੰਨਾਂ ਚਿਰ ਨਾਮ ਹਿਰਦੇ ਵਿੱਚ ਨਹੀਂ ਵਸਦਾ ਉਨ੍ਹਾਂ ਚਿਰ ਨਾਮ ਦਾ ਪੂਰਨ ਫਲ ਮਨੁੱਖ ਨੂੰ ਪ੍ਰਾਪਤ ਨਹੀ ਹੋ ਸਕਦਾ :—

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥੧॥

ਗੂਜਰੀ ਮ: ੩ (ਪੰਨਾ : ੪੯੧)

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ, ਮੂੰਹ ਤੋਂ ਤਾਂ ਸਾਰਾ ਸੰਸਾਰ ਹੀ ਰਾਮ ਦਾ ਨਾਮ ਲੈਂਦਾ ਹੈ, ਇਸ ਤਰ੍ਹਾਂ ਰਾਮ ਪ੍ਰਾਪਤ ਨਹੀਂ ਹੁੰਦਾ ਕਿਉਂਕਿ ਰਾਮ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ, ਅਤੋਲ ਹੈ, ਬਹੁਤ ਵੱਡਾ ਹੈ। ਉਸਦੀ ਕੀਮਤ ਨਹੀਂ ਪਾਈ ਜਾ ਸਕਦੀ। ਰਾਮ ਨੂੰ ਮਾਇਆ ਖਰਚ ਕੇ ਵੀ ਖ੍ਰੀਦਿਆ ਨਹੀਂ ਜਾ ਸਕਦਾ।

ਰਾਮ ਦੀ ਪ੍ਰਾਪਤੀ ਦਾ ਇੱਕੋ ਇੱਕ ਤਰੀਕਾ ਹੈ, ਉਹ ਹੈ ਗੁਰੂ ਦੀ ਸ਼ਰਣ ਵਿੱਚ ਆ ਕੇ ਸਤਿਗੁਰੂ ਜੀ ਪਾਸੋਂ ਨਾਮ ਦੀ ਦਾਤ ਪ੍ਰਾਪਤ ਕਰਨੀ ਅਤੇ ਗੁਰੂ ਦੇ ਨਾਮ ਵਿੱਚ ਆਪਣੇ ਮਨ ਨੂੰ ਵਿੰਨ ਲੈਣਾ। ਇਸ ਤਰ੍ਹਾਂ ਹਰ ਸਮੇਂ ਨਾਮ ਦੇ ਨਾਲ ਜੁੜੇ ਰਹਿਣ ਸਦਕਾ ਜੋ ਗਿਣਤੀ-ਮਿਣਤੀ ਤੋਂ ਪਰੇ ਪ੍ਰਮੇਸ਼ਰ ਹੈ, ਉਸ ਦੀ ਲਖਤਾ ਹੋ ਜਾਂਦੀ ਹੈ। ਸਾਰੇ ਥਾਵਾਂ ਵਿੱਚ ਰਮਿਆਂ ਹੋਇਆ ਪ੍ਰਭੂ, ਗੁਰੂ ਸ਼ਰਣ ਵਿੱਚ ਆ ਕੇ ਨਾਮ ਜਪ ਦੇ ਰਸਤੇ ਚਲ ਕੇ ਹਿਰਦੇ ਵਿੱਚੋਂ ਹੀ ਪ੍ਰਗਟ ਹੋ ਜਾਂਦਾ ਹੈ :—

ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ॥
ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ॥
ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ॥
ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ॥
ਨਾਨਕ ਆਪਿ ਅਮੇਉ ਹੈ ਗੁਰ ਕਿਰਪਾ ਤੇ ਰਹਿਆ ਸਮਾਇ॥
ਆਪੇ ਮਿਲਿਆ ਮਿਲਿ ਰਹਿਆ ਆਪੇ ਮਿਲਿਆ ਆਇ॥੧॥

ਸਲੋਕ ਮ: ੩ (ਪੰਨਾ : ੫੫੫)

ਸਤਿਗੁਰੂ ਦੀ ਸ਼ਰਣ ਪ੍ਰਾਪਤ ਕਰਨ ਅਤੇ ਗੁਰਦੇਵ ਜੀ ਪਾਸੋਂ ਨਾਮ ਦੀ ਅਮੋਲਕ ਦਾਤ ਪ੍ਰਾਪਤ ਕਰਨ ਦੀ ਆਦਿ ਤੋਂ ਮਰਯਾਦਾ ਚਲੀ ਆਈ ਹੈ। ਉਸ ਵਿਧੀ ਨੂੰ ਅਪਣਾ ਕੇ ਹੀ, ਗੁਰੂ ਪਾਤਸ਼ਾਹ ਜੀ ਪਾਸੋਂ ਨਾਮ ਦੀਖਿਆ ਪ੍ਰਾਪਤ ਕੀਤੀ ਜਾ ਸਕਦੀ ਹੈ।

ਜਿਸ ਵੇਲੇ ਸਤਿਗੁਰੂ ਜੀ ਦੀ ਜੋਤ ਸਰੀਰਕ ਜਾਮੇ ਵਿੱਚ ਵਿਚਰਦੀ ਸੀ, ਉਸ ਸਮੇਂ ਕੋਈ ਵੀ ਜਗਿਆਸੂ ਆਪਣੀ ਕਲਿਆਨ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਬੇਨਤੀ ਕਰਦਾ। ਗੁਰਦੇਵ ਉਸਨੂੰ ਅਧਿਕਾਰੀ ਜਾਣ ਕੇ, 'ਚਰਨਾਮ੍ਰਿਤ", ਦੀ

ਪਾਹੁਲ ਦੇ ਕੇ ਮੂਲ ਮੰਤ੍ਰ ਅਤੇ ਗੁਰਮੰਤਰ ਦੀ ਦਾਤ ਬਖਸ਼ਸ਼ ਕਰਕੇ ਉਸਨੂੰ ਗੁਰਚਾਲੀ ਦੀ ਜੀਵਨ ਜਾਚ ਬਖਸ਼ਸ਼ ਕਰਦੇ ਜਿਸ ਚਾਲੀ ਉੱਪਰ ਚਲਕੇ ਜਗਿਆਸੂ ਆਪਣੇ ਲੋਕ ਸੁਖੀ ਪ੍ਰਲੋਕ ਸੁਹੇਲੇ ਕਰਦੇ ਸਨ।

ਸਾਹਿਬ ਕਲਗੀਧਰ ਜੀ ਨੇ ਦੇਹਧਾਰੀ ਗੁਰੂ ਦੀ ਪ੍ਰੰਪਰਾ ਸਦਾ ਲਈ ਸੰਕੋਚ ਕੇ ਲੋਕਾਈ ਨੂੰ ਸ਼ਬਦ ਗੁਰੂ ਦੇ ਲੜ ਲਾਉਣਾ ਸੀ। ਆਪ ਜੀ ਅਨੇਕਾਂ ਕੌਤਕ ਕਰਦੇ ਲੋਕਾਈ ਨੂੰ ਪ੍ਰਭੂ ਨਾਲ ਜੋੜਦੇ, ਨੰਦੇੜ (ਸ੍ਰੀ ਹਜ਼ੂਰ ਸਾਹਿਬ) ਪੁੱਜੇ। ਕੁਝ ਸਮੇਂ ਤੋਂ ਬਾਅਦ ਸਾਰੀ ਸੰਗਤ ਨੂੰ ਇਕੱਤ੍ਰ ਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾਇਆ।

ਸਤਿਗੁਰੂ ਜੀ ਨੇ ਗੁਰਤਾ ਗੱਦੀ ਦੇਣ ਦੀ ਮਰਯਾਦਾ ਅਨੁਸਾਰ ਥਾਲ ਵਿੱਚ ਪੰਜ ਪੈਸੇ ਨਾਰੀਅਲ ਰੱਖ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਧਰ ਕੇ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕ, ਪ੍ਰਕਰਮਾ ਕਰਕੇ, ਗੁਰਤਾ ਗੱਦੀ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪ ਦਿੱਤੀ ਅਤੇ ਸੰਗਤ ਨੂੰ ਸੰਬੋਧਨ ਕਰਕੇ ਬਚਨ ਕੀਤਾ, ਖਾਲਸਾ ਜੀ :—

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ॥
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ॥
ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ॥
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸਬਦ ਮੈਂ ਲੇਹ॥
ਸਭ ਗੁਰੂ ਪ੍ਰਗਟ ਭਏ ਪੂਰਨ ਹਰਿ ਅਵਤਾਰ॥
ਜਗਮਗ ਜੋਤ ਬਿਰਾਜਹੀ ਸ੍ਰੀ ਗੁਰੂ ਗ੍ਰੰਥ ਮਝਾਰ॥
ਜੋ ਦਰਸਯੋ ਚਹਿ ਗੁਰੂ ਕੋ ਸੋ ਦਰਸੈ ਗੁਰ ਗ੍ਰੰਥ॥
ਪਢੈ ਸੁਨੈ ਸ੍ਵਾਰਥ ਲਹੈ ਪਰਮਾਰਥ ਕੋ ਪੰਥ॥
ਵਾਹਿਗੁਰੂ ਗੁਰੁ ਗ੍ਰੰਥ ਜੀ ਉਭੈ ਜਹਾਜ ਉਦਾਰ॥
ਜੋ ਸਰਧਾ ਸੇਵਹੈ ਸੋ ਉਤਰੈ ਭਵ ਪਾਰ॥੧੧॥

ਪੰਥ ਪ੍ਰਕਾਸ਼, ਭਾਸ਼ਾ ਵਿਭਾਗ (ਪੰਨਾ : ੩੫੩)

ਗੁਰੂ ਸਿੱਖਾਂ ਨੇ ਸਾਹਿਬਾਂ ਦੇ ਬਚਨ ਸੁਣ ਕੇ ਸੀਸ ਨਿਵਾਇਆ ਅਤੇ ਨਾਲ ਹੀ ਬੇਨਤੀ ਕੀਤੀ, ਗਰੀਬ ਨਿਵਾਜ ਜੀ ! ਆਪ ਜੀ ਦਾ ਹੁਕਮ ਸਾਡੇ ਸਿਰ ਮੱਥੇ, ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪ ਜੀ ਦਾ ਰੂਪ ਮੰਨਾਂਗੇ ਅਤੇ ਗੁਰਬਾਣੀ ਦੀ ਅਗਵਾਈ ਵਿੱਚ ਚਲਾਂਗੇ ਪਰ ਸ਼ਬਦ ਵਿੱਚੋਂ ਜੋਤ ਪ੍ਰਗਟ ਕਰਨ ਦੀ ਵਿਧੀ ਜੋ ਸਰੀਰ ਵਿੱਚ ਹੁੰਦੇ ਆਪ ਜੀ ਦੱਸਦੇ ਸੀ ਉਸ ਜੁਗਤ ਨੂੰ ਅਸੀ ਹੁਣ ਕਿਸ ਪਾਸੋਂ ਪ੍ਰਾਪਤ ਕਰਾਂਗੇ ?

ਸਤਿਗੁਰੂ ਜੀ ਗੁਰਸਿੱਖਾਂ ਦੀ ਬੇਨਤੀ ਸੁਣ ਕੇ ਮੁਸਕਰਾਏ ਅਤੇ ਬਚਨ ਕੀਤਾ ਗੁਰਸਿੱਖੋ ! ਜੁਗਤੀ ਦੱਸਣ ਅਤੇ ਗੁਰੂ ਦੀਖਿਆ ਦੇਣ ਦਾ ਅਧਿਕਾਰ ਤਾਂ ਅਸੀਂ ੧੭੫੬ ਬਿ: ਦੀ ਵਿਸਾਖੀ ਨੂੰ ਹੀ ਖਾਲਸੇ ਨੂੰ ਦੇ ਦਿੱਤਾ ਸੀ :—

ਪੰਚਹੁ ਮਹਿ ਨਿਤ ਵਰਤਤਿ ਮੈਂ ਹਉ ਪੰਚ ਮਿਲਹਿ ਸੇ ਪੀਰਨ ਪੀਰ॥
ਗੁਰੂ ਘਰ ਕੀ ਮਿਰਯਾਦਾ ਪੰਚਹੁ, ਪੰਚਹੁ ਪਾਹੁਲ ਪੁਰਬ ਪੀਨ॥
ਹੋਇ ਤਨਖਾਹੀਆ ਬਖਸ਼ਹਿ ਪੰਚਹੁ, ਪਾਹੁਲ ਦੇ ਮਿਲਿ ਪੰਚ ਪ੍ਰਵੀਨ॥
ਲਖਹੁ ਪੰਚ ਕੀ ਬਡ ਵਡਿਆਈ, ਪੰਚ ਕਰੇ ਸੁ ਨਿਫਲ ਨ ਚੀਨ॥

(ਗੁਰ ਪ੍ਰਤਾਪ ਸੂਰਜ ੬, ਅੰਸੂ : ੪੧)

ਹੇ ਗੁਰਸਿੱਖੋ ! ਸਾਡਾ ਸਦਾ ਵਾਸਤੇ ਤੁਹਾਨੂੰ ਹੁਕਮ ਹੈ। ਜਿਸ ਨੇ ਵੀ ਪ੍ਰਭੂ ਦਰ ਸਮਾਈ ਵਾਸਤੇ ਗੁਰੂ ਦੀਖਸ਼ਤ ਹੋਣਾ ਹੋਵੇ ਉਸਨੂੰ ਸਭ ਤੋਂ ਪਹਿਲਾਂ ਪੰਜਾਂ ਪਿਆਰਿਆਂ ਪਾਸੋਂ ਖੰਡੇ ਬਾਟੇ ਦੀ ਪਾਹੁਲ ਲੈਣੀ ਜ਼ਰੂਰੀ ਹੈ :—

ਪ੍ਰਥਮ ਰਹਿਤ ਯਹਿ ਜਾਨ ਖੰਡੇ ਕੀ ਪਾਹੁਲ ਛਕੇ॥
ਸੋਈ ਸਿੰਘ ਪ੍ਰਧਾਨ ਅਵਰ ਨ ਪਾਹੁਲ ਜੋ ਲਏ॥
ਪਾਂਚ ਸਿੰਘ ਅੰਮ੍ਰਿਤ ਜੋ ਦੇਵੈਂ, ਤਾਂ ਕੋ ਸਿਰ ਧਰ ਛਕ ਪੁਨ ਲੇਵੈ॥
ਪੁਨ ਮਿਲ ਪਾਂਚੋ ਰਹਿਤ ਜੋ ਭਾਖੈਂ॥
ਤਾ ਕੋ ਮਨ ਮੈਂ ਦ੍ਰਿੜ੍ਹ ਕਰ ਰਾਖੈ॥

(ਰਹਿਤਨਾਮਾ ਭਾਈ ਦੇਸਾ ਸਿੰਘ ਜੀ)

ਪੰਜਾਂ ਪਿਆਰਿਆਂ ਦੇ ਸਨਮੁਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਮੰਨ ਕੇ, ਤਨ-ਮਨ-ਧਨ ਗੁਰੂ ਨੂੰ ਅਰਪਨ ਕਰ ਦੇਵੇ। ਗੁਰੂ ਵਲੋਂ ਦਰਸਾਈ ਚਾਲੀ ਅਨੁਸਾਰ ਅੰਦਰੂਨੀ ਤੇ ਬਹਿਰੂਨੀ ਰਹਿਣੀ ਅਤੇ ਰਹਿਤ ਜੋ ਪੰਜ ਪਿਆਰੇ ਦ੍ਰਿੜ ਕਰਵਾਉਂਦੇ ਹਨ ਉਸਨੂੰ ਪੂਰਨ ਤੌਰ ਤੇ ਗੁਰੂ ਹੁਕਮ ਜਾਣ ਕੇ ਉਸਦਾ ਧਾਰਨੀ ਬਣ ਜਾਵੇ। ਸਮਾਂ ਪਾ ਕੇ ਉਸ ਜਗਿਆਸੂ ਗੁਰਸਿੱਖ ਦੀ ਜਿੱਥੇ ਗੁਰੂ ਨਾਲ ਬਣ ਆਵੇਗੀ, ਉੱਥੇ, ਗੁਰੂ ਚਾਲੀ ਅਨੁਸਾਰ ਚਲਦਿਆਂ ਇੱਕ ਦਿਨ, ਪ੍ਰਭੂ ਸਰੂਪ ਵਿੱਚ ਅਭੇਦਤਾ ਪ੍ਰਾਪਤ ਕਰ ਉਹ ਗੁਰੂ ਪਿਆਰਾ ਪ੍ਰਭੂ ਦਾ ਹੀ ਰੂਪ ਹੋ ਜਾਵੇਗਾ।

ਇਸ ਲਈ ਹੀ ਗੁਰੂ ਦੀਖਸ਼ਤ ਖਾਲਸੇ ਗੁਰਸਿੱਖਾਂ ਪ੍ਰਤੀ ਸਤਿਗੁਰੂ ਜੀ ਦਾ ਬਚਨ ਹੈ :—

ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮਹਿ ਹੌ ਕਰੋ ਨਿਵਾਸ॥
ਖਾਲਸਾ ਮੇਰੋ ਮੁਖ ਹੈ ਅੰਗਾ॥
ਖਾਲਸੇ ਕੇ ਹੌ ਸਦ ਸਦ ਸੰਗਾ॥

(ਪਾ: ੧੦ ਵੀ, ਸਰਬ ਲੋਹ ਗ੍ਰੰਥ ਵਿਚੋਂ)

ਗੁਰੂ ਦਾ ਖਾਸ ਰੂਪ ਬਣਨ ਲਈ। ਸਤਿਗੁਰੂ ਦਾ ਆਪਣੇ ਹਿਰਦੇ ਵਿੱਚ ਨਿਵਾਸ ਕਰਾਉਣ ਲਈ, ਪ੍ਰਭੂ ਵਿੱਚ ਅਭੇਦਤਾ ਪ੍ਰਾਪਤ ਕਰਨ ਲਈ, ਮਰਯਾਦਿਕ ਤੌਰ ਤੇ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛਕ ਕੇ ਗੁਰੂ ਦੀਖਿਆ ਪ੍ਰਾਪਤ ਕਰਨੀ ਅਤੇ ਗੁਰੂ ਬਖਸ਼ਸ਼ ਕੀਤੇ ਨਾਮ ਦੀ ਕਮਾਈ ਕਰਨੀ ਅਤਿ ਲਾਜ਼ਮੀ ਹੈ। ਜਿਵੇਂ ਪਿੱਛੇ ਵੀਚਾਰ ਕੀਤੀ ਹੈ, ਨਾਮ ਗੁਰੂ ਪਾਸੋਂ ਪ੍ਰਾਪਤ ਹੋਣਾ ਹੈ। ਨਾਮ ਦੀ ਦਾਤ ਦੇਣ ਦਾ ਅਧਿਕਾਰ ਸਤਿਗੁਰੂ ਜੀ ਨੇ ਪੰਜਾ ਪਿਆਰਿਆਂ ਨੂੰ ਬਖਸ਼ਸ਼ ਕੀਤਾ ਹੈ। ਸੋ ਹਰ ਗੁਰਸਿੱਖ ਨੂੰ ਆਪਣੇ ਮਨੁੱਖਾ ਜੀਵਨ ਦੀ ਸਫਲਤਾ ਲਈ, ਗੁਰੂ ਚਾਲੀ ਨੂੰ ਜ਼ਰੂਰ ਅਪਨਾਉਣਾ ਚਾਹੀਦਾ ਹੈ, ਤਾਂ ਜੋ :—

ਸਫਲ ਸਫਲ ਭਈ ਸਫਲ ਜਾਤ੍ਰਾ॥
ਆਵਣ ਜਾਣ ਰਹੇ ਮਿਲੇ ਸਾਧਾ॥

(ਧਨਾਸਰੀ ਮ: ੫, ਪੰਨਾ : ੬੮੭)

ਦੀ ਦਾਤ ਪਾਪਤ ਹੋ ਜਾਵੇ।

ਜਿਨੀ ਨਾਮ ਧਿਆਇਆ

ਪ੍ਰਮੇਸ਼ਰ ਜੀ ਨੇ ਸੰਸਾਰ ਦੀ ਖੇਡ ਰਚ ਕੇ ਜੀਵਾਂ ਨੂੰ ਸੰਸਾਰ ਵਿੱਚ ਭੇਜਿਆ ਹੈ। ਹਰ ਜੀਵ ਹੀ ਚਲ ਰਹੀ ਖੇਡ ਵਿੱਚ ਭਾਈਵਾਲ ਹੋ ਕੇ ਪ੍ਰਮੇਸ਼ਰੀ ਖੇਡ ਵਿੱਚ ਖਿਡਾਰੀ ਬਣ ਕੇ ਖੇਡ ਰਿਹਾ ਹੈ। ਪ੍ਰਮੇਸ਼ਰ ਜੀ ਨੇ ਸੰਸਾਰ ਵਿੱਚ ਸਾਨੂੰ ਜੀਵਾਂ ਨੂੰ ਖੇਡ ਖੇਡਣ ਵਾਸਤੇ ਹੀ ਨਹੀਂ ਭੇਜਿਆ। ਇਸ ਸੰਸਾਰ ਦੀ ਖੇਡ, ਖੇਡਦੇ ਹੋਏ ਸੰਸਾਰਕ ਖੇਡ ਤੋਂ ਨਿਰਲੇਪ ਰਹਿਕੇ, ਕੁਝ ਲਾਹਾ ਪ੍ਰਾਪਤ ਕਰਨ ਵਾਸਤੇ ਭੇਜਿਆ ਹੈ। ਨਿਰਾ ਸੰਸਾਰ ਖੇਡ ਵਿੱਚ ਖੇਡ ਰੂਪ ਹੀ ਨਹੀਂ ਹੋ ਜਾਣਾ। ਜਿਸ ਆਸ਼ੇ ਨੂੰ, ਜਿਸ ਮਨੋਰਥ ਨੂੰ, ਸਾਡੇ ਜਿੰਮੇ ਲਾ ਕੇ ਸਾਡੇ ਮਾਲਕ ਨੇ ਸਾਨੂੰ ਇਸ ਸੰਸਾਰ ਵਿੱਚ ਭੇਜਿਆ ਹੈ, ਉਸ ਆਸ਼ੇ ਨੂੰ ਜ਼ਰੂਰ ਯਾਦ ਰਖਣਾ ਹੈ। ਜਿਹੜਾ ਮਾਲਕ ਪ੍ਰਭੂ ਜੀ ਵਲੋਂ ਜਿੰਮੇਂ ਲੱਗੇ ਕਾਰਜ ਨੂੰ ਬੜੇ ਸੁੰਦਰ ਢੰਗ ਤ੍ਰੀਕੇ ਨਾਲ ਨੇਪਰੇ ਚਾੜ੍ਹ ਕੇ ਲਾਹਾ ਖਟ ਕੇ ਪ੍ਰਭੂ ਮਾਲਕ ਦੇ ਦਰਬਾਰ ਵਿੱਚ ਜਾਵੇਗਾ, ਉਸਨੂੰ:—

ਰੇ ਰੇ ਦਰਗਹ ਕਹੈ ਨ ਕੋਊ॥
ਆਉ ਬੈਠੁ ਆਦਰੁ ਸੁਭ ਦੇਊ॥

ਗਉੜੀ ਮ: ੫ (ਪੰਨਾ : ੨੫੨)

ਸ੍ਰੇਸ਼ਟ ਮਾਣ ਸਤਿਕਾਰ ਪ੍ਰਾਪਤ ਹੋਵੇਗਾ। ਉਹਨਾਂ ਲਾਹਾ ਖੱਟਣ ਵਾਲੀਆਂ ਆਤਮਾਂ ਉਪਰ ਮਾਲਕ ਪ੍ਰਮੇਸ਼ਰ ਜੀ ਦੀ ਮਿਹਰ ਦ੍ਰਿਸ਼ਟੀ ਹੋਵੇਗੀ ਅਤੇ ਉਹਨਾਂ ਨੂੰ ਸ਼ਾਬਾਸ਼ ਮਿਲੇਗੀ :—

ਨਦਰਿ ਤਿਨਾ ਕਉ ਨਾਨਕਾ ਜਿ ਸਾਬਤੁ ਲਾਏ ਰਾਸਿ॥

ਸਾਰੰਗ ਮ: ੪ (ਪੰਨਾ : ੧੨੩੮)

ਜਦੋਂ ਸਾਡੇ ਮਾਲਕ ਪ੍ਰਭੂ ਨੇ ਸਾਨੂੰ ਜੀਵਾਂ ਨੂੰ ਸੰਸਾਰ ਵਿੱਚ ਭੇਜਿਆ, ਉਸ ਵੇਲੇ ਸਵਾਸਾਂ ਦੀ ਅਮੋਲਕ ਪੂੰਜੀ ਦੀ ਬਖਸ਼ਸ਼ ਕੀਤੀ ਅਤੇ ਤਾਕੀਦ ਕੀਤੀ ਕਿ ਸਵਾਸਾਂ ਦੀ ਪੂੰਜੀ ਦੇ ਨਾਲ, ਲਾਹਾ ਖੱਟਣਾ ਹੈ। ਇਸ ਅਮੋਲਕ ਪੂੰਜੀ ਨੂੰ ਬਰਬਾਦ ਨਹੀਂ ਕਰਨਾ। ਜਿਹਨਾਂ ਗੁਰੂ ਪਿਆਰਿਆਂ ਨੇ ਪ੍ਰਭੂ ਵਲੋਂ ਦਿੱਤੀ ਹੋਈ ਸਵਾਸਾਂ ਦੀ ਰਾਸ ਦੀ ਠੀਕ ਵਰਤੋਂ ਕਰਕੇ ਲਾਹਾ ਪ੍ਰਾਪਤ ਕਰ ਲਿਆ ਉਹ ਸੁਰਖਰੂ ਮੁਖ ਲੈ ਕੇ, ਬੜੇ ਮਾਣ ਸਤਿਕਾਰ ਨਾਲ ਦਰਗਾਹ ਵਿੱਚ ਗਏ। ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਫੁਰਮਾਨ ਹੈ :—

ਸਾਹ ਚਲੇ ਵਣਜਾਰਿਆ ਲਿਖਿਆ ਦੇਵੈ ਨਾਲਿ॥
ਲਿਖੇ ਉਪਰਿ ਹੁਕਮੁ ਹੋਇ ਲਈਐ ਵਸਤੁ ਸਮ੍ਹਾਲਿ॥
ਵਸਤੁ ਲਈ ਵਣਜਾਰਈ ਵਖਰੁ ਬਧਾ ਪਾਇ॥
ਕੇਈ ਲਾਹਾ ਲੈ ਚਲੇ ਇਕਿ ਚਲੇ ਮੂਲੁ ਗਵਾਇ॥
ਥੋੜਾ ਕਿਨੈ ਨ ਮੰਗਿਓ ਕਿਸੁ ਕਹੀਐ ਸਾਬਾਸਿ॥
ਨਦਰਿ ਤਿਨਾ ਕਉ ਨਾਨਕਾ ਜਿ ਸਾਬਤੁ ਲਾਇ ਰਾਸਿ॥੧॥

ਸਲੋਕ ਮ: ੨ (ਪੰਨਾ : ੧੨੩੮)

ਪਰ ਜਿਹਨਾਂ ਨੇ ਅਮੋਲਕ ਸਵਾਸਾਂ ਦੀ ਰਾਸ ਨੂੰ, ਖਾਣ-ਪੀਣ, ਭੋਗਣ ਦੇ ਰਸਾਂ ਕਸਾਂ ਵਿੱਚ ਖਰਚ ਕੇ ਬਰਬਾਦ ਕਰ ਲਿਆ, ਨਿਰਾ ਬਰਬਾਦ ਹੀ ਨਹੀਂ ਕਰ ਲਿਆ, ਸਗੋਂ ਪਾਪ ਕਰਮਾਂ ਦਾ ਹੋਰ ਰਿਣ ਚੁੱਕ ਲਿਆ ਉਹਨਾਂ ਪਾਸੋਂ ਵੀ ਹਿਸਾਬ ਕਿਤਾਬ ਪੁਛਿਆ ਗਿਆ ਅਤੇ ਬਹੁਤ ਚੰਗੀ ਤਰਾਂ ਤਲਬਗੀਰੀ ਕੀਤੀ ਗਈ :—

ਕਿਆ ਤੈ ਖਟਿਆ ਕਹਾ ਗਵਾਇਆ॥
ਚਲਹੁ ਸਿਤਾਬ ਦੀਬਾਨਿ ਬੁਲਾਇਆ॥

ਰਾਗੁ ਸੂਹੀ ਕਬੀਰ ਜੀ (ਪੰਨਾ : ੭੯੨)

ਜਿਹਨਾਂ ਨੇ ਪ੍ਰਭੂ ਬਖਸ਼ਸ਼ ਕੀਤੀ ਪੂੰਜੀ ਨਾਲ,

ਜਾ ਕਉ ਆਏ ਸੋਈ ਬਿਹਾਝਹੁ
ਹਰਿ ਗੁਰ ਤੇ ਮਨਹਿ ਬਸੇਰਾ॥

ਰਾਗੁ ਗਉੜੀ ਮ: ੫ (ਪੰਨਾ : ੧੩)

ਦੀ ਹੀ ਕਾਰ ਕੀਤੀ ਅਤੇ ਗੁਰੂ ਅਨੁਸਾਰੀ ਹੋਕੇ ਜਿਥੇ ਪਿਛਲੇ ਜਨਮਾਂ ਦੇ ਪਾਪ ਸੰਸਕਾਰਾਂ ਦੇ ਦਾਗ ਧੋ ਕੇ ਆਪਣੀ ਆਤਮਾਂ ਨੂੰ ਪਵਿੱਤਰ ਕਰ ਲਿਆ, ਉਥੇ ਹੋਰ

ਅਨੇਕਾਂ ਨੂੰ ਜੀਵਨ ਸਫਲਾ ਕਰਨ ਦੀ ਜਾਚ ਪ੍ਰਦਾਨ ਕੀਤੀ। ਐਸੇ ਹੀ ਗੁਰੂ ਪਿਆਰਿਆਂ ਦੀ ਮੁਸ਼ੱਕਤੀ ਘਾਲ ਨੂੰ ਸਤਿਗੁਰੂ ਜੀ ਨੇ ਆਪਣੇ ਦਰ ਵਿੱਚ ਪ੍ਰਵਾਨ ਕਰਕੇ, ਮੁਖ ਉਜਲੇ ਦੀ ਦਾਤ ਬਖਸ਼ੀ ਜਿਸ ਸਦਕਾ ਉਹਨਾਂ ਦੇ ਸੰਗੀ ਸਾਥੀ ਅਤੇ ਪ੍ਰਵਾਰ ਦਾ ਵੀ ਉਧਾਰ ਹੋ ਗਿਆ। ਜਪੁਜੀ ਸਾਹਿਬ ਵਿੱਚ ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਉਚਾਰਨ ਕੀਤਾ ਸਲੋਕ ਅਸੀਂ ਹਰ ਰੋਜ਼ ਪੜ੍ਹਦੇ ਹਾਂ :—

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥ ੧॥

ਸਲੋਕ ਜਪੁਜੀ (ਪੰਨਾ : ੮)

ਉਹਨਾਂ ਨੂੰ ਪ੍ਰਾਪਤੀ ਕੀ ਹੋਈ, ਜਿਥੇ ਨਾਮ ਜਪਣ ਨਾਲ ਉਹਨਾਂ ਦਾ ਆਵਾਗਵਣ ਦਾ ਚੱਕਰ ਖਤਮ ਹੋ ਗਿਆ, ਉੱਥੇ ਉਹਨਾਂ ਦੀ ਆਤਮਾਂ ਦਾ ਨਿਵਾਸ ਨਿੱਜ ਘਰ ਦੇ ਵਿੱਚ ਹੋ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :—

ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ
ਬਹੁਰਿ ਨ ਹੋਇਗੋ ਫੇਰਾ॥

ਗਉੜੀ ਪੂਰਬੀ ਮ: ੫ (ਪੰਨਾ :੧੩)

ਜਿਸ ਸਦਕਾ ਉਹ ਗੁਰਮੁਖ ਆਤਮਾਂ :—

ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥

ਸੋਰਠਿ ਮ: ੯ (ਪੰਨਾ : ੬੩੩)

ਦੀ ਅਵਸਥਾ ਦੇ ਮਾਲਕ ਬਣ ਗਏ।

ਪ੍ਰਮੇਸ਼ਰ ਦੇ ਨਾਮ ਦੀ ਕੀਮਤ ਅਤੇ ਅੰਦਾਜ਼ਾ, ਨ ਕਿਸੇ ਨੇ ਅਜ ਤਕ ਪਾਇਆ ਹੈ, ਨਾ ਹੀ ਨਾਮ ਦੀ ਕੋਈ ਕੀਮਤ ਪਾ ਸਕਦਾ ਹੈ। ਤਦ ਹੀ ਸਤਿਗੁਰੂ ਅਮਰ ਦਾਸ ਜੀ ਨੇ ਧਨਾਸਰੀ ਰਾਗ ਵਿੱਚ ਵਰਨਣ ਕੀਤਾ ਹੈ ਕਿ ਅਜ ਤਕ ਨਾ ਕੋਈ ਨਾਮ ਦੀ ਕੀਮਤ ਪਾ ਸਕਿਆ ਹੈ ਅਤੇ ਨਾ ਹੀ ਨਾਮ ਦੀ ਕੀਮਤ ਦਾ ਅੰਦਾਜਾ ਹੀ ਲਗਾ ਸਕਦਾ ਹੈ। ਬਸ ਇੰਨਾ ਹੀ ਕਿਹਾ ਜਾ ਸਕਦਾ ਹੈ ਕਿ ਉਹ ਧੰਨਤਾ ਦੇ ਯੋਗ ਹਨ ਅਤੇ ਧਨਵਾਨ ਹਨ ਜਿਹੜੇ ਸੁਰਤ ਜੋੜ ਕੇ ਨਾਮ ਜਪਦੇ ਹਨ :—

ਨਾਵੈ ਕੀ ਕੀਮਤਿ ਮਿਤਿ ਕਹੀ ਨ ਜਾਇ॥
ਸੇ ਜਨ ਧੰਨੁ ਜਿਨ ਇਕ ਨਾਮਿ ਲਿਵ ਲਾਇ॥

ਧਨਾਸਰੀ ਮ: ੩ (ਪੰਨਾ : ੬੬੬)

ਤਥਾ :— ਨਾਮੈ ਕੀ ਵਡਿਆਈ॥
ਤਿਸੁ ਕੀਮਤਿ ਕਹਣੁ ਨ ਜਾਈ॥

ਸੋਰਠਿ ਮ: ੫ (ਪੰਨਾ : ੬੨੭)

ਨਾਮ ਪ੍ਰਤੀ ਤਾਂ ਕੇਵਲ ਇੱਨੀ ਪ੍ਰੇਰਨਾ ਹੀ ਦਿਤੀ ਜਾ ਸਕਦੀ ਹੈ ਕਿ ਨਾਮ ਨੂੰ ਜ਼ਰੂਰ ਜਪੋ, ਨਾਮ ਜਪਣ ਨਾਲ ਸਾਰਾ ਕੁਝ ਹੀ ਪ੍ਰਾਪਤ ਹੋ ਜਾਂਦਾ ਹੈ। ਸਾਰੇ ਕਾਰਜ ਵੀ ਸੰਪੂਰਨ ਹੋ ਜਾਂਦੇ ਹਨ :—

ਸੰਤਹੁ ਹਰਿ ਹਰਿ ਹਰਿ ਆਰਾਧਹੁ॥
ਹਰਿ ਆਰਾਧਿ ਸਭੋ ਕਿਛੁ ਪਾਈਐ
ਕਾਰਜ ਸਗਲੇ ਸਾਧਹੁ॥

ਸੋਰਠਿ ਮ: ੫ (ਪੰਨਾ : ੬੨੭)

ਚੌਥੇ ਪਾਤਸ਼ਾਹ ਗੰਟੀ ਦਿੰਦੇ ਹਨ ਕਿ ਜਿਸ ਦੇ ਹਿਰਦੇ ਵਿੱਚ ਮੇਰੇ ਪ੍ਰਭੂ ਦਾ ਨਿਵਾਸ ਹੋ ਗਿਆ ਉਸਨੂੰ ਕਿਸੇ ਕਿਸਮ ਦਾ ਵੀ ਫਿਕਰ ਨਹੀਂ ਕਰਨਾ ਚਾਹੀਦਾ ਕਿਉਂਕਿ ਸਾਰੇ ਸੁੱਖਾਂ ਦੀਆਂ ਦਾਤਾਂ ਦੇਣ ਵਾਲਾ ਮਾਲਕ ਉਸਦੇ ਹਿਰਦੇ ਵਿੱਚ ਵਸ ਗਿਆ ਹੈ। ਬਸ ਸੇਵਕ ਨੂੰ ਤਾਂ ਉਸ ਦੇ ਨਾਮ ਨਾਲ ਜੁੜੇ ਰਹਿਣਾ ਚਾਹੀਦਾ ਹੈ। ਜਿਹੜਾ ਉਸਦੇ ਨਾਮ ਨੂੰ ਧਿਆਉਂਦਾ ਹੈ, ਉਸਨੂੰ ਹਰ ਤਰਾਂ ਦੀ ਖੁਸ਼ੀ ਸੁੱਖ ਅਨੰਦ ਪ੍ਰਾਪਤ ਹੋ ਜਾਂਦਾ ਹੈ। ਨਾਮੀ ਸੇਵਕ ਦੇ ਸਾਰੇ ਦੁੱਖ, ਉਸ ਦੀਆਂ ਸਾਰੀਆਂ ਭੁੱਖਾਂ, ਉਸਦੇ ਸਾਰੇ ਰੋਗ ਪ੍ਰਭੂ ਨੇ ਦੂਰ ਕਰਕੇ ਉਸ ਦੇ ਸਾਰੇ ਬੰਧਨ ਤੋੜ ਦਿਤੇ ਹਨ। ਉਹ ਨਾਮੀ ਪੁਰਸ਼ ਤਾਂ ਇੰਨਾ ਮਹਾਨ ਹੋ ਜਾਂਦਾ ਹੈ ਕਿ ਜਿਹੜਾ-ਜਿਹੜਾ ਵੀ ਉਸਦਾ ਦਰਸ਼ਨ ਕਰਦਾ ਹੈ, ਸਾਰਿਆਂ ਦਾ ਨਿਸਤਾਰਾ ਹੋ ਜਾਂਦਾ ਹੈ :—

ਜਿਸ ਦੈ ਚਿਤਿ ਵਸਿਆ ਮੇਰਾ ਸੁਆਮੀ
ਤਿਸ ਨੋ ਕਿਉ ਅੰਦੇਸਾ ਕਿਸੈ ਗਲੈ ਦਾ ਲੋੜੀਐ॥
ਹਰਿ ਸੁਖਦਾਤਾ ਸਭਨਾ ਗਲਾ ਕਾ
ਤਿਸ ਨੋ ਧਿਆਇਦਿਆ ਕਿਵ ਨਿਮਖ ਘੜੀ ਮੁਹੁ ਮੋੜੀਐ॥
ਜਿਨਿ ਹਰਿ ਧਿਆਇਆ ਤਿਸ ਨੋ ਸਰਬ ਕਲਿਆਣ ਹੋਏ
ਨਿਤ ਸੰਤ ਜਨਾ ਕੀ ਸੰਗਤਿ ਜਾਇ ਬਹੀਐ ਮੁਹੁ ਜੋੜੀਐ॥
ਸਭਿ ਦੁਖ ਭੁਖ ਰੋਗ ਗਏ ਹਰਿ ਸੇਵਕ ਕੇ
ਸਭਿ ਜਨ ਕੇ ਬੰਧਨ ਤੋੜੀਐ॥
ਹਰਿ ਕਿਰਪਾ ਤੇ ਹੋਆ ਹਰਿ ਭਗਤੁ
ਹਰਿ ਭਗਤ ਜਨਾ ਕੈ ਮੁਹਿ ਡਿਠੈ ਜਗਤੁ ਤਰਿਆ ਸਭੁ ਲੋੜੀਐ॥

ਪਉੜੀ (ਪੰਨਾ : ੫੫੦)

ਨਾਮ ਜਪਣ ਵਾਲੇ ਦੀ ਨਾਮ ਕਿਵੇਂ ਸਹਾਇਤਾ ਕਰਦਾ ਹੈ ? ਬਾਬਾ ਕਬੀਰ ਜੀ ਦਾ ਆਪਣਾ ਨਿਜੀ ਤਜਰਬਾ ਭੈਰਉ ਰਾਗ ਵਿੱਚ ਉਚਾਰਨ ਕੀਤਾ ਉਹਨਾਂ ਦੀ ਬਾਣੀ ਵਿੱਚ ਪੜ੍ਹ ਲਈਏ। ਨਾਮ ਦੀ ਮਹਾਨਤਾ ਪ੍ਰਤੀ ਕੁਝ ਸੋਝੀ ਪੈ ਜਾਵੇਗੀ।

ਬਾਬਾ ਕਬੀਰ ਜੀ ਫੁਰਮਾਨ ਕਰਦੇ ਹਨ ਕਿ ਮੈਨੂੰ ਕਬੀਰ ਨੂੰ ਲੋਹੇ ਦੀਆਂ ਜ਼ੰਜ਼ੀਰਾਂ ਨਾਲ ਬੰਨਕੇ, ਗੰਗਾ ਦੇ ਡੂੰਘੇ ਪਾਣੀ ਵਿੱਚ ਡੋਬ ਕੇ ਮਾਰ ਦੇਣ ਲਈ ਲੈ ਗਏ।

ਆਪ ਜੀ ਬੇ-ਪ੍ਵਾਹੀ ਅਵਸਥਾ ਵਿੱਚ ਉਹਨਾਂ ਲੋਕਾਂ ਨੂੰ ਮੁਖਾਤਬ ਕਰਕੇ ਕਹਿੰਦੇ ਹਨ। ਓ-ਭਲਿਓ, ਤੁਸੀਂ ਆਪ ਹੀ ਦੱਸੋ ਜਿਸ ਦਾ ਮਨ ਨਿਰਭਉ ਨਾਲ ਜੁੜਕੇ ਨਿਰਭਉ ਪਦਵੀ ਨੂੰ ਪ੍ਰਾਪਤ ਕਰ ਗਿਆ ਹੋਵੇ ਉਸ ਨੂੰ ਤੁਸੀਂ ਕਿਵੇਂ ਭੈ ਭੀਤ ਕਰ ਸਕਦੇ ਹੋ ? ਸਰੀਰ ਤਾਂ ਮਿੱਟੀ ਹੈ, ਇਸ ਨੂੰ ਤੁਸੀ ਕਿਵੇਂ ਡਰਾਉਗੇ ? ਜਦੋਂ ਮੇਰਾ ਮਨ ਹੀ ਨਹੀਂ ਡੋਲਦਾ।

ਮੇਰਾ ਮਨ ਤਾਂ ਨਿਰਭਉ ਹਰੀ ਪ੍ਰਮੇਸ਼ਰ ਦੇ ਚਰਨਾਂ ਕਮਲਾਂ ਨਾਲ ਅਭੇਦ ਹੋਇਆ ਹੋਇਆ ਹੈ।

ਪਰ ਅਨਜਾਣ, ਪ੍ਰਭੂ ਦੇ ਭੈ ਭਾਵਨੀ ਤੋਂ ਸੱਖਣੇ, ਸਕੰਦਰ ਲੋਧੀ ਦੇ ਅਹਿਲਕਾਰਾਂ ਨੇ ਭੋਰਾ ਜਿੰਨਾ ਤਰਸ ਨਹੀਂ ਕੀਤਾ। ਮੈਨੂੰ ਕਬੀਰ ਨੂੰ ਗੰਗਾ ਦੇ ਡੂੰਘੇ ਪਾਣੀ ਵਿੱਚ ਡੋਬਣ ਲਈ ਸਮੇਤ ਸੰਗਲਾਂ ਦੇ ਸੁੱਟ ਦਿਤਾ। ਪਰ ਧੰਨ ਹੈ ਮੇਰਾ ਰਖਵਾਲਾ ਮਾਲਕ ਪ੍ਰਭੂ ! ਉਸਨੇ ਆਪ ਮਿਹਰ ਕਰਕੇ ਮੇਰੀਆਂ ਸਾਰੀਆਂ ਜ਼ੰਜ਼ੀਰਾਂ ਤੋੜ ਸੁਟੀਆਂ, ਮੈਨੂੰ ਗੰਗਾ ਦੇ ਪਾਣੀ ਵਿੱਚ ਡੁੱਬਣ ਨਹੀਂ ਦਿਤਾ। ਮੈ ਤਾਂ ਗੰਗਾ ਦੇ ਪਾਣੀ ਵਿੱਚ ਇਸ ਤਰਾਂ ਅਡੋਲ ਬੈਠਾ ਤਰ ਰਿਹਾ ਸਾਂ ਜਿਵੇਂ ਕੋਈ ਜੋਗੀ ਮ੍ਰਿਗਛਾਲਾ ਉਤੇ ਸਮਾਧੀ ਲਾ ਕੇ ਬੈਠਾ ਹੋਵੇ।

ਅਖੀਰ ਵਿੱਚ ਬਾਬਾ ਕਬੀਰ ਜੀ ਤਤਸਾਰ ਲਿਖਦੇ ਹਨ ਕਿ ਜਿਥੇ ਕੋਈ ਅੰਗ ਸਾਕ, ਮਿਤ੍ਰ ਦੋਸਤ, ਮਾਂ-ਬਾਪ ਰੱਖਿਆ ਨਹੀਂ ਕਰ ਸਕਦਾ ਉਥੇ ਸਰਬ ਸ਼ਕਤੀਮਾਨ ਪ੍ਰਭੂ ਪ੍ਰਮੇਸ਼ਰ ਆਪ ਰਖਿਆ ਕਰਦਾ ਹੈ। ਕੈਸੀ ਹੈ ਨਾਮ ਦੀ ਬਰਕਤ ਪੜ੍ਹੀਏ ਬਾਬਾ ਕਬੀਰ ਜੀ ਦਾ ਆਪਣਾ ਤਜਰਬਾ :—

ਗੰਗ ਗੁਸਾਇਨਿ ਗਹਿਰ ਗੰਭੀਰ॥
ਜੰਜੀਰ ਬਾਂਧਿ ਕਰਿ ਖਰੇ ਕਬੀਰ॥ ੧॥
ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥
ਚਰਨ ਕਮਲ ਚਿਤੁ ਰਹਿਓ ਸਮਾਇ॥ ਰਹਾਉ॥
ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥
ਮ੍ਰਿਗਛਾਲਾ ਪਰ ਬੈਠੇ ਕਬੀਰ॥ ੨॥
ਕਹਿ ਕੰਬੀਰ ਕੋਊ ਸੰਗ ਨ ਸਾਥ॥
ਜਲ ਥਲ ਰਾਖਨ ਹੈ ਰਘੁਨਾਥ॥ ੩॥

ਭਰਉ ਕਬੀਰ ਜੀ (ਪੰਨਾ : ੧੧੬੨)

ਨਾਮ ਦੀ ਮਹਾਨਤਾ ਨੂੰ ਜ਼ੁਬਾਨ ਨਾਲ ਬੋਲ ਕੇ ਦਸਿਆ ਨਹੀ ਜਾ ਸਕਦਾ, ਜਿਥੇ ਪ੍ਰਭੂ ਨਾਮ ਜਪਣ ਵਾਲਿਆਂ ਦੇ ਬਿਨਾਂ ਚਿੰਤਾ ਤੋਂ ਸਾਰੇ ਕਾਰਜ ਪੂਰੇ ਕਰਦਾ ਹੈ, ਜਿਸ ਪ੍ਰਥਾਇ ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :—

ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ॥

ਸਲੋਕ ਮ: ੩ (ਪੰਨਾ ੬੩੮)

ਉੱਥੇ ਨਾਮ ਜਪ ਦੁਆਰਾ ਨਾਮੀਆਂ ਦੀ ਸਾਰੇ ਸੰਸਾਰ ਵਿੱਚ ਜੈ ਜੈ ਕਾਰ ਪ੍ਰਭੂ ਕਰਵਾ ਦਿੰਦਾ ਹੈ। ਸਾਰਾ ਸੰਸਾਰ ਹੀ ਉਹਨਾਂ ਦੀ ਸੋਭਾ ਕਰਨ ਲੱਗ ਜਾਂਦਾ ਹੈ। ਸੰਸਾਰ ਵਿੱਚ ਧਨਵਾਨ ਦੀ ਸੋਭਾ ਨਹੀਂ ਹੁੰਦੀ, ਰਾਜੇ ਮਹਾਰਾਜੇ, ਅਮੀਰਾਂ ਵਜ਼ੀਰਾਂ ਦੀ ਸੋਭਾ ਨਹੀਂ ਹੁੰਦੀ। ਜੇ ਕੋਈ ਕਰਦਾ ਵੀ ਹੈ ਕੇਵਲ ਆਪਣੀ ਲੋੜ ਦੀ ਪੂਰਤੀ ਵਾਸਤੇ ਹੀ ਸਾਹਮਣੇ ਕਰਦਾ ਹੈ। ਮਨ ਕਰਕੇ ਅੰਦਰੋਂ, ਕੋਈ ਨਹੀਂ ਕਰਦਾ, ਨਾਮੀਆਂ, ਪ੍ਰਭੂ ਭਗਤਾਂ ਨੂੰ ਸਦੀਆਂ ਬੀਤ ਜਾਣ ਉਪ੍ਰੰਤ ਵੀ ਸਾਰੇ ਲੋਕ ਮਨ ਕਰਕੇ ਸਿਰ ਝੁਕਾ ਕੇ, ਧੰਨ ਬਾਬਾ ਕਬੀਰ, ਧੰਨ ਬਾਬਾ ਰਵਿਦਾਸ, ਧੰਨ ਬਾਬਾ ਨਾਮ ਦੇਵ ਜੀ, ਧਰੂ, ਪ੍ਰਹਿਲਾਦ ਨੂੰ ਧੰਨ ਕਹਿ ਕੇ ਸਤਿਕਾਰ ਦਿੰਦੇ ਹਨ :—

ਓਨਾ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣਹਾਰਾ॥
ਨਾਨਕ ਤਿਨ ਕੈ ਸਦ ਬਲਿਹਾਰੈ ਜਿਨ ਹਰਿ ਰਾਖਿਆ ਉਰਿ ਧਾਰਾ॥

ਸਲੋਕ ਮ: ੩ (ਪੰਨਾ : ੬੩੮)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁਚੀ ਬਾਣੀ ਵਿੱਚ ਕਿਸੇ ਰਾਜੇ ਮਹਾਰਾਜੇ ਦਾ, ਕਿਸੇ ਅਮੀਰ ਵਜ਼ੀਰ ਦਾ ਨਾਉਂ ਨਹੀਂ ਦਰਜ ਕੀਤਾ। ਕਿਸੇ ਧਨਵਾਨ ਨੂੰ ਵਡਿਆਈ ਨਹੀਂ ਦਿੱਤੀ। ਜੇ ਮਾਣ ਸਤਿਕਾਰ ਵਡਿਆਈ ਦਿੱਤੀ ਹੈ ਤਾਂ ਕੇਵਲ ਨਾਮੀਆਂ, ਪ੍ਰਭੂ ਭਗਤਾਂ ਨੂੰ ਹੀ ਦਿਤੀ ਹੈ। ਆਸਾ ਰਾਗ ਵਿੱਚ ਦਰਜ ਕੀਤਾ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਪੜ੍ਹੀਏ, ਪਤਾ ਚਲ ਜਾਵੇਗਾ :—

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥ ੧॥ ਰਹਾਉ॥
ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥ ੧॥
ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ੍ ਤਿਆਗੀ ਮਾਇਆ॥
ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥ ੨॥
ਸੈਨ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ॥
ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥੩॥

ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥੪॥੨॥

ਮਹਲਾ : ੫ (ਪੰਨਾ : ੪੮੭)

ਸਤਿਗੁਰੂ ਨਾਨਕ ਪਾਤਸ਼ਾਹ, ਜਿਹਨਾਂ ਨੇ ਸਾਰੀ ਦੁਨੀਆਂ ਨੂੰ, ਸ਼ਬਦ ਨਾਲ ਜੋੜ ਕੇ, ਜਗਤ ਜਲੰਦੇ ਨੂੰ ਸ਼ਾਂਤ ਕੀਤਾ। ਜਿਹਨਾਂ ਦੇ ਅੱਗੇ ਵੱਡੇ-ਵੱਡੇ ਅਮੀਰ ਵਜ਼ੀਰ ਰਾਜੇ ਝੁਕਦੇ ਸਨ, ਜਿਹਨਾਂ ਦਾ ਸਿੱਕਾ ਪੀਰ ਫਕੀਰ ਵਲੀ ਵੀ ਮੰਨਦੇ ਸਨ। ਆਪ ਨੇ ਕਿਸੇ ਦੀ ਤਾਰੀਫ ਨਹੀਂ ਕੀਤੀ, ਕਿਸੇ ਤੋਂ ਕੁਰਬਾਨ ਨਹੀਂ ਗਏ। ਜੇ ਸਤਿਗੁਰੂ ਕੁਰਬਾਨ, ਬਲਿਹਾਰ ਗਏ ਹਨ ਤਾਂ ਕੇਵਲ ਨਾਮ ਜਪਣ ਵਾਲਿਆਂ ਤੋਂ ਗਏ ਹਨ। ਸਤਿਗੁਰਾਂ ਨੇ ਕਿੰਨੀ ਮਹਾਨਤਾ ਨਾਮ ਜਪਣ ਵਾਲਿਆਂ ਨੂੰ ਬਖਸ਼ਸ਼ ਕੀਤੀ ਹੈ :—

ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ॥
ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥
ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ॥੧॥ ਰਹਾਉ॥

ਤਿਲੰਗ ਮ: ੧ (ਪੰਨਾ : ੭੨੨)

ਪ੍ਰਮੇਸ਼ਰ ਕਿਵੇਂ ਨਾਮ ਜਪਣ ਵਾਲਿਆਂ ਦੀ ਜੈ ਜੈ ਕਾਰ ਕਰਾਉਂਦਾ ਹੈ। ਭਾਵੇਂ ਸਕੰਦਰ ਲੋਧੀ ਵਰਗੇ ਬਾਦਸ਼ਾਹ ਵੀ ਉਸਦੀ ਹੇਠੀ ਕਰਨ ਉਤੇ ਤੁੱਲ ਪੈਣ, ਪਰ :—

ਜਾਂ ਕਰਤਾ ਵਲਿ ਤਾ ਸਭੁ ਕੋ ਵਲਿ ਸਭਿ ਦਰਸਨੁ ਦੇਖਿ ਕਰਹਿ ਸਾਬਾਸਿ॥

ਗਉੜੀ ਮ: ੪ (ਪੰਨਾ : ੩੦੫)

ਪ੍ਰਮੇਸ਼ਰ ਆਪਣੇ ਪਿਆਰਿਆਂ ਦੀ ਪੈਜ ਜਰੂਰ ਰੱਖਦਾ ਹੈ। ਕਿਵੇਂ ਭਗਤ ਨਾਮ ਦੇਵ ਦੀ, ਉਹਨਾਂ ਦੇ ਕਥਨ ਅਨੁਸਾਰ, **"ਨਾਮੇ ਕੀ ਕੀਰਤਿ ਰਹੀ ਸੰਸਾਰਿ॥"** ਪ੍ਰਭੂ ਜੀ ਨੇ ਪੈਜ ਰਖੀ ਉਹਨਾਂ ਦੀ ਆਪਣੀ ਜ਼ੁਬਾਨੀ ਸੁਣ ਲਈਏ। ਨਾਮ ਜਪਣ ਦੀ ਮਹਾਨਤਾ ਦਾ ਪਤਾ ਚਲ ਜਾਵੇਗਾ।

ਭਗਤ ਕਬੀਰ ਜੀ ਦੀ ਤਰ੍ਹਾਂ ਹੀ ਬਾਬਾ ਨਾਮ ਦੇਵ ਜੀ ਦੇ ਉਪਰ ਔਖਾ ਸਮਾਂ ਆ ਬਣਿਆ। ਜਿਵੇਂ ਭਗਤ ਜੀ ਨੇ ਆਪਣੀ ਬਾਣੀ ਵਿੱਚ ਸਾਰੀ ਵਾਰਤਾ ਹੇਠ ਲਿਖੇ ਸ਼ਬਦ ਵਿੱਚ ਵਰਨਣ ਕੀਤੀ ਹੈ। ਭਗਤ ਜੀ ਨੂੰ ਬਾਦਸ਼ਾਹ ਸਕੰਦਰ ਲੋਧੀ ਦੇ ਸਿਪਾਹੀਆਂ ਨੇ ਬੰਨ ਲਿਆ ਅਤੇ ਬਾਦਸ਼ਾਹ ਅੱਗੇ ਪੇਸ਼ ਕੀਤਾ। ਭਗਤ ਜੀ ਦੇ ਅੱਗੇ ਤਿੰਨ ਸ਼ਰਤਾਂ ਰਖੀਆਂ ਗਈਆਂ ਕਿ ਹੇ ਨਾਮਦੇਵ, ਜਾਂ ਤਾਂ ਇਸ ਮਰੀ ਹੋਈ ਗਾਂ ਨੂੰ ਜਿੰਦਾ ਕਰ ਦੇਹ ਜਾਂ ਕਰਾਮਾਤ ਵਿਖਾ ਜਾਂ ਫਿਰ ਮਰਨ ਲਈ ਤਿਆਰ ਹੋ ਜਾਹ।

ਭਗਤ ਜੀ ਨੇ ਉੱਤਰ ਦਿੱਤਾ ਬਾਦਸ਼ਾਹ! ਮੈਂ ਪਹਿਲਾਂ ਵੀ ਕੁਝ ਨਹੀਂ ਕੀਤਾ, ਨਾ ਮੇਰੇ ਵਿੱਚ ਇੰਨੀ ਸ਼ਕਤੀ ਹੈ। ਜਿਹੜਾ ਮਰ ਜਾਂਦਾ ਹੈ, ਉਹ ਕਿਵੇਂ ਜ਼ਿੰਦਾ ਹੋ ਸਕਦਾ

ਹੈ। ਕਰਾਮਾਤੀ ਸ਼ਕਤੀਆਂ/ਅੱਲਾ ਤਾਲਾ, ਖੁਦਾ ਦੇ ਹੱਥ ਵਸ ਹਨ, ਉਹ ਹੀ ਵਰਤਾਉਂਦਾ ਹੈ। ਬਾਦਸ਼ਾਹ ਨੇ ਸਾਢੇ ਸੱਤ ਘੜੀਆਂ ਦਾ ਸਮਾਂ ਨਾਮਦੇਵ ਜੀ ਨੂੰ ਦਿੱਤਾ ਕਿ ਇੰਨੇ ਸਮੇਂ ਅੰਦਰ ਜਾਂ ਤਾਂ ਮੋਈ ਹੋਈ ਗਊ ਨੂੰ ਜਿੰਦਾ ਕਰ ਦੇਹ ਜਾਂ ਕਰਾਮਾਤ ਵਿਖਾ ਨਹੀਂ ਤੇ ਸਾਢੇ ਸਤ ਘੜੀ ਤੋਂ ਪਿੱਛੋਂ ਤੈਨੂੰ ਮਾਰ ਦਿੱਤਾ ਜਾਵੇਗਾ। ਸੱਤ ਘੜੀਆਂ ਦਾ ਸਮਾਂ ਬੀਤ ਗਿਆ ਪਰ ਅਜੇ ਪ੍ਰਮੇਸ਼ਰ ਜੀ ਪ੍ਰਗਟ ਨਹੀਂ ਹਏ :—

ਸਾਤ ਘੜੀ ਜਬ ਬੀਤੀ ਸੁਣੀ॥
ਅਜਹੁ ਨ ਆਇਓ ਤ੍ਰਿਭਵਣ ਧਣੀ॥

ਭੈਰਉ ਨਾਮਦੇਉ (ਪੰਨਾ : ੧੧੬੬)

ਦਿੱਤਾ ਹੋਇਆ ਸਮਾਂ ਜਦੋ ਪੂਰਾ ਹੋ ਗਿਆ, ਭਗਵਾਨ ਆਪ ਪ੍ਰਗਟ ਹੋ ਗਏ ਅਤੇ ਨਾਮਦੇਵ ਜੀ ਨੂੰ ਸੰਬੋਧਨ ਕਰਕੇ ਕਹਿਣ ਲਗੇ। ਹੇ ਨਾਮਦੇਵ! ਜੇ ਤੂੰ ਆਖੇਂ ਤਾਂ, ਧਰਤੀ ਨੂੰ ਟੇਡੀ ਕਰ ਦੇਵਾਂ, ਜੇ ਤੂੰ ਆਖੇਂ ਤਾਂ ਇਸ ਧਰਤੀ ਨੂੰ ਸਾਰਿਆਂ ਦੇ ਉੱਪਰ ਕਰ ਦੇਵਾਂ ਭਾਵ ਸਾਰਿਆਂ ਨੂੰ ਮਾਰ ਦੇਵਾਂ। ਜੇ ਤੂੰ ਆਖੇਂ ਤਾਂ ਮਰੀ ਹੋਈ ਗਾਂ ਨੂੰ ਜ਼ਿੰਦਾ ਕਰ ਦਿੰਦਾ ਹਾਂ ਤਾਂ ਜੋ ਸਾਰੇ ਲੋਕ ਵੇਖ ਲੈਣ ਕਿ ਭਗਤ ਵਿੱਚ ਕਿੰਨੀ ਸ਼ਕਤੀ ਹੈ। ਪ੍ਰਭੂ ਜੀ ਦੀ ਸ਼ਕਤੀ ਨਾਲ ਗਊ ਜ਼ਿੰਦਾ ਹੋ ਗਈ। ਭਗਤ ਨਾਮਦੇਵ ਜੀ ਦੀ ਸਾਰੇ ਸੰਸਾਰ ਤੇ ਜੈ ਜੈਕਾਰ ਹੋ ਗਈ।

ਉੱਧਰ, ਪ੍ਰਮੇਸ਼ਰ ਸ਼ਕਤੀ ਦੀ ਕ੍ਰੋਪੀ ਨਾਲ, ਬਾਦਸ਼ਾਹ ਜਦੋਂ ਮਹਿਲਾਂ ਵਿੱਚ ਗਿਆ ਬਾਦਸ਼ਾਹ ਦੇ ਪੇਟ ਵਿੱਚ ਬਹੁਤ ਭਾਰੀ ਦਰਦ ਹੋਣਾ ਅਰੰਭ ਹੋ ਗਿਆ, ਦਵਾ ਦਾਰੂ ਦੇ ਸਾਰੇ ਹੀਲੇ ਵਸੀਲੇ ਕਰ ਲਏ ਪਰ ਅਰਾਮ ਨਾ ਆਇਆ। ਬਾਦਸ਼ਾਹ ਨੇ ਆਪਣੀ ਗਲਤੀ ਮੰਨੀ ਅਤੇ ਆਪਣੇ ਅਹਿਲਕਾਰਾਂ ਨੂੰ ਬਾਬਾ ਨਾਮਦੇਵ ਜੀ ਦੇ ਚਰਨਾਂ ਵਿੱਚ ਜ਼ਿੰਦ ਬਖਸ਼ੀ ਲਈ ਭੇਜਿਆ ਅਤੇ ਬੇਨਤੀ ਕੀਤੀ ਹੇ ਨਾਮਦੇਵ! ਤੂੰ ਮੈਨੂੰ ਆਪਣੀ ਗਊ ਜਾਣ ਕੇ ਬਖਸ਼ ਲੈ, ਮੈਂ ਬਹੁਤ ਵੱਡੀ ਅੱਵਗਿਆ ਕੀਤੀ ਹੈ। ਭਗਤ ਨਾਮਦੇਵ ਜੀ ਨੇ ਬਾਦਸ਼ਾਹ ਨੂੰ ਸੱਚਾ-ਸੁੱਚਾ ਵਰਤਾਰਾ ਕਰਨ ਅਤੇ ਖਲਕਤ ਨਾਲ ਨਿਆਂ ਕਰਨ ਲਈ ਕਿਹਾ। ਬਚਨ ਦੇਣ ਤੇ ਰਾਜੇ ਨੂੰ ਅਰੋਗਤਾ ਮਿਲ ਗਈ।

ਇਹ ਸਾਰੀ ਵਾਰਤਾ ਪ੍ਰਭੂ ਜੀ ਦੇ ਪੈਜ ਰੱਖਣ ਦੀ ਨਾਮ ਦੇਵ ਜੀ ਨੇ ਆਪ ਗੁਰਬਾਣੀ ਵਿੱਚ ਦਰਜ ਕੀਤੀ ਹੈ, ਵਾਚ ਲਈਏ ਨਾਮ ਜਪਣ ਦੀ ਮਹਾਨਤਾ ਦਾ ਪਤਾ ਸੁਤੇ ਹੀ ਚੱਲ ਜਾਵੇਗਾ :—

ਸੁਲਤਾਨੁ ਪੂਛੈ ਸੁਨੁ ਬੇ ਨਾਮਾ॥
ਦੇਖਉ ਰਾਮ ਤੁਮ੍ਹਾਰੇ ਕਾਮਾ॥੧॥
ਨਾਮਾ ਸੁਲਤਾਨੇ ਬਾਧਿਲਾ॥

ਦੇਖਉ ਤੇਰਾ ਹਰਿ ਬੀਠੁਲਾ॥ ੧॥ ਰਹਾਉ॥
ਬਿਸਮਿਲਿ ਗਊ ਦੇਹੁ ਜੀਵਾਇ॥
ਨਾਤਰੁ ਗਰਦਨਿ ਮਾਰਉ ਠਾਂਇ॥੨॥
ਬਾਦਿਸਾਹ ਐਸੀ ਕਿਉ ਹੋਇ॥
ਬਿਸਮਿਲਿ ਕੀਆ ਨ ਜੀਵੈ ਕੋਇ॥ ੩॥
ਮੇਰਾ ਕੀਆ ਕਛੂ ਨ ਹੋਇ॥
ਕਰਿ ਹੈ ਰਾਮੁ ਹੋਇ ਹੈ ਸੋਇ॥ ੪॥
ਬਾਦਿਸਾਹੁ ਚੜ੍ਹਿਓ ਅਹੰਕਾਰਿ॥
ਗਜ ਹਸਤੀ ਦੀਨੋ ਚਮਕਾਰਿ॥੫॥
ਰੁਦਨੁ ਕਰੈ ਨਾਮੇ ਕੀ ਮਾਇ॥
ਛੋਡਿ ਰਾਮੁ ਕੀ ਨ ਭਜਹਿ ਖੁਦਾਇ॥ ੬॥
ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥
ਪਿੰਡੁ ਪੜੈ ਤਉ ਹਰਿ ਗੁਨ ਗਾਇ॥ ੭॥
ਕਰੈ ਗਜਿੰਦੁ ਸੁੰਡ ਕੀ ਚੋਟ॥
ਨਾਮਾ ਉਬਰੈ ਹਰਿ ਕੀ ਓਟ॥੮॥
ਕਾਜੀ ਮੁਲਾਂ ਕਰਹਿ ਸਲਾਮੁ॥
ਇਨਿ ਹਿੰਦੂ ਮੇਰਾ ਮਲਿਆ ਮਾਨੁ॥ ੯॥
ਬਾਦਿਸਾਹ ਬੇਨਤੀ ਸੁਨੇਹੁ॥
ਨਾਮੇ ਸਰ ਭਰਿ ਸੋਨਾ ਲੇਹੁ॥ ੧੦॥
ਮਾਲੁ ਲੇਉ ਤਉ ਦੋਜਕਿ ਪਰਉ॥
ਦੀਨੁ ਛੋਡਿ ਦੁਨੀਆ ਕਉ ਭਰਉ॥ ੧੧॥
ਪਾਵਹੁ ਬੇੜੀ ਹਾਥਹੁ ਤਾਲ॥
ਨਾਮਾ ਗਾਵੈ ਗੁਨ ਗੋਪਾਲ॥ ੧੨॥
ਗੰਗ ਜਮੁਨ ਜਉ ਉਲਟੀ ਬਹੈ॥
ਤਉ ਨਾਮਾ ਹਰਿ ਕਰਤਾ ਰਹੈ॥ ੧੩॥
ਸਾਤ ਘੜੀ ਜਬ ਬੀਤੀ ਸੁਣੀ॥
ਅਜਹੁ ਨ ਆਇਓ ਤ੍ਰਿਭਵਣ ਧਣੀ॥ ੧੪॥
ਪਾਖੰਤਣ ਬਾਜ ਬਜਾਇਲਾ॥
ਗਰੁੜ ਚੜ੍ਹੇ ਗੋਬਿੰਦ ਆਇਲਾ॥੧੫॥

ਅਪਨੇ ਭਗਤ ਪਰਿ ਕੀ ਪ੍ਰਤਿਪਾਲ॥
ਗਰੁੜ ਚੜ੍ਹੇ ਆਏ ਗੋਪਾਲ॥੧੬॥
ਕਹਹਿ ਤ ਧਰਣਿ ਇਕੋਡੀ ਕਰਉ॥
ਕਹਹਿ ਤ ਲੇ ਕਰਿ ਊਪਰਿ ਧਰਉ॥੧੭॥
ਕਹਹਿ ਤ ਮੁਈ ਗਊ ਦੇਉ ਜੀਆਇ॥
ਸਭੁ ਕੋਈ ਦੇਖੈ ਪਤੀਆਇ॥ ੧੮॥
ਨਾਮਾ ਪ੍ਰਣਵੈ ਸੇਲ ਮਸੇਲ॥
ਗਊ ਦੁਹਾਈ ਬਛਰਾ ਮੇਲਿ॥ ੧੯॥
ਦੂਧਹਿ ਦੁਹਿ ਜਬ ਮਟੁਕੀ ਭਰੀ॥
ਲੇ ਬਾਦਿਸਾਹ ਕੇ ਆਗੇ ਧਰੀ॥ ੨੦॥
ਬਾਦਿਸਾਹੁ ਮਹਲ ਮਹਿ ਜਾਇ॥
ਅਉਘਟ ਕੀ ਘਟ ਲਾਗੀ ਆਇ॥ ੨੧॥
ਕਾਜੀ ਮੁਲਾਂ ਬਿਨਤੀ ਫੁਰਮਾਇ॥
ਬਖਸੀ ਹਿੰਦੂ ਮੈ ਤੇਰੀ ਗਾਇ॥ ੨੨॥
ਨਾਮਾ ਕਹੈ ਸੁਨਹੁ ਬਾਦਿਸਾਹ॥
ਇਹੁ ਕਿਛੁ ਪਤੀਆ ਮੁਝੈ ਦਿਖਾਇ॥ ੨੩॥
ਇਸ ਪਤੀਆ ਕਾ ਇਹੈ ਪਰਵਾਨੁ॥
ਸਾਚਿ ਸੀਲਿ ਚਾਲਹੁ ਸੁਲਿਤਾਨ॥੨੪॥
ਨਾਮਦੇਉ ਸਭ ਰਹਿਆ ਸਮਾਇ॥
ਮਿਲਿ ਹਿੰਦੂ ਸਭ ਨਾਮੇ ਪਹਿ ਜਾਹਿ॥੨੫॥
ਜਉ ਅਬ ਕੀ ਬਾਰ ਨ ਜੀਵੈ ਗਾਇ॥
ਤ ਨਾਮਦੇਵ ਕਾ ਪਤੀਆ ਜਾਇ॥੨੬॥
ਨਾਮੇ ਕੀ ਕੀਰਤਿ ਰਹੀ ਸੰਸਾਰਿ॥
ਭਗਤ ਜਨਾਂ ਲੇ ਉਧਰਿਆ ਪਾਰਿ॥੨੭॥
ਸਗਲ ਕਲੇਸ ਨਿੰਦਕ ਭਇਆ ਖੇਦੁ॥
ਨਾਮੇ ਨਾਰਾਇਨ ਨਾਹੀ ਭੇਦੁ॥੨੮॥

ਭੈਰਉ ਨਾਮਦੇਉ ਜੀਉ (ਪੰਨਾ : ੧੧੬੫)

ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਨਾਮ ਦੀ ਮਹਾਨਤਾ ਦਰਸਾਉਂਦੇ ਫੁਰਮਾਨ ਕਰਦੇ ਹਨ ਕਿ ਜੇ ਦੁਸ਼ਮਣ ਵੀ ਤੁਹਾਡਾ ਬੁਰਾ ਕਰਨ ਵਾਸਤੇ ਤੁਹਾਡੇ ਉੱਤੇ

ਹਮਲਾਵਰ ਬਣ ਕੇ ਚੜ੍ਹਾਈ ਕਰ ਦੇਵੇ, ਜੇ ਤੁਸੀ ਇੱਕ-ਮਨ ਇੱਕ ਚਿੱਤ ਹੋ ਕੇ-ਪ੍ਰਭੂ ਪ੍ਰਾਇਣ ਹੋ ਉਸ ਮਾਲਕ ਦਾ ਅਰਾਧਨ ਕਰੋਗੇ ਮਾਲਕ ਪ੍ਰਭੂ ਤੁਹਾਡੀ ਜਰੂਰ ਬਹੁੜੀ ਕਰੇਗਾ। ਲੋੜ ਹੈ ਭਰੋਸਾ ਕਰਨ ਅਤੇ ਉਸ ਦੇ ਨਾਮ ਨੂੰ ਜਪਣ ਦੀ।

ਜਦੋਂ ਸੁਲਹੀ ਖਾਂ ਪ੍ਰਿਥੀ ਚੰਦ ਦੀ ਚੁੱਕ ਵਿੱਚ ਆ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਉੱਤੇ ਹਮਲਾਵਰ ਬਣ ਕੇ ਚੜ੍ਹ ਆਇਆ। ਸਿੱਖਾਂ ਨੇ ਉਸ ਤੋਂ ਬਚਾਉ ਲਈ ਕਈ ਮਤੇ ਗੁਰੂ ਚਰਨਾਂ ਵਿੱਚ ਰੱਖੇ ਜਿਹਨਾਂ ਨੂੰ ਸਤਿਗੁਰੂ ਜੀ ਨੇ ਅ-ਪ੍ਰਵਾਨ ਕਰ ਦਿੱਤਾ। ਪਹਿਲਾ ਮਤਾ ਸੀ ਕਿ ਸੁਲਹੀ ਖਾਂ ਨੂੰ ਚਿੱਠੀ ਪੱਤਰ ਲਿਖੀਏ। ਦੂਜੀ ਸਲਾਹ ਸੀ ਕਿ ਦੋ ਨਾਮਵਰ ਗੁਰਸਿੱਖ ਉਸ ਨਾਲ ਗਲਬਾਤ ਕਰਨ ਵਾਸਤੇ ਭੇਜੀਏ ਤਾਂ ਜੋ ਉਸ ਨਾਲ ਸੁਲ੍ਹਾ ਹੋ ਜਾਵੇ। ਤੀਸਰਾ ਮਤਾ ਸੀ ਕਿ ਸਾਨੂੰ ਆਗਿਆ ਦਿਉ ਅਸੀਂ ਉਸਦਾ ਮੁਕਾਬਲਾ ਕਰੀਏ। ਸਤਿਗੁਰੂ ਜੀ ਨੇ ਸਾਰਿਆਂ ਨੂੰ ਧੀਰਜ ਦਿੱਤਾ ਅਤੇ ਇੱਕ ਉਪਾਉ ਕਰਨ ਵਾਸਤੇ ਪ੍ਰੇਰਨਾ ਦਿੱਤੀ। ਉਹ ਉਪਾਉ ਸੀ ਕਿ ਸਾਰੇ ਓਟ ਤੇ ਆਸਰੇ ਛੱਡ ਕੇ ਉਸ ਇੱਕ ਅਕਾਲ ਪੁਰਖ ਨੂੰ ਅਰਾਧੋ, ਨਾਮ ਸਿਮਰਨ ਵਿੱਚ ਬਹੁਤ ਬਰਕਤ ਹੈ। ਦੋਖੀਆਂ ਦੇ ਮਨਸੂਬੇ ਸਿਰੇ ਹੀ ਨਹੀਂ ਚੜ੍ਹਨਗੇ। ਸੋ ਹੋਇਆ ਵੀ ਇਵੇਂ ਹੀ, ਰਸਤੇ ਵਿੱਚ ਹੀ ਸੁਲਹੀ ਖਾਂ, ਆਵੇ ਵਿੱਚ ਸੜ੍ਹ ਕੇ ਭਸਮ ਹੋ ਗਿਆ। ਜਿਸ ਖੋਟੀ ਨੀਯਤ ਨਾਲ ਗੁਰੂ ਘਰ ਉੱਤੇ ਚੜ੍ਹਾਈ ਕੀਤੀ ਸੀ, ਉਸ ਵਿੱਚ ਸਫਲ ਤਾਂ ਕੀ ਹੋਣਾ ਸੀ ਸਗੋਂ ਇਸ ਸੰਸਾਰ ਤੋਂ, ਨਾ-ਪਾਕ ਹੋ ਕੇ ਮਰਿਆ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਪੜ੍ਹ ਲਈਏ, ਕਿੰਨੀ ਸ਼ਕਤੀ ਹੈ! "ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ" ਵਿੱਚ :—

ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥
ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥
ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥
ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥੧॥

ਆਸਾ ਮ: ੫ (ਪੰਨਾ : ੩੭੨)

ਕਿੰਨੀ ਬਰਕਤ ਹੈ ਨਾਮ ਵਿੱਚ ਅਤੇ ਜਨ ਦੇ ਵਾਕਾਂ ਵਿੱਚ :—

ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥ਰਹਾਉ॥
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥
ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥
ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ ॥
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥

ਬਿਲਾਵਲ ਮ: ੫ (ਪੰਨਾ : ੮੨੫)

ਨਾਮ ਦੇ ਵਿੱਚ ਕਿੰਨੀ ਵੱਡੀ ਬਰਕਤ ਹੈ। ਸੰਸਾਰ ਵਿੱਚ ਵਿਚਰਦਿਆਂ ਨਾਮ ਦੁਸ਼ਮਣਾਂ ਤੋਂ ਰੱਖਿਆ ਕਰਦਾ ਹੈ। ਜਦੋਂ ਸੰਸਾਰ ਵਿੱਚ ਕੋਈ ਵੀ ਢੋਈ ਨਹੀਂ ਦਿੰਦਾ, ਮਨੁੱਖ ਨਿਆਸਰਾ ਹੋ ਜਾਂਦਾ ਹੈ। ਹਰ ਪਾਸੇ ਦੁਸ਼ਮਣ ਘੇਰਾ ਪਾ ਲੈਣ, ਐਸੀ ਸਥਿਤੀ ਵਿੱਚ ਵੀ ਜੇ ਕੋਈ ਨਾਮ ਜਪ ਦਾ ਪੱਲਾ ਫੜ ਲਵੇ, ਨਾਮ ਜਪਣ ਵਾਲੇ ਨੂੰ ਤੱਤੀ ਹਵਾ ਵੀ ਨਹੀਂ ਲੱਗ ਸਕਦੀ :—

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥
ਚਿਤਿ ਆਵੈ ਓਸੁ ਪਾਰਬ੍ਰਹਮੁ
ਲਗੈ ਨ ਤਤੀ ਵਾਉ ॥ ੧ ॥

ਸਿਰੀਰਾਗੁ ਮ: ੫ (ਪੰਨਾ : ੭੦)

ਕੈਸੀ ਨਾਮ ਦੀ ਬਰਕਤ ਹੈ, ਜਿਹੜਾ ਨਾਮ ਜਪਦਾ ਹੈ। ਨਾਮ ਉਸ ਦੀ ਗਰੀਬੀ ਵੀ ਦੂਰ ਕਰ ਦਿੰਦਾ ਹੈ। ਨਾਮ, ਨਾਮ ਜਪਣ ਵਾਲੇ ਨੂੰ ਬੇ-ਮੁਹਤਾਜ ਬਣਾ ਦਿੰਦਾ ਹੈ। ਨਾਮ ਦੁੱਖਾਂ ਤੋਂ ਛੁਟਕਾਰਾ ਕਰਵਾ ਦਿੰਦਾ ਹੈ।

ਨਾਮ, ਸਾਰੇ ਚਿੰਤਾ ਝੋਰਿਆਂ ਦਾ ਨਾਸ਼ ਕਰ ਦਿੰਦਾ ਹੈ।
ਨਾਮ, ਨਾਮੀਆਂ ਦੇ ਸਾਰੇ ਪਾਪ ਨਾਸ਼ ਕਰ ਦਿੰਦਾ ਹੈ।
ਨਾਮ, ਨਾਮੀਆਂ ਨੂੰ ਸ਼ਾਂਤੀ ਪ੍ਰਦਾਨ ਕਰਦਾ ਹੈ।
ਨਾਮ, ਰੋਗਾਂ ਅਤੇ ਦੁੱਖਾਂ ਤੋਂ ਛੁਟਕਾਰਾ ਕਰਵਾ ਦਿੰਦਾ ਹੈ।

ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥
ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ ॥
ਸੁਆਰਥੁ ਸੁਆਉ ਨ ਕੋ ਕਰੇ ਨ ਕਿਛੁ ਹੋਵੈ ਕਾਜੁ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ ॥ ੨ ॥
ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ ॥
ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ ॥
ਗਉਣੁ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲੁ ਹੋਇ ॥ ੩ ॥
ਕਾਮਿ ਕਰੋਧਿ ਮੋਹਿ ਵਸਿ ਕੀਆ ਕਿਰਪਨ ਲੋਭਿ ਪਿਆਰੁ ॥
ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ ॥
ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਧਰਿਆ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਮਖ ਸਿਮਰਤ ਤਰਿਆ ॥

ਸਿਰੀਰਾਗੁ ਮ: ੫ (ਪੰਨਾ ੭੦)

ਨਾਮ ਜਪਣ ਨਾਲ ਨਾਮੀਆਂ ਦੇ ਦੋਵੇਂ ਲੋਕ ਸਵਰ ਜਾਂਦੇ ਹਨ।

ਨਾਮ ਜਪਣ ਨਾਲ ਨਾਮੀਆਂ ਦੇ ਸਾਰੇ ਕਾਰਜ ਪੂਰੇ ਹੋ ਜਾਂਦੇ ਹਨ।

ਨਾਮ ਜਪਣ ਨਾਲ ਨਾਮੀਆਂ ਦੀ ਆਤਮਾਂ ਸਹਿਜ ਅਵਸਥਾ ਵਿੱਚ ਨਿਵਾਸ ਕਰ ਲੈਂਦੀ ਹੈ।

ਨਾਮ ਜਪਣ ਨਾਲ ਨਾਮੀਆਂ ਦਾ ਆਵਾਗਵਣ ਖਤਮ ਹੋ ਜਾਂਦਾ ਹੈ।

ਨਾਮ ਜਪਣ ਨਾਲ ਨਾਮੀਆਂ ਦੇ ਸਾਰੇ ਚਿੰਤਾ ਝੋਰੇ ਖਤਮ ਹੋ ਜਾਂਦੇ ਹਨ।

ਨਾਮ ਜਪਣ ਨਾਲ ਨਾਮੀਆਂ ਦੇ ਸਾਰੇ ਭ੍ਰਮ ਅਤੇ ਭਉ ਦੂਰ ਹੋ ਜਾਂਦੇ ਹਨ।

ਨਾਮ ਜਪਣ ਨਾਲ ਨਾਮੀਆਂ ਨੂੰ ਘਟਾਂ-ਘਟਾਂ ਵਿੱਚ ਰਮੇ ਹੋਏ ਪ੍ਰਭੂ ਦੀ ਲਖਤਾ ਹੋ ਜਾਂਦੀ ਹੈ।

ਦੋਵੈ ਥਾਵ ਰਖੇ ਗੁਰ ਸੂਰੇ ॥
ਹਲਤ ਪਲਤ ਪਾਰਬ੍ਰਹਮਿ ਸਵਾਰੇ
ਕਾਰਜ ਹੋਏ ਸਗਲੇ ਪੂਰੇ ॥੧॥ ਰਹਾਉ ॥
ਹਰਿ ਹਰਿ ਨਾਮੁ ਜਪਤ ਸੁਖ ਸਹਜੇ
ਮਜਨੁ ਹੋਵਤ ਸਾਧੂ ਧੂਰੇ ॥
ਆਵਣ ਜਾਣ ਰਹੇ ਥਿਤਿ ਪਾਈ
ਜਨਮ ਮਰਣ ਕੇ ਮਿਟੇ ਬਿਸੂਰੇ ॥ ੧ ॥
ਭ੍ਰਮ ਭੈ ਤਰੇ ਛੁਟੇ ਭੈ ਜਮ ਕੇ
ਘਟਿ ਘਟਿ ਏਕੁ ਰਹਿਆ ਭਰਪੂਰੇ ॥
ਨਾਨਕ ਸਰਣਿ ਪਰਿਓ ਦੁਖ ਭੰਜਨ
ਅੰਤਰਿ ਬਾਹਰਿ ਪੇਖਿ ਹਜੂਰੇ ॥

ਬਿਲਾਵਲ ਮ: ੫ (ਪੰਨਾ : ੮੨੫)

ਨਾਮ ਜਪ ਦੁਆਰਾ ਕਿਹੋ ਜਿਹੀ ਅਵਸਥਾ ਅਤੇ ਲੋਕ ਪ੍ਰਲੋਕ ਵਿੱਚ ਮਾਣ ਸਤਿਕਾਰ ਪ੍ਰਾਪਤ ਹੁੰਦਾ ਹੈ। ਜਮ ਪੁਰੀ ਇੱਕ ਹੀ ਹੈ। ਇਸੇ ਜਮਪੁਰੀ ਵਿੱਚ ਪਾਪੀ ਆਤਮਾਵਾਂ ਨੂੰ ਜਿਹਨਾਂ ਨੇ ਨਾਮ ਦਾ ਤਿਆਗ ਕਰਕੇ ਪਾਪ ਕਰਮ ਕੀਤੇ ਹੁੰਦੇ ਹਨ, ਉਹਨਾਂ ਨੂੰ ਖੜਿਆ ਜਾਂਦਾ ਹੈ। ਇਸੇ ਜਮਪੁਰੀ ਵਿੱਚ ਉਹਨਾਂ ਨੂੰ ਅਨੇਕ ਤਰਾਂ ਦੇ ਤਸੀਹੇ ਦੇ ਕੇ ਪਾਪ ਕਰਮਾਂ ਦਾ ਫਲ ਭੁਗਤਾਇਆ ਜਾਂਦਾ ਹੈ। ਜਿਸਦਾ ਜਿਕਰ ਸਾਹਿਬਾਂ ਨੇ ਸਲੋਕ ਵਾਰਾਂ ਤੇ ਵਧੀਕ ਵਿੱਚ ਕੀਤਾ ਹੈ :—

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥

ਸਲੋਕ ਮ: ੫ (ਪੰਨਾ : ੧੪੨੫)

ਦੂਜੇ ਪਾਸੇ ਜਮਪੁਰੀ ਉਹੋ ਹੀ ਹੈ। ਉਸੇ ਜਮ ਪੁਰੀ ਵਿੱਚ ਆਪਣੀ ਮੌਜ ਨਾਲ ਨਾਮ ਜਪਣ ਵਾਲੀ ਆਤਮਾਂ ਚਲੀ ਜਾਵੇ, ਧਰਮਰਾਜਾ ਉੱਠ ਕੇ, ਖਲੋ ਕੇ ਨਾਮੀਂ ਆਤਮਾ ਦਾ ਸਤਿਕਾਰ ਕਰਦਾ ਹੈ ਅਤੇ ਮੂੰਹ ਵਿੱਚੋਂ ਇਹੋ ਜਿਹੇ ਬਚਨ ਕਹਿੰਦਾ ਹੈ। ਗੁਰੂ ਪਿਆਰਿਓ, ਤੁਸੀਂ ਬਹੁਤ ਕਿਰਪਾ ਕੀਤੀ ਆਪਣੇ ਚਰਨ ਪਾ ਕੇ ਮੇਰੀ ਜਮਪੁਰੀ ਨੂੰ ਪਵਿੱਤਰ ਕਰ ਦਿੱਤਾ। ਕਿੰਨੀ ਹੈ ਨਾਮ ਜਪਣ ਵਾਲਿਆਂ ਦੀ ਮਹਿਮਾਂ :—

ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ ॥
ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥ ੧੦ ॥

ਸਲੋਕ ਮ: ੫ (ਪੰਨਾ : ੧੪੨੫)

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਰਾਜਾ ਜਨਕ ਜੀ ਦੀ ਗਾਥਾ ਲਿਖੀ ਹੈ ਕਿ ਰਾਜਾ ਜਨਕ ਜੀ ਪ੍ਰਮੇਸ਼ਰ ਦੇ ਬਹੁਤ ਵਡੇ ਭਗਤ ਸਨ। ਜੋ ਸੰਸਾਰ ਵਿੱਚ ਰਹਿੰਦੇ ਹੋਏ ਮਾਇਆ ਤੋਂ ਨਿਰਲੇਪ ਰਹਿੰਦੇ ਸਨ।

ਰਾਜਾ ਜਨਕ ਜੀ ਦੇਵਪੁਰੀ ਨੂੰ ਚੱਲੇ। ਉਹਨਾਂ ਦੇ ਨਾਲ ਹੀ ਸਾਰੇ ਦੇਵਗਣ ਅਤੇ ਗੰਧਰਬਾਂ ਦੀ ਸਾਰੀ ਸਭਾ ਵੀ ਨਾਲ ਹੀ ਉਹਨਾਂ ਦੀ ਜੈ ਜੈਕਾਰ ਕਰਦੀ ਤੁਰ ਪਈ। ਦੇਵਲੋਕ ਦੇ ਰਸਤੇ ਵਿੱਚ ਜਾਂਦਿਆਂ ਜਨਕ ਜੀ ਦੇ ਕੰਨਾਂ ਵਿੱਚ ਰੋਣ ਅਤੇ ਹਾਏ ਹਾਏ ਦੀਆਂ ਅਵਾਜਾਂ ਜਮਪੁਰੀ ਦੇ ਜੀਵਾਂ ਦੀਆਂ ਪਈਆਂ। ਮਨ ਦ੍ਰਵ ਗਿਆ, ਆਪਣੇ ਗਣਾਂ ਨੂੰ ਕਿਹਾ ਕਿ ਜਮਪੁਰੀ ਨੂੰ ਲੈ ਚਲੋਂ, ਜਦੋ ਰਾਜਾ ਜਨਕ ਜੀ ਜਮਪੁਰੀ ਵਿੱਚ ਗਏ, ਧਰਮ ਰਾਜਾ ਨੇ ਆਪ ਉੱਠ ਕੇ ਭਗਤ ਜਨਕ ਜੀ ਦਾ ਸਤਿਕਾਰ ਕੀਤਾ ਅਤੇ ਆਉਣ ਦਾ ਕਾਰਣ ਪੁੱਛਿਆ ?

ਰਾਜਾ ਜਨਕ ਜੀ ਨੇ ਧਰਮ ਰਾਜ ਨੂੰ ਹੁਕਮ ਦਿੱਤਾ, ਧਰਮਰਾਜ ਸਾਰੇ ਜੀਵਾਂ ਦੀ ਬੰਦ ਖਲਾਸੀ ਕਰ ਦੇਹ। ਅੱਗੋਂ ਧਰਮਰਾਜਾ ਹੱਥ ਜੋੜ ਕੇ ਜਨਕ ਰਾਜਾ ਜੀ ਨੂੰ ਬੇਨਤੀ ਕਰਨ ਲੱਗਾ। ਹੇ ਜਨਕ ਰਾਜਾ ਜੀ, ਮੈਂ ਉਸ ਮਾਲਕ ਪ੍ਰਭੂ ਦਾ ਸੇਵਕ ਹਾਂ। ਉਸ ਦੇ ਹੁਕਮ ਵਿੱਚ ਜਿੰਨ੍ਹਾਂ ਜੀਵਾਂ ਨੇ ਪ੍ਰਮੇਸ਼ਰ ਨੂੰ ਭੁੱਲ ਕੇ ਮਾੜੇ ਕਰਮ ਕੀਤੇ ਹਨ, ਉਹਨਾਂ ਦੇ ਕੀਤੇ ਹੋਏ ਮਾੜੇ ਕਰਮਾਂ ਦਾ ਭੁਗਤਾਨ ਕਰਾਉਣ ਲਈ ਪ੍ਰਮੇਸ਼ਰ ਨੇ ਮੇਰੇ ਜਿੰਮੇਂ ਡਿਊਟੀ ਲਾਈ ਹੈ। ਜੇ ਮੈਂ ਇਹਨਾਂ ਨੂੰ ਛੱਡਦਾ ਹਾਂ ਤਾਂ ਡਿਊਟੀ ਵਿੱਚ ਕੁਤਾਹੀ ਕਰਨ ਦੇ ਦੋਸ਼ ਵਿੱਚ ਮੇਰੀ ਜਬਾਬ-ਤਲਬੀ ਹੋਵੇਗੀ। ਇਸ ਲਈ ਮੈਂ ਇਹਨਾਂ ਨੂੰ ਛੱਡ ਨਹੀਂ ਸਕਦਾ।

ਰਾਜਾ ਜਨਕ ਜੀ ਨੇ ਧਰਮਰਾਜਾ ਨੂੰ ਪੁੱਛਿਆ ਕਿ ਇਨ੍ਹਾਂ ਦੀ ਕਿਵੇਂ ਬੰਦ-ਖਲਾਸੀ ਹੋ ਸਕਦੀ ਹੈ ? ਅੱਗੋਂ ਧਰਮ ਰਾਜਾ ਨੇ ਉੱਤਰ ਦਿੱਤਾ, ਮਹਾਰਾਜ ਜੀ ! ਜਿੰਨੇ ਇਹਨਾਂ ਜੀਵਾਂ ਨੇ ਪਾਪ ਕਰਮ ਕੀਤੇ ਹਨ ਉਹਨਾਂ ਦੇ ਬਦਲੇ ਵਿੱਚ ਉਨੇ ਹੀ ਪੁੰਨ ਕਰਮ ਜਾਂ ਜਪਿਆ ਹੋਇਆ ਨਾਮ ਤੱਕੜ ਦੇ ਇੱਕ ਪਾਸੇ ਰੱਖੋ ਦੂਜੇ ਪਾਸੇ ਮੈਂ ਜੀਵਾਂ ਦੇ

ਪਾਪ ਕਰਮ ਰੱਖਾਂਗਾ। ਜਿੰਨੇ ਜੀਵਾਂ ਦੇ ਪਾਪ ਕਰਮ ਉਹਨਾਂ ਪੁੰਨ ਕਰਮਾਂ ਦੇ ਬਰਾਬਰ ਹੋ ਗਏ, ਉਨਿਆਂ ਨੂੰ ਮੈਂ ਛੱਡ ਦੇਵਾਂਗਾ।

ਧਰਮਰਾਜ ਦਾ ਇਹ ਉੱਤਰ ਸੁਣ ਕੇ ਰਾਜਾ ਜਨਕ ਜੀ ਨੇ ਆਪਣੇ ਸਿਮਰਨ ਵਿੱਚੋਂ ਇੱਕ ਘੜੀ ਦਾ ਸਿਮਰਨ ਤੱਕੜ ਦੇ ਇੱਕ ਪਾਸੇ ਸੰਕਲਪ ਕਰਕੇ ਰੱਖ ਦਿੱਤਾ। ਦੂਜੇ ਪਲੜੇ ਵਿੱਚ ਸਾਰੇ ਨਰਕੀ ਜੀਵਾਂ ਦੇ ਪਾਪ ਕਰਮ ਰੱਖ ਦਿੱਤੇ ਪਰ ਗੁਰਮੁਖ ਜਨਕ ਜੀ ਦੇ ਸਿਮਰਨ ਵਾਲਾ ਪਲੜਾ ਧਰਤੀ ਤੋਂ ਉੱਪਰ ਨਹੀਂ ਉੱਠਿਆ।

ਉਸੇ ਸਮੇਂ ਸਾਰੇ ਨਰਕੀ ਜੀਵਾਂ ਦੀਆਂ ਫਾਹੀਆਂ ਖੋਲ੍ਹ ਦਿੱਤੀਆਂ ਗਈਆਂ। ਸਾਰੇ ਨਰਕ ਭੋਗ ਰਹੇ ਜੀਵ ਨਰਕਾਂ ਦੇ ਦੁੱਖਾਂ ਤੋਂ ਛੁਟਕਾਰਾ ਪ੍ਰਾਪਤ ਕਰ ਗਏ। ਇਸ ਤੋਂ ਨਾਮ ਦੀ ਮਹਾਨਤਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ। ਭਾਈ ਗੁਰਦਾਸ ਜੀ ਅਖੀਰ ਨਚੋੜ ਦੱਸ ਰਹੇ ਹਨ ਕਿ ਸੰਸਾਰ ਦੇ ਸਾਰੇ ਸੁੱਖ ਅਰਾਮ ਅਤੇ ਭੁਗਤ, ਪ੍ਰਲੋਕ ਦੀ ਮੁਕਤੀ ਇਹ ਸਾਰੇ ਨਾਮ ਦੇ ਦਾਸ ਹਨ :—

ਭਗਤੁ ਵਡਾ ਰਾਜਾ ਜਨਕੁ ਹੈ
ਗੁਰਮੁਖਿ ਮਾਇਆ ਵਿਚਿ ਉਦਾਸੀ॥
ਦੇਵ ਲੋਕ ਨੋ ਚਲਿਆ
ਗਣ ਗੰਧਰਬੁ ਸਭਾ ਸੁਖਵਾਸੀ॥
ਜਮਪੁਰਿਗਇਆ ਪੁਕਾਰਸੁਣਿ
ਵਿਲਲਾਵਨ ਜੀਅਨਰਕ ਨਿਵਾਸੀ॥
ਧਰਮ ਰਾਇ ਨੋ ਆਖਿਓਨੁ
ਸਭਨਾ ਦੀ ਕਰਿ ਬੰਦ ਖਲਾਸੀ॥
ਕਰੇ ਬੇਨਤੀ ਧਰਮ ਰਾਇ
ਹਉ ਸੇਵਕੁ ਠਾਕੁਰੁ ਅਬਿਨਾਸੀ॥
ਗਹਿਣੇ ਧਰਿਓਨੁ ਇਕੁ ਨਾਉ
ਪਾਪਾ ਨਾਲਿ ਕਰੈ ਨਿਰਜਾਸੀ॥
ਪਾਸੰਗਿ ਪਾਪੁ ਨ ਪੁਜਨੀ
ਗੁਰਮੁਖਿ ਨਾਉ ਅਤੁਲ ਨ ਤੁਲਾਸੀ॥
ਨਰਕਹੁ ਛੁਟੇ ਜੀਅ ਜੰਤ
ਕਟੀ ਗਲਹੁੰ ਸਿਲਕ ਜਮ ਫਾਸੀ॥
ਮੁਕਤਿ ਜੁਗਤਿ ਨਾਵੈ ਦੀ ਦਾਸੀ॥

(ਵਾਰ : ੧੦, ਪਉੜੀ ੫)

ਨਾਮ ਜਪਣ ਨਾਲ ਦੋ ਜਾਂ ਚਾਰ ਵਡਿਆਈਆਂ ਹੀ ਨਹੀਂ ਮਿਲਦੀਆਂ, ਸਤਿਗੁਰੂ ਫੁਰਮਾਨ ਕਰਦੇ ਹਨ ਕਿ ਲੋਕ ਪ੍ਰਲੋਕ ਦੀਆਂ ਸਾਰੀਆਂ ਵਡਿਆਈਆਂ, ਸਾਰੀਆਂ ਦਾਤਾਂ, ਨਾਮ ਜਪ ਦੁਆਰਾ ਪ੍ਰਾਪਤ ਹੋ ਜਾਂਦੀਆਂ ਹਨ। ਜਿਹੜੀ ਵਸਤੂ ਵੀ ਮੰਗੋ, ਉਹੋ ਵਸਤੂ ਹੀ ਨਾਮ ਜਪਣ ਵਾਲੇ ਨੂੰ ਪ੍ਰਾਪਤ ਹੋ ਜਾਂਦੀ ਹੈ। ਉਸ ਦੀਆਂ ਸਾਰੀਆਂ ਵਾਸ਼ਨਾਵਾਂ ਅਤੇ ਭੁਖਾਂ ਖਤਮ ਹੋ ਜਾਂਦੀਆਂ ਹਨ। ਜਿਹੜੇ ਨਾਮ ਜਪਦੇ ਹਨ ਉਹ ਤਾਂ ਪੁਕਾਰ-ਪੁਕਾਰ ਕੇ ਕਹਿੰਦੇ ਹਨ :—

ਸਭ ਵਡਿਆਈਆ ਹਰਿ ਨਾਮ ਵਿਚਿ
ਹਰਿ ਗੁਰਮੁਖਿ ਧਿਆਇਐ॥
ਜਿ ਵਸਤੁ ਮੰਗੀਐ ਸਾਈ ਪਾਈਐ
ਜੇ ਨਾਮਿ ਚਿਤੁ ਲਾਈਐ॥
ਗੁਹਜ ਗਲ ਜੀਅ ਕੀ ਕੀਚੈ ਸਤਿਗੁਰੂ ਪਾਸਿ
ਤਾ ਸਰਬ ਸੁਖੁ ਪਾਈਐ॥
ਗੁਰੁ ਪੂਰਾ ਹਰਿ ਉਪਦੇਸੁ ਦੇਇ
ਸਭ ਭੁਖ ਲਹਿ ਜਾਈਐ॥
ਜਿਸੁ ਪੂਰਬਿ ਹੋਵੈ ਲਿਖਿਆ
ਸੋ ਹਰਿ ਗੁਣ ਗਾਈਐ॥

ਪਉੜੀ ਬਿਲਾਵਲ ਕੀ ਵਾਰ (ਪੰਨਾ : ੮੫੦)

ਨਾਮ ਜਪਣ ਵਾਲਾ ਨਾਮੀ ਇਤਨਾ ਮਹਾਨ ਹੋ ਜਾਂਦਾ ਹੈ ਕਿ ਇਸ ਲੋਕ ਵਿੱਚ ਵੀ, ਲੋਕ ਉਸ ਦੀ ਪੂਜਾ ਕਰਦੇ ਹਨ। ਪਰਲੋਕ ਵੀ ਉਸਦਾ ਮੁਖ ਉੱਜਲਾ ਹੋਣ ਸਦਕਾ, ਉਸਨੂੰ ਗੁਰੂ ਦਰਗਾਹ ਵਿੱਚ ਪ੍ਰਵਾਨਗੀ ਅਤੇ ਪ੍ਰਧਾਨਗੀ ਪ੍ਰਾਪਤ ਹੁੰਦੀ ਹੈ, ਪਰ ਮਿਲਦੀ ਉਹਨਾਂ ਨੂੰ ਹੈ ਜਿਹਨਾਂ ਨੇ ਆਪਣੀ ਜ਼ਿੰਦਗੀ ਵਿੱਚ ਨਾਮ ਦਾ ਮੰਨਣ ਕੀਤਾ। ਹਰ ਰੋਜ਼ ਆਪਾਂ ਜਪੁਜੀ ਸਾਹਿਬ ਜੀ ਦੀ ਬਾਣੀ ਵਿੱਚ ਨਾਮੀਆਂ ਪ੍ਰਤੀ ਪੜ੍ਹਦੇ ਹਾਂ :—

ਪੰਚ ਪਰਵਾਣ ਪੰਚ ਪਰਧਾਨੁ॥
ਪੰਚੇ ਪਾਵਹਿ ਦਰਗਹਿ ਮਾਨੁ॥
ਪੰਚੇ ਸੋਹਹਿ ਦਰਿ ਰਾਜਾਨੁ॥
ਪੰਚਾ ਕਾ ਗੁਰੁ ਏਕੁ ਧਿਆਨੁ॥

ਜਪੁਜੀ ਸਾਹਿਬ (ਪੰਨਾ : ੩)

ਸ੍ਰੀ ਗੁਰੂ ਰਾਮਦਾਸ ਜੀ ਦਾ ਫੁਰਮਾਨ ਪੜ੍ਹ ਲਈਏ ਨਾਮ ਦੀ ਮਹਾਨਤਾ ਹੋਰ ਪ੍ਰਗਟ

ਹੋਵੇਗੀ। ਸਾਹਿਬਾਂ ਦਾ ਫੁਰਮਾਨ ਹੈ :—

ਸਭਿ ਰਸ ਤਿਨ ਕੈ ਰਿਦੈ ਹਹਿ
ਜਿਨ ਹਰਿ ਵਸਿਆ ਮਨ ਮਾਹਿ॥
ਹਰਿ ਦਰਗਹਿ ਤੇ ਮੁਖ ਉਜਲੇ
ਤਿਨ ਕਉ ਸਭਿ ਦੇਖਣ ਜਾਹਿ॥
ਜਿਨ ਨਿਰਭਉ ਨਾਮੁ ਧਿਆਇਆ
ਤਿਨ ਕਉ ਭਉ ਕੋਈ ਨਾਹਿ॥
ਹਰਿ ਉਤਮੁ ਤਿਨੀ ਸਰੇਵਿਆ
ਜਿਨ ਕਉ ਧੁਰਿ ਲਿਖਿਆ ਆਹਿ॥
ਤੇ ਹਰਿ ਦਰਗਹਿ ਪੈਨਾਈਅਹਿ
ਜਿਨ ਹਰਿ ਵੁਠਾ ਮਨ ਮਾਹਿ॥
ਓਇ ਆਪਿ ਤਰੇ ਸਭ ਕੁਟੰਬ ਸਿਉ
ਤਿਨ ਪਿਛੈ ਸਭੁ ਜਗਤੁ ਛਡਾਹਿ॥
ਜਨ ਨਾਨਕ ਕਉ ਹਰਿ ਮੇਲਿ ਜਨ
ਤਿਨ ਵੇਖਿ ਵੇਖਿ ਹਮ ਜੀਵਾਹਿ॥

ਸਲੋਕ ਮ: ੪ (ਪੰਨਾ : ੩੧੦)

ਨਾਮੀ ਦੀ ਆਤਮਿਕ ਦਸ਼ਾ ਕਿਹੋ ਜਿਹੀ ਬਣ ਜਾਂਦੀ ਹੈ ਅਤੇ ਉਸਨੂੰ ਕੀ ਕੁਝ ਪ੍ਰਾਪਤ ਹੁੰਦਾ ਹੈ ?

ਜਿਨਿ ਜਨਿ ਗੁਰਮੁਖਿ ਸੇਵਿਆ
ਤਿਨਿ ਸਭਿ ਸੁਖ ਪਾਈ॥
ਓਹੁ ਆਪਿ ਤਰਿਆ ਕੁਟੰਬ ਸਿਉ
ਸਭੁ ਜਗਤੁ ਤਰਾਈ॥
ਓਨਿ ਹਰਿ ਨਾਮਾ ਧਨੁ ਸੰਚਿਆ
ਸਭ ਤਿਖਾ ਬੁਝਾਈ॥
ਓਨਿ ਛਡੇ ਲਾਲਚ ਦੁਨੀ ਕੇ
ਅੰਤਰਿ ਲਿਵ ਲਾਈ॥
ਓਸੁ ਸਦਾ ਸਦਾ ਘਰਿ ਅਨੰਦੁ ਹੈ
ਹਰਿ ਸਖਾ ਸਹਾਈ॥
ਓਨਿ ਵੈਰੀ ਮਿਤ੍ਰ ਸਮ ਕੀਤਿਆ

ਸਭ ਨਾਲਿ ਸੁਭਾਈ॥
ਹੋਆ ਓਹੀ ਅਲੁ ਜਗ ਮਹਿ
ਗੁਰ ਗਿਆਨੁ ਜਪਾਈ॥
ਪੂਰਬਿ ਲਿਖਿਆ ਪਾਇਆ
ਹਰਿ ਸਿਉ ਬਣਿ ਆਈ॥ ੧੬॥

ਪਉੜੀ ਮਾਰੂ ਵਾਰ ਡਖਣੇ (ਪੰਨਾ : ੧੧੦੦)

ਨਾਮ ਦੀ ਮਹਾਨਤਾ ਦਰਸਾਈ ਨਹੀਂ ਜਾ ਸਕਦੀ ਕੇਵਲ ਮਾਣੀ ਹੀ ਜਾ ਸਕਦੀ ਹੈ। ਜਿਹੜਾ ਨਾਮ ਦੇ ਨਾਲ ਜੁੜ ਜਾਂਦਾ ਹੈ, ਉਸ ਨਾਮ ਜਪਣ ਵਾਲੇ ਦਾ ਫਿਕਰ ਫਿਰ ਨਾਮੀ ਨੂੰ ਹੋ ਜਾਂਦਾ ਹੈ। ਨਾਮ ਜਪਣ ਵਾਲੇ ਦੀ ਰੱਖਿਆ ਪ੍ਰਭੂ ਆਪ ਕਰਦਾ ਹੈ। ਨਾਮ ਜਪਣ ਵਾਲੇ ਲਈ ਨਾਮ ਹੀ ਉਸਦਾ ਮਾਤਾ, ਨਾਮ ਹੀ ਪਿਤਾ ਬਣ ਜਾਂਦਾ ਹੈ। ਨਾਮ ਹੀ ਉਸ ਦਾ ਭਰਾ, ਨਾਮ ਹੀ ਉਸ ਦਾ ਮਿੱਤਰ ਹੁੰਦਾ ਹੈ। ਨਾਮ ਜਪਣ ਵਾਲਾ ਸਲਾਹ ਮਸ਼ਵਰਾ ਵੀ ਆਪਣੇ ਮਾਲਕ ਨਾਮੀ ਨਾਲ ਹੀ ਕਰਦਾ ਹੈ ਕਿਉਂਕਿ ਉਸਨੂੰ ਭਰੋਸਾ ਹੋ ਜਾਂਦਾ ਹੈ ਕਿ ਨਾਮ ਹੀ ਹਰ ਜਗਹ ਹਰ ਸਮੇਂ ਮੇਰੀ ਰੱਖਿਆ ਕਰਨ ਵਾਲਾ ਹੈ। ਨਾਮ ਜਪਣ ਵਾਲੇ ਦੇ, ਪ੍ਰਭੂ ਲੋਕ ਅਤੇ ਪਰਲੋਕ ਸਵਾਰ ਦਿੰਦਾ ਹੈ :—

ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ
ਹਰਿ ਨਾਮੋ ਤਿਨ ਕੰਉ ਰਖਣਹਾਰਾ॥
ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ
ਹਰਿ ਨਾਮੁ ਸਖਾਈ ਮਿਤ੍ਰੁ ਹਮਾਰਾ॥
ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ
ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ॥
ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ
ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ॥
ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ
ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ॥ ੧੫॥

ਪਉੜੀ ਵਾਰ ਵਡਹੰਸ ਮ: ੪ (ਪੰਨਾ : ੫੯੨)

ਤਥਾ :— ਜਿਸੁ ਤੂ ਆਵਹਿ ਚਿਤਿ ਤਿਸ ਨੋ ਸਦਾ ਸੁਖ॥
ਜਿਸੁ ਤੂ ਆਵਹਿ ਚਿਤਿ ਤਿਸੁ ਜਮ ਨਾਹਿ ਦੁਖ॥
ਜਿਸੁ ਤੂ ਆਵਹਿ ਚਿਤਿ ਤਿਸੁ ਕਿ ਕਾੜਿਆ॥
ਜਿਸਦਾ ਕਰਤਾ ਮਿਤ੍ਰੁ ਸਭਿ ਕਾਜ ਸਵਾਰਿਆ॥

ਜਿਸੁ ਤੂ ਆਵਹਿ ਚਿਤਿ ਸੋ ਪਰਵਾਣੁ ਜਨੁ॥
ਜਿਸੁ ਤੂ ਆਵਹਿ ਚਿਤਿ ਬਹੁਤਾ ਤਿਸੁ ਧਨੁ॥
ਜਿਸੁ ਤੂ ਆਵਹਿ ਚਿਤਿ ਸੋ ਵਡ ਪਰਵਾਰਿਆ॥
ਜਿਸੁ ਤੂ ਆਵਹਿ ਚਿਤਿ ਤਿਨਿ ਕੁਲ ਉਧਾਰਿਆ॥੬॥

ਰਾਮਕਲੀ ਕੀ ਵਾਰ ਮ: ੫ (ਪੰਨਾ : ੯੬੦)

ਸਾਰੀ ਗੁਰੂ ਕੀ ਬਾਣੀ ਨਾਮ ਦੀ ਮਹਾਨਤਾ ਦਰਸਾ ਕੇ ਨਾਮ ਜਪ ਦੇ ਧਾਰਨੀ ਬਣਨ ਵਾਸਤੇ ਬਾਰੰ-ਬਾਰ ਪ੍ਰੇਰਨਾਂ ਦਿੰਦੀ ਹੈ। ਨਾਮ ਜਪ ਦੁਆਰਾ ਜੋ ਪ੍ਰਭੂ ਜੀ ਦੇ ਚਰਨ ਕਮਲ ਦੀ ਮੌਜ ਦਾ ਅਨੰਦ ਹੈ, ਉਸਨੂੰ ਅੱਖਰਾਂ ਦੁਆਰਾ ਜਾਂ ਜੀਭ ਨਾਲ ਦਰਸਾਇਆ ਨਹੀਂ ਜਾ ਸਕਦਾ। ਕੇਵਲ ਉਸਨੂੰ ਮਾਣਿਆ ਹੀ ਜਾ ਸਕਦਾ ਹੈ। ਬਾਬਾ ਕਬੀਰ ਜੀ ਦਾ ਕਥਨ ਹੈ :—

ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥੭੨੧॥

ਸਲੋਕ ਕਬੀਰ ਜੀ (ਪੰਨਾ ੧੩੭੦)

ਜਿਹਨਾਂ ਨੂੰ ਨਾਮ ਦੁਆਰਾ ਐਸੀ ਅਨੰਦਤ ਅਵਸਥਾ ਮਿਲ ਗਈ, ਉਹ ਇੰਨੇ ਬੇ-ਪਰਵਾਹ ਹੋ ਜਾਂਦੇ ਹਨ ਕਿ ਦੁਨੀਆ ਦਾ ਰਾਜ ਦਿਤਿਆਂ ਵੀ ਉਹ ਰਾਜ ਭਾਗ ਲੈਣ ਤੋਂ ਇਨਕਾਰ ਕਰ ਦਿੰਦੇ ਹਨ। ਮੁਕਤੀ ਦੀ ਲਾਲਸਾ ਵੀ ਉਹਨਾਂ ਦੀ ਖਤਮ ਹੋ ਜਾਂਦੀ ਹੈ। ਕੇਵਲ ਤੇ ਕੇਵਲ ਪ੍ਰਭੂ ਜੀ ਦੇ ਨਾਮ ਜਪ ਦੀ ਮਉਜ, ਅਨੰਦ ਹੀ ਉਹ ਮੰਗਦੇ ਹਨ। ਕੈਸੀ ਹੋਵੇਗੀ ਨਾਮ ਜਪ ਦੀ ਅਨੰਦਤ ਅਵਸਥਾ ਜਿਥੇ ਪੁੱਜ ਕੇ ਸਾਰੀਆਂ ਖਾਹਸ਼ਾਂ ਹੀ ਖਤਮ ਹੋ ਜਾਂਦੀਆ ਹਨ :—

ਰਾਜੁ ਨ ਚਾਹਉ ਮੁਕਤਿ ਨ ਚਾਹਉ
ਮਨਿ ਪ੍ਰੀਤਿ ਚਰਨ ਕਮਲਾਰੇ॥

ਦੇਵਗੰਧਾਰੀ ੫ (ਪੰਨਾ : ੫੩੪)

ਨਾਮ ਦੀ ਮਹਾਨਤਾ ਅਤੇ ਨਾਮ ਨੂੰ ਜਪ ਕੇ ਮਹਾਨ ਹੋ ਗਏ ਗੁਰੂ ਪਿਆਰਿਆਂ ਦੀ ਮਹਿਮਾ, ਕਥਨ ਅਤੇ ਲਿਖਣ ਤੋਂ ਪਰੇ ਹੈ। ਨਾਮ ਨੂੰ ਜਪ ਕੇ ਮਹਾਨ ਹੋ ਗਏ ਗੁਰੂ ਪਿਆਰਿਆਂ ਉੱਪਰੋਂ ਸਤਿਗੁਰੂ ਜੀ ਆਪ ਬਾਰ-ਬਾਰ ਬਲਿਹਾਰ ਜਾਂਦੇ ਹਨ। ਇਸ ਤੋਂ ਹੀ ਅੰਦਾਜ਼ਾ ਲੱਗ ਸਕਦਾ ਹੈ ਕਿ ਨਾਮ ਜਪਣ ਵਾਲੇ ਗੁਰੂ ਦ੍ਰਿਸ਼ਟੀ ਵਿੱਚ ਕਿੰਨੇ ਕੁ ਸਤਿਕਾਰਤ ਹਨ।

ਅਖੀਰ ਵਿੱਚ ਭਾਈ ਗੁਰਦਾਸ ਜੀ ਦਾ ਇੱਕ ਸਵੱਯਾ ਵਾਚ ਕੇ ਨਾਮ ਦੀ ਮਹਾਨਤਾ ਪ੍ਰਤੀ ਸੋਚਣ ਦਾ ਜਤਨ ਕਰੀਏ ਤਾਂ ਜੋ ਅਸੀਂ ਵੀ ਨਾਮ ਜਪ ਦਾ ਪੱਲਾ ਫੜ ਕੇ

ਆਪਣੇ ਲੋਕ ਸੁਖੀ ਪ੍ਰਲੋਕ ਸੁਹੇਲੇ ਕਰ ਸਕੀਏ। ਨਾਮ ਦੀ ਮਹਾਨਤਾ ਦਰਸਾਉਣ ਤੋਂ ਪਹਿਲਾਂ ਭਾਈ ਗੁਰਦਾਸ ਜੀ ਨੇ ਦੁਨਿਆਵੀ ਤਿੰਨ ਉਦਾਹਰਣਾਂ ਦਿਤੀਆਂ ਹਨ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ ਕਿ ਜਿਸ ਤਰਾਂ ਹੀਰੇ ਦਾ ਅਕਾਰ ਬਹੁਤ ਛੋਟਾ ਜਿਹਾ ਹੁੰਦਾ ਹੈ, ਜਦੋਂ ਉਸਦਾ ਮੁੱਲ ਜਿਆਦਾ ਪੈਂਦਾ ਹੈ, ਘਰਬਾਰ ਦੌਲਤ ਨਾਲ ਭਰ ਜਾਂਦਾ ਹੈ।

ਜਿਸ ਤਰਾਂ ਹੁੰਡੀ ਦਾ ਕਾਗਜ ਪੱਲੇ ਲੜ ਬੱਝਿਆ ਭਾਰਾ ਨਹੀਂ ਲੱਗਦਾ। ਜਦੋਂ ਹੁੰਡੀ ਨੂੰ ਕੈਸ਼ ਕਰਾਈਦਾ ਹੈ, ਉਸ ਛੋਟੇ ਜਿਹੇ ਕਾਗਜ ਦੇ ਟੁਕੜੇ ਬਦਲੇ ਬਿਅੰਤ ਮਾਇਆ ਪ੍ਰਾਪਤ ਹੋ ਜਾਂਦੀ ਹੈ।

ਜਿਵੇਂ ਬੋਹੜ ਦਾ ਬੀਜ ਬੜਾ ਬਰੀਕ ਛੋਟੇ ਸਰੂਪ ਵਾਲਾ ਹੁੰਦਾ ਹੈ, ਪਰ ਜਦੋਂ ਧਰਤੀ ਵਿੱਚ ਬੀਜਿਆ ਜਾਂਦਾ ਹੈ ਉਸ ਦਾ ਖਿਲਾਰ ਬਹੁਤ ਵਡੇ ਦਰਖਤ ਦੇ ਰੂਪ ਵਿੱਚ ਹੁੰਦਾ ਹੈ।

ਇਸੇ ਤਰਾਂ, ਜਿਸ ਤਰਾਂ ਹੀਰੇ ਦੀ ਕੀਮਤ ਦਾ ਪਤਾ ਜੌਹਰੀ ਦੀ ਦੁਕਾਨ ਤੇ ਜਾ ਕੇ ਲੱਗਦਾ ਹੈ। ਹੁੰਡੀ ਦੀ ਮਹਾਨਤਾ ਦਾ ਪਤਾ ਉਸ ਵੇਲੇ ਚਲਦਾ ਹੈ ਜਦੋਂ ਉਸਨੂੰ ਕੈਸ਼ ਕਰਾਈਦਾ ਹੈ। ਬੋਹੜ ਦੇ ਬੀਜ ਦੀ ਮਹਾਨਤਾ ਦਾ ਪਤਾ ਧਰਤੀ ਵਿੱਚ ਬੀਜਣ ਉਪ੍ਰੰਤ ਲੱਗਦਾ ਹੈ। ਇਸੇ ਤਰਾਂ ਜਪਣ ਵਾਲਿਆਂ ਨੂੰ ਕਿੰਨੀ ਮਹਾਨਤਾ ਕਿੰਨੀ ਪ੍ਰਧਾਨਤਾ ਕਿੰਨਾ ਸਤਕਾਰ ਮਾਣ ਪ੍ਰਾਪਤ ਹੁੰਦਾ ਹੈ, ਇਸਦਾ ਪਤਾ ਉਸ ਵੇਲੇ ਲੱਗਦਾ ਹੈ ਜਦੋਂ ਨਾਮੀ ਆਤਮਾਂ ਪ੍ਰਭੂ ਪ੍ਰਮੇਸ਼ਰ ਦੀ ਦਰਗਾਹ ਵਿੱਚ ਜਾਂਦੀ ਹੈ :—

ਜੈਸੇ ਹੀਰਾ ਹਾਥ ਮੈ ਤਨਕ ਸੋ ਦਿਖਾਈ ਦੇਤ,
ਮੋਲ ਕੀਏ ਤੇ ਦਮਕਨ ਭਰਤ ਭੰਡਾਰ ਜੀ॥
ਜੈਸੇ ਬਰ ਬਾਧੇ ਹੁੰਡੀ ਲਾਗਤ ਨ ਭਾਰ ਕਛੂ,
ਆਗੈ ਜਾਇ ਪਾਈਅਤ ਲਛਮੀ ਅਪਾਰ ਜੀ॥
ਜੈਸੇ ਬਟਿ ਬੀਜ ਅਤਿ ਸੂਖਮ ਸਰੂਪ ਹੋਤ,
ਬੋਏ ਸੈ ਬਿਬਿਧ ਕਰੈ ਬਿਰਖਾ ਬਿਸਥਾਰ ਜੀ॥
ਤੈਸੇ ਗੁਰ-ਬਚਨ ਸਚਨ ਗੁਰ ਸਿਖਨ ਮੈ,
ਜਾਨੀਐ ਮਹਾਤਮ ਗਏ ਹੀ ਹਰਿ ਜੁਦੁਆਰ ਜੀ॥੩੭੩॥

(ਸਵੱਯੇ ਭਾ: ਗੁਰਦਾਸ ਜੀ : ੩੭੩)

ਜਿੱਥੇ ਸਤਿਗੁਰੂ ਨੇ ਨਾਮ ਜਪਣ ਵਾਲਿਆਂ ਨੂੰ ਗੁਰਬਾਣੀ ਵਿੱਚ ਅਤਿ ਸਤਿਕਾਰ ਅਤੇ ਮਾਣ ਬਖਸ਼ਸ਼ ਕਰਕੇ ਨਾਮ ਜਪਣ ਵਾਲਿਆਂ ਨੂੰ ਧੰਨ ਧੰਨ ਲਿੱਖ ਕੇ ਸਤਕਾਰਿਆ ਹੈ। ਸਾਹਿਬਾਂ ਦਾ ਫੁਰਮਾਨ ਹੈ :—

ਧਨੁ ਧੰਨੁ ਤੇ ਜਨ ਪੁਰਖ ਪੂਰੇ ਜਿਨ ਗੁਰ ਸੰਤਸੰਗਤਿ ਮਿਲਿ ਗੁਣ ਰਵੇ॥

ਤੁਖਾਰੀ ਮ: ੪ (ਪੰਨਾ : ੧੧੧੪)

ਤਥਾ :— ਧਨੁ ਧੰਨੁ ਤੇ ਜਨ ਨਾਨਕਾ ਜਿਨ ਹਰਿ ਨਾਮਾ ਉਰਿ ਧਾਰ॥

ਮਾਲ ਗਉੜ ਮ: ੫ (ਪੰਨਾ : ੯੮੬)

ਤਥਾ :— ਧਨੁ ਧੰਨੁ ਤੇ ਜਨ ਜਿਨ ਹਰਿ ਨਾਮੁ ਜਪਿਆ
ਤਿਨ ਦੇਖੇ ਹਉ ਭਇਆ ਸਨਾਥੁ॥

ਤੁਖਾਰੀ ਮ: ੪ (ਪੰਨਾ : ੧੧੧੫)

ਉੱਥੇ ਜਿਨ੍ਹਾਂ ਨੇ ਮਨੁੱਖਾ ਜਨਮ ਦੀ ਪ੍ਰਾਪਤੀ ਉਪ੍ਰੰਤ, ਪ੍ਰਮੇਸ਼ਰ ਜੀ ਵਲੋਂ ਲਗੀ ਨਾਮ ਦੀ ਕਾਰ ਨੂੰ ਨਹੀਂ ਕੀਤਾ, ਉਹਨਾਂ ਨੂੰ ਸਤਿਗੁਰੂ ਜੀ ਨੇ ਧ੍ਰਿਗ ਧ੍ਰਿਗ ਕਹਿ ਕੇ ਤ੍ਰਿਸਕਾਰਿਆ ਹੈ ਅਤੇ ਪੁੱਛ ਕੀਤੀ ਹੈ ਕਿ ਜਿਹਨਾਂ ਨੇ ਐਸੇ ਅਮੋਲਕ ਪ੍ਰਭੂ ਦੇ ਨਾਮ ਨੂੰ ਸੰਸਾਰ ਵਿੱਚ ਆ ਕੇ ਨਹੀਂ ਜਪਿਆ ਉਹ ਸੰਸਾਰ ਵਿੱਚ ਕਿਸ ਵਾਸਤੇ ਆਏ ਹਨ ? ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਆਸਾ ਦੀ ਵਾਰ ਵਿੱਚ ਫੁਰਮਾਨ ਹੈ :—

ਜਿਨੀ ਐਸਾ ਹਰਿ ਨਾਮੁ ਨ ਚੇਤਿਓ
ਸੇ ਕਾਹੇ ਜਗਿ ਆਏ ਰਾਮ ਰਾਜੇ॥
ਇਹੁ ਮਾਣਸ ਜਨਮੁ ਦੁਲੰਭੁ ਹੈ
ਨਾਮ ਬਿਨਾ ਬਿਰਥਾ ਸਭੁ ਜਾਇ॥
ਹੁਣਿ ਵਤੈ ਹਰਿ ਨਾਮੁ ਨ ਬੀਜਿਓ
ਅਗੈ ਭੁਖਾ ਕਿਆ ਖਾਏ॥
ਮਨਮੁਖਾ ਨੋ ਫਿਰਿ ਜਨਮੁ ਹੈ
ਨਾਨਕ ਹਰਿ ਭਾਏ॥

ਆਸਾ ਮ: ੪ (ਪੰਨਾ :੪੫੦)

ਸੰਸਾਰ ਵਿੱਚ ਦੁਰਲਭ ਮਨੁੱਖਾ ਜਨਮ ਪਾ ਕੇ ਕਿਸ ਵਾਸਤੇ ਆਏ ਹਾਂ ? ਕੀ ਲੰਗਰ ਪ੍ਰਸ਼ਾਦ ਛਕਣ ਵਾਸਤੇ ਆਏ ਹਾਂ ? ਕੀ ਸੁੰਦਰ ਕੱਪੜੇ ਹੰਢਾਉਣ ਵਾਸਤੇ ਆਏ ਹਾਂ ? ਕੀ ਸੁਹਣੀਆਂ ਕੋਠੀਆਂ ਬਣਾ ਕੇ ਉਸ ਵਿੱਚ ਐਸ਼ ਕਰਨ ਵਾਸਤੇ ਆਏ ਹਾਂ ?

ਨਹੀਂ ਨਹੀਂ, ਕੁੱਲੀ, ਗੁੱਲੀ ਜੁੱਲੀ ਤਾਂ ਕੇਵਲ ਸਰੀਰ ਨੂੰ ਜੀਵਤ ਰੱਖਣ ਵਾਸਤੇ ਹੀ ਹੈ। ਇਸ ਸਰੀਰ ਦੇ ਵਸੀਲੇ ਦੁਆਰਾ ਆਪਾਂ ਆਪਣੇ ਮੂਲ ਨੂੰ ਪਛਾਨਣਾ ਹੈ। ਇਸ ਪ੍ਰਤੀ ਸ੍ਰੀ ਗੁਰੂ ਅਮਰ ਦਾਸ ਜੀ ਨੇ ਬਾਣੀ ਵਿੱਚ ਮਨ ਨੂੰ ਸੰਬੋਧਨ ਕਰਕੇ ਸਾਨੂੰ ਸੁਚੇਤ ਕੀਤਾ ਹੈ :—

ਮਨ ਤੂੰ ਜੋਤਿ ਸਰੂਪੁ ਹੈ
ਆਪਣਾ ਮੂਲੁ ਪਛਾਣੁ॥
ਮਨ ਹਰਿ ਜੀ ਤੇਰੈ ਨਾਲਿ ਹੈ
ਗੁਰਮਤੀ ਰੰਗੁ ਮਾਣੁ॥

ਆਸਾ ਮ: ੩ (ਪੰਨਾ : ੪੪੧)

ਇਸ ਸਰੀਰ ਦੇ ਵਸੀਲੇ ਨਾਲ ਨਾਮ ਜਪ ਦੇ ਰਸਤੇ ਦੇ ਪਾਂਧੀ ਬਣ ਕੇ ਜਿੱਥੇ ਆਪਣੇ ਮੂਲ ਦੀ ਪਛਾਨ ਕਰਨੀ ਉੱਥੇ ਨਾਮ ਜਪ ਨਾਲ ਹੀ ਨਾਮੀ ਦੇ ਵਿੱਚ ਅਭੇਦ ਹੋਣਾ ਹੈ। ਸਾਡੇ ਮਨੁੱਖਾ ਜਨਮ ਦਾ ਮੰਤਵ ਹੀ ਇਹ ਹੈ :—

ਭਈ ਪਰਾਪਤਿ ਮਾਨੁਖ ਦੇਹੁਰੀਆ
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

ਮ: ੫ (ਪੰਨਾ : ੧੨)

ਤਥਾ :— ਮਿਲੁ ਜਗਦੀਸ ਮਿਲਨ ਕੀ ਬਰੀਆ॥
ਚਿਰੰਕਾਲ ਇਹ ਦੇਹ ਸੰਜਰੀਆ॥

ਮ: ੫, (ਪੰਨਾ : ੧੭੬)

ਜਿਹਨਾਂ ਵਡਭਾਗੀਆਂ ਨੇ ਮਨੁੱਖਾਂ ਜਨਮ ਦੀ ਵਰਤੋਂ ਕਰਕੇ ਆਪਣੇ ਮੂਲ ਨੂੰ ਪਛਾਣ ਕੇ ਆਪਣੇ ਮੂਲ ਨਾਲ ਅਭੇਦਤਾ ਪ੍ਰਾਪਤ ਕਰ ਲਈ ਉਹਨਾਂ ਨੂੰ ਤਾਂ "ਆਵਣ ਜਾਣ ਰਹੇ ਮਿਲੇ ਸਾਧਾ" ਦੀ ਦਾਤ ਪ੍ਰਾਪਤ ਹੋ ਗਈ, ਪਰ ਜਿਨ੍ਹਾਂ ਨੇ, "ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ" ਕੀਮਤੀ ਸਵਾਸਾਂ ਨੂੰ :—

ਰੈਣਿ ਗਵਾਈ ਸੋਇ ਕੈ
ਦਿਵਸੁ ਗਵਾਇਆ ਖਾਇ॥
ਹੀਰੇ ਜੈਸਾ ਜਨਮੁ ਹੈ ਕਉਡੀ
ਬਦਲੇ ਜਾਇ॥

ਗਉੜੀ ਬੈਰਾਗਣਿ ਮ: ੧ (ਪੰਨਾ : ੧੫੬)

ਕੁਝ ਸੌਂ ਕੇ, ਕੁਝ ਖਾ ਕੇ, ਕੁਝ ਐਸ਼ੋ ਇਸ਼ਰਤ ਵਿੱਚ ਪੈ ਕੇ ਗਵਾ ਦਿੱਤਾ ਮਾਨੋਂ ਉਨ੍ਹਾਂ ਨੇ ਕਉਡੀਆਂ ਦੇ ਬਦਲੇ ਵਿੱਚ ਹੀਰੇ ਨੂੰ ਵੇਚ ਦਿੱਤਾ। ਜਿਹੜਾ ਕੌਡੀਆਂ ਦੇ ਬਦਲੇ ਹੀਰਾ ਵੇਚ ਦੇਵੇ, ਕੀ ਅਸੀਂ ਉਸਨੂੰ ਸਿਆਣਾ ਕਹਾਂਗੇ ? ਨਹੀਂ, ਜਿਹੜਾ ਮਨੁੱਖ ਹੀਰੇ ਨੂੰ ਕੌਡੀਆਂ ਦੇ ਬਦਲੇ ਵਿੱਚ ਵੇਚ ਦਿੰਦਾ ਹੈ, ਸੰਸਾਰ ਦੀ ਦ੍ਰਿਸ਼ਟੀ ਵਿੱਚ ਉਹ ਮਹਾਂ ਮੂਰਖ ਹੈ।

ਇਸੇ ਤਰਾਂ ਜਿਹੜਾ ਮਨੁੱਖ, ਪ੍ਰਭੂ ਦੀ ਸਿਫਤ ਸਲਾਹ ਛੱਡ ਕੇ ਸੰਸਾਰਕ ਭੋਗਾਂ,

ਵਿਸ਼ੇ ਵਿਕਾਰਾਂ ਵਿੱਚ ਜੀਵਨ ਬਰਬਾਦ ਕਰ ਦਿੰਦਾ ਹੈ, ਗੁਰੂ ਦ੍ਰਿਸ਼ਟੀ ਵਿੱਚ ਉਹ, ਹੀਰੇ ਮੋਤੀਆਂ ਦੀ ਚੋਗ ਛੱਡ ਕੇ, ਕਰੰਗਾਂ ਨੂੰ ਚਰੂੰਡਦਾ ਹੈ, ਜਿਸ ਸਦਕਾ ਉਸਨੂੰ ਇਸ ਸੰਸਾਰ ਵਿੱਚ ਵੀ ਅਤੇ ਪਰਲੋਕ ਵਿੱਚ ਵੀ ਫਿਟਕਾਰਾਂ ਹੀ ਪੈਂਦੀਆਂ ਹਨ। ਲੋਕ ਪ੍ਲੋਕ ਵਿੱਚ ਉਲ੍ਹਾਮੇ ਹੀ ਸਹਾਰਨੇ ਪੈਂਦੇ ਹਨ :—

ਸਉ ਓਲਾਮੑੇ ਦਿਨੈ ਕੇ ਰਾਤੀ ਮਿਲਨਿੑ ਸਹੰਸ ॥
ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥

ਸਲੋਕ ਮ: ੧ (ਪੰਨਾ : ੭੯੦)

ਗੁਰੂ ਦੀ ਦ੍ਰਿਸ਼ਟੀ ਵਿੱਚ ਉਹ ਮਹਾਂ ਮੂਰਖ ਹੈ। ਐਸੇ ਜੀਵਨ ਨੂੰ ਤਾਂ ਫਿਟਕਾਰ ਤੋਂ ਸਿਵਾ ਹੋਰ ਕੁਝ ਵੀ ਨਹੀਂ, ਜਿਸ ਨੇ ਰਸ-ਕਸੀ ਭੋਜਨ ਛੱਕ ਕੇ ਪੇਟ ਵਧਾ ਛੱਡਿਆ ਹੈ ਜਿਸ ਕਾਰਜ ਵਾਸਤੇ ਖਾਧਾ ਸੀ, ਖਾ ਕੇ ਉਸ ਕਾਰਜ ਨੂੰ ਕੀਤਾ ਨਹੀਂ :—

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥
ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥

ਸਲੋਕ ਮ: ੧ (ਪੰਨਾ : ੭੯੦)

ਸਤਿਗੁਰੂ ਅਮਰਦਾਸ ਜੀ ਦਾ ਫੁਰਮਾਨ ਪੜ੍ਹ ਲਈਏ, ਧ੍ਰਿਕਾਰ, ਲਾਹਣਤ ਸੁਣਨੀ ਔਖੀ ਹੋ ਜਾਵੇਗੀ। ਸਾਹਿਬਾਂ ਦਾ ਫੁਰਮਾਨ ਹੈ। ਜਿਨ੍ਹਾਂ ਨੇ ਅਮੋਲਕ ਮਨੁੱਖਾ ਜਨਮ ਨੂੰ ਪ੍ਰਾਪਤ ਕਰਕੇ ਆਪਣੇ ਮਾਲਕ ਪ੍ਰਭੂ ਨੂੰ ਪ੍ਰਾਪਤ ਨਹੀਂ ਕੀਤਾ ਉਹਨਾਂ ਨੇ ਕੀਮਤੀ ਮਨੁੱਖਾ ਜਨਮ ਨੂੰ ਵਿਅਰਥ ਗੁਆ ਲਿਆ ਹੈ।

ਐਸੇ ਮਨੁੱਖਾਂ ਦੇ ਖਾਣ-ਪੀਣ ਨੂੰ ਵੀ ਧ੍ਰਿਕਾਰ ਹੈ। ਉਨ੍ਹਾਂ ਦੇ ਸੌਣ ਨੂੰ ਵੀ ਲਾਹਣਤ ਹੈ। ਉਨ੍ਹਾਂ ਦੇ ਸੁਹਣੇ ਕੱਪੜੇ ਪਹਿਨਣ ਨੂੰ ਵੀ ਸੈਂਕੜੇ ਵਾਰੀ ਲਾਹਣਤ ਹੈ। ਉਨ੍ਹਾਂ ਦੇ ਪਰਿਵਾਰ-ਟੱਬਰ ਨੂੰ ਵੀ ਲਾਹਣਤ ਹੈ, ਉਹਨਾਂ ਦਾ ਸਰੀਰ ਵੀ ਫਿਟਕਾਰ ਯੋਗ ਹੈ। ਸਾਹਿਬਾਂ ਦਾ ਫੁਰਮਾਨ ਹੈ :—

ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ
ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ ॥
ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ
ਜਿਤੁ ਹੁਣਿ ਖਸਮੁ ਨ ਪਾਇਆ ॥
ਪਉੜੀ ਛੁੜਕੀ ਫਿਰਿ ਹਾਥਿ ਨ ਆਵੈ
ਅਹਿਲਾ ਜਨਮੁ ਗਵਾਇਆ ॥

ਬਿਲਾਵਲੁ ਮਹਲਾ : ੩, ਵਾਰ ੧ (ਪੰਨਾ : ੭੯੬)

ਨਾਮ ਜਪ ਦਾ ਤਿਆਗ ਕਰਕੇ ਜਿੱਥੇ ਮਨੁੱਖ ਨੇ ਆਪ ਲਾਹਨਤਾਂ ਖਾਧੀਆਂ, ਉੱਥੇ

ਪਰਿਵਾਰ-ਟੱਬਰ ਕਬੀਲੇ ਨੂੰ ਵੀ ਆਪਣੀਆਂ ਫਿਟਕਾਰਾਂ ਵਿੱਚ ਭਾਈਵਾਲ ਬਣਾ ਲਿਆ।

ਸ੍ਰੀ ਗੁਰੂ ਰਾਮਦਾਸ ਜੀ ਤਾਂ ਪ੍ਰਮੇਸ਼ਰ ਅੱਗੇ ਅਰਦਾਸ ਕਰਦੇ ਹਨ। ਹੇ ਮਾਲਕ, ਜਿਸ ਮਨੁੱਖ ਨੇ ਸੰਸਾਰ ਵਿੱਚ ਆ ਕੇ ਪ੍ਰਮੇਸ਼ਰ ਜੀ ਦਾ ਨਾਮ ਨਹੀਂ ਜਪਿਆ ਐਸੇ ਨਾਮ ਹੀਣ ਮਨੁੱਖ ਦੀ ਮਾਤਾ ਨੂੰ ਬਾਂਝ[1] ਕਰ ਦੇਵੋ ਤਾਂ ਜੋ ਅਗਾਂਹ ਤੋਂ ਐਸੇ ਨਾਮ ਹੀਣ ਪੁਰਸ਼ ਪੈਦਾ ਨ ਕਰ ਸਕੇ। ਨਾਮ ਜਪ ਤੋਂ ਸੁੰਞਾਂ ਮਨੁੱਖ, ਦਿਨ ਰਾਤ ਕਰੁਝ-ਕਰੁਝ ਕੇ ਮਰਦਾ ਹੈ। ਦਿਨ ਰਾਤ ਪਰੇਸ਼ਾਨੀਆਂ ਵਿੱਚ ਕੁਰਲਾਉਂਦੇ ਦਾ ਜੀਵਨ ਬਤੀਤ ਹੁੰਦਾ ਹੈ :—

ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥
ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ ॥

ਜੈਤਸਰੀ ਮ: ੪ (ਪੰਨਾ : ੬੯੭)

ਤਥਾ :— **ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ ਤਿਸ ਕੈ ਕੁਲਿ ਲਾਗੀ ਗਾਰੀ ॥**
ਹਰਿ ਤਿਸ ਕੈ ਕੁਲਿ ਪਰਸੂਤਿ ਨ ਕਰੀਅਹੁ ਤਿਸੁ ਬਿਧਵਾ ਕਰਿ ਮਹਤਾਰੀ ॥

(ਮਲਾਰ ਮ: ੪, ਪੰਨਾ : ੧੨੬੩)

ਨਾਮ ਵਿਹੂਣ ਮਨੁੱਖ ਦਾ ਇਸ ਸੰਸਾਰ ਵਿੱਚ ਰਹਿਣ ਦਾ ਕੋਈ ਹੱਕ ਨਹੀਂ ਕਿਉਂਕਿ ਜਿਸ ਕਾਰਜ ਵਾਸਤੇ ਮਨੁੱਖ ਭੇਜਿਆ ਗਿਆ ਹੈ ਜੇ ਉਸ ਕੰਮ ਨੂੰ ਨ ਕਰੇ ਐਸੇ ਮਨੁੱਖ ਦਾ ਕੀ ਲਾਭ, ਉਹ ਤਾਂ ਧਰਤੀ ਉੱਪਰ ਭਾਰ ਹੀ ਹੈ। ਸਤਿਗੁਰੂ ਅਰਜਨ ਦੇਵ ਜੀ ਉਹਨਾਂ ਪ੍ਰਤੀ ਫੁਰਮਾਨ ਕਰਦੇ ਹਨ ਕਿ ਐਸੇ ਮਨੁੱਖ ਮਰ ਕਿਉਂ ਨਹੀਂ ਜਾਂਦੇ ਜਿਨ੍ਹਾਂ ਨੇ ਅਮੋਲਕ ਮਨੁੱਖਾ ਜਨਮ ਨੂੰ ਪ੍ਰਾਪਤ ਕਰਕੇ ਪ੍ਰਮੇਸ਼ਰ ਦੇ ਨਾਮ ਨੂੰ ਮੂਲੋਂ ਹੀ ਵਿਸਾਰ ਦਿੱਤਾ ਹੈ। ਭਲਾ ਤੁਸੀਂ ਹੀ ਦੱਸੋ ਨਾਮ ਤੋਂ ਵਿਹੂਣਾ ਜੀਵਨ ਕਿਸ ਕੰਮ ਆਵੇਗਾ ?

ਉਹਨਾਂ ਦਾ ਖਾਣਾ ਪੀਣਾ, ਹੱਸਣਾ ਖੇਲਣਾ ਅਤੇ ਬਹੁਤਾ ਵਿਸਥਾਰ ਕਰਨਾ ਤਾਂ ਇਸ ਤਰ੍ਹਾਂ ਹੈ ਜਿਸ ਤਰਾਂ ਕੋਈ ਮੁਰਦੇ ਦੀ ਲਾਸ਼ ਨੂੰ ਸ਼ਿੰਗਾਰ ਕਰੇ, ਪਰ ਮੁਰਦੇ ਦੇ ਸ਼ਿੰਗਾਰ ਕਿਸ ਕੰਮ। ਜਿਹੜਾ ਮਨੁੱਖ ਪਰਮ-ਅਨੰਦ ਪ੍ਰਮੇਸ਼ਰ ਜੀ ਦੀ ਸਿਫਤ ਸਲਾਹ ਨ ਕਰਦਾ ਹੈ, ਨਾ ਹੀ ਸੁਣਦਾ ਹੈ ਉਹ ਤਾਂ ਪਸ਼ੂ ਪੰਛੀ ਅਤੇ ਅਨੇਕਾਂ ਭੈੜੀਆਂ ਜੂਨਾਂ ਤੋਂ ਵੀ ਮੰਦਾ ਹੈ :—

ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥
ਨਾਮ ਬਿਹੂਨ ਜੀਵਨ ਕਉਨ ਕਾਮ ॥ ੧ ॥ ਰਹਾਉ ॥
ਖਾਤ ਪੀਤ ਖੇਲਤ ਹਸਤ ਬਿਸਥਾਰ ॥

---

੧. ਇਸਤ੍ਰੀ ਜਿਸ ਦੇ ਬਚਾ ਨ ਹੋ ਸਕਦਾ ਹੈ।

ਕਵਨ ਅਰਥ ਮਿਰਤਕ ਸੀਗਾਰ॥ ੨॥
ਜੋ ਨ ਸੁਨਹਿ ਜਸੁ ਪਰਮਾਨੰਦਾ॥
ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ॥ ੩॥

ਗਉੜੀ ਮ: ੫ (ਪੰਨਾ : ੧੮੮)

ਸਤਿਗੁਰੂ ਜੀ ਉਸ ਮਨੁੱਖ ਨੂੰ ਜੋ ਆਸਾਂ ਤਾਂ ਬਹੁਤ ਉੱਚੀਆਂ ਰੱਖਦਾ ਹੈ ਪਰ ਆਸਾਂ ਦੀ ਪੂਰਤੀ ਲਈ ਜੋ ਇੱਛਾ ਪੂਰਕ ਹੈ ਉਸਨੂੰ ਕਦੇ ਯਾਦ ਨਹੀਂ ਕਰਦਾ। ਸੁਖੀ ਹੋਣਾ ਚਾਹੁੰਦਾ ਹੈ, ਸੁੱਖ ਮੰਗਦਾ ਹੈ, ਪਰ ਸੁੱਖਾਂ ਦੇ ਦਾਤੇ ਨਾਲ ਸੰਪਰਕ ਨਹੀਂ ਬਣਾਉਂਦਾ। ਪਰਮ ਗਤੀ ਦੀ ਪ੍ਰਾਪਤੀ ਕਰਨਾ ਲੋਚਦਾ ਹੈ। ਪਰ ਪ੍ਰਮਗਤੀ ਦੇਣ ਵਾਲੇ ਦਾਤੇ ਨੂੰ ਭੁਲਾਇਆ ਹੋਇਆ ਹੈ।

ਇਸ ਤਰਾਂ ਪ੍ਰਮੇਸ਼ਰ ਨੂੰ ਭੁਲਾ ਕੇ ਕਦੇ ਵੀ ਸੁੱਖ-ਸ਼ਾਂਤੀ ਨਹੀਂ ਪ੍ਰਾਪਤ ਹੋ ਸਕਦੀ, ਨਾਮ ਵਿਹੂਣੇ ਮਨੁੱਖ ਦੀ ਤ੍ਰਿਪਤੀ ਨਹੀਂ ਹੁੰਦੀ ਨਾ ਹੀ ਉਸ ਦੀ ਆਤਮਾਂ ਨੂੰ ਪਰਮ ਗਤੀ ਪ੍ਰਾਪਤ ਹੁੰਦੀ ਹੈ। ਸਤਿਗੁਰੂ ਸਵਾਲ ਕਰਦੇ ਹਨ ਕਿ ਭਲਾ ਤੁਸੀਂ ਹੀ ਦੱਸੋ ਜੇ ਬਿਰਖ ਹੀ ਨਾ ਹੋਵੇ, ਫੁੱਲ-ਪੱਤੇ ਡਾਲੀਆਂ ਕਿਵੇਂ ਪ੍ਰਾਪਤ ਹੋ ਸਕਦੇ ਹਨ। ਕਦਾਚਿਤ ਨਹੀਂ ਪ੍ਰਾਪਤ ਹੋ ਸਕਦੇ। ਫਿਰ ਜੇ ਨਾਮ ਦਾ ਬਿਰਖ ਹੀ ਨਹੀਂ ਬੀਜਿਆ ਉਸ ਤੋਂ ਸੁੱਖਾਂ ਦੀ ਅਤੇ ਪਰਮ-ਗਤੀ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ। ਐਸੇ ਮਨੁੱਖ ਨੂੰ ਤਾਂ ਸ਼ਰਮ ਨਾਲ ਮਰ ਹੀ ਜਾਣਾ ਚਾਹੀਦਾ ਹੈ :—

ਲਾਜ ਮਰੈ ਜੋ ਨਾਮੁ ਨ ਲੇਵੈ॥
ਨਾਮ ਬਿਹੂਨ ਸੁਖੀ ਕਿਉ ਸੋਵੈ॥
ਹਰਿ ਸਿਮਰਨੁ ਛਾਡਿ ਪਰਮ ਗਤਿ ਚਾਹੈ॥
ਮੂਲ ਬਿਨਾ ਸਾਖਾ ਕਤ ਆਹੈ॥

ਭੈਰਉ ਮ: ੫ (ਪੰਨਾ : ੧੧੪੯)

ਬਾਬਾ ਫਰੀਦ ਜੀ ਦੇ ਕਥਨ ਅਨੁਸਾਰ ਨਾਮ ਵਿਹੂਣੇ ਮਨੁੱਖ ਧਰਤੀ ਉਤੇ ਭਾਰ ਹਨ :—

ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ॥

ਆਸਾ ਫਰੀਦ ਜੀ (ਪੰਨਾ : ੪੮੮)

ਨਾਮ ਵਿਹੂਣੇ ਮਨੁੱਖ ਜਿੱਥੇ ਧਰਤੀ ਉੱਤੇ ਭਾਰ ਹਨ, ਉੱਥੇ ਨਾਮ ਵਿਹੂਣੇ ਮਨੁੱਖਾਂ ਦੇ ਮੁੱਖ ਬੜੇ ਕਰੂਪ ਡਰਾਉਣੇ ਹਨ। ਇਸ ਸੰਸਾਰ ਵਿੱਚ ਵੀ ਨਾਮ ਵਿਹੂਣੇ ਮਨੁੱਖ ਅਸ਼ਾਂਤ ਜੀਵਨ ਬਤੀਤ ਕਰਦੇ ਹਨ। ਅੱਗੇ ਦਰਗਾਹ ਵਿੱਚ ਵੀ ਉਹਨਾਂ ਨੂੰ ਢੋਈ ਨਹੀਂ ਮਿਲਦੀ :—

ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ॥
ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ॥ ੧੦੬॥

ਸਲੋਕ ਫਰੀਦ ਜੀ (ਪੰਨਾ : ੧੩੮੩)

ਬਾਬਾ ਫਰੀਦ ਜੀ ਤਾਂ ਨਾਮ ਵਿਹੂਣੇ ਮਨੁੱਖ ਦਾ ਦਰਸ਼ਨ ਕਰਨ ਨੂੰ ਵੀ ਤਿਆਰ ਨਹੀਂ। ਕੈਸਾ ਕਰੂਪ ਅਪਵਿੱਤਰ ਹੈ, ਨਾਮ ਤੋਂ ਸਖਣਾ ਮਨੁੱਖ :—

ਜੋ ਨ ਭਜੰਤੇ ਨਾਰਾਇਣਾ॥
ਤਿਨ ਕਾ ਮੈ ਨ ਕਰਉ ਦਰਸਨਾ॥

ਭੈਰਉ ਨਾਮਦੇਵ ਜੀ (ਪੰਨਾ : ੧੧੬੩)

ਭਗਤ ਕਬੀਰ ਜੀ ਦੀ ਦਰਪਣ ਦ੍ਰਿਸ਼ਟੀ ਦੁਆਰਾ ਨਾਮ ਵਿਹੂਣੇ ਮਨੁੱਖ ਦਾ ਦਰਸ਼ਨ ਕਰੀਏ ਉਹ ਬਾਹਰੋਂ ਕਿਹੋ ਜਿਹਾ ਹੁੰਦਾ ਹੈ ਅਤੇ ਅੰਦਰ ਦੀ ਦਸ਼ਾ ਉਸ ਦੀ ਕਿਹੋ ਜਿਹੀ ਹੁੰਦੀ ਹੈ। ਆਪ ਫੁਰਮਾਨ ਕਰਦੇ ਹਨ, ਬਾਹਰੋਂ ਤਾਂ ਸਾਕਤ ਪੁਰਸ਼ ਦਾ ਸ਼ਿੰਗਾਰ ਬਹੁਤ ਸੋਹਣਾ ਲੱਗਦਾ ਹੈ, ਕੰਨਾਂ ਵਿੱਚ ਸੋਨੇ ਦਾ ਕੁੰਡਲ, ਹੀਰੇ ਜੜਤ ਪਾਏ ਹੋਏ ਹੁੰਦੇ ਹਨ। ਅੰਦਰ ਉਹਨਾਂ ਦਾ ਸੜੇ ਹੋਏ ਕਾਨ੍ਹਿਆ ਵਰਗਾ ਹੁੰਦਾ ਹੈ। ਬਾਹਰੋਂ ਤਾਂ, ਲਿਸ਼ਕਦੇ ਹਨ ਪਰ ਅੰਦਰੋਂ ਕਾਲਖ ਨਾਲ ਭਰੇ ਹੋਏ ਹਨ :—

ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ॥
ਦੀਸਹਿ ਦਾਧੇ ਕਾਨ ਜਿਉ ਜਿਨ੍ ਮਨਿ ਨਾਹੀ ਨਾਉ॥ ੪॥

ਸਲੋਕ ਭਗਤ ਕਬੀਰ ਜੀ (ਪੰਨਾ : ੧੩੬੪)

ਮਾਲਕ ਪ੍ਰਭੂ ਪ੍ਰਮੇਸ਼ਰ ਜੀ ਨੂੰ ਭੁੱਲ ਜਾਣ ਨਾਲ ਲੋਕ ਪ੍ਰਲੋਕ ਦੀਆਂ ਕਿੰਨੀਆਂ ਕੁ ਔਕੜਾਂ ਆ ਘੇਰਦੀਆਂ ਹਨ। ਸਤਿਗੁਰੂ ਜੀ ਨੂੰ ਪੁੱਛੀਏ ? ਸਾਹਿਬ ਫੁਰਮਾਨ ਕਰਦੇ ਹਨ, ਕੋਈ ਦੋ ਚਾਰ ਦੁੱਖ ਤਕਲੀਫਾਂ ਨਹੀਂ ਸਾਰੇ ਦੇ ਸਾਰੇ ਸਰੀਰਕ ਅਤੇ ਮਾਨਸਕ ਰੋਗ ਪ੍ਰਭੂ ਨੂੰ ਭੁੱਲਣ ਨਾਲ ਆ ਚੰਬੜਦੇ ਹਨ। ਫਿਰ ਉਹਨਾਂ, ਪ੍ਰੇਸ਼ਾਨੀਆਂ ਤੋਂ ਛੁਟਕਾਰੇ ਲਈ ਭਾਵੇਂ ਲੱਖਾਂ ਯਤਨ ਮਨੁੱਖ ਕਰੇ ਪ੍ਰੇਸ਼ਾਨੀਆਂ ਤੋਂ ਛੁਟਕਾਰਾ ਨਹੀਂ ਪ੍ਰਾਪਤ ਹੁੰਦਾ।

ਜਿਸ ਨੂੰ ਪ੍ਰਮੇਸ਼ਰ ਜੀ ਦਾ ਨਾਉਂ ਵਿਸਰ ਜਾਂਦਾ ਹੈ, ਲੋਕ-ਪਰਲੋਕ ਵਿੱਚ ਉਸਨੂੰ ਅਸਲੀ ਕੰਗਾਲ ਗਿਣਿਆ ਜਾਂਦਾ ਹੈ। ਜਿਸਨੂੰ ਪ੍ਰਭੂ ਦਾ ਨਾਮ ਵਿਸਰ ਜਾਂਦਾ ਹੈ ਉਸਨੂੰ ਅਨੇਕਾਂ ਜੂਨਾਂ ਵਿੱਚ ਭਟਕਣਾ ਪੈਂਦਾ ਹੈ। ਜੋ ਮਾਲਕ ਦੇ ਨਾਮ ਨੂੰ ਵਿਸਾਰ ਦਿੰਦਾ ਹੈ, ਉਸ ਨੂੰ ਜਮਾ ਦੀ ਮਾਰ ਸਹਾਰਨੀ ਪੈਂਦੀ ਹੈ। ਜਿਹੜਾ ਨਾਮ ਵਿਹੂਣਾ ਹੈ, ਉਹ ਅਸਲੀ ਸਰੀਰਕ ਅਤੇ ਮਾਨਸਕ ਰੋਗੀ ਹੈ। ਨਾਮਹੀਣ ਮਨੁੱਖ ਹੰਕਾਰੀ ਹੁੰਦਾ ਹੈ, ਜਿਸ ਉੱਤੇ ਕਦੀ ਵੀ ਪ੍ਰਮਾਤਮਾਂ ਦੀ ਮਿਹਰ ਨਹੀਂ ਹੁੰਦੀ। ਉਹ ਮਨੁੱਖ ਜਗਤ ਵਿੱਚ ਸਦਾ ਦੁੱਖੀ ਰਹਿੰਦਾ ਹੈ ਜੋ ਹਰੀ ਦਾ ਨਾਮ ਭੁਲਾ ਦਿੰਦਾ ਹੈ :—

ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ।
ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ॥
ਜਿਸ ਨੋ ਵਿਸਰੈ ਨਾਉ ਸੁ ਨਿਰਧਨੁ ਕਾਂਢੀਐ॥
ਜਿਸ ਨੋ ਵਿਸਰੈ ਨਾਉ ਸੁ ਜੋਨੀ ਹਾਂਢੀਐ॥
ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮੁ ਡੰਡੁ ਦੇ॥
ਜਿਸੁ ਖਸਮੁ ਨ ਆਵੀ ਚਿਤਿ ਰੋਗੀ ਸੇ ਗਣੇ।
ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ ਅਹੰਕਾਰੀਆ॥
ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ॥ ੧੪॥

ਸਲੋਕ ਮ: ੫ ਪਉੜੀ (ਪੰਨਾ : ੯੬੪)

ਜੇ ਸਾਰੇ ਦੁੱਖ ਸੰਤਾਪ ਪ੍ਰਾਪਤ ਕਰਨੇ ਹਨ, ਲੋਕ ਪ੍ਰਲੋਕ ਦੀ ਕੰਗਾਲੀ ਖ੍ਰੀਦਣੀ ਹੈ ਜੂਨਾਂ ਵਿੱਚ ਭਰਮਣ ਨੂੰ ਚਿੱਤ ਕਰਦਾ ਹੈ, ਜਮਾ ਦੀਆਂ ਸਜਾਵਾਂ ਸਹਾਰਨ ਨੂੰ ਜੀਅ ਰਾਜੀ ਹੈ। ਸਰੀਰਕ ਮਾਨਸਿਕ ਰੋਗਾਂ ਦੇ ਰੋਗੀ ਬਣਨ ਨੂੰ ਚਿਤ ਚਾਹੁੰਦਾ ਹੈ। ਹੰਕਾਰੀ ਬਣ ਕੇ ਪ੍ਰਭੂ ਦੀ ਮਿਹਰ ਤੋਂ ਵਾਂਝੇ ਰਹਿਣਾ ਹੈ। ਸਦੀਵੀ ਦੁਖੀ ਜੀਵਨ ਬਤੀਤ ਕਰਨਾ ਹੈ। ਫਿਰ ਜ਼ਰੂਰ ਪ੍ਰਮੇਸ਼ਰ ਜੀ ਦੇ ਨਾਉਂ ਨੂੰ ਯਾਦ ਨਹੀਂ ਕਰਨਾ ਚਾਹੀਦਾ। ਜੇ ਇਹਨਾਂ ਦੁੱਖਾਂ ਦੇ ਤ੍ਰਾਸ ਤੋਂ ਮਨ ਭੈ ਖਾਂਦਾ ਹੈ ਫਿਰ ਜਰੂਰ ਸੋਚ ਸਮਝ ਤੋਂ ਕੰਮ ਲੈ ਕੇ ਗੁਰੂ ਅਗਵਾਈ ਪ੍ਰਾਪਤ ਕਰ ਹੀ ਲੈਣੀ ਚਾਹੀਦੀ ਹੈ।

ਜ਼ੁਬਾਨ ਦੇ ਨਾਲ ਸ਼ਾਇਦ ਇਸ ਤੋਂ ਵੱਧ ਮੰਦ ਬਚਨ ਨਾ ਕਹੇ ਜਾ ਸਕਨ ਜੋ ਬਾਬਾ ਕਬੀਰ ਜੀ ਨੇ ਨਾਮ ਵਿਹੂਣ ਮਨੁੱਖ ਪ੍ਰਤੀ ਕਹੇ ਹਨ। ਇਹਨਾਂ ਬਚਨਾਂ ਨੂੰ ਸੁਣ ਕੇ ਮਨ ਕੰਬਦਾ ਹੈ। ਆਪ ਜੀ ਫੁਰਮਾਨ ਕਰਦੇ ਹਨ, ਜਿਸ ਕੁੱਲ ਦੇ ਵਿੱਚ ਗਿਆਨਵਾਨ ਪ੍ਰਮੇਸ਼ਰ ਦਾ ਭਗਤ ਪੁੱਤਰ ਪੈਦਾ ਨਹੀਂ ਹੋਇਆ ਉਸ ਕੁੱਲ ਨੂੰ ਪ੍ਰਸੂਤ ਕਰਨ ਵਾਲੀ ਮਾਂ ਰੰਡੀ ਹੋ ਜਾਣੀ ਚਾਹੀਦੀ ਸੀ।

ਜਿਸ ਮਨੁੱਖ ਨੇ ਸੰਸਾਰ ਵਿੱਚ ਜਨਮ ਲੈ ਕੇ ਪ੍ਰਮੇਸ਼ਰ ਦੀ ਭਗਤੀ ਨਹੀਂ ਕੀਤੀ। ਉਹ ਪਾਪੀ ਮਨੁੱਖ ਜੰਮਦਾ ਹੀ ਕਿਉਂ ਨਾ ਮਰ ਗਿਆ ?

ਬਹੁਤ ਵਾਰੀ ਮਾਤਾ ਦੇ ਗਰਭ ਵਿੱਚ ਹੀ ਵਜੂਦ ਬਣਨ ਤੋਂ ਪਹਿਲਾਂ ਹਮਲ ਗਿਰ ਜਾਂਦਾ ਹੈ, ਪਰ ਇਹ ਭਗਤੀ ਹੀਣਾ ਮਨੁੱਖ ਕਿਉਂ ਬਚ ਗਿਆ ?

ਨਾਮ ਵਿਹੂਣਾ ਮਨੁੱਖ ਤਾਂ ਗੰਦਗੀ ਖਾਣ ਵਾਲੇ ਸੂਰ ਦੀ ਨਿਆਈਂ ਸੰਸਾਰ ਵਿੱਚ ਆਪਣਾ ਜੀਵਨ ਬਤੀਤ ਕਰ ਰਿਹਾ ਹੈ।

ਅਖੀਰ ਬਾਬਾ ਕਬੀਰ ਜੀ ਫੁਰਮਾਨ ਕਰਦੇ ਹਨ ਕਿ ਸ਼ਕਲ ਸੂਰਤ ਮਨੁੱਖ ਦੀ ਵੇਖਣ ਨੂੰ ਭਾਵੇਂ ਬਹੁਤ ਸੁੰਦਰ ਹੋਵੇ। ਜੇ ਐਸੇ ਸੁੰਦਰ ਸਰੂਪ ਵਾਲਾ ਨਾਮ ਨਹੀਂ ਜਪਦਾ ਤਾਂ ਉਸ ਮਨੁੱਖ ਨੂੰ ਕੁੱਬਾ ਬਦ-ਸ਼ਕਲ, ਕਰੂਪ ਸਮਝਣਾ ਚਾਹੀਦਾ ਹੈ :—

ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥
ਬਿਧਵਾ ਕਸ ਨ ਭਈ ਮਹਤਾਰੀ॥ ੧॥
ਜਿਹ ਨਰ ਰਾਮ ਭਗਤਿ ਨਹਿ ਸਾਧੀ
ਜਨਮਤ ਕਸ ਨ ਮੁਓ ਅਪਰਾਧੀ ॥ ੧॥ ਰਹਾਉ॥
ਮੁਚੁ ਮੁਚੁ ਗਰਭ ਗਏ ਕੀਨ ਬਚਿਆ॥
ਬੁਡਭੁਜ ਰੂਪ ਜੀਵੇ ਜਗ ਮਝਿਆ॥੨॥
ਕਹੁ ਕਬੀਰ ਜੈਸੇ ਸੁੰਦਰ ਸਰੂਪ॥
ਨਾਮ ਬਿਨਾ ਜੈਸੇ ਕੁਬਜ ਕੁਰੂਪ॥ ੩॥

ਗਉੜੀ ਕਬੀਰ ਜੀ (ਪੰਨਾ : ੩੨੮)

ਬਾਬਾ ਕਬੀਰ ਜੀ ਦੇ ਉਪਰਲੇ ਫੁਰਮਾਨ ਨੂੰ ਪੜ੍ਹ ਕੇ ਸੋਚਣਾ ਪਵੇਗਾ ਕਿ ਮਾਤਾ ਨੂੰ ਰੰਡੀ ਕਰਨ ਵਰਗੀਆ ਲਾਹਣਤਾਂ ਸੁਣਨੀਆਂ ਹਨ। "ਜਨਮਤ ਕਸ ਨ ਮੁਓ ਅਪਰਾਧੀ" ਕਹਾਉਣਾ ਹੈ। ਗੰਦਗੀ ਖਾਣ ਵਾਲੇ ਸੂਰ ਕਹਾਉਣਾ ਹੈ। ਨਾਮ ਵਿਹੂਣ ਹੋ ਕੇ ਕੁਬਜ, ਕਰੂਪ ਵਰਗੇ ਬਦ ਲਫਜ ਸੁਣ ਕੇ ਸ਼ਰਮਸਾਰ ਹੋਣਾ ਹੈ। ਨਹੀਂ, ਐਸਾ ਕਦਾਚਿਤ ਨਹੀਂ ਕਰਨਾ। ਆਪਣੇ ਭਲੇ ਲਈ ਕੁਲ ਦਾ ਨਾਉ ਰੋਸ਼ਨ ਕਰਨ ਲਈ, ਪ੍ਰਭੂ ਦਰ ਪ੍ਰਵਾਨਗੀ ਲਈ ਨਾਮ ਜਪ ਦਾ ਪੱਲਾ ਜਰੂਰ ਫੜਨਾ ਹੈ।

ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਨਾਮ ਵਿਹੂਣੇ ਮਨੁੱਖਾਂ ਨਾਲੋਂ ਪਸ਼ੂਆਂ ਨੂੰ ਚੰਗਾ ਕਿਹਾ ਹੈ। ਸੰਕੇਤ ਦਿਤਾ ਹੈ ਵੇਖੋ ! ਪਸ਼ੂ ਪੱਠੇ ਖਾਂਦਾ ਹੈ, ਖੜ ਖਾਣ ਦੇ ਬਦਲੇ ਅੰਮ੍ਰਿਤ ਰੂਪੀ ਦੁੱਧ ਸਾਨੂੰ ਦਿੰਦਾ ਹੈ। ਪਰ ਇਸਦੇ ਉਲਟ ਨਾਮਹੀਣ ਮਨੁੱਖ ਚੰਗੇ-ਚੰਗੇ ਭੋਜਨ ਛਕ ਕੇ ਵੀ ਉਹ ਕਰਮ ਨਹੀਂ ਕਰਦਾ ਜਿਸ ਨੂੰ ਕਰਨ ਵਾਸਤੇ ਪ੍ਰਮੇਸ਼ਰ ਨੇ ਮਨੁੱਖਾ ਜਨਮ ਦੀ ਦਾਤ ਦਿੱਤੀ ਹੈ। ਸਗੋਂ ਲਾਹਣਤਾਂ ਖਾਣ ਵਾਲੇ ਕਰਮ ਕਰਕੇ ਖੁਸ਼ ਹੁੰਦਾ ਹੈ :—

ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ॥ ੩॥

ਗੂਜਰੀ ਮ: ੧ (ਪੰਨਾ : ੪੮੯)

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਵਾਚੀਏ ਜੋ ਉਹਨਾਂ ਨੇ ਨਾਮ ਵਿਹੂਣੇ ਮਨੁੱਖ ਪ੍ਰਤੀ ਦਿੱਤਾ ਹੈ। ਸਾਹਿਬਾਂ ਦਾ ਫੁਰਮਾਨ ਹੈ ਕਿ ਨਾਮ ਤੋਂ ਹੀਣਾ ਮਨੁੱਖ ਤਾਂ ਇਸ ਤਰਾਂ ਹੈ, ਜਿਸ ਤਰਾਂ ਦਾਣਿਆਂ ਤੋਂ ਬਿਨਾਂ ਤੁੱਕਾ ਜਾਂ ਤੂਹ ਹੰਦਾ ਹੈ। ਜਿਸਦੀ ਕੋਈ ਕੀਮਤ ਨਹੀਂ ਹੁੰਦੀ। ਇਸੇ ਤਰਾਂ ਨਾਮ ਸਿਮਰਨ ਤੋਂ ਬਿਨਾਂ ਮੂੰਹ ਸੁੰਞਾ ਹੈ। ਮੂੰਹ ਦੀ ਰਸਨਾ ਦੀ ਕੋਈ ਕੀਮਤ ਨਹੀਂ।

ਤਾਂ ਤੇ ਹੇ ਗੁਰੂ ਪਿਆਰਿਓ ! ਹਰ ਰੋਜ਼ ਨਾਮ ਜਪਦੇ ਰਹੋ, ਨਾਮ ਤੋਂ ਸਖਣੀ ਦੇਹੀ ਫਿਟਕਾਰ ਯੋਗ ਹੈ ਅਤੇ ਪਰਾਈ ਹੋ ਕੇ ਜਮਾ ਦੇ ਵੱਸ ਪੈਂਦੀ ਹੈ।

ਜਿਵੇਂ ਪਤੀ ਤੋਂ ਬਿਨਾਂ ਇਸਤਰੀ ਸੁਹਾਗਵੰਤੀ ਨਹੀਂ ਬਣ ਸਕਦੀ, ਇਸੇ ਤਰ੍ਹਾਂ ਨਾਮ ਤੋਂ ਬਿਨਾਂ ਮਨੁੱਖ ਚੰਗੇ ਭਾਗਾਂ ਵਾਲਾ ਬਣ ਕੇ ਪ੍ਰਭੂ ਨੂੰ ਪ੍ਰਾਪਤ ਨਹੀਂ ਕਰ ਸਕਦਾ। ਜਿਹੜਾ ਮਨੁੱਖ ਨਾਮ ਸਿਮਰਨ ਦਾ ਪੱਲਾ ਛੱਡ ਕੇ ਹੋਰ-ਹੋਰ ਕਰਮਾਂ ਪ੍ਰਯੋਜਨਾਂ ਵਿੱਚ ਖਚਤ ਰਹਿੰਦਾ ਹੈ, ਉਸ ਦੀਆਂ ਆਸਾਂ ਮੁਰਾਦਾਂ ਕਦੇ ਵੀ ਪੂਰੀਆਂ ਨਹੀਂ ਹੁੰਦੀਆਂ। ਅਖੀਰਲੀ ਪੰਗਤੀ ਵਿੱਚ ਮੰਗ ਕੀਤੀ ਹੈ। ਹੇ ਪ੍ਰਭੂ ! ਮਿਹਰ ਕਰਕੇ ਇਹ ਦਾਤ ਬਖਸ਼ੋ ਮੈਂ ਆਪ ਦਾ ਦਿਨ-ਰਾਤ ਨਾਮ ਜਪਦਾ ਰਹਾਂ :—

ਕਣ ਬਿਨਾ ਜੈਸੇ ਥੋਥਰ ਤੁਖਾ॥
ਨਾਮ ਬਿਹੂਨ ਸੂਨੇ ਸੇ ਮੁਖਾ॥ ੧॥
ਹਰਿ ਹਰਿ ਨਾਮੁ ਜਪਹੁ ਨਿਤ ਪ੍ਰਾਣੀ॥
ਨਾਮ ਬਿਹੂਨ ਧ੍ਰਿਗੁ ਦੇਹ ਬਿਗਾਨੀ॥ ੧॥ ਰਹਾਉ॥
ਨਾਮ ਬਿਨਾ ਨਾਹੀ ਮੁਖਿ ਭਾਗੁ॥
ਭਰਤ ਬਿਹੂਨ ਕਹਾ ਸੋਹਾਗੁ॥ ੨॥
ਨਾਮੁ ਬਿਸਾਰਿ ਲਗੈ ਅਨ ਸੁਆਇ॥
ਤਾ ਕੀ ਆਸ ਨ ਪੂਜੈ ਕਾਇ॥੩॥
ਕਰਿ ਕਿਰਪਾ ਪ੍ਰਭ ਅਪਨੀ ਦਾਤਿ॥
ਨਾਨਕ ਨਾਮੁ ਜਪੈ ਦਿਨ ਰਾਤਿ॥੪॥

ਗਉੜੀ ਮ: ੫ (ਪੰਨਾ : ੧੯੨)

ਜਿਨ੍ਹਾਂ ਨੇ ਨਾਮ ਜਪਣ ਦੀ ਕਾਰ ਨਹੀਂ ਕੀਤੀ ਸਤਿਗੁਰੂ ਜੀ ਨੇ ਉਹਨਾਂ ਨੂੰ ਭਾਗਹੀਣ ਲਿਖਿਆ ਹੈ। ਐਸੇ ਭਾਗਹੀਣ ਨਾਮ ਵਿਹੂਣਿਆਂ ਨੂੰ ਬਹੁਤੀ ਸਜਾ ਦੇਣ ਵਾਸਤੇ ਬਾਰ-ਬਾਰ ਟੇਡੀਆਂ ਜੂਨਾਂ ਵਿੱਚ ਪਾਇਆ ਜਾਂਦਾ ਹੈ। ਉਹਨਾਂ ਦਾ ਬਾਰੰ-ਬਾਰ ਜੰਮਣਾ ਮਰਨਾ ਬਣਿਆ ਹੀ ਰਹਿੰਦਾ ਹੈ। ਜਮਦੂਤ ਉਹਨਾਂ ਨੂੰ ਬੰਨ ਕੇ ਅਨੇਕ ਪ੍ਰਕਾਰ ਦੀਆਂ ਸਜਾਵਾਂ ਦਿੰਦੇ ਹਨ। ਇਹ ਸਾਰਾ ਚੱਕਰ ਕਿਉਂ ਚੱਲਦਾ ਹੈ? ਨਾਮ ਨੂੰ ਵਿਸਾਰਨ ਨਾਲ :—

ਜਿਨ ਹਰਿ ਹਰਿ ਨਾਮੁ ਨ ਚੇਤਿਓ ਸੇ ਭਾਗਹੀਣ ਮਰਿ ਜਾਇ॥
ਓਇ ਫਿਰਿ ਫਿਰਿ ਜੋਨਿ ਭਵਾਈਅਹਿ ਮਰਿ ਜੰਮਹਿ ਆਵੈ ਜਾਇ॥
ਓਇ ਜਮ ਦਰਿ ਬਧੇ ਮਾਰੀਅਹਿ ਹਰਿ ਦਰਗਹ ਮਿਲੈ ਸਜਾਇ॥

(ਮਾਰੂ ਮ: ੪, ਪੰਨਾ : ੯੯੬)

ਜਿਹੜੇ ਮਨੁੱਖ ਦਿਨ ਰਾਤ ਸਥੂਲ ਘਰਾਂ ਨੂੰ ਸਵਾਰਨ ਵਿੱਚ ਹੀ ਲੱਗੇ ਰਹਿੰਦੇ ਹਨ। ਮਨਭਾਉਂਦੇ ਖਾਣੇ, ਮਨ ਭਾਉਂਦੇ ਭੋਗ ਭੋਗਦੇ, ਅਨੇਕਾਂ ਰਸਾਂ ਵਿੱਚ ਫਸੇ ਰਹਿੰਦੇ ਹਨ ਭਾਵੇਂ ਸੰਸਾਰ ਵਿੱਚ ਉਹਨਾਂ ਦੇ ਕਾਰੋਬਾਰ ਦਾ ਬਹੁਤ ਵੱਡਾ ਖਿਲਾਰਾ ਹੋਵੇ, ਦਿਨ ਰਾਤ ਉਸ ਵਿਸਥਾਰ ਨਾਲ ਪਿਆਰ ਬਣਾਈ ਰੱਖਣ, ਪਰ ਗੁਰੂ ਦੀ ਦ੍ਰਿਸ਼ਟੀ ਵਿੱਚ ਐਸੇ ਮਨ ਭਾਉਂਦੇ ਰਸਾਂ ਕਸਾਂ ਨੂੰ ਭੋਗਣ ਵਾਲੇ ਘਰਾਂ ਨੂੰ ਸ਼ਿੰਗਾਰਨ ਵਾਲੇ, ਗੰਦਗੀ ਦੇ ਕੀੜੇ ਹਨ। ਉਹਨਾਂ ਦਾ ਸਰੀਰ ਇਕ ਸੁਆਹ ਦੀ ਢੇਰੀ ਸਮਾਨ ਹੈ। ਭਾਵ ਉਹਨਾਂ ਦੇ ਜੀਵਨ ਦੀ ਕੋਈ ਕੀਮਤ ਨਹੀਂ :—

ਗ੍ਰਿਹ ਰਚਨਾ ਅਪਾਰੰ ਮਨਿ ਬਿਲਾਸ ਸੁਆਦੰ ਰਸਹ॥
ਕਦਾਂਚ ਨਹ ਸਿਮਰੰਤਿ ਨਾਨਕ ਤੇ ਜੰਤ ਬਿਸਟਾ ਕ੍ਰਿਮਹ॥ ੧॥
ਮੁਚੁ ਅਡੰਬਰੁ ਹਭੁ ਕਿਹੁ ਮੰਝਿ ਮੁਹਬਤਿ ਨੇਹ॥
ਸੋ ਸਾਂਈ ਜੈਂ ਵੀਸਰੈ ਨਾਨਕ ਸੋ ਤਨੁ ਖੇਹ॥ ੨॥

ਸਲੋਕ ਜੈਤਸਰੀ ਵਾਰ ਮ: ੫ (ਪੰਨਾ : ੭੦੭)

ਜੇ ਕਿਸੇ ਦੇ ਪਾਸ ਸੁਹਣੀਆਂ ਸੇਜਾਂ, ਘਰ ਦੇ ਵਿੱਚ ਅਨੇਕ ਪ੍ਰਕਾਰ ਦੇ ਸੁੱਖ, ਰਸਾਂ ਕਸਾਂ ਨੂੰ ਭੋਗਣ ਦੇ ਸਾਰੇ ਸਾਜੋ-ਸਮਾਨ ਹਨ। ਸੋਨੇ ਦੇ ਘਰ ਦਾ ਮਾਲਕ ਹੋਵੇ, ਵਧੀਆ ਤੋਂ ਵਧੀਆ ਸੁਗੰਧੀਆਂ ਸਰੀਰ ਉੱਤੇ ਲਾਉਣ ਵਾਸਤੇ ਹੋਣ, ਸੋਨੇ ਦੇ ਗਹਿਣੇ, ਕੀਮਤੀ ਮੋਤੀ ਅਤੇ ਹੀਰਿਆਂ ਨਾਲ ਜੜੇ ਤਨ ਨੂੰ ਸ਼ਿੰਗਾਰਨ ਵਾਸਤੇ ਹੋਣ। ਮਨ ਭਾਉਂਦੇ ਪਦਾਰਥਾਂ ਦੇ ਭੋਗ ਭੋਗਦਾ ਹੋਵੇ। ਉਸ ਨੂੰ ਕਿਸੇ ਕਿਸਮ ਦਾ ਚਿੰਤਾ ਝੋਰਾ ਵੀ ਨ ਹੋਵੇ। ਐਸੇ ਸੁਖਾਗਾਮੀ ਮਾਇਆ ਧਾਰੀ ਬੰਦੇ ਨੂੰ, ਨਾਮ ਤੋਂ ਬਿਨਾਂ ਕਦਾਚਿਤ ਵੀ ਸੁਖ-ਸ਼ਾਂਤੀ ਤੇ ਧੀਰਜ ਨਹੀਂ ਪ੍ਰਾਪਤ ਹੋ ਸਕਦਾ। ਨਾਮ ਵਿਹੂਣ ਬੰਦਾ ਤਾਂ ਗੰਦਗੀ ਦਾ ਕੀੜਾ ਹੈ, ਪੜ੍ਹੀਏ ਸਾਹਿਬਾਂ ਦਾ ਪਉੜੀ ਵਿੱਚ ਫੁਰਮਾਨ :—

ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥
ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥
ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ॥
ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥
ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥ ੬॥

ਜੈਤਸਰੀ ਵਾਰ, ਪਉੜੀ, (ਪੰਨਾ : ੭੦੭)

ਸਾਰੀ ਗੁਰੂ ਕੀ ਬਾਣੀ ਵਿੱਚ ਸਤਿਗੁਰੂ ਜੀ ਨੇ ਅਸਲੀਅਤ ਦੱਸ ਕੇ ਸਾਨੂੰ ਅਗਿਆਨਤਾ ਤੋਂ ਸੁਚੇਤ ਹੋਣ ਲਈ ਪ੍ਰੇਰਨਾ ਦਿੱਤੀ ਹੈ। ਜੇ ਗੁਰੂ ਦਾ ਉਪਦੇਸ਼ ਸੁਣਕੇ ਸੱਚ ਮਾਰਗ ਦੇ ਧਾਰਨੀ ਬਣ ਕੇ ਗੁਰ ਕਹਿਆ ਸਾ ਕਾਰ "ਕਮਾਵਹੁ" ਦੇ ਧਾਰਨੀ ਬਣ ਜਾਂਵਾਂਗੇ ਫਿਰ ਤਾਂ ਲੋਕ ਸੁਖੀ ਪ੍ਰਲੋਕ ਸੁਹੇਲੇ ਹੋ ਜਾਣਗੇ।

ਜੇ ਗੁਰੂ ਉਪਦੇਸ਼ ਨੂੰ ਨਾ ਸੁਣਾਂਗੇ, ਫਿਰ, ਲੋਕ ਪ੍ਰਲੋਕ ਵਿੱਚ ਲ੍ਹਾਹਨਤਾਂ ਸਹਾਰਨੀਆਂ ਪੈਣਗੀਆਂ ਅਤੇ "ਜੰਮਿ ਜੰਮਿ ਮਰੈ ਮਰੈ ਫਿਰ ਜੰਮੈ ਬਹੁਤੁ ਸਜਾਇ ਪਇਆ ਦੇਸਿ ਲੰਮੈ॥" ਬਣ ਕੇ ਅਨੇਕਾਂ ਜੂਨਾਂ ਦੀ ਖੁਆਰੀ ਝਲਣੀ ਪਵੇਗੀ। ਅਖੀਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਚੇਤਾਵਨੀ ਦਾ ਸ਼ਬਦ ਪੜ੍ਹ ਲਈਏ :—

ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ॥
ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ॥
ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ॥
ਗੁਨ ਗੁਪਾਲ ਨ ਜਪਹਿ ਰਸਨਾ
ਫਿਰਿ ਕਦਹੁ ਸੇ ਦਿਹ ਆਵਹੇ॥
ਤਰਵਰ ਵਿਛੁੰਨੇ ਨਹ ਪਾਤ ਜੁੜਤੇ
ਜਮ ਮਗਿ ਗਉਨੁ ਇਕੇਲੀ॥
ਬਿਨਵੰਤ ਨਾਨਕ ਬਿਨੁ ਨਾਮ ਹਰਿ ਕੇ
ਸਦਾ ਫਿਰਤ ਦੁਹੇਲੀ॥ ੧॥

ਬਿਹਾਗੜਾ ਮ: ੫ (ਪੰਨਾ : ੫੪੬)

ਪ੍ਰਮੇਸ਼ਰ ਜੀ ਨੇ ਬਹੁਤ ਮਹਾਨ ਬਖਸ਼ਸ਼ ਕਰਕੇ ਮਨੁੱਖਾ ਜੂਨ ਦਾ ਅਮੋਲਕ ਸਮਾਂ ਸਾਨੂੰ ਬਖਸ਼ਸ਼ ਕੀਤਾ ਹੈ। ਗੁਰੂ ਕੀ ਬਾਣੀ ਵਿੱਚੋਂ, ਸਤਿ, ਸੰਤੋਖ, ਸ਼ੁਭ ਵੀਚਾਰ ਅਤੇ ਅੰਮ੍ਰਿਤ ਨਾਮ ਦੇ ਸ਼ੁਭ ਰਤਨ ਪ੍ਰਾਪਤ ਕਰਕੇ ਮਨੁੱਖਾ ਜੀਵਨ ਦੀ ਬਾਜ਼ੀ ਨੂੰ ਜਿੱਤ ਲਈਏ ਤਾਂ ਜੋ ਗੁਰੂ ਦਰ ਵਿੱਚ ਪ੍ਰਵਾਨਗੀ ਪ੍ਰਾਪਤ ਹੋ ਸਕੇ।

✵ ✵ ✵



ਚਾਰ ਔਗੁਣਾ ਦਾ ਤਿਆਗ

ਪਿਛਲੇ ਭਾਗ ਵਿੱਚ ਅਸੀਂ ਗੁਰਬਾਣੀ ਦੀ ਰੋਸ਼ਨੀ ਵਿੱਚ ਵਾਚਿਆ ਹੈ ਕਿ ਜੋ ਵੀ ਜਗਿਆਸੂ ਗੁਰੂ-ਪ੍ਰਮੇਸ਼ਰ ਜੀ ਵਿੱਚ, ਆਪਣੀ ਆਤਮਾਂ ਦੀ ਸਮਾਈ, ਅਭੇਦਤਾ, ਪ੍ਰਾਪਤ ਕਰਨਾ ਲੋਚਦਾ ਹੈ ਉਸਨੂੰ ਚਾਰ ਸ੍ਰੇਸ਼ਟ ਗੁਣ :—

੧. ਸਤਿ

੨. ਸੰਤੋਖ

੩. ਸ਼ੁਭ ਵਿਚਾਰ

੪. ਸ੍ਰੇਸ਼ਟ ਅੰਮ੍ਰਿਤ ਪ੍ਰਭੂ ਦੇ ਨਾਮ

ਦਾ ਧਾਰਨੀ ਬਣਨਾ ਅੱਤ ਲਾਜ਼ਮੀ ਹੈ। ਇਹਨਾਂ ਸ੍ਰੇਸ਼ਟ ਗੁਣਾਂ ਨੂੰ ਜੀਵਨ ਵਿੱਚ ਅਪਨਾਏ ਤੋਂ ਬਿਨਾਂ ਪ੍ਰਭੂ ਲੀਨਤਾ ਬਿਖਮ ਹੈ।

ਜਿਥੇ ਚਾਰ ਸ੍ਰੇਸ਼ਟ ਗੁਣਾਂ ਨੂੰ ਆਪਣੇ ਜੀਵਨ ਵਿੱਚ ਘਟਾਉਣ ਲਈ ਸਾਹਿਬਾਂ ਨੇ ਗੁਰਬਾਣੀ ਵਿੱਚ ਬਾਰੰ-ਬਾਰ ਤਾਕੀਦ ਕੀਤੀ ਹੈ ਉੱਥੇ ਚਾਰ ਹੀ ਅਉਗਣ (ਹਉਮੈਂ, ਵਿਤਕਰਾ, ਕ੍ਰਿਤ ਦੀ ਉਪਾਸਨਾ, ਅੱਤ ਖੁਸ਼ੀ ਵਿੱਚ ਆਪੇ ਤੋਂ ਬਾਹਰ ਹੋਣ ਤੇ ਅੱਤ ਗਮੀਂ ਵਿੱਚ ਢਹਿੰਦੀ ਕਲਾ ਵਿੱਚ ਜਾਣ ਤੋਂ ਵਰਜਿਆ ਹੈ।

ਜਿਹੜੇ ਗੁਰੂ ਪਿਆਰੇ ਚਾਰ ਸ੍ਰੇਸ਼ਟ ਗੁਣਾਂ ਦੇ ਧਾਰਨੀ ਬਣ ਜਾਂਦੇ ਹਨ ਤੇ ਗੁਰੂ ਹੁਕਮ ਵਿੱਚ ਚਾਰੇ ਹੀ ਅਉਗੁਣਾਂ ਦਾ ਤਿਆਗ ਕਰ ਦਿੰਦੇ ਹਨ, ਆਪਣੇ ਜੀਵਨ ਨੂੰ ਗੁਰੂ ਚਾਲੀ ਅਨੁਸਾਰ ਚਲਾਉਣਾ ਅਰੰਭ ਕਰ ਦਿੰਦੇ ਹਨ, ਸਤਿਗੁਰੂ ਜੀ ਐਸੇ ਗੁਰਸਿੱਖਾਂ ਨੂੰ ਧੰਨ ਕਹਿੰਦੇ ਹਨ ਕਿਉਂਕਿ ਉਹਨਾਂ ਨੇ ਗੁਰਬਾਣੀ ਦੀ ਸੰਗਤ ਕਰਕੇ ਗੁਰੂ ਦੇ ਉਪਦੇਸ਼ਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰ ਲਿਆ ਹੈ :—

ਧਨੁ ਧੰਨੁ ਤੇ ਜਨ ਪੁਰਖ ਪੂਰੇ ਜਿਨ ਗੁਰ ਸੰਤਸੰਗਤਿ ਮਿਲਿ ਗੁਣ ਰਵੇ॥

ਤੁਖਾਰੀ ਮ: ੪ (ਪੰਨਾ ੧੧੧੪)

ਐਸੇ ਕਰਨੀ ਵਾਲੇ ਗੁਰਸਿੱਖਾਂ ਨੂੰ ਸਤਿਗੁਰੂ ਅਮਰਦਾਸ ਜੀ ਕਿੰਨੀ ਮਹਾਨਤਾ ਦੇ ਕੇ ਬਾਰੰਬਾਰ ਨਮਸਕਾਰ ਕਰਦੇ ਹਨ, ਕਿਸਨੂੰ ? ਜਿਹੜਾ ਗੁਰਸਿੱਖ ਗੁਰੂ ਹੁਕਮ ਦਾ ਧਾਰਨੀ ਬਣ ਗਿਆ ਹੈ :—

ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ
ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥

ਸਲੋਕ ਮ: ੩ (ਪੰਨਾ : ੫੯੩)

ਕੈਸੇ ਹਨ ਸਤਿਗੁਰੂ ਦਿਆਲੂ ਜੀ! ਭਲਾ ਵੀ ਸਾਡਾ ਕਰਦੇ ਹਨ ਅਤੇ ਮਾਨ

ਸਤਿਕਾਰ ਵੀ ਗੁਰਸਿੱਖਾਂ ਨੂੰ ਦੇ ਕੇ ਨਿਵਾਜਦੇ ਹਨ। ਜਿਹਨਾਂ ਦਾ ਭਲਾ ਹੋ ਜਾਂਦਾ ਹੈ, ਸਤਿਗੁਰੂ ਨਮਸਕਾਰਾਂ ਵੀ ਉਹਨਾਂ ਨੂੰ ਕਰਦੇ ਹਨ। ਹੈ, ਉਂਜ ਉਲਟ, ਨਮਸਕਾਰਾਂ ਤਾਂ ਸਾਨੂੰ ਆਪਣੇ ਗੁਰੂ ਦੇ ਚਰਨਾਂ ਵਿੱਚ ਕਰਨੀਆਂ ਚਾਹੀਦੀਆਂ ਹਨ ਜਿਹਨਾਂ ਦੀ ਕ੍ਰਿਪਾ ਤੇ ਅਗਵਾਈ ਵਿੱਚ ਸਾਨੂੰ ਆਰਥਕ ਅਤੇ ਪ੍ਰਮਾਰਥਕ ਅਮੋਲਕ ਦਾਤਾਂ ਪ੍ਰਾਪਤ ਹੁੰਦੀਆਂ ਹਨ। ਇਸੇ ਕਰਕੇ ਹੀ ਸਤਿਗੁਰੂ ਜੀ ਦੀ ਨਿਮਰਤਾ, ਗਰੀਬ ਨਿਵਾਜਤਾ ਪ੍ਰਤੀ ਸਿਰ ਨਿਵਾ ਕੇ ਲਿਖਣਾ ਪਵੇਗਾ :—

ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ॥

ਸਲੋਕ ਸੇਖ ਫਰੀਦ ਜੀ (ਪੰਨਾ ੧੩੭੮)

ਗੁਰ ਜੈਸਾ ਨਾਹੀ ਕੋ ਦੇਵ॥

ਭੈਰਉ ਮ: ੫ (ਪੰਨਾ ੧੧੪੨)

ਤਥਾ :- ਜਿਨਿ ਗੁਰੁ ਸੇਵਿਆ ਆਪਣਾ ਜਮਦੂਤ ਨ ਲਾਗੈ ਡੰਡੁ॥
ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ॥

ਸਿਰੀ ਰਾਗੁ ਮ: ੫ (ਪੰਨਾ ੫੦)

ਹੇ ਮੇਰੇ ਸਤਿਗੁਰਾ ! ਮੈਂ ਤੈਥੋਂ ਸਦਾ-ਸਦਾ ਬਲਿਹਾਰ ਜਾਂਦਾ ਹਾਂ। ਜਿੱਥੇ ਤੁਸੀਂ ਸੱਚੀ ਸੁੱਚੀ ਅਗਵਾਈ ਤੇ ਅਮੋਲਕ ਨਾਮ ਦੀਆਂ ਦਾਤਾਂ ਬਖਸ਼ਸ਼ ਕਰਦੇ ਹੋ ਤੇ ਬਖਸ਼ਸ਼ਾਂ ਕਰਕੇ ਭੋਰਾ ਜਿੰਨਾ ਵੀ ਅਹਿਸਾਨ ਨਹੀਂ ਜਣਾਉਂਦੇ ਸਗੋਂ ਉੱਥੇ ਤੁਸੀਂ ਜਾਚਕਾਂ ਨੂੰ ਸਤਿਕਾਰ ਵੀ ਦਿੰਦੇ ਹੋ। ਇਸ ਲਈ :—

ਮੇਰੇ ਸਤਿਗੁਰਾ ਹਉ ਤੁਧੁ ਵਿਟਹੁ ਕੁਰਬਾਣੁ
ਤੇਰੇ ਦਰਸਨ ਕਉ ਬਲਿਹਾਰਣੈ ਤੁਸਿ ਦਿਤਾ ਅੰਮ੍ਰਿਤ ਨਾਮੁ॥

ਸਿਰੀ ਰਾਗੁ ਮ: ੫ (ਪੰਨਾ ੫੨)

ਸਤਿਗੁਰੂ ਜੀ ਧਨਤਾ ਦੇ ਯੋਗ ਹਨ ਜੋ ਸਾਨੂੰ ਔਗੁਣਾਂ ਤੋਂ ਮੁਕਤ ਕਰਨਾ ਲੋਚਦੇ ਹਨ। ਹੁਣ ਆਪਾਂ ਉਨ੍ਹਾਂ ਔਗੁਣਾਂ ਵਲ ਝਾਤ ਮਾਰੀਏ, ਜਿਹਨਾਂ ਨੂੰ ਸਤਿਗੁਰੂ ਜੀ ਨੇ ਗੁਰਬਾਣੀ ਵਿੱਚ ਭੋਰਾ ਜਿੰਨੀ ਵੀ ਥਾਂ ਨਹੀਂ ਦਿੱਤੀ ਅਤੇ ਗੁਰਸਿੱਖਾਂ ਨੂੰ ਵੀ ਆਪਣੇ ਹਿਰਦੇ ਵਿੱਚੋਂ ਇਹਨਾਂ ਨੂੰ ਸਦਾ ਲਈ ਕੱਢ ਦੇਣ ਲਈ ਪ੍ਰੇਰਤ ਕੀਤਾ ਹੈ।

ਅਧਿਆਇ 1

ਪਹਿਲਾ ਔਗੁਣ-ਵਿਤਕਰਾ (ਨਫ਼ਰਤ)

ਵਿਤਕਰਾ (ਨਫਰਤ) ਭਾਵੇਂ ਕਿਸੇ ਕਿਸਮ ਦਾ ਵੀ ਹੋਵੇ :—

ਧਨੀ ਦਾ ਗਰੀਬ ਨਾਲ,

ਦਾਤੇ ਦਾ ਮੰਗਤੇ ਨਾਲ,

ਅਖੌਤੀ ਉੱਚੀ ਜਾਤ ਵਾਲੇ ਦਾ ਨੀਵੀਂ ਜਾਤ ਵਾਲੇ ਨਾਲ,

ਪੜ੍ਹੇ ਦਾ ਅਨਪੜ੍ਹ ਨਾਲ,

ਬਲਵਾਨ ਦਾ ਦੁਰਬਲ ਨਾਲ,

ਸੁੰਦਰ ਦਾ ਕਰੂਪ ਨਾਲ,

ਪੁੰਨੀ ਦਾ ਪਾਪੀ ਨਾਲ,

ਸਦਾਚਾਰੀ ਦਾ ਦੁਰਾਚਾਰੀ ਨਾਲ,

ਅਤੇ ਧਰਮੀ ਦਾ ਅਧਰਮੀ ਨਾਲ ਵੀ ਕਿਉਂ ਨ ਹੋਵੇ।

ਵਿਤਕਰਾ, ਵਿਤਕਰਾ ਹੀ ਹੈ। ਜਿਸ ਹਿਰਦੇ ਵਿੱਚ ਵਿਤਕਰਾ ਆ ਟਿਕਦਾ ਹੈ, ਉੱਥੇ ਦਵੈਤ ਆ ਪੈਰ ਟਿਕਾਉਂਦੀ ਹੈ। ਜਿੱਥੇ ਦਵੈਤ ਆ ਗਈ, ਉੱਥੇ ਈਰਖਾ, ਦੁਸ਼ਮਣੀ ਨੇ ਆਪਣੇ ਆਪ ਹੀ ਆ ਜਾਣਾ ਹੈ। ਜਿੱਥੇ ਈਰਖਾ ਦੁਸ਼ਮਣੀ ਨੇ ਆ ਡੇਰਾ ਲਾਇਆ ਉੱਥੋਂ ਧਰਮ ਦੀ ਜਨਨੀ ਦਯਾ ਪੰਖ ਲਾ ਕੇ ਉਡ ਜਾਂਦੀ ਹੈ ਅਤੇ ਮਨੁੱਖ ਅਹੰਕਾਰ ਦੀ ਝੋਲੀ ਪੈ, ਅਧਰਮ ਦੇ ਦੇਸ਼ ਜਾ ਪੈਰ ਧਰਦਾ ਹੈ। ਜਦੋਂ ਅਹੰਕਾਰ ਹਿਰਦੇ ਦਾ ਮਾਲਕ ਬਣ ਜਾਵੇ, ਉੱਥੇ ਨਾਮ ਦੇ ਟਿਕਾਉ ਲਈ ਕੋਈ ਜਗ੍ਹਾ ਨਹੀਂ ਰਹਿਣ ਦਿੰਦਾ। ਹਿਰਦਾ ਸੁੰਞਾਂ ਹੋ ਜਾਂਦਾ ਹੈ। ਨਾਮ ਵਿਹੂਣੇ ਸੁੰਞੇ ਹਿਰਦੇ ਪ੍ਰਤੀ ਸ੍ਰੀ ਗੁਰੂ ਰਾਮ ਦਾਸ ਜੀ ਦਾ ਫੁਰਮਾਨ ਹੈ :—

ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ॥
ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ॥

ਜੈਤਸਰੀ ਮ: ੪ (ਪੰਨਾ : ੬੯੭)

ਹਿਰਦੇ ਨੂੰ ਸੁੰਞਾਂ ਰੱਖਣ ਤੋਂ ਬਚਾਉਣ ਲਈ, ਕਰਿੰਝ (ਝੁਰ ੨) ਕੇ ਮਰਨ ਨਾਲੋਂ ਤਾਂ ਵਿਤਕਰੇ ਦਾ ਤਿਆਗ ਕਰਨਾ ਹੀ ਭਲਾ ਹੈ।

ਇਸੇ ਲਈ ਹੀ ਵਿਤਕਰੇ ਦੇ ਤਿਆਗ ਵਾਸਤੇ ਸਤਿਗੁਰੂ ਜੀ ਨੇ ਖੁਦ ਆਪ ਗੁਰੂ ਕੀ ਬਾਣੀ ਵਿੱਚ ਪੂਰਨੇ ਵਾਹ ਕੇ ਸਾਡੀ ਅਗਵਾਈ ਕੀਤੀ ਹੈ। ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਛੇ [1]ਸਤਿਗੁਰੂ ਜੀ, ਆਪ ਗੁਰਬਾਣੀ ਰੂਪ ਹੋ ਕੇ ਬਿਰਾਜੇ ਹਨ ਉੱਥੇ ਸਾਹਿਬਾਂ ਨੇ ਆਪਣੇ ਬਰਾਬਰ ਪੰਦਰਾਂ ਭਗਤਾਂ[2] ਜੋ ਵੱਖ-ਵੱਖ ਬਰਾਦਰੀਆਂ, ਫਿਰਕਿਆਂ ਨਾਲ ਸਬੰਧਤ, ਵੱਖ-ਵੱਖ ਖਿੱਤਿਆਂ ਵਿੱਚ ਰਹਿੰਦੇ, ਵੱਖ-ਵੱਖ ਕਿੱਤਿਆਂ ਦੇ ਧਾਰਨੀ ਸਨ ਉਨਾਂ ਦੀ ਅਨੁਭਵੀ ਬਾਣੀ ਨੂੰ ਆਪਣੇ ਬਰਾਬਰ ਬਿਨ੍ਹਾਂ ਵਿਤਕਰੇ ਥਾਂ ਦਿੱਤੀ। ਨਿਰਾ ਭਗਤਾਂ ਨੂੰ ਹੀ ਨਹੀਂ, ਸਗੋਂ ਉਸ ਸਮੇਂ ਦੇ ਆਤਮਿਕ ਖੋਜੀ—ਜੋ ਜੀਅ ਦਾਨ ਦੀ ਪ੍ਰਾਪਤੀ ਵਾਸਤੇ ਕਈ ਸਾਲ, ਸਾਧੂਆਂ, ਜੋਗੀਆਂ ਦੇ ਡੇਰਿਆਂ ਵਿੱਚ, ਤੀਰਥ ਅਸਥਾਨਾਂ ਤੇ ਭਰਮਦੇ ਰਹੇ, ਪਰ ਮਨ ਦੀ ਸੰਤੁਸ਼ਟਤਾ ਨ ਹੋਈ, ਅਖੀਰ ਗੁਰੂ ਚਰਨਾਂ ਵਿੱਚੋਂ ਜੀਵਨ ਦਾਨ ਪ੍ਰਾਪਤ ਕਰ "ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ" ਦੀ ਅਵਸਥਾ ਪ੍ਰਾਪਤ ਕੀਤੀ—ਉਹਨਾਂ ਦੇ ਆਪਣੇ ਨਿੱਜੀ ਆਤਮਿਕ ਅਨੁਭਵਾਂ ਨੂੰ ਵੀ ਸਾਡੀ ਆਤਮਿਕ ਮੰਜ਼ਲ ਨੂੰ ਸੁਖੈਨ ਕਰਨ ਹਿੱਤ ਗੁਰਬਾਣੀ ਵਿੱਚ ਦਰਜ ਕੀਤਾ ਹੈ।

---

੧. (ੳ) ਸ੍ਰੀ ਨਾਨਕ ਗੁਰੂ ਨਨਕ ਦੇਵ ਜੀ (ਮਹਲਾ ਪਹਿਲਾ) = ੯੭੪
(ਅ) ਸ੍ਰੀ ਗੁਰੂ ਅੰਗਦ ਦੇਵ ਜੀ (ਮਹਲਾ ਦੂਜਾ) = ੬੧ ਸਲੋਕ
(ੲ) ਸ੍ਰੀ ਗੁਰੂ ਅਮਰਦਾਸ ਜੀ (ਮਹਲਾ ਤੀਜਾ) = ੯੦੭ ਸ਼ਬਦ
(ਸ) ਸ੍ਰੀ ਗੁਰੂ ਰਾਮਦਾਸ ਜੀ (ਮਹਲਾ ਚੌਥਾ) = ੬੭੯ ਸ਼ਬਦ
(ਹ) ਸ੍ਰੀ ਗੁਰੂ ਅਰਜਨ ਦੇਵ ਜੀ (ਮਹਲ ਪੰਜਵਾ) = ੨੨੧੮ ਸ਼ਬਦ
(ਕ) ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ (ਮਹਲਾ ਨੌਵਾਂ) = ੫੯ ਸ਼ਬਦ ੫੭ ਸਲੋਕ॥

੨. (ੳ) ਭਗਤ ਕਬੀਰ ਜੀ	= ੫੪੦	(ਙ) ਭਗਤ ਸੈਣ ਜੀ	= ੧
(ਅ) ਭਗਤ ਤਿਰਲੋਚਨ ਜੀ	= ੪	(ਚ) ਭਗਤ ਪੀਪਾ ਜੀ	= ੧
(ੲ) ਭਗਤ ਬੇਣੀ ਜੀ	= ੬	(ਛ) ਭਗਤ ਸਧਨਾ ਜੀ	= ੧
(ਸ) ਭਗਤ ਰਵਿਦਾਸ ਜੀ	= ੪੧	(ਜ) ਭਗਤ ਰਾਮਾ ਜੀ	= ੧
(ਹ) ਭਗਤ ਨਾਮਦੇਵ ਜੀ	= ੬੦	(ਝ) ਭਗਤ ਪ੍ਰਮਾ ਨੰਦ ਜੀ	= ੧
(ਕ) ਭਗਤ ਧੰਨਾ ਜੀ	= ੪	(ਞ) ਭਗਤ ਸੂਰਦਾਸ ਜੀ	= ੧
(ਖ) ਬਾਬਾ ਫਰੀਦ ਜੀ	= ੧੨੨	ਕੁਲ ਜੋੜ	= ੭੯੭
(ਗ) ਭਗਤ ਜੈ ਦੇਵ ਜੀ	= ੨		
(ਘ) ਭਗਤ ਭੀਖਨ ਜੀ	= ੨		

ਹਵਾਲਾ—ਮਹਾਨ ਕੋਸ਼ ਭਾ: ਕਾਨ੍ਹ ਸਿੰਘ

ਸਤਿਗੁਰੂ ਜੀ ਨੇ ਉਨ੍ਹਾਂ [੧]ਗਿਆਰਾਂ ਭੱਟਾਂ ਨੂੰ ਵੀ ਆਪਣੇ ਬਰਾਬਰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਥਾਂ ਦਿੱਤੀ ਹੈ। ਸਤਿਗੁਰੂ ਜੀ ਦੀ ਫਰਾਖਤਾ (ਖੁੱਲ ਦਿਲੀ) ਦੀ ਵੀ ਕੋਈ ਸੀਮਾਂ ਨਹੀਂ, ਜਿਥੇ ਆਪਣੇ ਨਾਲ, ਭਗਤਾਂ, ਭੱਟਾਂ ਨੂੰ ਬਰਾਬਰਤਾ ਬਖਸ਼ਸ਼ ਕੀਤੀ ਉੱਥੇ [੨]ਚਾਰ ਗੁਰਸਿੱਖਾਂ, ਜਿਨ੍ਹਾਂ "**ਸਿਖੀ ਸਿਖਿਆ ਗੁਰ ਵੀਚਾਰ**" ਦੀ ਕਮਾਈ ਕੀਤੀ ਅਤੇ ਗੁਰੂ ਦੀ ਦ੍ਰਿਸ਼ਟੀ ਵਿੱਚ ਪ੍ਰਵਾਨੇ ਗਏ, ਉਹਨਾਂ ਨੂੰ ਵੀ ਆਪਣੇ ਨਾਲ ਬਰਾਬਰਤਾ ਦੇ ਕੇ ਐਸਾ ਵਿਤਕਰੇ ਦਾ, ਊਚ-ਨੀਚਤਾ ਦਾ ਅਭਾਵ ਕੀਤਾ ਜਿਸ ਦੀ ਧਰਮ ਮੰਡਲ ਵਿੱਚ ਕਿਤੇ ਵੀ ਐਸੀ ਮਿਸਾਲ ਨਹੀਂ ਮਿਲਦੀ। ਪ੍ਰੈਕਟੀਕਲ ਤੌਰ ਤੇ ਕਰ ਕੇ ਦੱਸ ਦਿੱਤਾ ਕਿ ਵਾਕਿਆ ਹੀ :—

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ ੧ ॥
[੩]ਲੋਗਾ ਭਰਮਿ ਨ ਭੁਲਹੁ ਭਾਈ।
ਖਾਲਿਕੁ ਖਲਕ ਖਲਕ ਮਹਿ ਖਾਲਿਕੁ
ਪੂਰਿ ਰਹਿਓ ਸ੍ਰਬ ਠਾਂਈਂ॥ ੧॥

ਪ੍ਰਭਾਤੀ ਕਬੀਰ ਜੀ, (ਪੰਨਾ : ੧੩੪੯)

ਪ੍ਰਭੂ ਦਰ ਤਾਂ ਕਰਣੀ ਪ੍ਰਧਾਨ ਹੈ। ਜੀਵਨ ਵਿੱਚ ਕਰਣੀ ਪ੍ਰਧਾਨ ਵਾਲੇ ਬਾਜੀ ਜਿੱਤ ਜਾਂਦੇ ਹਨ। ਕਰਣੀ ਤੋਂ ਬਿਨਾਂ ਤਾਂ :—

[੪]ਫਕੜ ਜਾਤੀ ਫਕੜੁ ਨਾਉ॥ ਸਭਨਾ ਜੀਆ ਇਕਾ ਛਾਉ॥[੫]

ਸਲੋਕ ਮ: ੧ (ਪੰਨਾ : ੮੩)

ਕਰਣੀ ਪ੍ਰਧਾਨ ਵਾਲਿਆਂ ਨੂੰ ਤਾਂ ਆਤਮਕ ਮੰਡਲ ਵਿੱਚ ਐਸੀ ਅਵਸਥਾ ਮਿਲ ਜਾਂਦੀ ਹੈ ਜਿਥੇ ਜਾ ਕੇ ਸਾਰੇ ਫਰਕ, ਵਿਤਕਰੇ ਸਦਾ ਲਈ ਖਤਮ ਹੋ ਜਾਂਦੇ ਹਨ। ਉੱਥੇ ਪੁੱਜ ਕੇ ਕੋਈ ਉੱਚਾ ਨੀਵਾਂ ਨਹੀਂ ਰਹਿ ਜਾਂਦਾ ਉੱਥੇ ਤਾਂ :—

ਕਾਇਮੁ ਦਾਇਮੁ ਸਦਾ ਪਾਤਿਸਾਹੀ
ਦੋਮ ਨ ਸੇਮ ਏਕ ਸੋ ਆਹੀ॥

ਗਉੜੀ ਰਵਿਦਾਸ ਜੀਉ (ਪੰਨਾ : ੩੪੫)

---

੧. (ੳ)	ਭੱਟ ਕੱਲ ਸਹਾਰ ਜੀ	=	੫੪
(ਅ)	ਭੱਟ ਜਾਲਪ ਜੀ	=	੫
(ੲ)	ਭੱਟ ਕੀਰਤ ਜੀ	=	੮
(ਸ)	ਭੱਟ ਭਿਖਾ ਜੀ	=	੨
(ਹ)	ਭੱਟ ਸਲ ਜੀ	=	੩
(ਕ)	ਭੱਟ ਭਲ ਜੀ	=	੧
(ਖ)	ਭੱਟ ਨਲ ਜੀ	=	੧੬
(ਗ)	ਭੱਟ ਗਯੰਦ ਜੀ	=	੧੩
(ਘ)	ਭੱਟ ਮਥਰਾ ਜੀ	=	੧੪
(ਙ)	ਭੱਟ ਬਲ੍ਯ ਜੀ	=	੫
(ਚ)	ਭੱਟ ਹਰਬੰਸ ਜੀ	=	੨
	ਕੁੱਲ ਜੋੜ	=	੧੨੩ ਸਵੈਯੇ

੨. (ੳ)	ਬਾਬਾ ਸੁੰਦਰ ਜੀ	=	੬
(ਅ)	ਸਤਾ ਅਤੇ ਬਲਵੰਡ ਜੀ	=	੮
(ੲ)	ਮਰਦਾਨਾ ਜੀ	=	੩
	ਕੁਲ ਜੋੜ	=	੧੭ ਸ਼ਬਦ

੩. ਲੋਕੋ (ਲੁਕਾਈ ਨੂੰ ਸੰਬੋਧਨ ਕੀਤਾ ਹੈ)
੪. ਫਜ਼ੂਲ (ਬਕਵਾਸ)
੫. ਆਸਰਾ

ਦੀ ਅਵਸਥਾ ਬਣ ਜਾਂਦੀ ਹੈ। ਉੱਥੇ ਤਾਂ :—

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ॥
ਗੋਬਿੰਦ ਬਿਨੁ ਨਹੀ ਕੋਈ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ॥
ਓਤਿ ਪੋਤਿ ਪ੍ਰਭੁ ਸੋਈ॥ ੨॥

ਆਸਾ ਬਾਣੀ ਨਾਮ ਦੇਉ ਜੀ ਕੀ (ਪੰਨਾ : ੪੮੫)

ਹੀ ਦਿਸਦਾ ਹੈ। ਪਰ ਧੰਨ ਹਨ ਸਤਿਗੁਰੂ ਜੀ ! ਜਿਨ੍ਹਾਂ ਨੇ ਇਸ ਸੰਸਾਰ ਵਿੱਚ ਵਿਚਰਦਿਆਂ ਅਮਲੀ ਤੌਰ ਤੇ ਕਰ ਵਿਖਾਇਆ—"**ਸਭੁ ਗੋਬਿੰਦ ਹੈ ਸਭ ਗੋਬਿੰਦ ਹੈ**"। ਇਹ ਦ੍ਰਿਸ਼ਟੀ ਪ੍ਰਾਪਤ ਕਰਨ ਵਾਸਤੇ ਸਭ ਤੋਂ ਪਹਿਲਾਂ ਵਿਤਕਰੇ ਦੀ ਦੀਵਾਰ ਨੂੰ ਢਾਉਣਾ ਪੈਂਦਾ ਹੈ। ਇਹ ਨਹੀਂ ਹੋ ਸਕਦਾ ਕਿ ਪ੍ਰਭੂ ਜਾਤ, ਸੰਸਾਰ ਨਾਲ ਵਿਤਕਰਾ ਵੀ ਕਰੀ ਚਲੇ ਤੇ ਨਿਰੰਕਾਰ ਦੇ ਦੇਸ਼ ਵਿੱਚੋਂ ਬ੍ਰਹਮ ਬਿਰਤੀ-ਪ੍ਰਾਪਤੀ ਦੀ ਆਸ ਵੀ ਰਖੀ ਚਲੇ। ਸੰਸਾਰ ਵਿੱਚ ਵਿਚਰਦਿਆਂ, ਸਭ ਪਾਸੇ ਨਿਰੰਕਾਰ ਦਾ ਵਰਤਾਰਾ ਹੀ ਵੇਖਣਾ ਹੈ। ਬਾਬਾ ਫਰੀਦ ਜੀ ਵਾਲੀ ਦ੍ਰਿਸ਼ਟੀ ਧਾਰਨ ਕਰਨੀ ਹੈ :—

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥

ਸਲੋਕ ਸੇਖ ਫਰੀਦ ਜੀ (ਪੰਨਾ : ੧੩੮੧)

ਭੇਖਾਰੀ ਨੂੰ, ਨੀਵੇਂ ਨੂੰ ਵੇਖ ਕੇ ਗਿਲਾਨੀ ਨਹੀਂ ਕਰਨੀ। ਉਸ ਵਿੱਚ ਵੀ ਮੌਲਾ ਆਪ ਹੀ ਵਰਤ ਰਿਹਾ ਹੈ। ਉਸ ਵੱਲ ਵੇਖ ਕੇ ਗੁਰੂ ਰਾਮਦਾਸ ਜੀ ਮਹਾਰਾਜ ਦਾ ਫੁਰਮਾਨ ਪੜ੍ਹਨਾ ਹੈ :—

ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ॥
ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ॥

ਰਾਗੁ ਆਸਾ ਮ: ੪ (ਪੰਨਾ : ੧੧)

ਤਥਾ— **ਸਭੁ ਕੋ ਤੁਝ ਹੀ ਵਿਚਿ ਹੈ ਮੇਰੇ ਸਾਹਾ ਤੁਝ ਤੇ ਬਾਹਰਿ ਕੋਈ ਨਾਹਿ॥**
ਸਭਿ ਜੀਅ ਤੇਰੇ ਤੂ ਸਭਸ ਦਾ ਮੇਰੇ ਸਾਹਾ ਸਭਿ ਤੁਝ ਹੀ ਮਾਹਿ ਸਮਾਹਿ॥

ਧਨਾਸਰੀ ਮ: ੪ (ਪੰਨਾ : ੬੭੦)

ਨਫਰਤ ਕਰਨ ਦੀ ਥਾਂ ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਯਾਦ ਕਰਨਾ ਹੈ :—

ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ॥

ਆਸਾ ਜੀ ਦੀ ਵਾਰ ਮ: ੨ (ਪੰਨਾ : ੪੭੫)

ਸਤਿਗੁਰਾਂ ਨੇ ਆਪ ਵਿਤਕਰੇ ਦਾ ਅਭਾਵ ਕਰਨ ਦੇ ਪੂਰਨੇ ਪਾਏ

ਵਿਤਕਰਾ (ਨਫਰਤ) ਇੱਕ ਐਸਾ ਮਿੱਠਾ ਜ਼ਹਿਰ ਹੈ, ਜੋ ਆਤਮਿਕ ਖੇਤੀ ਦੀਆਂ ਜੜ੍ਹਾਂ ਸੁਕਾ ਦਿੰਦਾ ਹੈ। ਜੇ ਜੜ੍ਹਾਂ ਹੀ ਸੁੱਕ ਜਾਣ ਫਿਰ ਬੂਟੇ ਦੀ ਪ੍ਰਫੁਲਤਾ ਕਿੱਥੋਂ ਹੋਣੀ ਹੈ ?

ਜਿੱਥੇ ਗੁਰੂਦੇਵ ਜੀ ਨੇ ਗੁਰੂ ਗ੍ੰਥ ਸਾਹਿਬ ਜੀ ਵਿੱਚ ਸਭ ਨੂੰ ਬਿਨਾਂ ਜਾਤ-ਪਾਤ ਵੇਖੇ, ਊਚ-ਨੀਚ ਦੀ ਦੀਵਾਰ ਢਾਹ ਕੇ ਨਸਲ-ਕੌਮ ਦੇਸ਼ਾਂ ਦੀ ਵੰਡ ਨੂੰ ਇੱਕ ਪਾਸੇ ਰੱਖ ਕੇ ਭਗਤਾਂ, ਭੱਟਾਂ, ਗੁਰਸਿੱਖਾਂ ਨੂੰ ਆਪਣੇ ਨਾਲ ਬਰਾਬਰਤਾ ਬਖਸ਼ਸ਼ ਕਰਕੇ ਵਿਤਕਰੇ ਨੂੰ ਢਾਹੁਣ ਦੇ ਪੂਰਨੇ ਵਾਹੇ ਹਨ, ਉੱਥੇ ਆਤਮਿਕ ਉਪਦੇਸ਼ ਦੇਣ ਲੱਗਿਆਂ ਵੀ ਕਿਸੇ ਜਾਤ, ਨਸਲ, ਦੇਸ਼, ਕੌਮ ਨਾਲ ਵਖਰੇਵਾਂ ਨਹੀਂ ਕੀਤਾ ਸਗੋਂ :—

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ॥

ਸੂਹੀ ਮ : ੫, (ਪੰਨਾ : ੭੪੭)

ਸਤਿਗੁਰੂ ਜੀ ਤਾਂ ਸਾਰੇ ਸੰਸਾਰ ਨੂੰ ਆਪਣੀ ਗਲਵਕੜੀ ਵਿੱਚ ਲੈਣਾ ਚਾਹੁੰਦੇ ਹਨ। ਸਤਿਗੁਰੂ ਜੀ ਸਾਰਿਆਂ ਦਾ ਭਲਾ ਲੋਚਦੇ ਹਨ। ਮਨ ਵਿੱਚ ਕੋਈ ਵਿਤਕਰਾ ਨਹੀਂ ਕਿ ਜਿਹੜੇ ਸਾਡੇ ਮੱਤ ਦੇ ਧਾਰਨੀ ਬਣਨ ਜਾਂ, ਸਾਡੇ ਉਪਦੇਸ਼ ਨੂੰ ਮੰਨਣ, ਉਹਨਾਂ ਦਾ ਹੀ ਭਲਾ ਹੋਣਾ ਚਾਹੀਦਾ ਹੈ। ਪ੍ਰਮੇਸ਼ਰ ਜੀ ਅੱਗੇ ਸੰਸਾਰ ਦੇ ਭਲੇ ਹਿੱਤ ਕੀਤੀ ਅਰਦਾਸ ਦੇ ਸ਼ਬਦ ਜੋ ਸਤਿਗੁਰਾਂ ਨੇ ਗੁਰਬਾਣੀ ਵਿੱਚ ਉਚਾਰੇ ਹਨ, ਧਿਆਨ ਨਾਲ ਪੜ੍ਹੀਏ, ਸੁਣੀਏ ਤੇ ਵਿਚਾਰੀਏ, ਕਿਤੇ ਇਹਨਾਂ ਸ਼ਬਦਾਂ ਦੇ ਗਿਆਨ ਦਾ ਕੋਈ ਕਿਣਕਾ ਮਾਤਰ ਸਾਡੇ ਹਿਰਦੇ ਵਸ ਜਾਵੇ। ਫਿਰ ਗੁਰੂ ਦੇ ਬਖਸ਼ਸ਼ ਕੀਤੇ ਗਿਆਨ ਦੀ ਤੇਜ ਹਨੇਰੀ ਅੱਗੇ ਮਾਇਆ ਦੇ ਪ੍ਰਭਾਵ ਵਾਲੇ ਵਿਤਕਰੇ ਟਿਕ ਨਹੀਂ ਸਕਣਗੇ। ਅਗਿਆਨ, ਭਰਮ ਜਿਸ ਕਰਕੇ ਇਹ ਫਰਕ, ਵਿਤਕਰਾ ਬਣਿਆ ਹੋਇਆ ਹੈ, ਸਭ ਵਿਤਕਰੇ ਦੇ ਛੱਪਰ ਉਡ ਜਾਣਗੇ ਪਰ ਕਦੋਂ :—

ਜਦੋਂ :—

ਦੇਖੌ ਭਾਈ ਗ੍ਯਾਨ ਕੀ ਆਈ ਆਂਧੀ॥
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥

ਗਉੜੀ ਕਬੀਰ ਜੀ, (ਪੰਨਾ : ੩੩੧)

ਸਤਿਗੁਰੂ ਅਮਰਦਾਸ ਜੀ ਨੇ ਪ੍ਰਭੂ ਜੀ ਦੇ ਚਰਨਾਂ ਵਿੱਚ ਕਿਵੇਂ ਵਿਤਕਰਾ ਰਹਿਤ ਸੰਸਾਰ ਦੇ ਭਲੇ ਹਿੱਤ ਅਰਦਾਸ ਕੀਤੀ ਹੈ। ਹੇ ਮਾਲਕ ! ਸੰਸਾਰ ਸੜ੍ਹ ਰਿਹਾ ਹੈ, ਈਰਖਾ, ਦਵੈਤ, ਮਾਇਆ ਦੇ ਪ੍ਰਭਾਵ ਵਿੱਚ ਜਲ ਰਿਹਾ ਹੈ। ਆਪ ਆਪਣੀ ਕ੍ਰਿਪਾ ਕਰਕੇ ਸਾਰੇ ਸੰਸਾਰ ਦੀ ਰੱਖਿਆ ਕਰੋ। ਜਿਸ ਰਸਤੇ, ਜਿਸ ਤਰੀਕੇ ਨਾਲ ਵੀ ਕੋਈ ਬਚ ਸਕਦਾ ਹੈ, ਉਸ ਨੂੰ ਬਚਾ ਲਵੋ। ਕੈਸੇ ਵਿਸ਼ਾਲ, ਉਦਾਰ ਹਿਰਦੇ ਵਿਚੋਂ ਸਤਿਗੁਰਾਂ ਅਰਜੋਈ ਕੀਤੀ ਹੈ, ਜਿਸ ਦੀ ਬਰਾਬਰਤਾ ਕੋਈ ਅਵਤਾਰੀ ਪੁਰਸ਼ ਨਹੀਂ ਕਰ ਸਕਿਆ। ਸਾਹਿਬਾਂ ਦੇ ਬਚਨ ਹਨ :—

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥

ਸਲੋਕ ਮ: ੩ (ਪੰਨਾ : ੮੫੩)

ਸਾਧ ਸੰਗਤ ਜੀ ! ਧੰਨ ਹਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਜਿਨ੍ਹਾਂ ਨੇ ਇਸ ਖਤਰਨਾਕ ਵਿਤਕਰੇ ਨੂੰ ਜੋ ਪ੍ਰਭੂ-ਜਾਤ ਵਿੱਚ ਅਧਰਮੀਆਂ ਨੇ ਧਰਮ ਦੇ ਪੜਦੇ ਹੇਠ ਪਾਇਆ ਹੋਇਆ ਸੀ, ਤਲਵੰਡੀ ਵਿੱਚ ਰਹਿੰਦੇ ਹੀ ਧਰਮ ਦੇ ਵਿਹੜੇ ਚੋਂ ਹੂੰਝ ਕੇ ਬਾਹਰ ਸੁੱਟ ਦਿੱਤਾ। ਲੋਕਾਂ ਵਿੱਚ ਹਾਹਾਕਾਰ ਮੱਚ ਗਈ ਕਿ ਕਸ਼ੱਤਰੀ, ਉੱਚ ਜਾਤ ਦਾ ਨੌ-ਜਵਾਨ, ਇੱਕ ਡੂਮਾਂ (ਮਿਰਾਸੀਆਂ) ਦੇ ਮੁੰਡੇ ਨੂੰ ਨਾਲ ਲਈ ਫਿਰਦਾ ਹੈ। ਜਿਥੇ ਦੋਵੇਂ ਦਿਨ ਰਾਤ ਇਕੱਠੇ ਰਹਿੰਦੇ ਹਨ ਉੱਥੇ ਇੱਕੋ ਪੰਗਤ ਵਿੱਚ ਬੈਠ ਕੇ ਭੋਜਨ ਪਾਉਂਦੇ ਤੇ ਪ੍ਰਭੂ ਦੇ ਗੀਤ ਗਾਉਂਦੇ ਹਨ। ਭੋਜਨ ਹੀ ਇਕੱਠੇ ਨਹੀਂ ਪਾਉਂਦੇ ਸਗੋਂ ਕਸ਼ਤ੍ਰੀਆਂ ਦਾ ਹੋਣਹਾਰ ਯੁਵਕ ਉਸ ਡੂਮ ਨੂੰ ਭਾਈ (ਭਰਾ) ਆਖ ਕੇ ਆਵਾਜ਼ਾ ਦਿੰਦਾ ਹੈ। ਇੱਥੋਂ ਤੱਕ ਈਰਖਾਲੂ ਕਹਿੰਦੇ ਸਨ ਕਿ ਇਹਨਾਂ ਨੇ ਧਰਮ, ਵਰਨ ਭਰਿਸ਼ਟ ਕਰ ਸੁੱਟਿਆ ਹੈ, ਪਰ ਜਗਤ ਤਾਰਕ ਨੇ ਕੋਈ ਪ੍ਰਵਾਹ ਨਹੀਂ ਕੀਤੀ। ਭਾਈ ਮਰਦਾਨਾ ਜੀ ਨੂੰ ਸਾਰੀ ਆਯੂ ਆਪਣਾ ਭਰਾ ਬਣਾ ਕੇ ਨਾਲ ਰੱਖਿਆ ਤੇ ਜਗਤ ਤਾਰਨ ਦਾ ਭਾਈਵਾਲ ਭਾਈ ਮਰਦਾਨੇ ਨੂੰ ਬਣਾਇਆ। ਭਾਈ ਮਰਦਾਨਾ ਜੀ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਰਛਾਵੇਂ ਵਾਂਗ ਸਾਥ ਨਿਭਾਇਆ। ਅਜੇ ਪਰਛਾਵਾਂ ਵੀ ਹਨੇਰੇ ਵਿੱਚ ਸਾਥ ਛੱਡ ਜਾਂਦਾ ਹੈ ਪਰ ਮਰਦਾਨਾ ਜੀ ਨੇ ਹਰ ਔਕੜ ਵਿੱਚ ਦੁੱਖ-ਤਕਲੀਫ, ਭੁੱਖ, ਤ੍ਰੇਹ ਸਹਾਰ ਕੇ ਜਗਤ ਤਾਰਕ ਸਤਿਗੁਰੂ ਜੀ ਦਾ ਆਖਰੀ ਸਵਾਸਾਂ ਤੱਕ ਸਾਥ ਨਿਭਾਇਆ।

ਸਤਿਗੁਰੂ ਜੀ ਨੇ ਇਸ ਵਿਤਕਰੇ ਦੀ ਜੜ੍ਹ ਨੂੰ ਮੁੱਢ ਤੋਂ ਪੁੱਟਣਾ ਸੀ, ਜਿਸ ਲਈ ਸੁਲਤਾਨ ਪੁਰ ਸਾਹਿਬ ਤੋਂ ਪਹਿਲੀ ਉਦਾਸੀ ਅਰੰਭ ਕਰਦੇ ਹੀ, ਪਹਿਲਾ ਪੜਾ ਇੱਕ ਹੋਰ ਧਰਮੀ ਕਿਰਤੀ ਦੇ ਘਰ ਜਾ ਕੀਤਾ ਜਿਸਨੂੰ ਲੋਕ ਸ਼ੂਦਰ ਕਹਿ ਕੇ ਤ੍ਰਿਸਕਾਰਦੇ ਸਨ। ਉਹ ਕੌਣ ਸੀ ? ਭਗਤੀ ਦੇ ਘਰ ਦਾ ਮਾਲਕ "ਭਾਈ ਲਾਲੋ"। ਏਮਨਾਬਾਦ ਸ਼ਹਿਰ ਜਾ, ਭਾਈ ਲਾਲੋ ਦਾ ਘਰ ਲੱਭਿਆ, ਬੂਹੇ ਤੇ ਦਸਤਕ ਦਿੱਤੀ ਅਵਾਜ ਮਾਰੀ, "ਭਾਈ ਲਾਲੋ! ਕੀ ਕਰਦਾ ਹੈਂ" ? ਅੱਗੋਂ ਲਾਲੋ ਨੇ ਉਤਰ ਦਿੱਤਾ, ਹਜ਼ੂਰ! ਕਿੱਲੇ ਘੜਦਾ ਹਾਂ। ਮੋੜਵਾਂ ਪ੍ਰਸ਼ਨ ਹੋਇਆ, ਕੀ ਸਾਰੀ ਉਮਰ ਕਿੱਲੇ ਹੀ ਘੜੀ ਜਾਵੇਂਗਾ ? ਕਦੀ ਮਨ ਨੂੰ ਘੜਨ ਦਾ ਵੀ ਸੋਚਿਆ ਈ ? ਭਾਈ ਲਾਲੋ ਅਨੋਖਾ ਪ੍ਰਸ਼ਨ ਸੁਣ ਕਾਹਲੀ ਨਾਲ ਉੱਠਿਆ, ਬੂਹਾ ਖੋਲ੍ਹਿਆ, ਅਗੰਮੀ ਨੂਰੀ ਜੋੜੀ ਨੂੰ ਵੇਖ ਆਪ ਮੁਹਾਰੇ ਸੀਸ ਝੁਕਾ, ਲੱਗਾ ਡੰਡਾਉਤਾਂ ਕਰਨ। ਸਤਿਗੁਰਾਂ ਪਿਆਰ ਨਾਲ ਉਠਾ ਕੇ ਛਾਤੀ ਨਾਲ ਲਾ ਅਸੀਸਾਂ ਦਿੱਤੀਆਂ।

ਭਾਈ ਲਾਲੋ ਨੇ ਮੰਜੇ ਤੇ ਖੇਸ ਵਿਛਾ ਯਥਾ-ਸ਼ਕਤ ਆਦਰ ਦਿੱਤਾ, ਸ਼ਾਮ ਪਈ ਕੋਧਰੇ ਦੀ ਰੋਟੀ ਤੇ ਸਾਗ ਦਾ ਲੰਗਰ ਛੱਕ, "ਗੁਣ ਗਾਵਤ ਰੈਣ ਵਿਹਾਣੀ" ਦੀ ਕਾਰ ਕੀਤੀ।

ਅਗਲੇ ਦਿਨ ਫਿਰ ਸਾਰੇ ਸ਼ਹਿਰ ਵਿੱਚ ਹਾ-ਹਾ-ਕਾਰ ਮੱਚ ਗਈ, ਲੋਕ ਇੱਕ ਦੂਜੇ ਦੇ ਕੰਨੀ ਭਾਂਤ ਭਾਂਤ ਦੀਆਂ ਅਫਵਾਹਾਂ ਪਾਉਂਦੇ ਸਨ ਕਿ ਦੇਖੋ ਇਸ ਅਨੋਖੇ ਨਾਨਕ ਤਪੇ ਨੇ ਵਰਨ-ਆਸ਼ਰਮ ਦੀ ਵੰਡ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਹੈ। ਜਿੱਥੇ ਮਿਰਾਸੀ ਜਾਤ ਦੇ ਡੂਮ ਨੂੰ ਨਾਲ ਲਈ ਫਿਰਦਾ ਹੈ ਉੱਥੇ ਆਪ ਉੱਚੀ ਕੁਲ ਦਾ ਹੋ ਕੇ

ਸ਼ੂਦਰਾਂ ਦੇ ਘਰਾਂ ਵਿੱਚ ਜਾ ਕੇ ਬਿਨਾਂ ਚੌਂਕਾ ਬਣਾਏ, ਸਾਰਿਆਂ ਨਾਲ ਇੱਕਠੀ ਪੰਗਤ ਲਾ ਭੋਜਨ ਪਾ ਲੈਂਦਾ ਹੈ। ਮੌਕੇ ਦੇ ਹਾਕਮ ਮਲਕ ਭਾਗੋ ਤੱਕ ਗੱਲ ਪਹੁੰਚੀ, ਪਰ ਸਤਿਗੁਰੂ ਆਪਣੇ ਸਿਧਾਂਤ-ਸਚਾਈ ਤੇ ਡੱਟੇ ਰਹੇ। ਅਖੀਰ ਸਾਰਿਆਂ ਨੂੰ ਸਚਾਈ ਤਸਲੀਮ ਕਰਨੀ ਪਈ।

ਸਤਿਗੁਰੂ ਅਮਰਦਾਸ ਜੀ ਮਹਾਰਾਜਾ ਜੀ ਨੇ ਤਾਂ ਅਸੂਲ ਹੀ ਬਣਾ ਦਿੱਤਾ, ਜਿਸਨੇ ਸਾਡੇ ਦਰਸ਼ਨ ਕਰਨੇ ਹੋਣ ਸਭ ਤੋਂ ਪਹਿਲਾਂ ਉਚ-ਨੀਚ, ਜਾਤ-ਪਾਤ ਦਾ ਵਿਤਕਰਾ-ਭਰਮ ਤਿਆਗ ਕੇ ਸੰਗਤ ਰੂਪ ਵਿੱਚ, ਪਹਿਲਾਂ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕੇ ਫਿਰ ਉਸਨੂੰ ਸਾਡੇ ਦਰਸ਼ਨ ਹੋਣਗੇ। ਸਭ ਨੂੰ ਹੁਕਮ ਕਰ ਦਿੱਤਾ :—

ਪਹਿਲੇ ਪੰਗਤ॥ ਪਾਛੈ ਸੰਗਤ॥

ਇਸ ਅਸੂਲ-ਸਿਧਾਂਤ ਤੇ ਇੰਨੇ ਤਕੜੇ ਹੋ ਕੇ ਪਹਿਰਾ ਦਿੱਤਾ ਕਿ ਜੇ ਮੌਕੇ ਦਾ ਸਮਰਾਟ ਵੀ ਦਰਸ਼ਨਾਂ ਨੂੰ ਆਇਆ ਤਾਂ ਉਸਨੂੰ ਵੀ ਕੋਈ ਛੋਟ ਨਹੀਂ ਦਿੱਤੀ। ਅਕਬਰ ਬਾਦਸ਼ਾਹ ਨੇ ਪਹਿਲਾਂ ਪੰਗਤ ਵਿੱਚ ਬੈਠ ਕੇ, ਸੰਗਤਾਂ ਨਾਲ ਲੰਗਰ ਛਕਿਆ, ਫਿਰ ਸਾਹਿਬਾਂ ਦੇ ਦਰਸ਼ਨ ਕਰ ਬਚਨ-ਬਿਲਾਸ ਕੀਤੇ। ਸਤਿਗੁਰੂ ਜੀ ਹਮੇਸ਼ਾਂ ਸੰਗਤੀ ਰੂਪ ਵਿੱਚ ਪੰਗਤ ਵਿੱਚ ਬੈਠ ਅਹਾਰ ਕਰਦੇ ਸਨ।

ਪੰਜਵੇਂ ਪਾਤਸ਼ਾਹ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ ਸੂਫ਼ੀ ਮੁਸਲਮਾਨ ਫਕੀਰ ਸਾਂਈ ਮੀਆਂ ਮੀਰ ਜੀ ਪਾਸੋਂ ਰਖਵਾ ਕੇ ਅਤੇ ਹਰਿਮੰਦਰ ਸਾਹਿਬ ਜੀ ਦੇ ਚੌਹਾਂ ਦਿਸ਼ਾਂ ਵਿੱਚ ਦਰਵਾਜੇ ਸਥਾਪਤ ਕਰਕੇ, ਵਿਤਕਰੇ ਦੇ ਭਰਮ-ਭੂਤ ਨੂੰ ਸਦਾ ਦੀ ਨੀਂਦਰ ਸੁਵਾ ਦਿੱਤਾ। ਬੰਦੇ ਦਾ ਬੰਦੇ ਨਾਲ ਵਿਤਕਰੇ ਤੋਂ ਇਲਾਵਾ ਜੋ ਦਿਸ਼ਾਵਾਂ ਦਾ ਵਿਤਕਰਾ-ਭਰਮ ਬਣਿਆ ਹੋਇਆ ਸੀ, ਇੱਕ ਮਜ੍ਹਬ ਵਾਲਾ ਦੂਸਰੀ ਦਿਸ਼ਾ ਨਾਲ ਨਫਰਤ ਕਰਦਾ ਸੀ, ਦੂਸਰਾ ਪਹਿਲੇ ਦੇ ਅਕੀਦੇ ਨਾਲ ਗਿਲਾਨੀ ਕਰਦਾ ਸੀ। ਇੱਕ ਕਹਿੰਦਾ ਸੀ—"**ਦਖਨ ਦੇਸਿ ਹਰੀ ਕਾ ਬਾਸਾ**" ਦੂਸਰਾ ਕਹਿੰਦਾ ਸੀ ਨਹੀਂ, ਇਹ ਗਲਤ ਹੈ "**ਪਛਿਮਿ ਅਲਹ ਮੁਕਾਮਾ**"। ਸਤਿਗੁਰੂ ਜੀ ਨੇ ਦੋਵਾਂ ਨੂੰ ਅਸਲੀਅਤ ਤੋਂ ਭਟਕੇ ਹੋਏ ਦੱਸ ਕੇ ਫੁਰਮਾਨ ਕੀਤਾ ਕਿ ਤੁਸੀਂ ਉਸ ਪ੍ਰਮਾਤਮਾਂ ਨੂੰ ਵੀ ਇੱਕ-ਦਿਸ਼ਾਵੀ ਮੰਨ ਕੇ ਆਪਣੀ ਮੂੜ੍ਹਤਾ ਦੀ ਪ੍ਰਦਰਸ਼ਨੀ ਕਰ ਰਹੇ ਹੋ। ਜੇ ਅਲਾਹ ਇੱਕ ਮਸੀਤ ਦੇ ਹੁਜਰੇ ਵਿੱਚ ਹੀ ਰਹਿੰਦਾ ਹੈ ਤਾਂ ਬਾਕੀ ਮੁਲਕ ਵਿੱਚ ਕਿਸਦਾ ਨਿਵਾਸ ਹੈ?

"**ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ**"

ਦੂਸਰਿਆਂ ਦਾ ਅਕੀਦਾ ਸੀ ਕਿ ਪ੍ਰਮਾਤਮਾਂ ਮੂਰਤੀਆਂ ਵਿੱਚ ਨਿਵਾਸ ਕਰਦਾ ਹੈ, ਬਾਬਾ ਕਬੀਰ ਜੀ ਨੇ ਦੋਵਾਂ ਨੂੰ ਗਿਆਨ ਬਖਸ਼ਸ਼ ਕੀਤਾ ਤੇ ਕਿਹਾ ਕਿ ਤੁਸੀਂ ਦੋਵੇਂ ਹੀ ਅਸਲੀਅਤ ਤੋਂ ਕੋਹਾਂ ਦੂਰ ਹੋ। ਤੁਹਾਨੂੰ ਦੋਵਾਂ ਨੂੰ ਅਸਲੀਅਤ ਦੀ ਸਮਝ ਨਹੀਂ ਪਈ:—

ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ॥

ਬਾਣੀ ਭਗਤ ਕਬੀਰ ਜੀ (ਪੰਨਾ : ੧੩੪੯)

ਉਹ ਅੱਲ੍ਹਾ, ਰਾਮ ਨ ਦੱਖਣ ਵਿੱਚ ਹੈ, ਨਾ ਪੱਛਮ ਵਿੱਚ ਕੈਦ ਹੈ ਨਾ ਮੂਰਤਾਂ ਵਿੱਚ ਨਿਵਾਸ ਕਰਦਾ ਹੈ। ਉਹ ਬਿਨਾਂ ਵਿਤਕਰੇ ਤੋਂ ਹਰੇਕ ਦੇ ਹਿਰਦੇ ਵਿੱਚ ਟਿਕਿਆ ਹੋਇਆ ਹੈ। ਇਸ ਲਈ ਜੇ ਉਸਨੂੰ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਦਿਸ਼ਾਵਾਂ ਦਾ ਤੇ ਮਨੁੱਖਾਂ ਦਾ ਵਿਤਕਰਾ ਛੱਡ ਕੇ ਆਪਣੇ ਹਿਰਦੇ ਵਿੱਚੋਂ ਉਸਨੂੰ ਲੱਭਣ ਦਾ ਯਤਨ ਕਰੋ। ਤੁਹਾਡਾ ਹਿਰਦਾ ਹੀ ਉਸ ਮਾਲਕ ਦੇ ਰਹਿਣ ਵਾਲਾ ਘਰ ਹੈ :—

ਇਸ ਲਈ :—"**ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ॥**"

ਬਾਣੀ ਭਗਤ ਕਬੀਰ ਜੀ (ਪੰਨਾ : ੧੩੪੯)

ਉਹ ਪ੍ਰਮੇਸ਼ਰ ਤਾਂ :—**ਸੰਤਹੁ ਘਟਿ ਘਟਿ ਰਹਿਆ ਸਮਾਹਿਓ॥**
ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ ਆਹਿਓ॥

ਸੋਰਠਿ ਮ: ੫ (ਪੰਨਾ : ੬੧੭)

ਉਹ ਸਾਂਈ ਤਾਂ : "**ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ॥**" ਦੀ ਸਚਾਈ ਵਾਲਾ ਹੈ।

ਉਹ ਤਾਂ : **ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ**
ਉਸਦਾ ਨਿਵਾਸ ਅਸਥਾਨ ਹੈ।
ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥

ਸਲੋਕ ਫਰੀਦ ਜੀ (ਪੰਨਾ : ੧੩੮੧)

ਖਾਲਕ ਨੂੰ ਖਲਕਤ ਵਿੱਚੋਂ ਢੂੰਢਣਾ ਸੀ, ਉਸ ਨੂੰ ਪ੍ਰਾਪਤ ਕਰਨ ਲਈ :— "**ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ॥**" ਦੇ ਧਾਰਨੀ ਬਣਨਾ ਸੀ, ਪਰ ਤੁਸੀਂ ਐਵੇਂ ਦਿਸ਼ਾਵਾਂ ਦੀਆਂ, ਬੰਦਿਆਂ ਦੀਆਂ, ਜਾਤਾਂ-ਪਾਤਾਂ ਦੀਆਂ, ਦੇਸ਼ਾਂ ਦੀਆਂ, ਵੰਡੀਆਂ ਪਾ ਕੇ ਵਿਤਕਰੇ ਦੀਆਂ ਗੰਢਾਂ ਹੋਰ ਪੀਢੀਆਂ ਕਰ ਲਈਆਂ ਹਨ ਤੇ ਕਰ ਰਹੇ ਹੋ।

ਇੱਕ ਦਿਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਨੇ ਫਸਲ ਦੀ ਵਡਾਈ ਕਰਨ ਵਾਸਤੇ ਕਾਲੇ ਦੁੱਲਟ ਨੂੰ ਭੇਜਿਆ। ਬੋਹਲ ਵੰਡਣ ਸਮੇਂ ਕਾਫੀ ਮੰਗਤੇ ਲੋੜਵੰਦ ਆ ਇਕੱਠੇ ਹੋਏ ਤੇ ਆਪਣੀ ਲੋੜ ਦੀ ਪੂਰਤੀ ਲਈ ਕਾਲੇ ਦੁੱਲਟ ਨੂੰ ਬੇਨਤੀ ਕੀਤੀ। ਕਾਲੇ ਦੁੱਲਟ ਨੇ ਸਾਰੇ ਵਡਾਈ ਦੇ ਦਾਣੇ ਲੋੜਵੰਦਾਂ ਨੂੰ ਬਿਨਾਂ ਵਿਤਕਰੇ ਵੰਡ ਦਿੱਤੇ ਅਤੇ ਆਪ ਖਾਲੀ ਹੱਥ ਗੁਰੂ ਚਰਨਾਂ ਵਿੱਚ ਆ ਹਾਜ਼ਰ ਹੋਇਆ। ਸਾਹਿਬਾਂ ਦੇ ਪੁੱਛਣ ਤੇ ਕਾਲੇ ਨੇ ਉੱਤਰ ਦਿੱਤਾ ਪਾਤਸ਼ਾਹ! ਆਪ ਜੀ ਨੇ ਵੀ ਤਾਂ ਆਏ ਅਭਿਆਗਤਾਂ ਨੂੰ ਛਕਾ ਹੀ ਦੇਣੇ ਸਨ, ਸਗੋਂ ਪੀਹਣ ਪਕਾਣ ਦੀ ਖੇਚਲ ਤੋਂ ਛੁੱਟੇ। ਗੁਰੂ ਹਰਿ ਰਾਇ ਸਾਹਿਬ ਕਾਲੇ ਦੁੱਲਟ ਤੇ ਬਹੁਤ ਪ੍ਰਸੰਨ ਹੋਏ ਤੇ ਅਸ਼ੀਰਵਾਦ ਦਿੱਤੀ। ਕੈਸੀ ਉਦਾਰ ਬਿਰਤੀ ਸਾਹਿਬਾਂ ਨੇ ਸਿੱਖਾਂ ਨੂੰ ਬਖਸ਼ਸ਼ ਕਰ ਦਿਤੀ ਸੀ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਤਾਂ "**ਇਤੀ ਕਰ ਦਿਤੀ**" ਉਸ ਧਰਮ ਵਾਸਤੇ ਜਿਸਦੇ ਨ ਆਪ ਧਾਰਨੀ ਸਨ, ਨ ਹੀ ਉਹਨਾਂ ਰਹੁ

ਗੀਤਾਂ, ਧਰਮ-ਚਿੰਨਾਂ ਤੇ ਯਕੀਨ ਰੱਖਦੇ ਸਨ। ਆਜ਼ਜ਼ ਹੋ ਕੇ ਆਇਆਂ ਫਰਿਆਦੀਆਂ ਦੀ ਬਿਨਾਂ ਕਿਸੇ ਵਿਤਕਰੇ ਦੇ ਬਾਂਹ ਫੜੀ ਅਤੇ ਆਪਣਾ ਬਲੀਦਾਨ ਦੇ ਦਿੱਤਾ:—

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥

ਦਾ ਮਹਾਨ ਕੌਤਕ ਜੱਗ ਵਿੱਚ ਵਰਤਾ ਕੇ ਐਸੀਆਂ ਵਿਤਕਰਾ ਰਹਿਤ ਪੈੜਾਂ ਵਾਹੀਆਂ ਜਿਸ ਦੀ ਸੰਸਾਰ ਵਿੱਚ ਕਿੱਧਰੇ ਕੋਈ ਮਿਸਾਲ ਨਹੀਂ ਮਿਲਦੀ।

ਕਲਗੀਧਰ ਪਾਤਸ਼ਾਹ ਜੀ ਨੇ ਤਾਂ ਪ੍ਰਸੰਨ ਹੋ ਕੇ ਵਿਤਕਰਾ ਰਹਿਤ ਗੁਰਸਿੱਖ ਭਾਈ ਘਨਈਆ ਜੀ ਨੂੰ ਜੋ ਅਨੰਦਪੁਰ ਸਾਹਿਬ ਜੀ ਦੇ ਚਲ ਰਹੇ ਯੁੱਧ ਵਿੱਚ, ਬਿਨਾਂ ਵਿਤਕਰੇ, ਮੁਸਲਮਾਨਾਂ, ਹਿੰਦੂਆਂ, ਸਿੱਖਾਂ ਨੂੰ ਜਲ ਛਕਾਈ ਜਾ ਰਿਹਾ ਸੀ—ਸਿੱਖਾਂ ਦੇ ਸ਼ਿਕਾਇਤ ਕਰਨ ਤੇ ਹਾਜ਼ਰ ਹੋਣ ਲਈ ਕਿਹਾ। ਭਾਈ ਘਨਈਆ ਜੀ ਨੇ ਸਿੱਖਾਂ ਦੀ ਸ਼ਿਕਾਇਤ ਦੇ ਉੱਤਰ ਵਿੱਚ ਕਲਗੀਧਰ ਜੀ ਨੂੰ ਬੇਨਤੀ ਕੀਤੀ, 'ਪਾਤਸ਼ਾਹ ਜੀ! ਜਦ ਤੋਂ ਆਪ ਜੀ ਦੀ ਸ਼ਰਨ ਗ੍ਰਹਿਣ ਕੀਤੀ ਹੈ ਤੇ ਆਪਦੇ ਉਪਦੇਸ਼ ਦਾ ਧਾਰਨੀ ਬਣਿਆ ਹਾਂ ਮੇਰੀ ਦ੍ਰਿਸ਼ਟੀ ਵਿੱਚ ਆਪ ਜੀ ਹੀ ਸਾਰਿਆਂ ਵਿੱਚ ਵਰਤ ਰਹੇ ਹੋ। ਆਪ ਤੋਂ ਬਿਨਾਂ ਮੈਨੂੰ ਹੋਰ ਕੋਈ ਨਜ਼ਰ ਹੀ ਨਹੀਂ ਆਉਂਦਾ। ਮੈਂ ਤਾਂ ਆਪ ਜੀ ਨੂੰ ਹੀ ਜਲ ਛਕਾਉਂਦਾ ਹਾਂ। ਗੁਰਦੇਵ ਜੀ, ਭਾਈ ਘਨਈਆ ਜੀ ਦਾ ਉੱਤਰ ਸੁਣ ਕੇ ਪ੍ਰਸੰਨ ਹੋਏ ਅਤੇ ਛਾਤੀ ਨਾਲ ਲਾ ਕੇ ਅਨੇਕਾਂ ਆਸੀਸਾਂ ਦਿੱਤੀਆਂ ਅਤੇ ਨਾਲ ਮਰਹਮ ਦੀ ਡੱਬੀ ਵੀ ਦਿੱਤੀ ਤੇ ਹੁਕਮ ਕੀਤਾ, ਭਾਈ ਘਨਈਆ, ਜਿਥੇ ਤੂੰ ਸਾਨੂੰ ਜਲ ਛਕਾਉਂਦਾ ਹੈਂ, ਉੱਥੇ ਸਾਡੇ ਜ਼ਖਮਾਂ ਤੇ ਮਰਹਮ ਵੀ ਲਾ ਦਿਆ ਕਰ। ਸਾਹਿਬਾਂ ਨੇ ਸਿੱਖਾਂ ਨੂੰ ਸੰਬੋਧਨ ਕਰਕੇ ਬਚਨ ਕੀਤੇ, ਸਿੰਘੋ ਸਮਾਂ ਆਏਗਾ :—

ਇਹ ਭੀ ਆਪਨੋ ਪੰਥ ਪ੍ਰਕਾਸ਼ੈ॥ ਬਹੁ ਲੋਗਨ ਕੀ ਕਬੁਧ ਬਿਨਾਸ਼ੈ॥

ਕੈਸੇ ਹਨ [1]ਕੀਨਾ ਰਹਿਤ ਸਤਿਗੁਰੂ ਜੀ ਅਤੇ ਧੰਨ ਹਨ ਉਹ ਗੁਰਸਿੱਖ, ਜੋ ਗੁਰੂ ਚਾਲੀ ਅਨੁਸਾਰ ਚੱਲ ਕੇ ਗੁਰੂ ਖੁਸ਼ੀ ਆਪ ਪ੍ਰਾਪਤ ਕਰਕੇ, ਜਗਿਆਸੂਆਂ ਲਈ ਚਾਨਣ-ਮੁਨਾਰੇ ਦਾ ਕੰਮ ਕਰਦੇ ਹਨ।

ਕਲਗੀਧਰ ਪਾਤਸ਼ਾਹ ਜੀ ਨੇ ਖਾਲਸਾ ਸਾਜਣ ਲੱਗਿਆਂ ਤਾਂ ਵਿਤਕਰੇ ਦਾ ਖਾਤਮਾਂ ਹੀ ਕਰ ਦਿੱਤਾ। ਜਿਹੜਾ ਵੀ ਪ੍ਰੇਮ ਦੀ ਖੇਡ ਖੇਡਣ ਵਾਸਤੇ **"ਸਿਰ ਧਰ ਤਲੀ ਗਲੀ ਮੇਰੀ ਆਉ"** ਦੀ ਭੇਟਾ ਲੈ ਕੇ ਨਿੱਤਰਿਆ, ਸਾਹਿਬਾਂ ਨੇ ਉਸ ਨੂੰ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਦੀ ਦਾਤ ਬਖਸ਼ਸ਼ ਕਰਕੇ **"ਖਾਲਸਾ"** ਲਕਬ ਦੇ ਕੇ ਨਿਵਾਜਿਆ। ਇੱਥੇ ਹੀ ਬੱਸ ਨਹੀਂ ਕੀਤੀ, ਜੋ ਸਦੀਆਂ ਤੋਂ ਗੁਰੂ ਚੇਲੇ ਦਾ ਪਾੜਾ ਬਣਿਆ ਹੋਇਆ ਸੀ, ਆਪਣੇ ਸਜਾਏ ਹੋਏ ਖਾਲਸੇ ਪਾਸੋਂ ਆਪ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਚੇਲੇ ਦੀ ਅਭੇਦਤਾ ਕਰ ਦਿੱਤੀ। ਤਦ ਹੀ ਭਾਈ ਗੁਰਦਾਸ ਜੀ ਨੇ ਲਿਖਿਆ ਹੈ :—

ਵਾਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੧੭॥ ਵਾਰ ੪੧॥

੧. ਵੈਰ ਰਹਿਤ (ਨਿਰਵੈਰ)

ਸਾਹਿਬਾਂ ਨੇ ਗੁਰੂ ਚੇਲੇ ਦੀ ਸੰਧ[1] ਹੀ ਨਹੀਂ ਮਿਟਾਈ ਸਗੋਂ ਇੱਨਾਂ ਮਾਣ ਤੇ ਸਤਿਕਾਰ ਦਿੱਤਾ ਜਿਸ ਦੀ ਉਦਾਹਰਣ ਹੋਰ ਕਿਤੇ ਸੰਸਾਰ ਵਿੱਚ ਨਹੀਂ ਮਿਲਦੀ, ਖਾਲਸੇ ਪ੍ਰਤੀ ਸਾਹਿਬਾਂ ਨੇ ਫੁਰਮਾਨ ਕੀਤਾ :—

ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋ ਸੇ ਗਰੀਬ ਕਰੋਰ ਪਰੇ॥੨॥ ੬੪੫॥

ਗਿਆਨ ਪ੍ਰਬੋਧ॥ ਪਾਤਸ਼ਾਹੀ ੧੦

ਖਾਲਸਾ ਸਾਜ ਕੇ ਖਾਲਸੇ ਵਿੱਚ ਹੀ ਆਪਣਾ ਨਿਵਾਸ ਕਰ, ਖਾਲਸੇ ਦੀ ਜੋਤ ਨਾਲ ਆਪਣੀ ਜੋਤ ਮਿਲਾ ਕੇ, ਖਾਲਸੇ ਨੂੰ ਆਪਣਾ ਖਾਸ ਰੂਪ ਕਹਿ ਕੇ ਸਨਮਾਨ ਦਿੱਤਾ ਤੇ ਫੁਰਮਾਣ ਕੀਤਾ :—

ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮਹਿ ਹੌਂ ਕਰੌਂ ਨਿਵਾਸ॥

(ਸਰਬ ਲੋਹ ਗ੍ਰੰਥ)

ਜਿੱਥੇ ਉਪਰੋਕਤ ਬਖਸ਼ਸਾਂ ਕੀਤੀਆਂ ਉੱਥੇ ਸੱਭ ਕੁਝ ਸੁੱਖ-ਅਰਾਮ, ਧੰਨ-ਸੰਪਦਾ, ਪਰਿਵਾਰ ਪੁੱਤਰ, ਸਰਬੰਸ, ਆਪਣਾ-ਆਪ, ਖਾਲਸੇ ਤੋਂ ਕੁਰਬਾਨ ਕਰਕੇ ਬਚਨ ਕੀਤੇ:—

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ॥
ਚਾਰ ਮੂਏ ਤੋ ਕਿਆ ਹੂਆ ਜੀਵਤ ਲਾਖ ਹਜਾਰ॥

ਖਾਲਸੇ ਨੂੰ ਆਪਣਾ ਪੁੱਤਰ ਕਹਿ ਕੇ ਸਤਿਕਾਰਿਆ। ਜਿਸਦੀ ਸਮਤਾ ਅੱਜ ਤੱਕ ਕੋਈ ਅਵਤਾਰੀ ਪੁਰਸ਼ ਨਹੀਂ ਕਰ ਸਕਿਆ। ਜਦੋਂ ਆਪਾਂ ਗੁਰਬਾਣੀ ਦੁਆਰਾ ਸਤਿਗੁਰੂ ਜੀ ਦੀ ਵਿਸ਼ਾਲ-ਦ੍ਰਿਸ਼ਟੀ ਨੂੰ ਵਾਚਦੇ ਹਾਂ, ਤਾਂ ਇਨਸਾਨੀ ਬੁਧੀ ਦੇ ਪਰ ਵੀ ਝੜ ਜਾਂਦੇ ਹਨ ਕਿਉਂਕਿ ਮਨੁੱਖ ਕੋਲ ਐਸੀ ਸਮ-ਦ੍ਰਿਸ਼ਟੀ ਦੀ ਅਣਹੋਂਦ ਹੈ। ਪਰ ਸਤਿਗੁਰੂ ਜੀ ਸਾਨੂੰ ਐਸੀ ਆਤਮਕ ਸਮ-ਦ੍ਰਿਸ਼ਟੀ ਤੇ ਪਹੁਚਾਂਉਣਾ ਜ਼ਰੂਰ ਚਾਹੁੰਦੇ ਹਨ ਤਾਂ ਜੋ ਸਾਨੂੰ ਜੀਵਾਂ ਨੂੰ ਵੀ **"ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀਂ ਕੋਈ"** ਦੀ ਲੱਖਤਾ ਹੋ ਸਕੇ। ਜੇ ਕਿਤੇ ਸੰਸਾਰ ਦੀ ਮਨੁੱਖਤਾ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸ਼ਮ ਪਾਤਸ਼ਾਹ ਜੀ ਦੇ ਉਪਦੇਸ਼ਾਂ ਅਤੇ ਸਿਧਾਂਤਾਂ ਨੂੰ ਸੁਣ ਕੇ ਭੋਰਾ ਜਿੰਨਾ ਵੀ ਅਮਲ ਕਰਨਾ ਅਰੰਭ ਕਰ ਦੇਵੇ, ਯਕੀਨ ਭਰੋਸੇ ਨਾਲ ਕਿਹਾ ਜਾ ਸਕਦਾ ਹੈ ਕਿ ਸਭ ਝਗੜੇ-ਝੇੜੇ, ਖੂਨ ਖਰਾਬੇ ਹੋਣੇ ਬੰਦ ਹੋ ਜਾਣ ਤੇ ਗੁਰੂ ਕਾ ਫੁਰਮਾਨ :—

"ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥

ਸਿਰੀ ਰਾਗ ਮ: ੫ (ਪੰਨਾ : ੭੪)

ਦੀ ਪੰਗਤੀ ਢੁੱਕ ਕੇ ਸੰਸਾਰ ਸੁਖੀ ਹੋ ਜਾਵੇ। ਸਭ ਰੌਲਾ-ਗੌਲਾ, ਈਰਖਾ, ਦਵੈਖ, ਝਗੜਾ-ਝੇੜਾ ਵਿਤਕਰੇ ਕਾਰਨ ਹੀ ਹੈ। ਭਗਤ ਜਨ ਜਿਹਨਾਂ ਨੇ ਗੁਰੂ ਚਾਲੀ ਦੇ ਮਾਰਗ ਤੇ ਚੱਲ ਕੇ ਅਸਲੀਅਤ ਨੂੰ ਪਛਾਣ ਲਿਆ ਉਹਨਾਂ ਪੁਕਾਰ-ਪੁਕਾਰ ਕੇ ਸਾਨੂੰ ਸਮਝਾਉਣ ਲਈ ਪ੍ਰੇਰਣਾ ਦਿੱਤੀ ਹੈ, ਹੇ ਸੰਸਾਰ ਦੇ ਲੋਗੋ ਉਹ ਤਾਂ :—

੧. ਵਿੱਥ

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥[੧]
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥[੨]
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ॥ ਗੋਬਿੰਦ ਬਿਨੁ ਨਹੀ ਕੋਈ ॥[੩]
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥ ੧ ॥ ਰਹਾਉ ॥[੪]
ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥[੫]
ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥ ੨ ॥[੬]
ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥[੭]
ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥ ੩ ॥[੮]
ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ।[੯]
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥ ੪ ॥ ੧ ॥[੧੦]

ਆਸਾ ਬਾਣੀ ਨਾਮ ਦੇਉ ਜੀ (ਪੰਨਾ : ੪੮੫)

ਕਲਗੀਧਰ ਪਾਤਸ਼ਾਹ ਜੀ ਦੀ ਉਚਾਰਣ ਕੀਤੀ ਅਕਾਲ ਉਸਤਤ ਬਾਣੀ ਵਿਚੋਂ ਕੇਵਲ ਤਿੰਨ ਪਉੜੀਆਂ ਹੀ ਪੜ੍ਹ ਲਈਏ, ਵਿਤਕਰੇ ਲਈ ਕੋਈ ਥਾਂ ਹੀ ਨਹੀਂ ਰਹਿ ਜਾਂਦੀ, ਨਫਰਤ, ਘਿਰਣਾ ਦਾ ਅਭਾਵ ਹੋ ਜਾਂਦਾ ਹੈ :—

---

੧. ਪ੍ਰਮਾਤਮਾਂ ਇੱਕ ਹੈ, ਅਨੇਕਾਂ ਰੂਪਾਂ ਰਾਹੀਂ ਸੰਸਾਰ ਵਿੱਚ ਬਿਆਪਕ ਹੋ ਰਿਹਾ, ਮੈਂ ਜਿੱਧਰ ਵੇਖਦਾ ਹਾਂ, ਮੈਨੂੰ ਉਹ ਪ੍ਰਭੂ ਹੀ ਸਾਰੇ ਪਾਸੇ ਦਿਸਦਾ ਹੈ।
੨. ਇਸ ਭੇਦ ਨੂੰ ਵਿਰਲਾ ਹੀ ਕੋਈ ਸਮਝਦਾ ਹੈ ਕਿਉਂਕਿ ਜੀਵ ਮਾਇਆ ਦੇ ਅਨੇਕ ਰੰਗਾਂ ਰੂਪਾਂ ਵਿੱਚ ਹੀ ਫਸਿਆ ਹੋਇਆ ਹੈ।
੩. ਪਰ ਅਸਲੀਅਤ ਇਹ ਹੈ ਜੋ ਵੇਖ ਰਹੇ ਹਾਂ ਸਭ ਪ੍ਰਮਾਤਮਾਂ ਹੀ ਹੈ, ਸਭ ਗੋਬਿੰਦ ਦਾ ਹੀ ਰੂਪ ਪਸਾਰਾ ਹੈ ਗੋਬਿੰਦ ਤੋਂ ਬਿਨਾਂ ਹੋਰ ਕੋਈ ਨਹੀਂ ਹੈ।
੪. ਭਗਤ ਜੀ ਉਦਾਹਰਨ ਦੇ ਕੇ ਪ੍ਰਮਾਤਮਾਂ ਦੀ ਸਰਬ ਵਿਆਪਕਤਾ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਧਾਗਾ ਇੱਕ ਹੋਵੇ ਹਜਾਰਾਂ ਮਣਕੇ ਉਸ ਵਿੱਚ ਪਰੋ ਦਿੱਤੇ ਜਾਣ, ਹਰ ਮਣਕਾ ਉਸ ਧਾਗੇ ਦੇ ਆਸਰੇ ਹੈ। ਜਿਸ ਤਰ੍ਹਾਂ ਕੱਪੜੇ ਵਿੱਚ ਇਕ ਤਾਣਾ ਇੱਕ ਪੇਟਾ ਹੁੰਦਾ ਹੈ, ਪਰ ਹੈ ਸਾਰਾ ਸੂਤਰ ਹੀ, ਸੂਤਰ ਤੋਂ ਬਿਨਾ ਹੋਰ ਕੋਈ ਨਹੀਂ।
੫. ਜਿਸ ਤਰ੍ਹਾਂ ਪਾਣੀ ਦੀਆਂ ਲਹਿਰਾਂ, ਝੱਗ, ਬੁੱਲਬੁਲੇ, ਪਾਣੀ ਤੋਂ ਵੱਖ ਨਹੀਂ ਹੁੰਦੇ।
੬. ਇਹ ਸਾਰਾ ਪਸਾਰਾ ਖੇਡ ਪਾਰਬ੍ਰਹਮ ਦੀ ਰਚਨਾ ਹੈ, ਵਿਚਾਰ ਕੀਤਿਆਂ ਪਤਾ ਚੱਲਦਾ ਹੈ ਉਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ।
੭. ਸਾਰਾ ਸੰਸਾਰ ਤੇ ਸੰਸਾਰ ਦੇ ਪਦਾਰਥ ਮਨੁੱਖ ਨੇ ਸੱਤ ਕਰਕੇ ਮੰਨੇ ਹਨ, ਪਰ ਹੈਨ ਸੁਪਨੇ ਦੀ ਨਿਆਈਂ ਅਸੱਤ।
੮. ਜਿਸ ਨੂੰ ਸਤਿਗੁਰੂ ਨੇ ਸਰੇਸ਼ਟ ਤੱਤ-ਵਿਚਾਰ ਬਖਸ਼ਸ਼ ਕਰ ਦਿੱਤੀ, ਉਸ ਨੂੰ ਤੱਤ ਵਿਚਾਰ ਦੀ ਜਾਗਰਤਾ ਆ ਜਾਣ ਨਾਲ ਮਨ ਅਸਲੀਅਤ ਤੋਂ ਜਾਣੂੰ ਹੋ ਕੇ ਮੰਨ ਜਾਂਦਾ ਹੈ।
੯. ਨਾਮਦੇਵ ਜੀ ਕਹਿ ਰਹੇ ਹਨ ਹੇ ਪ੍ਰੇਮੀਓ, ਇਹ ਸਾਰੀ ਰਚਨਾ ਉਸ ਵਾਹਿਗੁਰੂ ਦੀ ਹੈ, ਇਸ ਦਾ ਕਰਤਾ ਕੋਈ ਹੋਰ ਨਹੀਂ।
੧੦. ਸਾਰੀ ਸ੍ਰਿਸ਼ਟੀ ਅਤੇ ਸਾਰੀ ਰਚਨਾ ਰੱਚ ਕੇ ਸਾਰੇ ਘਟਾਂ ਵਿੱਚ ਕੇਵਲ ਤੇ ਕੇਵਲ ਪ੍ਰਮਾਤਮਾਂ ਆਪ ਹੀ ਇੱਕ ਰਸ ਰਮਿਆ ਹੋਇਆ ਹੈ।

ਪੜ੍ਹੋ :— ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,
ਕੋਈ ਬ੍ਰਹਮਚਾਰੀ ਕੋਊ ਜਤੀ ਅਨੁਮਾਨਧੋ[੧] ॥
ਹਿੰਦੂ ਤੁਰਕ ਕੋਊ ਰਾਫਜੀ[੨] ਇਮਾਮ[੩] ਸਾਫੀ[੪] ॥
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ[੫] ਸੋਈ ਰਾਜ਼ਕ[੬] ਰਹੀਮ ਓਈ ॥
ਦੂਸਰੋ ਨ ਭੇਦ ਕੋਈ ਭੂਲ ਭਰਮ ਮਾਨਬੋ ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥ ੧੫ ॥ ੮੫ ॥

ਕਿੰਨੀ ਵਿਸ਼ਾਲਤਾ ਹੈ :—

ਦੇਹਰਾ[੭] ਮਸੀਤ ਸੋਈ, ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ[੮] ਹੈ ॥
ਦੇਵਤਾ[੯] ਅਦੇਵ[੧੦] ਜੱਛ[੧੧] ਗੰਧ੍ਰਬ[੧੨] ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ[੧੩]
ਖਾਕ[੧੪] ਬਾਦ[੧੫] ਆਤਸ਼[੧੬] ਔ ਆਬ[੧੭] ਕੋ ਰਲਾਉ ਹੈ ॥
ਅਲਹ ਅਭੇਖ[੧੮] ਸੋਈ ਪੂਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ ॥ ੧੬ ॥ ੮੬ ॥

ਹੋਰ ਸਪੱਸ਼ਟਤਾ ਲਈ ਸਾਹਿਬ ਕਲਗੀਧਰ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿੱਚ ਹੇਠ ਲਿਖੀਆਂ ਉਦਾਹਰਣਾ ਦੇ ਕੇ ਸਾਨੂੰ "ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੋ ਹਰਿ ਕਾ ਰੂਪ ਹੈ" ਦੀ ਲੱਖਤਾ ਕਰਾਉਣ ਦਾ ਯਤਨ ਕੀਤਾ ਹੈ :—

ਜੈਸੇ ਏਕ ਆਗ ਤੇ ਕਨੂਕਾ[੧੯] ਕੋਟ ਆਗ ਉਠੇ
ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈਂ ਮਿਲਾਹਿੰਗੇ ॥
ਜੈਸੇ ਏਕ ਧੂਰ ਤੇ ਅਨੇਕ[੨੦] ਧੂਰ ਪੂਰਤ ਹੈ
ਧੂਰ ਕੇ ਕਨੂਕਾ[੨੧] ਫੇਰ ਧੂਰਿ ਹੀ ਸਮਾਹਿੰਗੇ ॥
ਜੈਸੇ ਏਕ ਨਦ[੨੨] ਤੇ ਤਰੰਗ ਕੋਟ ਉਪਜਤ ਹੈ
ਪਾਨ[੨੩] ਕੇ ਤਰੰਗ[੨੪] ਸਬੈ ਪਾਨ ਹੀ ਕਹਾਹਿੰਗੇ ॥
ਤੈਸੇ ਬਿਸ੍ਵ[੨੫] ਰੂਪ ਤੇ [੨੬]ਅਭੂਤ ਭੂਤ ਪ੍ਰਗਟ ਹੋਇ
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ ॥੧੭॥੮੭॥

---

੧. ਮੰਨਦੇ ਹਨ ੨. ਸ਼ਹੀਆ ਮੁਸਲਮਾਨਾਂ ਦਾ ਇੱਕ ਫਿਰਕਾ ੩. ਨਿਵਾਜ਼ ਪੜਾਉਣ ਵਾਲਾ ਆਗੂ ੪. ਮੁਸਲਮਾਨਾਂ ਦੇ ਵੱਡੇ ਪੀਰ ਦਾ ਲਕਬ (ਦਰਜਾ) ੫. ਕ੍ਰਿਪਾ ਕਰਨ ਵਾਲਾ ੬. ਰੋਜ਼ੀ ਦੇਣ ਵਾਲਾ ੭. ਮੰਦਰ ੮. ਅਨੇਕਤਾ ਦਾ ਭਰਮ ਪੈਂਦਾ। ੯. ਦੇਵਤੇ ੧੦. ਰਾਕਸ਼ (ਦੈਤ) ੧੧. ਦੇਵਤੇ ੧੨. ਸਵਰਗ ਦੇ ਰਾਗੀ ੧੩. ਬੋਲੀ ੧੪. ਮਿੱਟੀ ੧੫. ਪਵਣ ੧੬. ਅਗਨੀ ੧੭. ਪਾਣੀ ੧੮. ਭੇਖ ਤੋਂ ਰਹਿਤ ਪ੍ਰਮਾਤਮਾਂ ੧੯. ਅੱਗ ਦੇ ਚੰਗਿਆੜੇ ੨੦. ਧੂੜ ਦੇ ਅਨੇਕਾਂ ਕਿਣਕੇ ੨੧. ਕਿਣਕੇ ੨੨. ਨਦੀ, ਪਾਣੀ, ਸਮੁੰਦਰ ੨੩. ਪਾਣੀ ੨੪. ਲਹਿਰਾਂ ੨੫. ਸੰਸਾਰ ੨੬. ਸਥੂਲ, ਅਸਥੂਲ।

ਉਪਦੇਸ਼ ਚਹੁ ਵਰਨਾਂ ਕਉ ਸਾਂਝਾ

ਪਿਛਲੇ ਪੰਨਿਆਂ ਵਿੱਚ ਆਪਾਂ ਗੁਰਬਾਣੀ ਤੇ ਇਤਿਹਾਸ ਦੁਆਰਾ ਸਤਿਗੁਰੂ ਜੀ ਦੀ ਵਿਤਕਰਾ ਰਹਿਤ ਦ੍ਰਿਸ਼ਟੀ ਅਤੇ ਹਿਰਦੇ ਦੀ ਵਿਸ਼ਾਲਤਾ ਨੂੰ ਵਾਚਿਆ ਹੈ ਜਿਸ ਦ੍ਰਿਸ਼ਟੀ, ਅਵਸਥਾ ਦਾ ਗੁਰੂ ਆਪ ਮਾਲਕ ਹੈ। ਸਤਿਗੁਰੂ ਜੀ ਸੇਵਕ ਨੂੰ ਵੀ ਇਸੇ ਦ੍ਰਿਸ਼ਟੀ ਦਾ ਧਾਰਨੀ ਬਨਾਉਣਾ ਲੋਚਦੇ ਹਨ। ਗੁਰੂ ਵਿੱਚ, ਅਭੇਦਤਾ, ਲੀਨਤਾ ਗੁਰੂ ਵਾਲੇ ਗੁਣਾਂ ਦੇ ਧਾਰਨੀ ਬਣਨ ਉਪਰੰਤ ਹੀ ਮਿਲਣੀ ਹੈ। ਜੇ ਸਤਿਗੁਰੂ ਜੀ ਨੇ ਆਪਣੇ ਹਿਰਦੇ ਵਿੱਚ ਤੇ ਗੁਰਬਾਣੀ ਵਿੱਚ ਵਿਤਕਰੇ ਨੂੰ ਕੋਈ ਥਾਂ ਨਹੀਂ ਦਿੱਤੀ ਤਾਂ ਸਾਨੂੰ ਜਗਿਆਸੂ ਜਨਾਂ ਨੂੰ ਵੀ ਅਸਲੀਅਤ ਤੋਂ ਦੂਰ ਕਰਨ ਵਾਲੇ ਵਿਤਕਰੇ, ਭਰਮ ਦਾ ਤਿਆਗ ਕਰਨਾ ਜ਼ਰੂਰੀ ਹੈ। ਹਰ ਤਰ੍ਹਾਂ ਦੇ ਵਿਤਕਰੇ ਦੇ ਤਿਆਗ ਉਪਰੰਤ ਹੀ ਗੁਰੂ ਗੋਦ ਵਿੱਚ ਸਮਾਈ ਸੰਭਵ ਹੈ।

ਸਚੇ ਮੁਸਲਮਾਨ ਪ੍ਰਤੀ ਉਪਦੇਸ਼

ਸਤਿਗੁਰੂ ਜੀ ਨੇ, ਬਿਨਾਂ ਵਿਤਕਰੇ, ਬਿਨਾਂ ਭਿੰਨ-ਭੇਦ ਦੇ ਹਰ ਧਰਮ ਦੇ ਧਾਰਨੀ ਨੂੰ ਸੱਚ-ਮਾਰਗ ਦਾ ਉਪਦੇਸ਼ ਦਿੱਤਾ, ਜੇ ਮੁਸਲਮਾਨ, ਸਾਹਿਬਾਂ ਦੇ ਚਰਨਾਂ ਵਿੱਚ ਆ ਹਾਜ਼ਰ ਹੋਇਆ, ਸਾਹਿਬਾਂ ਪ੍ਰੇਰਨਾ ਦਿੱਤੀ ਤੂੰ ਪੰਜ ਨਮਾਜ਼ਾ ਪੜ੍ਹਣ ਵਿੱਚ ਯਕੀਨ ਰਖੱਦਾ ਹੈਂ ਪੜ੍ਹੀ ਚੱਲ, ਲੱਗਾ ਰਹੁ, ਪਰ ਨਾਲ ਜਿੱਥੇ ਪੰਜ ਨਮਾਜ਼ਾ ਪੜ੍ਹਦਾ ਹੈਂ ਉੱਥੇ ਜੇ ਪੰਜ ਗੁਣਾਂ ਨੂੰ ਤੂੰ ਹਿਰਦੇ ਵਿੱਚ ਧਾਰਨ ਕਰ ਲਵੇਂ ਤਾਂ ਅਸਲੀ ਮੁਸਲਮਾਨ ਕਹਾਉਣ ਦਾ ਹੱਕਦਾਰ ਹੈਂ। ਉਹ ਕਿਹੜੇ ਗੁਣ ਹਨ :—

[੧]ਪਹਿਲਾ ਸਚੁ [੨]ਹਲਾਲ ਦੁਇ ਤੀਜਾ [੩]ਖੈਰ ਖੁਦਾਇ॥
ਚਉਥੀ [੪]ਨੀਅਤਿ ਰਾਸਿ ਮਨੁ ਪੰਜਵੀ [੫]ਸਿਫਤਿ ਸਨਾਇ॥
[੬]ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ॥

ਵਾਰ ਮਾਝ ਮ: ੧ (ਪੰਨਾ : ੧੪੧)

ਅਤੇ :—[੭]ਅਵਲਿ ਸਿਫਤਿ ਦੂਜੀ [੮]ਸਾਬੂਰੀ ਤੀਜੈ [੯]ਹਲੇਮੀ ਚਉਥੈ ਖੈਰੀ॥[੧੦]
ਪੰਜਵੈ[੧੧] ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰਪਰਾ[੧੨] ॥ ੯॥

ਮਾਰੂ ਸੋਲਹੇ ਮ: ੫ (ਪੰਨਾ : ੧੦੮੪)

---

੧. ਸੱਚ ਦੀ ਕਮਾਈ ਕਰਨੀ ਭਾਵ ਸੱਚ ਨਾਲ ਜੁੜਨਾ। ੨. ਹੱਕ ਹਲਾਲ ਦੀ ਕਮਾਈ ਕਰਨ ਦਾ ਗੁਣ ਧਾਰਨ ਕਰਨਾ ੩. ਖੁਦਾ ਦੇ ਨਾਮ ਤੇ ਦਾਨ ਦੇਣਾ ਭਾਵ (ਵੰਡ ਛਕਣਾ) ੪. ਨੀਅਤ ਦੀ ਸੁੱਧੀ (ਹਿਰਦੇ ਨੂੰ ਪਵਿੱਤਰ ਕਰਨਾ ੫. ਪ੍ਰਮੇਸ਼ਰ ਜੀ ਦੀ ਸਿੱਫਤੋ ਸਲਾਹ ਹਰ ਸਮੇਂ ਕਰਨੀ ੬. ਪਹਿਲੀ ਨਿਵਾਜ (ਪ੍ਰਮੇਸ਼ਰ ਅਲਹ ਦੀ ਸਿਫਤ ਸਲਾਹ ੭. ਪਹਿਲਾ ੮. ਸਬਰ-ਸੁਕਰ ੯. ਨਿਮਰਤਾ ਵਾਲੀ ਬਿਰਤੀ ੧੦. ਸਰਬਤ ਦਾ ਭਲਾ ਮੰਨਣਾ ੧੧. ਪੰਜਾਂ ਕਾਮ, ਕ੍ਰੋਧ ਆਦਿ ਨੂੰ ਵੱਸ ਵਿੱਚ ਕਰਨ ਦੀ ੧੨. ਇਹ ਪੰਜ ਵਕਤ ਬਹੁਤ ਕੀਮਤੀ ਹਨ।

ਸਤਿਗੁਰੂ ਨਾਨਕ ਦੇਵ ਜੀ, ਮੁਸਲਮਾਨ ਨੂੰ ਸੰਬੋਧਨ ਕਰਕੇ ਉਪਦੇਸ਼ ਦੇ ਰਹੇ ਹਨ ਕਿ ਮੁਸਲਮਾਨ ਕਹਾਉਣਾ ਬੜਾ ਔਖਾ ਹੈ ਜੇ ਹੇਠ ਲਿਖੀ ਰਹਿਤ ਦਾ ਧਾਰਨੀ ਬਣ ਜਾਵੇਂ ਫਿਰ ਤੂੰ ਅਸਲੀ ਮੁਸਲਮਾਨ ਸਦਵਾਉਣ ਦਾ ਹੱਕਦਾਰ ਹੈਂ। ਸਭ ਤੋਂ ਪਹਿਲਾਂ ਆਪਣੇ ਨਬੀਆਂ, ਪੈਗੰਬਰਾਂ ਦਾ ਦੱਸਿਆ ਹੋਇਆ ਧਰਮ-ਮਾਰਗ ਮਿੱਠਾ ਕਰਕੇ ਮੰਨੇ। ਦੂਸਰੇ ਅੱਲਾ ਦਾ ਨਾਮ ਜਪ ਕੇ ਆਪਣੇ ਮਨ ਦੀ ਮੈਲ ਨੂੰ ਉਤਾਰ ਦੇਵੇਂ ਅਤੇ ਧਨ ਪਦਾਰਥ ਲੋੜਵੰਦਾਂ ਵਿੱਚ ਵੰਡ ਕੇ ਵਰਤੇ, ਇਸ ਤਰ੍ਹਾਂ ਆਪਣੇ ਆਗੂਆਂ ਦੇ ਦੱਸੇ ਅਨੁਸਾਰ ਚਲਣ ਵਾਲਾ ਮੁਸਲਮਾਨ ਮਰਣ ਜੀਵਨ ਦੀ ਚਿੰਤਾ ਨੂੰ ਦੂਰ ਕਰ ਲੈਂਦਾ ਹੈ। ਕਰਤੇ ਦਾ ਅਨਿੰਨ ਸੇਵਕ ਬਣਕੇ ਪ੍ਰਮਾਤਮਾਂ ਦੀ ਰਜ਼ਾ ਨੂੰ ਸਿਰ-ਮੱਥੇ ਮੰਨੇ। ਆਪਾ-ਭਾਵ (ਹਉਮੈ) ਦਾ ਨਾਸ਼ ਕਰਕੇ ਕਰਤਾ-ਪੁਰਖ ਨੂੰ ਸਭ ਕੁਝ ਮੰਨੇ। ਸਾਰੇ ਜੀਵਾਂ ਨੂੰ ਉਸ ਕਰਤੇ ਦੀ ਕਿਰਤ ਮੰਨ ਕੇ ਸਾਰਿਆਂ ਉੱਪਰ ਦਇਆ ਕਰੇ ਤਾਂ ਅਸਲੀ ਮੁਸਲਮਾਨ ਕਹਾਉਣ ਦਾ ਹੱਕਦਾਰ ਹੈ। ਸਾਹਿਬਾਂ ਦਾ ਫੁਰਮਾਨ ਹੈ :—

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤਾ ਮੁਸਲਮਾਣੁ ਕਹਾਵੈ॥ ੧॥

ਮਾਝ ਵਾਰ ਮ: ੧ (ਪੰਨਾ : ੧੪੧)

ਸੱਚਾ ਬ੍ਰਾਹਮਣ ਬਣਨ ਲਈ ਉਪਦੇਸ਼

ਜੇ ਬ੍ਰਾਹਮਣ, ਸਾਹਿਬਾਂ ਦੇ ਚਰਨਾਂ ਵਿੱਚ ਹਾਜ਼ਰ ਹੋਇਆ, ਸਾਹਿਬਾਂ ਬਚਨ ਕੀਤਾ ਪੰਡਤ ਜੀ! ਤੁਸੀ ਵਰਤ ਰੱਖਣ ਨੂੰ, ਤੀਰਥਾਂ ਤੇ ਇਸ਼ਨਾਨ ਨੂੰ, ਦੇਵਤਿਆਂ ਦੀ ਪੂਜਾ ਕਰਕੇ, ਸੁੱਚੀ ਧੋਤੀ ਬੰਨ, ਤਿਲਕ ਲਾ, ਮਾਲਾ ਫੇਰਨ ਤੇ, ਸੰਧਿਆ ਤਰਪਣ ਕਰਨ ਨਾਲ ਹੀ ਆਪਣੀ ਮੁਕਤੀ ਮੰਨਦੇ ਹੋ, ਕਰੀ ਚਲੋ, ਪਰ ਨਾਲ ਨਾਲ ਕੁੱਝ ਸ੍ਰੇਸ਼ਟ ਗੁਣ ਵੀ ਧਾਰਨ ਕਰੋ ਕਿਉਂਕਿ ਪ੍ਰਮਾਤਮਾਂ ਨੂੰ ਨਿਰਾ ਭੇਖ-ਵਿਖਾਵਾ, ਕਰਮ-ਕਾਂਡ ਪ੍ਰਵਾਨ ਨਹੀਂ, ਉਸ ਦਰ ਤਾਂ ਕਰਣੀ ਪ੍ਰਧਾਨ ਹੈ। ਜੇ ਬ੍ਰਾਹਮਣ-ਗੀਰੀ ਵਿੱਚ ਪ੍ਰਧਾਨਗੀ ਨਿਪੁੰਨਤਾ ਪ੍ਰਾਪਤ ਕਰਨੀ ਹੈ ਫਿਰ ਇਹ ਗੁਣਾਂ ਦੇ ਧਾਰਨੀ ਬਣੋ। ਉਹ ਗੁਣ ਹਨ—ਸੱਚ ਨੂੰ ਹਿਰਦੇ ਵਿੱਚ ਵਸਾਉਣਾ, ਸੰਤੋਖ ਦੇ ਧਾਰਨੀ ਬਣਨਾ, ਹਰ ਸਮੇਂ ਗੁਰੂ ਦੇ ਗਿਆਨ ਦੁਆਰਾ ਧਿਆਨ ਪ੍ਰਭੂ ਨਾਲ ਜੋੜ ਕੇ ਆਤਮਾਂ ਨੂੰ ਪਵਿੱਤਰ ਕਰਨਾ, ਦਇਆ ਤੇ ਖਿਮਾਂ ਨੂੰ ਆਪਣੇ ਜੀਵਨ ਦਾ ਅੰਗ ਬਨਾਉਣਾ। ਗੁਰੂ ਦੀ ਦੱਸੀ ਜੁਗਤੀ ਅਨੁਸਾਰ ਸ੍ਰੇਸ਼ਟ ਕਰਨੀ ਕਰਦੇ ਹੋਏ, ਪ੍ਰਮੇਸ਼ਰ ਦੇ ਪਿਆਰ ਵਿੱਚ ਆਪਣੀ ਆਤਮਾਂ ਨੂੰ

ਰੰਗੀ ਰੱਖਣਾ। ਜੋ ਇਹਨਾਂ ਗੁਣਾਂ ਦਾ ਧਾਰਨੀ ਬਣ ਜਾਂਦਾ ਹੈ, ਮਾਣਸ ਪ੍ਰਧਾਨ ਦੀ ਪਦਵੀ ਪ੍ਰਾਪਤ ਕਰ ਲੈਂਦਾ ਹੈ :—

[੧]ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ॥
ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ॥
ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ॥

ਸਾਰੰਗ ਕੀ ਵਾਰ ਮ : ੧ (ਪੰਨਾ : ੧੨੪੫)

ਅਸਲੀ ਬ੍ਰਾਹਮਣ ਉਹ ਹੀ ਹੈ ਜੋ ਸਾਰਿਆਂ ਵਿੱਚ ਉਸ ਬ੍ਰਹਮ ਦੀ ਜੋਤ ਨੂੰ ਵੇਖਦਾ ਹੈ। ਹੋਰ ਜਪਾਂ-ਤਪਾਂ ਦੀ ਥਾਂ ਬ੍ਰਹਮ ਨੂੰ ਵੇਖਣ ਵਾਸਤੇ ਪ੍ਰਭੂ ਦੀ ਪ੍ਰੇਮਾ-ਭਗਤੀ ਕਰਦਾ ਹੈ। ਜਿਹੜਾ ਸੰਤੋਖੀ ਬਿਰਤੀ ਦਾ ਧਾਰਨੀ ਅਤੇ ਮਿੱਠ-ਬੋਲੜਾ ਹੈ, ਜੋ ਮਾਇਆ ਦੇ ਮੋਹ ਦੀਆਂ ਫਾਹੀਆਂ ਤੋੜ ਲੈਂਦਾ ਹੈ ਅਤੇ ਸੰਸਾਰ ਵਿੱਚ ਨਿਰਲੇਪ ਬਿਰਤੀ ਦਾ ਧਾਰਨੀ ਬਣ ਕੇ ਵਿਚਰਦਾ ਹੈ, ਉਹ ਅਸਲੀ ਬ੍ਰਾਹਮਣ ਕਹਾਉਣ ਦਾ ਹੱਕਦਾਰ ਹੈ। ਐਸਾ ਬ੍ਰਾਹਮਣ ਆਦਰ ਸਤਿਕਾਰ ਕਰਨ ਦੇ ਯੋਗ ਹੈ। ਵਿਖਾਵੇ ਵਾਲਾ ਪੂਜਣ ਯੋਗ ਨਹੀਂ :—

ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥
ਜਪੁ ਤਪੁ ਸੰਜਮੁ ਕਮਾਵੈ ਕਰਮੁ॥
ਸੀਲ ਸੰਤੋਖ ਕਾ ਰਖੈ ਧਰਮੁ॥
ਬੰਧਨ ਤੋੜੈ ਹੋਵੈ ਮੁਕਤੁ॥
ਸੋਈ ਬ੍ਰਹਮਣੁ ਪੂਜਣ ਜੁਗਤੁ॥੧੬॥

ਸਲੋਕ ਵਾਰਾਂ ਤੇ ਵਧੀਕ ਮ: ੧ (ਪੰਨਾ :੧੪੧੧)

੧. ਅੰਨ ਤਿਆਗਣ ਦੀ ਥਾਂ ਝੂਠ ਦਾ ਤਿਆਗ ਕਰਕੇ ਸੱਚ ਦੇ ਧਾਰਨੀ ਬਣੋ। ਤੀਰਥਾਂ ਦਾ ਰਟਨ ਕਰਨ ਦੀ ਥਾਂ ਸੰਤੋਖ ਨੂੰ ਧਾਰਨ ਕਰੋ। ਗੁਰੂ ਪਾਸੋਂ ਗਿਆਨ ਦੀ ਪ੍ਰਾਪਤੀ ਕਰਕੇ, ਹਮੇਸ਼ਾਂ ਉਸਦੇ ਧਿਆਨ ਵਿੱਚ ਕਰਮ ਕਰੋ। ਪੱਥਰ ਦੇ ਬਣਾਏ ਦੇਵੀ ਦੇਵਤਿਆਂ ਨੂੰ ਧੂਪ ਦੇਈ ਜਾਣਾ ਫੁਲ-ਪੱਤੇ ਅਰਪਣ ਕਰਨ ਨਾਲ ਕੁੱਝ ਨਹੀਂ ਜੇ ਮਿਲਣਾ, ਜੇ ਕੁੱਝ ਪ੍ਰਾਪਤ ਕਰਨਾ ਹੈ ਤਾਂ ਧਰਮ ਦਾ ਮੂਲ ਜੋ ਦਇਆ ਹੈ, ਉਸ ਦੇ ਧਾਰਨੀ ਬਣੋ। ਲੋਕ ਵਿਖਾਵੇ ਦੀ ਮਾਲਾ ਫੇਰਨ ਦੀ ਥਾਂ ਮਨ ਵਿੱਚ ਸਹਿਨਸ਼ੀਲਤਾ ਧਾਰੋ। ਪੜਦਾ ਕੱਜਣ ਲਈ ਧੋਤੀ ਬਨ੍ਹੋ, ਪਰ ਇਸ ਪਵਿੱਤਰ ਧੋਤੀ ਨੇ ਤੈਨੂੰ ਜੀਵਨ ਜੁਗਤੀ ਨਹੀਂ ਦੇਣੀ। ਧੋਤੀ ਬੰਨਣ ਦੇ ਨਾਲ ਗੁਰੂ ਪਾਸੋਂ ਪਵਿੱਤਰ ਜੀਵਨ ਬਤੀਤ ਕਰਨ ਦੀ ਜੁਗਤੀ ਪ੍ਰਾਪਤ ਕਰੋ, ਨਾਲ ਨਾਲ ਪ੍ਰਭੂ ਨਾਲ ਸੁਰਤ ਜੋੜਨੀ ਸਿੱਖੋ, ਸ੍ਰੇਸ਼ਟ ਕਰਣੀ ਕਰਨ ਨਾਲ ਆਪੇ ਤਿਲਕ ਲੱਗਿਆ ਜਾਣੋਂ। ਇਸ ਤਰ੍ਹਾਂ ਸ੍ਰੇਸ਼ਟ ਗੁਣਾਂ ਦੇ ਧਾਰਨੀ ਬਣ ਜਾਣ ਕਾਰਣ ਤੁਸੀਂ ਸ੍ਰੇਸ਼ਟ ਬ੍ਰਾਹਮਣ ਬਣ ਜਾਵੋਗੇ।

ਜੋ ਗੁਰੂ ਉਪਦੇਸ਼ ਦਾ ਧਾਰਨੀ ਬਣਕੇ ਸਭ ਵਿੱਚ ਬ੍ਰਹਮ ਦੀ ਜੋਤ ਨੂੰ ਵੇਖ ਕੇ, ਸਭ ਨਾਲ ਇਕਸਾਰਤਾ ਵਾਲਾ ਵਰਤਾਉ ਕਰਦਾ ਹੈ, ਨਾਮ-ਜਪ ਦੁਆਰਾ ਬ੍ਰਹਮ ਨਾਲ ਬਿਰਤੀ ਜੋੜੀ ਰੱਖਦਾ ਹੈ, ਐਸੇ ਬ੍ਰਹਮ-ਬ੍ਰਿਤੀ ਦੇ ਧਾਰਨੀ ਦੇ ਪਿੱਛੇ ਨੌ-ਨਿਧੀਆਂ ਅਠਾਰਹ ਸਿੱਧੀਆਂ ਪਿੱਛੇ-ਪਿੱਛੇ ਲੱਗੀਆਂ ਫਿਰਦੀਆਂ ਹਨ। ਪਰ ਨਾਮ ਪੂਰੇ ਸਤਿਗੁਰੂ ਤੋਂ ਪ੍ਰਾਪਤ ਹੁੰਦਾ ਹੈ, ਪੂਰਾ ਸਤਿਗੁਰੂ ਬਹੁਤ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ। ਤੀਸਰੇ ਪਾਤਸ਼ਾਹ ਜੀ ਦਾ ਫੁਰਮਾਨ ਹੈ :—

ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ॥
ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ
ਜੋ ਹਰਿ ਹਿਰਦੈ ਸਦਾ ਵਸਾਇ॥
ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ॥
ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ॥ ੧॥

ਸਲੋਕ ਮ: ੩ (ਪੰਨਾ : ੬੪੯)

ਬ੍ਰਾਹਮਣਾਂ ਦੇ ਘਰ ਵਿੱਚ ਜਨਮ ਲੈਣ ਨਾਲ ਕੋਈ ਬ੍ਰਾਹਮਣ ਅਖਵਾਉਣ ਦਾ ਹੱਕਦਾਰ ਨਹੀਂ ਬਣ ਜਾਂਦਾ। ਬ੍ਰਾਹਮਣ ਕੌਣ ਹਨ, ਜੋ ਆਪਣੇ ਅੰਦਰ ਵੀ ਤੇ ਸਾਰੀ ਸ੍ਰਿਸ਼ਟੀ ਵਿੱਚ ਵੀ ਬ੍ਰਹਮ ਦੀ ਜੋਤ ਨੂੰ ਹੀ ਵੇਖਦੇ ਹੋਣ ਅਤੇ ਸਤਿਗੁਰੂ ਦੇ ਹੁਕਮ ਅਨੁਸਾਰ ਆਪਣਾ ਜੀਵਨ ਬਤੀਤ ਕਰਦੇ ਹੋਣ। ਬ੍ਰਾਹਮਣ ਉਹ ਹਨ, ਜਿਹਨਾਂ ਦੇ ਹਿਰਦੇ ਵਿੱਚ ਹਰੀ ਦਾ ਨਾਮ ਵੱਸ ਗਿਆ ਹੈ ਅਤੇ ਉਹ ਨਾਮ ਦੇ ਹਿਰਦੇ ਵਿੱਚ ਵਸਣ ਸਦਕਾ, ਹਉਮੈਂ ਦੇ ਰੋਗ ਤੋਂ ਮੁਕਤ ਹੋ ਗਏ ਹਨ ਜੋ ਹਰ ਸਮੇਂ ਹਰੀ ਦੇ ਗੁਣ ਗਾਉਂਦੇ ਰਹਿੰਦੇ ਹਨ ਅਤੇ ਸ੍ਰੇਸ਼ਟ ਗੁਣਾਂ ਨੂੰ ਹਿਰਦੇ ਵਿੱਚ ਵਸਾਉਂਦੇ ਹਨ। ਜਿਹਨਾਂ ਦੀ ਆਤਮਕ ਜੋਤ ਪ੍ਰਭੂ ਜੋਤ ਨਾਲ -ਇੱਕ-ਮਿੱਕ ਹੋ ਗਈ ਹੈ ਤੇ ਉਹ ਬ੍ਰਹਮ ਦਾ ਹੀ ਰੂਪ ਬਣ ਗਏ ਹਨ, ਪਰ ਐਸੇ ਬ੍ਰਾਹਮਣ ਸੰਸਾਰ ਅੰਦਰ ਵਿਰਲੇ ਹੀ ਹਨ—

ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ॥
ਜਿਨ ਕੈ ਹਿਰਦੈ ਹਰਿ ਵਸੈ ਹਉਮੈ ਰੋਗੁ ਗਵਾਇ॥
ਗੁਣ ਰਵਹਿ ਗੁਣ ਸੰਗ੍ਰਹਹਿ ਜੋਤੀ ਜੋਤਿ ਮਿਲਾਇ॥
ਇਸੁ ਜੁਗ ਮਹਿ ਵਿਰਲੇ ਬ੍ਰਾਹਮਣ ਬ੍ਰਹਮੁ ਬਿੰਦਹਿ ਚਿਤੁ ਲਾਇ॥
ਨਾਨਕ ਜਿਨ ਕਉ ਨਦਰਿ ਕਰੇ ਹਰਿ ਸਚਾ ਸੇ ਨਾਮਿ ਰਹੇ ਲਿਵ ਲਾਇ॥

ਸਲੋਕ ਮ: ੩ (ਪੰਨਾ : ੮੫੦)

ਗਿਆਨਵਾਨ ਬ੍ਰਾਹਮਣ (ਪੰਡਤ) ਕੌਣ ਹੈ ? ਜੋ ਲੋਕਾਂ ਨੂੰ ਉਪਦੇਸ਼ ਦੇਣ ਤੋਂ ਪਹਿਲਾਂ ਆਪਣੇ ਮਨ ਨੂੰ ਸਿੱਖਿਆ ਦਿੰਦਾ ਹੈ ਤੇ ਆਪਣੇ ਹਿਰਦੇ ਨਾਮੁ ਨੂੰ ਵਸਾਉਂਦਾ

ਹੈ। "ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ" ਦੀ ਕਾਰ ਕਰਨ ਵਾਲੇ ਬ੍ਰਾਹਮਣ ਦੇ ਉਪਦੇਸ਼ ਨਾਲ ਸੰਸਾਰ ਨੂੰ ਅਸਲੀ ਜੀਵਨ ਮਿਲ ਸਕਦਾ ਹੈ। ਜੋ ਨਾਮ ਦੇ ਅੰਮ੍ਰਿਤਮਈ ਸਵਾਦ ਨੂੰ ਚੱਖਦਾ ਹੈ ਅਤੇ ਹਰੀ ਦੀ ਸਿਫਤੋਂ-ਸਲਾਹ ਰੂਪ ਕਥਾ ਹਿਰਦੇ ਵਿੱਚ ਵਸਾ ਲੈਂਦਾ ਹੈ। ਐਸਾ ਪੰਡਤ, ਜਿੱਥੇ ਦੂਸਰਿਆਂ ਦਾ ਭਲਾ ਕਰਨ ਵਿੱਚ ਸਫਲ ਹੁੰਦਾ ਹੈ, ਉੱਥੇ ਉਸਦਾ ਆਵਾਗਮਨ ਦਾ ਗੇੜ ਸਦਾ ਲਈ ਖਤਮ ਹੋ ਜਾਂਦਾ ਹੈ। ਜੋ ਬ੍ਰਾਹਮਣ ਗਿਆਨ ਦਾ ਮੂਲ ਪ੍ਰਮਾਤਮਾਂ ਨੂੰ ਜਾਣਦਾ ਹੈ। ਇਸ ਸਾਰੇ ਅਸਥੂਲ ਪਸਾਰੇ ਦਾ ਆਸਰਾ, ਸੂਖਮ ਪ੍ਰਭੂ ਜੀ ਨੂੰ ਮੰਨਦਾ ਹੈ ਐਸਾ ਸਮ-ਦ੍ਰਿਸ਼ਟਾ ਜਨ ਜੋ ਬਿਨਾਂ ਵਿਤਕਰੇ ਤੋਂ ਸਾਰਿਆਂ ਨੂੰ ਇੱਕੋ ਜਿਹਾ ਉਪਦੇਸ਼ ਦਿੰਦਾ ਹੈ ਐਸੇ ਕਹਣੀ-ਕਥਨੀ ਦੇ ਸੂਰੇ ਪੰਡਤ ਨੂੰ ਸਾਡੀ ਸਦਾ ਨਮਸਕਾਰ ਹੈ। ਕੈਸਾ ਨਮੂਨੇ ਦਾ ਪੰਡਤ ਬਣਨ ਵਾਸਤੇ ਸਾਹਿਬਾਂ ਬ੍ਰਾਹਮਣ (ਪੰਡਿਤ) ਨੂੰ ਉਪਦੇਸ਼ ਦਿੱਤਾ ਹੈ :—

ਸੋ ਪੰਡਿਤੁ ਜੋ ਮਨੁ ਪਰਬੋਧੈ॥ ਰਾਮ ਨਾਮੁ ਆਤਮ ਮਹਿ ਸੋਧੈ॥
ਰਾਮ ਨਾਮ ਸਾਰੁ ਰਸੁ ਪੀਵੈ॥ ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ॥
ਹਰਿ ਕੀ ਕਥਾ ਹਿਰਦੈ ਬਸਾਵੈ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ।
ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ॥ ਸੂਖਮ ਮਹਿ ਜਾਨੈ ਅਸਥੂਲੁ॥
ਚਹੁ ਵਰਨਾ ਕਉ ਦੇ ਉਪਦੇਸੁ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ॥

ਸੁਖਮਨੀ ਸਾਹਿਬ (ਪੰਨਾ : ੨੭੪)

ਸੱਚੇ ਜੋਗੀ ਬਣਨ ਦਾ ਉਪਦੇਸ਼

ਜੇ ਗੁਰੂ ਸਾਹਿਬ ਜੋਗੀਆਂ, ਸਿੱਧਾਂ ਨੂੰ ਮਿਲੇ ਉਹਨਾਂ ਨਾਲ ਵੀਚਾਰਾਂ ਸਾਂਝੀਆਂ ਕੀਤੀਆਂ ; ਉਹਨਾਂ ਦਾ ਵੀ ਮਾਰਗ ਦਰਸ਼ਨ ਕੀਤਾ ਕਿ ਹੇ ਸਿੱਧੋ! ਹੇ ਜੋਗੀ ਜਨੋਂ! ਐਵੇਂ ਕੰਨ ਪੜਾ ਕੇ ਮੁੰਦਰਾਂ ਪਵਾ, ਹੱਥ ਵਿੱਚ ਖੱਪਰ ਫੜ, ਗਲ ਖੈਰ ਮੰਗਣ ਲਈ ਝੋਲੀ ਪਾ ਸਰੀਰ ਤੇ ਮਸਾਣਾਂ ਦੀ ਸਵਾਹ ਮਲ, ਹੱਥ ਡੰਡਾ ਫੜ ਲੈਣ ਦੇ ਨਾਲ ਕੋਈ ਜੋਗੀ ਨਹੀਂ ਬਣ ਜਾਂਦਾ ਹੈ। ਜੋਗੀ ਉਹ ਹੈ, ਜਿਸ ਦੇ ਵਿੱਚ ਪ੍ਰਮਾਤਮਾਂ ਨੂੰ ਮਿਲਣ ਵਾਲੇ ਗੁਣ ਆ ਪ੍ਰਵੇਸ਼ ਕਰਨ, ਉਹ ਪ੍ਰਭੂ ਨਾਲ ਜੁੜਨ ਸਦਕਾ ਜੋਗੀ ਕਹਿਲਾਉਣ ਦਾ ਅਧਿਕਾਰੀ ਹੈ।

ਉਹ ਗੁਣ ਕਿਹੜੇ ਹਨ ? ਉਹ ਹਨ, ਸਬਰ-ਸੰਤੋਖ ਦੇ ਧਾਰਨੀ ਬਣਨਾ, ਪੇਟ ਪੂਰਤੀ ਵਾਸਤੇ ਕਿਸੇ ਤੇ ਬੋਝ ਨ ਬਣਨਾ, ਮਿਹਨਤ ਕਰਕੇ ਆਪਣਾ ਅਹਾਰ ਪੈਦਾ ਕਰਨਾ, ਧਿਆਨ ਹਮੇਸ਼ਾਂ ਪ੍ਰਮੇਸ਼ਰ ਜੀ ਨਾਲ ਜੋੜੀ ਰੱਖਣਾ। ਆਪਣੀ ਮੌਤ ਨੂੰ ਹਮੇਸ਼ਾ ਯਾਦ ਰੱਖਣਾ ਤਾਂ ਜੋ ਅਨੰਤ ਨਾਲ ਜੁੜਿਆ ਜਾਵੇ ਕਿਉਂਕਿ ਜਿਸ ਨੂੰ ਆਪਣਾ ਅੰਤ (ਮੌਤ) ਯਾਦ ਰਹਿੰਦਾ ਹੈ ਉਹ ਕਦੀ ਅਨੰਤ ਨੂੰ ਨਹੀਂ ਭੁੱਲਦਾ, ਸਰੀਰ ਨੂੰ ਹਮੇਸ਼ਾ ਵਿਕਾਰਾਂ ਵਲੋਂ ਪਵਿੱਤਰ ਰੱਖਣਾ ਅਤੇ ਪ੍ਰਮਾਤਮਾਂ ਤੇ ਪੂਰਨ ਅਟੱਲ ਵਿਸ਼ਵਾਸ ਰੱਖਣਾ। ਸਭ ਨੂੰ ਸਮ-ਬਿਰਤੀ ਨਾਲ ਵੇਖਣ ਵਾਲਾ ਤੇ ਆਪਣੇ ਮਨ ਤੇ ਵਸੀਕਾਰ ਕਰ ਲੈਣ

ਵਾਲਾ ਅਸਲੀ ਜੋਗੀ ਹੈ। ਐਸਾ ਜੋਗੀ ਕਿਸੇ ਜਣੇਂ-ਖਣੇਂ ਨੂੰ ਨਮਸ਼ਕਾਰ ਨਹੀਂ ਕਰਦਾ। ਉਸ ਦੀ ਨਮਸ਼ਕਾਰ ਉਸ ਪ੍ਰਮਾਤਮਾਂ ਨੂੰ ਹਮੇਸ਼ਾ ਹੁੰਦੀ ਰਹਿੰਦੀ ਹੈ ਜੋ ਸਭ ਦਾ ਆਦਿ ਹੈ, ਜੋ ਪਵਿੱਤਰ ਹੈ, ਜਿਸਦਾ ਮੁੱਢ ਕੋਈ ਨਹੀਂ, ਜੋ ਅਬਿਨਾਸ਼ੀ ਤੇ ਜੁਗਾਂ ਜੁਗੰਤਰਾਂ ਤੱਕ ਇਕ ਰਸ ਰਹਿੰਦਾ ਹੈ :—

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ॥
ਆਦੇਸੁ ਤਿਸੈ ਆਦੇਸੁ
ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ॥ ੨੮॥

ਜਪੁਜੀ ਸਾਹਿਬ (ਪੰਨਾ : ੬)

ਨ ਸਰੀਰ ਤੇ ਸਵਾਹ ਬਿਭੂਤਾ ਮਲਣ ਨਾਲ, ਨਾਹੀਂ ਸਿਰ ਮੁੰਨਵਾ ਕੇ ਗੋਦੜੀ ਗਲ ਪਾ ਕੇ ਡੰਡੇ ਦਾ ਧਾਰਨੀ ਹੋ ਕੇ ਦਰ ਦਰ ਮੰਗਣ ਨਾਲ ਅਤੇ ਨਾ ਹੀ ਸਿੰਙੀ ਵਜਾਉਣ ਨਾਲ ਕੋਈ ਜੋਗੀ ਬਣ ਸਕਦਾ ਹੈ। ਗੱਲਾਂ ਬਾਤਾਂ ਨਾਲ ਪ੍ਰਮਾਤਮਾ ਨਾਲ ਨਹੀਂ ਜੁੜਿਆ ਜਾ ਸਕਦਾ। ਕਿਵੇਂ ਜੁੜਿਆ ਜਾ ਸਕਦਾ ਹੈ ? ਸਾਹਿਬ ਫਰਮਾਉਂਦੇ ਹਨ ਜੋ ਗੁਰੂ ਤੋਂ ਜੁਗਤੀ ਪ੍ਰਾਪਤ ਕਰਕੇ ਸੰਸਾਰ ਵਿੱਚ ਰਹਿੰਦਾ ਹੋਇਆ ਮਾਇਆ ਦੇ ਅਸਰ ਤੋਂ ਨਿਰਲੇਪ ਰਹੇ ਅਤੇ ਸਾਰਿਆਂ ਨਾਲ ਸਮ-ਬਿਰਤੀ ਦੁਆਰਾ ਵਰਤੇ, ਐਸੀ ਬਿਰਤੀ ਦਾ ਧਾਰਨੀ ਪ੍ਰਭੂ ਨਾਲ ਜੁੜ ਕੇ ਜੋਗੀ ਕਹਿਲਾਉਣ ਦਾ ਹੱਕਦਾਰ ਹੈ :—

ਫੁਰਮਾਨ ਹੈ :—

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥ ੧॥
ਗਲੀ ਜੋਗੁ ਨ ਹੋਈ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ
ਜੋਗੀ ਕਹੀਐ ਸੋਈ॥੧॥ ਰਹਾਉ॥

ਸੂਹੀ ਮ:੧ (ਪੰਨਾ : ੭੩੦)

ਨੌਵੇਂ ਪਾਤਸ਼ਾਹ ਜੀ ਕਿੰਨਾ ਸਪੱਸ਼ਟ ਫੁਰਮਾਨ ਕਰਦੇ ਹਨ ਕਿ ਜਿਸ ਦੇ ਹਿਰਦੇ ਵਿੱਚ ਹਰ ਸਮੇਂ ਮਾਇਆ ਦੀ ਮਮਤਾ ਲੱਗੀ ਹੋਈ ਹੈ, ਲੋਭ ਨੇ ਹਿਰਦੇ ਵਿੱਚ ਡੇਰਾ ਲਾਇਆ ਹੋਇਆ ਹੈ ਉਸਨੂੰ ਜੀਵਨ ਦੀ ਸਹੀ ਜੁਗਤੀ ਦਾ ਪਤਾ ਹੀ ਨਹੀਂ ਹੈ, ਐਸਾ

ਜੋਗੀ ਪ੍ਰਭੂ ਦੇ ਦਰ ਪ੍ਰਵਾਨ ਨਹੀਂ। ਪਰ ਜਿਸ ਦੇ ਹਿਰਦੇ ਵਿੱਚ ਪਰਾਈ ਨਿੰਦਿਆ ਕਰਨੀ ਖਤਮ ਹੋ ਗਈ ਹੈ ਜੋ ਆਪਣੀ ਉਸਤਤ ਸੁਣ ਕੇ ਖ਼ੁਸ਼ ਨਹੀਂ ਹੁੰਦਾ, ਜਿਸਨੂੰ ਸੋਨਾ-ਮਿੱਟੀ ਇਕ ਸਮਾਨ ਪ੍ਰਤੀਤ ਹੁੰਦਾ ਹੈ ਜੋ ਖ਼ੁਸ਼ੀ-ਗਮੀ ਵਿੱਚ ਇੱਕ ਸਮਾਨ-ਬਿਰਤੀ ਵਿੱਚ ਰਹਿੰਦਾ ਹੈ, ਜਿਸ ਨੇ ਭਟਕਦੇ ਮਨ ਨੂੰ ਵੱਸ ਵਿੱਚ ਕਰਕੇ ਅਡੋਲਤਾ ਦੀ ਅਵਸਥਾ ਪ੍ਰਾਪਤ ਕਰ ਲਈ ਹੈ, ਉਹ ਅਸਲੀ ਜੋਗੀ ਹੈ। ਜੋ ਇਹਨਾਂ ਗੁਣਾਂ ਤੋਂ ਖਾਲੀ ਹੈ ਉਸ ਨੂੰ ਜੋਗ ਦੀ ਜੁਗਤੀ ਪ੍ਰਾਪਤ ਨਹੀਂ ਹੋਈ ਭਾਵੇਂ ਉਸ ਨੇ ਭੇਖ ਜੋਗੀਆਂ ਵਾਲਾ ਬਣਾਇਆ ਹੋਵੇ :—

ਤਿਹ ਜੋਗੀ ਕਉ ਜੁਗਤਿ ਨ ਜਾਨਉ ॥
ਲੋਭ ਮੋਹ ਮਾਇਆ ਮਮਤਾ ਫੁਨਿ ਜਿਹ ਘਟਿ ਮਾਹਿ ਪਛਾਨਉ ॥ ੧ ॥ ਰਹਾਉ ॥
ਪਰ ਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ ॥
ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ ॥ ੧ ॥
ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ,
ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ ॥

ਧਨਾਸਰੀ ਮ : ੯ (ਪੰਨਾ : ੬੮੫)

ਸਤਿਗੁਰੂ ਜੀ ਨੇ ਪ੍ਰਭੂ ਜੀ ਨਾਲ ਜੁੜ ਕੇ ਸੱਚਾ (ਅਸਲੀ) ਜੋਗੀ ਬਨਣ ਦੇ ਗੁਰਬਾਣੀ ਵਿੱਚ ਬਿਅੰਤ ਉਪਦੇਸ਼ ਦਿੱਤੇ ਹਨ। ਜਿੱਥੇ ਸਾਹਿਬਾਂ ਨੇ ਗੁਰਬਾਣੀ ਵਿੱਚ ਮੁਸਲਮਾਨਾਂ ਨੂੰ, ਬ੍ਰਾਹਮਣਾਂ ਨੂੰ, ਜੈਨੀਆਂ ਨੂੰ, ਜੋਗੀਆਂ ਨੂੰ, ਸੰਨਿਆਸੀਆਂ ਨੂੰ, ਉੱਚੇ-ਸੁੱਚੇ ਆਚਰਣ ਦੇ ਧਾਰਨੀ ਬਣ ਕੇ ਪ੍ਰਭੂ ਨਾਲ ਅਭੇਦ ਹੋਣ ਵਾਸਤੇ ਸ੍ਰੇਸ਼ਟ ਉਪਦੇਸ਼ ਬਖਸ਼ਸ਼ ਕਰਕੇ ਉਨ੍ਹਾਂ ਦਾ ਮਾਰਗ-ਦਰਸ਼ਣ ਕੀਤਾ ਹੈ ਉੱਥੇ ਸਾਹਿਬਾਂ ਨੇ ਗੁਰਸਿੱਖਾਂ ਨੂੰ ਵੀ ਉੱਚ ਇਖਲਾਕੀ, ਸ੍ਰੇਸ਼ਟ ਆਦਰਸ਼ਕ ਗੁਰਸਿੱਖ ਬਨਣ ਵਾਸਤੇ ਰੂਹਾਨੀਅਤ ਦੇ ਨਿਯਮ ਗੁਰਬਾਣੀ ਵਿੱਚ ਨਿਰੂਪਣ ਕਰਕੇ, ਉਹਨਾਂ ਨਿਯਮਾਂ ਦੇ ਧਾਰਨੀ ਬਨਣ ਲਈ ਤਾਕੀਦ ਕੀਤੀ ਹੈ। ਜੋ ਗੁਰਸਿੱਖ ਇਨ੍ਹਾਂ ਬਣਾਏ ਹੋਏ ਨਿਯਮਾਂ ਦਾ ਮਨ-ਬਚ-ਕਰਮਾਂ ਕਰਕੇ ਧਾਰਨੀ ਬਣ ਜਾਂਦਾ ਹੈ। ਐਸੇ ਗੁਰਸਿੱਖ ਦੀ ਸਤਿਗੁਰੂ ਜੀ ਚਰਨ ਧੂੜ ਲੋਚਦੇ ਹਨ। ਸਾਹਿਬ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਸੱਚੇ-ਸੁੱਚੇ ਗੁਰਸਿੱਖ ਬਣਨ ਲਈ ਹੇਠ ਲਿਖੇ ਅਨੁਸਾਰ ਗੁਰਬਾਣੀ ਵਿੱਚ ਨਿਯਮ ਨਿਰੂਪਣ ਕੀਤੇ ਹਨ।

ਸਚੇ ਸਿਖ ਬਣਨ ਦਾ ਉਪਦੇਸ਼

ਜਿਹੜਾ ਗੁਰੂ ਕਾ ਸਿੱਖ ਬਣ ਕੇ, ਆਪਣੇ ਆਪ ਨੂੰ ਗੁਰੂ ਸਿੱਖ ਸਦਵਾਉਣਾ ਚਾਹੁੰਦਾ ਹੈ ਸਭ ਤੋਂ ਪਹਿਲਾਂ ਉਹ ਅੰਮ੍ਰਿਤ-ਵੇਲੇ ਨੀਂਦ ਤੋਂ ਉਥਾਨ ਹੋਵੇ, ਇੱਕ-ਮਨ ਹੋ

ਕੇ ਪ੍ਰਭੂ ਦਾ ਸਿਮਰਨ ਕਰੇ। ਫਿਰ ਉੱਦਮ ਕਰਕੇ ਜਲ ਨਾਲ ਸਰੀਰ ਦਾ ਇਸ਼ਨਾਨ ਕਰਕੇ ਸਾਵਧਾਨ ਹੋ ਜਾਵੇ, ਜਦੋਂ ਸਰੀਰ ਸਵੱਛ ਹੋ ਗਿਆ ਫਿਰ ਮਨ ਨੂੰ ਪਵਿੱਤਰ ਕਰਨ ਵਾਸਤੇ ਸਤਸੰਗਤ ਵਿੱਚ ਜਾ ਕੇ ਨਾਮ-ਬਾਣੀ ਦੁਆਰਾ ਆਤਮਾਂ ਦਾ ਇਸ਼ਨਾਨ ਕਰਾਵੇ। ਉਸ ਤੋਂ ਬਾਅਦ ਜੋ ਗੁਰੂ ਨੇ ਨਾਮ ਜਪਣ ਦਾ ਉਪਦੇਸ਼ ਦਿੱਤਾ ਹੈ, ਉਸਦੀ ਕਮਾਈ ਕਰੇ, ਨਾਮ ਜਪ ਦੀ ਕਮਾਈ ਕਰਨ ਨਾਲ ਉਸ ਦੇ ਅੰਤਸ਼ਕਰਣ ਵਿੱਚੋਂ ਸਾਰੇ ਪਾਪਾਂ ਦੇ ਦੋਖ ਖਤਮ ਹੋ ਜਾਣਗੇ। ਫਿਰ ਦਿਨ ਚੜ੍ਹੇ ਸਾਰਾ ਦਿਨ, (ਗੁਰਬਾਣੀ) ਗੁਰੂ ਉਪਦੇਸ਼ ਨੂੰ ਯਾਦ ਰੱਖਦਾ ਹੋਇਆ, ਬਹਿੰਦਿਆਂ ਉੱਠਦਿਆਂ, ਹਰੀ ਪਰਮੇਸ਼ਰ ਜੀ ਦਾ ਨਾਮ ਜਪਦਾ ਰਹੇ। ਜੋ ਮਨੁੱਖ ਸਾਸ-ਗਿਰਾਸ ਉਸ ਹਰੀ ਪ੍ਰਮੇਸ਼ਰ ਜੀ ਦਾ ਸਿਮਰਨ ਕਰਦਾ ਰਹਿੰਦਾ ਹੈ ਉਸ ਮਾਲਕ ਨੂੰ ਕਿਸੇ ਸਮੇਂ ਵੀ ਵਿਸਾਰਦਾ ਨਹੀਂ ਹੈ, ਐਸਾ ਗੁਰਸਿੱਖ ਗੁਰੂ ਨੂੰ ਚੰਗਾ ਲੱਗਦਾ ਹੈ। ਜਿਸ ਉੱਤੇ ਮੇਰਾ ਮਾਲਕ ਮਿਹਰ ਕਰਦਾ ਹੈ, ਉਸਨੂੰ ਗੁਰੂ ਦਾ ਉਪਦੇਸ਼ ਦ੍ਰਿੜ ਹੋ ਜਾਂਦਾ ਹੈ। ਜਿਹੜਾ ਗੁਰਸਿੱਖ ਉਪਰਲੇ ਨਿਯਮਾਂ ਦਾ ਪਾਲਣ ਕਰਦਾ ਹੋਇਆ, ਆਪ ਗੁਰੂ ਬਖਸ਼ਸ਼ ਕੀਤੇ ਨਾਮ ਨੂੰ ਜਪਦਾ ਹੈ ਹੋਰਨਾਂ ਨੂੰ ਇਸ ਗੁਰੂ ਉਪਦੇਸ਼ ਦਾ ਧਾਰਨੀ ਬਣਨ ਵਾਸਤੇ ਪ੍ਰੇਰਦਾ ਹੈ, ਐਸੇ ਗੁਰਸਿੱਖ ਦੀ ਅਸੀਂ ਚਰਨ ਧੂੜੀ ਲੋਚਦੇ ਹਾਂ। ਗੁਰੂ ਦਾ ਹੁਕਮ ਹੈ :—

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥

ਮ : ੪ (ਪੰਨਾ : ੩੦੫)

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਗੁਰੂ ਕੇ ਸਿੱਖ ਨੂੰ ਨਿਯਮ-ਬੱਧ ਜੀਵਨ ਜਿਉਣ ਲਈ ਅਗਵਾਈ ਬਖਸ਼ੀ ਹੈ। ਸ੍ਰੀ ਗੁਰੂ ਅਮਰਦਾਸ ਜੀ ਸੋਰਠ ਰਾਗ ਵਿੱਚ, ਜਿਹਨਾਂ ਨੇ ਆਪ ਗੁਰ ਅੰਗਦ ਦੇਵ ਜੀ ਦੇ ਸਨਮੁੱਖ ਗੁਰਸਿੱਖੀ ਦੀ ਕਮਾਈ ਕਰਕੇ, ਆਤਮਕ ਜਗਿਆਸੂਆਂ ਲਈ ਸਿੱਖੀ ਦੇ ਪੂਰਨੇ ਵਾਹੇ, ਫ਼ੁਰਮਾਨ ਕਰਦੇ ਹਨ—ਉਹ ਗੁਰੂ ਕਾ ਸਿੱਖ ਜੋ ਗੁਰੂ ਹੁਕਮ-ਰਜਾਈ ਹੋ ਕੇ ਗੁਰੂ ਦੀ ਰਜ਼ਾ ਵਿੱਚ ਆਪਣਾ ਜੀਵਨ ਸਮੱਰਪਤ ਕਰ ਦਿੰਦਾ ਹੈ, ਉਹ ਗੁਰੂ ਕਾ ਸਿੱਖ ਸਹੀ ਅਰਥਾਂ ਵਿੱਚ ਗੁਰੂ ਦਾ ਮਿੱਤਰ ਵੀ ਹੈ, ਗੁਰੂ ਦਾ ਸੰਬੰਧੀ, ਰਿਸ਼ਤੇਦਾਰ ਵੀ ਹੈ। ਪਰ ਜੋ ਗੁਰੂ ਦੀ ਮਰਜ਼ੀ ਤੋਂ ਉੱਲਟ ਚੱਲਦਾ

ਹੈ ਉਸਦਾ ਗੁਰੂ ਨਾਲੋਂ ਨਾਤਾ ਟੁੱਟ ਜਾਣ ਕਾਰਣ ਗੁਰੂ ਤੋਂ ਦੂਰੀ ਪੈ ਜਾਂਦੀ ਹੈ। ਗੁਰੂ ਤੋਂ ਦੂਰੀ ਪੈ ਜਾਣ ਕਾਰਣ ਉਹ ਅਨੇਕ ਪ੍ਰਕਾਰ ਦੇ ਵਿਛੋੜੇ ਤੇ ਦੁੱਖਾਂ ਦੀਆਂ ਚੋਟਾਂ ਖਾਂਦਾ ਹੈ :—

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥

ਸੋਰਠਿ ਮ: ੩ (ਪੰਨਾ : ੬੦੧)

ਗੁਰਮੁਖ-ਗੁਰਸਿੱਖ ਹਮੇਸ਼ਾਂ ਸੱਚ ਬੋਲਦੇ ਹਨ, ਰਾਈ ਦੇ ਦਾਣੇ ਜਿੰਨਾਂ ਵੀ ਝੂਠ ਨਹੀਂ ਬੋਲਦੇ। ਗੁਰਮੁਖ ਸਦਾ ਅਕਾਲ ਪੁਰਖ ਦੇ ਭਾਣੇ ਅੰਦਰ ਚਲਦੇ ਹਨ। ਗੁਰਮੁਖ ਸਦਾ ਮੋਹ ਮਾਇਆ ਤੋਂ ਨਿਰਲੇਪ ਰਹਿ ਕੇ ਸਦਾ ਸੱਚੇ ਵਾਹਿਗੁਰੂ ਦੀ ਸ਼ਰਣ ਵਿਚ ਰਹਿੰਦੇ ਹਨ, ਪਰ ਐਸੇ ਗੁਰਮੁਖ **"ਹੈਨ ਵਿਰਲੇ ਨਾਹੀ ਘਣੇ ਫੈਲ ਫਕੜ ਸੰਸਾਰਿ॥"** ਵਾਲੀ ਗੱਲ ਹੈ :—

ਬੋਲਹਿ ਸਾਚੁ ਮਿਥਿਆ ਨਹੀ ਰਾਈ॥ ਚਾਲਹਿ ਗੁਰਮੁਖਿ ਹੁਕਮਿ ਰਜਾਈ॥
ਰਹਹਿ ਅਤੀਤ ਸਚੇ ਸਰਣਾਈ॥ ੧॥

ਗਉੜੀ ਮ: ੧ (ਪੰਨਾ : ੨੨੭)

ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਸੱਚੇ ਗੁਰਸਿੱਖ ਦੇ ਲੱਛਣ ਅਨੰਦ ਸਾਹਿਬ ਦੀ ਬਾਣੀ ਵਿੱਚ ਇਸ ਤਰ੍ਹਾਂ ਨਿਰੂਪਣ ਕਰਦੇ ਹਨ ਕਿ ਜਿਹੜਾ ਗੁਰਸਿੱਖ ਗੁਰੂ ਦਾ ਆਗਿਆਕਾਰੀ ਸੇਵਕ ਬਣਕੇ, ਗੁਰੂ ਦਾ ਸਨਮੁਖ-ਸਿੱਖ ਕਹਿਲਾਉਣਾ ਚਾਹੁੰਦਾ ਹੈ, ਉਹ ਅੰਦਰਹੁ, ਹਿਰਦਿਉਂ ਗੁਰੂ ਦੇ ਨਾਲ ਜੁੜ ਜਾਵੇ (ਵਿਖਾਵੇ ਮਾਤ੍ਰ ਨਹੀਂ), ਹਮੇਸ਼ਾਂ ਗੁਰੂ ਦੇ ਚਰਨਾਂ ਦਾ (ਗੁਰ-ਸ਼ਬਦ ਦਾ) ਹਿਰਦੇ ਵਿੱਚ ਧਿਆਨੀ ਬਣ ਜਾਵੇ, ਅੰਤਰ-ਆਤਮੇ ਹਮੇਸ਼ਾਂ ਗੁਰਸ਼ਬਦ ਦੀ ਚਿਤਵਨੀ (ਸਿਮਰਨ) ਕਰਦਾ ਰਹੇ।

ਆਪਾ-ਭਾਵ (ਹਉ-ਹੰਗਤਾ) ਦਾ ਤਿਆਗ ਕਰਕੇ ਹਮੇਸ਼ਾ ਗੁਰੂ ਪਰਾਇਣ ਹੋ ਜਾਵੇ। ਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ ਦਾਤਾ ਨਾ ਜਾਣੇ। ਸਤਿਗੁਰੂ ਜੀ ਫੁਰਮਾਨ ਕਰਦੇ ਹਨ, ਹੇ ਸੰਤ ਜਨੋ! ਧਿਆਨ ਦੇ ਕੇ ਸੁਣੋ! ਅਜੇਹਾ ਜੀਵਨ ਜੁਗਤੀ ਦਾ ਧਾਰਨੀ ਹੀ ਆਗਿਆਕਾਰੀ ਸੇਵਕ ਗੁਰਸਿੱਖ ਅਖਵਾ ਸਕਦਾ ਹੈ ਹੋਰ ਨਹੀਂ :—

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥
ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ॥
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥ ੨੧॥

ਅਨੰਦ ਸਾਹਿਬ (ਪੰਨਾ : ੯੧੯)

ਐਸੇ ਹੁਕਮ-ਰਜਾਈ ਚਲਣ ਵਾਲੇ ਗੁਰਸਿੱਖ ਨੂੰ ਸਾਹਿਬ ਚੌਥੇ ਪਾਤਸ਼ਾਹ ਮਹਾਨਤਾ ਵੀ ਬਹੁਤ ਬਖਸ਼ਸ਼ ਕਰਦੇ ਹਨ ਕਿ ਉਹ ਗੁਰਸਿੱਖ ਧੰਨ ਧੰਨ ਹੈ ਜੋ ਹੋਰ ਸਾਰੀਆਂ ਓਟਾਂ ਤੇ ਆਸਰੇ ਛੱਡ ਕੇ ਸਤਿਗੁਰੂ ਦੀ ਸ਼ਰਣ ਵਿੱਚ ਆ ਪਿਆ ਹੈ, ਉਹ ਗੁਰਸਿੱਖ ਧੰਨਤਾ ਦੇ ਯੋਗ ਹੈ ਜੋ ਹਮੇਸ਼ਾਂ ਮੂੰਹ ਦੇ ਨਾਲ ਹਰੀ-ਵਾਹਿਗੁਰੂ ਦਾ ਨਾਮ ਜਪਦਾ ਹੈ। ਉਹ ਗੁਰਸਿੱਖ ਧੰਨਤਾ ਦੇ ਯੋਗ ਹੈ, ਜਿਸਨੂੰ ਪ੍ਰਮੇਸ਼ਰ ਜੀ ਦਾ ਨਾਮ ਸੁਣਨ ਨਾਲ ਮਨ ਵਿੱਚੋਂ ਅਨੰਦ ਆਉਣ ਲੱਗ ਪਿਆ ਹੈ। ਉਹ ਗੁਰਸਿੱਖ ਧੰਨਤਾ ਦੇ ਯੋਗ ਹੈ ਜਿਸ ਨੇ ਗੁਰੂ ਸੇਵਾ ਦੀ ਕਾਰ ਕਰਕੇ ਗੁਰੂ ਨੂੰ ਪ੍ਰਸੰਨ ਕਰ ਗੁਰੂ ਪਾਸੋਂ ਨਾਮ ਦੀ ਦਾਤ ਪ੍ਰਾਪਤ ਕਰ ਲਈ ਹੈ। ਐਸੇ ਕਰਣੀ ਵਾਲੇ ਗੁਰਸਿੱਖ ਨੂੰ ਮੈਂ ਸਦਾ ਸਦਾ ਨਮਸਕਾਰ ਕਰਦਾ ਹਾਂ ਜਿਹੜਾ ਗੁਰਸਿੱਖ ਗੁਰੂ ਦੇ ਭਾਣੇ ਵਿੱਚ ਆ ਕੇ, ਹੁਕਮ-ਰਜਾਈ ਜੀਵਨ ਦਾ ਧਾਰਨੀ ਬਣ ਗਿਆ ਹੈ :—

ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ॥
ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥

ਵਡਹੰਸ ਕੀ ਵਾਰ ਮ: ੩ ॥ ਪਉੜੀ (ਪੰਨਾ : ੫੯੩)

ਐਸਾ ਗੁਰਸਿੱਖ ਜੋ **"ਸਗਲ ਦੁਆਰ ਕਉ ਛਾਡ ਕੈ ਗਹਿਓ ਤੁਹਾਰੋ ਦੁਆਰ"** ਦਾ ਧਾਰਨੀ ਬਣ ਕੇ ਹਮੇਸ਼ਾਂ ਲਈ ਆਪਾ ਗੁਰੂ ਨੂੰ ਸਮੱਰਪਤ ਕਰ, **"ਉਠਤ ਬੈਠਤ ਸੋਵਤ ਧਿਆਈਐ ਮਾਰਗ ਚਲਤ ਹਰੇ ਹਰ ਗਾਈਐ"** ਦਾ ਧਾਰਨੀ ਬਣ, ਨਾਮ ਦੇ ਅਮ੍ਰਿਤ ਰਸ ਨੂੰ ਮਾਣਦਾ, **"ਆਪ ਜਪੈ ਅਵਰਹ ਨਾਮ ਜਪਾਵੈ"** ਦੀ ਕਾਰ ਤੱਤਪਰ ਹੋ ਕੇ ਕਰਦਾ ਹੈ, ਫਿਰ ਸਤਿਗੁਰੂ ਗਰੰਟੀ ਦਿੰਦੇ ਹਨ, ਉਸ ਗੁਰਸਿੱਖ ਵਿੱਚ ਤੇ ਗੁਰੂ ਵਿੱਚ ਭੋਰਾ ਜਿੰਨਾਂ ਵੀ ਫਰਕ ਨਹੀਂ ਰਹਿੰਦਾ ਉਹ ਗੁਰਸਿੱਖ ਗੁਰੂ ਦਾ ਹੀ ਰੂਪ ਬਣ ਜਾਂਦਾ ਹੈ:—

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥
ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ॥

ਆਸਾ ਮ: ੪ (ਪੰਨਾ : ੪੪੪)

ਵੱਖ ਵੱਖ ਕਿਰਤੀਆਂ ਨੂੰ ਉਪਦੇਸ਼

ਜਿਥੇ ਸਾਹਿਬਾਂ ਨੇ ਹਿੰਦੂ ਮੱਤ ਦੇ ਧਾਰਨੀਆਂ, ਇਸਲਾਮ ਵਿੱਚ ਯਕੀਨ ਰੱਖਣ ਵਾਲਿਆਂ, ਗੁਰੂ ਮੱਤ ਦੇ ਧਾਰਨੀ ਗੁਰ ਸਿੱਖਾਂ ਨੂੰ ਅਤੇ ਤਿਆਗੀਆਂ ਨੂੰ ਸੱਚਾ-ਸੁੱਚਾ ਉਪਦੇਸ਼ ਪ੍ਰਦਾਨ ਕੀਤਾ ਹੈ, ਉੱਥੇ ਸਾਹਿਬਾਂ ਨੇ ਵੱਖ-ਵੱਖ ਇਸ਼ਟਾਂ ਦੇ ਪੂਜਕਾਂ ਨੂੰ ਸੱਚੇ

ਬਿਸ਼ਨੂੰ ਭਗਤ, ਸੱਚੇ ਰਾਮ ਭਗਤ, ਉੱਚ ਆਦਰਸ਼ ਦੇ ਤਿਆਗੀ, ਉੱਚ-ਆਚਰਣ ਦੇ ਸੰਨਿਆਸੀ, ਉੱਚ-ਪਾਏ ਦੇ ਬੈਰਾਗੀ, ਰਾਮਦਾਸ ਤੇ ਭਗਉਤੀ ਬਣਨ ਲਈ ਬਿਨ੍ਹਾਂ ਭਰਮ-ਭੇਦ ਵਿਤਕਰੇ ਦੇ, ਗੁਰਬਾਣੀ ਵਿਚ ਮਾਰਗ ਦਰਸ਼ਨ ਕੀਤਾ ਹੈ। ਨਿਰਾ ਧਾਰਮਕ ਪਾਂਧੀਆਂ ਦਾ ਹੀ ਮਾਰਗ-ਦਰਸ਼ਨ ਨਹੀਂ ਕੀਤਾ। ਹਰੇਕ ਕਮਾਮ ਦੇ ਕਰਨ ਵਾਲਿਆਂ ਨੂੰ ਵੀ "**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥**" ਜੋੜਨ ਦੀ ਜੁਗਤੀ ਪ੍ਰਦਾਨ ਕੀਤੀ ਹੈ।

ਸੋਰਠ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਪੜ੍ਹੋ ਕਿਵੇਂ ਸਾਹਿਬਾਂ ਨੇ ਕਿਰਸਾਨ ਨੂੰ ਹਲ ਵਾਹੁੰਦਿਆਂ, ਫਸਲ ਬੀਜਦਿਆਂ, ਪਾਣੀ ਦਿੰਦਿਆਂ ਮਨ ਨੂੰ ਹਾਲੀ ਬਣਾ ਕੇ ਪ੍ਰਮਾਰਥ ਦੀ ਖੇਤੀ ਬੀਜਣ ਦੀ ਪ੍ਰੇਰਨਾ ਦਿੱਤੀ ਹੈ। ਹੱਟੀ (ਦੁਕਾਨ-ਦਾਰੀ) ਕਰਨ ਵਾਲੇ ਨੂੰ ਸਤਿਗੁਰੂ ਜੀ ਨੇ ਇਹ ਨਹੀਂ ਕਿਹਾ ਕਿ ਤੂੰ ਦੁਕਾਨਦਾਰੀ ਛੱਡ ਕੇ ਮਾਲਾ ਲੈ ਕੇ ਬੈਠ ਜਾਹ ਜਾਂ ਆਪਣੀ ਜਿੰਮੇਵਾਰੀ ਤੋਂ ਕੰਨੀ ਕਤਰਾ ਕੇ ਜੰਗਲਾਂ ਨੂੰ ਭੱਜ ਜਾਹ। ਨਹੀਂ, ਸੁਹਣੀ ਤਰ੍ਹਾਂ ਕਿਰਤ ਕਰਨ ਲਈ ਚੰਗੀ ਤਰ੍ਹਾਂ ਦੁਕਾਨ ਚਲਾ, ਪਰ ਨਾਲ ਜੋ ਅਸਲੀ ਲਾਭ ਪ੍ਰਾਪਤ ਕਰਨ ਵਾਸਤੇ ਪ੍ਰਮੇਸ਼ਰ ਜੀ ਨੇ ਤੈਨੂੰ ਸੁਹਣਾ ਸਰੀਰ ਦਿੱਤਾ ਹੈ ਉਸਨੂੰ ਵੀ ਨਜ਼ਰ-ਅੰਦਾਜ ਨ ਕਰ ਯਾਦ ਰੱਖੀਂ "**ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ॥ ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ॥ ਧੰਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ॥**" ਆਤਮਾ ਦੇ ਮੇਲ ਦਾ ਵਪਾਰ ਕਰਨ ਦੇ ਬਚਨਾਂ ਨੂੰ ਵੀ ਯਾਦ ਰੱਖਣਾ ਹੈ।

ਸਾਹਿਬਾਂ ਸੁਦਾਗਰੀ ਕਰਨ ਵਾਲੇ ਵਪਾਰੀ ਨੂੰ ਵੀ ਪ੍ਰੇਰਨਾ ਦਿੱਤੀ ਹੈ ਕਿ ਸੰਸਾਰ ਵਿੱਚ ਵਿਚਰਦਿਆਂ ਆਪਣੇ ਪੇਟ ਦੀ ਪੂਰਤੀ, ਰੁਜ਼ਗਾਰ ਵਾਸਤੇ ਕਿਸੇ ਤੇ ਭਾਰ ਨ ਬਣੇ। ਪਰ ਸੁਦਾਗਰੀ ਕਰਦਿਆਂ ਯਾਦ ਰੱਖੀਂ ਨਿਰਾ ਮਾਇਆ ਹੀ ਇਕੱਠੀ ਨਹੀਂ ਕਰੀ ਜਾਣੀ, ਕਿਉਂਕਿ ਗੁਰੂ ਫੁਰਮਾਨ ਹੈ "**ਬਾਬਾ ਮਾਇਆ ਸਾਥਿ ਨ ਹੋਇ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ**"॥ ਮਾਇਆ ਨੇ ਏਥੇ ਹੀ ਰਹਿ ਜਾਣਾ ਹੈ। ਜਿਸ ਵਸਤੂ ਨੂੰ ਵਿਹਾਜਣ ਵਾਸਤੇ ਮਾਲਕ ਨੇ ਤੈਨੂੰ ਇਸ ਸੰਸਾਰ ਵਿੱਚ ਸਵਾਸਾਂ ਦੀ ਪੂੰਜੀ ਦੇ ਕੇ ਭੇਜਿਆ ਹੈ, ਇਨ੍ਹਾਂ ਅਮੋਲਕ ਸਵਾਸਾਂ ਨਾਲ "**ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ**" ਕਿਉਂਕਿ "**ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ**"।

ਸਤਿਗੁਰਾਂ, ਚਾਕਰੀ (ਨੌਕਰੀ) ਕਰਨ ਵਾਲੇ ਨੂੰ ਵੀ ਪ੍ਰੇਰਨਾ ਦਿੱਤੀ ਹੈ। ਤਕੜਾ ਹੋ ਕੇ ਸੰਸਾਰਕ ਕਾਰ ਜੋ ਤੇਰੇ ਜਿੰਮੇ ਲੱਗੀ ਹੈ, ਸਦਾਚਾਰੀ ਢੰਗ ਨਾਲ ਕਾਰ ਕਰਦਾ ਹਮੇਸ਼ਾਂ ਬੁਰਿਆਈਆਂ ਤੋਂ ਬਚਿਆ ਰਹੀਂ ਤੇ "**ਮੰਨਿ ਨਾਮੁ ਕਰਿ ਕੰਮੁ**"। ਨਾਮ ਦਾ ਮੰਨ੍ਹਣ ਕਰਨ ਦਾ ਕਾਰਜ ਜ਼ਰੂਰ ਕਰਦਾ ਰਹੀ। ਜੇ ਨਾਮ ਮੰਨ੍ਹਣ ਦਾ ਕਾਰਜ ਕਰਦੇ ਰਿਹੋ ਤਾਂ ਤੂੰ

ਗੁਰੂ ਦ੍ਰਿਸ਼ਟੀ ਵਿੱਚ ਪ੍ਰਵਾਨ ਚੜ੍ਹ ਜਾਵੇਂਗਾ। ਜੇ ਅਵੇਸਲਾ ਹੋ ਗਿਉਂ ਫਿਰ ਪੁੱਛਿਆ ਜਾਵੇਗਾ "**ਕਿਆ ਤੈ ਖਟਿਆ ਕਹਾ ਗਵਾਇਆ॥**" ਫਿਰ ਜਬਾਬ ਦੇਣਾ ਔਖਾ ਹੋ ਜਾਵੇਗਾ। ਧੰਨ ਹਨ ਸਤਿਗੁਰੂ ਜੀ ਜੋ ਹਰ ਥਾਂ, ਹਰ ਸਥਿਤੀ ਵਿੱਚ ਕਿਰਤ ਵਿਰਤ ਕਰਦਿਆਂ ਸੱਚ-ਧੁਰੇ ਨਾਲ ਜੁੜੇ ਰਹਿਣ ਦੀ ਜੁਗਤੀ ਹਰੇਕ ਨੂੰ ਬਿਨ੍ਹਾਂ ਵਿਤਕਰੇ ਬਖਸ਼ਸ਼ ਕਰ ਰਹੇ ਹਨ :—

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥ ੧॥
ਬਾਬਾ ਮਾਇਆ ਸਾਥਿ ਨ ਹੋਇ॥
ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥ ਰਹਾਉ॥
ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ॥
ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ॥
ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ॥ ੨॥
ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ॥
ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ॥
ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ॥ ੩॥
ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ॥
ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ।
ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ॥ ੪॥ ੨॥

ਸੋਰਠਿ ਮ: ੧ (ਪੰਨਾ : ੫੯੫)

ਜਿਥੇ ਸਾਹਿਬਾਂ, ਹਿੰਦੂ, ਮੁਸਲਮਾਨ, ਸਿੱਖਾਂ ਅਤੇ ਜੋਗੀਆਂ ਨੂੰ ਸੱਚਾ-ਸੁੱਚਾ, ਉਪਦੇਸ਼ ਪ੍ਰਦਾਨ ਕੀਤਾ ਉੱਥੇ ਖਟ-ਦਰਸ਼ਨ ਦੇ ਧਾਰਨੀਆਂ ਤੇ ਕਿਰਤੀਆਂ ਨੂੰ ਸਰਲ-ਸੌਖਾ ਉਪਦੇਸ਼ ਦੇ ਕੇ ਪ੍ਰਭੂ ਚਰਨਾਂ ਨਾਲ ਜੋੜਿਆ। ਇਹ ਸਾਹਿਬਾਂ ਦੀ ਰਹਿਮਤ ਹੈ ਪ੍ਰਭੂ ਜਾਤ ਨੂੰ ਆਪਣੇ ਧੁਰੇ ਪ੍ਰਭੂ ਜੀ ਨਾਲ ਅਭੇਦ ਹੋਣ ਵਾਸਤੇ "**ਭੀੜਹੁ ਮੋਕਲਾਈ ਕੀਤੀਅਨੁ**" ਦੀਆਂ ਦਾਤਾਂ ਬਖਸ਼ਸ਼ ਕੀਤੀਆਂ ਹਨ।

ਆਉਣ ਵਾਲੇ ਸਮੇਂ ਵਿੱਚ ਕੋਈ ਇਹ ਤਰਕ ਵੀ ਖੜ੍ਹੀ ਕਰ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਾਡੀ ਕੌਮ ਜਾਂ ਜਿਸ ਮੱਤ ਦੇ ਅਸੀਂ ਧਾਰਨੀ ਹਾਂ, ਸਾਡੇ ਲਈ ਕੋਈ ਉਪਦੇਸ਼ ਦਰਜ ਨਹੀਂ ਕੀਤਾ, ਜਿਸ ਦੇ ਧਾਰਨੀ ਬਣਨਾ ਸਾਡੇ ਲਈ ਜ਼ਰੂਰੀ ਹੋਵੇ।

ਇਹੋ ਜੇਹੀਆਂ ਉਕਤੀਆਂ-ਜੁਗਤੀਆਂ ਦੇ ਭਰਮ ਸੰਸੇ ਦੀ ਨਵਿਰਤੀ ਲਈ ਸਾਹਿਬਾਂ ਸਾਰੀ ਬਾਣੀ ਵਿੱਚ ਉਪਦੇਸ਼ ਹੀ ਮਨ ਨੂੰ ਸੰਬੋਧਨ ਕਰ ਕੇ ਦਿੱਤਾ ਹੈ। ਮਨ ਸਾਡੇ ਸਾਰਿਆਂ ਵਿੱਚ ਹੈ ਚਾਹੇ ਉਹ ਕਿਸੇ ਕੌਮ, ਕਿਸੇ ਨਸਲ, ਕਿਸੇ ਫਿਰਕੇ ਨਾਲ ਸੰਬੰਧ ਰੱਖਦਾ ਹੋਵੇ ਅਤੇ ਕਿਸੇ ਵੀ ਦੇਸ਼-ਵਿਦੇਸ਼ ਦਾ ਵਾਸੀ ਹੋਵੇ। ਦੂਸਰੇ ਸਾਹਿਬਾਂ ਨੇ ਉਪਦੇਸ਼ ਬਖਸ਼ਸ਼ ਕਰਨ ਲੱਗਿਆਂ ਬਹੁਤੀ ਵੇਰ ਗੁਰਬਾਣੀ ਵਿੱਚ 'ਕੋਈ' ਸ਼ਬਦ ਬਾਰੰਬਾਰ ਵਰਤਿਆ ਹੈ। "ਕੋਈ" ਵਿੱਚ ਸਾਰੀ ਮਨੁੱਖ-ਜਾਤ ਆ ਜਾਂਦੀ ਹੈ। ਜਿਹੜਾ ਵੀ ਪੜ੍ਹੇ-ਸੁਣੇ, ਕਮਾਵੇਗਾ ਉਸਦਾ ਨਿਸਤਾਰਾ ਅਵੱਸ਼ ਹੋ ਜਾਵੇਗਾ। ਪੜ੍ਹਨ-ਸੁਣਨ, ਕਮਾਉਣ ਵਾਲਿਆਂ ਦੀ ਖੋਟੀ ਮੱਤ ਬਿਲਾ (ਭੱਜ) ਜਾਵੇਗੀ। ਪਾਪ ਕਰਮਾਂ ਦੀ ਮੈਲ ਨਾਸ਼ ਹੋ ਜਾਵੇਗੀ, ਆਤਮਾਂ ਪਵਿੱਤਰ ਹੋ ਕੇ ਪ੍ਰਮਾਤਮਾਂ ਨਾਲ ਅਭੇਦ ਹੋ ਜਾਵੇਗੀ। ਉਹਨਾਂ ਕਮਾਈ ਵਾਲੇ ਗੁਰਮੁਖਾਂ ਦੇ ਇਸ ਲੋਕ ਅਤੇ ਪ੍ਰਲੋਕ ਵਿੱਚ ਮੁੱਖ ਉਜਲੇ (ਪਵਿੱਤਰ) ਹੋਣਗੇ। ਮਾਇਆ ਉਹਨਾਂ ਤੇ ਪ੍ਰਭਾਵ ਨਹੀਂ ਪਾ ਸਕੇਗੀ। ਸਾਹਿਬ ਪੰਜਵੇਂ ਪਾਤਸ਼ਾਹ ਜੀ ਦਾ ਗਉੜੀ ਰਾਗ ਵਿੱਚ ਫੁਰਮਾਨ ਹੈ :—

ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ ॥
ਕੋ ਉਪਦੇਸੈ ਕੋ ਦ੍ਰਿੜੈ ਤਿਸ ਕਾ ਹੋਇ ਉਧਾਰੁ ॥
ਕਿਲਬਿਖ ਕਾਟੈ ਹੋਇ ਨਿਰਮਲਾ ਜਨਮ ਜਨਮ ਮਲੁ ਜਾਇ ॥
ਹਲਤਿ ਪਲਤਿ ਮੁਖੁ ਊਜਲਾ ਨਹ ਪੋਹੈ ਤਿਸੁ ਮਾਇ ॥

ਥਿਤੀ ਗਉੜੀ ਮ : ੫ (ਪੰਨਾ : ੩੦੦)

ਜਿਹੜਾ ਕੋਈ ਗੁਰੂ ਉਪਦੇਸ਼ ਨੂੰ ਆਪ ਪੜ੍ਹੇ, ਦੂਸਰੇ ਨੂੰ ਗੁਰੂ ਦਾ ਉਪਦੇਸ਼ ਸੁਣਾਵੇ, ਗੁਰੂ ਉਪਦੇਸ਼ ਵਿੱਚ ਬਰਕਤ ਹੈ ਦੋਵਾਂ ਦੀ ਮੈਲ ਉਤਾਰ ਦਿੰਦਾ ਹੈ ਅਤੇ ਦੋਵਾਂ ਨੂੰ ਹੀ ਮਨ ਬਾਂਛਤ ਫਲ ਪ੍ਰਾਪਤ ਹੁੰਦੇ ਹਨ। ਜੰਮਣ-ਮਰਣ ਦਾ ਚੱਕਰ ਵੀ ਖਤਮ ਹੋ ਜਾਂਦਾ ਹੈ। ਹਰੀ ਦੇ ਗੁਣ ਗਾਉਣ ਨਾਲ, ਜਿੱਥੇ ਹਰੀ ਦੇ ਗੁਣਾਂ ਦਾ ਗਵੱਈਆ ਆਪ ਤਰ ਜਾਂਦਾ ਹੈ ਉਸਦੇ ਸੰਗੀ-ਸਾਥੀ ਅਤੇ ਪਰਿਵਾਰ ਦਾ ਵੀ ਨਿਸਤਾਰਾ ਹੋ ਜਾਂਦਾ ਹੈ। ਕੈਸੀ ਹੈ ਗੁਰੂ ਉਪਦੇਸ਼ ਦੀ ਬਰਕਤ :—

ਕੋਈ ਗਾਵੈ ਕੋ ਸੁਣੈ ਕੋ ਉਚਰਿ ਸੁਨਾਵੈ ॥
ਜਨਮ ਜਨਮ ਕੀ ਮਲੁ ਉਤਰੈ ਮਨ ਚਿੰਦਿਆ ਪਾਵੈ ॥
ਆਵਣੁ ਜਾਣਾ ਮੇਟੀਐ ਹਰਿ ਕੇ ਗੁਣ ਗਾਵੈ ॥
ਆਪਿ ਤਰਹਿ ਸੰਗੀ ਤਰਾਹਿ ਸਭ ਕੁਟੰਬੁ ਤਰਾਵੈ ॥
ਜਨੁ ਨਾਨਕੁ ਤਿਸੁ ਬਲਿਹਾਰਣੈ ਜੋ ਮੇਰੇ ਹਰਿ ਪ੍ਰਭ ਭਾਵੈ ॥

ਸਲੋਕ ਮ: ੪ ਪਉੜੀ (ਪੰਨਾ :੧੩੧੯)

ਪ੍ਰਮਾਤਮਾਂ ਦਾ ਦਰ ਸਭਨਾਂ ਲਈ ਖੁੱਲ੍ਹਾ ਹੈ ਉਥੇ ਪੁਜਣ ਲਈ ਰਾਮ-ਜੱਸ ਕਰਨਾ ਤੇ ਸੁਨਣਾ ਪੈਂਦਾ ਹੈ। ਜੋ ਜੋ ਵੀ ਨਿਰਮਲ ਰਾਮ-ਜੱਸ ਕਰੇ ਤੇ ਸੁਣੇਗਾ ਉਸ ਦਾ ਆਵਾਗਵਣ ਦਾ ਦੁੱਖ ਨਾਸ਼ ਹੋ ਜਾਵੇਗਾ। ਮਨ ਅਤੇ ਤਨ ਵੀ ਬਿਗਾਸ (ਖਿੜਾਉ) ਦੀ ਅਵਸਥਾ ਵਿੱਚ ਪੁੱਜ ਜਾਵੇਗਾ। ਸਾਹਿਬਾਂ ਦਾ ਬਚਨ ਹੈ :—

ਜੋ ਜੋ ਸੁਨੈ ਰਾਮ ਜਸੁ ਨਿਰਮਲ ਤਾ ਕਾ ਜਨਮ ਮਰਣ ਦੁਖੁ ਨਾਸਾ ॥
ਕਹੁ ਨਾਨਕ ਪਾਈਐ ਵਡਭਾਗੀਂ ਮਨ ਤਨ ਹੋਇ ਬਿਗਾਸਾ ॥

ਸਾਰੰਗ ਮ: ੫ (ਪੰਨਾ : ੧੨੦੮)

ਤਥਾ :—ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ ॥
ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ ॥

ਕਾਨੜਾ ਮ: ੫ (ਪੰਨਾ : ੧੩੦੦)

ਉਸ ਮਾਲਕ ਪ੍ਰਭੂ ਨੇ ਬੀਜ ਰੂਪ ਵਿੱਚ ਸਭ ਨੂੰ ਗਿਆਨ ਵਿਰਸੇ ਵਿਚੋਂ ਹੀ ਦਿੱਤਾ ਹੈ। ਇਸ ਨਾਮ ਨੂੰ ਚੌਹਾਂ ਵਰਨਾਂ ਵਿੱਚੋਂ ਜਿਹੜਾ ਵੀ ਜਪ ਕੇ ਪ੍ਰਫੁਲਤ ਕਰ ਲਵੇਗਾ ਉਸ-ਉਸ ਦਾ ਨਿਸਤਾਰਾ ਹੋ ਜਾਵੇਗਾ। ਪਰ ਲੋੜ ਹੈ, ਜਪ ਕੇ ਉਸਨੂੰ ਫਲੀ-ਭੂਤ ਕਰਨ ਦੀ :—

ਬੀਜ ਮੰਤ੍ਰੁ ਸਰਬ ਕੋ ਗਿਆਨੁ ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥
ਜੋ ਜੋ ਜਪੈ ਤਿਸ ਕੀ ਗਤਿ ਹੋਇ ॥ ਸਾਧਸੰਗਿ ਪਾਵੈ ਜਨੁ ਕੋਇ ॥

ਸੁਖਮਨੀ ਮ : ੫ ॥ (ਪੰਨਾ : ੨੭੪)

ਤਥਾ :—ਜੋ ਜੋ ਜਪੈ ਸੁ ਹੋਇ ਪੁਨੀਤ ॥ ਭਗਤਿ ਭਾਇ ਲਾਵੈ ਮਨ ਹੀਤ ॥

(ਪੰਨਾ : ੨੯੦)

ਇਹ ਧੁਰ ਕੀ ਬਾਣੀ, ਭਗਤੀ ਦੇ ਅਮੋਲਕ ਲਾਲਾਂ-ਰਤਨਾਂ ਦਾ ਖਜ਼ਾਨਾ ਹੈ, ਇਹ ਬਾਣੀ ਗਾਉਣ, ਸੁਨਣ, ਕਮਾਉਣ ਵਾਲਿਆਂ ਦਾ ਨਿਸਤਾਰਾ ਕਰਨ ਦੀ ਸਮਰੱਥਾ ਰੱਖਦੀ ਹੈ। ਲੋੜ ਹੈ ਗੁਰੂ ਉਪਦੇਸ਼ ਦੇ ਧਾਰਨੀ ਬਨਣ ਦੀ।

ਭਗਤਿ ਭੰਡਾਰ ਗੁਰਬਾਣੀ ਲਾਲ ॥

ਗਾਵਤ ਸੁਨਤ ਕਮਾਵਤ ਨਿਹਾਲ ॥

ਆਸਾ ਮ : ੫ (ਪੰਨਾ : ੩੭੬)

ਜਿਥੇ ਸਾਹਿਬਾਂ ਤੇ ਭਗਤਾਂ ਨੇ "ਕੋਈ" ਸ਼ਬਦ ਵਰਤ ਕੇ ਸਾਰੀ ਮਨੁੱਖਤਾ ਨੂੰ ਸਰਬ-ਸਾਂਝੀਵਾਲਤਾ ਦਾ ਸਾਂਝਾ ਉਪਦੇਸ਼ ਬਖਸ਼ਸ਼ ਕੀਤਾ ਹੈ, ਉੱਥੇ ਥਾਂ-ਥਾਂ ਮਨ ਨੂੰ ਸੰਬੋਧਨ ਕਰਕੇ ਆਪਣੇ ਧੁਰੇ ਨਾਲ ਅਭੇਦ ਹੋਣ ਲਈ ਪ੍ਰੇਰਨਾ ਦਿੱਤੀ ਹੈ ਜੋ ਇਹ ਜੋਤ ਸਰੂਪੀ-ਮਨ"[1] ਆਪਣੇ ਅਸਲੇ ਜੋਤ ਸਰੂਪ ਜਿਸਦੀ ਇਹ ਅੰਸ਼"[2] ਹੈ ਉਸ ਨਾਲ ਇੱਕ-ਮਿਕ ਹੋ ਕੇ ਉਸ ਦਾ ਰੂਪ ਬਣ ਜਾਵੇ ਤੇ ਇਸਦੀ ਮ੍ਰਿਗ-ਤ੍ਰਿਸ਼ਨਾ ਰੂਪੀ ਭਟਕਣਾ ਸਦਾ ਲਈ ਖਤਮ ਹੋ ਜਾਵੇ। ਮਾਲਕ ਨਾਲ ਅਭੇਦ ਹੋਣ ਵਾਸਤੇ ਸਚਿਆਰ ਬਨਣ ਦੀ ਲੋੜ ਹੈ। ਜਦੋਂ ਸਚਿਆਰ ਬਣ ਗਿਆ ਫਿਰ ਕੂੜ ਦੀ ਦੀਵਾਰ ਟੁੱਟ ਜਾਣੀ ਹੈ—"**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ**" ਸਰੀਰ ਸਚਿਆਰ ਬਣ ਹੀ ਨਹੀਂ ਸਕਦਾ, ਸਰੀਰ ਤਾਂ ਸਾਹਿਬਾਂ ਦੇ ਫੁਰਮਾਨ ਅਨੁਸਾਰ "**ਬਿਸਟਾ ਅਸਤ ਰਕਤੁ ਪਰੇਟੇ ਚਾਮ ॥ ਇਸੁ ਊਪਰਿ ਲੇ ਰਾਖਿਓ ਗੁਮਾਨ ॥**" ਚਾਰ ਚੀਜ਼ਾਂ, ਗੰਦਗੀ, ਹੱਡੀਆਂ, ਲਹੂ, ਚੰਮੜੀ, ਦਾ ਸੰਗ੍ਰਹਿ ਹੈ, ਇਹਨਾਂ ਵਿਚੋਂ ਕਿਸੇ ਨੂੰ ਵੀ ਸ਼ੁੱਧ ਨਹੀਂ ਕੀਤਾ ਜਾ ਸਕਦਾ। ਸਰੀਰ ਤਾਂ, ਮਨ ਨੂੰ ਸਚਿਆਰ ਬਨਾਉਣ ਵਾਸਤੇ ਪ੍ਰਮੇਸ਼ਰ ਜੀ ਨੇ ਇੱਕ ਵਸੀਲਾ ਦਿੱਤਾ ਹੈ ਇਸ ਸਰੀਰ-ਵਸੀਲੇ ਦੀ ਗੁਰੂ ਅਗਵਾਈ ਵਿੱਚ ਵਰਤੋਂ ਕਰਕੇ ਮਨ ਨੇ ਖੁਦ ਆਪ ਸਚਿਆਰ ਬਨਣਾ ਹੈ। ਜਦੋਂ ਮਨ ਸਚਿਆਰ ਬਣ ਗਿਆ, ਫਿਰ ਤਾਂ ਸਭ ਤੋਂ ਉੱਚੀ ਪੱਦਵੀ ਨੂੰ ਪ੍ਰਾਪਤ ਕਰ ਗਿਆ। ਸਾਹਿਬਾਂ ਦੇ ਫੁਰਮਾਨ ਅਨੁਸਾਰ ਸੱਚ ਤੋਂ ਸਭ ਕੁਝ ਨੀਵਾਂ ਹੈ, ਪਰ ਸੱਚ ਦੀ ਰਹਿਣੀ ਸੱਚ ਤੋਂ ਵੀ ਉੱਚੀ ਹੈ :—

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥

ਸਿਰੀਰਾਗੁ ਮ: ੧ (ਪੰਨਾ : ੬੨)

ਸਚਿਆਰ ਬਣ ਗਏ ਮਨੁੱਖ ਨੂੰ ਪ੍ਰਭੂ ਐਸੀ ਬਿਰਤੀ ਬਖਸ਼ਸ਼ ਕਰ ਦਿੰਦਾ ਹੈ ਕਿ ਸੰਸਾਰ ਵਿੱਚ ਉਸਨੂੰ ਮਾੜਾ-ਨੀਵਾਂ ਕੋਈ ਦਿੱਸਦਾ ਹੀ ਨਹੀਂ, ਸਚਿਆਰ ਸੱਭ ਨੂੰ ਆਪਣੇ ਤੋਂ ਉੱਚਾ ਸਮਝਦਾ ਹੈ। ਉਸਨੂੰ ਇਹ ਸੋਝੀ ਹੋ ਆਉਂਦੀ ਹੈ ਕਿ ਇਹ ਸਾਰੇ

੧. ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥ ਆਸਾ ਮ: ੨ (ਪੰਨਾ ੪੪੧)

੨. ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਰਾਗ ਗੋਂਡ ਕਬੀਰ (ਪੰਨਾ ੮੭੧)

ਸਰੀਰ ਰੂਪੀ ਭਾਂਡੇ ਉਸ ਇੱਕ ਪ੍ਰਮਾਤਮਾਂ ਨੇ ਹੀ ਬਣਾਏ ਹਨ। ਤਿੰਨਾਂ ਲੋਕਾਂ ਵਿੱਚ ਇੱਕ ਹੀ ਪ੍ਰਭੂ ਪ੍ਰਕਾਸ਼ਮਾਨ ਹੋ ਕੇ ਵਰਤ ਰਿਹਾ ਹੈ, ਗੁਰੂ ਦੀ ਬਖਸ਼ਸ਼ ਨਾਲ ਜਗਿਆਸੂ ਸਚਿਆਰਤਾ ਪ੍ਰਾਪਤ ਕਰ ਸਦਾ ਸੱਚ ਵਿੱਚ ਅਭੇਦ ਹੋ ਜਾਂਦਾ ਹੈ :—

ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥

ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥

ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥

ਸਿਰੀਰਾਗੁ : ੧ (ਪੰਨਾ : ੬੨)

ਮਨ ਨੂੰ ਸਚਿਆਰ ਬਣਨ ਲਈ ਉਪਦੇਸ਼

ਮਨ ਨੂੰ ਸਚਿਆਰ ਬਨਾਉਣ ਵਾਸਤੇ ਸਤਿਗੁਰੂ ਨਾਨਕ ਪਾਤਸ਼ਾਹ ਜੀ ਮਨ ਨੂੰ ਸੰਬੋਧਨ ਕਰਕੇ ਕਦੀ ਪਿਆਰ ਨਾਲ, ਕਦੇ ਝਿੜਕ ਕੇ ਇਸ ਨੂੰ ਗੁਰੂ ਚਾਲੀ ਦੇ ਧਾਰਨੀ ਬਨਣ ਲਈ ਪ੍ਰੇਰਨਾ ਦਿੰਦੇ ਹਨ। ਹੇ ਮਨ! ਤੂੰ ਅਣਜਾਣ ਨ ਬਣ, ਸਮਝਦਾਰ ਬਣ ਕੇ ਅਉਗੁਣਾਂ ਦਾ ਤਿਆਗ ਕਰ ਦੇਹ ਅਤੇ ਗੁਣਾਂ ਦਾ ਧਾਰਨੀ ਬਣ ਜਾਹ। ਐਵੇਂ ਵਿਸ਼ੇ ਵਿਕਾਰਾਂ ਦੇ ਸਵਾਦਾਂ ਮਗਰ ਨਾ ਭਟਕ ਜੇ ਇੱਕ ਵਾਰੀ ਵਿਛੋੜਾ ਪੈ ਗਿਆ ਪਤਾ ਨਹੀਂ ਫਿਰ ਪ੍ਰਭੂ ਨਾਲ ਕਦੋਂ ਮਿਲਾਪ ਹੋਵੇਗਾ। ਜਮ-ਮਾਰਗ ਬਹੁਤ ਦੁਖਦਾਈ ਹੈ। ਜਿਹੜਾ ਮਨੁੱਖ ਕਿਸੇ ਸਮੇਂ ਵੀ ਪ੍ਰਮਾਤਮਾਂ ਨੂੰ ਚੇਤੇ ਨਹੀਂ ਕਰਦਾ ਉਹ ਕਿਵੇਂ ਛੁੱਟ ਸਕਦਾ ਹੈ ? ਭਾਵ ਨਹੀਂ ਛੁੱਟ ਸਕਦਾ।

ਹੇ ਮੇਰੇ ਮਨ! ਤੂੰ ਐਵੇਂ ਫਜ਼ੂਲ ਜੰਜਾਲਾਂ ਵਿੱਚ ਫਸਿਆ ਹੋਇਆ ਹੈਂ। ਇਹਨਾਂ ਦਾ ਤਿਆਗ ਕਰਕੇ ਸਰਬ-ਵਿਆਪਕ ਪ੍ਰਭੂ ਦਾ ਸਿਮਰਨ ਕਰ, ਜੋ ਸਦਾ ਨਿਰਲੇਪ ਹੈ। ਹੇ ਮੇਰੇ ਮਨ! ਉਸ ਇੱਕ ਸੱਚੇ ਦਾ ਅਰਾਧਨ ਕਰ ਜਿਸ ਨੇ ਸਾਰੇ ਸੰਸਾਰ ਨੂੰ ਪੈਦਾ ਕੀਤਾ ਹੈ ਅਤੇ ਪਉਣ, ਪਾਣੀ, ਅੱਗ ਸਭ ਆਪਣੇ ਹੁਕਮ ਰੂਪੀ ਮਰਿਆਦਾ ਵਿੱਚ ਬੰਨ੍ਹੇ ਹਨ। ਹੇ ਮੇਰੇ ਮਨ! ਨਾਮ ਹੀ ਤੇਰਾ ਸੰਬੰਧੀ ਹੈ, ਨਾਮ ਹੀ ਮਿੱਤਰ ਅਤੇ ਤੇਰੀ ਰੱਖਿਆ ਕਰਨ ਵਾਲਾ ਹੈ। ਨਾਮ ਹੀ ਤੇਰੇ ਲਈ ਜਪ, ਤਪ, ਸੰਜਮ, ਤੇ ਹੋਰ ਸ੍ਰੇਸ਼ਟ ਕਰਮ ਹਨ :—

ਏ ਮਨ ਮੇਰਿਆ ਤੂ ਸਮਝੁ ਅਚੇਤ ਇਆਨਿਆ ਰਾਮ ॥

ਏ ਮਨ ਮੇਰਿਆ ਛਡਿ ਅਵਗਣ ਗੁਣੀ ਸਮਾਨਿਆ ਰਾਮ ॥

ਬਹੁ ਸਾਦ ਲੁਭਾਨੇ ਕਿਰਤ ਕਮਾਨੇ ਵਿਛੁੜਿਆ ਨਹੀਂ ਮੇਲਾ ॥

ਕਿਉਂ ਦੁਤਰੁ ਤਰੀਐ ਜਮ ਡਰਿ ਮਰੀਐ ਜਮ ਕਾ ਪੰਥੁ ਦੁਹੇਲਾ ॥

ਮਨਿ ਰਾਮੁ ਨਹੀਂ ਜਾਤਾ ਸਾਝ ਪ੍ਰਭਾਤਾ ਅਵਘਟਿ ਰੁਧਾ ਕਿਆ ਕਰੇ ॥

ਬੰਧਨਿ ਬਾਧਿਆ ਇਨ ਬਿਧਿ ਛੂਟੈ ਗੁਰਮੁਖਿ ਸੇਵੈ ਨਰਹਰੇ ॥੨॥

ਏ ਮਨ ਮੇਰਿਆ ਤੂ ਛੋਡਿ ਆਲ ਜੰਜਾਲਾ ਰਾਮ ॥
ਏ ਮਨ ਮੇਰਿਆ ਹਰਿ ਸੇਵਹੁ ਪੁਰਖੁ ਨਿਰਾਲਾ ਰਾਮ ॥
ਹਰਿ ਸਿਮਰਿ ਏਕੰਕਾਰੁ ਸਾਚਾ ਸਭੁ ਜਗਤੁ ਜਿੰਨਿ ਉਪਾਇਆ ॥
ਪਉਣੁ, ਪਾਣੀ, ਅਗਨਿ ਬਾਧੇ ਗੁਰਿ ਖੇਲੁ ਜਗਤਿ ਦਿਖਾਇਆ ॥
ਆਚਾਰਿ ਤੂ ਵੀਚਾਰਿ ਆਪੇ ਹਰਿ ਨਾਮ ਸੰਜਮ ਜਪ ਤਪੋ
ਸਖਾ ਸੈਨੁ ਪਿਆਰੁ ਪ੍ਰੀਤਮੁ ਨਾਮੁ ਹਰਿ ਕਾ ਜਪੁ ਜਪੋ ॥ ੨ ॥

ਤੁਖਾਰੀ ਮ: ੧ (ਪੰਨਾ : ੧੧੧੨)

ਹੇ ਮੇਰੇ ਮਨ! ਤੂੰ ਨਾਮ ਵਿੱਚ ਟਿਕਿਆ ਰਹੁ ਫਿਰ ਤੈਨੂੰ ਵਿਕਾਰਾਂ ਦੀਆਂ ਚੋਟਾਂ ਨਹੀਂ ਖਾਣੀਆਂ ਪੈਣਗੀਆਂ। ਹੇ ਮੇਰੇ ਮਨ! ਜੇ ਤੂੰ ਹਮੇਸ਼ਾਂ ਪ੍ਰਭੂ ਦੇ ਗੁਣ ਗਾਉਂਦਾ ਰਹੇਂਗਾ ਤਾਂ ਤੂੰ ਆਤਮਕ ਅਡੋਲਤਾ ਦੀ ਅਵਸਥਾ ਵਿੱਚ ਟਿਕ ਜਾਵੇਂਗਾ। ਹੇ ਮੇਰੇ ਮਨ! ਜੇ ਤੂੰ ਪਿਆਰ ਵਿੱਚ ਭਿੱਜ ਕੇ ਰਸੀਆ ਬਣ ਕੇ ਪ੍ਰਭੂ ਦੇ ਗੁਣ ਗਾਏਂਗਾ ਤਾਂ ਪ੍ਰਭੂ ਜੋ ਸਾਰੇ ਜਗਤ ਦਾ ਮਾਲਕ ਹੈ ਉਸਦਾ ਪ੍ਰਕਾਸ਼ ਤੈਨੂੰ ਪ੍ਰਾਪਤ ਹੋ ਜਾਵੇਗਾ। ਪੰਜੇ ਦੂਤ ਵੀ ਤੇਰੇ ਵੱਸ ਵਿੱਚ ਆ ਜਾਣਗੇ। ਹੇ ਮਨ! ਤੇਰੇ ਸਾਰੇ ਡਰ ਦੂਰ ਹੋ ਜਾਣਗੇ ਤੂੰ ਨਿਰਭਉ ਹੋ ਜਾਵੇਂਗਾ। ਹੇ ਮੇਰੇ ਮਨ! ਗੁਰੂ ਦੁਆਰਾ ਪ੍ਰਭੂ ਨੂੰ ਮਿਲਣ ਨਾਲ ਤੂੰ ਸੰਸਾਰ ਸਮੁੰਦਰ ਤੋਂ ਤਰ ਜਾਵੇਂਗਾ। ਤੇਰਾ ਇਸ ਸੰਸਾਰ ਵਿੱਚ ਆਉਣ ਦਾ ਕਾਰਜ ਵੀ ਪੂਰਾ ਹੋ ਜਾਵੇਗਾ—

ਏ ਮਨ ਮੇਰਿਆ ਤੂ ਥਿਰੁ ਰਹੁ ਚੋਟ ਨਾ ਖਾਵਹੀ ਰਾਮ ॥
ਏ ਮਨ ਮੇਰਿਆ ਗੁਣ ਗਾਵਹਿ ਸਹਜਿ ਸਮਾਵਹੀ ਰਾਮ ॥
ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰਹੇ ॥
ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ ॥
ਭੈ ਕਾਟਿ ਨਿਰਭਉ ਤਰਹਿ ਦੁਤਰੁ ਗੁਰਿ ਮਿਲਿਐ ਕਾਰਜ ਸਾਰਏ ॥
ਰੂਪੁ ਰੰਗੁ ਪਿਆਰੁ ਹਰਿ ਸਿਉ ਹਰਿ ਆਪਿ ਕਿਰਪਾ ਧਾਰਏ ॥ ੩ ॥

ਤੁਖਾਰੀ ਮ: ੧ (ਪੰਨਾ :੧੧੧੩)

ਹੇ ਮੇਰੇ ਮਨ! ਤੂੰ ਜਿਸ ਵੇਲੇ ਇਸ ਸੰਸਾਰ ਵਿੱਚ ਆਇਆ ਸੈਂ ਤੂੰ ਹੀ ਦੱਸ ਕਿ ਕੀ ਲੈ ਕੇ ਆਇਆ ਸੀ? ਸੋਚ, ਜਦੋਂ ਇਸ ਸੰਸਾਰ ਤੋਂ ਵਾਪਸ ਜਾਵੇਂਗਾ ਤਾਂ ਤੂੰ ਕੀ ਲੈ ਕੇ ਜਾਵੇਂਗਾ? ਹੇ ਮੇਰੇ ਮਨ! ਜਿੰਨਾਂ ਚਿਰ ਤੇਰਾ ਅਗਿਆਨ ਭਰਮ ਦੂਰ ਨਹੀਂ ਹੁੰਦਾ ਉਨ੍ਹਾਂ ਚਿਰ ਤੈਨੂੰ ਆਵਾ ਗਵਨ ਦੇ ਚੱਕਰ ਤੋਂ ਛੁਟਕਾਰਾ ਨਹੀਂ ਮਿਲਣਾ। ਹੇ ਮੇਜੇ ਮਨ! ਹਰੀ ਨਾਮ ਦਾ ਧਨ ਇਕੱਠਾ ਕਰ, ਹਰੀ ਨਾਮ ਦਾ ਸਉਦਾ ਹੀ ਵਿਹਾਜਿਆ ਕਰ। ਹੇ ਮੇਰੇ

ਮਨ! ਗੁਰੂ ਦੇ ਸ਼ਬਦ ਵਿੱਚ ਬਰਕਤ ਹੈ, ਗੁਰੂ ਦਾ ਸ਼ਬਦ ਜਨਮਾਂ-ਜਨਮਾਂਤਰਾਂ ਦੀ ਮੈਲ ਦੂਰ ਕਰ ਦਿੰਦਾ ਹੈ। ਜਿੱਥੇ ਨਾਮ ਪਵਿੱਤਤਾ ਬਖਸ਼ਸ਼ ਕਰਦਾ ਹੈ, ਉੱਥੇ ਸੱਚੇ ਘਰ ਦਾ ਵਾਸੀ ਵੀ ਬਣਾ ਦਿੰਦਾ ਹੈ। ਨਾਮ ਜੱਪ ਦੇ ਅੰਮ੍ਰਿਤ ਨੂੰ ਪੀਣ ਸਦਕਾ ਹੇ ਮੇਰੇ ਮਨ! ਤੂੰ ਇੱਜ਼ਤ ਮਾਣ ਨਾਲ ਆਪਣੇ ਨਿੱਜ ਘਰ ਵਿੱਚ ਨਿਵਾਸ ਕਰ ਲਵੇਂਗਾ। ਹੇ ਮੇਰੇ ਮਨ! ਪ੍ਰਮੇਸ਼ਰ ਦਾ ਨਾਮ ਸਦਾ ਸਿਮਰਨਾ ਚਾਹੀਦਾ ਹੈ। ਸਿਮਰਨ ਕਰਨ ਨਾਲ ਨਾਮ ਦਾ ਰਸ ਜੋ ਬਹੁਤ ਵੱਡਿਆ ਭਾਗਾਂ ਨਾਲ ਨਸੀਬ ਹੁੰਦਾ ਹੈ ਸੁਤੇ ਪ੍ਰਾਪਤ ਹੋ ਜਾਂਦਾ ਹੈ :—

ਏ ਮਨ ਮੇਰਿਆ ਤੂ ਕਿਆ ਲੈ ਆਇਆ ਕਿਆ ਲੈ ਜਾਇਸੀ ਰਾਮ ॥
ਏ ਮਨ ਮੇਰਿਆ ਤਾ ਛੁਟਸੀ ਜਾ ਭਰਮੁ ਚੁਕਾਇਸੀ ਰਾਮ ॥
ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ ਪਛਾਣਹੇ ॥
ਮੈਲੁ ਪਰਹਰਿ ਸਬਦਿ ਨਿਰਮਲੁ ਮਹਲੁ ਘਰੁ ਸਚੁ ਜਾਣਹੇ ॥
ਪਤਿ ਨਾਮੁ ਪਾਵਹਿ ਘਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ ॥
ਹਰਿ ਨਾਮੁ ਧਿਆਈਐ ਸਬਦਿ ਰਸੁ ਪਾਈਐ ਵਡਭਾਗਿ ਜਪੀਐ ਹਰਿ ਜਸੋ ॥ ੪ ॥

ਤੁਖਾਰੀ ਮ: ੧ (ਪੰਨਾ : ੧੧੧੩)

ਹੇ ਮੇਰੇ ਮਨ! ਤੂੰ ਆਪ ਹੀ ਦੱਸ, ਪੌੜੀ ਤੋਂ ਬਿਨਾਂ ਕੋਠੇ ਉੱਪਰ ਕਿਵੇਂ ਕੋਈ ਚੜ੍ਹ ਸਕਦਾ ਹੈ? ਇਸੇ ਤਰ੍ਹਾਂ ਨਾਮ ਤੋਂ ਬਿਨ੍ਹਾਂ ਕੋਈ ਪ੍ਰਭੂ ਤੱਕ ਨਹੀਂ ਪਹੁੰਚ ਸਕਦਾ। ਹੇ ਮੇਰੇ ਮਨ! ਜਿਵੇਂ ਦਰਿਆ ਬੇੜੀ ਤੋਂ ਬਿਨਾਂ ਪਾਰ ਨਹੀਂ ਕੀਤਾ ਜਾ ਸਕਦਾ। ਪਿਆਰਾ ਸੱਜਣ, ਜੋ ਬੇਅੰਤ, ਅਪਾਰ ਹੈ, ਉਹ ਵੀ ਸੰਸਾਰ ਸਾਗਰ ਦੀਆਂ ਲਹਿਰਾਂ ਤੋਂ ਪਰੇ ਹੈ। ਗੁਰੂ ਸ਼ਬਦ ਵਿਚ ਸੁਰਤ ਜੋੜਨ ਦੀ ਓਟ ਲੈ ਕੇ ਹੀ ਸੰਸਾਰ ਸਮੁੰਦਰ ਦੀਆਂ ਲਹਿਰਾਂ ਲੰਘ ਕੇ ਉਸਦਾ ਮਿਲਾਪ ਸੰਭਵ ਹੈ। ਹੇ ਮੇਰੇ ਮਨ! ਜੇ ਤੂੰ ਸਾਧ ਸੰਗਤ ਨਾਲ ਮਿਲ ਕੇ ਨਾਮ-ਰੰਗ ਦੀਆਂ ਮੌਜਾਂ ਮਾਣ ਲਵੇਂ, ਫਿਰ ਤੈਨੂੰ ਪਛਤਾਉਣਾਂ ਨਹੀਂ ਪਵੇਗਾ। ਹੇ ਮੇਰੇ ਮਨ! ਗੁਰੂ ਅੱਗੇ ਅਰਦਾਸ ਕਰਿਆ ਕਰ, ਹੇ ਸਤਿਗੁਰੂ ਮੈਨੂੰ ਸੱਚੇ ਨਾਮ ਦੀ ਦਾਤ ਦੇਹ, ਸੱਚੇ ਨਾਮ ਦੀ ਸੰਗਤ ਕਰਕੇ ਮੈਂ ਹਮੇਸ਼ਾਂ ਆਪਣੇ ਮਨ ਨੂੰ ਸਮਝਾਉਂਦਾ ਰਹਾਂ।

ਏ ਮਨ ਮੇਰਿਆ ਬਿਨੁ ਪਉੜੀਆ ਮੰਦਰਿ ਕਿਉ ਚੜੈ ਰਾਮ ॥
ਏ ਮਨ ਮੇਰਿਆ ਬਿਨੁ ਬੇੜੀ ਪਾਰਿ ਨ ਅੰਬੜੈ ਰਾਮ ॥
ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸਬਦ ਸੁਰਤਿ ਲੰਘਾਵਏ ॥
ਮਿਲਿ ਸਾਧ ਸੰਗਤਿ ਕਰਹਿ ਰਲੀਆ ਫਿਰਿ ਨ ਪਛੋਤਾਵਏ ॥
ਕਰਿ ਦਇਆ ਦਾਨੁ ਦਇਆਲ ਸਾਚਾ ਹਰਿਨਾਮ ਸੰਗਤਿ ਪਾਵਓ ॥
ਨਾਨਕੁ ਪਇਅੰਪੈ ਸੁਣਹੁ ਪ੍ਰੀਤਮ ਗੁਰ ਸਬਦਿ ਮਨ ਸਮਝਾਵਓ ॥ ੫ ॥ ੬ ॥

ਤੁਖਾਰੀ ਮ: ੧ (ਪੰਨਾ :੧੧੧੩)

ਮਨ ਹਮੇਸ਼ਾ ਚਤੁਰਾਈ ਦੁਆਰਾ ਉਕਤੀਆਂ-ਜੁਗਤੀਆਂ ਕਰਕੇ ਗੁਰੂ-ਚਾਲੀ ਤੇ ਚਲਣ ਤੋਂ ਭੰਨ-ਤਿੜੱਕੇ ਕਰਦਾ ਰਹਿੰਦਾ ਹੈ। ਸਾਹਿਬ, ਮਨ ਦੀ ਚਤੁਰਾਈ ਨੂੰ ਸ਼ਾਂਤ ਕਰਨ ਵਾਸਤੇ ਕਿਵੇਂ ਮਨ ਨੂੰ ਚੰਚਲ-(ਭਉਂਦੂ—ਟਿੱਕ ਕੇ ਨ ਬਹਿਣ ਵਾਲੇ) ਕਹਿ ਕੇ ਪ੍ਰਭੂ ਪ੍ਰਾਪਤੀ ਦਾ ਉਪਦੇਸ਼ ਬਖਸ਼ਸ਼ ਕਰਕੇ ਚਤੁਰਾਈ ਦਾ ਤਿਆਗ ਕਰਨ ਵਾਸਤੇ ਪ੍ਰੇਰਨਾ ਕਰਦੇ ਹਨ ਕਿ ਹੇ ਮਨ! ਧਿਆਨ ਦੇ ਕੇ ਸਾਡੀ ਸਿੱਖਿਆ ਨੂੰ ਸੁਣ, ਅਜ ਤੱਕ ਪ੍ਰਮਾਤਮਾਂ ਨੂੰ ਕਿਸੇ ਨੇ ਵੀ ਚਤੁਰਾਈ (ਸਿਆਣਪ) ਨਾਲ ਪ੍ਰਾਪਤ ਨਹੀਂ ਕੀਤਾ, ਗੁਰੂ ਵਾਕ ਹੈ—"**ਚਤੁਰਾਈ ਨ ਚਤੁਰਭੁਜੁ ਪਾਈਐ**" ਕਿਵੇਂ ਮਿਲਦਾ ਹੈ "**ਭੋਲੇ ਭਾਇ ਮਿਲੇ ਰਘੁਰਾਇਆ**" ਤਥਾ "**ਭੋਲਾ ਭਾ ਗੋਬਿੰਦ ਮਿਲਾਵੈ**" ਵਾਲੀ ਬਿਰਤੀ ਬਨਾਉਣ ਨਾਲ, ਸਾਹਿਬਾਂ ਦਾ ਫੁਰਮਾਨ ਹੈ "**ਪਾਇਓ ਰੇ ਪਾਇਓ ਬਾਲ ਬੁਧ ਪਾਇ**" ਜਦ ਚਤੁਰਾਈ ਦੁਆਰਾ ਪ੍ਰਭੂ ਜੀ ਨੇ ਪ੍ਰਾਪਤ ਹੀ ਨਹੀਂ ਹੋਣਾ, ਫਿਰ ਤੈਨੂੰ ਚਤੁਰਾਈਆਂ ਦਾ ਤਿਆਗ ਕਰਕੇ, ਗੁਰੂ ਚਾਲੀ ਦਾ ਧਾਰਨੀ ਬਣ ਜਾਣਾ ਚਾਹੀਦਾ ਹੈ ਕਿਉਂਕਿ ਨਾ ਤਾਂ ਚਤੁਰਾਈ ਨਾਲ ਪ੍ਰਭੂ ਦਾ ਮਿਲਾਪ ਹੀ ਪ੍ਰਾਪਤ ਹੋਣਾ ਹੈ ਅਤੇ ਨਾ ਹੀ ਚਤੁਰਾਈ ਨਾਲ ਮਾਇਆ ਦੇ ਪ੍ਰਭਾਵ ਤੋਂ ਬਚਿਆ ਜਾਣਾ ਹੈ। ਇਹ ਮਾਇਆ, ਜਿਸਨੇ ਸਾਰੇ ਸੰਸਾਰ ਨੂੰ ਮੋਹਿਆ ਹੋਇਆ ਅਤੇ ਆਪਣੇ ਪ੍ਰਭਾਵ ਨਾਲ ਭਰਮ-ਭੁਲੇਖੇ ਵਿੱਚ ਪਾਇਆ ਹੋਇਆ ਹੈ, ਐਸੇ ਮਾਇਆ-ਮੋਹ ਦੇ ਪੈਦਾ ਕਰਨ ਵਾਲੇ ਪ੍ਰਮੇਸ਼ਰ ਜੀ ਤੋਂ ਸਦਾ ਬਲਿਹਾਰ ਜਾਈਏ ਜਿਸ ਨੇ ਇਹ ਫਾਹੀ ਵਿੱਚ ਫਹਾਉਣ ਵਾਲਾ ਮੋਹ ਸਭ ਨੂੰ ਮਿੱਠਾ-ਪਿਆਰਾ ਕਰਕੇ ਲਾਇਆ ਹੈ। ਕੋਈ ਵੀ ਮੋਹ ਤੋਂ ਨਫਰਤ ਨਹੀਂ ਕਰਦਾ, ਇਸ ਲਈ ਹੇ ਮੇਰੇ ਮਨ! ਉਸ ਪ੍ਰਭੂ ਜੀ ਨੂੰ ਚਤੁਰਾਈਆਂ ਨਾਲ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਚਤੁਰਾਈ ਸਿਆਣਪਾਂ ਨੂੰ ਇੱਕ ਪਾਸੇ ਰੱਖ ਕੇ ਗੁਰੂ ਹੁਕਮ ਦੀ ਕਾਰ ਕਰਨ ਨਾਲ ਹੀ, ਪ੍ਰਭੂ ਜੀ ਪ੍ਰਾਪਤ ਹੋ ਸਕਦੇ ਹਨ। ਇਸ ਲਈ :—

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥
ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ॥
ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ॥
ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ॥
ਕਹੇ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ॥ ੧੦॥

ਰਾਮਕਲੀ ਮ : ੩ ਅਨੰਦੁ (ਪੰਨਾ : ੯੧੮)

ਹੇ ਮੇਰੇ ਪਿਆਰੇ ਮਨ, ਤੂੰ ਪ੍ਰਮਾਤਮਾਂ ਨਾਲ ਪਿਆਰ ਪਾ ਅਤੇ ਹਮੇਸ਼ਾਂ ਉਸਨੂੰ ਯਾਦ

ਕਰਿਆ ਕਰ ਉਹ ਹੀ ਲੋਕ ਪ੍ਰਲੋਕ ਵਿੱਚ ਤੇਰਾ ਸਾਥ ਨਿਭਾਉਣ ਵਾਲਾ ਹੈ। ਇਹ ਜੋ ਪਰਿਵਾਰ ਤੂੰ ਵੇਖ ਰਿਹਾ ਹੈਂ ਇਹ ਪਰਿਵਾਰ, (ਸਾਰਾ ਕਬੀਲਾ) ਅਖੀਰ ਸਮੇਂ ਤੇਰੇ ਨਾਲ ਬਿਲਕੁਲ ਸਾਥ ਨਹੀਂ ਦੇਵੇਗਾ। ਐਸਾ ਕੰਮ ਕਦਾਚਿਤ ਨਹੀਂ ਕਰਨਾ ਚਾਹੀਦਾ, ਜਿਸਦੇ ਕਰਨ ਨਾਲ ਅਖੀਰ ਪਛਤਾਵਾ ਹੀ ਪੱਲੇ ਪਵੇ। ਇਸ ਲਈ ਹੇ ਮੇਰੇ ਪਿਆਰੇ ਮਨ! ਤੂੰ ਸਤਿਗੁਰੂ ਦਾ ਕਲਿਆਣਕਾਰੀ ਉਪਦੇਸ਼ ਸੁਣ, ਇਹ ਉਪਦੇਸ਼ ਹੀ ਤੇਰੇ ਕੰਮ ਆਉਣ ਵਾਲਾ ਹੈ, ਗੁਰੂ ਉਪਦੇਸ਼ ਹੈ, ਹਰ ਸਮੇਂ ਸੱਚੇ ਵਾਹਿਗੁਰੂ ਦਾ ਸਿਮਰਨ ਕਰਨਾ:—

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥
ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥
ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ॥
ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ॥

ਰਾਮਕਲੀ ਮ : ੩ ਅੰਨਦੁ (ਪੰਨਾ : ੯੧੮)

ਤੀਸਰੇ ਪਾਤਸ਼ਾਹ ਜੀ ਕਿਵੇਂ ਮਨ ਨੂੰ ਸੰਬੋਧਨ ਕਰਕੇ ਗਫਲਤ ਦੀ ਨੀਂਦ ਤੋਂ ਉਥਾਨ ਹੋਣ ਵਾਸਤੇ ਸਾਨੂੰ ਉਪਦੇਸ਼ ਬਖਸ਼ਸ਼ ਕਰ ਰਹੇ ਹਨ। ਹੇ ਮਨ, ਜਰਾ ਦੀਰਘ ਵੀਚਾਰ ਕਰਕੇ ਵੇਖ ਇਸ ਸੰਸਾਰ ਵਿੱਚ ਜਿਹਨਾਂ ਨੂੰ ਤੂੰ ਆਪਣੇ ਸਮਝ ਰਿਹਾ ਹੈਂ ਇਹਨਾਂ ਚੋਂ ਤੇਰਾ ਸਾਥ ਦੇਣ ਵਾਲਾ ਕੋਈ ਵੀ ਨਹੀਂ ਹੈ, ਕੇਵਲ ਗੁਰੂ ਨੇ ਇਥੇ-ਉੱਥੇ ਤੇਰਾ ਸਾਥ ਦੇਣਾ ਹੈ, ਇਸ ਲਈ ਭੱਜ ਕੇ ਗੁਰੂ ਦੀ ਸ਼ਰਣ ਵਿੱਚ ਆ ਜਾ ਗੁਰੂ ਤੈਨੂੰ ਮੁਕਤ ਕਰ ਦੇਵੇਗਾ। ਗੁਰੂ ਤੇਰੇ ਲੋਕ ਪ੍ਰਲੋਕ ਸਵਾਰ ਦੇਵੇਗਾ :—

ਏ ਮਨ ਤੇਰਾ ਕੋ ਨਹੀ ਕਰਿ ਵੇਖੁ ਸਬਦਿ ਵੀਚਾਰੁ॥
ਹਰਿ ਸਰਣਾਈ ਭਜਿ ਪਉ ਪਾਇਹਿ ਮੋਖ ਦੁਆਰੁ॥

ਆਸਾ ਮ : ੩ (ਪੰਨਾ : ੪੨੯)

ਹੇ ਮੇਰੇ ਮਨ ! ਤੂੰ ਪ੍ਰਮੇਸ਼ਰ ਜੀ ਨੂੰ ਦੂਰ ਨ ਸਮਝਿਆ ਕਰ ਕਿਉਂਕਿ ਉਹ ਤਾਂ, "**ਨੇੜੇ, ਨਾਹੀ ਦੂਰ ਨਿਜ ਆਤਮੇ ਰਹਿਆ ਭਰਪੂਰ**" ਉਹ ਤਾਂ ਸਦਾ ਤੇਰੇ ਹਿਰਦੇ ਵਿੱਚ ਵਸਦਾ ਹੈ। ਜਿਥੇ ਉਹ ਤੇਰੇ ਕੀਤੇ ਸਾਰੇ ਕਰਮਾਂ ਨੂੰ ਵੇਖਦਾ ਹੈ ਉੱਥੇ ਹੇ ਮਨ! ਜੋ ਵੀ ਤੇਰੇ ਅੰਦਰ ਚਿੱਤਵਨੀਆਂ ਉਤਪੰਨ ਹੁੰਦੀਆਂ ਹਨ ਉਹਨਾਂ ਸਾਰੀਆਂ ਨੂੰ ਬਿਨਾਂ ਬੋਲਣ ਤੋਂ ਸੁਣ ਲੈਂਦਾ ਹੈ। ਇਸ ਭੇਦ ਦਾ ਤੈਨੂੰ ਉਦੋਂ ਪਤਾ ਚਲੇਗਾ ਜਦੋਂ ਤੂੰ ਗੁਰੂ ਦੇ ਸ਼ਬਦ ਨਾਲ ਜੁੜ ਜਾਵੇਂਗਾ :—

ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ॥

ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ॥

ਆਸਾ ਮ : ੩ (ਪੰਨਾ : ੪੨੯)

ਸੁਣਨਾ ਮਨ ਨੇ ਹੈ, ਵੇਖਣਾ ਵੀ ਮਨ ਨੇ ਹੈ, ਕਰਨਾ ਵੀ ਮਨ ਨੇ ਹੈ, ਇਸ ਲਈ ਬਾਰੰਬਾਰ, ਸਾਹਿਬ, ਮਨ ਨੂੰ ਸੰਬੋਧਨ ਕਰਕੇ ਉਪਦੇਸ਼ ਬਖਸ਼ਸ਼ ਕਰਦੇ ਹਨ। ਹੇ ਮਨ, ਤਕੜਾ ਹੋ ਕੇ ਗੁਰੂ ਦੀ ਸਿੱਖਿਆ ਨੂੰ ਸੁਣ ਕੇ ਉਸ ਅਨੁਸਾਰੀ ਸਰੀਰ ਪਾਸੋਂ ਕਰਮ ਕਰਾ, ਇਸ ਤਰ੍ਹਾਂ ਕਰਨ ਨਾਲ ਤੈਨੂੰ ਗੁਣੀ ਨਿਧਾਨ ਪ੍ਰਮਾਤਮਾਂ ਦੀ ਪ੍ਰਾਪਤੀ ਹੋ ਜਾਵੇਗੀ। ਜਦੋਂ ਤੇਰੇ ਹਿਰਦੇ ਵਿੱਚ ਸੁੱਖਾਂ ਦਾ ਦਾਤਾ ਆ ਟਿਕੇਗਾ, ਤੇਰੇ ਹਿਰਦੇ ਵਿੱਚੋਂ ਅਹੰਕਾਰ (ਹਉਮੈ) ਵੀ ਖਤਮ ਹੋ ਜਾਵੇਗੀ। ਇਸ ਤਰ੍ਹਾਂ ਤੇਰਾ ਲੋਕ ਸੁਖੀ ਪ੍ਰਲੋਕ ਸੁਹੇਲਾ ਹੋ ਜਾਵੇਗਾ :—

ਏ ਮਨ ਗੁਰ ਕੀ ਸਿਖ ਸੁਣਿ ਪਾਇਹਿ ਗੁਣੀ ਨਿਧਾਨੁ॥

ਸੁਖਦਾਤਾ ਤੇਰੈ ਮਨਿ ਵਸੈ ਹਉਮੈ ਜਾਇ ਅਭਿਮਾਨੁ॥

ਨਾਨਕ ਨਦਰੀ ਪਾਈਐ ਅੰਮ੍ਰਿਤੁ ਗੁਣੀ ਨਿਧਾਨੁ॥ ੨॥

ਸਲੋਕ ਮ : ੩ (ਪੰਨਾ : ੮੫੧)

ਕਈ ਵਾਰੀ ਆਪਾਂ ਵੇਖਿਆ ਹੋਵੇਗਾ, ਜਦੋਂ ਕੋਈ ਸਿਆਣਾ ਪੁਰਸ਼ ਕਿਸੇ ਦੇ ਭਲੇ ਦੀ ਉਸਨੂੰ ਸਿੱਖਿਆ ਦੇ ਰਿਹਾ ਹੁੰਦਾ ਹੈ, ਪਰ ਅਗਲਾ ਅਨਜਾਣਪੁਣੇ ਵਿੱਚ ਆਪਣੇ ਭਲੇ ਦੀ ਗੱਲ ਵੀ ਗ੍ਰਹਿਣ ਨਹੀਂ ਕਰਦਾ, ਫਿਰ ਸਿਆਣਾ ਪੁਰਸ਼ ਉਸਦਾ ਭਲਾ ਕਰਨਾ ਤਿਆਗ ਨਹੀਂ ਦਿੰਦਾ, ਸਗੋਂ ਨੇੜੇ ਖੜੇ ਸਾਥੀਆਂ ਨੂੰ ਸੰਬੋਧਨ ਕਰਕੇ ਕਹਿੰਦਾ ਹੈ ਕਿ ਤੁਸੀਂ ਹੀ ਇਸ ਨੂੰ ਸਮਝਾਵੋ। ਸ਼ਾਇਦ ਇਸਦੇ ਖਾਨੇ ਵਿੱਚ ਕੋਈ ਭਲੀ ਮੱਤ ਵੜ ਜਾਵੇ ਤੇ ਇਸ ਦਾ ਭਲਾ ਹੋ ਜਾਵੇ। ਐਨ ਇਸੇ ਤਰ੍ਹਾਂ ਦਾ ਢੰਗ ਵਰਤ ਕੇ ਸਤਿਗੁਰੂ ਸਾਨੂੰ ਪ੍ਰੇਰਨਾ ਦਿੰਦੇ ਹਨ ਕਿ ਹੇ ਭਰਾਵੋ, ਇਸ ਅਵੈੜੇ ਮਨ ਨੂੰ ਸਮਝਾਵੋ। ਇਹ ਮਨ ਨਾਮ ਜਪਣ ਲਈ ਆਲਸ ਕਿਉਂ ਕਰਦਾ ਹੈ ? ਗੁਰਮੁਖ ਬਣ ਕੇ ਨਾਮ ਕਿਉਂ ਨਹੀਂ ਧਿਆਉਂਦਾ ? ਨਾਮ ਧਿਆਉਣ ਵਿੱਚ ਇਸਦਾ ਹੀ ਭਲਾ ਹੈ।

ਭਾਈ ਰੇ ਇਸੁ ਮਨ ਕਉ ਸਮਝਾਇ॥

ਏ ਮਨ ਆਲਸੁ ਕਿਆ ਕਰਹਿ ਗੁਰਮੁਖਿ ਨਾਮੁ ਧਿਆਇ॥

ਸਿਰੀਰਾਗੁ ਮ: ੩ (ਪੰਨਾ : ੨੮)

ਧੰਨ ਹਨ ਸਤਿਗੁਰ ਜੀ ! ਸਾਡਾ ਭਲਾ ਕਰਦਿਆਂ ਥੱਕਦੇ ਨਹੀਂ ਨਾ ਭੋਰਾ ਜਿੰਨਾਂ ਅੱਕਦੇ ਹਨ। ਭਾਵੇਂ ਸਾਡਾ ਮਨ ਘੋੜੇ ਦੇ ਮਸਾਲਾ ਲੈਣ ਵਾਂਗ ਅੜੀ ਕਰਦਾ ਹੈ। ਪਰ ਸਾਹਿਬ ਬੜੇ ਧੀਰਜ ਨਾਲ ਬਾਰ-ਬਾਰ ਸੱਚ-ਮਾਰਗ ਤੇ ਤੁਰਨ ਲਈ ਸਾਨੂੰ ਸਾਡੇ ਭਲੇ ਦਾ ਉਪਦੇਸ਼ ਦ੍ਰਿੜ ਕਰਵਾਈ ਹੀ ਜਾਂਦੇ ਹਨ। ਸਾਹਿਬ, ਮਨ ਨੂੰ ਸੰਬੋਧਨ ਕਰਕੇ

ਫੁਰਮਾਨ ਕਰਦੇ ਹਨ ਕਿ ਹੇ ਮੇਰੇ ਮਨ, ਵਿਕਾਰਾਂ ਦਾ ਤਿਆਗ ਕਰਕੇ ਤੂੰ ਹਰੀ ਨਾਮ ਦਾ ਸਿਮਰਨ ਕਰ, ਇਸ ਸਿਮਰਨ ਕਰਨ ਨਾਲ ਤੇਰਾ ਸੱਚੇ ਵਾਹਿਗੁਰੂ ਨਾਲ ਪਿਆਰ ਪੈ ਜਾਵੇਗਾ। ਪਰ ਇਹ ਵੀ ਯਾਦ ਰੱਖੀਂ ਜੇ ਇਸ ਮਨੁੱਖਾ ਜਨਮ ਦੇ ਵਸੀਲੇ ਰਾਹੀਂ ਨਾਮ ਦੇ ਮਾਰਗ ਦਾ ਧਾਰਨੀ ਨ ਬਣਿਆ ਤੇ ਭੁੱਲ ਵਿੱਚ ਹੀ ਸਮਾਂ ਗਵਾ ਲਿਆ, ਫਿਰ ਤੂੰ ਹੀ ਦੱਸ ! ਕਿ ਕਿਹੜੀ ਜੂਨ ਵਿੱਚ ਜਨਮ ਲੈ ਕੇ ਨਾਮ ਜਪੇਂਗਾ। ਕੀ ਉਦੋਂ ਜਪੇਂਗਾ ? ਜਦੋਂ ਚੌਪਾਏ ਪਸ਼ੂਆਂ ਦੀ ਜੂਨ ਮਿਲ ਗਈ ਉਸ ਵੇਲੇ ਤਾਂ ਸਿਰ ਤੇ ਦੋ ਸਿੰਗ ਹੋਣਗੇ, ਮੂੰਹ ਚੋਂ ਬੋਲ ਨਹੀਂ ਸਕੇਂਗਾ। ਉਸ ਵੇਲੇ, ਉਠਦਿਆਂ ਵੀ, ਬੈਠਦਿਆਂ ਵੀ ਸੋਟੀਆਂ ਦੀ ਮਾਰ ਹੀ ਪੈਣੀ ਹੈ। ਫਿਰ ਕਿੱਥੇ ਸਿਰ ਲੁਕੋਵੇਂਗਾ ? ਉਸ ਵੇਲੇ ਤਾਂ ਮਾਲਕਾਂ ਨੇ ਤੇਰਾ ਨੱਕ ਪਾੜ ਕੇ, ਨੱਕ ਵਿੱਚ ਨੱਥ ਪਾ ਕੇ ਤੈਨੂੰ ਚੰਗੀ ਤਰ੍ਹਾਂ ਕਾਬੂ ਕੀਤਾ ਹੋਣਾ ਹੈ। ਧੌਣ (ਕੰਧਾ) ਵੀ ਜ਼ਖਮਾਂ ਨਾਲ ਫਟਿਆ ਹੋਵੇਗਾ। ਬਾਜਰੇ ਦਾ ਸੁੱਕਾ ਭੌਂ ਖਾ ਕੇ ਪੇਟ ਭਰਨਾ ਪਵੇਗਾ ਜਾਂ ਫਿਰ ਸਾਰਾ-ਸਾਰਾ ਦਿਨ ਜੰਗਲ ਵਿੱਚ ਚਰ ਕੇ, ਮਸਾਂ ਪੇਟ ਪੂਰਤੀ ਹੀ ਕਰ ਸਕੇਂਗਾ। ਸੋ ਇਸ ਲਈ ਹੁਣ "**ਆਪਣੇ ਕਾਜ ਕੋ ਕਿਉ ਅਲਸਾਈਏ**" ਢਿੱਲ ਨਾ ਕਰ, ਗੁਰੂ ਸਿੱਖਿਆ ਸੁਣ ਤੇ ਕਮਾਈ ਕਰਨੀ ਅਰੰਭ ਕਰ ਦੇਹ। ਨਹੀਂ ਤਾਂ ਬਾਬਾ ਕਬੀਰ ਜੀ ਦੇ ਕਥਨ ਅਨੁਸਾਰ "**ਜਨ ਭਗਤਨ ਕੋ ਕਹੋ ਨ ਮਾਨੋ ਕੀਉ ਅਪਨੋ ਪਈ ਹੈ,**" ਦੀ ਖੇਡ ਵਰਤ ਜਾਵੇਗੀ। ਹੁਣ ਕਰਨਾ ਕੀ ਹੈ :—

ਏ ਮਨ ਹਰਿ ਜੀਉ ਚੇਤਿ ਤੂ ਮਨਹੁ ਤਜਿ ਵਿਕਾਰ॥

ਗੁਰ ਕੈ ਸਬਦਿ ਧਿਆਇ ਤੂ ਸਚਿ ਲਗੀ ਪਿਆਰੁ॥ ਰਹਾਉ॥

ਐਥੈ ਨਾਵਹੁ ਭੁਲਿਆ ਫਿਰਿ ਹਥੁ ਕਿਥਾਊ ਨ ਪਾਇ॥

ਜੋਨੀ ਸਭਿ ਭਵਾਈਅਨਿ ਬਿਸਟਾ ਮਾਹਿ ਸਮਾਇ॥ ੨॥

ਮਾਰੂ ਮ : ੩ (ਪੰਨਾ : ੬੯੪)

ਨਾਂ ਕਰੇਂਗਾ, ਫੇਰ ਸੋਚ ਲੈ ਇਸ ਜੂਨ ਵਿੱਚ ਕਰੇਂਗਾ ? ਜਦੋਂ :—

ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ॥

ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ॥ ੧॥

ਹਰਿ ਬਿਨੁ ਬੈਲ ਬਿਰਾਨੇ ਹੁਈਹੈ॥

ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ॥ ਰਹਾਉ॥

ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈ ਹੈ॥

ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ॥ ੨॥

ਗੂਜਰੀ, ਕਬੀਰ ਜੀਉ (ਪੰਨਾ : ੫੨੪)

ਜਿਵੇਂ ਕਿਸੇ ਬੱਚੇ ਨੂੰ ਕੁਸੰਗਤ ਮਿਲ ਜਾਵੇ, ਉਹ ਕੁਸੰਗਤ ਨਾਲ ਮਿਲ ਕੇ

ਆਪਣੇ ਯਾਰਾਂ-ਬੇਲੀਆਂ ਦੀ ਸੁਹਬਤ ਕਾਰਣ ਆਪਣੇ ਹਿਤੂ ਮਾਂ-ਬਾਪ ਤੋਂ ਦੂਰ ਰਹਿਣ ਲੱਗ ਜਾਂਦਾ ਹੈ। ਸਿਆਣੇ ਹਮਦਰਦ ਮਨੁੱਖ ਉਸ ਨੂੰ ਸਮੇਂ-ਸਮੇਂ ਸਮਝਾਉਣ ਦਾ ਯਤਨ ਕਰਦੇ ਅਤੇ ਕਹਿੰਦੇ ਵੀ ਹਨ ਕਾਕਾ! ਜਿਹੜੇ ਤੂੰ ਯਾਰ-ਬੇਲੀ ਬਣਾਏ ਹੋਏ ਹਨ, ਇਹ ਕੇਵਲ, ਖਾਣ-ਪੀਣ ਤੇ ਆਪਣੀ ਗਰਜ਼ ਪੂਰੀ ਕਰਨ ਤੱਕ ਹੀ ਸੀਮਤ ਹਨ। ਜਦੋਂ ਇਹਨਾਂ ਦੀ ਲੋੜ ਪੂਰੀ ਨਹੀਂ ਹੋਣੀ, ਇਹਨਾਂ ਨੇ ਤੇਰੇ ਨੇੜੇ ਤੱਕ ਨਹੀਂ ਢੁੱਕਣਾ। ਸਮਾਂ ਪਾ ਕੇ ਹੁੰਦਾ ਵੀ ਇਵੇਂ ਹੀ ਹੈ :—

ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥

ਸੋਰਠਿ ਮ: ੯ (ਪੰਨਾ : ੬੩੪)

ਔਖਾ ਸਮਾਂ ਆ ਬਣਿਆ, ਕੋਈ ਨੇੜੇ ਨਹੀਂ ਢੁੱਕਦਾ। ਅਸੀਂ ਸਾਰੇ ਆਪ-ਖੁਦ ਵੇਖਦੇ ਹਾਂ। ਸੋਢੀ ਸੁਲਤਾਨ ਪਾਤਸ਼ਾਹ ਸਾਡੇ ਹਿਤੂ ਹਮਦਰਦ ਹੋਣ ਕਾਰਣ ਸਾਡੇ ਮਨ ਨੂੰ ਸ਼ੁਭ-ਮਤੀ ਬਖਸ਼ਸ਼ ਕਰਕੇ ਜੋ ਸਾਡੇ ਨਾਲ ਸੰਸਾਰੀ ਮਿੱਤਰਾਂ ਨੇ ਕਰਨਾ ਹੈ ਉਸ ਤੋਂ ਅਗਾਹੂੰ ਜਾਣੂੰ ਕਰਵਾ ਕੇ ਪ੍ਰੇਰਨਾ ਦਿੰਦੇ ਹਨ। ਹੇ ਮੇਰੇ ਮਨ! ਇਹ ਸੰਸਾਰ ਦੇ ਮਿੱਤਰ, ਸਭ ਆਪਣੇ ਮਤਲਬ ਦੇ ਹਨ, ਔਖੀ ਵੇਲੇ ਇਹਨਾਂ ਨੇ ਤੇਰੀ ਕੋਈ ਸਾਰ ਨਹੀਂ ਲੈਣੀ। ਇਸ ਲਈ ਤੂੰ ਆਪਣੇ ਪ੍ਰਭੂ ਨਾਲ ਜਾਣ-ਪਛਾਣ ਪਾ, ਹਮੇਸ਼ਾ ਉਸ ਆਪਣੇ ਮਾਲਕ ਨੂੰ ਯਾਦ ਕਰਿਆ ਕਰ ਜੋ ਹਰ ਸਮੇਂ ਜਿੱਥੇ ਵੀ ਤੈਨੂੰ ਲੋੜ ਪਵੇਗੀ ਤੇਰਾ ਮਿੱਤਰ-ਸੰਗੀ ਬਣ ਕੇ ਤੇਰੀ ਸਹਾਇਤਾ ਕਰੇਗਾ। ਹੇ ਮੇਰੇ ਮਨ! ਅਸਲੀਅਤ ਇਹ ਹੈ, ਕਿ :—

ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ
ਤੇ ਸਭਿ ਅਪਨੈ ਸੁਆਇ ਮਿਲਾਸਾ ॥
ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ
ਤਿਤੁ ਦਿਨਿ ਨੇੜੈ ਕੋ ਨ ਢੁਕਾਸਾ ॥

ਇਸ ਲਈ ਕੀ ਕਰ :—ਮਨ ਮੇਰੇ ਅਪਨਾ ਹਰਿ ਸੇਵਿ ਦਿਨੁ ਰਾਤੀ
ਜੋ ਤੁਧੁ ਉਪਕਰੈ ਦੂਖਿ ਸੁਖਾਸਾ ॥ ੩ ॥

ਗੋਂਡ ਮ : ੪ (ਪੰਨਾ : ੮੬੦)

ਹੇ ਮੇਰੇ ਮਨ! ਸੰਸਾਰਕ ਮਿੱਤਰਾਂ ਦਾ ਤਾਂ ਇਹ ਹਾਲ ਹੈ ਜਿੰਨਾਂ ਚਿਰ ਖਾਣ-ਪੀਣ ਨੂੰ ਮਿਲਦਾ ਹੈ, ਉਨਾਂ ਚਿਰ ਦੋਸਤੀ ਦੀ ਗੰਢ ਪਾਈ ਰੱਖਦੇ ਹਨ। ਜਿਸ ਦਿਨ ਖਾਣ-ਪੀਣ ਦੀ ਗਰਜ਼ ਪੂਰੀ ਨਾ ਹੋਵੇ, ਉਸੇ ਦਿਨ ਮੰਦਾ ਬੋਲਣ, ਗਾਲਾਂ ਦੇਣ ਲੱਗ ਜਾਂਦੇ ਹਨ। ਪੰਜਵੇਂ ਗੁਰਦੇਵ, ਇਸ ਅਟੱਲ ਸਚਾਈ ਨੂੰ ਗੁਰਬਾਣੀ ਵਿਚ ਇਸ ਤਰ੍ਹਾਂ ਬਿਆਨ ਕਰਦੇ ਹਨ। ਹੇ ਮਨ :—

ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ ॥
ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ ॥

ਜਿਚਰੁ ਪੈਨਨਿ ਖਾਵਨੑੇ ਤਿਚਰੁ ਰਖਨਿ ਗੰਢੁ ॥
ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ ॥

ਰਾਮਕਲੀ ਕੀ ਵਾਰ ਮ: ੫ (ਪੰਨਾ : ੯੫੯)

ਇਸ ਲਈ ਹੇ ਮੇਰੇ ਮਨ! ਮਾਇਆ ਦੀ ਅਗਿਆਨ-ਭਰਮ ਦੀ ਕੁਸੰਗਤ ਛੱਡ ਕੇ ਆਪਣੇ ਅਸਲੀ ਮਾਤਾ ਪਿਤਾ ਜਿਹਨਾਂ ਪ੍ਰਥਾਇ ਅਸੀਂ ਹਰ-ਰੋਜ਼ ਗੁਰਬਾਣੀ ਵਿੱਚ ਪੜ੍ਹਦੇ ਹਾਂ :—

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥

ਜਿਸ ਨੂੰ ਹਰ ਰੋਜ਼ ਅਰਦਾਸ ਵਿੱਚ ਯਾਦ ਕਰਦੇ ਹਾਂ :—

ਤੁਮ ਮਾਤ ਪਿਤਾ ਹਮ ਬਾਰਿਕ ਤੇਰੇ
ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥

ਹੇ ਮਨ! ਨਿਰਾ ਪੜ੍ਹੀ ਹੀ ਜਾਣਾਂ ਹੈ? ਕਦੇ ਉਸ ਸੱਚੇ ਮਾਲਕ ਨੂੰ ਮਾਂ-ਬਾਪ ਬਣਾ ਕੇ ਤਾਂ ਵੇਖ, ਉਹ ਸੱਚੇ ਮਾਂ-ਬਾਪ ਤੈਨੂੰ ਲੋਕ ਪ੍ਰਲੋਕ ਦੇ ਸੁੱਖ ਬਖਸ਼ਸ਼ ਕਰਕੇ ਤੈਨੂੰ ਆਪਣਾ ਰੂਪ ਹੀ ਬਣਾ ਲੈਣਗੇ। ਇਸ ਲਈ ਹੇ ਮੇਰੇ ਮਨ! ਮਾਇਆ ਦੀ ਕੁਸੰਗਤ ਛੱਡ ਦੇਹ ਅਤੇ ਸਦਾ ਆਪਣੇ ਹਰੀ ਨਾਲ ਰਿਹਾ ਕਰ। ਹਰੀ ਤੇਰੇ ਸਾਰੇ ਦੁੱਖਾਂ ਨੂੰ ਦੂਰ ਕਰਨ ਵਾਲਾ ਤੇ ਸੁੱਖਾਂ ਦਾ ਦਾਤਾ ਹੈ। ਜੇ ਤੂੰ ਹਰੀ ਪ੍ਰਭੂ ਜੀ ਦੇ ਨਾਲ ਰਹੇਂਗਾ (ਭਾਵ ਉਸ ਨੂੰ ਹਮੇਸ਼ਾਂ ਯਾਦ ਕਰੇਂਗਾ) ਉਹ ਤੇਰੇ ਸਾਰੇ ਕਾਰਜ ਵੀ ਪੂਰੇ ਕਰ ਦੇਵੇਗਾ ਤੇ ਲੋਕ-ਪ੍ਰਲੋਕ ਦੇ ਵਿੱਚ ਤੇਰਾ ਪੱਖ ਵੀ ਪੂਰੇਗਾ। ਉਹ ਹਰੀ ਮਾਲਕ ਸਰਬ-ਸ਼ਕਤੀਮਾਨ ਹੈ। ਸਭ ਕੁਝ ਕਰਨ-ਕਾਰਨ ਸਮਰੱਥ ਹੈ। ਇਸ ਲਈ ਹੇ ਮਨ! ਉਸ ਨੂੰ ਕਦੇ ਵੀ ਹਿਰਦੇ ਵਿੱਚੋਂ ਨਾਂ ਭੁਲਾਇਆ ਕਰ। ਹਮੇਸ਼ਾ ਸਿਮਰਨ ਦੁਆਰਾ ਮਾਲਕ ਹਰੀ ਦੇ ਨਾਲ ਜੁੜਿਆ ਰਿਹਾ ਕਰ। ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਪਾਸੋਂ ਅਗਵਾਈ ਲੈ ਕੇ ਸਮਝਣ ਦੀ ਕੋਸ਼ਿਸ਼ ਕਰ :—

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥

ਅਨੰਦ ਸਾਹਿਬ (ਪੰਨਾ : ੯੧੭)

ਜੇ ਆਪਾਂ ਥੋੜਾ ਅਸਲੀਅਤ ਵੱਲ ਧਿਆਨ ਮਾਰੀਏ, ਸਿਆਣਿਆਂ ਦੇ ਕਥਨ

ਅਨੁਸਾਰ ਜੇ ਕਬੂਤਰ ਬਿੱਲੀ ਨੂੰ ਵੇਖ ਕੇ ਅੱਖਾਂ ਮੀਟ ਲਵੇ ਕਿ ਹੁਣ ਬਿੱਲੀ ਨਹੀਂ ਰਹੀ, ਇਹ ਆਪਣੇ ਨਾਲ ਆਪ ਧੋਖਾ ਕਰਨ ਵਾਲੀ ਗੱਲ ਹੈ। ਕਬੂਤਰ ਦੇ ਅੱਖਾਂ ਮੀਟਣ ਨਾਲ ਬਿੱਲੀ ਦੀ ਅਣਹੋਂਦ ਨਹੀਂ ਹੋਣੀ ਭਾਵੇਂ ਅਸੀਂ ਗ਼ਫ਼ਲਤ ਦੀ (ਅਗਿਆਨ ਭਰਮ ਦੀ) ਨੀਂਦ ਵਿੱਚ ਗ੍ਰੱਸ ਕੇ ਇਸ ਸਚਾਈ ਤੋਂ ਅਵੇਸਲੇ ਹੋ ਜਾਈਏ ਪਰ ਸਚਾਈ-ਸੱਚ ਹੀ ਰਹਿਣੀ ਹੈ। ਸਚਾਈ ਇਹ ਹੈ ਕਿ ਸਾਨੂੰ ਸਾਰਿਆਂ ਨੂੰ ਇਸ ਸੰਸਾਰ ਤੋਂ ਅਗਲੇ ਪੜ੍ਹਾ ਲਈ ਤੁਰਨਾ ਹੀ ਪੈਣਾ ਹੈ। ਇਹ ਵੀ ਅਟੱਲ ਸਚਾਈ ਹੈ ਕਿ ਕਿਸੇ ਵੀ ਛੋਟੀ ਤੋਂ ਛੋਟੀ ਅਤੇ ਵੱਡੀ ਤੋਂ ਵੱਡੀ ਸਥੂਲ ਵਸਤੂ ਨੇ ਸਾਡੇ ਨਾਲ ਨਹੀਂ ਜਾਣਾਂ। ਸਾਰੀ ਉਮਰ ਦੀ ਕੀਤੀ ਕਮਾਈ ਵੀ ਏਥੇ ਹੀ ਰਹਿ ਜਾਣੀ ਹੈ। ਅਸੀਂ ਵੇਖ ਰਹੇ ਹਾਂ ਕਿ ਸਾਡੇ ਤੋਂ ਪਹਿਲਾਂ ਜਾਣ ਵਾਲਿਆਂ ਨੇ ਆਪਣੇ ਨਾਲ ਇੱਕ ਸੂਈ ਤੱਕ ਵੀ ਨਹੀਂ ਖੜੀ। ਜਬਾਨ -ਕਲਾਮੀ ਦੱਬੀ ਜੀਭ ਨਾਲ ਅਸੀਂ ਵੀ ਇਹੋ ਕਹਿੰਦੇ ਹਾਂ ਕਿ ਸਾਡੇ ਨਾਲ ਵੀ ਕੁੱਝ ਨਹੀਂ ਜਾਣਾ, ਨਾ ਹੀ ਅਸੀਂ ਲਿਜਾ ਸਕਣਾ ਹੈ। ਪਰ, ਮਨ ਪੂਰਨ ਤੌਰ ਤੇ ਇਸ ਨੂੰ ਸਵੀਕਾਰ ਨਹੀਂ ਕਰਦਾ ਅਤੇ ਅਗਿਆਨਤਾ ਵਿੱਚ, ਸੰਸਾਰ ਨੂੰ ਹੀ ਸਭ ਕੁਝ ਮੰਨ ਕੇ ਇਸੇ ਵਿੱਚ ਖਚਤ ਹੋ ਪ੍ਰਸੰਨ ਰਹਿੰਦਾ ਹੈ। ਅੱਗੇ ਸਾਡੇ ਨਾਲ ਕੀ ਹੋਣਾ ਹੈ ? ਕਿਸੇ ਮਿੱਤਰ-ਦੋਸਤ, ਮਾਂ-ਬਾਪ, ਅੰਗ-ਸਾਕ ਅਤੇ ਖੁਦ ਸਾਨੂੰ ਵੀ ਨਹੀਂ ਪਤਾ। ਪਰ ਜਿਹਨਾਂ ਦੀ ਦਿੱਬ-ਦ੍ਰਿਸ਼ਟੀ ਖੁਲ੍ਹੀ ਹੈ ਉਹ ਸਾਡੇ ਸਾਹਮਣੇ, ਜੋ ਸਾਡੇ ਨਾਲ ਵਰਤਣਾ ਹੈ, ਪੁਕਾਰ-ਪੁਕਾਰ ਕੇ ਸਾਨੂੰ ਸੁਚੇਤ ਕਰਨ ਹਿਤ ਕਹਿਦੇ ਹਨ। ਪਰ ਬਦ-ਕਿਸਮਤੀ ਸਾਡੀ ਇਹ ਹੈ ਕਿ ਪਹਿਲਾਂ ਅਸੀਂ ਉਹਨਾਂ ਦੇ ਕਹੇ ਨੂੰ ਸੁਣਦੇ ਹੀ ਨਹੀਂ ਜੇ ਸੁਣਦੇ ਵੀ ਹਾਂ ਫਿਰ ਉਸ ਤੇ ਯਕੀਨ ਭਰੋਸਾ ਨਹੀਂ ਕਰਦੇ। ਸਾਡੀ ਤਰਸ-ਯੋਗ ਹਾਲਤ ਦਾ ਜ਼ਿਕਰ ਭਗਤ ਕਬੀਰ ਜੀ ਨੇ ਗੁਰਬਾਣੀ ਵਿੱਚ ਕੀਤਾ ਹੈ, ਹੇ ਲੋਗੋ :—"**ਇਸੁ ਬੰਦੇ ਸਿਰਿ ਜੁਲਮੁ ਹੋਤ ਹੈ ਜਮੁ ਨਹੀ ਹਟੈ ਗੁਸਾਈ ॥**" ਬਾਕੀ ਸਾਰੇ ਅੰਗ-ਸਾਕ ਤਾਂ ਇੱਥੇ ਹੀ ਰਹਿ ਜਾਣੇ ਹਨ ਕੇਵਲ ਜੀਵ-ਆਤਮਾਂ ਨੇ ਇਕੱਲੇ ਹੀ ਅੱਗੇ ਜਾਣਾ ਹੈ। ਹਾਲਤ ਇਹ ਬਣਨੀ ਹੈ :—

ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ ॥
ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ ॥

ਆਸਾ ਕਬੀਰ ਜੀ (ਪੰਨਾ : ੪੭੮)

ਬਾਬਾ ਕਬੀਰ ਜੀ ਦੇ ਕਥਨ ਅਨੁਸਾਰ ਘਰ ਦੀ ਦਹਿਲੀਜ ਤੱਕ ਇਸਤ੍ਰੀ ਜਾਂਦੀ ਹੈ। ਸ਼ਮਸ਼ਾਨ-ਘਾਟ ਤੱਕ ਸੱਜਣ-ਮਿੱਤਰ, ਰਿਸ਼ਤੇਦਾਰ ਜਾਂਦੇ ਹਨ। ਅਗਨ ਭੇਟ ਕਰਕੇ ਉਹ ਤਾਂ ਵਾਪਸ ਘਰਾਂ ਨੂੰ ਆ ਜਾਂਦੇ ਹਨ, ਪਰ ਘਰ ਦਾ ਮਾਲਕ ਜੀਵ ਆਤਮਾ ਇਕੱਲਾ ਹੀ ਅੱਗੇ ਜਾਂਦਾ ਹੈ। ਕਿੱਥੇ ਜਾਂਦਾ ਹੈ? ਕਿਸੇ ਨੂੰ ਕੋਈ ਪਤਾ ਨਹੀਂ, ਸਾਥ ਹੇਠ ਲਿਖੇ ਅਨੁਸਾਰ ਹੀ ਨਿਭਦਾ ਹੈ :—

ਦੇਹੁਰੀ ਲਉ ਬਰੀ ਨਾਰਿ ਸੰਗਿ ਭਈ ਆਗੈ ਸਜਨ ਸੁਹੇਲਾ ॥
ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ ਆਗੈ ਹੰਸੁ ਅਕੇਲਾ ॥

ਸੋਰਠਿ ਕਬੀਰ ਜੀ (ਪੰਨਾ : ੬੫੪)

ਸਤਿਗੁਰੂ ਫੁਰਮਾਨ ਕਰਦੇ ਹਨ, ਠੀਕ ਹੈ, ਮਾਤਾ-ਪਿਤਾ ਨੇ ਸਾਥ ਨਹੀਂ ਦੇਣਾ, ਮਿੱਤਰਾਂ-ਦੋਸਤਾਂ, ਸਨਬੰਧੀਆਂ ਨੇ ਕੇਵਲ ਰੀਤੀ-ਰਿਵਾਜ਼ ਹੀ ਪੂਰਾ ਕਰਨਾ ਹੈ। ਧਨ-ਪਦਾਰਥ ਸੰਪਦਾ ਨੇ ਨਾਲ ਨਹੀਂ ਜਾਣਾ। ਹੋਰ ਤਾਂ ਕਿਸੇ ਨੇ ਕੀ ਸਾਥ ਦੇਣਾ ਹੈ, ਸਗੋਂ ਜਿਹੜਾ ਆਤਮਾ ਦੇ ਨਿਵਾਸ ਵਾਸਤੇ ਪਹਿਲਾਂ ਸਰੀਰ ਬਣਿਆ ਸੀ, ਉਸ ਨੇ ਵੀ ਸਾਥ ਨਹੀਂ ਦੇਣਾ :—

ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥

ਤਿਲੰਗ ਮ : ੯ (ਪੰਨਾ : ੭੨੬)

ਫਿਰ ਸੰਸਾਰ ਵਿੱਚ ਕੋਈ ਹੈ ਐਸੀ ਵਸਤੂ, ਜੋ ਆਤਮਾਂ ਦਾ ਸਾਥ ਦੇਵੇਗੀ ? ਸਤਿਗੁਰੂ ਜੀ, ਸੁਖਮਨੀ ਸਾਹਿਬ ਵਿਚ ਫੁਰਮਾਨ ਕਰਦੇ ਹਨ, ਹਾਂ, ਹੈ, ਐਸੀ ਲੋਕ-ਪ੍ਰਲੋਕ ਵਿੱਚ ਨਿਭਣ ਵਾਲੀ ਵਸਤੂ, ਉਹ ਹੈ ਪ੍ਰਮੇਸ਼ਰ ਜੀ ਦਾ ਨਾਮ। ਹੇ ਮਨ, ਧਿਆਨ ਦੇ ਕੇ ਸੁਣ ਤੇ ਪਿਆਰ ਨਾਲ ਬਾਰੰ-ਬਾਰ ਪੜ੍ਹ ਜੇ ਤੇਰੀ ਪਤੀਜਣਾ ਹੋ ਜਾਵੇ ਫਿਰ "**ਹਰਿ ਧਨ ਸੰਚੀਐ ਭਾਈ**" ਦੀ ਕਾਰ ਕਰਨੀ ਅਰੰਭ ਕਰ ਦੇਵੀਂ। ਸੁਣ :—

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥
ਜਹ ਮਹਾ ਭਇਆਨ ਦੂਤ ਜਮ ਦਲੈ ॥
ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥
ਜਹ ਮੁਸਕਲ ਹੋਵੈ ਅਤਿ ਭਾਰੀ ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥
ਅਨਿਕ ਪੁਨਹ ਚਰਨ ਕਰਤ ਨਹੀ ਤਰੈ ॥
ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥
ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥
ਨਾਨਕ ਪਾਵਹੁ ਸੂਖ ਘਨੇਰੇ ॥ ੧ ॥
ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ[੧] ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ[੨] ॥

੧. ਕੋਹ ੨. ਭੋਜਨ

ਜਿਹ ਪੈਡੈ ਮਹਾ ਅੰਧ ਗੁਬਾਰਾ॥
ਹਰਿ ਕਾ ਨਾਮੁ ਸੰਗਿ ਉਜੀਆਰਾ[੧]॥
ਜਹਾ ਪੰਥਿ ਤੇਰਾ ਕੋ ਨ ਸਿਞਾਨੂ[੨]॥
ਹਰਿ ਕਾ ਨਾਮੁ ਤਹ ਨਾਲਿ ਪਛਾਨੂ॥
ਜਹ ਮਹਾ ਭਇਆਨ ਤਪਤਿ ਬਹੁ ਘਾਮ[੩]॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥
ਜਹਾ ਤ੍ਰਿਖਾ ਮਨ ਤੁਝੁ ਆਕਰਖੈ॥
ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥ ੪॥

ਸੁਖਮਨੀ ਸਾਹਿਬ ਮ : ੫ (ਪੰਨਾ : ੨੬੪)

ਤਥਾ :—ਜਿਥੈ ਅਵਘਟ ਗਲੀਆ ਭੀੜੀਆ ਤਿਥੈ ਹਰਿ ਹਰਿ ਮੁਕਤਿ ਕਰਾਇ॥

ਮਾਰੂ ਮ : ੪ (ਪੰਨਾ : ੯੯੬)

ਤਥਾ :—ਜਿਥੈ ਅਗਨਿ ਭਖੈ ਭੜਹਾਰੇ[੪]॥ ਊਰਧ ਮੁਖ ਮਹਾ ਗੁਬਾਰੇ॥
ਸਾਸਿ ਸਾਸਿ ਸਮਾਲੇ ਸੋਈ ਓਥੈ ਖਸਮਿ ਛਡਾਇ ਲਇਆ॥ ੨॥

ਮਾਰੂ ਮ : ੫ (ਪੰਨਾ : ੧੦੦੭)

ਤਥਾ :—ਜਿਥੈ ਪੁਤੁ ਕਲਤ੍ਰੁ ਕੋਈ ਬੇਲੀ ਨਾਹੀ ਤਿਥੈ ਹਰਿ ਹਰਿ ਨਾਮਿ ਛਡਾਇਆ॥

ਵਡਹੰਸ ਮ : ੪ (ਪੰਨਾ : ੫੭੩)

ਜਿਥੈ ਅਉਘਟੁ ਆਇ ਬਨਤੁ ਹੈ ਪ੍ਰਾਣੀ॥
ਤਿਥੈ ਹਰਿ ਧਿਆਈਐ ਸਾਰਿੰਗਪਾਣੀ[੫] ਪਾਣੀ॥
ਜਿਥੈ ਪੁਤ੍ਰੁ ਕਲਤ੍ਰੁ[੬] ਨ ਬੇਲੀ ਕੋਈ ਤਿਥੈ ਹਰਿ ਆਪਿ ਛਡਾਇਦਾ॥ ੧੧॥

ਮਾਰੂ ਸੋਹਲੇ ਮ: ੫ (ਪੰਨਾ : ੧੦੭੬)

ਤੀਸਰੇ ਗੁਰਦੇਵ, ਮਨ ਨੂੰ ਸੁਚੇਤ ਕਰਨ ਵਾਸਤੇ ਸੂਹੀ ਰਾਗ ਵਿੱਚ ਫੁਰਮਾਨ ਕਰਦੇ ਹਨ ਕਿ ਮਨੁੱਖ, ਮਾਇਆ, ਦੌਲਤ, ਸੋਨਾ-ਚਾਂਦੀ ਅਨੇਕਾਂ ਵਲ-ਛਲ ਕਰਕੇ ਇਕੱਤ੍ਰ ਕਰਦਾ ਹੈ ਪਰ ਆਖਰੀ ਸਮੇਂ ਕੇਵਲ ਨਾਮ ਤੋਂ ਬਿਨਾਂ ਕੁਝ ਵੀ ਜੀਵ-ਆਤਮਾਂ ਦੇ ਨਾਲ ਨਹੀਂ ਜਾਂਦਾ :—

ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ ਚਲੈ ਨ ਚਲਦਿਆ ਨਾਲਿ॥
ਵਿਣੁ ਨਾਵੈ ਨਾਲਿ ਨ ਚਲਸੀ ਸਭ ਮੁਠੀ ਜਮਕਾਲਿ॥
ਮਨ ਕਾ ਤੋਸਾ ਹਰਿ ਨਾਮੁ ਹੈ ਹਿਰਦੈ ਰਖਹੁ ਸਮ੍ਹਾਲਿ॥
ਏਹੁ ਖਰਚੁ ਅਖੁਟੁ ਹੈ ਗੁਰਮੁਖਿ ਨਿਬਹੈ ਨਾਲਿ॥ ੨੮॥

ਸੂਹੀ ਮ : ੩ (ਪੰਨਾ : ੭੫੬)

ਤਥਾ :—ਬਹੁ ਪਰਪੰਚ[੭] ਕਰਿ ਪਰ ਧਨੁ ਲਿਆਵੈ॥
ਸੁਤ[੮] ਦਾਰਾ ਪਹਿ ਆਨਿ ਲੁਟਾਵੈ॥ ੧॥ ਮਨ ਮੇਰੇ ਭੂਲੇ ਕਪਟੁ ਨ ਕੀਜੈ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ ੧॥ ਰਹਾਉ॥
ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ॥ ਤਬ ਤੇਰੀ ਓਕ[੯] ਕੋਈ ਪਾਨੀਓ ਨ ਪਾਵੈ॥ ੨॥
ਕਹਤੁ ਕਬੀਰੁ ਕੋਈ ਨਹੀਂ ਤੇਰਾ॥ ਹਿਰਦੈ ਰਾਮੁ ਕੀ ਨ ਜਪਹਿ ਸਵੇਰਾ॥ ੩॥ ੯॥

ਸੋਰਠਿ ਕਬੀਰ ਜੀ (ਪੰਨਾ : ੬੫੬)

---

੧. ਪ੍ਰਕਾਸ਼, ੨. ਜਾਣੂ-ਪਛਾਣੂ, ੩. ਧੁੱਪ, ੪. ਭਾਂਬੱੜ, ੫. ਪ੍ਰਮੇਸ਼ਰ ਦਾ ਨਾਮ,
੬. ਇਸਤ੍ਰੀ, ੭. ਵਲ-ਛਲ, ੮. ਪੁੱਤਰ, ੯. ਬੁੱਕ (ਤੇਰੀ ਚੂਲੀ ਵਿੱਚ)

ਹੇ ਮਨ! ਸਾਹਿਬਾਂ ਦੇ ਸੱਚ ਫੁਰਮਾਨ ਅਨੁਸਾਰ ਜੇ ਇਹਨਾਂ ਸੰਬੰਧੀਆਂ ਦਾ ਇਹੋ ਜਿਹਾ ਹੀ ਵਿਹਾਰ ਤੇਰੇ ਨਾਲ ਹੋਣਾ ਹੈ, ਅਖੀਰ ਇਕੱਲੇ ਹੀ ਜੀਵ-ਆਤਮਾ ਨੇ ਲੇਖਾ ਦੇਣਾ ਹੈ, ਫਿਰ ਕੋਈ ਐਸਾ ਸੰਗੀ-ਸਾਥੀ ਲੱਭ ਜੋ ਉਸ ਔਖੇ ਮੌਕੇ ਤੇਰਾ ਸਾਥ ਦੇਵੇ। ਉਹ ਹੈ ਆਖਰੀ ਸਮੇਂ ਉੱਪਰ ਬਹੁੜੀ ਕਰਨ ਵਾਲਾ ਪ੍ਰਭੂ ਜੀ ਦਾ ਨਾਮ :—

ਪ੍ਰਭ ਜੀ ਕੋ ਨਾਮੁ ਅੰਤਿ ਪੁਕਰੋਰੈ[੧]॥

ਮ : ੫ (ਪੰਨਾ : ੧੩੦੪)

ਉਹ ਹੈ :— ਹਰਿ ਹਰਿ ਨਾਮੁ ਸੰਗਿ ਤੇਰੈ ਚਲੈ॥

ਮ : ੫ (ਪੰਨਾ : ੮੭੯)

ਇਸ ਲਈ, ਹੇ ਮੇਰੇ ਮਨ! ਧੀਆਂ, ਪੁੱਤਰਾਂ, ਸਾਕ-ਸਨਬੰਧੀਆਂ ਲਈ ਤੇ ਤੂੰ, ਬਹੁਤ ਕੁੱਝ ਕੀਤਾ ਅਤੇ ਕਰ ਰਿਹਾ ਹੈਂ। ਕੁਛ ਆਪਣੇ ਲਈ ਵੀ ਕਰ ਜੋ "ਈਹਾ ਊਹਾ ਜੋ ਕਾਮਿ ਤੇਰੈ॥" ਦਾ ਸਾਥ ਨਿਭਾਏ। ਇਸ ਲਈ ਹੇ ਮਨ! ਕਰ ਹਿੰਮਤ, ਈਹਾਂ ਊਹਾਂ ਕੰਮ ਆਉਣ ਵਾਲੇ ਨਾਮ ਦਾ ਜਪ ਕਰ :—

ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥
ਹਲਤਿ ਪਲਤਿ ਮੁਖ ਊਜਲ ਹੋਈ ਹੈ
ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥

ਧਨਾਸਰੀ ਮ : ੪ (ਪੰਨਾ : ੬੭੦)

ਮਨ ਬਹੁਤ ਚੰਚਲ ਹੈ, ਬੜਾ ਹੁਜਤੀ ਤੇ ਢੁਚਰੀ ਹੈ, ਮਨ ਅਤਿ ਦਾ ਬਹਾਨੇ-ਬਾਜ਼ ਹੈ, ਸਾਹਿਬਾਂ ਦੇ ਕਥਨ ਅਨੁਸਾਰ ਅਤਿ ਦਾ ਬੇ-ਸ਼ਰਮ, ਖੜ ਮਸਤੀਆਂ ਕਰਨ ਵਾਲਾ, ਨਿਰਲੱਜ ਭੰਡ ਹੈ ਕਿਉਂਕਿ ਇਸ ਮਨ ਤੇ ਚੰਚਲ ਮਾਇਆ ਦਾ ਪੂਰਾ ਪੂਰਾ ਪ੍ਰਭਾਵ ਹੈ। ਤਦ ਹੀ ਸਤਿਗੁਰੂ ਜੀ ਨੇ ਇਸ ਮਨ ਨੂੰ, ਖੋਤਾ, ਖਰੂਦੀ ਤੇ ਬੇ-ਭਰੋਸੇ ਵਾਲਾ, ਵਿਸ਼ਵਾਸ-ਘਾਤੀ ਆਦਿ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ ਅਤੇ ਇਸ ਤੇ ਭਰੋਸਾ ਕਰਨ ਤੋਂ ਵਰਜਿਆ ਹੈ ਕਿਉਂਕਿ ਜਿਸ ਜਿਸ ਨੇ ਵੀ ਮਨ ਤੇ ਭਰੋਸਾ ਕੀਤਾ, ਮਨ ਨੇ ਉਸ ਨੂੰ ਖੁਆਰ ਹੀ ਕੀਤਾ ਹੈ :—

ਕਵਨੁ ਕਵਨੁ ਨਹੀ ਪਤਰਿਆ[੨] ਤੁਮ੍ਰੀ ਪਰਤੀਤਿ॥
ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ॥ ੧॥
ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ॥
ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ॥ ੧॥ ਰਹਾਉ॥
ਜਪ ਤਪ ਸੰਜਮ ਤੁਮ੍ ਖੰਡੇ ਜਮ ਕੇ ਦੁਖ ਡਾਂਡ॥
ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ॥ ੨॥

---

੧. ਪੁਕਾਰਦਾ ਹੈ, ੨. ਪਤੀਜਿਆ

ਹਰਿ ਸੰਗਿ ਸਹਾਈ ਮਹਾ ਮੀਤੁ ਤਿਸ ਸਿਉ ਤੇਰਾ ਭੇਦੁ॥
ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ ॥ ੩॥
ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ॥
ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨ੍ਹਾ॥

ਬਿਲਾਵਲ ਮ : ੫ (ਪੰਨਾ : ੮੧੫)

ਆਪਣੀ ਆਦਤ, ਸੁਭਾਅ ਅਨੁਸਾਰ ਮਨ ਢੁਚਰ ਡਾਹ ਸਕਦਾ ਹੈ ਕਿ ਠੀਕ ਹੈ! ਅਖੀਰ ਜੇ ਨਾਮ ਨੇ ਹੀ ਕੰਮ ਆਉਣਾ ਹੈ, ਫਿਰ ਮੈਂ ਨਾਮ ਕਿਸ ਦਾ ਜਪਾਂ? ਕਿਉਂਕਿ ਕੋਈ ਦੇਵੀ ਦੇਵਤਿਆਂ ਦਾ ਨਾਮ ਜਪਦਾ ਹੈ, ਕੋਈ ਸੂਰਜ, ਚੰਦਰਮਾ, ਅਗਨੀ, ਪਉਣ-ਪਾਣੀ ਦਾ ਨਾਮ ਮੰਤਰਾਂ ਦੁਆਰਾ ਜਪਦਾ ਹੈ, ਕੋਈ ਦੇਹ-ਧਾਰੀਆਂ ਦਾ ਨਾਮ ਜਪਦਾ ਹੈ। ਮੈਂ ਕਿਹੜਾ ਨਾਮ ਜਪਾਂ ਜਿਹੜਾ ਮੇਰੇ ਨਾਲ ਨਿਭੇ ਅਤੇ ਇਸ ਲੋਕ ਅਤੇ ਪ੍ਰਲੋਕ ਵਿੱਚ ਮੇਰੇ ਅੰਗ-ਸੰਗ ਹੋ ਕੇ ਸਹਾਇਤਾ ਕਰੇ।

ਸਾਹਿਬ ਕ੍ਰਿਪਾ ਕਰਕੇ ਇਸ ਢੁਚਰ, ਹੁੱਜਤ ਦਾ ਵੀ ਗੁਰਬਾਣੀ ਵਿੱਚ ਸੰਪੂਰਨ ਉੱਤਰ ਬਖਸ਼ਸ਼ ਕਰਕੇ ਅਗਵਾਈ ਕਰਦੇ ਹਨ ਕਿ ਹੇ ਮਨ, ਤੂੰ ਜਪਣ ਲਈ ਤਿਆਰ ਹੋ ਅਸੀਂ ਤੈਨੂੰ ਦੱਸਦੇ ਹਾਂ ਕਿ ਨਾਮ ਕਿਸ ਦਾ ਜਪਣਾ ਹੈ। ਨਾਮ ਉਸਦਾ ਜਪਣਾ ਹੈ ਜਿਸ ਦਾ ਨਾਮ ਜਪਣ ਨਾਲ ਮੁੱਖ-ਰਸਨਾ ਪਵਿੱਤਰ ਹੋ ਜਾਂਦੀ ਹੈ, ਜਿਸ ਦਾ ਸਿਮਰਨ ਕਰਨ ਨਾਲ ਸਭ ਥਾਂਈ ਸ਼ੋਭਾ-ਵਡਿਆਈ ਹੋਣ ਲੱਗ ਜਾਂਦੀ ਹੈ। ਜਿਸ ਨੂੰ ਅਰਾਧਨ ਨਾਲ ਜਮ-ਦੂਤ ਵੀ ਕੁਝ ਨਹੀਂ ਕਹਿੰਦੇ। ਜਿਸ ਦਾ ਸਿਮਰਨ ਕਰਨ ਨਾਲ ਸਭ ਕੁਝ ਮਨ-ਬਾਂਛਤ ਪਦਾਰਥ ਪ੍ਰਾਪਤ ਹੋ ਜਾਂਦੇ ਹਨ। ਉਸਦਾ ਨਾਮ ਜਪਣਾ ਹੈ ਜਿਸ ਦੇ ਆਸਰੇ ਸਾਰੇ ਅਕਾਸ਼ ਅਤੇ ਧਰਤੀਆਂ ਖੜੀਆਂ ਹਨ। ਉਸਦਾ ਨਾਮ ਜਪਣਾ ਹੈ ਜਿਸ ਦਾ ਸਾਰਿਆਂ ਘਟਾਂ (ਹਿਰਦਿਆਂ) ਵਿੱਚ ਪ੍ਰਕਾਸ਼ ਹੈ। ਨਾਮ ਉਸਦਾ ਜਪਣਾ ਹੈ ਜਿਸ ਦਾ ਸਿਮਰਨ ਕਰਨ ਨਾਲ ਪਲੀਤ ਆਤਮਾਵਾਂ ਵੀ ਪਵਿੱਤਰ ਹੋ ਜਾਂਦੀਆਂ ਹਨ। ਸਿਮਰਨ ਉਸਦਾ ਕਰਨਾ ਹੈ ਜਿਸ ਦਾ ਸਿਮਰਨ ਕਰਨ ਨਾਲ ਅੰਤ ਨੂੰ ਕਿਸੇ ਪਛਤਾਵੇ ਅਧੀਨ ਰੋਣਾ ਨਹੀਂ ਪੈਂਦਾ, ਸਿਮਰਨ ਉਸਦਾ ਕਰਨਾ ਹੈ ਜਿਸ ਨੂੰ ਮਨੁੱਖ ਤੇ ਦੇਵਤੇ ਵੀ ਪ੍ਰਾਪਤ ਕਰਨਾ ਲੋਚਦੇ ਹਨ। ਸਿਮਰਨ ਉਸਦਾ ਕਰਨਾ ਹੈ ਜੋ ਸਾਰਿਆਂ ਦਾ ਆਦਿ ਹੈ। ਸਿਮਰਨ ਉਸਦਾ ਕਰਨਾ ਹੈ ਜਿਸਦੀ ਮਰਿਯਾਦਾ ਜੁਗਤ, ਕਥਨ, ਕਹਿਣ ਤੋਂ ਪਰੇ ਹੈ। ਪਿਆਰ ਵਿੱਚ ਭਿੱਜ ਕੇ ਐਸੇ ਗੁਣਾਂ ਵਾਲੇ ਪ੍ਰਭੂ ਦਾ ਜਪ-ਸਿਮਰਨ ਕਰ, ਪੜ੍ਹ ਉਸ ਦੇ ਗੁਣ :—

ਜਿਸੁ ਬੋਲਤ ਮੁਖੁ ਪਵਿਤੁ ਹੋਇ॥ ਜਿਸੁ ਸਿਮਰਤ ਨਿਰਮਲ ਹੈ ਸੋਇ॥
ਜਿਸੁ ਅਰਾਧੇ ਜਮੁ ਕਿਛੁ ਨ ਕਹੈ॥ ਜਿਸ ਕੀ ਸੇਵਾ ਸਭੁ ਕਿਛੁ ਲਹੈ॥ ੧॥
ਰਾਮ ਰਾਮ ਬੋਲਿ ਰਾਮ ਰਾਮ॥ ਤਿਆਗਹੁ ਮਨ ਕੇ ਸਗਲ ਕਾਮ॥ ਰਹਾਉ॥
ਜਿਸ ਕੇ ਧਾਰੇ ਧਰਣਿ ਅਕਾਸੁ॥ ਘਟਿ ਘਟਿ ਜਿਸ ਕਾ ਹੈ ਪ੍ਰਗਾਸੁ॥
ਜਿਸੁ ਸਿਮਰਤ ਪਤਿਤ ਪੁਨੀਤ ਹੋਇ॥ ਅੰਤਕਾਲਿ ਫਿਰਿ ਫਿਰਿ ਨ ਰੋਇ॥ ੨॥
ਸਗਲ ਧਰਮ ਮਹਿ ਉਤਮ ਧਰਮ॥ ਕਰਮ ਕਰਤੂਤਿ ਕੈ ਊਪਰਿ ਕਰਮ॥
ਜਿਸ ਕਉ ਚਾਹਹਿ ਸੁਰਿਨਰ ਦੇਵ॥ ਸੰਤ ਸਭਾ ਕੀ ਲਗਹੁ ਸੇਵ॥ ੩॥
ਆਦਿ ਪੁਰਖਿ ਜਿਸੁ ਕੀਆ ਦਾਨੁ॥ ਤਿਸ ਕਉ ਮਿਲਿਆ ਹਰਿ ਨਿਧਾਨੁ॥
ਤਿਸ ਕੀ ਗਤਿ ਮਿਤਿ ਕਹੀ ਨ ਜਾਇ॥ ਨਾਨਕ ਜਨ ਹਰਿ ਹਰਿ ਧਿਆਇ॥

ਬਸੰਤ ਮ : ੫ (ਪੰਨਾ : ੧੧੯੨)

ਸਤਿਗੁਰੂ ਅਰਜਨ ਦੇਵ ਜੀ ਨੇ ਕੋਈ ਸ਼ੰਕਾ ਨਹੀਂ ਰਹਿਣ ਦਿੱਤਾ ਕਿ ਸਿਮਰਨ ਕਿਸ ਦਾ ਕਰਨਾ ਹੈ। ਬਾਬਾ ਕਬੀਰ ਜੀ ਹੋਰ ਸਪੱਸ਼ਟ ਕਰਕੇ ਫੁਰਮਾਨ ਕਰਦੇ ਹਨ ਕਿ ਹੇ ਮਨ ਜੇ ਅਜੇ ਵੀ ਕੋਈ ਭਰਮ-ਭੁਲੇਖਾ ਸ਼ੰਕਾ ਹੈ, ਦੁਬਿਧਾ ਤੇਰਾ ਖਹਿੜਾ ਨਹੀਂ ਛੱਡਦੀ, ਮੈਂ ਤੈਨੂੰ ਵਿਸਥਾਰ ਨਾਲ ਦੱਸਦਾ ਹਾਂ ਕਿ ਕਿਸ ਦਾ ਸਿਮਰਨ ਕਰਨਾ ਹੈ। ਹੇ ਮਨ! ਸਿਮਰਨ ਉਸ ਦਾ ਕਰਨਾ ਹੈ ਜਿਸ ਦਾ ਸਿਮਰਨ ਕਰਨ ਨਾਲ ਤੈਨੂੰ ਜੀਵਨ ਮੁਕਤੀ ਦੀ ਦਾਤ ਮਿਲਣੀ ਹੈ। ਸਿਮਰਨ ਉਸ ਦਾ ਕਰਨਾ ਹੈ ਜਿਸ ਦੇ ਸਿਮਰਨ ਦੁਆਰਾ ਸੱਚ-ਖੰਡ ਦੇ ਦਰਬਾਰ ਦੀ ਪ੍ਰਾਪਤੀ ਹੁੰਦੀ ਹੈ। ਜਿਸ ਦਾ ਸਿਮਰਨ ਕਰਨ ਨਾਲ ਇੱਕ ਰਸ, ਅਨਹਦ ਸ਼ਬਦ ਤੇਰੇ ਹਿਰਦੇ ਵਿੱਚ ਵੱਜਣ ਲੱਗ ਪੈਂਦੇ ਹਨ। ਹੇ ਮਨ! ਐਸਾ ਅਮੋਲਕ ਸਿਮਰਨ ਹਰ ਵੇਲੇ ਕਰਿਆ ਕਰ। ਬਿਨਾਂ ਸਿਮਰਨ ਤੋਂ ਤੈਨੂੰ ਕਦੇ ਵੀ ਬੰਦ-ਖਲਾਸੀ ਨਹੀਂ ਮਿਲਣੀ।

ਸਿਮਰਨ ਉਸ ਦਾ ਕਰ, ਜਿਸ ਦਾ ਸਿਮਰਨ ਕਰਨ ਨਾਲ ਲੋਕ ਤੇ ਪ੍ਰਲੋਕ ਦੇ ਰਸਤੇ ਵਿੱਚ ਕੋਈ ਰੁਕਾਵਟ ਨਹੀਂ ਪੈਂਦੀ। ਉਸ ਦਾ ਸਿਮਰਨ ਕਰ ਜੋ ਜੀਵ ਦੇ ਸਾਰੇ ਬੰਧਨਾਂ ਦੀ ਖਲਾਸੀ ਕਰ ਦਿੰਦਾ ਹੈ। ਸਿਮਰਨ ਉਸ ਦਾ ਕਰ ਜਿਸ ਦਾ ਸਿਮਰਨ ਕਰਨ ਨਾਲ ਤੇਰੀ ਆਤਮਾਂ ਤੋਂ ਪਾਪਾਂ ਦਾ ਬੋਝ ਲਹਿ ਜਾਵੇਗਾ। ਸਿਮਰਨ ਉਸ ਦਾ ਕਰ ਜਿਸ ਦਾ ਸਿਮਰਨ ਕਰਨ ਨਾਲ ਆਵਾਗਉਣ ਦਾ ਚੱਕਰ ਖਤਮ ਹੋ ਜਾਂਦਾ ਹੈ। ਸਿਮਰਨ ਦੇ ਨਾਲ-ਨਾਲ ਐਸੇ ਪ੍ਰਭੂ ਮਾਲਕ ਨੂੰ ਨਮਸਕਾਰ ਵੀ ਕਰਿਆ ਕਰ।

ਐਸੇ ਮਾਲਕ ਦਾ ਸਿਮਰਨ ਕਰ ਜਿਸ ਦੇ ਸਿਮਰਨ ਕਰਨ ਨਾਲ ਤੈਨੂੰ ਆਤਮਕ ਅਨੰਦ ਪ੍ਰਾਪਤ ਹੋਣਾ ਹੈ। ਐਸੇ ਪ੍ਰਭੂ ਦਾ ਸਿਮਰਨ ਕਰ, ਜਿਸ ਦੇ ਨਾਮ ਦੁਆਰਾ ਬਿਨਾਂ

ਤੇਲ-ਦੀਵੇ ਤੋਂ ਅੰਤਸ਼ਕਰਣ ਵਿੱਚ ਗਿਆਨ-ਪ੍ਰਕਾਸ਼ ਹੋ ਜਾਂਦਾ ਹੈ। ਉਸ ਦਾ ਸਿਮਰਨ ਕਰ ਜੋ ਸਦਾ ਵਾਸਤੇ ਤੈਨੂੰ ਅਮਰ ਕਰ ਦੇਣ ਦੀ ਸਮਰੱਥਾ ਰੱਖਦਾ ਹੈ। ਉਸ ਦਾ ਸਿਮਰਨ ਕਰ ਜਿਸ ਦਾ ਸਿਮਰਨ ਕਰਨ ਨਾਲ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਜ਼ਹਿਰੀਲੇ ਤੱਤ ਖਤਮ ਹੋ ਜਾਂਦੇ ਹਨ। ਉਸ ਦਾ ਸਿਮਰਨ ਕਰ ਜਿਸ ਦਾ ਸਿਮਰਨ ਕਰਨ ਨਾਲ ਤੇਰੀ ਗਤੀ (ਕਲਿਆਣ) ਹੋ ਜਾਣੀ ਹੈ। ਹੇ ਮਨ! ਐਸਾ ਸਿਮਰਨ ਦਿਨ ਰਾਤ ਲਗਾਤਾਰ ਕਰੀ ਜਾਹ। ਕਿਸੇ ਸਮੇਂ ਵੀ ਇਸ ਦਾ ਤਿਆਗ ਨਾ ਕਰ। ਲਗਾਤਾਰੀ ਸਿਮਰਨ ਦੀ ਬਰਕਤ ਦੁਆਰਾ, ਗੁਰੂ ਦੀ ਕ੍ਰਿਪਾ ਨਾਲ ਤੇਰਾ ਪਾਰ-ਉਤਾਰਾ ਹੋ ਜਾਵੇਗਾ। ਉਸ ਮਾਲਕ ਦਾ ਸਿਮਰਨ ਕਰ ਜਿਸ ਦਾ ਸਿਮਰਨ ਬੇ-ਮੁਹਤਾਜ ਕਰ ਦਿੰਦਾ ਹੈ। ਹੇ ਮਨ, ਐਸਾ ਸਿਮਰਨ ਤੂੰ ਕਰੀ ਜਾਹ ਜਿਸ ਸਿਮਰਨ ਦੀ ਬਰਕਤ ਨਾਲ ਬੇ-ਫਿਕਰ ਹੋ ਕੇ ਤੂੰ ਸੁੱਖ ਦੀ ਨੀਂਦਰ ਸੌਂਵੇਂਗਾ। ਉਸ ਵਾਹਿਗੁਰੂ ਦਾ ਸਿਮਰਨ ਕਰ ਜਿਸ ਦਾ ਸਿਮਰਨ ਕੀਤਿਆਂ ਆਤਮਕ (ਬਿਗਾਸ) ਖਿੜਾਉ ਮਿਲਦਾ ਹੈ। ਐਸੇ ਸਿਮਰਨ ਦਾ ਰਸ, ਤੂੰ ਦਿਨ ਰਾਤ ਪੀਵੀ ਜਾਹ। ਉਸ ਦਾ ਸਿਮਰਨ ਕਰ, ਜਿਸ ਦਾ ਸਿਮਰਨ ਕਰਨ ਨਾਲ ਤੇਰੀਆਂ ਸਾਰੀਆਂ ਬਿਪਤਾਵਾਂ (ਬੀਮਾਰੀਆਂ) ਦੂਰ ਹੋ ਜਾਣਗੀਆਂ। ਉਸ ਪ੍ਰਭੂ ਦਾ ਸਿਮਰਨ ਕਰ ਜਿਸ ਦਾ ਸਿਮਰਨ ਕਰਨ ਨਾਲ ਮਾਇਆ ਦਾ ਅਸਰ ਪੋਹ ਨਹੀਂ ਸਕਦਾ। ਹੇ ਮੇਰੇ ਮਨ! ਐਸੀਆਂ ਬਖਸ਼ਸ਼ਾਂ ਕਰਨ ਵਾਲਾ ਪ੍ਰਮੇਸ਼ਰ ਜੀ ਦਾ ਸਿਮਰਨ ਤੂੰ ਉਠਦਿਆਂ, ਬਹਿੰਦਿਆਂ, ਸੁਤਿਆਂ-ਜਾਗਦਿਆਂ ਦਿਨ-ਰਾਤ ਹਰ ਸਮੇਂ ਕਰਿਆ ਕਰ। ਹੇ ਮੇਰੇ ਮਨ, ਉਸ ਦਾ ਸਿਮਰਨ ਕਰ ਜਿਸ ਦਾ ਸਿਮਰਨ ਕਰਨ ਨਾਲ ਜਨਮਾਂ-ਜਨਮਾਂਤਰਾਂ ਦੇ ਕੀਤੇ ਪਾਪ ਕਰਮਾਂ ਦਾ ਬੋਝ ਸਿਰ ਤੋਂ ਉਤਰ ਜਾਂਦਾ ਹੈ। ਹੇ ਮਨ! ਇਹ ਰਾਮ ਨਾਮ ਦਾ ਸਿਮਰਨ ਹੀ ਤੇਰਾ ਆਸਰਾ ਹੈ। ਉਸ ਵਾਹਿਗੁਰੂ ਜੀ ਦਾ ਸਿਮਰਨ ਹਰ ਸਮੇਂ ਕਰਿਆ ਕਰ ਜੋ ਬੇਅੰਤ ਹੈ, ਜਿਸ ਦਾ ਕੋਈ ਅੰਤ ਨਹੀਂ ਪਾ ਸਕਿਆ। ਜਿਸ ਸਿਮਰਨ ਅਗੇ ਕੋਈ ਤੰਤਰ-ਮੰਤਰ ਦਾ ਜੋਰ ਨਹੀਂ ਚੱਲ ਸਕਦਾ। ਹੇ ਮੇਰੇ ਮਨ, ਧਿਆਨ ਨਾਲ ਪੜ੍ਹ ਬਾਬਾ ਕਬੀਰ ਜੀ ਦਾ ਫੁਰਮਾਨ ਜੋ ਪੰਨਾ ੯੭੧ ਤੇ ਰਾਮਕਲੀ ਰਾਗ ਵਿੱਚ ਗੁਰਦੇਵ ਪੰਜਵੇਂ ਪਾਤਸ਼ਾਹ ਜੀ ਨੇ ਦਰਜ਼ ਕੀਤਾ ਹੈ :—

ਜਿਹ ਸਿਮਰਨਿ ਹੋਇ ਮੁਕਤਿ ਦੁਆਰੁ॥ ਜਾਹਿ ਬੈਕੁੰਠਿ ਨਹੀ ਸੰਸਾਰਿ॥
ਨਿਰਭਉ ਕੈ ਘਰਿ ਬਜਾਵਹਿ ਤੂਰ॥ ਅਨਹਦ ਬਜਹਿ ਸਦਾ ਭਰਪੂਰ॥ ੧॥
ਐਸਾ ਸਿਮਰਨੁ ਕਰਿ ਮਨ ਮਾਹਿ॥ ਬਿਨੁ ਸਿਮਰਨ ਮੁਕਤਿ ਕਤ ਨਾਹਿ॥ ੧॥ ਰਹਾਉ॥
ਜਿਹ ਸਿਮਰਨਿ ਨਾਹੀ ਨਨਕਾਰੁ॥ ਮੁਕਤਿ ਕਰੈ ਉਤਰੈ ਬਹੁ ਭਾਰੁ॥
ਨਮਸਕਾਰੁ ਕਰਿ ਹਿਰਦੈ ਮਾਹਿ॥ ਫਿਰਿ ਫਿਰਿ ਤੇਰਾ ਆਵਨੁ ਨਾਹਿ॥ ੨॥
ਜਿਹ ਸਿਮਰਨਿ ਕਰਹਿ ਤੂ ਕੇਲ॥ ਦੀਪਕੁ ਬਾਂਧਿ ਧਰਿਓ ਬਿਨੁ ਤੇਲ॥

ਸੋ ਦੀਪਕੁ ਅਮਰਕੁ ਸੰਸਾਰਿ॥ ਕਾਮ ਕ੍ਰੋਧ ਬਿਖੁ ਕਾਢੀਲੇ ਮਾਰਿ॥ ੩॥
ਜਿਹ ਸਿਮਰਨਿ ਤੇਰੀ ਗਤਿ ਹੋਇ॥ ਸੋ ਸਿਮਰਨੁ ਰਖੁ ਕੰਠਿ ਪਰੋਇ॥
ਸੋ ਸਿਮਰਨੁ ਕਰਿ ਨਹੀ ਰਾਖੁ ਉਤਾਰਿ॥ ਗੁਰ ਪਰਸਾਦੀ ਉਤਰਹਿ ਪਾਰਿ॥ ੪॥
ਜਿਹ ਸਿਮਰਨਿ ਨਾਹੀ ਤੁਹਿ ਕਾਨਿ॥ ਮੰਦਰਿ ਸੋਵਹਿ ਪਟੰਬਰ ਤਾਨਿ॥
ਸੇਜ ਸੁਖਾਲੀ ਬਿਗਸੈ ਜੀਉ॥ ਸੋ ਸਿਮਰਨੁ ਤੂ ਅਨਦਿਨੁ ਪੀਉ॥ ੫॥
ਜਿਹ ਸਿਮਰਨਿ ਤੇਰੀ ਜਾਇ ਬਲਾਇ॥ ਜਿਹ ਸਿਮਰਨਿ ਤੁਝੁ ਪੋਹੈ ਨ ਮਾਇ॥
ਸਿਮਰਿ ਸਿਮਰਿ ਹਰਿ ਹਰਿ ਮਨਿ ਗਾਈਐ॥ ਇਹੁ ਸਿਮਰਨੁ ਸਤਿਗੁਰ ਤੇ ਪਾਈਐ॥
ਸਦਾ ਸਦਾ ਸਿਮਰਿ ਦਿਨੁ ਰਾਤਿ॥ ਊਠਤ ਬੈਠਤ ਸਾਸਿ ਗਿਰਾਸਿ॥
ਜਾਗੁ ਸੋਇ ਸਿਮਰਨ ਰਸ ਭੋਗ॥ ਹਰਿ ਸਿਮਰਨੁ ਪਾਈਐ ਸੰਜੋਗ॥ ੭॥
ਜਿਹ ਸਿਮਰਨਿ ਨਾਹੀ ਤੁਝੁ ਭਾਰ॥ ਸੋ ਸਿਮਰਨੁ ਰਾਮ ਨਾਮ ਅਧਾਰੁ॥
ਕਹਿ ਕਬੀਰ ਜਾ ਕਾ ਨਹੀ ਅੰਤੁ॥ ਤਿਸ ਕੇ ਆਗੇ ਤੰਤੁ ਨ ਮੰਤੁ॥ ੮॥ ੯॥

ਰਾਮਕਲੀ ਕਬੀਰ ਜੀ (ਪੰਨਾ : ੯੭੧)

ਹੇ ਮਨ! ਜੇ ਬਾਬਾ ਕਬੀਰ ਦੇ ਬਚਨ ਸ੍ਰਵਣ ਕਰਕੇ ਵੀ ਅਜੇ ਦੁਬਿਧਾ ਘਰ ਕਰੀ ਬੈਠੀ ਹੈ ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫੁਰਮਾਨ ਸਰਵਣ ਕਰ। ਸਾਹਿਬਾਂ ਨੇ ਉਹਨਾਂ ਆਤਮਾਵਾਂ ਦਾ ਜ਼ਿਕਰ ਕੀਤਾ ਹੈ ਜਿਹਨਾਂ ਨੂੰ "**ਹਰ ਜੀ ਕੋ ਨਾਮ ਅੰਤ ਪਕਰੋਰੈ**" ਆਖਰੀ ਸਮੇਂ ਨਾਮ ਨੇ ਬਹੁੜੀ ਕਰਕੇ ਉਹਨਾਂ ਦੀ ਗਤੀ ਕੀਤੀ ਤੇ ਇਸ ਸੰਸਾਰ ਵਿੱਚ ਵੀ ਇੱਜ਼ਤ-ਪੱਤ ਰੱਖੀ। ਸਾਹਿਬ ਫੁਰਮਾਨ ਕਰਦੇ ਹਨ ਹਰੀ ਦਾ ਨਾਮ ਲੋਕ-ਪ੍ਰਲੋਕ ਵਿੱਚ ਸੁੱਖ ਦੇਣ ਵਾਲਾ ਹੈ। ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ। ਕਿਸ ਨਾਮ ਦਾ? ਜਿਸ ਨਾਮ ਦਾ ਸਿਮਰਨ ਕਰਕੇ ਅਜਾਮਲ ਪਾਪੀ ਦਾ ਉਧਾਰ ਹੋ ਗਿਆ। ਜਿਸ ਨਾਮ ਦਾ ਸਿਮਰਨ ਕਰਕੇ ਗਨਕਾ ਦਾ ਨਿਸਤਾਰਾ ਹੋ ਗਿਆ। ਹੋਰ ਵੇਖ, ਜਿਸ ਨਾਮ ਦਾ ਸਿਮਰਨ ਕਰਕੇ, ਪੰਚਾਲ ਦੇਸ਼ ਦੀ ਦਰੋਪਤੀ ਦੀ ਇੱਜ਼ਤ ਸਾਬਤ ਰਹਿ ਗਈ। ਹੇ ਮਨ! ਜਿਸ ਜਿਸ ਨੇ ਵੀ ਕ੍ਰਿਪਾਲੂ ਪ੍ਰਭੂ ਜੀ ਦਾ ਨਾਮ-ਸਿਮਰਨ ਕੀਤਾ, ਨਾਮ ਨੇ ਉੱਥੇ-ਉੱਥੇ ਹੀ ਉਸ ਦੀ ਸਹਾਇਤਾ ਕੀਤੀ, ਇਸ ਲਈ ਤੂੰ ਵੀ ਸ਼ਰਧਾ ਭੋਰੋਸੇ ਨਾਲ ਉਸ ਪ੍ਰਭੂ ਦਾ ਸਿਮਰਨ ਕਰ ਤਾਂ ਜੋ ਤੇਰਾ ਵੀ ਲੋਕ ਸੁਖੀ ਪ੍ਰਲੋਕ ਸੁਹੇਲਾ ਹੋ ਜਾਵੇ। ਹੇ ਮਨ, ਪਿਆਰ ਵਿੱਚ ਭਿੱਜ ਕੇ ਵਿਚਾਰ ਨਾਲ ਗੁਰਦੇਵ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫੁਰਮਾਨ ਪੜ੍ਹ ਤਾਂ ਜੋ ਤੈਨੂੰ ਵੀ ਗੁਰੂ ਹੁਕਮ ਤੇ ਪਤੀਜਣਾ ਆ ਜਾਵੇ :—

ਹਰਿ ਕੋ ਨਾਮੁ ਸਦਾ ਸੁਖਦਾਈ॥

ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ॥ ੧॥ ਰਹਾਉ॥

ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥

ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥

ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ॥

ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨਿ ਸਰਨਾਈ॥ ੨॥ ੧॥

ਮਾਰੂ ਮ : ੯ (ਪੰਨਾ : ੧੦੦੮)

ਧੰਨ ਹਨ ਗੁਰੂ ਤੇਗ ਬਹਾਦਰ ਸਾਹਿਬ ਜੀ, ਜਿਹਨਾਂ ਨੇ ਗੁਰਬਾਣੀ ਵਿੱਚ ਸਾਡਾ, ਨਾਮ ਸਿਮਰਨ ਤੇ ਯਕੀਨ-ਭਰੋਸਾ ਬਨਾਉਣ ਦੀ ਮਿਹਰ ਕੀਤੀ ਹੈ। ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸਾਡੇ ਮਨ ਨੂੰ, ਉਸ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ, ਜਿਸ ਦੀ ਇੱਕ ਮਿਹਰ ਦੀ ਨਿਗਾਹ ਨਾਲ, ਲੱਖਾਂ ਖੁਸ਼ੀਆਂ ਲੱਖਾਂ ਪਾਤਸ਼ਾਹੀਆਂ ਪ੍ਰਾਪਤ ਹੋ ਸਕਦੀਆਂ ਹਨ, ਉਸ ਨੂੰ ਧਿਆਉਣ ਦਾ ਸੰਦੇਸ਼ ਸਾਨੂੰ ਦ੍ਰਿੜ ਕਰਵਾ ਰਹੇ ਹਨ। ਹੇ ਮੇਰੇ ਜੀਅੜੇ, ਸਦਾ ਉਸ ਨੂੰ ਧਿਆਉਣਾ ਚਾਹੀਦਾ ਹੈ ਜੋ ਪਾਤਸ਼ਾਹਾਂ ਦਾ ਸ਼੍ਰੋਮਣੀ ਪਾਤਸ਼ਾਹ ਹੈ ਅਤੇ ਉਸ ਵੱਡੇ ਸਮਰੱਥ ਪ੍ਰਭੂ ਦੀ ਹੀ ਆਸ ਰੱਖਣੀ ਚਾਹੀਦੀ ਹੈ ਜਿਸਦਾ ਸਭ ਜੀਆਂ ਨੂੰ ਭਰੋਸਾ (ਆਸਰਾ) ਹੈ। ਹੇ ਮੇਰੇ ਮਨ, ਸਭ ਚਤੁਰਾਈਆਂ ਸਿਆਣਪਾਂ ਛੱਡ ਕੇ ਗੁਰੂ ਦੇ ਪੈਰੀਂ ਪੈ ਜਾਹ (ਭਾਵ ਗੁਰੂ-ਹੁਕਮ ਦਾ ਧਾਰਨੀ ਬਣ ਜਾਹ) ਗੁਰੂ ਹੁਕਮ ਅਨੁਸਾਰ ਅੱਠੇ ਪਹਿਰ ਸੁੱਖ ਅਤੇ ਸਹਿਜ ਵਿੱਚ ਉਸ ਪ੍ਰਭੂ ਦਾ ਨਾਮ ਜਪ। ਹੇ ਮਨ! ਉਸ ਮਾਲਕ ਦੀ ਸ਼ਰਣ ਵਿੱਚ ਆਪਾ ਸਮੱਰਪਤ ਕਰ ਦੇਹ, ਜਿਸ ਵਰਗਾ ਸੰਸਾਰ ਵਿੱਚ ਕੋਈ ਹੋਰ ਨਹੀਂ ਹੈ। ਜਿਸ ਦਾ ਸਿਮਰਨ ਕਰਨ ਨਾਲ ਬਹੁਤ ਹੀ ਜ਼ਿਆਦਾ ਆਤਮਕ ਸੁੱਖ ਪ੍ਰਾਪਤ ਹੁੰਦਾ ਹੈ। ਦੁੱਖ ਕਲੇਸ਼ ਮੂਲੋਂ ਹੀ ਖਹਿੜਾ ਛੱਡ ਜਾਂਦੇ ਹਨ। ਇਸ ਲਈ ਸਦਾ ਪ੍ਰਭੂ ਮਾਲਕ ਦੀ ਚਾਕਰੀ ਕਰਿਆ ਕਰ ਕਿਉਂਕਿ ਉਹ ਪ੍ਰਭੂ ਮਾਲਕ ਸਦਾ ਸੱਚਾ, ਸਦਾ ਕਾਇਮ ਰਹਿਣ ਵਾਲਾ ਹੈ :—

ਸੋਈ ਧਿਆਈਐ ਜੀਅੜੇ ਸਿਰਿ ਸਾਹਾਂ ਪਾਤਿਸਾਹੁ॥

ਤਿਸ ਹੀ ਕੀ ਕਰਿ ਆਸ ਮਨ ਜਿਸ ਕਾ ਸਭਸੁ ਵੇਸਾਹੁ॥

ਸਭਿ ਸਿਆਣਪਾ ਛਡਿ ਕੈ ਗੁਰ ਕੀ ਚਰਣੀ ਪਾਹੁ॥ ੧॥

ਮਨ ਮੇਰੇ ਸੁਖ ਸਹਜ ਸੇਤੀ ਜਪਿ ਨਾਉ॥

ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਇੰਦ ਨਿਤ ਗਾਉ॥ ੧॥ ਰਹਾਉ॥

ਤਿਸ ਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ॥

ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ॥

ਸਦਾ ਸਦਾ ਕਰਿ ਚਾਕਰੀ ਪ੍ਰਭੁ ਸਾਹਿਬੁ ਸਚਾ ਸੋਇ॥ ੨॥

ਸ੍ਰੀਰਾਗੁ ਮ : ੫॥ (ਪੰਨਾ : ੪੪)

ਸੋ ਹੇ ਮੇਰੇ ਮਨ! ਸਤਿਗੁਰੂ ਜੀ ਨੇ ਸਾਰੀ ਗੁਰਬਾਨੀ ਵਿੱਚ ਉਸ ਇੱਕ ਦਾ, ਜਿਸ ਇੱਕ ਦਾ ਸਰੂਪ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੂਲ ਮੰਤਰ ਵਿੱਚ ਵਰਨਣ ਕੀਤਾ ਹੈ ਉਸ ਦਾ ਸਿਮਰਨ ਕਰਨ ਵਾਸਤੇ ਪ੍ਰੇਰਨਾ ਦਿਤੀ ਹੈ। ਜਿਹੜੇ ਇੱਕ ਮਾਲਕ ਨੂੰ ਛਡ ਕੇ ਦੂਸਰੇ ਨਾਲ ਜੁੜਨਗੇ, ਉਹਨਾਂ ਨੂੰ ਪਾਰ-ਉਤਾਰੇ ਦੀ ਆਸ ਨਹੀਂ ਰੱਖਣੀ ਚਾਹੀਦੀ, ਸਾਹਿਬਾਂ ਦਾ ਬਚਨ :—"**ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥**" ਉਹਨਾਂ ਤੇ ਢੁੱਕੇਗਾ।

ਧਿਆਉਣ ਲੱਗਿਆਂ, ਜਪਣ ਲੱਗਿਆਂ ਧਿਆਨ ਰੱਖਣਾ ਚਾਹੀਦਾ ਹੈ ਕਿ ਮੈਂ ਇੱਕ ਨੂੰ ਧਿਆ ਰਿਹਾ ਹਾਂ, ਕਿਤੇ ਮੇਰੇ ਅਤੇ ਇੱਕ ਦੇ ਵਿਚਕਾਰ ਕੋਈ ਹੋਰ ਰੁਕਾਵਟ ਤਾਂ ਨਹੀਂ ਬਣ ਰਿਹਾ। ਜੇ ਕੋਈ ਦੂਸਰਾ ਹੈ, ਉਸਨੂੰ ਲਾਂਭੇ ਕਰਕੇ "**ਏਕੋ ਜਪਿ ਏਕੋ ਸਾਲਾਹਿ॥ ਏਕੁ ਸਿਮਰਿ ਏਕੋ ਮਨ ਆਹਿ॥ ਏਕਸ ਕੇ ਗੁਨ ਗਾਉ ਅਨੰਤ॥ ਮਨਿ ਤਨਿ ਜਾਪਿ ਏਕ ਭਗਵੰਤ॥**" ਦੇ ਧਾਰਨੀ ਬਣ ਜਾਣਾ ਚਾਹੀਦਾ ਹੈ। ਉਸ ਮਾਲਕ ਨੂੰ ਧਿਆਉਣਾ ਕਿਵੇਂ ਹੈ ? ਸ੍ਰੀ ਗੁਰੂ ਅਮਰਦਾਸ ਜੀ ਨੇ ਸੋਰਠ ਰਾਗ ਵਿੱਚ ਪ੍ਰੇਰਨਾ ਦਿਤੀ ਹੈ, ਹੇ ਮਨ ! ਤੂੰ ਹਰੀ ਪ੍ਰਮੇਸ਼ਰ ਜੀ ਨੂੰ ਇਕਾਗਰ ਚਿੱਤ ਹੋ ਕੇ, ਪਿਆਰ ਵਿੱਚ ਭਿੱਜ ਕੇ ਸਿਮਰਿਆ ਕਰ, ਇਸ ਪਿਆਰ ਅਤੇ ਇਕਾਗਰ ਚਿੱਤ ਦੀ ਕਰਨੀ ਤੇ ਪ੍ਰਸੰਨ ਹੋ ਕੇ ਹਰੀ ਤੈਨੂੰ ਲੋਕ ਪ੍ਰਲੋਕ ਦੀਆਂ ਵਡਿਆਈਆਂ ਬਖਸ਼ਸ਼ ਕਰ ਦੇਵੇਗਾ :—

ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ॥

ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ॥

ਸਲੋਕੁ ਮ : ੩ (ਪੰਨਾ : ੬੫੩)

ਹੇ ਮਨ! ਸਿਮਰਨ ਕਰਨ ਲੱਗਿਆਂ ਐਵੇਂ ਫ਼ਜ਼ੂਲ ਫੁਰਨਿਆਂ ਅਧੀਨ ਇੱਧਰ-ਉੱਧਰ ਉਡਾਰੀਆਂ ਨਾ ਮਾਰਿਆ ਕਰ, ਇਸ ਤਰ੍ਹਾਂ ਕਰਨ ਨਾਲ ਤੇਰਾ ਆਪਣਾ ਹੀ ਨੁਕਸਾਨ ਹੈ। ਹੇ ਮਨ ! ਜੇ ਤੂੰ ਸਾਰੀਆਂ ਲੋਭ ਲਾਲਚ ਦੀਆਂ ਭਟਕਣਾਂ ਛੱਡ ਕੇ ਪ੍ਰਮੇਸ਼ਰ ਜੀ ਦਾ ਨਾਮ, ਜੁੜ ਕੇ, ਨਾਮੀ ਦੇ ਨਾਮ ਵਿੱਚ ਰਚ ਕੇ ਜਪੇਂਗਾਂ, ਤੈਨੂੰ ਜੀਵਨ ਮੁਕਤੀ ਦੀ ਦਾਤ ਪ੍ਰਾਪਤ ਹੋ ਜਾਵੇਗੀ ਅਤੇ ਤੇਰੀ ਨਿਰੰਕਾਰ ਨਾਲ ਅਭੇਦਤਾ ਹੋ ਜਾਵੇਗੀ:—

ਘਰਿ ਰਹੁ ਰੇ ਮਨ ਮੁਗਧ ਇਆਨੇ॥
ਰਾਮੁ ਜਪਹੁ ਅੰਤਰਗਤਿ ਧਿਆਨੇ॥
ਲਾਲਚ ਛੋਡਿ ਰਚਹੁ ਅਪਰੰਪਰਿ
ਇਉ ਪਾਵਹੁ ਮੁਕਤਿ ਦੁਆਰਾ ਹੇ॥

ਮਾਰੂ ਮ : ੧ (ਪੰਨਾ : ੧੦੩੦)

ਹੇ ਮਨ! ਤੂੰ ਜਿਹੜਾ ਫੁਰਨਿਆਂ ਦਾ ਸ਼ੋਰ-ਸ਼ਰਾਬਾ (ਰੌਲਾ-ਗੌਲਾ) ਆਪਣੇ ਅੰਦਰ ਪੈਦਾ ਕੀਤਾ ਹੋਇਆ ਹੈ ਉਸ ਨੂੰ ਸ਼ਾਂਤ ਕਰ ਲੈ। ਜਦੋਂ ਫੁਰਨੇ ਸ਼ਾਂਤ ਹੋ ਗਏ, ਉਸੇ ਸਮੇਂ ਹੀ ਸੁੰਦਰ ਪ੍ਰਭੂ ਜੀ ਦੀ ਪ੍ਰਾਪਤੀ ਹੋ ਜਾਵੇਗੀ :—

ਹੈ ਹਜੂਰਿ ਕਤ ਦੂਰਿ ਬਤਾਵਹੁ॥ ਦੁੰਦਰ ਬਾਧਹੁ ਸੁੰਦਰ ਪਾਵਹੁ॥ ੧॥

ਕਬੀਰ ਜੀ (ਪੰਨਾ : ੧੧੬੦)

ਪਿਆਰ ਵਿੱਚ ਭਿੱਜ ਕੇ ਫੁਰਨੇ ਰਹਿਤ ਕੀਤਾ ਸਿਮਰਨ ਹੀ ਪ੍ਰਭੂ ਜੀ ਨਾਲ ਅਭੇਦਤਾ ਬਖਸ਼ਸ਼ ਕਰਦਾ ਹੈ। ਸੋ ਹੇ ਮਨ! ਗੁਰੂ ਅਗਵਾਈ ਅਧੀਨ ਏਹੜ-ਤੇਹੜ ਛੱਡ ਕੇ ਪਿਆਰ-ਭਿੰਨਾਂ ਇਕਾਗਰ ਹੋ ਸਿਮਰਨ ਕਰ ਤੇ ਮਾਲਕ ਪ੍ਰਭੂ ਜੀ ਨਾਲ ਇਸੇ ਜਨਮ ਵਿੱਚ ਅਭੇਦਤਾ ਪ੍ਰਾਪਤ ਕਰ ਲੈ। ਕਿਤੇ :—"**ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥**" ਦੀ ਖੇਡ ਨ ਵਰਤ ਜਾਵੇ, ਪਿਛਲੇ ਪੰਨਿਆਂ ਉੱਪਰ ਵੀ ਬੇਨਤੀ ਕੀਤੀ ਸੀ ਕਿ ਨਾਮ ਕੇਵਲ ਤੇ ਕੇਵਲ ਉਸ ਇੱਕ ਅਕਾਲ ਪੁਰਖ ਦਾ ਹੀ ਜਪਣਾ ਹੈ ਕਿਉਂਕਿ ਅਸੀਂ ਇੱਕ ਦੀ ਅੰਸ਼ ਹਾਂ, ਇੱਕ ਹੀ ਸਾਡਾ ਜੋਤ-ਸਰੂਪ ਹੈ, ਇਕ ਹੀ ਸਾਡਾ ਮੁੱਢ ਹੈ, ਇੱਕ ਹੀ ਆਦਿ ਹੈ, ਇੱਕ ਤੋਂ ਆਪਾਂ ਅਗਿਆਨ, ਭਰਮ ਕਾਰਣ ਵਿਛੜੇ ਹਾਂ, ਇੱਕ ਨਾਲ ਜੁੜਨਾ ਅਤੇ ਇੱਕ ਨਾਲ ਅਭੇਦ ਹੋਣਾ ਹੀ, ਸਾਡੀ ਮੰਜ਼ਲ ਹੈ। ਇਸ ਲਈ ਇੱਕ ਦਾ ਹੀ ਸਿਮਰਨ ਅਰਾਧਨ ਕਰਨਾ ਹੈ ਕਿਉਂਕਿ ਕੁਦਰਤ ਦਾ ਇੱਕ ਨੇਮ ਹੈ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਉੜੀ ਰਾਗ ਵਿੱਚ ਅੰਕਿਤ ਕੀਤਾ ਹੈ ਕਿ ਜਿਸ ਦੀ ਕੋਈ ਸੇਵਨਾ-ਅਰਾਧਨਾ ਕਰਦਾ ਹੈ ਸਮਾਂ ਪਾ ਕੇ ਉਸ ਦਾ ਹੀ ਰੂਪ ਹੋ ਜਾਂਦਾ ਹੈ :—

ਭੈ ਰਚਿ ਰਹੇ ਸੁ ਨਿਰਭਉ ਹੋਇ॥ ਜੈਸਾ ਸੇਵੈ ਤੈਸੋ ਹੋਇ॥

ਗਉੜੀ ਮ : ੧ (ਪੰਨਾ : ੨੨੩)

ਸੋ ਇੱਕ ਦਾ ਰੂਪ ਹੋਣ ਲਈ ਇੱਕ ਦੀ ਹੀ ਅਰਾਧਨਾਂ ਕਰਨੀ ਚਾਹੀਦੀ ਹੈ। ਜੇ ਇੱਕ ਨੂੰ ਛੱਡ ਕੇ ਹੋਰ-ਹੋਰ ਦੇਵੀ ਦੇਵਤਿਆਂ ਦੀ ਉਪਾਸ਼ਨਾ-ਅਰਾਧਨਾ ਕਰਾਂਗੇ ਉਸ ਅਰਾਧਨਾ ਦੁਆਰਾ ਕੀ ਮਿਲੇਗਾ ? ਉਸਦਾ ਜਿਕਰ ਵੀ ਗੁਰਬਾਨੀ ਵਿੱਚ ਬਾਬਾ ਨਾਮ

ਦੇਵ ਜੀ ਨੇ ਬਿਲਾਵਲ ਰਾਗ ਵਿੱਚ ਸਾਨੂੰ ਸੁਚੇਤ ਕਰਨ ਹਿੱਤ ਕੀਤਾ ਹੈ ਕਿ ਜੋ ਮਨੁੱਖ ਭੈਰੋਂ ਦੀ ਅਰਾਧਨਾਂ ਕਰੇਗਾ ਉਹ ਭੈਰੋਂ ਵਰਗਾ ਭੂਤ ਬਣ ਜਾਵੇਗਾ। ਜੋ ਸੀਤਲਾ ਦੇਵੀ ਦੀ ਅਰਾਧਨਾ ਕਰੇਗਾ ਉਹ ਸੀਤਲਾ ਦੇਵੀ ਵਾਂਗੂੰ ਖੋਤੇ ਦੀ ਸਵਾਰੀ ਕਰੇਗਾ ਤੇ ਸੁਆਹ ਹੀ ਉਡਾਵੇਗਾ।

ਬਾਬਾ ਨਾਮ ਦੇਵ ਜੀ ਕਹਿੰਦੇ ਹਨ ਕਿ ਮੈਂ ਤਾਂ ਕੇਵਲ ਇੱਕ ਪ੍ਰਮਾਤਮਾਂ ਦਾ ਹੀ ਨਾਮ ਲਵਾਂਗਾ। ਹੋਰ ਸਾਰੇ ਦੇਵੀ-ਦੇਵਤੇ ਇੱਕ ਨਾਮ ਦੇ ਬਦਲੇ ਵਿੱਚ ਦੇ ਦਿਆਂਗਾ ਭਾਵ ਮੈਨੂੰ ਕਿਸੇ ਦੇਵੀ-ਦੇਵਤੇ ਨਾਲ ਕੋਈ ਸਰੋਕਾਰ ਨਹੀਂ ਹੈ।

ਜੋ ਮਨੁੱਖ ਸ਼ਿਵ ਸ਼ਿਵ ਕਰਕੇ ਸ਼ਿਵਜੀ ਦੀ ਅਰਾਧਨਾ ਕਰਦਾ ਹੈ, ਉਹ ਸ਼ਿਵਜੀ ਵਾਂਗ ਬਲਦ ਤੇ ਚੜ੍ਹ ਕੇ ਡਮਰੂ ਵਜਾਉਂਦਾ ਫਿਰੇਗਾ। ਜਿਹੜਾ ਮਨੁੱਖ ਮਹਾਂਮਾਈ (ਪਾਰਬਤੀ) ਦੀ ਪੂਜਾ-ਅਰਾਧਨਾ ਕਰੇਗਾ ਉਹ ਪੁਰਸ਼, ਮਰਦ ਤੋਂ ਇਸਤ੍ਰੀ ਦੀ ਜੂਨ ਪ੍ਰਾਪਤ ਕਰੇਗਾ। ਹੇ ਆਦਿ ਭਵਾਨੀ ਤੂੰ ਸਾਰਿਆਂ ਦਾ ਮੁੱਢ ਕਹਾਉਨੀ ਹੈਂ, ਪਰ ਆਪਣੇ ਸੇਵਕਾਂ ਨੂੰ ਮੁਕਤੀ ਦੇਣ ਵੇਲੇ ਪਤਾ ਨਹੀਂ ਤੂੰ ਕਿੱਥੇ ਛਿਪ ਜਾਂਦੀ ਹੈਂ? ਨਾਮਦੇਵ ਜੀ ਬੇਨਤੀ ਕਰਦੇ ਹਨ ਕਿ, ਹੇ ਮਿੱਤਰੋ! ਗੁਰੂ ਦੀ ਸਿਖਿਆ ਲੈ ਕੇ ਪ੍ਰਮਾਤਮਾਂ ਦੇ ਨਾਮ ਦੀ ਓਟ ਪਕੜੋ ਕਿਉਂਕਿ ਸਾਰੇ ਧਰਮ ਦੇ ਗ੍ਰੰਥਾਂ ਦਾ ਇਹ ਹੀ ਤੱਤ-ਸਾਰ ਹੈ :—

ਭੈਰਉ ਭੂਤ ਸੀਤਲਾ ਧਾਵੈ॥ ਖਰ ਬਾਹਨੁ ਉਹੁ ਛਾਰੁ ਉਡਾਵੈ॥ ੧॥
ਹਉ ਤਉ ਏਕੁ ਰਮਈਆ ਲੈਹਉ॥ ਆਨ ਦੇਵ ਬਦਲਾਵਨਿ ਦੈਹਉ॥ ੧॥ ਰਹਾਉ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ॥ ਬਰਦ ਚਢੇ ਡਉਰੁ ਢਮਕਾਵੈ॥ ੨॥
ਮਹਾ ਮਾਈ ਕੀ ਪੂਜਾ ਕਰੈ॥ ਨਰ ਸੈ ਨਾਰਿ ਹੋਇ ਅਉਤਰੈ॥ ੩॥
ਤੂ ਕਹੀਅਤ ਹੀ ਆਦਿ ਭਵਾਨੀ॥ ਮੁਕਤਿ ਕੀ ਬਰੀਆ ਕਹਾ ਛਪਾਨੀ॥ ੪॥
ਗੁਰਮਤਿ ਰਾਮ ਨਾਮ ਗਹੁ ਮੀਤਾ॥ ਪ੍ਰਣਵੈ ਨਾਮਾ ਇਉ ਕਹੈ ਗੀਤਾ॥ ੫॥

ਗੋਂਡ ਨਾਮ ਦੇਵ ਜੀ (ਪੰਨਾ : ੮੭੪)

ਸਮੁੱਚੇ ਸਰੀਰ ਦੇ ਇੰਦ੍ਰਿਆਂ ਨੂੰ ਉਪਦੇਸ਼

ਜਿੱਥੇ ਸਤਿਗੁਰੂ ਜੀ ਨੇ ਮਨ ਨੂੰ ਸੰਬੋਧਨ ਕਰਕੇ, ਸੱਤ ਮਾਰਗ ਤੇ ਚਲਣ ਦਾ ਉਪਦੇਸ਼ ਬਖਸ਼ਸ਼ ਕੀਤਾ ਹੈ, ਉੱਥੇ ਸਤਿਗੁਰੂ ਜੀ ਨੇ ਸਰੀਰ ਦੇ ਇਕੱਲੇ-ਇਕੱਲੇ ਕਰਮ ਇੰਦ੍ਰਿਆਂ ਨੂੰ ਮੁਖਾਤਬ ਕਰਕੇ, ਇਹਨਾਂ ਦੀ ਸਫਲਤਾ ਵਾਸਤੇ ਤੇ ਪ੍ਰਭੂ ਪ੍ਰਾਪਤੀ ਦੇ ਮਾਰਗ ਤੇ ਚੱਲ ਕੇ, ਪ੍ਰਭੂ ਵਸਲ ਪ੍ਰਾਪਤ ਕਰਨ ਲਈ, ਜੀਵ ਆਤਮਾ ਦਾ ਸਾਥ ਦੇਣ ਲਈ ਪ੍ਰੇਰਤ ਕੀਤਾ ਹੈ ਕਿਉਂਕਿ ਸਰੀਰ ਅਤੇ ਇਸਦੇ ਸਮੁੱਚੇ ਅੰਗ, ਜੀਵ ਆਤਮਾ ਦੇ

ਪ੍ਰਭੂ ਮਿਲਾਪ ਦਾ ਸਾਧਨ ਪ੍ਰਮੇਸ਼ਰ ਜੀ ਨੇ ਬਣਾਇਆ ਹੈ।

ਇਸ ਸਰੀਰ ਅਤੇ ਸਮੁੱਚੇ ਅੰਗਾਂ ਦੀ ਗੁਰੂ ਅਗਵਾਈ ਤੋਂ ਉਲਟ ਦੁਰਵਰਤੋਂ, ਪ੍ਰਭੂ ਮਿਲਾਪ ਦੀ ਥਾਂ ਸਗੋਂ ਪ੍ਰਭੂ ਮਾਲਕ ਤੋਂ ਹੋਰ ਦੂਰੀ ਤੇ ਵਿੱਥ ਪਾ ਦਿੰਦੀ ਹੈ। ਤਦ ਹੀ ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਜਪੁਜੀ ਸਾਹਿਬ ਵਿੱਚ, ਇਸ ਅਸਲੀਅਤ ਤੋਂ ਸਾਨੂੰ ਜਾਣੂੰ ਕਰਾਇਆ ਹੈ ਕਿ ਇਸ ਸਰੀਰ ਦੁਆਰਾ ਕੋਈ ਮਨੁੱਖ ਜੀਭ ਨਾਲ ਨਾਮ ਜਪ ਕੇ, ਹੱਥਾਂ ਨਾਲ ਸੇਵਾ ਕਰਕੇ, ਚਰਨਾਂ ਨਾਲ ਸਤਸੰਗਤ ਵਿੱਚ ਹਾਜਰੀ ਭਰਕੇ, ਅੱਖਾਂ ਨਾਲ ਗੁਰੂ ਦੇ ਦਰਸ਼ਨ ਕਰਕੇ ਅਤੇ ਕੰਨਾਂ ਦੁਆਰਾ ਗੁਰੂ ਦਾ ਉਪਦੇਸ਼ ਤੇ ਪ੍ਰਮੇਸ਼ਰ ਦੀ ਸਿਫਤੋ ਸਲਾਹ ਸੁਣ ਕੇ ਪ੍ਰਭੂ ਦੇ ਮਿਲਾਪ ਲਈ ਉਸਦੇ ਬਿਲਕੁਲ ਨੇੜੇ ਹੋ ਜਾਂਦਾ ਹੈ। ਪਰ ਐਨ ਬਿਲਕੁਲ ਇਸ ਦੇ ਉਲਟ, ਇਸੇ ਸਰੀਰ ਤੇ ਇਸ ਦੇ ਕਰਮ ਇੰਦ੍ਰਿਆਂ ਦੁਆਰਾ ਮਨੁੱਖ ਜੀਭ ਨਾਲ ਕਿਸੇ ਨੂੰ ਕੌੜਾ ਬੋਲ ਕੇ, ਕਿਸੇ ਦੀ ਨਿੰਦਿਆ ਕਰਕੇ, ਹੱਥਾਂ ਨਾਲ ਚੋਰੀ ਯਾਰੀ ਠੱਗੀ ਕਰਕੇ, ਪੈਰਾਂ ਨਾਲ ਮੰਦੇ ਪਾਸੇ ਚਲ ਕੇ, ਅੱਖਾਂ ਨਾਲ ਮਾੜੀ ਦ੍ਰਿਸ਼ਟੀ ਦੁਆਰਾ ਵੇਖ ਕੇ ਅਤੇ ਕੰਨਾਂ ਨਾਲ, ਅਸ਼ਲੀਲ ਬੋਲ ਸੁਣ ਕੇ ਪ੍ਰਭੂ ਮਿਲਾਪ ਦੀ ਥਾਂ ਜਨਮਾਂ ਜਨਮਾਂਤਰਾਂ ਦੀ ਦੂਰੀ ਆਪਣੇ ਮਾਲਕ ਪ੍ਰਮੇਸ਼ਰ ਜੀ ਨਾਲੋਂ ਪਾ ਕੇ ਅਨੇਕਾਂ ਜੂਨਾਂ ਵਿੱਚ ਭਟਕਦਾ ਹੈ :—

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥ (ਜਪੁਜੀ ਸਾਹਿਬ)

ਸਰੀਰ ਉਹੋ ਹੀ ਹੈ, ਗੁਰੂ ਅਗਵਾਈ ਵਿੱਚ ਇਸ ਦੀ ਸੁਚੱਜੀ ਵਰਤੋਂ ਜਿੱਥੇ ਪ੍ਰਭੂ ਮਿਲਾਪ ਵਿੱਚ ਸਹਾਇਕ ਹੋਈ, ਉੱਥੇ ਸਤਿਗੁਰੂ ਜੀ ਨੇ ਉਹਨਾਂ ਸਹਾਇਕ ਕਰਮ ਇੰਦ੍ਰਿਆਂ ਨੂੰ ਧੰਨ ਧੰਨ ਕਹਿ ਕੇ ਸਤਕਾਰਿਆ ਅਤੇ ਪ੍ਰਭੂ ਪ੍ਰਾਪਤੀ ਵਿੱਚ ਸਹਾਇਕ ਸਾਰੇ ਕਰਮ ਇੰਦ੍ਰੇ ਗੁਰੂ ਦ੍ਰਿਸ਼ਟੀ ਵਿੱਚ ਪ੍ਰਵਾਨ ਚੜ੍ਹ ਗਏ।

ਉਹ ਰਸਨਾ ਧੰਨਤਾ ਦੇ ਯੋਗ ਹੈ ਜੋ ਹਰੀ ਪ੍ਰਭੂ ਦੇ ਗੁਣ ਗਾਉਂਦੀ ਹੈ। ਉਹ ਕੰਨ ਵੀ ਸਰੇਸ਼ਟ ਤੇ ਸੋਭਨੀਕ ਹਨ ਜੋ ਪ੍ਰਭੂ ਪ੍ਰਮੇਸ਼ਰ ਜੀ ਦੀ ਕਲਿਆਣਕਾਰੀ ਕੀਰਤੀ ਨੂੰ ਸ੍ਰਵਣ ਕਰਦੇ ਹਨ। ਉਹ ਸਿਰ ਵੀ ਭਲਾ ਅਤੇ ਪਵਿੱਤਰ ਹੈ ਜੋ ਦਰ-ਦਰ ਤੇ ਝੁਕਣ ਦੀ ਥਾਂ ਗੁਰੂ ਦੇ ਸ੍ਰੇਸ਼ਟ ਦਰ ਤੇ ਆ ਕੇ ਗੁਰੂ ਚਰਨਾਂ ਵਿੱਚ ਨਿਵਦਾ ਹੈ :—

ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ
ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥
ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ
ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ॥
ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ
ਜੋ ਜਾਇ ਲਗੈ ਗੁਰ ਪੈਰੇ ਰਾਮ॥
ਗੁਰ ਵਿਟਹੁ ਨਾਨਕੁ ਵਾਰਿਆ ਮੇਰੀ ਜਿੰਦੁੜੀਏ
ਜਿਨਿ ਹਰਿ ਹਰਿ ਨਾਮੁ ਚਿਤੇਰੇ ਰਾਮ॥ ੨॥

ਬਿਹਾਗੜਾ ਮ : ੪ (ਪੰਨਾ : ੫੪੦)

ਉਹ ਅੱਖਾਂ ਵੀ ਗੁਰੂ ਦੀ ਦ੍ਰਿਸ਼ਟੀ ਵਿੱਚ ਪ੍ਰਵਾਨ ਹਨ ਜੋ ਸਾਧ ਸੰਗਤ ਅਤੇ

ਸਤਿਗੁਰੂ ਜੀ ਦੇ ਦਰਸ਼ਨ ਕਰਦੀਆਂ ਹਨ। ਉਹ ਹੱਥ ਵੀ ਪਵਿੱਤਰ ਹਨ ਜਿਹਨਾਂ ਹੱਥਾਂ ਨਾਲ ਗੁਰਬਾਣੀ ਲਿਖੀ ਜਾਂਦੀ ਹੈ ਅਤੇ ਸੇਵਾ ਦੇ ਕਾਰਜ ਕੀਤੇ ਜਾਂਦੇ ਹਨ। ਉਸ ਹਰੀ ਜਨ ਦੇ ਚਰਨ ਵੀ ਪੂਜਣਯੋਗ ਹਨ ਜਿਹੜੇ ਪੈਰ ਇਸ ਸਰੀਰ ਨੂੰ ਧਰਮ ਕਮਾਉਣ ਦੇ ਮਾਰਗ ਦੇ ਪਾਂਧੀ ਬਨਾਉਣ ਲਈ ਸਤਸੰਗਤ ਵਿੱਚ ਲੈ ਕੇ ਜਾਂਦੇ ਹਨ। ਉਹ ਹਿਰਦਾ ਵੀ ਧੰਨ ਹੈ ਜੋ ਗੁਰੂ ਦਾ ਉਪਦੇਸ਼ ਸੁਣ ਕੇ ਉਸ ਦਾ ਧਾਰਣੀ ਬਣਨ ਲਈ ਤਿਆਰ ਹੋ ਜਾਂਦਾ ਹੈ :—

ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ
ਜੋ ਸਾਧੂ ਸਤਿਗੁਰੁ ਦੇਖਹਿ ਰਾਮ॥
ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੁੜੀਏ
ਜੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ॥
ਤਿਸੁ ਜਨ ਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ
ਜੋ ਮਾਰਗਿ ਧਰਮ ਚਲੇਸਹਿ ਰਾਮ॥
ਨਾਨਕੁ ਤਿਨ ਵਿਟਹੁ ਵਾਰਿਆ ਮੇਰੀ ਜਿੰਦੁੜੀਏ
ਹਰਿ ਸੁਣਿ ਹਰਿ ਨਾਮੁ ਮਨੇਸਹਿ ਰਾਮ॥ ੩॥

ਬਿਹਾਗੜਾ ਮ : ੪, (ਪੰਨਾ : ੫੪੦)

ਭਲੇ ਮਾਰਗ ਤੇ ਚਲਣ ਵਾਲੇ ਸਾਰੇ ਸਰੀਰ ਦੇ ਅੰਗ ਧੰਨਤਾ ਦੇ ਯੋਗ, ਪੂਜਨੀਕ ਹਨ, ਪਰ ਇਸ ਦੇ ਉਲਟ ਜਿਹੜੇ ਸਰੀਰ ਦੇ ਕਰਮ ਇੰਦ੍ਰੇ ਸਤਿ-ਮਾਰਗ ਤੇ ਚਲਣ ਵਿੱਚ ਆਪਣੀ ਡਿਊਟੀ ਪੂਰੀ ਨਹੀਂ ਕਰਦੇ, ਸਗੋਂ, ਬਾਧਾ ਬਣ ਕੇ, ਪ੍ਰਭੂ ਜੀ ਤੋਂ ਦੂਰੀ ਪਾਉਣ ਦਾ ਕਾਰਣ ਬਣ ਜਾਂਦੇ ਹਨ, ਐਸੇ ਸਾਰੇ ਇੰਦ੍ਰਿਆਂ ਨੂੰ ਸੈਂਕੜੇ ਵਾਰੀ ਗੁਰਮਤ ਵਿੱਚ ਫਿੱਟਕਾਰ ਪਾਈ ਹੈ। ਭਾਈ ਗੁਰਦਾਸ ਜੀ ਨੇ ਉਹਨਾਂ ਪ੍ਰਤੀ ਸ਼ਬਦ ਧ੍ਰਿਗ ਵਰਤਿਆ ਹੈ ਕਿ ਉਸ ਸਿਰ ਨੂੰ ਧ੍ਰਿਕਾਰ ਹੈ, ਜੋ ਗੁਰੂ ਦੇ ਚਰਨਾਂ ਵਿਚ ਤਾਂ ਨਹੀਂ ਨਿਵਦਾ ਪਰ ਹੋਰ-ਹੋਰ ਥਾਵੇਂ ਕ੍ਰਿਤ ਅੱਗੇ ਨਿਵਦਾ ਹੈ।

ਉਹਨਾਂ ਅੱਖੀਆਂ ਨੂੰ ਵੀ ਧ੍ਰਿਕਾਰ ਹੈ, ਜੋ ਗੁਰੂ ਦੇ ਪਵਿੱਤਰ ਦਰਸ਼ਨ ਨਹੀਂ ਕਰਦੀਆਂ, ਪਰ ਮਾੜੀ ਦ੍ਰਿਸ਼ਟੀ ਨਾਲ ਪਰਾਏ ਰੂਪ ਨੂੰ ਤਕਦੀਆਂ ਹਨ। ਉਹ ਕੰਨ ਵੀ ਧ੍ਰਿਕਾਰਯੋਗ ਹਨ, ਜੋ ਗੁਰੂ ਦਾ ਉਪਦੇਸ਼ ਸੁਣ ਕੇ ਉਹਨਾਂ ਵੱਲ ਸੁਰਤੀ ਨਹੀਂ ਕਰਦੇ।

ਉਸ ਜੀਭ ਨੂੰ ਵੀ ਧ੍ਰਿਕਾਰ ਹੈ, ਜਿਹੜੀ ਗੁਰੂ ਦੇ ਗੁਰਮੰਤ੍ਰ ਦਾ ਜਾਪ ਛੱਡ ਕੇ ਹੋਰ ਮੰਤ੍ਰਾਂ ਦਾ ਰਟਨ ਕਰਦੀ ਹੈ।

ਉਹ ਹੱਥ ਤੇ ਪੈਰ ਵੀ ਧ੍ਰਿਕਾਰ ਜੋਗ ਹਨ, ਜੋ ਸੇਵਾ-ਪਰਉਪਕਾਰ ਨੂੰ ਛੱਡ ਕੇ ਹੋਰ ਜੰਜਾਲਾਂ ਵਿੱਚ ਖੱਚਤ ਹਨ।

ਇੰਝ ਕਹਿ ਲਵੋ ਕਿ ਗੁਰੂ ਦੀ ਪ੍ਰੀਤ ਹੀ ਸੱਚੀ ਤੇ ਸੁੱਚੀ ਹੈ। ਸਦੀਵੀ ਸੁੱਖ, ਗੁਰੂ ਦੀ ਸ਼ਰਣ ਵਿੱਚ ਪੈ ਜਾਣ ਨਾਲ ਹੀ ਪ੍ਰਾਪਤ ਹੁੰਦਾ ਹੈ। ਲਓ ਸੁਣੀਏ ਹੁਣ ਭਾਈ

ਸਾਹਿਬ ਜੀ ਦਾ ਫੁਰਮਾਨ :—

ਧ੍ਰਿਗੁ ਸਿਰੁ ਜੋ ਗੁਰ ਨ ਨਿਵੈ ਗੁਰ ਲਗੈ ਨ ਚਰਣੀ॥
ਧ੍ਰਿਗੁ ਲੋਇਣਿ ਗੁਰ ਦਰਸ ਵਿਣੁ ਵੇਖੈ ਪਰ ਤਰਣੀ॥
ਧ੍ਰਿਗ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ॥
ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ॥
ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ॥
ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ॥ ੧੦॥

ਵਾਰ ੨੭, ਪਉੜੀ ੧੦

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਫੁਨਹੇ ਬਾਣੀ ਵਿੱਚ ਫੁਰਮਾਨ ਹੈ ਕਿ ਜਿਹਨਾਂ ਅੱਖਾਂ ਨਾਲ ਸਤਿਸੰਗਤ ਅਤੇ ਸਤਿਗੁਰੂ ਜੀ ਦੇ ਦਰਸ਼ਨ ਨਹੀਂ ਕੀਤੇ ਜਾਂਦੇ, ਐਸੀਆਂ ਅੱਖਾਂ ਦਾ ਬਹੁਤ ਬੁਰਾ ਹਾਲ ਹੁੰਦਾ ਹੈ। ਜਿਹੜੇ ਕੰਨਾਂ ਨਾਲ ਗੁਰਬਾਣੀ ਤੇ ਪ੍ਰਮੇਸ਼ਰ ਦੀ ਸਿਫਤੋ ਸਲਾਹ ਦੇ ਸ਼ਬਦ ਨਹੀਂ ਸੁਣੇ ਜਾਂਦੇ ਐਸੇ ਕੰਨਾਂ ਨੂੰ ਮੁੰਦ ਕੇ ਡੋਰੇ ਕਰ ਦੇਣਾ ਚਾਹੀਦਾ ਹੈ। ਜਿਸ ਰਸਨਾ ਨਾਲ ਪ੍ਰਭੂ ਜੀ ਦਾ ਨਾਮ ਨਹੀਂ ਜਪਿਆ ਜਾਂਦਾ, ਉਸ ਦਾ ਕੀ ਲਾਭ ਹੈ ? ਐਸੀ ਜੀਭ ਨੂੰ ਤਾਂ ਤਿਲ-ਤਿਲ ਕਰਕੇ ਵੱਢ ਸੁੱਟਣਾ ਚਾਹੀਦਾ ਹੈ। ਜਦੋਂ ਪ੍ਰਭੂ ਪ੍ਰਮੇਸ਼ਰ ਜੀ ਦੀ ਹੋਂਦ (ਨਾਮ) ਵਿਸਰ ਜਾਵੇ, ਜਿਥੇ ਮਨੁੱਖ ਨੂੰ ਆਤਮਕ ਤੌਰ ਤੇ ਨ ਪੂਰਾ ਹੋਣ ਵਾਲਾ ਘਾਟਾ ਪੈਂਦਾ ਹੈ, ਉੱਥੇ ਸਰੀਰ ਦੀ ਵੀ ਖੀਣਤਾ ਹੋਣੀ ਸ਼ੁਰੂ ਹੋ ਜਾਂਦੀ ਹੈ। ਸਾਹਿਬਾਂ ਦਾ ਫੁਰਮਾਨ ਹੈ :—

ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ॥
ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ॥
ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥
ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ॥ ੧੪॥

ਫੁਨਹੇ ਮ : ੫ (ਪੰਨਾ : ੧੩੬੨)

ਇਹਨਾਂ ਅੰਗਾਂ ਨੂੰ ਬੇਹਾਲ ਨਹੀਂ ਕਰਨਾ, ਕੰਨਾ ਨੂੰ ਮੁੰਦ ਦੇਣ ਦੀ ਨੌਬਤ ਤੱਕ ਨਹੀਂ ਪਹੁੰਚਣ ਦੇਣਾ, ਇਹਨਾਂ ਨੂੰ ਧ੍ਰਿਕਾਰ ਯੋਗ ਨਹੀਂ ਬਨਾਉਣਾ ਸਗੋਂ ਸਤਿਕਾਰ ਯੋਗ ਬਨਾਉਣਾ ਹੈ। ਉਹ ਤਦ ਹੀ ਸੰਭਵ ਹੈ, ਜਦੋਂ ਆਪਾਂ ਇਹਨਾਂ ਅੰਗਾਂ ਨੂੰ ਗੁਰੂ ਅਗਵਾਈ ਵਿੱਚ ਸਫਲ ਕਰਨ ਲਈ ਸੱਤ-ਮਾਰਗ ਦੇ ਧਾਰਨੀ ਬਣਾ ਦੇਵਾਂਗੇ। ਸੱਤ-ਮਾਰਗ ਦੇ ਧਾਰਨੀ ਬਣਾ ਕੇ ਇਹਨਾਂ ਪਾਸੋਂ ਪ੍ਰਭੂ ਪ੍ਰਾਪਤੀ ਦਾ ਕੰਮ ਲਵਾਂਗੇ। ਸੱਤ

ਮਾਰਗ ਤੇ ਚਲਣ ਲਈ ਸੱਚੇ ਗੁਰੂ ਦੀ ਅਗਵਾਈ ਚਾਹੀਦੀ ਹੈ। ਅਨੰਦ ਸਾਹਿਬ ਜੀ ਦੀ ਬਾਣੀ ਅਨੁਸਾਰ ਇਹਨਾਂ ਅੰਗਾ ਨੂੰ ਸਫਲਾ ਕਰਨ ਲਈ ਸੱਚੇ ਗੁਰੂ ਦੀ ਬਾਣੀ ਪੜ੍ਹੀਏ ਅਤੇ ਉਸ ਅਨੁਸਾਰ ਆਪਣੇ ਅੰਗਾਂ ਪਾਸੋਂ, ਸੱਚ ਮਾਰਗ ਤੇ ਚੱਲਣ ਦਾ ਕੰਮ ਲਈਏ। ਕਿਵੇਂ ਸਤਿਗੁਰੂ ਜੀ ਨੇ ਸੱਮੂਚੇ ਸਰੀਰ ਤੋਂ ਅਰੰਭ ਕਰਕੇ, ਜੀਭ ਦੀ ਸਫਲਤਾ ਲਈ ਵੱਖਰਾ, ਕੰਨਾ ਦੀ ਸਫਲਤਾ ਲਈ ਕੰਨਾਂ ਨੂੰ ਜੁਦਾ, ਨੇਤ੍ਰਾਂ ਦੀ ਪ੍ਰਵਾਨਗੀ ਲਈ, ਸੰਸਾਰ ਨੂੰ ਉਸ ਮਾਲਕ ਦਾ ਰੂਪ ਵੇਖਣ ਦੀ ਵਖਰੀ ਪ੍ਰੇਰਨਾ ਦਿੱਤੀ ਹੈ। ਕੈਸੇ ਹਨ ਪਰਉਪਕਾਰੀ ਸਤਿਗੁਰੂ ਜੀ ! ਇਸ ਲਈ ਆਪਣੇ ਭਲੇ ਤੇ ਪ੍ਰਭੂ ਦਰ ਸਮਾਈ ਲਈ ਗੁਰੂ ਉਪਦੇਸ਼ ਨੂੰ ਪੜ੍ਹੀਏ, ਵਾਚੀਏ, ਫਿਰ ਉਸ ਦੇ ਧਾਰਨੀ ਬਣ ਜਾਈਏ। ਇਸ ਤਰ੍ਹਾਂ ਸਾਡੇ ਸਰੀਰ ਦੇ ਸਾਰੇ ਅੰਗਾਂ ਦੀ ਵੀ ਸਫਲਤਾ ਹੋ ਜਾਵੇਗੀ ਤੇ ਸਾਡੀ ਆਤਮਾ ਪ੍ਰਮਾਤਮਾ ਨਾਲ ਅਭੇਦ ਹੋ ਜਾਵੇਗੀ।

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਸੱਮੂਚੇ ਸਰੀਰ ਪ੍ਰਤੀ ਉਪਦੇਸ਼ ਹੈ—

ਹੇ ਮੇਰੇ ਸਰੀਰ ਤੂੰ ਹੀ ਦੱਸ, ਪ੍ਰਭੂ ਜੀ ਨੇ ਤੇਰੀ ਸਾਜਨਾ ਕਰਕੇ ਤੇਰੇ ਵਿੱਚ ਆਪਣੀ ਜੋਤ ਧਰ ਕੇ ਤੈਨੂੰ ਸੰਸਾਰ ਵਿੱਚ ਭੇਜਿਆ ਹੈ। ਤੂੰ ਇਸ ਸੰਸਾਰ ਰੂਪੀ ਕਰਮ ਭੂਮੀ ਵਿੱਚ ਆ ਕੇ ਕਿੰਨੇ ਕੁ ਚੰਗੇ ਅਤੇ ਕਿੰਨੇ ਕੁ ਕੁਫੱਕੜੇ ਕਰਮ ਕੀਤੇ ਹਨ। ਤੂੰ ਆਪ ਹੀ ਦੱਸ ਜਿਸ ਪ੍ਰਭੂ ਪ੍ਰਮੇਸ਼ਰ ਜੀ ਨੇ ਤੇਰੀ ਸੁਹਣੀ ਸਾਜਨਾ ਕੀਤੀ ਹੈ ਕੀ ਤੂੰ ਉਸ ਨੂੰ ਕਦੇ ਚੇਤੇ ਕੀਤਾ ਹੈ ? ਜੇ ਨਹੀਂ ਚੇਤੇ ਕੀਤਾ ਫਿਰ ਤੂੰ ਸੋਚ ਕਿ ਇਸ ਸੰਸਾਰ ਵਿੱਚ ਤੂੰ ਕਰਨ ਕੀ ਆਇਆ ਹੈਂ ? ਪ੍ਰਵਾਨਗੀ ਤੈਨੂੰ ਤਦ ਹੀ ਮਿਲਣੀ ਹੈ, ਜਦੋਂ ਤੂੰ ਆਪਣਾ ਚਿੱਤ ਉਸ ਮਾਲਕ ਨਾਲ ਜੋੜ ਲਵੇਂਗਾ :—

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ॥
ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ॥
ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ।
ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ॥
ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ
ਜਿਨਿ ਸਤਿਗੁਰ ਸਿਉ ਚਿਤੁ ਲਾਇਆ॥ ੩੫॥

ਅਨੰਦ ਸਾਹਿਬ (ਪੰਨਾ : ੯੨੨)

ਅੱਖਾਂ ਨੂੰ ਸਾਹਿਬਾਂ ਨੇ ਜੁਦੀ ਪ੍ਰੇਰਨਾ ਬਖਸ਼ਸ਼ ਕੀਤੀ ਹੈ, ਹੇ ਮੇਰੇ ਸਰੀਰ ਦੇ ਨੇਤ੍ਰੋ ਤੁਹਾਡੇ ਵਿੱਚ ਵੇਖਣ ਵਾਲੀ ਜੋਤ ਪ੍ਰਭੂ ਜੀ ਨੇ ਆਪ ਰੱਖੀ ਹੈ। ਇਹਨਾਂ ਨੇਤ੍ਰਾਂ ਨਾਲ ਮੰਦ ਦ੍ਰਿਸਟੀ ਨੂੰ ਬੜ੍ਹਾਵਾ ਨਹੀਂ ਦੇਣਾ, ਸਗੋਂ ਸਾਰੇ ਸੰਸਾਰ ਨੂੰ ਹਰੀ ਦਾ ਰੂਪ ਵੇਖਣਾ ਹੈ। ਜੇ ਭਿੰਨਤਾ ਤੇ ਵਖਰੇਵੇ ਦੀ ਦ੍ਰਿਸ਼ਟੀ ਨਾਲ ਸੰਸਾਰ ਨੂੰ ਤੱਕੋਗੇ ਤਾਂ ਗੁਰੂ ਦੀ ਤੁਹਾਨੂੰ

ਪ੍ਰਵਾਨਗੀ ਨਹੀਂ ਪ੍ਰਾਪਤ ਹੋਵੇਗੀ। ਇਸ ਲਈ ਅਗਿਆਨ ਭਰਮ ਦਾ ਅੰਧੇਰਾ ਨੇਤ੍ਰਾਂ ਵਿੱਚੋਂ ਕੱਢ ਕੇ, ਉਸ ਮਾਲਕ ਨੂੰ ਹੀ ਹਰ ਥਾਂ ਹਰ ਰੂਪ ਵਿੱਚ ਵੇਖਣ ਦਾ ਜਤਨ ਕਰੋ:—

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ॥

ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥

ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ॥

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥ ੩੬॥

ਰਾਮਕਲੀ ਮ: ੩ ਅਨੰਦੁ (ਪੰਨਾ : ੯੨੨)

ਸ੍ਰਵਣਾਂ ਨੂੰ ਵੱਖਰਾ ਸੰਬੋਧਨ ਕੀਤਾ ਹੈ। ਹੇ ਸ੍ਰਵਣੋ ! ਤੁਹਾਨੂੰ ਪ੍ਰਮੇਸ਼ਰ ਜੀ ਨੇ ਸਰੀਰ ਨਾਲ ਇਸ ਕਰਕੇ ਲਾਇਆ ਹੈ ਤਾਂ ਜੋ ਤੁਸੀਂ ਇਨ੍ਹਾਂ ਕੰਨਾਂ ਦੇ ਵਸੀਲੇ ਰਾਹੀਂ ਪ੍ਰਭੂ ਨਾਮ ਸੁਣ ਲਵੋ, ਜਿਸ ਨੂੰ ਸੁਣਨ ਸਦਕਾ, ਸਾਰਾ ਤਨ ਤੇ ਮਨ ਵੀ ਹਰਿਆ ਭਰਿਆ ਹੋ ਜਾਵੇ ਤੇ ਪ੍ਰਭੂ ਰਸ ਦੀ ਲੀਨਤਾ ਆਤਮਾਂ ਨੂੰ ਮਿਲ ਜਾਵੇ। ਸਤਿਗੁਰੂ ਜੀ, ਫਿਰ ਕੰਨਾ ਨੂੰ ਸੰਬੋਧਨ ਕਰਕੇ ਹੁਕਮ ਕਰਦੇ ਹਨ, ਹੇ ਸ੍ਰਵਣੋਂ ! ਸਦਾ ਲਈ ਅਮਰ ਕਰ ਦੇਣ ਵਾਲਾ ਪ੍ਰਭੂ ਦਾ ਮਿੱਠਾ ਨਾਮ ਸੁਣੋਂ, ਇਸ ਤਰ੍ਹਾਂ ਤੁਸੀਂ ਵੀ ਪਵਿੱਤਰ ਹੋ ਜਾਵੋਗੇ ਤੇ ਆਤਮਾਂ ਵੀ ਤੁਹਾਡੇ ਵਸੀਲੇ ਨਾਲ ਪ੍ਰਭੂ ਨਾਮ ਸੁਣ ਕੇ ਆਪਣੇ ਨਿੱਜ ਸਰੂਪ ਵਿੱਚ ਟਿੱਕ ਜਾਵੇਗੀ।

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ।

ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥

ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ॥

ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ।

ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ

ਸਾਚੈ ਸੁਨਣੈ ਨੋ ਪਠਾਏ॥੩੭॥

ਅਨੰਦ ਸਾਹਿਬ (ਪੰਨਾ : ੯੨੨)

ਗੁਰੂ ਅਮਰਦਾਸ ਜੀ ਮਹਾਰਾਜ ਜੀ ਨੇ ਰਸਨਾਂ ਨੂੰ ਵੱਖ ਸੰਬੋਧਨ ਕਰਕੇ ਰਸਨਾ ਦੀ ਸਫਲਤਾ ਲਈ ਉਪਦੇਸ਼ ਕੀਤਾ ਹੈ ਕਿ ਹੇ ਰਸਨਾ, ਹੋਰ ਰਸਾਂ-ਕਸਾਂ ਨੂੰ ਭੁੰਚਣ ਨਾਲ ਤੇਰੀ ਕਦੀ ਵੀ ਭਟਕਣਾ ਖਤਮ ਨਹੀ ਹੋ ਸਕਦੀ, ਇਹ ਪੱਕੀ ਗੱਲ ਹੈ ਕਿ ਜਿੰਨਾ ਚਿਰ ਤੈਨੂੰ ਨਾਮ ਜਪ ਦੁਆਰਾ ਹਰੀ ਦੇ ਨਾਮ ਦਾ ਰਸ ਪ੍ਰਾਪਤ ਨਹੀਂ ਹੁੰਦਾ, ਕਦਾਚਿਤ

ਵੀ ਤੇਰੀ ਰਸ-ਕਸ ਮਾਨਣ ਦੀ ਪਿਆਸ, ਖਿੱਚ ਦੂਰ ਨਹੀਂ ਹੋਣੀ। ਜਦੋਂ ਚੰਗੇ ਭਾਗਾਂ ਨਾਲ, ਪ੍ਰਭੂ ਨਾਮ ਜਪ ਦੁਆਰਾ ਤੈਨੂੰ ਨਾਮ ਦਾ ਰਸ ਪ੍ਰਾਪਤ ਹੋ ਗਿਆ ਮੁੜ ਕੇ ਫਿਰ ਸੰਸਾਰਕ ਰਸਾਂ ਦੀ ਹੜਬੱਸ ਤੈਨੂੰ ਤੰਗ ਨਹੀਂ ਕਰੇਗੀ। ਸਾਹਿਬਾਂ ਦਾ ਫੁਰਮਾਨ ਹੈ :—

ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ

ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ॥

ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ॥

ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥

ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ॥ ੩੨

ਰਾਮਕਲੀ ਮ: ੩ ਅਨੰਦ ਸਾਹਿਬ (ਪੰਨਾ : ੯੨੧)

ਭੱਟ ਜਾਲਪੁ ਦੇ ਗੁਰਬਾਨੀ ਕਥਨ ਅਨੁਸਾਰ ਸਾਰੇ ਅੰਗਾਂ ਦੀ ਸਫਲਤਾ ਤਦ ਹੋਵੇਗੀ ਜੇ ਉਹਨਾਂ ਦੇ ਤਜੱਰਬੇ ਦਾ ਮਨੁੱਖ ਲਾਭ ਪ੍ਰਾਪਤ ਕਰੇਗਾ। ਭੱਟਾਂ ਦਾ ਆਪਣਾ ਅਨੁਭਵ ਕੀ ਹੈ ?—

ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ॥

ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ॥

ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ॥

ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ॥

ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰ ਅਮਰੁ ਸੁਣਿਜੈ।

ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ॥

ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ॥

ਸਵਈਏ ਮ: ਤੀਜੇ ਕੇ (ਪੰਨਾ : ੧੩੯੪

ਸੋ ਸਤਿਗੁਰਾਂ ਨੇ ਗੁਰਬਾਣੀ ਵਿੱਚ ਸਾਨੂੰ ਬੜੀ ਖੁਲ੍ਹਦਿਲੀ ਨਾਲ ਬਿਨਾਂ ਕਿਸੇ ਵਿਤਕਰੇ ਦੇ, ਸਰਬ ਸਾਂਝੀਵਾਲਤਾ ਦੇ ਮਾਲਕ ਪ੍ਰਭੂ ਨੂੰ ਮਿਲਣ ਦਾ, ਸਰਬ ਸਾਂਝੀ ਵਾਲਤਾ ਦਾ ਉਪਦੇਸ਼ ਬਖਸ਼ਸ਼ ਕੀਤਾ ਹੈ।

ਸਤਿਗੁਰੂ ਜੀ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ, ਸਾਰੇ ਧਰਮਾਂ ਦੇ ਅਨੁਯਾਈਆਂ ਨੂੰ, ਹਰੇਕ ਕੰਮਾਂ ਦੇ ਕਰਨ ਵਾਲਿਆਂ ਨੂੰ, ਵਿਸ਼ੇਸ਼ ਕਰਕੇ ਮਨ ਅਤੇ ਸਰੀਰ ਦੇ ਸਾਰੇ ਕਰਮ ਇੰਦ੍ਰਿਆਂ ਨੂੰ ਸੰਬੋਧਨ ਕਰਕੇ ਸੱਚੇ ਪ੍ਰਭੂ ਦੀ ਬਖਸ਼ਸ਼ ਪ੍ਰਾਪਤ ਕਰਨ ਦਾ ਸੱਚਾ ਸੁੱਚਾ ਬਿਨਾਂ ਵਿਤਕਰਾ ਉਪਦੇਸ਼ ਬਖਸ਼ਸ਼ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ

ਸਮੁੱਚੀ ਮਨੁੱਖਤਾ ਦੇ ਭਲੇ ਲਈ ਸਰਬ ਸਾਂਝੀ ਰਹਿਬਰੀ ਕਰਨ ਵਾਲਾ "ਧਰਮ ਗ੍ਰੰਥ ਸਥਾਪਤ ਕਰਕੇ ਸਮੁੱਚੀ ਲੁਕਾਈ ਉੱਪਰ ਬਹੁਤ ਹੀ ਵੱਡਾ ਪਰਉਪਕਾਰ ਕੀਤਾ ਹੈ ਜਿਸਦੀ ਕਿੱਧਰੇ ਵੀ ਮਿਸਾਲ ਨਹੀਂ ਮਿਲਦੀ।

ਜਿੱਥੇ ਸਤਿਗੁਰੂ ਜੀ ਨੇ ਇੰਨਾ ਵੱਡਾ ਮਹਾਨ ਉਪਕਾਰ ਸਾਡੇ ਕਲਜੁਗੀ ਜੀਵਾਂ ਉੱਪਰ ਕੀਤਾ ਹੈ ਉੱਥੇ ਸਾਡਾ ਵੀ ਫਰਜ਼ ਬਣਦਾ ਹੈ, ਆਪਾ ਜਿਸ ਪ੍ਰਭੂ ਪ੍ਰਤੀ ਹਰ ਰੋਜ ਗੁਰਬਾਣੀ ਵਿੱਚ ਪੜ੍ਹਦੇ ਹਾਂ :—

"ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥ ਨਉ ਨਿਧਿ ਤੇਰੈ ਅਖੁਟ ਭੰਡਾਰਾ॥

ਰਾਗੁ ਮਾਝ ਮ : ੫ (ਪੰਨਾ ੯੭)

ਉਸ ਸਾਂਝੇ ਬਾਪ ਦੀ ਕਿਰਤ ਨੂੰ ਅਸੀਂ ਵੀ ਪਿਆਰ ਕਰੀਏ। ਵਿਤਕਰੇ ਤੇ ਨਫਰਤ ਦਾ ਤਿਆਗ ਕਰਕੇ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਫੁਰਮਾਨ ਨੂੰ ਆਪਣੇ ਜੀਵਨ ਵਿੱਚ ਘਟਾ ਲਈਏ ਅਤੇ ਸਾਰਾ ਸੰਸਾਰ ਹੀ **"ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥"** ਸਾਨੂੰ ਦਿਸਣ ਲੱਗ ਜਾਵੇ। ਆਪਣੇ ਜੀਵਨ ਵਿੱਚ ਗੁਰੂ ਉਪਦੇਸ਼ ਘਟਾਉਣ ਤੋਂ ਉਪ੍ਰੰਤ, ਫਿਰ ਸਾਡੇ ਜਿੰਮੇ ਦੂਸਰੀ ਡਿਊਟੀ ਹੈ ਜੋ ਅਗਿਆਨ ਭਰਮ ਦੀ ਮਨੁੱਖਤਾ ਸ਼ਿਕਾਰ ਹੋ ਚੁੱਕੀ ਹੈ ਉਹਨਾਂ ਨੂੰ ਵੀ ਬੜੇ ਪਿਆਰ ਅਤੇ ਦਲੀਲ ਨਾਲ ਗੁਰੂ ਦੇ ਉਪਦੇਸ਼ ਦੇ ਧਾਰਨੀ ਬਣਨ ਲਈ ਬੇਨਤੀ ਕਰੀਏ।

ਇਸ ਤਰ੍ਹਾਂ ਜਦੋਂ ਸਾਡੇ ਅੰਦਰੋਂ ਵਿਤਕਰੇ ਦੀਆਂ ਦੀਵਾਰਾਂ ਖਤਮ ਹੋ ਜਾਣਗੀਆਂ, ਫਿਰ ਸਾਰਾ ਸੰਸਾਰ ਹੀ ਸਾਨੂੰ ਆਪਣਾ ਪਰਿਵਾਰ ਦਿਸਣ ਲੱਗ ਜਾਵੇਗਾ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਸੰਸਾਰ ਵਿੱਚ ਸਾਕਾਰ ਹੋ ਜਾਵੇਗਾ ਤੇ ਸਾਰੀ ਲੁਕਾਈ ਵਿੱਚ ਸ਼ਾਂਤੀ ਤੇ ਠੰਡ ਵਰਤ ਜਾਵੇਗੀ। ਸਾਹਿਬਾਂ ਦਾ ਫੁਰਮਾਨ ਹੈ :—

ਹੁਣਿ ਹੁਕਮੁ ਹੋਆ ਮਿਹਰਵਾਣ ਦਾ॥
ਪੈ ਕੋਇ ਨ ਕਿਸੈ ਰਵਾਣਦਾ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥

ਸਿਰੀਰਾਗੁ ਮ : ੫ (ਪੰਨਾ : ੭੪)

* * *

ਅਧਿਆਇ 2

ਦੂਜਾ ਔਗੁਣ - (ਹਉਮੈਂ)

ਹਉਮੈਂ ਕੀ ਹੈ ਅਤੇ ਇਸ ਦਾ ਤਿਆਗ

ਜਿੱਥੇ ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਾਰਿਆਂ ਨੂੰ ਬਰਾਬਰਤਾ ਦਾ, ਊਚ ਨੀਚ ਦਾ ਭਰਮ ਭੇਦ ਮਿਟਾ, ਸਰਬ ਮਨੁੱਖਤਾ ਨੂੰ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ ਹੈ, ਉੱਥੇ ਸਤਿਗੁਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਮੈਂ, ਹਉਮੈਂ ਨੂੰ ਭੋਰਾ ਜਿੰਨੀ ਵੀ ਥਾਂ ਨਹੀਂ ਦਿੱਤੀ। ਸਗੋਂ ਸੁਚੇਤ ਕੀਤਾ ਹੈ, ਹੇ ਭੋਲੇ ਮਨ! ਹਉਮੈਂ ਵਾਲੀ ਬਿਰਤੀ ਨੂੰ ਭੁਲਾ ਦੇਹ-ਸ੍ਰੇਸ਼ਟ ਵਿਚਾਰ ਦੁਆਰਾ ਮੈਂ ਮੇਰੀ ਦਾ ਤਿਆਗ ਕਰਕੇ ਸਾਰੇ ਗੁਣਾਂ ਵਿੱਚੋਂ ਸ੍ਰੇਸ਼ਟ ਗੁਣ ਜੋ ਨਾਮ ਹੈ ਉਸਨੂੰ ਹਿਰਦੇ ਵਿੱਚ ਵਸਾ ਲੈ :—

ਭੋਲਿਆ ਹਉਮੈ ਸੁਰਤਿ ਵਿਸਾਰਿ॥
ਹਉਮੈ ਮਾਰਿ ਬੀਚਾਰਿ ਮਨ
ਗੁਣ ਵਿਚਿ ਗੁਣੁ ਲੈ ਸਾਰਿ॥

ਬਸੰਤ ਮ: ੧ (ਪੰਨਾ : ੧੧੬੮)

ਹਉਮੈਂ ਕਰਕੇ ਹੀ ਦਵੈਤ ਬਣਦੀ ਹੈ। ਜਿਹੜਾ ਗੁਰੂ ਪਿਆਰਾ ਹਉਮੈਂ ਦੀ ਆਪਣੇ ਅੰਦਰੋਂ ਜੜ੍ਹ ਪੁੱਟ ਦਿੰਦਾ ਹੈ, ਉਸ ਦੀ ਦ੍ਵੈਤ ਦ੍ਰਿਸ਼ਟੀ ਖਤਮ ਹੋ ਜਾਂਦੀ ਹੈ। ਉਹ ਇੱਕ ਅਕਾਲ ਪੁਰਖ ਦਾ ਰੂਪ ਹੋ ਜਾਂਦਾ ਹੈ :—

ਹਉ ਹਉ ਮੈ ਮੈ ਵਿਚਹੁ ਖੋਵੈ॥ ਦੂਜਾ ਮੇਟੈ ਏਕੋ ਹੋਵੈ।

ਸਿਧ ਗੋਸਟਿ (ਪੰਨਾ : ੯੪੩)

ਅਸੀਂ ਇਸ ਸਚਾਈ ਨੂੰ ਮੰਨੀਏ ਭਾਵੇਂ ਨਾਂਹ, ਪਰ ਅਸਲੀਅਤ ਵਿੱਚ ਇਹ ਸਾਰਾ ਖੇਡ-ਪਸਾਰਾ ਉਸ ਇੱਕ ਅਕਾਲਪੁਰਖ ਦਾ ਹੀ ਹੈ। ਇੱਕ ਪ੍ਰਭੂ ਨੇ ਹੀ ਅਨੇਕਤਾ ਬਣਾਈ ਹੈ। ਅਨੇਕਤਾ ਬਣਾ ਕੇ ਉਸ ਅਨੇਕਤਾ ਵਿੱਚ ਆਪ ਪਰੀਪੂਰਨ ਹੋ ਕੇ ਬੈਠਾ ਹੋਇਆ ਹੈ :—

ਏਕੋ ਏਕੁ ਏਕੁ ਹਰਿ ਆਪਿ॥
ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥
ਅਨਿਕ ਬਿਸਥਾਰ ਏਕ ਤੇ ਭਏ॥
ਏਕੁ ਅਰਾਧਿ ਪਰਾਛਤ ਗਏ॥

ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ।

ਗੁਰ ਪ੍ਰਸਾਦਿ ਨਾਨਕ ਇਕੁ ਜਾਤਾ॥

ਸੁਖਮਨੀ ਸ: (ਪੰਨਾ : ੨੮੯)

ਬਾਬਾ ਨਾਮ ਦੇਵ ਜੀ ਦੇ ਫੁਰਮਾਨ ਅਨੁਸਾਰ ਪੰਜਾ ਤੱਤਾਂ ਦੀ ਮਿੱਟੀ ਨਾਲ ਹੀ ਕਿਤੇ ਹਾਥੀ ਵਰਗੇ ਵੱਡੇ-ਵੱਡੇ ਜਾਨਵਰ ਬਣਾ ਦਿਤੇ, ਕਿਤੇ ਕੀੜੀ ਵਰਗੇ ਛੋਟੇ ਜੀਵ, ਜੰਤੂ, ਪ੍ਰਮੇਸ਼ਰ ਨੇ ਸਾਜ ਦਿੱਤੇ। ਇਸ ਸਾਰੀ ਸਾਜਨਾ ਵਿੱਚ ਆਪ ਪ੍ਰਮੇਸ਼ਰ ਸਮਾਇਆ ਹੋਇਆ ਹੈ। ਕੈਸਾ ਹੈ ਸਾਜਣ ਹਾਰ ਦਾ ਖੇਡ-ਤਮਾਸ਼ਾ :—

ਤਥਾ :—ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ।

ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ॥

ਨਾਮ ਦੇਵ ਜੀ (ਪੰਨਾ : ੯੮੮)

ਪ੍ਰਮੇਸ਼ਰ ਜੀ ਨੇ ਇਹ ਸਾਰੀ ਖੇਡ ਆਪਣੇ ਆਪ ਤੋਂ ਪੈਦਾ ਕੀਤੀ ਹੈ। ਉਹ ਆਪ ਹੀ ਜੀਵਨ ਦੇਣ ਵਾਲਾ, ਆਪ ਹੀ ਜਿੰਦ ਲੈਣ ਵਾਲਾ। ਆਪ ਹੀ ਦਾਤਾਂ ਦੇਣ ਵਾਲਾ, ਆਪ ਹੀ ਦਾਤਾਂ ਲੈਣ ਵਾਲਾ, ਆਪਣੇ ਬਣਾਏ ਤਮਾਸ਼ੇ ਨੂੰ ਬੜੀ ਖੁਸ਼ੀ ਨਾਲ ਆਪ ਹੀ ਵੇਖ ਰਿਹਾ ਹੈ :—

ਤਥਾ :—ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥

ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥

ਕਰਿ ਆਸਣੁ ਡਿਠੋ ਚਾਉ॥

ਆਸਾ ਮ: ੧ (ਪੰਨਾ ੪੬੩)

ਪਰ ਮਾਇਆ ਦੇ ਅਗਿਆਨ ਭਰਮ ਕਰਕੇ ਸਾਨੂੰ ਅਨੇਕਤਾ ਮਹਿਸੂਸ ਹੁੰਦੀ ਹੈ। ਇਹ ਸਾਰਾ ਮਾਇਆ ਦਾ ਅਗਿਆਨ ਭਰਮ ਪ੍ਰਮੇਸ਼ਰ ਜੀ ਨੇ ਆਪ ਹੀ ਪੈਦਾ ਕੀਤਾ ਹੈ ਤਾਂ ਜੋ ਸੰਸਾਰ ਦੀ ਖੇਡ ਚੱਲ ਸਕੇ। ਤਰ੍ਹਾਂ-ਤਰ੍ਹਾਂ ਦੇ ਰੰਗਾਂ ਦੀ, ਅਨੇਕਾਂ ਭਾਂਤਾਂ ਦੀ ਸ੍ਰਿਸ਼ਟੀ ਉਸ ਇੱਕ ਨੇ ਆਪਣੇ ਵਿੱਚੋਂ ਹੀ ਪੈਦਾ ਕੀਤੀ ਹੈ :—

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥

ਸੋਦਰੁ ਰਾਗੁ ਆਸਾ ਮ: ੧ (ਪੰਨਾ : ੯)

ਤਥਾ :—ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ

ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥

ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥

ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ॥

ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥

ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥

ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥

ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥ ੨॥

ਆਸਾ ਦੀ ਵਾਰ ਮ: ੧ (ਪੰਨਾ : ੪੬੪)

ਇਹ ਸਾਰੀ ਉਸ ਮਾਲਕ ਦੀ ਆਪਣੀ ਮੌਜ ਹੈ। ਉਸ ਇੱਕ ਨੇ :—

ਜਬ ਉਦਕਰਖ ਕਰਾ ਕਰਤਾਰਾ॥

ਪ੍ਰਜਾ ਧਰਤ ਤਬ ਦੇਹ ਅਪਾਰਾ॥

(ਚੌਪਈ ਪਾ : ੧੦)

ਦੀ ਖੇਡ ਬਣਾ ਦਿੱਤੀ। ਜਦੋਂ ਉਸ ਮਾਲਕ, ਰਚਨ ਹਾਰ ਨੂੰ ਭਾਵੇਗਾ ਫਿਰ, "ਖੇਲ ਸੰਕੋਚੈ ਤਉ ਨਾਨਕ ਏਕੈ" ਦੀ ਅਵਸਥਾ ਧਾਰਨ ਕਰ ਲਵੇਗਾ :—

ਜਬ ਆਕਰਖ ਕਰਤ ਹੋ ਕਬਹੂੰ॥

ਤੁਮ ਮੈ ਮਿਲਤ ਦੇਹ ਧਰ ਸਭਹੂੰ॥

(ਚੌਪਈ ਪਾ : ੧੦)

ਕੈਸੀ ਅਦਭੁਤ ਖੇਡ ਕਰਤੇ ਨੇ ਰਚੀ ਹੈ। ਆਪ ਹੀ ਖੇਡਣ ਵਾਲਾ ਆਪ ਹੀ ਖਿਡਾਉਣ ਵਾਲਾ, ਆਪ ਹੀ ਦੇਖਣ ਵਾਲਾ, ਆਪ ਹੀ ਖੇਡ ਨੂੰ ਸਮੇਟਣ ਵਾਲਾ :—

ਆਪਨ ਖੇਲੁ ਆਪਿ ਕਰਿ ਦੇਖੈ॥

ਖੇਲੁ ਸੰਕੋਚੈ ਤਉ ਨਾਨਕ ਏਕੈ॥

ਸੁਖਮਨੀ ਮ: ੫ (ਪੰਨਾ : ੨੯੨)

ਤਥਾ :—ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥

ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ॥ ੮੧॥

(ਜਾਪ ਸਾ: ਪਾ: ੧੦)

ਅਸੀਂ ਹਰ ਸਮੇਂ ਅਨੇਕਤਾ ਵੇਖਦੇ ਹਾਂ, ਅਨੇਕਤਾ ਵਿੱਚ ਵਿਚਰਦੇ ਹਾਂ, ਅਸੀਂ ਖੁਦ ਅਨੇਕਤਾ ਦੀ ਖੇਡ ਵਿੱਚ ਪਾਤਰ ਬਣ ਕੇ, ਖੇਡ ਨੂੰ ਖੇਡ ਰਹੇ ਹਾਂ। ਸਾਡੇ ਅੰਦਰ

ਅਨੇਕਤਾ ਨੇ ਐਸਾ ਘਰ ਕਰ ਲਿਆ ਹੈ, ਅਨੇਕਤਾ ਦੀ ਗੰਢ ਐਸੀ ਪੀਡੀ ਬਣ ਗਈ ਹੈ, ਅਨੇਕਤਾ ਦਾ ਐਸਾ ਪ੍ਰਭਾਵ ਪੈ ਚੁੱਕਾ ਹੈ ਕਿ ਸਾਨੂੰ ਹੁਣ ਅਨੇਕਤਾ ਹੀ ਦਿਸਦੀ ਹੈ। ਅਨੇਕਤਾ ਦਾ ਮੂਲ ਜੋ ਇੱਕ ਹੈ, ਉਹ ਸਾਡੀ ਸਿਮਰਤੀ ਵਿੱਚੋਂ ਬਿਲਕੁਲ ਹੀ ਨਿਕਲ ਗਿਆ ਹੈ। ਜਿਸ ਸਦਕਾ "ਮੈਂ ਹਾਂ," ਅਸੀਂ ਆਪਣੀ ਹਸਤੀ ਦਾ ਵਖਰਾ ਅਹਿਸਾਸ ਬਣਾ ਲਿਆ ਹੈ। ਇਹ "ਮੈ ਹਾਂ" ਦੇ ਵਖਰੇ ਪਨ ਦਾ ਪੀਡਾ ਅਹਿਸਾਸ ਹੀ ਹਉਮੈ ਕਹਿਲਾਉਂਦਾ ਹੈ।

ਇਸ ਵੱਖਰੇ ਪਨ ਕਰਕੇ ਹੀ ਅਸੀਂ ਉਸ ਸਰਬ ਸਮਰੱਥ ਦਾ ਰੂਪ ਹੁੰਦੇ ਹੋਏ, ਆਪਣੇ ਆਪ ਨੂੰ ਅਲੱਗ ਜਾਨਣ ਲੱਗ ਪਏ। ਉਸ ਦਾਤਾਰ ਦਾ ਰੂਪ ਹੁੰਦੇ ਹੋਏ ਅਸੀਂ ਮੰਗਤੇ ਬਣ ਗਏ। ਉਸ ਅਜੂਨੀ ਦਾ ਰੂਪ ਹੁੰਦੇ ਹੋਏ ਵੀ ਅਨੇਕਾਂ ਜੂਨਾਂ ਵਿੱਚ ਭਰਮਦੇ ਹਾਂ। ਉਸ ਇੱਕ ਬੇ-ਪ੍ਰਵਾਹ ਦਾ ਰੂਪ ਹੁੰਦੇ ਹੋਏ ਅਸੀਂ ਲੋੜਾਂ-ਥੋੜਾਂ ਦੇ ਮੁਹਤਾਜ ਬਣ ਗਏ। ਗਿਆਨ ਸਰੂਪ ਦਾ ਰੂਪ ਹੁੰਦੇ ਹੋਏ, ਅਸੀਂ ਅਗਿਆਨਤਾ ਵਿੱਚ ਫਸ ਗਏ। ਉਸ ਨਿਰਭਉ ਨਿਰਵੈਰ ਦਾ ਰੂਪ ਹੁੰਦੇ ਹੋਏ, ਅਸੀਂ ਦਿਨ-ਰਾਤ ਡਰ ਵਿੱਚ ਗ੍ਰਸੇ ਹੋਏ, ਵੈਰ, ਵਿਰੋਧ ਵਿੱਚ ਆਪਣਾ ਸਮਾਂ ਬਤੀਤ ਕਰ ਰਹੇ ਹਾਂ। ਕਰਤੇ ਦਾ ਰੂਪ ਹੁੰਦੇ ਹੋਏ, ਅਸੀਂ ਆਪਣੇ ਆਪ ਨੂੰ ਕ੍ਰਿਤ ਮੰਨੀ ਬੈਠੇ ਹਾਂ। ਇਸ ਸਾਰੇ ਪੁਆੜੇ ਦੀ ਜੜ੍ਹ, ਅਨੇਕਤਾ ਦਾ ਭਾਵ ਹੈ। ਸਾਡੀ ਦਸ਼ਾ ਬਾਬਾ ਰਵਿਦਾਸ ਜੀ ਦੇ ਫੁਰਮਾਨ ਅਨੁਸਾਰ ਉਸ ਰਾਜੇ ਵਾਲੀ ਬਣ ਗਈ ਹੈ ਜੋ ਹੈ ਤਾਂ ਰਾਜ-ਭਾਗ ਦਾ ਮਾਲਕ ਖੁਦ ਰਾਜਾ, ਪਰ ਨੀਂਦ ਦੇ ਵਾਪਰਨ ਸਦਕਾ ਸੁਪਨੇ ਵਿੱਚ ਭਿਖਾਰੀ ਬਣ ਕੇ ਦੁੱਖ ਭੋਗ ਰਿਹਾ ਹੈ। ਅਸਲੀਅਤ ਕੁਛ ਹੋਰ ਹੈ, ਵਾਪਰ ਕੁਝ ਹੋਰ ਰਿਹਾ ਹੈ। ਤਥਾ :—"**ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥ ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥**"

ਸਾਡੇ ਅੰਦਰ ਖੁਦ ਉਹ ਇੱਕ, ਬੈਠਾ ਹੈ, "**ਅੰਤਰਿ ਅਲਖੁ ਨ ਜਾਈ ਲਖਿਆ,**" ਫਿਰ ਕਾਰਣ ਕੀ ਹੈ ਉਹ ਸਾਨੂੰ ਦ੍ਰਿਸ਼ਟੀ ਨਹੀਂ ਆਉਂਦਾ ? ਸਾਹਿਬਾਂ ਨੇ ਉੱਤਰ ਦਿੱਤਾ ਹੈ, ਹੈ ਤਾਂ ਉਹ ਅੰਦਰ ਹੀ, ਪਰ ਸਾਡੇ ਤੇ ਪ੍ਰਭੂ ਦੇ ਵਿਚਕਾਰ ਹਉਮੈ ਦਾ ਪੜਦਾ ਅਗਿਆਨ-ਭਰਮ ਕਰਕੇ ਬਣ ਗਿਆ ਹੈ, ਜਿਸ ਕਾਰਨ ਮਾਲਕ ਸਾਨੂੰ ਦ੍ਰਿਸ਼ਟੀ ਨਹੀਂ ਆਉਂਦਾ :—

ਵਿਚਿ ਪੜਦਾ ਹਉਮੈ ਪਾਈ॥

ਮ: ੫ (ਪੰਨਾ : ੨੦੫)

ਤਥਾ :—**ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥**

ਸੋਰਠਿ ਮ: ੫ (ਪੰਨਾ : ੬੨੪)

ਤਥਾ :—**ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥**

ਮਲਾਰ ਮ: ੪, ਪੰਨਾ : ੧੨੬੩॥

ਜਿਉਂ-ਜਿਉਂ ਮੈਂ, ਹਉਂ ਵੱਲ ਵਧਦੀ ਹੈ ਤੇ ਮਨੁੱਖ ਸ੍ਵੈ ਆਸ਼੍ਰਤ ਹੋ ਕੇ, ਆਪਣੇ ਆਪ ਨੂੰ ਕਰਤਾ ਮੰਨ ਕੇ, ਸੰਸਾਰ ਵਿੱਚ ਵਿਚਰਦਾ ਹੈ। ਜਿਉਂ-ਜਿਉਂ ਮਨੁੱਖ ਆਪਣੇ ਆਪ ਨੂੰ ਖੁਦ ਕਰਤਾ ਮਨ ਕੇ ਕਰਮ ਕਰਦਾ ਹੈ, ਤਿਉਂ-ਤਿਉਂ ਹਉਮੈਂ ਦੀ ਗੰਢ ਹੋਰ ਪੀਡੀ ਹੁੰਦੀ ਜਾਂਦੀ ਹੈ। ਹਉਮੈਂ ਘਟਣ ਦੀ ਥਾਂ ਸਗੋਂ ਹੋਰ ਵਧਦੀ ਹੈ। ਇਸਦੇ ਉਲਟ, ਜਿਉਂ-ਜਿਉਂ ਮਨੁੱਖ ਗੁਰੂ ਦਾ ਉਪਦੇਸ਼ ਦ੍ਰਿੜ ਕਰਕੇ ਮੈਂ ਦਾ ਤਿਆਗ ਕਰਕੇ, ਪ੍ਰਭੂ-ਆਸ਼੍ਰਤ ਹੋਣ ਲੱਗ ਜਾਂਦਾ ਹੈ—"**ਮੈਂ ਨਾਹੀ ਪ੍ਰਭ ਸਭੁ ਕਿਛੁ ਤੇਰਾ**"॥ ਦਾ ਧਾਰਨੀ ਬਣਨਾ ਅਰੰਭ ਕਰ ਦਿੰਦਾ ਹੈ। ਤਿਉਂ-ਤਿਉਂ :—

ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ॥

ਬਿਲਾਵਲੁ ਮ : ੫ (ਪੰਨਾ : ੮੨੭)

ਅਨੇਕਤਾ ਵਿਖਾਉਣ ਵਾਲੀ ਹਉਮੈਂ ਘਟਣੀ ਅਰੰਭ ਹੋ ਜਾਂਦੀ ਹੈ। ਅਨੇਕਤਾ ਬਨਾਉਣ ਵਾਲਾ ਤੇ ਅਨੇਕਤਾ ਨੂੰ ਖਿੰਡਾਉਣ ਵਾਲਾ ਸੁਆਮੀ ਨਜ਼ਰ ਆਉਣ ਲੱਗ ਪੈਂਦਾ ਹੈ। ਹਉਮੈਂ ਦਾ ਪੜਦਾ ਨਿਕਲਦੇ ਸਾਰ, ਜਗਿਆਸੂ ਪੁਕਾਰ ਉਠਦਾ ਹੈ :—

ਲੋਗਾ ਭਰਮਿ ਨ ਭੂਲਹੁ ਭਾਈ॥

ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥

ਪ੍ਰਭਾਤੀ ਕਬੀਰ ਜੀ (ਪੰਨਾ : ੧੩੫੦)

ਹਉਮੈਂ ਕਾਰਣ ਹੀ ਸੰਸਾਰ ਵਿੱਚ ਆਵਾਗਉਣ ਦਾ ਚਕਰ ਬਣਿਆ ਹੋਇਆ ਹੈ। ਹਉਂ ਕਰਕੇ ਹੀ ਸਾਰਾ ਦੁੱਖ-ਕਲੇਸ਼ ਹੈ। ਸਿੱਧਾਂ ਨੇ, ਸਤਿਗੁਰੂ ਨਾਨਕ ਪਾਤਸ਼ਾਹ ਜੀ ਨੂੰ ਜਗਤ ਦੀ ਉਤਪਤੀ ਅਤੇ ਵਿਨਾਸ਼ ਦਾ ਕਾਰਣ ਪੁੱਛਣ ਉਪ੍ਰੰਤ, ਦੁੱਖਾਂ ਤੋਂ ਛੁਟਕਾਰੇ ਲਈ ਰਸਤਾ ਪੁੱਛਿਆ। ਸਤਿਗੁਰੂ ਜੀ ਨੇ ਜਗਤ ਦੀ ਉਤਪਤੀ ਤੇ ਵਿਨਾਸ਼ ਦਾ ਮੂਲ ਕਾਰਣ ਹਉਮੈਂ ਨੂੰ ਦੱਸਿਆ ਅਤੇ ਫੁਰਮਾਨ ਕੀਤਾ ਕਿ ਜਦੋਂ ਮਨੁੱਖ ਪ੍ਰਭੂ ਪ੍ਰਮੇਸ਼ਰ ਦੀ ਹੋਂਦ ਨੂੰ ਭੁੱਲ ਜਾਂਦਾ ਹੈ ਇਹ ਭੁੱਲ ਹੀ ਦੁੱਖਾਂ ਦਾ ਕਾਰਣ ਬਣ ਜਾਂਦੀ ਹੈ। ਉਸ ਵਾਹਿਗੁਰੂ ਦੀ ਹੋਂਦ ਨੂੰ ਨਾਮ ਜਪ ਦੁਆਰਾ, ਪਰਪੱਕ ਕਰਨ ਨਾਲ ਦੁੱਖਾਂ ਤੋਂ ਛੁਟਕਾਰਾ ਮਿਲ ਸਕਦਾ ਹੈ :—

ਸਿੱਧਾਂ ਦਾ ਸਵਾਲ ਸੀ :—**ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ**

ਕਿਤੁ ਕਿਤੁ ਦੁਖਿ ਬਿਨਸਿ ਜਾਈ॥

ਸਾਹਿਬਾਂ ਦਾ ਉਤ੍ਰ ਸੀ :— **ਹਉਮੈ ਵਿਚਿ ਜਗੁ ਉਪਜੈ ਪੁਰਖਾ**

ਨਾਮਿ ਵਿਸਰਿਐ ਦੁਖੁ ਪਾਈ॥

ਸਿਧਗੋਸਟ ਮ : ੧ ਪੰਨਾ : ੯੪੬॥

ਹਉਮੈਂ ਬੜੀ ਸੂਖਮ ਹੈ, ਇਸਦੇ ਅਨੇਕਾਂ ਰੂਪ ਹਨ, ਜਿਹਨਾਂ ਰਾਹੀਂ ਇਹ ਮਨੁੱਖ ਨੂੰ ਅਛੋਪਲੇ ਹੀ ਆ ਗ੍ਰਸਦੀ ਹੈ। ਮਨੁੱਖ, ਘਰ ਬਾਰ ਛੱਡ ਸਕਦਾ ਹੈ। ਬਾਲ ਬੱਚਿਆਂ, ਪਰਿਵਾਰ ਦਾ ਤਿਆਗ ਕਰ ਸਕਦਾ ਹੈ। ਮਾਇਆ, ਜ਼ਮੀਨ, ਜਾਇਦਾਦ ਨੂੰ ਵੀ ਅਲਵਿਦਾ ਕਹਿ ਸਕਦਾ ਹੈ। ਪਰ ਹਉਮੈਂ ਦਾ ਤਿਆਗ ਨਹੀਂ ਕਰ ਸਕਦਾ ਕਿਉਂਕਿ ਸਾਡੇ ਜੀਵਨ ਦਾ ਅਧਾਰ ਹੀ ਹਉਮੈਂ ਬਣ ਚੁੱਕੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ ਆਸਾ ਜੀ ਦੀ ਵਾਰ ਦੀ ਸਤਵੀਂ ਪਉੜੀ ਦੇ ਸਲੋਕਾਂ ਵਿੱਚ ਬੜੇ ਵਿਸਥਾਰ ਨਾਲ ਹਉਮੈਂ ਦਾ ਖੁਲਾਸਾ ਕੀਤਾ ਹੈ ਤਾਂ ਜੋ ਸਾਨੂੰ ਹਉਮੈਂ ਦੁਆਰਾ ਜੋ ਸਾਡੀ ਵੱਖਰੀ ਹਸਤੀ ਬਣੀ ਹੋਈ ਹੈ ਤੇ ਵਖਰੀ ਹੋਂਦ ਹੀ ਸਾਰੇ ਆਵਾਗਉਣ ਦਾ ਤੇ ਦੁੱਖਾਂ ਦਾ ਮੂਲ ਕਾਰਣ ਹੈ, ਉਸਦੀ ਸੋਝੀ ਪੈ ਸਕੇ। ਸਾਹਿਬਾਂ ਦਾ ਫੁਰਮਾਨ ਹੈ ਕਿ ਜੀਵ ਹਉਮੈਂ ਕਰਕੇ ਹੀ ਸੰਸਾਰ ਵਿੱਚ ਜਨਮ ਲੈਂਦਾ ਹੈ ਤੇ ਹਉਮੈਂ ਅਧੀਨ ਹੀ ਵਾਸ਼ਨਾ ਵਿੱਚ ਗ੍ਰਸਿਆ ਇਸ ਸੰਸਾਰ ਚੋਂ ਅਗਾਂਹ ਤੁਰ ਜਾਂਦਾ ਹੈ।

ਹਉਂ ਕਰਕੇ ਕਦੀ ਦਾਤਾ ਬਣ ਬੈਠਦਾ ਹੈ। ਕਦੀ ਆਪਣੀ ਲੋੜ ਦੀ ਪੂਰਤੀ ਲਈ ਕਿਸੇ ਅੱਗੇ ਹੱਥ ਅੱਡਦਾ ਹੈ। ਹਉਂ ਕਰਕੇ ਹੀ ਨਫਾ ਖੱਟ ਕੇ ਖੁਸ਼ ਹੁੰਦਾ ਹੈ। ਹਉਮੈਂ ਕਰਕੇ ਹੀ ਮਹਿਸੂਸ ਕਰਦਾ ਹੈ ਕਿ ਮੈਨੂੰ ਘਾਟਾ ਪੈ ਗਿਆ ਹੈ। ਹਉਮੈਂ ਕਰਕੇ ਹੀ ਆਪਣੇ ਆਪ ਨੂੰ ਸੱਚਾ ਜਾਣਦਾ ਹੈ, ਵੱਖਰੀ ਹੋਂਦ ਕਰਕੇ ਹੀ ਝੂਠਾ। ਪਾਪ-ਪੁੰਨ ਦਾ ਖਿਆਲ ਵੀ ਹਉਮੈਂ ਕਰਕੇ ਹੀ ਹੈ। ਪ੍ਰਮਾਤਮਾਂ ਤੋਂ ਵੱਖਰੀ ਹੋਂਦ ਜਾਨਣ ਕਾਰਣ ਹੀ, ਕਦੇ ਨਰਕ ਤੇ ਕਦੀ ਸੁਰਗ ਦੀ ਕਲਪਨਾ ਕਰਦਾ ਤੇ ਇੱਛਾ ਅਨੁਸਾਰ ਨਿਵਾਸ ਕਰਦਾ ਹੈ।

ਇਸ ਜੀਵ ਦੀ ਹਉਮੈਂ (ਆਪਣੀ ਅੱਡਰੀ ਹੋਂਦ) ਹੀ ਇਸਨੂੰ ਕਦੇ ਦੁਖੀ ਤੇ ਕਦੀ ਸੁਖੀ ਕਰਦੀ ਹੈ ਜਿਸ ਕਾਰਨ ਇਹ ਕਦੇ ਰੋਂਦਾ ਹੈ ਕਦੇ ਹੱਸਦਾ ਹੈ। ਕਦੇ ਪਾਪ ਕਰਕੇ ਆਤਮਾ ਨੂੰ ਮੈਲ ਲਾ ਲੈਂਦਾ ਹੈ, ਕਦੇ ਉਸ ਲੱਗੀ ਹੋਈ ਮੈਲ ਨੂੰ ਧੋਣ ਲਈ ਅਨੇਕਾਂ ਧਾਰਮਕ ਸਾਧਨ ਕਰਨ ਲੱਗ ਪੈਂਦਾ ਹੈ।

ਹਉਮੈਂ ਕਰਕੇ ਹੀ ਜਾਤਾਂ, ਜਿਣਸਾਂ ਦਾ ਝਗੜਾ ਪਿਆ ਹੋਇਆ ਹੈ। ਆਪਣੀ ਵੱਖਰੀ ਹੋਂਦ ਕਾਰਣ ਹੀ ਕਦੀ ਆਪ ਮੂਰਖ ਅਤੇ ਕਦੇ ਸਿਆਣਾ ਬਣ ਬੈਠਦਾ ਹੈ ਅਤੇ

ਕਦੀ ਦੂਸਰਿਆਂ ਨੂੰ ਬਣਾਉਂਦਾ ਹੈ। ਹਉਮੈਂ ਕਰਕੇ ਆਪਣੇ ਆਪ ਨੂੰ ਪ੍ਰਭੂ ਮਾਲਕ ਨਾਲੋਂ ਵੱਖਰਾ ਜਾਣ ਕੇ, ਮਾਇਆ ਨੂੰ ਸਤਿ ਮੰਨ ਕੇ ਉਸ ਮਗਰ ਭੱਜਦਾ ਹੈ। ਹਉਮੈਂ ਕਰਕੇ ਹੀ ਮਨੁੱਖ ਪ੍ਰਮੇਸ਼ਰ ਤੋਂ ਵਿਛੜਿਆ ਹੋਇਆ, ਮੁੜ-ਮੁੜ ਕੇ ਜੰਮਦਾ ਮਰਦਾ ਹੈ।

ਗੁਰੂ ਦੀ ਮਿਹਰ ਨਾਲ ਜੇ ਜੀਵ ਇਸ ਹਉਮੈਂ ਦੀ ਅਸਲੀਅਤ ਨੂੰ ਬੁੱਝ ਲਵੇ, ਇਸ ਨੂੰ ਪਤਾ ਲੱਗ ਜਾਵੇ ਕਿ ਇਹ ਹਉਮੈਂ ਤਾਂ ਇੱਕ ਅਗਿਆਨ ਭਰਮ ਹੈ, ਜੋ ਮੈਨੂੰ ਅਸਲੀਅਤ ਤੋਂ ਦੂਰ ਰੱਖ ਰਿਹਾ ਹੈ ; ਫਿਰ ਉਸ ਨੂੰ ਪ੍ਰਭੂ ਦੇ ਦਰ ਦੀ ਅਸਲੀ ਸੋਝੀ ਪੈ ਸਕਦੀ ਹੈ।

ਜਿਹੋ ਜਿਹੇ ਮਨੁੱਖ ਹਉਮੈਂ ਅਧੀਨ ਕਰਮ ਕਰਦਾ ਹੈ। ਉਹ ਇਸ ਦੇ ਲੇਖ ਬਣ ਜਾਂਦੇ ਹਨ। ਸਾਹਿਬਾਂ ਦਾ ਫੁਰਮਾਨ ਹੈ :—

ਹਉ ਵਿਚਿ ਆਇਆ ਹਉ ਵਿਚਿ ਗਇਆ।
ਹਉ ਵਿਚਿ ਜੰਮਿਆ ਹਉ ਵਿਚਿ ਮੁਆ॥
ਹਉ ਵਿਚਿ ਦਿਤਾ ਹਉ ਵਿਚਿ ਲਇਆ॥
ਹਉ ਵਿਚਿ ਖਟਿਆ ਹਉ ਵਿਚਿ ਗਇਆ॥
ਹਉ ਵਿਚਿ ਸਚਿਆਰੁ ਕੂੜਿਆਰੁ॥
ਹਉ ਵਿਚਿ ਪਾਪ ਪੁੰਨ ਵੀਚਾਰੁ॥
ਹਉ ਵਿਚਿ ਨਰਕਿ ਸੁਰਗਿ ਅਵਤਾਰੁ॥
ਹਉ ਵਿਚਿ ਹਸੈ ਹਉ ਵਿਚਿ ਰੋਵੈ॥
ਹਉ ਵਿਚਿ ਭਰੀਐ ਹਉ ਵਿਚਿ ਧੋਵੈ॥
ਹਉ ਵਿਚਿ ਜਾਤੀ ਜਿਨਸੀ ਖੋਵੈ॥
ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ॥
ਮੋਖ ਮੁਕਤਿ ਕੀ ਸਾਰ ਨ ਜਾਣਾ॥
ਹਉ ਵਿਚਿ ਮਾਇਆ ਹਉ ਵਿਚਿ ਛਾਇਆ॥
ਹਉਮੈ ਕਰਿ ਕਰਿ ਜੰਤ ਉਪਾਇਆ॥
ਹਉਮੈ ਬੂਝੈ ਤਾ ਦਰੁ ਸੂਝੈ॥
ਗਿਆਨ ਵਿਹੂਣਾ ਕਥਿ ਕਥਿ ਲੂਝੈ॥
ਨਾਨਕ ਹੁਕਮੀ ਲਿਖੀਐ ਲੇਖੁ॥
ਜੇਹਾ ਵੇਖਹਿ ਤੇਹਾ ਵੇਖੁ॥ ੧॥

ਸਲੋਕ ਮ : ੧ (ਪੰਨਾ : ੪੬੬)

ਇਸ ਹਉਮੈਂ ਦੇ ਦੀਰਘ ਰੋਗ ਤੋਂ, ਸਤਿਗੁਰੂ ਆਪ ਹੀ ਕ੍ਰਿਪਾ ਕਰਕੇ ਨਾਮ ਜਪ ਦਾ ਦਾਰੂ ਬਖਸ਼ਸ਼ ਕਰਕੇ ਸਾਡੀ ਬੰਦ ਖਲਾਸੀ ਕਰਾ ਦੇਣ ਤੇ ਅਸੀਂ ਅਸਲੀਅਤ ਤੋਂ ਜਾਣੂ ਹੋ ਜਾਈਏ। ਅਗਿਆਨ ਭਰਮ ਕਰਕੇ ਜੋ ਵਖਰੀ ਹੋਂਦ ਬਣੀ ਹੋਈ ਹੈ, ਉਹ ਖਤਮ ਹੋ ਕੇ ਅਨੇਕਤਾ ਵਿੱਚੋਂ ਏਕਤਾ ਪ੍ਰਗਟ ਹੋ ਜਾਵੇ :—

ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥
ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥

ਮ : ੨ (ਪੰਨਾ : ੪੬੬)

ਜੇ ਆਪਾਂ ਗੁਰੂ ਦੀ ਮੱਤ ਦੇ ਧਾਰਨੀ ਬਣ ਕੇ ਦੀਰਘ ਵੀਚਾਰ ਨਾਲ ਸੋਚਣ ਦਾ ਯਤਨ ਕਰੀਏ, ਹਉਮੈਂ (ਮੈਂ ਹਾਂ) ਦੀ ਕੋਈ ਹੋਂਦ ਨਹੀਂ ਹੈ। ਪਰ ਅਗਿਆਨ ਭਰਮ ਕਰਕੇ, ਇਸ ਹਉਮੈਂ ਨੇ ਇੰਨਾ ਵੱਡਾ ਸਥੂਲ ਰੂਪ ਧਾਰਨ ਕੀਤਾ ਹੋਇਆ ਹੈ ਕਿ ਮਨੁੱਖ ਇਸ ਦੇ ਪ੍ਰਭਾਵ ਕਾਰਣ ਬਾਫਰਿਆ ਫਿਰਦਾ ਹੈ। ਜਿਉਂ-ਜਿਉਂ ਇਸ ਤੋਂ ਖਹਿੜਾ ਛਡਾਉਣ ਦਾ ਜਤਨ ਕਰਦਾ ਹੈ, ਤਿਉਂ-ਤਿਉਂ ਇਹ ਪ੍ਰਬਲ ਹੋ ਕੇ, ਜੀਵ ਆਤਮਾਂ ਨੂੰ ਚੰਬੜਦੀ ਹੈ।

ਇੱਕ ਸਮੇਂ ਯੂਨਾਨ ਦੇ ਈਥਨ ਸ਼ਹਿਰ ਦਾ ਇੱਕ ਧੰਨਵਾਨ ਮਨੁੱਖ ਸੁਕਰਾਤ ਨੂੰ, ਜੋ ਆਪਣੇ ਸਮੇਂ ਦਾ ਬੜਾ ਦਾਰਸ਼ਨਕ ਸੀ, ਮਿਲਣ ਵਾਸਤੇ ਆਇਆ। ਸੁਕਰਾਤ ਜੀ ਆਪਣੀ ਧੁਨ ਵਿੱਚ ਮਸਤ ਕੁਝ ਸੋਚ ਰਹੇ ਸਨ।

ਧਨਾਢ ਤੇ ਉਸ ਨਾਲ ਚਲ ਕੇ ਆਏ ਖੁਸ਼ਾਮਦੀ ਬੰਦਿਆਂ ਨੇ, ਸੁਕਰਾਤ ਦੇ ਜੀ ਆਇਆ ਨੂੰ ਕਹਿਣ ਤੇ ਆਪਣੀ ਹੇਠੀ ਸਮਝੀਂ। ਧਨਾਢ ਨੇ ਸੁਕਰਾਤ ਨੂੰ ਸੰਬੋਧਨ ਕਰਕੇ ਕਿਹਾ, "ਸੁਕਰਾਤ ਤੂੰ ਜਾਣਦਾ ਨਹੀਂ ਮੈਂ ਈਥਨ ਸ਼ਹਿਰ ਦਾ ਸਭ ਤੋਂ ਧਨਾਢ ਬੰਦਾ ਹਾਂ।" ਸੁਕਰਾਤ ਮੁਸਕਰਾਏ ਤੇ ਪਾਸ ਪਈ ਕੁਰਸੀ ਤੇ ਬੈਠਣ ਲਈ ਇਸ਼ਾਰਾ ਕੀਤਾ ਅਤੇ ਨਾਲ ਹੀ ਲਾਗਲੇ ਕਮਰੇ ਵੱਲ ਗਏ ਤੇ ਉੱਥੋਂ ਦੁਨੀਆਂ ਦਾ ਨਕਸ਼ਾ ਚੁੱਕ ਲਿਆਏ। ਧਨਾਢ ਦੇ ਸਾਹਮਣੇ ਦੁਨੀਆਂ ਦਾ ਨਕਸ਼ਾ ਵਿਛਾ ਕੇ, ਉਸਨੂੰ ਸੰਬੋਧਨ ਕਰਕੇ, ਕਹਿਣ ਲੱਗੇ, ਮੈਨੂੰ ਮਾਫ ਕਰਨਾ, ਮੈਂ ਤੁਹਾਨੂੰ ਜਾਣਦਾ ਨਹੀਂ ਸਾਂ। ਆਪ ਕ੍ਰਿਪਾ ਕਰਕੇ ਆਪਣੀ ਵਾਕਫੀ ਤੇ ਰਿਹਾਇਸ਼ ਬਾਰੇ ਮੈਨੂੰ ਦੱਸੋ ਤਾਂ ਜੋ ਕਿਤੇ ਲੋੜ ਸਮੇਂ ਮੈਂ ਆਪ ਦਾ ਘਰ ਢੂੰਡ ਸਕਾਂ ।

ਦੁਨੀਆਂ ਦੇ ਨਕਸ਼ੇ ਵਿੱਚ, ਯੂਨਾਨ ਦੇਸ਼ ਲੱਭਿਆ, ਜੋ ਦੋ-ਢਾਈ ਇੰਚ ਦੀ ਲਕੀਰ ਨਾਲ, ਜਿਵੇਂ ਕਿ ਨਕਸ਼ੇ ਵਿੱਚ ਮੁਲਕਾਂ ਦੀ ਹੱਦ ਬੰਦੀ ਕੀਤੀ ਹੁੰਦੀ ਹੈ ਦਰਸਾਇਆ ਹੋਇਆ ਸੀ। ਸਾਰਿਆਂ ਨੇ ਹਾਂ ਕੀਤੀ ਕਿ ਇਹ ਯੂਨਾਨ ਹੈ। ਸੁਕਰਾਤ

ਕਹਿਣ ਲੱਗੇ ਹੁਣ ਇਸ ਵਿੱਚ ਈਥਨ ਸ਼ਹਿਰ ਲੱਭੋ। ਇੱਕ ਕਾਲਾ ਬਿੰਦੂ ਲਾ ਕੇ ਉਸਦੇ ਲਾਗੇ ਈਥਨ ਸ਼ਹਿਰ ਲਿਖਿਆ ਹੋਇਆ ਸੀ। ਸੁਕਰਾਤ ਕਹਿੰਦੇ ਇਹ ਈਥਨ ਸ਼ਹਿਰ ਹੈ। ਇਸ ਵਿੱਚ ਕਈ ਲੱਖਾਂ ਦੀ ਵਸੋਂ ਹੈ। ਕ੍ਰਿਪਾ ਕਰਕੇ ਆਪਣਾ ਮਹੱਲ, ਆਪਣਾ ਟਿਕਾਣਾ ਇਸ ਸ਼ਹਿਰ ਵਿੱਚ ਦੱਸਣ ਦੀ ਕ੍ਰਿਪਾ ਕਰੋ।

ਧਨਾਢ ਬੜਾ ਸ਼ਰਮਸਾਰ ਹੋਇਆ ਕਹਿਣ ਲੱਗਾ, ਇਸ ਬਿੰਦੂ ਵਿੱਚ ਮੈਂ ਕਿਵੇਂ ਆਪਣਾ ਮਹੱਲ ਦੱਸ ਸਕਦਾ ਹਾਂ ? ਸੁਕਰਾਤ ਕਹਿਣ ਲੱਗੇ, ਬਸ ਇਸ ਦੁਨੀਆਂ ਦੇ ਵਿੱਚ ਈਥਨ ਇੱਕ ਬਿੰਦੂ ਹੀ ਹੈ, ਲੱਖਾਂ ਬੰਦੇ ਇਸ ਈਥਨ ਸ਼ਹਿਰ ਵਿੱਚ ਰਹਿੰਦੇ ਹਨ, ਫਿਰ ਯੂਨਾਨ ਦੀ ਕਿੰਨੀ ਆਬਾਦੀ ਹੈ ? ਫਿਰ ਸੰਸਾਰ ਦੀ ਕਿੰਨੇ ਅਰਬਾਂ ਦੀ ਗਿਣਤੀ ਵਿੱਚ ਵਸੋਂ ਹੈ ? ਇਸ ਧਰਤੀ ਤੋਂ ਅੱਗੇ ਪਤਾ ਨਹੀਂ ਹੋਰ ਕਿੰਨੀ ਕੁ ਪ੍ਰਮੇਸ਼ਰ ਦੀ ਕਾਇਨਾਤ ਦਾ ਵਿਸਥਾਰ ਹੈ। ਉਸ ਦੇ ਮੁਕਾਬਲੇ ਵਿੱਚ ਸਾਡੀ ਕਿੰਨੀ ਕੁ ਹੋਂਦ ਤੇ ਹਸਤੀ ਹੈ ? ਜਿਸਦਾ ਅਸੀਂ ਮਾਣ ਕਰਦੇ ਹਾਂ। ਸੇਠ ਸਾਹਿਬ ਜਦੋਂ ਕਿਤੇ ਆਪਣੀ ਹੋਂਦ ਹਉਮੈਂ ਦਾ ਭੂਤ ਤੁਹਾਡੇ ਉਤੇ ਸਵਾਰ ਹੋਵੇ, ਉਸ ਵੇਲੇ ਇਸ ਨਕਸ਼ੇ ਨੂੰ ਖਿਲਾਰ ਕੇ ਆਪਣੀ ਹਉਮੈਂ ਨੂੰ ਵਿਖਾ ਦੇਣਾ ਕਿ ਸੰਸਾਰ ਵਿੱਚ ਮੇਰੀ ਕਿੰਨੀ ਕੁ ਪਾਇਆ ਹੈ।

ਹਰ ਰੋਜ ਉਸ ਪ੍ਰਭੂ ਦੀ ਕਾਇਨਾਤ ਵੱਲ ਵੇਖੋਗੇ, ਆਪਣੇ ਤੋਂ ਵੱਡਿਆਂ ਵੱਲ ਤੱਕੋਗੇ ਇਸ ਤਰਾਂ ਹਉਮੈਂ ਤੋ ਸੁਤੰਤਰ ਹੋ ਜਾਵੋਗੇ।

ਸਤਿਗੁਰਾਂ ਨੇ ਵੀ ਗੁਰਬਾਣੀ ਵਿੱਚ ਪ੍ਰੇਰਣਾ ਦਿੱਤੀ ਹੈ। ਹੇ ਗੁਰੂ ਕੇ ਸਿੱਖ! ਨੇਮ ਨਾਲ, ਵੀਚਾਰ ਕੇ ਗੁਰਬਾਣੀ ਨੂੰ ਪਿਆਰ ਨਾਲ ਪੜ੍ਹ, ਗੁਰਬਾਣੀ ਪੜ੍ਹਦਿਆਂ ਪਤਾ ਲੱਗੇਗਾ ਕਿ ਇਸ ਸੰਸਾਰ ਦੇ ਵਿੱਚ ਪਤਾ ਨਹੀਂ ਕਿੰਨੇ ਕੁ ਮਾਇਆਧਾਰੀ, ਬਲਧਾਰੀ, ਰਾਜੇ, ਮਹਾਰਾਜੇ, ਜਿਹਨਾਂ ਦੇ ਤਬੇਲਿਆਂ ਵਿੱਚ ਬੜੀ ਡੀਲ ਡੌਲ ਵਾਲੇ, ਸੁਹਣੇ ਰੰਗਾਂ ਵਾਲੇ, ਸੋਨੇ ਅਤੇ ਚਾਂਦੀ ਦੇ ਗਹਿਣਿਆਂ ਨਾਲ ਸ਼ਿੰਗਾਰੇ, ਬੇ-ਮਿਸਾਲ ਹਾਥੀਆਂ ਦੇ ਝੁੰਡ ਝੂਮਦੇ ਸਨ।

ਜਿਹਨਾਂ ਰਾਜਿਆਂ ਪਾਸ ਪੱਕੇ ਗੱਚ-ਗੀਰ ਕਿਲੇ, ਅਨੇਕਾਂ ਵਧੀਆ ਕਿਸਮ ਦੇ ਘੋੜੇ ਜੋ ਹਰਨਾਂ ਵਾਂਗੂ ਚੁੰਗੀਆਂ ਭਰਦੇ ਹਵਾ ਦੇ ਵੇਗ ਨੂੰ ਵੀ ਮਾਤ ਪਾਉਂਦੇ ਸਨ।

ਐਸੇ ਤੇਜ-ਪ੍ਰਤਾਪੀ ਰਾਜੇ, ਜਿਹਨਾਂ ਮੂਹਰੇ ਬੜੇ-ਬੜੇ ਬਾਹੂ ਬਲ ਵਾਲੇ ਰਾਜੇ, ਜਿਹਨਾਂ ਦੀ ਗਿਣਤੀ ਦਾ ਅੰਦਾਜਾ ਲਾਉਣਾ ਸੰਭਵ ਨਹੀਂ, ਉਹਨਾਂ ਮਹਾਂਰਾਜਿਆਂ ਨੂੰ ਝੁਕ-ਝੁਕ ਕੇ ਨਮਸਕਾਰਾਂ ਕਰਦੇ ਸਨ।

ਐਸੇ-ਐਸੇ ਵੱਡੇ ਸ਼ਕਤੀਸ਼ਾਲੀ ਰਾਜੇ ਹੋ ਚੁੱਕੇ ਹਨ, ਪਰ ਅੰਤ ਹਸ਼ਰ ਕੀ ਹੋਇਆ ? ਇਸ ਸੰਸਾਰ ਤੋਂ ਨੰਗੇ ਪੈਰੀਂ ਖਾਲੀ ਹੱਥ ਹੀ ਤੁਰ ਗਏ। ਇਸ ਲਈ ਕਿਸ ਗੱਲ ਦਾ ਹੰਕਾਰ ਹੈ। ਅਸੀਂ ਕਿਸ ਬਾਗ ਦੀ ਮੂਲੀ ਹਾਂ। ਪੜੀਏ ਸਾਹਿਬਾਂ ਦਾ ਬਚਨ :—

ਮਾਤੇ ਮਤੰਗ ਜਰੇ ਜਰ ਸੰਗ,
ਅਨੂਪ ਉਤੰਗ ਸੁਰੰਗ ਸਵਾਰੇ॥
ਕੋਟ ਤੁਰੰਗ ਕੁਰੰਗ ਸੇ ਕੂਦਤ
ਪਉਨ ਕੇ ਗਉਨ ਕੌ ਜਾਤ ਨਿਵਾਰੇ॥
ਭਾਰੀ ਭੁਜਾਨ ਕੇ ਭੂਪ ਭਲੀ ਬਿਧਿ
ਨਿਆਵਤ ਸੀਸ ਨ ਜਾਤ ਬਿਚਾਰੇ।
ਏਤੇ ਭਏ ਤੁ ਕਹਾ ਭਏ ਭੂਪਤਿ
ਅੰਤ ਕੌ ਨਾਂਗੇ ਹੀ ਪਾਂਇ ਪਧਾਰੇ॥ ੨॥

(ਸਵੱਯੇ ਪਾ : ੧੦)

ਜਿਹੜੇ ਮਹਾਰਾਜੇ ਆਪਣੇ ਜੀਵਨ ਭਰ ਵਿੱਚ, ਵੱਡੇ-ਵੱਡੇ ਦੇਸਾਂ ਨੂੰ ਸੁਤੇ ਹੀ ਜਿੱਤਦੇ ਰਹਿੰਦੇ ਹਨ, ਉਹਨਾਂ ਦੀ ਜਿੱਤ ਦੀ ਖੁਸ਼ੀ ਵਿੱਚ ਉਹਨਾਂ ਦੇ ਦਰਵਾਜ਼ਿਆਂ ਤੇ ਨਿੱਤ ਹੀ ਢੋਲ, ਮ੍ਰਿਦੰਗ ਤੇ ਨਗਾਰੇ ਵਜਦੇ ਰਹਿੰਦੇ ਹਨ।

ਜਿਹਨਾਂ ਦੇ ਤਬੇਲਿਆਂ ਵਿੱਚ, ਸੁੰਦਰ ਹਾਥੀਆਂ ਦੇ ਝੁੰਡ ਚਿੰਘਾਰਾਂ ਮਾਰਦੇ ਰਹਿੰਦੇ ਹਨ ਤੇ ਹਜ਼ਾਰਾਂ ਕੋਲ ਬੇਸ਼ਕੀਮਤੀ ਘੋੜੇ ਸਦਾ ਹਿਣਕਦੇ ਰਹਿੰਦੇ ਹਨ।

ਪਿਛਲੇ, ਹੁਣ ਵਰਤਮਾਨ ਤੇ ਆਉਣ ਵਾਲੇ ਸਮੇਂ ਦੇ ਹੁਕਮਰਾਨਾਂ ਤੇ ਤੇਜ਼ ਪ੍ਰਤਾਪੀ ਰਾਜਿਆਂ ਦੀ ਗਿਣਤੀ ਕੌਣ ਕਰ ਸਕਦਾ ਹੈ ? ਭਾਵ ਨਹੀਂ ਹੋ ਸਕਦੀ।

ਐਸੇ ਸ਼ਕਤੀ ਦੇ ਮਾਲਕਾਂ ਦਾ ਅਖੀਰ ਅੰਜਾਮ ਕੀ ਹੋਇਆ ? ਉਸ ਪ੍ਰਭੂ ਪ੍ਰਮਾਤਮਾਂ ਦਾ ਸਿਮਰਨ ਨ ਕਰਨ ਸਦਕਾ ਤੇ ਹਮੇਸ਼ਾ ਹਉ ਹੰਗਤਾ ਦੀ ਬੀਮਾਰੀ ਦਾ ਸ਼ਿਕਾਰ ਬਣਨ ਸਦਕਾ ਉਹਨਾਂ ਨੂੰ ਅਖੀਰ ਜਮਲੋਕ ਪਧਾਰ ਕੇ, ਨਰਕਾਂ ਦੇ ਅਧਿਕਾਰੀ ਬਣਨਾ ਪਿਆ। ਸਾਹਿਬ ਫੁਰਮਾਨ ਕਰਦੇ ਹਨ :—

ਜੀਤ ਫਿਰੈ ਸਭ ਦੇਸ ਦਿਸਾਨ ਕੋ
ਬਾਜਤ ਢੋਲ ਮ੍ਰਿਦੰਗ ਨਗਾਰੇ॥
ਗੁੰਜਤ ਗੂੜ ਗਜਾਨ ਕੇ ਸੁੰਦਰ
ਹਿੰਸਤ ਹੈ ਹਯਰਾਜ ਹਜਾਰੇ॥
ਭੂਤ ਭਵਿੱਖ ਭਵਾਨ ਕੇ ਭੂਪਤ
ਕਉਨ ਗਨੈ ਨਹੀ ਜਾਤ ਬਿਚਾਰੇ॥
ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ,
ਅੰਤ ਕਉ ਅੰਤ ਕੇ ਧਾਮ ਸਿਧਾਰੇ॥ ੩॥

(ਸਵੱਯੇ ਪਾ : ੧੦)

ਆਮ ਮਨੁੱਖ ਦੀ ਗੱਲ ਤਾਂ ਇੱਕ ਪਾਸੇ ਰਹੀ, ਇਸ ਸੰਸਾਰ ਵਿੱਚ ਤਾਂ ਪੀਰ, ਪੈਗੰਬਰ, ਅਵਤਾਰ ਅਉਲੀਏ, ਬੜੇ-ਬੜੇ ਛਤ੍ਰਧਾਰੀ, ਜੋਗੀ, ਬ੍ਰਹਮਚਾਰੀ ਹੋ ਗੁਜਰੇ ਹਨ, ਜਿਹਨਾਂ ਦੇ ਸਿਰਾਂ ਉੱਪਰ ਕਈਆਂ ਕੋਹਾਂ ਤੱਕ ਛਤਰ ਝੁਲਦੇ ਸਨ। ਐਸੇ-ਐਸੇ ਮਹਾਂਬਲੀ ਰਾਜੇ ਹੋਏ ਹਨ, ਜੋ ਬੜੇ-ਬੜੇ ਰਾਜਿਆਂ ਦੇ (ਦੱਪ) ਹੰਕਾਰ ਨੂੰ ਮਲੀਆ ਮੇਟ ਕਰਨ ਦੀ ਸਮਰੱਥਾ ਦੇ ਮਾਲਕ ਸਨ।

ਮਾਨ ਧਾਤਾ ਅਤੇ ਦਿਲੀਪ ਵਰਗੇ ਚੱਕਰਵਰਤੀ, ਜਿਹਨਾਂ ਨੂੰ ਆਪਣੀਆਂ ਬਾਹਾਂ ਤੇ ਬਹੁਤ ਮਾਨ ਸੀ। ਦਾਰਾ ਵਰਗੇ ਦੁਰਯੋਧਨ ਵਰਗੇ ਹੰਕਾਰੀ ਜੋ ਸੰਸਾਰ ਦੇ ਸੁੱਖਾਂ ਨੂੰ ਭੋਗ-ਭੋਗ ਕੇ ਅੰਤ ਨੂੰ ਇਸ ਧਰਤੀ ਦੀ ਮਿੱਟੀ ਵਿੱਚ ਹੀ ਮਿਲ ਗਏ ਹਨ। ਇਸ ਲਈ ਕਾਹਦਾ ਮਾਨ ਤੇ ਕਿਹੜੀ ਗੱਲ ਦਾ ਹੈ ਅਹੰਕਾਰ :—

ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ,
ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈ॥
ਬਡੇ ਬਡੇ ਰਾਜਨ ਕੇ ਦਾਬਿਤ ਫਿਰਤਿ ਦੇਸ
ਬਡੇ ਬਡੇ ਭੂਪਨ ਕੇ ਦ੍ਰਪ ਕੋ ਦਲਤ ਹੈ।
ਮਾਨ ਸੇ ਮਹੀਪ ਓ ਦਿਲੀਪ ਜੈਸੇ ਛੱਤ੍ਰਧਾਰੀ॥
ਬਡੋ ਅਭਿਮਾਨ ਭੁਜ ਦੰਡ ਕੋ ਕਰਤੁ ਹੈਂ।
ਦਾਰਾ ਸੇ ਦਿਲੀਸਰ ਦੁਰਜੋਧਨ ਸੇ ਮਾਨਧਾਰੀ॥
ਭੋਗ ਭੋਗ ਭੂੰਮਿ ਅੰਤ ਭੂੰਮ ਮੈ ਮਿਲਤੁ ਹੈ॥ ੮॥ ੨੮

ਅਕਾਲ ਉਸਤਤ ਪਾ: ੧੦

ਤਥਾ :—ਏਕ ਸ਼ਿਵ ਭਏ, ਏਕ ਗਏ, ਏਕ ਫੇਰ ਭਏ
ਰਾਮਚੰਦ੍ਰ ਕ੍ਰਿਸ਼ਨ ਕੇ, ਅਵਤਾਰ ਭੀ ਅਨੇਕ ਹੈਂ॥
ਬ੍ਰਹਮਾ ਅਰ ਬਿਸ਼ਨ ਕੇਤੇ, ਬੇਦ ਔ ਪੁਰਾਣ ਕੇਤੇ,
ਸਿੰਮ੍ਰਿਤਿ ਸਮੂਹਨ ਕੈ ਹੋਇ, ਹੋਇ ਬਿਤਏ ਹੈ॥
ਮੋਨਦੀ ਮਦਾਰ ਕੇਤੇ, ਅਸ਼ੁਨੀ ਕੁਮਾਰ ਕੇਤੇ,
ਅੰਸਾ ਅਵਤਾਰ ਕੇਤੇ, ਕਾਲ ਬਸ ਭਏ ਹੈਂ॥
ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ,
ਭੂਮ ਹੀ ਤੇ ਹੁਇਕੈ ਫੇਰਿ ਭੂਮਿ ਹੀ ਮਿਲਏ ਹੈਂ॥ ੭॥ ੭੭

ਅਕਾਲ ਉਸਤਤ, ਪਾ: ੧

ਇਸ ਲਈ ਹੇ ਮੇਰੇ ਮੂਰਖ ਮਨ ! ਕਿਸ ਵਾਸਤੇ ਹੰਕਾਰ ਕਰਦਾ ਹੈਂ। ਜਿਹਨਾਂ ਵਸਤੂਆਂ ਦਾ ਤੂੰ ਮਾਣ ਹੰਕਾਰ ਕਰਦਾ ਹੈਂ, ਪ੍ਰਭੂ ਦੇ ਹੁਕਮ ਵਿੱਚ ਇਹਨਾਂ ਨੂੰ ਇੱਕ ਦਿਨ ਛੱਡਣਾ ਹੀ ਪੈਣਾ ਹੈ। ਜਦ ਇਹਨਾਂ ਨੂੰ ਛੱਡਣਾ ਹੀ ਹੈ, ਫਿਰ :—

ਮੂਰਖ ਮਨ ਕਾਹੇ ਕਰਸਹਿ ਮਾਣਾ॥
ਉਠਿ ਚਲਣਾ ਖਸਮੈ ਭਾਣਾ॥ ੧॥

ਮਾਰੂ ਮ : ੧ (ਪੰਨਾ : ੯੮੯)

ਹਉਮੈਂ ਨੂੰ ਸਤਿਗੁਰੂ ਦੀ ਬਖਸ਼ਸ਼ ਕੀਤੀ ਵੀਚਾਰ, ਸਿੱਖਿਆ ਨਾਲ ਮਾਰਨਾ ਹੈ। ਜਦੋਂ ਗੁਰੂ ਦੀ ਸਿੱਖਿਆ ਨਾਲ ਹਉਮੈਂ ਦੇ ਵੀਚਾਰਾਂ ਦਾ ਅਭਾਵ ਹੋ ਜਾਵੇਗਾ। ਫਿਰ ਉਹ ਗੁਰੂ ਪਿਆਰਾ ਜਿਥੇ ਆਪ ਤਰ ਜਾਵੇਗਾ ਉੱਥੇ ਅਨੇਕਾਂ ਨੂੰ ਤਾਰਨ ਦਾ ਵਸੀਲਾ ਬਣੇਗਾ। ਮੁੜ ਉਸ ਗੁਰੂ ਪਿਆਰੇ ਨੂੰ ਟੇਡੀਆਂ ਜੂਨਾਂ ਵਿੱਚ ਭ੍ਰਮਣ ਨਹੀਂ ਕਰਨਾ ਪਵੇਗਾ। ਉਸ ਦੀ ਜੀਵਨ ਛੁਹ ਵੀ ਪਾਰਸ ਵਾਂਗੂ ਅਸਰ ਕਰੇਗੀ ਅਤੇ ਉਹ ਸੱਚੇ ਵਾਹਿਗੁਰੂ ਨੂੰ ਭਾ ਜਾਵੇਗਾ :—

ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ॥
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ॥

ਧਨਾਸਰੀ ਮ : ੧ (ਪੰਨਾ : ੬੮੭)

ਹਉਮੈਂ ਦੇ ਨੁਕਸਾਨ

ਸਾਹਿਬਾਂ ਦੇ ਹੁਕਮ ਅਨੁਸਾਰ ਹਉਮੈਂ ਅਧੀਨ ਮਨੁੱਖ ਜਿੰਨੇ ਵੀ ਕਰਮ ਕਰਦਾ ਹੈ ਉਹ ਸਾਰੇ ਇਸਦੇ ਆਪਣੇ ਗਲੇ ਵਿੱਚ ਫਾਹੀ ਬਣ ਕੇ ਪੈ ਜਾਂਦੇ ਹਨ। ਜਿੰਨੇ ਕਰਮ ਮੈਂ-ਮੇਰੀ ਦੀ ਖਾਤਰ ਕਰਦਾ ਹੈ ਉਹ ਸਾਰੇ ਇਸਦੇ ਪੈਰਾਂ ਵਿੱਚ ਲੋਹੇ ਦੀਆਂ ਬੇੜੀਆਂ ਬਣ ਕੇ ਇਸੇ ਲਈ ਹੀ ਆਤਮਕ ਪੈਂਡੇ ਤੁਰਨ ਲਈ ਰੁਕਾਵਟਾਂ ਬਣ ਖਲੋਂਦੇ ਹਨ :—

ਹਉ ਹਉ ਕਰਮ ਕਮਾਣੇ॥ ਤੇ ਤੇ ਬੰਧ ਗਲਾਣੇ॥
ਮੇਰੀ ਮੇਰੀ ਧਾਰੀ॥ ਓਹਾ ਪੈਰਿ ਲੋਹਾਰੀ॥

ਮਾਰੂ ਮ: ੫ (ਪੰਨਾ : ੧੦੦੪)

ਤਥਾ :—**ਮੇਰੀ ਮੇਰੀ ਧਾਰਿ ਬੰਧਨਿ ਬੰਧਿਆ**

ਸੂਹੀ ਮ: ੫ (ਪੰਨਾ : ੭੬੧)

ਜਿਸ ਮਨੁੱਖ ਦੀ ਬਿਰਤੀ ਦਿਨ ਰਾਤ ਮੇਰੀ ਮੇਰੀ ਵਿੱਚ ਹੀ ਫਸੀ ਹੋਈ ਹੈ, ਸਮਝੋ ਉਹ ਖੁਆਰ ਹੋਣ ਦੇ ਰਸਤੇ ਤੇ ਪੈ ਗਿਆ ਹੈ। ਉਹ ਅਸਲੀਅਤ ਨੂੰ ਜਾਣਦਾ ਹੀ

ਨਹੀਂ, ਸਗੋਂ ਅਗਿਆਨ-ਭਰਮ ਭੁਲੇਖੇ ਦੀ ਨੀਂਦ ਵਿੱਚ ਘੂਕ ਸੌਂ ਗਿਆ ਹੈ :—

ਮੇਰਾ ਮੇਰਾ ਕਰਿ ਕਰਿ ਵਿਗੂਤਾ
ਆਤਮੁ ਨ ਚੀਨੈ੍ ਭਰਮੈ ਵਿਚਿ ਸੂਤਾ॥

ਆਸਾ ਮ : ੩ (ਪੰਨਾ : ੩੬੨)

ਜੀਵ ਆਤਮਾਂ ਨੂੰ ਸਾਰੇ ਬੰਧਨ ਹੀ ਮੇਰ-ਤੇਰ ਦੇ ਹਨ। ਗੁਰੂ ਮਿਹਰ ਨਾਲ ਜਦੋਂ ਅਗਿਆਨਤਾ ਦੂਰ ਹੋ ਜਾਂਦੀ ਹੈ, ਫਿਰ ਤਾਂ ਸਭ ਬੰਧਨ ਛੁੱਟ ਜਾਂਦੇ ਹਨ :—

ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ
ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ॥

ਆਸਾ ਮ : ੫ (ਪੰਨਾ : ੪੦੦)

ਜਿੰਨਾਂ ਚਿਰ ਹਉਮੈਂ-ਭਰਮ ਅਧੀਨ ਮਨੁੱਖ ਆਪ ਕਰਤਾ ਬਣ ਕੇ ਕਰਮ ਕਰਦਾ ਹੈ ਉਨਾਂ ਚਿਰ ਆਵਾਗਉਣ ਦਾ ਚੱਕਰ ਖਤਮ ਨਹੀਂ ਹੁੰਦਾ। ਜਿੰਨਾ ਚਿਰ ਅਗਿਆਨਤਾ ਅਧੀਨ ਕਿਸੇ ਨੂੰ ਵੈਰੀ, ਕਿਸੇ ਨੂੰ ਮਿੱਤਰ ਦੀ ਦ੍ਰਿਸ਼ਟੀ ਨਾਲ ਵੇਖਦਾ ਤੇ ਵਰਤਦਾ ਹੈ, ਉਨਾਂ ਚਿਰ ਮਨ ਦੀ ਥਿਰਤਾ ਪ੍ਰਾਪਤ ਨਹੀਂ ਹੋ ਸਕਦੀ :—

ਜਬ ਇਹ ਜਾਨੈ ਮੈ ਕਿਛੁ ਕਰਤਾ
ਤਬ ਲਗੁ ਗਰਭ ਜੋਨਿ ਮਹਿ ਫਿਰਤਾ॥
ਜਬ ਧਾਰੈ ਕੋਊ ਬੈਰੀ ਮੀਤੁ
ਤਬ ਲਗੁ ਨਿਹਚਲੁ ਨਾਹੀ ਚੀਤੁ॥

ਸੁਖਮਨੀ ਸਾਹਿਬ (ਪੰਨਾ : ੨੭੮)

ਸਗੋਂ ਹਉ-ਹੰਗਤਾ "ਮੈਂ" ਇੰਨੀ ਪਰਬਲ ਹੋ ਜਾਂਦੀ ਹੈ ਕਿ ਮਨੁੱਖ ਆਪਣੇ ਆਪ ਨੂੰ ਸਭ ਕੁਝ ਕਰਨ ਕਾਰਣ ਜਾਣ ਕੇ ਮੂੰਹ ਵਿੱਚੋਂ ਇਹੋ ਜਿਹੇ ਅਹੰਕਾਰੀ ਸ਼ਬਦ ਕਹਿਣ ਲੱਗ ਜਾਂਦਾ ਹੈ—ਮੇਰੇ ਵਿੱਚ ਸਮਰੱਥਾ, ਮੈਂ ਜਿਸ ਨੂੰ ਚਾਹਵਾਂ ਮਰਵਾ ਸਕਦਾ ਹਾਂ, ਜਿਸਨੂੰ ਚਾਹਵਾਂ ਬੰਦੀ ਪਵਾ ਸਕਦਾ ਹਾਂ, ਜਿਸ ਨੂੰ ਵੀ ਚਾਹਵਾਂ ਮੈਂ ਉਸਦੀ ਬੰਦ ਖਲਾਸੀ ਕਰਵਾ ਸਕਦਾ ਹਾਂ :—

ਹਉ ਮਾਰਉ ਹਉ ਬੰਧਉ ਛੋਡਉ ਮੁਖ ਤੇ ਏਵ ਬਬਾੜੇ।

ਆਸਾ ਮ : ੫ (ਪੰਨਾ : ੩੮੦)

ਅਹੰਕਾਰ ਮਨੁੱਖ ਨੂੰ ਇੰਨਾਂ ਮੂਰਖ ਬਣਾ ਦਿੰਦਾ ਹੈ, ਅਹੰਕਾਰ ਅਧੀਨ ਮਨੁੱਖ ਇੱਥੋਂ ਤੱਕ ਕਹਿ ਦਿੰਦਾ ਹੈ ਕਿ ਮੈਂ ਫਲਾਨੇ ਮਨੁੱਖ ਨੂੰ ਬੰਨ ਸਕਦਾ ਹਾਂ ਤੇ ਉਸ ਪਾਸੋਂ ਬਦਲਾ ਲੈ ਸਕਦਾ ਹਾਂ। ਇਹ ਮੇਰੀ ਭੂਮੀ ਹੈ। ਮੇਰੀ ਇਸ ਭੂਮੀ ਵਿੱਚ ਕੌਣ ਪੈਰ ਰੱਖ ਸਕਦਾ ਹੈ?

ਮੈਂ ਹੀ ਸਾਰਿਆਂ ਨਾਲੋਂ ਵਿਦਵਾਨ ਹਾਂ। ਮੈਂ ਹੀ ਚਤੁਰ ਤੇ ਸਿਆਣਾ ਹਾਂ, ਬਾਕੀ ਸਾਰੀ ਲੁਕਾਈ ਨੂੰ ਮਨੁੱਖ ਅਹੰਕਾਰੀ ਬਿਰਤੀ ਅਧੀਨ ਮੂਰਖ ਸਮਝਦਾ ਹੈ :—

ਹਉ ਬੰਧਉ ਹਉ ਸਾਧਉ[1] ਬੈਰੁ॥
ਹਮਰੀ ਭੂਮਿ ਕਉਣੁ ਘਾਲੈ[2] ਪੈਰੁ॥
ਹਉ ਪੰਡਿਤੁ ਹਉ ਚਤੁਰ ਸਿਆਣਾ॥
ਕਰਣੈਹਾਰੁ ਨ ਬੁਝੈ ਬਿਗਾਨਾ[3]॥

ਗਉੜੀ ਮ: ੫ (ਪੰਨਾ : ੧੭੮)

ਗੁਰੂ ਫੁਰਮਾਨ ਅਨੁਸਾਰ ਇਹ ਗੱਲ ਇਸ ਤਰ੍ਹਾਂ ਦੀ ਜਾਪਦੀ ਹੈ ਜਦੋਂ ਹੰਕਾਰੀ ਬਿਰਤੀ ਅਧੀਨ ਮਨੁੱਖ ਜਿੰਨੀ ਦੂਸਰੇ ਨਾਲ ਨਫਰਤ ਕਰਦਾ ਹੈ, ਉਸ ਤੋਂ ਚੌਗੁਣੀ ਦੂਸਰੇ ਇਸ ਨਾਲ ਨਫਰਤ ਕਰਨ ਲੱਗ ਜਾਂਦੇ ਹਨ। ਜਦੋਂ ਮਨੁੱਖ ਕਿਸੇ ਨੂੰ ਮਾੜਾ, ਬਿਗਾਨਾ, ਓਪਰਾ ਜਾਣ ਕੇ ਉਸ ਨਾਲ ਵੈਰ ਕਰਦਾ ਹੈ, ਦੂਸਰੇ ਵੀ ਇਸਨੂੰ ਫਸਾਉਣ ਲਈ ਅਨੇਕਾਂ ਜਾਲ ਖਿਲਾਰਦੇ ਹਨ। ਜਦੋਂ ਇਹੋ ਮਨੁੱਖ ਮੇਰ-ਤੇਰ ਦਾ ਤਿਆਗ ਕਰਕੇ ਸਾਰਿਆਂ ਨਾਲ ਪਿਆਰ ਕਰਨ ਲੱਗ ਜਾਂਦਾ ਹੈ, ਫਿਰ ਇਸਦੇ ਨਾਲ ਸਾਰੇ ਲੋਕ ਵੈਰ ਵਿਰੋਧ ਤਿਆਗ ਕੇ ਪਿਆਰ ਦਾ ਵਰਤਾਉ ਕਰਨ ਲੱਗ ਜਾਂਦੇ ਹਨ। ਜਦੋਂ ਹਰ ਚੀਜ਼ ਨੂੰ (ਮੇਰੀ) ਆਪਨੀ ਜਾਣ ਕੇ ਉਸ ਉੱਪਰ ਕਬਜ਼ਾ ਕਰਨ ਲੱਗ ਜਾਂਦਾ ਹੈ ਫਿਰ ਇਸਨੂੰ ਅਨੇਕਾਂ ਮੁਸ਼ਕਲਾਂ ਆ ਘੇਰਦੀਆਂ ਹਨ। ਜਦੋਂ ਮਨੁੱਖ ਕਰਣਹਾਰ ਨੂੰ ਕਰਤਾ ਜਾਣ ਕੇ ਮੈਂ, ਮੇਰੀ ਦਾ ਤਿਆਗ ਕਰ ਦਿੰਦਾ ਹੈ ਤਦ ਇਸਦਾ ਸਾੜ੍ਹਾ (ਈਰਖਾ) ਖਤਮ ਹੋ ਜਾਂਦਾ ਹੈ :—

ਜਬ ਕਿਸ ਕਉ ਇਹੁ ਜਾਨਸਿ ਮੰਦਾ॥
ਤਬ ਸਗਲੇ ਇਸੁ ਮੇਲਹਿ ਫੰਦਾ॥
ਮੇਰ ਤੇਰ ਜਬ ਇਨਹਿ ਚੁਕਾਈ॥
ਤਾ ਤੇ ਇਸੁ ਸੰਗਿ ਨਹੀ ਬੈਰਾਈ॥ ੨॥
ਜਬ ਇਨਿ ਅਪੁਨੀ ਅਪਨੀ ਧਾਰੀ॥
ਤਬ ਇਸ ਕਉ ਹੈ ਮੁਸਕਲੁ ਭਾਰੀ॥
ਜਬ ਇਨਿ ਕਰਣੈਹਾਰੁ ਪਛਾਤਾ॥
ਤਬ ਇਸ ਨੋ ਨਾਹੀ ਕਿਛੁ ਤਾਤਾ॥

ਗਉੜੀ ਮ : ੫ (ਪੰਨਾ : ੨੩੫)

੧. ਬਦਲਾ ਲਵਾਂਗਾ ੨. ਧਰ ਸਕਦਾ ਹਾਂ ੩. ਬੇਸਮਝ-ਅਨਜਾਣ

ਇੰਞ ਕਹਿ ਲਵੋ ਸਾਰੀਆਂ ਪ੍ਰੇਸ਼ਾਨੀਆਂ, ਸਾਰੀਆਂ ਚਿੰਤਾਂਵਾਂ, ਸਾਰੇ ਝੋਰਿਆਂ ਦਾ, ਮੁਸ਼ਕਲਾਂ ਅਤੇ ਵੈਰ-ਵਿਰੋਧ, ਜਨਮ-ਮਰਣ ਦਾ ਮੂਲ ਕਾਰਣ ਹਉ-ਹੰਗਤਾ, ਮੈ-ਮੇਰੀ ਹੀ ਹੈ।

ਤਦ ਹੀ ਸੂਹੀ ਰਾਗ ਵਿੱਚ ਚੌਥੇ ਗੁਰਦੇਵ ਜੀ ਨੇ ਫੁਰਮਾਨ ਕੀਤਾ ਹੈ, ਹੇ ਹਰੀ ਦੇ ਜਨੋਂ ! ਇਹ ਮਾਇਆ ਜੋ ਹਉਮੈਂ ਦੇ ਰੂਪ ਵਿੱਚ ਤੁਹਾਨੂੰ ਚੰਬੜੀ ਹੋਈ ਹੈ, ਇਸ ਹਉਮੈਂ ਨੇ ਹੀ ਤੁਹਾਨੂੰ ਹਰੀ-ਪ੍ਰਮੇਸ਼ਰ ਜੀ ਤੋਂ ਦੂਰ ਕੀਤਾ ਹੋਇਆ ਹੈ। ਪ੍ਰਭੂ ਦੇ ਮਿਲਾਪ ਵਿੱਚ ਇਹ ਹਉਮੈਂ ਹੀ ਇਕ ਰੁਕਾਵਟ ਹੈ। ਇਸ ਲਈ ਇਸ ਨੂੰ ਤੁਸੀਂ ਮਾਰ ਦੇਵੋ। ਇਸ ਹਉਮੈਂ ਨੇ ਹੀ ਤੁਹਾਡੇ ਇਸ ਸੋਨੇ ਵਰਗੇ ਕੀਮਤੀ ਮਨੁੱਖਾ ਜਨਮ ਨੂੰ ਬੇਕਾਰ-ਖਰਾਬ ਕੀਤਾ ਹੋਇਆ ਹੈ :—

ਮਾਰੇਹਿਸੁ ਵੇ ਜਨ ਹਉਮੈ ਬਿਖਿਆ ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ॥
ਦੇਹ ਕੰਚਨ ਵੇ ਵੰਨੀਆ ਇਨਿ ਹਉਮੈ ਮਾਰਿ ਵਿਗੁਤੀਆ॥

ਸੂਹੀ ਮਹਲਾ ੪ (ਪੰਨਾ : ੭੭੬)

ਜਿਸ ਹਿਰਦੇ ਵਿੱਚ ਅਹੰਕਾਰ ਦਾ ਡੇਰਾ ਹੈ, ਉਹ ਹਿਰਦਾ ਹਰਿ ਜੀ ਨੂੰ ਚੰਗਾ ਨਹੀਂ ਲੱਗਦਾ। ਅਧਿਆਤਮਕ ਗਿਆਨ ਦੇਣ ਵਾਲੇ ਸਾਰੇ ਗ੍ਰੰਥ ਪੁਕਾਰ-ਪੁਕਾਰ ਕੇ ਇਹ ਹੀ ਕਹਿੰਦੇ ਹਨ :—

ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥

ਸਲੋਕ ਮ: ੩ (ਪੰਨਾ : ੧੦੮੯)

ਜਿਵੇਂ ਹਰਿ ਜੀ ਨੂੰ ਅਹੰਕਾਰ ਚੰਗਾ ਨਹੀਂ ਲੱਗਦਾ ਤਿਵੇਂ ਜਿਸ ਹਿਰਦੇ ਵਿੱਚ ਹਉ-ਹੰਗਤਾ ਹੈ ਉੱਥੇ ਹਰਿ ਜੀ ਦਾ ਨਾਮੁ ਵੀ ਨਹੀਂ ਟਿੱਕ ਸਕਦਾ ਕਿਉਂਕਿ ਦੋਵਾਂ ਦਾ ਆਪਸੀ ਵਿਰੋਧ ਹੈ। ਜਿੱਥੇ ਨਾਮ ਟਿੱਕ ਜਾਵੇ ਉੱਥੇ ਅਹੰਕਾਰ ਖਤਮ ਹੋ ਜਾਂਦਾ ਹੈ। ਜਿੰਨਾ ਚਿਰ ਹਿਰਦੇ ਵਿੱਚ ਅਹੰਕਾਰ ਹੈ, ਉਨਾਂ ਚਿਰ ਉਸ ਹਿਰਦੇ ਵਿੱਚ ਪ੍ਰਮੇਸ਼ਰ ਦਾ ਨਾਮ ਨਹੀਂ ਵੱਸਦਾ :—

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥

ਵਡਹੰਸ ਮਹਲਾ ੩ (ਪੰਨਾ : ੫੬੦)

ਕਿਉਂਕਿ ਅਹੰਕਾਰੀ ਹਿਰਦੇ ਵਿੱਚ ਨਾਮ ਦਾ ਟਿਕਾਉ ਨਹੀਂ ਹੁੰਦਾ, ਇਸ ਲਈ ਹੰਕਾਰੀ ਮਨੁੱਖ ਪ੍ਰਭੂ ਜੀ ਤੋਂ ਬਖਸ਼ਸ਼ ਪ੍ਰਾਪਤ ਨਹੀਂ ਕਰ ਸਕਦਾ। ਬਾਬਾ ਫਰੀਦ ਜੀ ਪਹਾੜੀ-ਟਿੱਬੇ ਦੀ ਉਦਾਹਰਣ ਦੇ ਕੇ ਫੁਰਮਾਨ ਕਰਦੇ ਹਨ—ਜਿਹਨਾਂ ਮਨੁੱਖਾਂ ਨੂੰ ਧਨ ਦਾ, ਜੁਆਨੀ ਦਾ,ਆਪਣੀ ਵਡਿਆਈ ਦਾ ਹੰਕਾਰ ਹੈ, ਉਹ ਮਨੁੱਖ ਮਾਲਕ ਦੀ

ਮਿਹਰ ਤੋਂ ਸੱਖਣੇ ਰਹਿ ਜਾਂਦੇ ਹਨ, ਜਿਵੇਂ ਬਾਰਸ਼ ਪੈਂਦੀ ਵਿੱਚ ਉੱਚੇ ਟਿੱਬੇ ਮੀਂਹ ਦੇ ਪਾਣੀ ਤੋਂ ਸੱਖਣੇ ਰਹਿ ਜਾਂਦੇ ਹਨ, ਉੱਚੇ ਥਾਵਾਂ ਤੇ ਪਾਣੀ ਨਹੀਂ ਟਿਕਦਾ। ਪਾਣੀ ਹਮੇਸ਼ਾ ਨੀਵੇਂ ਥਾਵਾਂ ਤੇ ਟਿਕਦਾ ਹੈ :—

ਫਰੀਦਾ ਗਰਬੁ ਜਿਨ੍ਾ ਵਡਿਆਈਆ ਧਨਿ ਜੋਬਨਿ ਆਗਾਹ॥
ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ॥

ਸਲੋਕ ਫਰੀਦ ਜੀ (ਪੰਨਾ : ੧੩੮੩)

ਸਹਸਕ੍ਰਿਤੀ ਸਲੋਕਾਂ ਵਿੱਚ ਪੰਜਵੇ ਪਾਤਸ਼ਾਹ ਜੀ ਨੇ ਅਹੰਕਾਰ ਨੂੰ ਹੀ ਜਨਮ-ਮਰਣ (ਆਵਾਗਵਣ) ਦਾ ਮੂਲ ਤੇ ਆਤਮਾਂ ਨੂੰ ਕਲੰਕਿਤ ਕਰਨ ਵਾਲਾ ਦੱਸਿਆ ਹੈ। ਹੰਕਾਰ ਸੱਜਣਾਂ-ਮਿੱਤਰਾਂ ਤੋਂ ਵਿੱਥ ਪਵਾ ਦਿੰਦਾ ਹੈ। ਵੈਰੀਆਂ ਨੂੰ ਹੋਰ ਪੱਕੇ ਵੈਰੀ ਬਣਾ ਦਿੰਦਾ ਹੈ ਅਤੇ ਅਨੇਕ ਤਰ੍ਹਾਂ ਦੀ ਮਾਇਆ ਦੇ ਜਾਲ ਖਿਲਾਰਦਾ ਹੈ। ਹੰਕਾਰ ਦੇ ਵੱਸ ਪਏ ਜੀਵ ਜਨਮ-ਮਰਣ ਦੇ ਗੇੜੇ ਭੋਗਦੇ ਥੱਕ ਜਾਂਦੇ ਹਨ। ਦੁੱਖ-ਸੁੱਖ ਭੋਗਦੇ ਭਰਮ ਵਿੱਚ ਪਏ ਮਾਨੋਂ ਡਰਾਉਣੇ ਜੰਗਲ ਵਿੱਚ ਭਟਕਦੇ ਹਨ। ਕਠਨ, ਲਾ-ਇਲਾਜ ਰੋਗਾਂ ਵਿੱਚ ਫੱਸ ਜਾਂਦੇ ਹਨ। ਐਸੇ ਅਸਾਧ ਰੋਗਾਂ ਤੋਂ ਕੇਵਲ ਪ੍ਰਮਾਤਮਾਂ ਵੈਦ ਹੀ ਛੁਟਕਾਰਾ ਦਿਵਾ ਸਕਦਾ ਹੈ। ਇਸ ਲਈ ਉਸ ਹਰੀ ਪ੍ਰਮੇਸ਼ਰ ਨੂੰ ਹਰ ਸਮੇਂ ਯਾਦ ਕਰਨਾ ਚਾਹੀਦਾ ਹੈ ਤਾਂ ਜੋ ਐਸੇ ਦੀਰਘ ਰੋਗ ਤੋਂ ਛੁਟਕਾਰਾ ਮਿਲ ਸਕੇ :—

ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ॥
ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ, ਅਨਿਕ ਮਾਯਾ ਬਿਸ੍ਤੀਰਨਹ॥
ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ॥
ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ॥
ਬੈਦ੍ਯੰ ਪਾਰਬ੍ਰਹਮ ਪਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ॥

ਸਲੋਕ ਸਹਸਕ੍ਰਿਤੀ ਮ : ੫ (ਪੰਨਾ : ੧੩੫੮)

ਪ੍ਰਮੇਸ਼ਰ ਜੀ ਤੋਂ ਵਿੱਥ ਪਾਉਣ ਵਾਲੇ ਅਤੇ ਹਿਰਦੇ ਵਿੱਚ ਨਾਮ ਨੂੰ ਨਾਂ ਟਿਕਣ ਦੇਣ ਵਾਲੇ, ਪ੍ਰਭੂ ਦੀ ਮਿਹਰ ਤੋਂ ਵੰਚਤ ਕਰਨ ਵਾਲੇ ਅਤੇ ਆਵਾਗਵਣ ਦੇ ਚੱਕਰ ਵਿੱਚ ਭਰਮਾਉਣ ਵਾਲੇ ਤੇ ਅਨੇਕਾਂ ਪ੍ਰੇਸ਼ਾਨੀਆਂ ਪੈਦਾ ਕਰਨ ਵਾਲੇ ਅਹੰਕਾਰ ਤੇ ਮੈਂ ਮੇਰੀ ਤੋਂ ਬਚਣਾ ਹੀ ਭਲਾ ਹੈ :—

ਕਿਤੇ :—ਮੇਰੀ ਮੇਰੀ ਕਰਤੇ ਜਨਮੁ ਗਇਓ॥

ਆਸਾ ਕਬੀਰ ਜੀ (ਪੰਨਾ ੪੭੯)

ਵਾਲੀ ਘਟਨਾ ਨ ਵਾਪਰ ਜਾਵੇ।

ਤਾਂ ਤੇ ਗੁਰੂ ਹੁਕਮ ਅਨੁਸਾਰ :—

ਮੇਰਾ ਤੇਰਾ ਛੋਡੀਐ ਭਾਈ ਹੋਈਐ ਸਭ ਕੀ ਧੂਰਿ॥

ਸੋਰਠਿ ਮਹਲਾ ੫ (ਪੰਨਾ : ੬੪੦)

ਐਸੇ ਅਹੰਕਾਰ ਦਾ ਖਹਿੜਾ ਛੱਡ ਕੇ ਗੁਰੂ ਦਾ ਲੜ ਫੜਨ ਵਿੱਚ ਹੀ ਸਾਡੀ ਭਲਾਈ ਹੈ।

ਦੂਸਰੇ, ਜਿਸ ਗੁਰਬਾਨੀ ਦੀ ਅਗਵਾਈ ਵਿੱਚ ਅਸੀਂ ਆਪਣਾ ਜੀਵਨ ਢਾਲਣਾ ਹੈ, ਜਿਸ ਗੁਰਬਾਨੀ ਵਿੱਚੋਂ ਰੋਸ਼ਨੀ ਪ੍ਰਾਪਤ ਕਰਕੇ ਅਸੀਂ ਆਪਣੇ ਲੋਕ-ਪ੍ਰਲੋਕ ਸਵਾਰਨੇ ਹਨ, ਇਸ ਧੁਰ ਕੀ ਬਾਣੀ ਵਿੱਚ ਸਤਿਗੁਰੂ ਜੀ ਨੇ ਰਾਈ ਮਾਤ੍ਰ ਵੀ ਅਹੰਕਾਰ, ਮੈਂ ਨੂੰ ਥਾਂ ਨਹੀਂ ਦਿੱਤੀ। ਇਤਿਹਾਸਕ ਸਾਖੀ ਵੀ ਇਸ ਗੱਲ ਦਾ ਪ੍ਰਤੱਖ ਸਬੂਤ ਹੈ। ਜਦੋਂ ਉਸ ਸਮੇਂ ਦੇ ਭਗਤਾਂ ਨੂੰ ਜਿਹਨਾਂ ਵਿੱਚ ਭਗਤ ਛੱਜੂ[1], ਭਗਤ ਪੀਲੋ[2], ਭਗਤ ਕਾਨ੍ਹਾ, ਭਗਤ ਸ਼ਾਹ ਹੁਸੈਨ[3] ਸ਼ਾਮਲ ਹਨ, ਪਤਾ ਲੱਗਾ ਕਿ ਗੁਰੂ ਅਰਜਨ ਦੇਵ ਜੀ ਇਕ ਗ੍ਰੰਥ ਰਚ ਰਹੇ ਹਨ ਜਿਸ ਵਿੱਚ ਭਗਤਾਂ ਨੂੰ ਵੀ ਸੁਸ਼ੋਭਤ ਕਰ ਰਹੇ ਹਨ, ਇਹ ਸਾਰੇ ਭਗਤ ਆਪੋ ਆਪਣੀ ਰਚਨਾ ਲੈਕੇ ਸ੍ਰੀ ਅੰਮ੍ਰਿਤਸਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਪੁੱਜੇ। ਸਾਹਿਬਾਂ ਸਾਰਿਆਂ ਨੂੰ ਵਾਰੋ ਵਾਰੀ ਆਪਣੀ ਰਚਨਾ ਸੁਨਾਣ ਲਈ ਕਿਹਾ। ਸਭ ਤੋਂ ਪਹਿਲਾਂ ਕਾਨ੍ਹਾ ਜੀ ਨੇ ਕਿਹਾ :—

---

੧. ਭਗਤ ਛਜੂ ਦੀ ਰਚਨਾ **ਕਾਗਦ ਸੰਦੀ ਪੂਤਰੀ ਤਉ ਨ ਤ੍ਰਿਆ ਨਿਹਾਰ॥ ਇਉ ਹੀ ਮਾਰ ਲੈ ਜਾਏਗੀ ਜਿਉ ਬਲੋਚਾ ਦੀ ਧਾੜ॥** ਸਾਹਿਬਾਂ ਇਹ ਕਹਿਕੇ ਨਾਂਹ ਕਰ ਦਿੱਤੀ ਕਿ ਛਜੂ ਜੀ ਅਸੀਂ ਗ੍ਰਿਹਸਤ ਵਿੱਚ ਉਦਾਸ ਪੰਥ ਚਲਾਇਆ ਹੈ। ਆਪਣੀ ਪਰਾਈ ਇਸਤ੍ਰੀ ਦਾ ਵਿਚਾਰ ਚਾਹੀਦਾ ਹੈ। ਸੋ ਕਿਉਂ ਮੰਦਾ ਆਖੀਐ ਜਿਤ ਜਮੇ ਰਾਜਾਨ" ਜੇ ਇਸਤ੍ਰੀ ਨ ਹੁੰਦੀ ਤੁਸੀਂ ਕਿਵੇਂ ਸੰਸਾਰ ਵਿੱਚ ਆਉਂਦੇ।

੨. ਪੀਲੋ ਨੇ ਉਚਾਰਨ ਕੀਤਾ :— **ਪੀਲੋ ਅਸਾਂ ਨਾਲੋ ਸੋ ਭਲੇ, ਜੰਮਦਿਆਂ ਜੋ ਮੂਏ॥ ਉਨਾ ਚਿਕੜ੍ਹ ਪੈਰ ਨ ਡੋਬਿਆ ਨ ਅਲੂਕ ਭਏ।** ਸਾਹਿਬਾ ਪੀਲੋ ਨੂੰ ਸੰਬੋਧਨ ਕਰਕੇ ਬਚਨ ਕੀਤਾ ਪੀਲੋ—**ਜੰਮਣ ਮਰਨਾ ਹੁਕਮ ਹੈ ਭਾਣੇ ਆਵੇ ਜਾਇ॥** ਸੁੱਖ ਦੁੱਖ ਪ੍ਰਭੂ ਹੁਕਮ ਵਿੱਚ ਹੈ। ਉਸ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਚਾਹੀਦਾ। ਸਾਡਾ ਮਤ **ਹੁਕਮੇ ਜੰਮਣ ਹੁਕਮੇ ਮਰਣਾ ਨਾਮ ਤੇਰਾ ਮਨ ਤਨ ਆਧਾਰੀ॥ ਨਾਨਕ ਦਾਸ ਬਖਸੀਸ ਤੁਮਾਰੀ॥** ਹੁਕਮ ਰਜਾਈ ਚਲਣ ਦਾ ਮਾਰਗ ਹੈ।

੩. ਸ਼ਾਹ ਹੁਸੈਨ ਦੀ ਰਚਨਾ :—**ਚੁਪ ਵੇ ਅੜਿਆ ਚੁਪ ਵੇ ਅੜਿਆ॥ ਬੋਲਣ ਦੀ ਨਹੀਂ ਜਾਇ ਵੇ ਅੜਿਆ। ਸਜਣਾ ਬੋਲਣ ਦੀ ਜਾਇ ਨਾਹੀ॥ ਅੰਦਰ ਬਾਹਰ ਹਿਕਾ ਸਾਂਈ॥ ਕਿਸ ਨੂੰ ਆਖ ਸੁਣਾਈ॥ ਇਕੋ ਦਿਲਬਰ ਸਭਿ ਘਟ ਰਵਿਆ ਦੂਜੀ ਨਹੀਂ ਕਦਾਈ॥ ਕਹੋ ਹੁਸੈਨ ਫਕੀਰ ਨਿਮਾਣਾ ਸਤਿਗੁਰ ਤੋਂ ਬਲ ਜਾਈ।** ਸਤਿਗੁਰਾਂ ਇਹ ਕਹਿ ਕੇ ਅਪਰਵਾਨ ਕਰ ਦਿੱਤਾ ਕਿ ਚੁੱਪ ਦੇ ਮੁਕਾਮ ਕਿਵੇਂ ਕੋਈ ਰਹੇ। ਸਾਨੂੰ ਤਾਂ ਫੁਰਮਾਨ ਹੈ:— **ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥** ਪੰਨਾ ੬੬੧॥

ਮੈਂ ਉਹੀ ਰੇ ਮੈਂ ਉਹੀ ਰੇ

ਜਾਕੋ ਨਾਰਦ ਸਾਰਦ ਸੇਵੇ, ਸੇਵੇ ਦੇਵੀ ਦੇਵਾ ਰੇ

ਬ੍ਰਹਮ ਬਿਸ਼ਨ ਮਹੇਸ਼ ਅਰਾਧਹਿ, ਸਭ ਕਰਦੇ ਜਾ ਕੀ ਸੇਵਾ ਰੇ॥

ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤਾ, ਕਾਨ੍ਹਾ ਜੀ ਹੋਰ ਸੁਣਾਉ। ਕਾਨ੍ਹਾ ਜੀ ਬੋਲੇ :—

ਮੈਂ ਕਾਨ੍ਹਾਂ, ਕਾਨ੍ਹਾਂ ਮੇਰੀ ਡੀਠ

ਕਾਨ੍ਹਾਂ ਆਗੇ, ਕਾਨ੍ਹਾਂ ਪੀਠ

ਜਤ ਦੇਖੋ ਤਤ ਕਾਨ੍ਹਾ ਭਾਈ॥

ਮੈਂ ਕਾਨ੍ਹਾ, ਕਾਨ੍ਹਾਂ, ਸਭ ਆਹੀ

ਸਾਹਿਬਾਂ ਕਾਨ੍ਹੇ ਨੂੰ ਸੰਬੋਧਨ ਕਰਕੇ ਫੁਰਮਾਇਆ ਕਾਨ੍ਹਾ ਜੀ, ਤੁਹਾਡਾ ਮੱਤ ਸਾਡੇ ਨਾਲ ਮੇਲ ਨਹੀਂ ਖਾਂਦਾ। ਤੁਹਾਡੀ ਰਚਨਾ ਵਿੱਚੋਂ ਅਹੰਕਾਰ ਦੀ ਅੰਸ ਝਲਕਾਂ ਮਾਰਦੀ ਹੈ, ਅਹੰਕਾਰ ਤੋਂ ਤਾਂ ਖਲਾਸੀ ਕਰਾਣੀ ਹੈ, ਨਾ ਕਿ ਅਹੰਕਾਰ, ਮੈਂ-ਮੇਰੀ ਦੀਆਂ ਗੰਢਾਂ ਹੋਰ ਪੀਡੀਆਂ ਕਰਨੀਆਂ ਹਨ। ਆਪਣੀ ਰਚਨਾ ਨੂੰ ਕਿਤੇ ਹੋਰ ਲਿਖਵਾਓ ਕਿਉਂਕਿ ਵਿਰੋਧੀ ਵਿਚਾਰ ਇੱਕ ਥਾਂ ਨਹੀਂ ਲਿਖੇ ਜਾ ਸਕਦੇ। ਗੁਰੂ ਘਰ ਤਾਂ ਨਿਮਰਤਾ ਦਾ ਘਰ ਹੈ। ਇੱਥੇ ਤਾਂ :—

ਮੈਂ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥ ੪॥ ੧॥

ਬਾਣੀ ਸਧਨਾ ਜੀ (ਪੰਨਾ : ੮੫੮)

ਇਥੇ ਤਾਂ :—

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥

ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥

ਕਬੀਰ ਜੀ (ਪੰਨਾ : ੧੩੭੫)

ਦੇ ਧਾਰਨੀ ਬਣਨ ਵਾਲਿਆ ਨੂੰ ਥਾਂ ਮਿਲਣੀ ਹੈ। ਸੋ ਐਸੇ ਅਹੰਕਾਰ (ਮੈਂ) ਤੋਂ ਕਿਵੇਂ ਬਚਿਆ ਜਾਵੇ। ਗੁਰੂ ਕੀ ਬਾਣੀ ਦੀ ਰੋਸ਼ਨੀ ਵਿੱਚ ਹਉ-ਮੈਂ ਤੋਂ ਬਚਣ ਦੇ ਤਿੰਨ ਢੰਗ ਤਰੀਕੇ ਸਾਹਿਬਾਂ ਨੇ ਸਾਨੂੰ ਜਗਿਆਸੂਆਂ ਨੂੰ ਬਖਸ਼ਿਸ਼ ਕੀਤੇ ਹਨ।

ਹਉਮੈਂ ਤੋਂ ਬਚਣ ਦੇ ਸਾਧਨ

ਪਹਿਲਾ ਹੈ :— ਸਤਿ ਸੰਗਤ

ਦੂਸਰਾ ਹੈ :— ਨਾਮ ਦੀ ਕਮਾਈ

ਤੀਸਰਾ ਹੈ :— ਅਰਦਾਸ

ਪਹਿਲਾ ਸਾਧਨ—ਸਤਿ-ਸੰਗਤ

ਸਤਿ-ਸੰਗਤ ਅਤੇ ਸਤਿ-ਸੰਗਤ ਦੀ ਮਹਾਨਤਾ

ਸਤਿ-ਸੰਗਤ ਕਿਸੇ ਵੱਡੇ ਇਕੱਠ ਨੂੰ ਨਹੀਂ ਕਿਹਾ ਜਾਂਦਾ। ਸਤਿ ਸੰਗਤ ਦੋ ਸ਼ਬਦਾਂ ਦਾ ਸੰਗ੍ਰਹਿ ਹੈ। ਇੱਕ ਹੈ ਸਤਿ, ਸਤਿ ਕੀ ਹੈ ? ਜਿਸ ਨੂੰ ਸਾਹਿਬਾਂ ਨੇ ਗੁਰਬਾਣੀ ਵਿੱਚ—ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ਕਿਹਾ ਹੈ।

ਤਥਾ :—ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ।

ਆਸਾ ਮ : ੧ (ਪੰਨਾ ੩੫੦)

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥

ਸੂਹੀ ਮ : ੪ (ਪੰਨਾ : ੭੫੯)

ਸਤਿ ਕੇਵਲ ਤੇ ਕੇਵਲ ਇੱਕ ਹੈ।

ਸਾਹਿਬੁ ਮੇਰਾ ਏਕੁ ਹੈ ਅਵਰੁ ਨਹੀ ਭਾਈ॥

ਆਸਾ ਮ : ੧ (ਪੰਨਾ : ੪੨੦)

ਸੰਗਤ ਦਾ ਭਾਵ ਹੈ ਇਕੱਠ। ਉਹ ਇਕੱਠ, ਉਹ ਇਕਤ੍ਰਤਾ ਜਿਸ ਵਿੱਚ ਸਤਿ ਦੀ ਹੋਂਦ ਹੋਵੇ, ਸਤਿ ਦੀ ਅਰਾਧਨਾ, ਸਤਿ ਦੀ ਵੀਚਾਰ ਕੀਤੀ ਜਾਵੇ, ਸਤਿ ਦੇ ਨਾਲ ਜੁੜਨ ਦੇ ਉਪਰਾਲੇ ਕੀਤੇ ਜਾਣ, ਕੇਵਲ ਤੇ ਕੇਵਲ ਇੱਕ ਦੀ ਹੋਂਦ ਨੂੰ ਪ੍ਰਪੱਕ ਕੀਤਾ ਜਾਵੇ, ਉਸ ਨੂੰ ਗੁਰੂ ਦ੍ਰਿਸ਼ਟੀ ਵਿੱਚ ਸਤਿ-ਸੰਗਤ ਕਿਹਾ ਜਾਂਦਾ ਹੈ। ਜਿਸ ਇਕੱਤ੍ਰਤਾ ਇੱਕਠ ਵਿੱਚ ਸਤਿ ਦੀ ਅਣਹੋਂਦ ਹੋਵੇ ਉਹ ਭਾਵੇਂ ਛੋਟਾ ਹੋਵੇ ਭਾਵੇਂ ਲੱਖਾਂ ਦਾ ਹੋਵੇ ਉਹ ਕੇਵਲ ਸੰਗਤ (ਇਕੱਠ) ਹੈ, ਸਤਿ ਸੰਗਤ ਨਹੀਂ। ਸਾਹਿਬਾਂ ਨੇ ਸ੍ਰੀ ਰਾਗ ਵਿੱਚ ਫੁਰਮਾਨ ਕੀਤਾ ਹੈ :—

ਸਤਸੰਗਤਿ ਕੈਸੀ ਜਾਣੀਐ॥ ਜਿਥੈ ਏਕੋ ਨਾਮੁ ਵਖਾਣੀਐ॥

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ

ਸਿਰੀਰਾਗੁ ਮ: ੧ ਘਰ ੩ (ਪੰਨਾ : ੭੨)

ਐਸੀ ਸਤਿ-ਸੰਗਤ ਵਿੱਚ ਬੈਠ ਕੇ ਪ੍ਰਭੂ ਗੁਣ ਗਾਉਣ ਨਾਲ ਜੋ ਜਨਮਾਂ-ਜਨਮਾਂ ਦੇ ਅੰਹਕਾਰ ਦੀ ਗੂੜ੍ਹੀ ਥਿੰਧਾਈ ਨਾਲ ਮਨ ਮਲੀਨ ਹੋਇਆ ਪਿਆ ਹੈ, ਮਾਂਜ ਕੇ ਸ਼ੁੱਧ ਪਵਿੱਤਰ ਕੀਤਾ ਜਾ ਸਕਦਾ ਹੈ। ਸਤਿ-ਸੰਗਤ ਤੋਂ ਬਿਨਾਂ ਹੋਰ ਕੋਈ ਢੰਗ ਤਰੀਕਾ, ਇਸ ਥਿੰਧਾਈ (ਚਿਕਨੱਤ) ਨੂੰ ਦੂਰ ਕਰਨ ਦਾ ਨਹੀਂ ਹੈ :—

ਅਹੰਬੁਧਿ ਮਨ ਪੂਰਿ ਥਿਧਾਈ॥
ਸਾਧ ਧੂਰਿ ਕਰਿ ਸੁਧ ਮੰਜਾਈ

ਗਉੜੀ ਮਹਲਾ : ੫ (ਪੰਨਾ : ੨੦੦)

ਸਾਹਿਬ ਪੰਜਵੇਂ ਪਾਤਸ਼ਾਹ ਜੀ ਦਾ ਸੋਰਠ ਰਾਗ ਵਿੱਚ ਬਚਨ ਹੈ ਕਿ ਜੇ ਕਿਸੇ ਨੇ ਜਨਮਾਂ ਜਨਮਾਂਤਰਾਂ ਦੀ ਮਾਇਆਵੀ ਪ੍ਰਭਾਵ ਦੀ ਮਲੀਨਤਾਈ ਨੂੰ ਮਾਂਜਕੇ ਆਪਣੇ ਮਨ ਨੂੰ ਸ਼ੁੱਧ ਕਰਨਾ ਹੈ, ਉਹ ਜਗਿਆਸੂ ਸਤਿ-ਸੰਗਤ ਵਿੱਚ ਜਾਵੇ, ਉੱਥੇ ਸਤਿ ਸੰਗਤ ਵਿੱਚ ਬੈਠਕੇ ਸੱਚੇ ਹਰੀ, ਵਾਹਿਗੁਰੂ ਦੇ ਨਾਮ ਦਾ ਅਰਾਧਨ ਕਰੇ। ਇਸ ਤਰ੍ਹਾਂ ਕਰਨ ਨਾਲ, ਪ੍ਰਭੂ ਜੀ ਤੋਂ ਵਿੱਥ ਪਾਉਣ ਵਾਲਾ ਭਰਮ ਤੇ ਪਾਪ ਸੰਸਕਾਰਾਂ ਦਾ ਭੈ ਦੂਰ ਹੋ ਜਾਵੇਗਾ। ਸਤਿ ਸੰਗਤ ਦੀ ਬਰਕਤ ਨਾਲ ਮਨ ਮਾਂਜਿਆ ਜਾਂਦਾ ਹੈ। ਮਾਂਜੇ ਹੋਏ ਸ਼ੁੱਧ ਪਵਿੱਤਰ ਮਨ ਵਿੱਚ ਹਰੀ ਪ੍ਰਭੂ ਜੀ ਦਾ ਨਾਮ ਟਿਕ ਜਾਂਦਾ ਹੈ :—

ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ॥
ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ॥

ਸੋਰਠਿ ਮ: ੫ ਘਰ (ਪੰਨਾ : ੬੩੯)

ਸਾਧ ਸੰਗਤ ਵਿੱਚ ਕੈਸੀ ਬਰਕਤ ਹੈ, ਜਿਸ ਦਾ ਜਿਕਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿੱਚ ਕਰਦੇ ਹਨ ਕਿ ਸਤਸੰਗਤ ਕਰਨ ਨਾਲ ਅਹੰਕਾਰ ਮਿਟ ਜਾਂਦਾ ਹੈ। ਅਹੰਕਾਰ ਖਤਮ ਹੋਣ ਸਦਕਾ ਮਨੁੱਖ ਨੂੰ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਸਤਸੰਗ ਕਰਨ ਨਾਲ ਮਨੁੱਖ ਜਨਮਾਂ-ਜਨਮਾਂ ਤੋਂ ਜੋ "ਹਉਮੈ ਰੋਗ ਮਾਨੁਖ ਕੋ ਦੀਨਾ" ਦਾ ਸ਼ਿਕਾਰ ਹੋਇਆ ਹੈ, ਉਸ ਹਉਂ-ਹੰਗਤਾ ਦੇ ਰੋਗ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦਾ ਹੈ। ਆਪਾ ਭਾਵ, ਜਿਸ ਕਾਰਣ ਇਸ ਨੇ ਆਪਣੀ ਵੱਖਰੀ ਹੋਂਦ ਬਣਾਈ ਹੋਈ ਹੈ, ਉਹ ਵੀ ਖਤਮ ਹੋ ਜਾਂਦੀ ਹੈ। ਸਤਿ ਸੰਗਤ ਕਰਨ ਨਾਲ ਲੋਕ ਪ੍ਰਲੋਕ ਵਿੱਚ ਮੁੱਖ ਉੱਜਲ ਪਵਿੱਤਰ ਹੋ ਜਾਂਦਾ ਹੈ। ਹਰ ਕਿਸਮ ਦੀ ਮਲੀਨਤਾਈ ਨਾਸ਼ ਹੋ ਜਾਂਦੀ ਹੈ ਸਤਿਸੰਗਤ ਦੀ ਬਰਕਤ ਨਾਲ ਪ੍ਰਭੂ ਦੀ ਹੋਂਦ ਨੇੜੇ ਮਹਿਸੂਸ ਹੋਣ ਲੱਗ ਜਾਂਦੀ ਹੈ। ਸਾਧ ਸੰਗਤ ਕਰਨ ਨਾਲ ਅੰਦਰ ਅਤੇ ਬਾਹਰ ਦੇ ਸਾਰੇ

ਝਗੜੇ ਖਤਮ ਹੋ ਜਾਂਦੇ ਹਨ ਤੇ ਨਾਮ ਰੂਪੀ ਰਤਨ ਦੀ ਪ੍ਰਾਪਤੀ ਹੋ ਜਾਂਦੀ ਹੈ। ਮਨੁੱਖ ਫਿਰ ਇੱਕ ਵਾਹਿਗੁਰੂ ਜੀ ਨੂੰ ਪ੍ਰਾਪਤ ਕਰਨ ਲਈ ਯਤਨਸ਼ੀਲ ਹੋ ਜਾਂਦਾ ਹੈ। ਸਤਿ ਸੰਗਤ ਦੀ ਮਹਿਮਾ ਇਸ ਜ਼ੁਬਾਨ ਨਾਲ ਕੋਈ ਪ੍ਰਾਣੀ ਵਰਨਣ ਨਹੀਂ ਕਰ ਸਕਦਾ। ਇੰਝ ਕਹਿ ਲਵੋ, ਜਿਵੇਂ ਪ੍ਰਭੂ ਜੀ ਦੀ ਮਹਿਮਾ ਵਰਨਣ ਨਹੀਂ ਕੀਤੀ ਜਾ ਸਕਦੀ, ਇਸ ਤਰ੍ਹਾਂ ਸਾਧ-ਸੰਗਤ ਦੀ ਮਹਿਮਾ ਵੀ ਕਥਨ ਤੋਂ ਪਰੇ ਹੈ :—

ਸਾਧ ਕੈ ਸੰਗਿ ਮੁਖ ਊਜਲ ਹੋਤ॥
ਸਾਧਸੰਗਿ ਮਲੁ ਸਗਲੀ ਖੋਤ॥
ਸਾਧ ਕੈ ਸੰਗਿ ਮਿਟੈ ਅਭਿਮਾਨੁ॥
ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ॥
ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ॥
ਸਾਧਸੰਗਿ ਸਭੁ ਹੋਤ ਨਿਬੇਰਾ॥
ਸਾਧ ਕੈ ਸੰਗਿ ਪਾਏ ਨਾਮ ਰਤਨੁ॥
ਸਾਧ ਕੈ ਸੰਗਿ ਏਕ ਊਪਰਿ ਜਤਨੁ॥
ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ॥
ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ॥

ਸੁਖਮਨੀ ਸਾਹਿਬ ਮ: ੫ (ਪੰਨਾ ੨੭੧)

ਸਾਧ ਕੈ ਸੰਗਿ ਨਾਹੀ ਹਉ ਤਾਪੁ॥
ਸਾਧ ਕੈ ਸੰਗਿ ਤਜੈ ਸਭੁ ਆਪੁ॥

ਸੁਖਮਨੀ ਸਾਹਿਬ ਮ : ੫ (ਪੰਨਾ ੨੭੧)

ਸਤਿਗੁਰੂ ਜੀ ਨੇ ਸਤਿ-ਸੰਗਤ ਦਾ ਗੁਣ (ਉਪਕਾਰ) ਬਹੁਤ ਲਿਖਿਆ ਹੈ। ਉਦਾਹਰਣ ਦਿੱਤੀ ਹੈ ਕਿ ਗਨਕਾ ਵਰਗੀਆਂ ਮਲੀਨ ਆਤਮਾਵਾਂ ਵੀ ਸਾਧ-ਸੰਗਤ ਦੇ ਵਸੀਲੇ ਦੁਆਰਾ ਪਾਰ ਉੱਤਰ ਜਾਂਦੀਆਂ ਹਨ। ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਸਤਿਸੰਗਤ ਨੂੰ ਕਿੰਨੀ ਮਹਾਨਤਾ ਬਖਸ਼ਦੇ ਲਿਖਦੇ ਹਨ ਕਿ ਸਤਿ-ਸੰਗਤ ਧੰਨਤਾ ਦੇ ਜੋਗ ਹੈ। ਸਤਿ-ਸੰਗਤ ਵਿੱਚ ਮਿਲਣ ਦੇ ਨਾਲ ਹਰੀ ਨਾਮ ਦੇ ਰਸ ਦੀ ਪ੍ਰਾਪਤੀ ਹੋਣ ਲੱਗ ਜਾਂਦੀ ਹੈ।

ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥

ਨਟ ਮ: ੪ (ਪੰਨਾ : ੯੮੧)

ਤਥਾ—ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ-ਪਾਇਆ
ਮਿਲਿ ਜਨ ਨਾਨਕ ਨਾਮੁ ਪਰਗਾਸਿ ॥

ਗੂਜਰੀ ਮ: ੪ (ਪੰਨਾ : ੧੦)

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਸਤਿ-ਸੰਗਤ ਦੀ ਮਹਾਨਤਾ ਦਰਸਾਉਣ ਵਾਸਤੇ ਤਿੰਨ ਸੰਸਾਰਕ ਉਦਾਹਰਨਾਂ ਦੇ ਕੇ ਅਖੀਰ ਵਿੱਚ ਸਤਿ-ਸੰਗਤ ਦੀ ਮਹਾਨਤਾ ਦਰਸਾਈ ਹੈ ਕਿ ਜਿਵੇਂ ਕੋਈ ਮਨੁੱਖ ਅੱਠਾਂ ਪਹਿਰਾਂ ਦੀਆਂ ਜੋ ਸੱਠ ਘੜੀਆਂ ਬਣਦੀਆਂ ਹਨ, ਉਹਨਾਂ ਸੱਠਾਂ ਘੜੀਆਂ ਵਿੱਚੋਂ ਇੱਕ ਘੜੀ ਵੀ ਸਤਿ-ਸੰਗਤ ਕਰਨ ਵਾਸਤੇ ਸਮਾਂ ਕੱਢੇ, ਉਹ ਨਿਹਚੇ ਹੀ ਨਿੱਜ ਘਰ ਵਿੱਚ ਪਹੁੰਚ ਜਾਂਦਾ ਹੈ :—

ਜਿਵੇਂ ਬੇੜੀ ਦਾ ਬਹੁਤਾ ਹਿੱਸਾ ਪਾਣੀ ਵਿੱਚ ਡੁੱਬਿਆ ਹੁੰਦਾ ਹੈ, ਕੇਵਲ ਦੋ ਉਂਗਲਾਂ ਪਾਣੀ ਤੋਂ ਬਾਹਰ ਰਹਿਣ ਸਦਕਾ ਬੇੜੀ ਸਾਰੇ ਪੂਰ ਤੇ ਸਾਜੋ ਸਮਾਨ ਨੂੰ ਸਹੀ ਸਲਾਮਤ ਪਾਣੀ ਤੋਂ ਸੁਰੱਖਿਅਤ ਰੱਖ ਕੇ ਪਾਰ ਕਰ ਦਿੰਦੀ ਹੈ।

ਦੂਸਰੇ, ਜਿਸ ਤਰ੍ਹਾਂ ਅੱਠੀਂ ਪਹਿਰੀ ਭੋਜਨ ਛਕਣ ਵਾਲਾ ਰਸੋਈ (ਲੰਗਰ) ਵਿੱਚ ਬੈਠ ਕੇ ਥੋੜ੍ਹੇ ਸਮੇਂ ਵਿੱਚ ਜਿੱਥੇ ਨਾਨਾ ਤਰ੍ਹਾਂ ਦੇ ਭੋਜਨਾਂ ਦੇ ਰਸਾਂ ਨੂੰ ਮਾਣਦਾ ਹੈ, ਉੱਥੇ ਅੱਠਾਂ ਪਹਿਰਾਂ ਦੀ ਉਦਰ ਪੂਰਨਾ ਕਰ ਲੈਂਦਾ ਹੈ।

ਤੀਸਰੇ ਕੋਈ ਗਰੀਬ ਆਤੁਰ ਮਨੁੱਖ ਰਾਜੇ ਦੇ ਦਰਬਾਰ ਵਿੱਚ ਨੇਮ ਨਾਲ ਜਾ ਕੇ ਹਰ ਰੋਜ਼ ਰਾਜੇ ਨੂੰ ਨਮਸਕਾਰਾਂ ਕਰੇ ਤੇ ਆਪਣੀ ਬਿਰਥਾ ਆਖੇ। ਕਿਸੇ ਦਿਨ ਰਾਜਾ ਖੁਸ਼ ਹੋ ਕੇ ਉਸਨੂੰ ਜਗੀਰ ਬਖਸ਼ਿਸ਼ ਕਰਕੇ ਉਸ ਦਾ ਦਰਿਦ੍ਰ ਦੂਰ ਕਰ ਦਿੰਦਾ ਹੈ ਤੇ ਉਹ ਸੁੱਖ ਅਨੰਦ ਦਾ ਜੀਵਨ ਭੋਗਦਾ ਹੈ।

ਇਸੇ ਤਰ੍ਹਾਂ ਅੱਠਾਂ ਪਹਿਰਾਂ ਦੀਆਂ ਸੱਠਾਂ ਘੜੀਆਂ ਵਿੱਚੋਂ ਜੇ ਕੋਈ ਇੱਕ ਘੜੀ ਵੀ ਸਤਿ-ਪੁਰਸ਼ਾਂ ਦੀ ਸੰਗਤ ਵਿੱਚ ਜੁੜ, ਪ੍ਰਭੂ ਨਾਲ ਸੁਰਤ ਜੋੜਨ ਦਾ ਜਤਨ ਕਰੇ ਤਾਂ ਉਹ ਜਗਿਆਸੂ ਆਪਣੇ ਆਤਮ ਸਰੂਪ ਵਿੱਚ ਟਿੱਕ ਜਾਂਦਾ ਹੈ :—

ਜੈਸੇ ਬੋਝ ਭਰੀ ਨਾਵ, ਆਂਗੁਰੀ ਦੁਇ ਬਾਹਰਿ ਹੁਇ,
ਪਾਰਿ ਪਰੈ ਪੂਰ, ਸਬੈ ਕੁਸਲ ਬਿਹਾਤ ਹੈ ॥
ਜੈਸੇ ਏਕਾਹਾਰੀ ਏਕ ਘਰੀ ਪਾਕਸਾਲਾ ਬੈਠਿ,
ਭੋਜਨ ਕੈ ਬਿੰਜਨਾਦਿ ਸ੍ਵਾਦਿ ਕੈ ਅਘਾਤ ਹੈ ॥

ਜੈਸੇ ਰਾਜ-ਦੁਆਰ ਜਾਇ ਕਰਤ ਜੁਹਾਰ ਜਨ
ਏਕ ਘਰੀ ਪਾਛੈ ਦੇਸ ਭੋਗਤਾ ਹੁਇ ਖਾਤ ਹੈ
ਆਠ ਹੀ ਪਹਰ ਸਾਠ ਘਰੀ ਮੈ ਜਉ ਏਕ ਘਰੀ
ਸਾਧ ਸਮਾਗਮੁ ਕਰੈ, ਨਿਜ ਘਰ ਜਾਤ ਹੈ ॥ ੩੧੦ ॥

ਕਬਿਤ ਸਵਯੇ ਭਾਈ ਗੁਰਦਾਸ ਜੀ

ਅਗਲੇਰੇ ਸਵਯੇ ਵਿੱਚ ਹੋਰ ਉਦਾਹਰਨਾਂ ਦੇ ਕੇ ਭਾਈ ਸਾਹਿਬ ਜੀ ਨੇ ਸਤਿ-ਸੰਗਤ ਦੀ ਮਹਾਨਤਾ ਨੂੰ ਹੋਰ ਢੰਗ ਨਾਲ ਉਜਾਗਰ ਕੀਤਾ ਹੈ।

ਜਿਸ ਤਰ੍ਹਾਂ ਜਿਹੜਾ ਮਨੁੱਖ ਸੰਗ ਦੇ ਨਾਲ ਮਿਲਕੇ ਚਲਦਾ ਹੈ, ਉਹ ਸੁੱਖ ਪੂਰਵਕ ਆਪਣੇ ਘਰ ਪੁੱਜ ਜਾਂਦਾ ਹੈ। ਪਰ ਜਿਹੜਾ ਸੰਗ ਨਾਲੋਂ ਵਿਛੜ ਜਾਂਦਾ ਹੈ, ਚੋਰ ਉਸ ਦਾ ਮਾਲ-ਅਸਬਾਬ ਲੁੱਟ ਕੇ ਉਸਨੂੰ ਜਾਨੋਂ ਮਾਰ ਦਿੰਦੇ ਹਨ।

ਜਿਵੇਂ ਦਿੱਤੀ ਹੋਈ ਵਾੜ ਵਾਲੇ ਖੇਤ ਦਾ ਪਸ਼ੂ ਅਤੇ ਮਨੁੱਖ ਨੁਕਸਾਨ ਨਹੀਂ ਕਰ ਸਕਦੇ, ਪਰ ਸੁੰਞੇ (ਵਾੜ-ਰਹਿਤ) ਖੇਤ ਦਾ ਪਸ਼ੂ ਅਤੇ ਰਾਹਗੀਰ ਉਜਾੜਾ ਕਰ ਦਿੰਦੇ ਹਨ।

ਜਿਵੇਂ ਪਿੰਜਰੇ ਵਿੱਚ ਤੋਤਾ ਰਾਮ ਨਾਮ ਦਾ ਰਟਨ ਪ੍ਰੇਮ ਨਾਲ ਕਰਦਾ ਹੈ, ਪਰ ਜੇ ਤੋਤਾ ਪਿੰਜਰੇ ਵਿੱਚੋਂ ਬਾਹਰ ਆ ਜਾਵੇ, ਇੱਕ ਛਿਨ ਵਿੱਚ ਬਿੱਲਾ ਉਸਨੂੰ ਮਾਰ ਕੇ ਖਾ ਜਾਂਦਾ ਹੈ।

ਇਸੇ ਤਰ੍ਹਾਂ ਸਾਧ-ਸੰਗਤ ਨਾਲ ਮਿਲ ਕੇ, ਨਾਮ ਜਪ ਕੇ ਸੰਗਤ ਦੀ ਛੁਹ ਪ੍ਰਾਪਤ ਕਰਕੇ ਜਗਿਆਸੂ ਸਹਿਜ ਅਵੱਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਜੋ ਸੰਗਤ ਦਾ ਤਿਆਗ ਕਰਕੇ ਇਕੱਲਾ ਵਿਚਰਦਾ ਹੈ (ਭਾਵ ਸਤਿ-ਸੰਗਤ ਨਹੀਂ ਕਰਦਾ) ਉਸ ਨੂੰ ਇਹ ਮਾਇਆ ਦੇ ਪੰਜ ਦੂਤ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਤਮਿਕ-ਜੀਵਨ ਵਲੋਂ ਮਾਰ ਮੁਕਾਉਂਦੇ ਹਨ।

ਭਾਈ ਸਾਹਿਬ ਜੀ ਨੇ ਸਿਧਾਂਤ ਦਿੱਤਾ ਹੈ ਕਿ ਜਿਸ ਤਰ੍ਹਾਂ ਸੰਗ ਚੋਰਾਂ ਧਾੜਵੀਆਂ ਤੋਂ ਰੱਖਿਆ ਕਰਦਾ ਹੈ, ਵਾੜ ਖੇਤ ਦੀ ਰਖਵਾਲੀ ਕਰਦੀ ਹੈ, ਪਿੰਜਰਾ ਬਿੱਲੇ ਤੋਂ ਤੋਤੇ ਦੀ ਰੱਖਿਆ ਕਰਦਾ ਹੈ, ਤਿਵੇਂ, ਸਤਿ-ਸੰਗਤਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਪੰਜਾਂ ਮਾਇਆ ਦੇ ਦੂਤਾਂ ਤੋਂ ਰੱਖਿਆ ਕਰਦੀ ਹੈ।

ਸੰਗ ਮਿਲਿ ਚਲੈ ਨਿਰ ਬਿਘਨ ਪਹੂਚੈ ਘਰਿ
ਬਿਛਰੈ ਤੁਰਤ ਬਟਵਾਰੋ ਮਾਰ ਡਾਰਿ ਹੈ॥
ਜੈਸੇ ਬਾਰ ਦੀਏ ਖੇਤ ਛੁਵਤ ਨ ਮ੍ਰਿਗ ਨਰ
ਛੇਡੀ ਭਏ ਮ੍ਰਿਗ ਪੰਖੀ ਖੇਤਹਿ ਉਜਾਰਿ ਹੈ॥
ਪਿੰਜਰਾ ਮੈ ਸੂਆ ਜੈਸੇ ਰਾਮ ਨਾਮ ਲੇਤ ਹੇਤੁ
ਨਿਕਸਤਿ ਖਿਨ ਤਾਂਹਿ ਗ੍ਰਸਤ ਮੰਜਾਰ ਹੈ॥
ਸਾਧ ਸੰਗ ਮਿਲਿ ਮਨ ਪਹੁੰਚੈ ਸਹਜ ਘਰਿ
ਬਿਚਰਤ ਪੰਚੋ ਦੂਤ ਪ੍ਰਾਨ ਪਰਿਹਾਰ ਹੈ॥ ੫੯੨

ਕਬਿੱਤ ਸਵੱਯੇ ਭਾਈ ਗੁਰਦਾਸ ਜੀ

ਪੰਜਾਂ ਤੋਂ ਆਤਮਾਂ ਨੂੰ ਮੁਕਤ ਕਰਾਉਣ ਲਈ, ਮੈਂ ਮੇਰੀ (ਹੰਗਤਾ) ਤੋਂ ਖਲਾਸੀ ਪ੍ਰਾਪਤ ਕਰਨ ਲਈ ਸੰਗਤ ਦੇ ਕੋਟ (ਕਿਲੇ) ਦਾ ਆਸਰਾ ਪ੍ਰਾਪਤ ਕਰਨਾ ਅਤਿ ਜ਼ਰੂਰੀ ਹੈ। ਜੋ ਸਤਿ-ਸੰਗਤ ਦੀ ਸ਼ਰਨ ਵਿੱਚ ਆ ਜਾਵੇਗਾ ਫਿਰ ਗੁਰੂ ਪਾਤਸ਼ਾਹ ਆਪਣੇ ਬਚਨ ਦੀ ਲਾਜ ਪਾਲਣਗੇ। ਗੁਰੂ ਪਾਤਸ਼ਾਹ ਜੀ ਦਾ ਬਚਨ ਹੈ—

ਜਿਨਿ ਜਿਨਿ ਸਾਧਸੰਗੁ ਪਾਇਆ॥
ਸੋ ਪ੍ਰਭਿ ਆਪਿ ਤਰਾਇਆ॥

ਸੋਰਠਿ ਮਹਲਾ : ੫ (ਪੰਨਾ : ੬੨੨)

ਭਗਤ ਰਵਿਦਾਸ ਜੀ ਮਲਾਰ ਰਾਗ ਵਿੱਚ ਪਹਿਲੀ ਪੰਗਤੀ ਵਿੱਚ ਸਵਾਲ ਕਰਦੇ ਹਨ ਕਿ ਮੈਂ ਆਪਣੇ ਪ੍ਰਾਣਾਂ ਤੋਂ ਪਿਆਰੇ ਪ੍ਰਭੂ ਜੀ ਨੂੰ ਮਿਲਣਾ ਚਾਹੁੰਦਾ ਹਾਂ। ਉਸ ਦੇ ਮਿਲਾਪ ਲਈ ਕਿਹੜੀ ਭਗਤੀ ਕਰਾਂ ? ਅਗਲੀ ਪੰਗਤੀ ਵਿੱਚ ਉੱਤਰ ਦਿੱਤਾ ਹੈ ਕਿ ਸਤਿ-ਸੰਗਤ ਕਰਨ ਦੇ ਨਾਲ ਪਾਪ ਕਰਮਾਂ ਵਾਲੀ ਬੁੱਧੀ ਨਾਸ਼ ਹੋ ਗਈ ਤੇ ਭਗਤੀ ਵਾਲੀ ਬੁੱਧੀ ਪ੍ਰਾਪਤ ਹੋ ਗਈ ਹੈ। ਜਿਸ ਦੁਆਰਾ ਜੀਵਨ ਮੁਕਤੀ ਪਰਮ-ਪਦ ਦੀ ਪ੍ਰਾਪਤੀ ਮੈਨੂੰ ਹੋ ਗਈ ਹੈ :—

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ॥
ਸਾਧਸੰਗਤਿ ਪਾਈ ਪਰਮ ਗਤੇ

ਮਲਾਰ ਰਵਿਦਾਸ ਜੀ (ਪੰਨਾ : ੧੨੯੩)

ਕੇਵਲ ਹਉ ਹੰਗਤਾ ਹੀ ਨਹੀਂ ਸਾਰੇ :—

"ਪੰਚ ਚੋਰ ਮਿਲਿ ਲਾਗੇ ਨਗਰੀਆ, ਰਾਮ ਨਾਮ ਧਨੁ ਹਿਰਿਆ॥

ਬਸੰਤ ਹਿੰਡੋਲ ਮ: ੪ (ਪੰਨਾ : ੧੧੯੮)

ਦੀ ਕਾਰ ਕਰਨ ਵਾਲੇ ਵੀ ਸਤਿ-ਸੰਗਤ ਕਰਨ ਨਾਲ ਵੱਸ ਵਿੱਚ ਆ ਜਾਂਦੇ ਹਨ। ਸਤਿਸੰਗਤ ਦੀ ਬਰਕਤ ਨਾਲ ਮਨੁੱਖ ਨੂੰ ਨਾਮ ਦਾ ਰਸ ਵੀ ਪ੍ਰਾਪਤ ਹੋ ਜਾਂਦਾ ਹੈ:—

ਸਾਧ ਕੈ ਸੰਗਿ ਆਵਹਿ ਬਸਿ ਪੰਚਾ
ਸਾਧਸੰਗਿ ਅੰਮ੍ਰਿਤ ਰਸੁ ਭੁੰਚਾ

ਸੁਖਮਨੀ ਸਾਹਿਬ (ਪੰਨਾ : ੨੭੧)

ਸੰਸਾਰ ਵਿੱਚ ਮਨੁੱਖ ਨੂੰ ਕੋਈ ਔਕੜ ਆਉਂਦੀ ਹੈ : ਬੱਚਾ ਮਾਂ-ਬਾਪ ਦਾ ਸਹਾਰਾ ਲੈਂਦਾ ਹੈ, ਭਰਾ ਭਰਾ ਤੋਂ, ਮਿੱਤਰ-ਮਿੱਤਰ ਤੋਂ ਸਹਾਇਤਾ ਦੀ ਆਸ ਕਰਦਾ ਹੈ। ਬਹੁਤੀ ਵਾਰੀ ਮਾਂ-ਬਾਪ, ਭੈਣ-ਭਰਾ, ਮਿੱਤਰ-ਦੋਸਤ ਸੰਸਾਰ ਵਿੱਚ ਔਖੇ ਸਮੇਂ ਰੱਖਿਆ ਕਰਨ ਵਿੱਚ ਸਹਾਇਕ ਵੀ ਹੁੰਦੇ ਹਨ। ਕਈ ਵਾਰੀ ਇਹਨਾਂ ਸੰਸਾਰਕ ਰਿਸ਼ਤਿਆਂ ਵਿੱਚੋਂ ਸਹਾਇਤਾ ਪ੍ਰਾਪਤ ਨ ਹੋਣ ਤੇ ਮਨੁੱਖ ਕਾਫੀ ਸਾਰੀ ਮਾਇਆ ਦੀ ਰਕਮ (ਵੱਢੀ) ਦੇ ਰੂਪ ਵਿੱਚ ਖਰਚ ਕੇ ਆਪਣਾ ਬਚਾ ਕਰ ਲੈਂਦਾ ਹੈ।

ਪਰ ਇਹ ਪੰਜਾਂ ਦੀ ਮਾਰ ਤੋਂ ਨਾ ਮਾਂ-ਬਾਪ, ਨਾ ਭੈਣ-ਭਰਾ ਅਤੇ ਨਾ ਹੀ ਮਿੱਤਰ ਦੋਸਤ ਰੱਖਿਆ ਕਰ ਸਕਦੇ ਹਨ। ਨ ਮਾਇਆ ਦੀ ਵੱਢੀ ਦੇ ਕੇ ਇਹਨਾਂ ਤੋਂ ਬਚਿਆ ਜਾ ਸਕਦਾ ਹੈ। ਕੇਵਲ ਤੇ ਕੇਵਲ ਜੇ ਕੋਈ ਇਹਨਾਂ ਤੋਂ ਬਚਾਉ ਵਿੱਚ ਸਹਾਇਕ ਹੋ ਸਕਦਾ ਹੈ ਤਾਂ ਉਹ ਸਤ-ਸੰਗਤ ਹੀ ਹੈ :—

ਉਨ ਤੇ ਰਾਖੈ ਬਾਪੁ ਨ ਮਾਈ॥
ਉਨ ਤੇ ਰਾਖੈ ਮੀਤੁ ਨ ਭਾਈ॥
ਦਰਬਿ ਸਿਆਣਪ ਨਾ ਓਇ ਰਹਤੇ
ਸਾਧਸੰਗਿ ਓਇ ਦੁਸਟ ਵਸਿ ਹੋਤੇ॥

ਗਉੜੀ ਗੁਆਰੇਰੀ ਮ : ੫ (ਪੰਨਾ : ੧੮੨)

ਇਸ ਲਈ ਮੰਗ ਕੀਤੀ ਹੈ, ਹੇ ਮਾਲਕ ! ਮੈਨੂੰ ਸਤਿ ਸੰਗਤ ਦੀ ਧੂਰ ਜੋ ਲੋਕ ਪ੍ਰਲੋਕ ਦੇ ਖਜਾਨਿਆਂ ਦੀ ਨਿਧੀ ਹੈ, ਬਖਸ਼ਸ਼ ਕਰੋ ਜੀ :—

ਕਰਿ ਕਿਰਪਾ ਮੋਹਿ ਸਾਰਿੰਗਪਾਣਿ॥
ਸੰਤਨ ਧੂਰਿ ਸਰਬ ਨਿਧਾਨ॥

ਗਉੜੀ ਗੁਆਰੇਰੀ ਮ : ੫ (ਪੰਨਾ : ੧੮੨)

ਤਦ ਹੀ ਚਉਥੇ ਗੁਰਦੇਵ ਜੀ ਨੇ :—

ਸੰਗਤਿ ਕਾ ਗੁਨੁ ਬਹੁਤੁ ਅਧਿਕਾਈ, ਪੜਿ ਸੂਆ ਗਨਕ ਉਧਾਰੇ॥

ਨਟ ਮਹਲ : ੪ (ਪੰਨਾ : ੯੮੧)

ਦੀ ਮਹਾਨਤਾ ਸਾਨੂੰ ਗੁਰਬਾਣੀ ਵਿੱਚ ਦਰਸਾਈ ਹੈ। ਸਤਿਗੁਰੂ ਅਰਜਨ ਦੇਵ ਜੀ, ਪ੍ਰਭੂ ਜੀ ਦੀ ਸ਼ਰਣ ਵਿੱਚ ਆਉਣ ਅਤੇ ਸਤਿ-ਸੰਗਤਿ ਦਾ ਮਹਾਤਮ ਦੱਸਦੇ ਹੋਏ ਕਿਵੇਂ ਗਰੰਟੀ ਦਿੰਦੇ ਹਨ ਕਿ ਜੇ ਤੁਸੀਂ ਸਰਬ ਸ਼ਕਤੀਮਾਨ ਪ੍ਰਭੂ ਜੀ ਦੀ ਸ਼ਰਣ ਵਿੱਚ ਆ ਗਏ ਹੋ, ਫਿਰ ਹੋਰ ਕਿਸੇ ਦਾ ਭੈ-ਡਰ ਨਹੀਂ ਰੱਖਣਾ ਚਾਹੀਦਾ। ਸਾਧ ਸੰਗਤ ਕਰਨ ਨਾਲ ਨਿਹਚੇ ਹੀ ਸੰਸਾਰ ਭਵਜਲ ਤੋਂ ਮਨੁੱਖ ਦਾ ਨਿਸਤਾਰਾ ਹੋ ਜਾਂਦਾ ਹੈ :—

ਪ੍ਰਭ ਆਏ ਸਰਣਾ ਭਉ ਨਹੀ ਕਰਣਾ॥

ਸਾਧਸੰਗਤਿ ਨਿਹਚਉ ਹੈ ਤਰਣਾ॥

ਮਾਰੂ ਸੋਲਹੇ ਮ : ੫ (ਪੰਨਾ : ੧੦੭੧)

ਪ੍ਰਤੱਖ ਹਰਿ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਸਾਡੀ ਭਟਕਣਾ ਨੂੰ ਦੂਰ ਕਰਨ ਹਿਤ ਫੁਰਮਾਨ ਕਰਦੇ ਹਨ ਕਿ ਅਸੀਂ ਬਹੁਤ ਖੋਜ ਕਰਨ ਤੋਂ ਉਪ੍ਰੰਤ ਇਸ ਸਿੱਟੇ ਤੇ ਪੁੱਜੇ ਹਾਂ ਕਿ ਸਤਿ-ਸੰਗਤ ਕੀਤੇ ਤੋਂ ਬਿਨਾਂ ਕਿਸੇ ਦਾ ਨਿਸਤਾਰਾ ਨਹੀਂ ਹੋਇਆ। ਇਸ ਲਈ ਆਪਣੇ ਭਲੇ ਅਤੇ ਆਪਣੇ ਕਲਿਆਣ ਰਿਤ ਹਰ ਪ੍ਰਾਣੀ ਨੂੰ ਸਤਿ-ਸੰਗਤ ਕਰਨੀ ਅਤੀ ਲਾਜ਼ਮੀ ਹੈ :—

ਖੋਜਤ ਖੋਜਤ ਸੁਨੀ ਇਹ ਸੋਇ॥

ਸਾਧਸੰਗਤਿ ਬਿਨੁ ਤਰਿਓ ਨ ਕੋਇ॥

ਆਸਾ ਮਹਲਾ : ੫ (ਪੰਨਾ : ੩੭੩)

ਸਤਿਗੁਰੂ ਸ੍ਰੀ ਅਰਜਨ ਦੇਵ ਜੀ ਦੀ ਦ੍ਰਿਸ਼ਟੀ ਵਿੱਚ ਕੌਣ ਸੁੰਦਰ ਸੋਹਣਾ ਹੈ ? ਜਿਸ ਦਾ ਰੂਪ ਸੁੰਦਰ ਹੋਵੇ ? ਜਿਸ ਦੀ ਉੱਚੀ ਕੁਲ ਹੋਵੇ ? ਕੀ ਬਹੁਤ ਸਿਆਣਾ ਜਾਂ ਗਿਆਨਵਾਨ ਸੁੰਦਰ ਹੈ ? ਕੀ ਧਨਵਾਨ ਸੁੰਦਰ ਹੈ ? ਸਤਿਗੁਰੂ ਦਾ ਉੱਤਰ ਨਾਂਹ ਵਿੱਚ ਹੈ। ਸਗੋਂ ਸਤਿਗੁਰੂ ਜੀ ਤਾਂ ਇਹਨਾਂ ਪ੍ਰਤੀ ਫੁਰਮਾਨ ਕਰਦੇ ਹਨ :—

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥

ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥

ਬਾਵਨ ਅਖਰੀ ਮ: ੫ (ਪੰਨਾ : ੨੫੩)

ਇਹਨਾਂ ਗੁਣਾਂ ਵਾਲਿਆਂ ਨੂੰ ਤਾਂ ਸਤਿਗੁਰੂ ਜੀ ਨੇ ਮ੍ਰਿਤਕ ਲਿਖਿਆ ਹੈ। ਮ੍ਰਿਤਕ ਤੋਂ ਤਾਂ, ਹਰ ਪ੍ਰਾਣੀ ਡਰਦਾ ਹੈ। ਉਸਨੂੰ ਤਾਂ ਸਪਰਸ਼ ਕਰਨ ਤੋਂ ਵੀ ਗੁਰੇਜ਼ ਕਰਦਾ ਹੈ।

ਸੁੰਦਰ ਨੂੰ ਹਰ ਕੋਈ ਪਿਆਰ ਕਰਦਾ ਹੈ, ਉਸਦੇ ਨੇੜੇ ਜਾਂਦਾ ਹੈ। ਗੁਰੂ ਦੀ ਦ੍ਰਿਸ਼ਟੀ ਵਿੱਚ ਫਿਰ ਕੌਣ ਸੁੰਦਰ ਹੈ ? ਜਿਹੜਾ ਸਤ-ਸੰਗਤਿ ਵਿੱਚ ਬੈਠ, ਪ੍ਰਭੂ ਮਾਲਕ ਨਾਲ ਜੁੜ ਉਸਦੇ ਗੁਣ ਗਾਉਂਦਾ ਹੈ ਤੇ ਨਾਮ ਦਾ ਧਨ ਇਕੱਤਰ ਕਰਦਾ ਹੈ :—

ਸੇਈ ਸੁੰਦਰ ਸੋਹਣੇ॥ ਸਾਧਸੰਗਿ ਜਿਨ ਬੈਹਣੇ॥

ਹਰਿ ਧਨੁ ਜਿਨੀ ਸੰਜਿਆ ਸੇਈ ਗੰਭੀਰ ਅਪਾਰ ਜੀਉ॥

ਮਾਝ ਮ: ੫ (ਪੰਨਾ : ੧੩੨)

ਸਾਧ ਸੰਗਤ ਵਿੱਚ ਬੈਠ ਕੇ ਪ੍ਰਮੇਸ਼ਰ ਜੀ ਦਾ ਨਾਮ ਸਿਮਰਨ ਕਰਨ ਅਤੇ ਪ੍ਰਭੂ ਜੀ ਦੀ ਸ਼ਰਨ ਗ੍ਰਹਿਣ ਕਰਨ ਨਾਲ ਜੋ ਫਲ ਪ੍ਰਾਪਤ ਹੁੰਦੇ ਹਨ, ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਹਨਾਂ ਦੀ ਗਿਣਤੀ ਇਸ ਪ੍ਰਕਾਰ ਕੀਤੀ ਹੈ :—

ਉਹ ਅਵਸਥਾ ਜਿਥੇ ਮਨੁੱਖ ਆਪਣੇ ਬਲ ਤੇ ਬੁੱਧੀ ਨਾਲ ਪਹੁੰਚ ਨਹੀਂ ਸਕਦਾ, ਸਾਧ-ਸੰਗਤ ਦੀ ਤੁਫੈਲ ਸੌਖਾ ਹੀ ਪੁੱਜ ਜਾਂਦਾ ਹੈ। ਬਹੁਤ ਵੱਡੇ ਭਾਰੇ ਦੁੱਖ ਸੁੱਖਾਂ ਵਿੱਚ ਬਦਲ ਜਾਂਦੇ ਹਨ। ਉਹ ਸਾਕਤ ਪੁਰਸ਼ ਜੋ ਕਬੋਲ (ਖੋਟੇ ਬਚਨ) ਬੋਲ ਕੇ ਵਿਥਾਂ ਤੇ ਭ੍ਰਮ ਪੈਦਾ ਕਰਦੇ ਹਨ, ਉਹ ਚੁਗਲ ਪੁਰਸ਼ ਜੋ ਚੁਗਲੀ ਕਰਕੇ ਇੱਕ ਦੂਸਰੇ ਵਿੱਚ ਦੂਰੀ ਪਾ ਦਿੰਦੇ ਹਨ, ਨਾਮ ਜਪ ਤੇ ਸਤਿ-ਸੰਗਤ ਦੀ ਬਰਕਤ ਨਾਲ ਨੇਕ ਪੁਰਸ਼ ਬਣ ਜਾਂਦੇ ਹਨ। ਗਮੀਂ ਖੁਸ਼ੀ ਦਾ ਰੂਪ ਵਟਾ ਲੈਂਦੀ ਹੈ। ਕਮਜ਼ੋਰ ਭੈ-ਭੀਤ ਮਨੁੱਖ, ਨਿਰਭੈਅ ਅਤੇ ਦਲੇਰ ਬਣ ਜਾਂਦੇ ਹਨ। ਸਤਿਸੰਗੀਆਂ ਲਈ ਭਿਆਨਕ ਉਜਾੜ ਵੀ ਬਸਤੀ ਬਣ ਜਾਂਦੀ ਹੈ। ਪ੍ਰਭੂ ਦੀ ਮਿਹਰ ਨਾਲ ਸਤਿ-ਸੰਗਤੀ ਜਨਾਂ ਦੇ ਹਿਰਦੇ ਵਿੱਚ ਧਰਮ ਦੇ ਲੱਛਣ ਪੈਦਾ ਹੋ ਜਾਂਦੇ ਹਨ। ਇਹ ਸਾਰੀ ਬਰਕਤ ਸਾਧ ਸੰਗਤ, ਹਰੀ ਭਜਨ ਅਤੇ ਪ੍ਰਭੂ ਸ਼ਰਣ ਦੀ ਹੀ ਹੈ :—

ਦੁਰਗਮ ਸਥਾਨ ਸੁਗਮੰ, ਮਹਾ ਦੂਖ ਸਰਬ ਸੂਖਣਹ॥

ਦੁਰਬਚਨ ਭੇਦ ਭਰਮੰ ਸਾਕਤ ਪਿਸਨੰ ਤ ਸੁਰਜਨਹ॥

ਅਸਥਿਤੰ ਸੋਗ ਹਰਖੰ ਭੈ ਖੀਣੰ ਤ ਨਿਰਭਵਹ॥

ਭੈ ਅਟਵੀਅੰ ਮਹਾ ਨਗਰ ਬਾਸੰ ਧਰਮ ਲਖੵਣ ਪ੍ਰਭ ਮਇਆ॥

ਸਾਧ ਸੰਗਮ ਰਾਮ ਰਾਮ ਰਮਣੰ ਸਰਣਿ ਨਾਨਕ ਹਰਿ ਹਰਿ ਦਯਾਲ ਚਰਣੰ॥੪੪॥

ਸਲੋਕ ਸਹਸਕ੍ਰਿਤੀ ਮ : ੫ (ਪੰਨਾ : ੧੩੫੭)

ਇਸੇ ਸਲੋਕ ਦਾ ਹੋਰ ਖੁਲਾਸਾ ਕਰਦੇ ਹੋਏ ਸਤ-ਸੰਗਤਿ ਦੀ ਮਹਾਨਤਾ ਪ੍ਰਗਟਾਉਂਦੇ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ, "ਬਿਲਾਵਲੁ ਰਾਗ" ਵਿੱਚ ਇਸ ਪ੍ਰਕਾਰ ਫੁਰਮਾਨ ਕਰਦੇ ਹਨ। ਹੇ ਮੇਰੇ ਮਿੱਤਰ ! ਸਤਿਸੰਗਤ ਦੀ ਮਹਾਨਤਾ ਧਿਆਨ ਦੇ ਕੇ

ਸੁਣ। ਜਿਹੜਾ ਵੀ ਮਨੁੱਖ ਸਤਿ-ਸੰਗਤ ਵਿੱਚ ਆ ਜੁੜਦਾ ਹੈ, ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ। ਉਸ ਦੇ ਅੰਦਰੋਂ ਵਿਕਾਰਾਂ ਦੀ ਮੈਲ ਦੂਰ ਹੋ ਜਾਂਦੀ ਹੈ। ਉਸ ਦੇ ਕ੍ਰੋੜਾਂ ਪਾਪ ਨਾਸ਼ ਹੋ ਜਾਂਦੇ ਹਨ।

ਹੇ ਮੇਰੇ ਮਿੱਤਰ! ਸਤਿ-ਸੰਗਤੀ ਮਨੁੱਖ ਪਵਿੱਤਰ ਜੀਵਨ ਵਾਲੇ ਬਣ ਜਾਂਦੇ ਹਨ। ਇੰਝ ਜਾਣ ਲਵੋ ਜਿਵੇਂ ਕੋਈ ਲੱਤਾਂ ਤੋਂ ਹੀਣਾ ਲੂਲਾ ਮਨੁੱਖ ਪਰਬਤ ਤੇ ਜਾ ਚੜ੍ਹੇ, ਬੜੀ ਅਸਚਰਜਤਾ ਵਾਲੀ ਗੱਲ ਹੈ। ਇਸੇ ਤਰ੍ਹਾਂ ਭੈ-ਭਾਵਨੀ ਦੇ ਚਰਨਾ ਤੋਂ ਹੀਣਾ ਮਨੁੱਖ ਸਤਿ-ਸੰਗਤ ਕਰਕੇ **"ਭੈ ਕੇ ਚਰਣ ਕਰ ਭਾਵ ਕੇ"** ਬਣਾ ਕੇ ਪਰਬਤ ਵਰਗੀ ਉੱਚੀ ਆਤਮਕ ਅਵਸਥਾ ਪ੍ਰਾਪਤ ਕਰ ਲਵੇ, ਬੜੀ ਅਸਚਰਜਤਾ ਹੈ, ਪਰ ਸਤਿ-ਸੰਗਤ ਦੁਆਰਾ ਇਹ ਸਭ ਕੁੱਝ ਪ੍ਰਾਪਤ ਹੋ ਜਾਂਦਾ ਹੈ। ਮਹਾਂ ਮੂਰਖ ਮੂੜ੍ਹ ਬੰਦਿਆਂ ਨੂੰ ਸਤਿ-ਸੰਗਤ ਚਤੁਰ ਅਤੇ ਸ੍ਰੇਸ਼ਟ ਬਕਤੇ ਬਣਾ ਦਿੰਦੀ ਹੈ। ਸਤਿ-ਸੰਗਤ ਦੀ ਬਰਕਤ ਨਾਲ ਗਿਆਨ, ਬੈਰਾਗ ਰੂਪੀ ਨੇਤਰਾਂ ਤੋਂ ਅੰਧੇ ਮਨੁੱਖ ਸਤਿ-ਸੰਗਤ ਵਿਚੋਂ **"ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥ ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥"** ਦੀ ਦਾਤ ਪ੍ਰਾਪਤ ਕਰਕੇ ਤ੍ਰੈ ਕਾਲ ਦਰਸ਼ੀ ਬਣ ਜਾਂਦੇ ਹਨ।

ਹੇ ਮਿੱਤਰ! ਸਤਿ-ਸੰਗਤ ਵਿੱਚ ਬੈਠ ਕੇ ਕੀਤੀ ਭਗਤੀ ਅਸਚਰਜ ਤਾਕਤ ਰਖਦੀ ਹੈ। ਜਿਸ ਦੀ ਬਰਕਤ ਨਾਲ ਕੀੜੀ (ਨਿਮ੍ਰਤਾ) ਹਾਥੀ ਵਰਗੇ (ਅਹੰਕਾਰ) ਤੇ ਵਿਜੈ ਪ੍ਰਾਪਤ ਕਰ ਲੈਂਦੀ ਹੈ। ਭਗਤੀ ਤੇ ਪ੍ਰਸੰਨ ਹੋ ਕੇ ਜਿਸ ਮਨੁੱਖ ਨੂੰ ਪ੍ਰਭੂ ਜੀ ਨੇ ਆਪਣਾ ਬਣਾ ਲਿਆ, ਉਸ ਨੂੰ ਪ੍ਰਮਾਤਮਾਂ ਨੇ ਨਿਰਭੈਤਾ ਦੀ ਦਾਤ ਬਖਸ਼ਸ਼ ਕਰ ਦਿੱਤੀ।

ਹੇ ਭਾਈ ਸਤਿ-ਸੰਗਤ ਦੀ ਬਰਕਤ ਨਾਲ ਸ਼ੇਰ (ਹੰਕਾਰ) ਬਿੱਲੀ (ਨਿਮ੍ਰਤਾ ਵਾਲਾ) ਬਣ ਗਿਆ। ਤੀਲਾ (ਗਰੀਬੀ ਸੁਭਾਵ) ਸੁਮੇਰ ਪਰਬਤ ਪ੍ਰਤੀਤ ਹੋਣ ਲੱਗ ਪਿਆ।

ਗੁਰੂ ਸੰਗਤ ਦੀ ਬਰਕਤ ਨਾਲ ਉਹ ਮਨੁੱਖ ਜਿਹਨਾਂ ਦਾ ਸੁਭਾਅ ਕੌਡੀ ਕੌਡੀ ਮੰਗਣ ਵਾਲਾ ਸੀ (ਭਾਵ ਮੰਗਤਾ ਸੁਭਾਅ) ਮਾਇਆ ਵਲੋਂ ਸੰਤੋਖ ਧਾਰ ਕੇ ਬੇ-ਪ੍ਰਵਾਹੀ ਵਾਲਾ ਬਣ ਗਿਆ।

ਹੇ ਵੀਰ, ਸੱਤ-ਸੰਗਤ ਵਿਚੋਂ ਮਿਲਦੇ ਹਰੀ ਨਾਮ ਦੀ ਮੈਂ ਕਿਹੜੀ-ਕਿਹੜੀ ਵਡਿਆਈ ਦੱਸਾਂ ? ਪ੍ਰਮਾਤਮਾਂ ਦਾ ਨਾਮ ਬੇਅੰਤ ਬਖਸ਼ੀਸ਼ਾਂ ਦਾ ਦਾਤਾ ਹੈ। ਇਸ ਲਈ ਹੇ ਪ੍ਰਭੂ ਕਿਰਪਾ ਕਰਕੇ ਮੈਨੂੰ ਆਪਣੇ ਨਾਮ ਦੀ ਅਤੇ ਸਤਿ-ਸੰਗਤ ਦੀ ਦਾਤ ਬਖਸ਼ਸ਼ ਕਰੋ। ਮੈਂ ਆਪ ਦੇ ਦਰ ਦਾ ਗੋਲਾ (ਗੁਲਾਮ) ਹਾਂ :—

ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥
ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥੧॥
ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥੧॥ ਰਹਾਉ॥
ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ॥
ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ॥੨॥
ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ॥
ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ॥੩॥
ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ
ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ॥੪॥

ਬਿਲਾਵਲੁ ਮਹਲਾ : ੫ (ਪੰਨਾ : ੮੦੯)

ਸਤਿਗੁਰੂ ਜੀ ਨੇ ਸਤਿ-ਸੰਗਤ ਵਿੱਚ ਬੈਠ ਨਾਮ ਸਿਮਰਨ ਕਰਨ ਦੁਆਰਾ ਜੋ ਜੋ ਬਖਸ਼ਸ਼ਾਂ ਪ੍ਰਾਪਤ ਹੁੰਦੀਆਂ ਹਨ, ਬੜੇ ਵਿਸਥਾਰ ਨਾਲ ਸਾਡੇ ਧਿਆਨ-ਗੋਚਰਾ ਕੀਤੀਆਂ ਹਨ। ਹੁਣ ਵੀਚਾਰ ਆਪਾਂ ਕਰਨੀ ਹੈ ਕਿ ਸਤਿ-ਸੰਗਤਿ ਵਿੱਚ ਬੈਠਕੇ ਪ੍ਰਭੂ-ਭਗਤੀ ਕਰ ਇਹ ਦਾਤਾਂ (ਬਖਸ਼ਸ਼ਾਂ) ਪ੍ਰਾਪਤ ਕਰਨੀਆਂ ਹਨ ਜਾਂ ਬੇਧਿਆਨੀ (ਬੇਖਬਰੀ) ਵਿੱਚ ਗ੍ਰਸਤ ਹੋਕੇ ਬਿਨਾਂ ਕੁਝ ਲਾਹਾ ਖੱਟੇ ਕੀਮਤੀ ਸਮੇਂ ਨੂੰ ਅਜਾਈਂ ਗੁਆ ਕੇ :—

"ਚਲੇ ਜੁਆਰੀ ਦੁਇ ਹਥ ਝਾਰਿ"

ਬਾਣੀ ਕਬੀਰ ਜੀਉ (ਪੰਨਾ : ੧੧੫੮)

ਵਾਲੀ ਅਵਸਥਾ ਵਿੱਚ ਪਛਤਾਵਾ ਲੈ ਕੇ ਇਸ ਸੰਸਾਰ ਤੋਂ ਤੁਰਨਾ ਹੈ।

ਨਹੀਂ! ਨਹੀਂ! ਗੁਰੂ ਪਾਤਸ਼ਾਹ ਜੀ ਦਾ (ਸਾਡੇ ਭਲੇ ਲਈ) ਜੋ ਉਪਦੇਸ਼ ਹੈ, ਉਸਨੂੰ ਜ਼ਰੂਰ ਧਿਆਨ ਨਾਲ ਸੁਣ ਕੇ ਗ਼ਫ਼ਲਤ ਦੀ ਨੀਂਦ ਤੋਂ ਉਥਾਨ ਹੋਣ ਦਾ ਯਤਨ ਕਰਨਾ ਹੈ। ਗੁਰੂ ਜੀ ਤਾਂ ਅਵਾਜ਼ਾਂ ਮਾਰ-ਮਾਰ ਕੇ ਸਾਨੂੰ ਸੁਚੇਤ ਕਰ ਰਹੇ ਹਨ ਕਿ :—

ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥
ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ॥ ਰਹਾਉ॥
ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ॥
ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ॥
ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ॥

ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ ॥

ਤਿਲੰਗ ਮਹਲਾ ੯ (ਪੰਨਾ : ੭੨੭)

ਇੱਕ ਦਿਨ "ਧਨ ਲੋਕਾਂ ਤਨ ਭਸਮੈ ਢੇਰੀ"॥ ਹੋ ਜਾਣਾ ਹੈ। ਇਸ ਲਈ ਇਸ ਸਰੀਰ ਦੁਆਰਾ ਸਤਿ-ਸੰਗਤ ਕਰ ਨਾਮ ਜਾਪ ਦੇ ਧਾਰਨੀ ਬਣ ਕੇ ਮਨ ਅਤੇ ਤਨ ਦੀ ਸਫਲਤਾ ਕਰ ਲੈਣੀ ਚਾਹੀਦੀ ਹੈ। ਨ ਕਰਾਂਗੇਂ, ਪਛਤਾਵੇ ਦਾ ਦੂਤ ਆਤਮਾਂ ਨੂੰ ਸਦਾ ਹੀ ਸੱਲਦਾ ਰਹੇਗਾ। ਇਸੇ ਲਈ ਬਾਬਾ ਕਬੀਰ ਜੀ ਪ੍ਰੇਰਨਾ ਦਿੰਦੇ ਹੋਏ ਸੁਚੇਤ ਕਰਦੇ ਹਨ :—

ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥
ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥ ੪੧ ॥

ਸਲੋਕ ਭਗਤ ਕਬੀਰ ਜੀਉ (ਪੰਨਾ : ੧੩੬੬)

ਹੇ ਪ੍ਰਾਣੀ ਆਪਣੇ ਆਲਸੀ ਸੁਭਾਅ ਦਾ ਤਿਆਗ ਕਰ ਦੇ। ਜਿਹੜਾ ਕੱਲ ਨੂੰ ਕਰਨਾ ਹੈ ਅੱਜ ਹੀ ਕਰ ਲੈ। ਜੋ ਅੱਜ ਕਰਨ ਦਾ ਵੀਚਾਰ ਹੈ, ਉਸਨੂੰ ਹੁਣੇ ਹੀ ਕਰਨਾ ਅਰੰਭ ਕਰ ਦੇਹ। ਜਿਸ ਵੇਲੇ ਮੌਤ ਸਿਰ ਉੱਤੇ ਆ ਗਈ ਫਿਰ ਕੁਛ ਵੀ ਨਹੀਂ ਹੋ ਸਕਣਾ। ਇਸ ਲਈ ਹੇ ਮਨ ! ਬਾਬਾ ਕਬੀਰ ਜੀ ਦੇ ਬਚਨਾਂ ਨੂੰ ਜ਼ਰੂਰ ਮੰਨ ਲੈ :—

ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ ॥
ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ ॥ ੧੩੮ ॥

ਸਲੋਕ ਕਬੀਰ ਜੀ (ਪੰਨਾ : ੧੩੭੧)

ਇਸ ਲਈ ਹੇ ਮਨ ! ਆਪਣੇ ਹੀ ਭਲੇ ਲਈ ਇੱਧਰ ਉੱਧਰ ਦੀਆਂ ਫਜ਼ੂਲ ਗੱਲਾਂ ਕਰਨੀਆਂ ਛੱਡ ਦੇ ਅਤੇ ਤੀਸਰੇ ਪਾਤਸ਼ਾਹ ਜੀ ਦੇ ਉਪਦੇਸ਼ ਦਾ ਧਾਰਨੀ ਬਣ ਜਾਹ :—

ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ ॥
ਸਤਿਗੁਰ ਅਗੈ ਢਹਿ ਪਉ ਸਭੁ ਕਿਛੁ ਜਾਣੈ ਜਾਣੁ ॥

ਸਲੋਕੁ ਮਹਲਾ : ੩ (ਪੰਨਾ : ੬੪੬)

ਸਤਿਗੁਰੂ ਜੀ ਨੇ ਸਤਿ-ਸੰਗਤ ਕਰਨ ਵਾਸਤੇ ਸਾਨੂੰ ਛੋਟ ਵੀ ਬਹੁਤ ਦਿੱਤੀ ਹੈ ਕਿ ਹੇ ਮਨੁੱਖ! ਆਪਣੇ ਜੀਵਨ ਦੇ ਹਰ ਦਿਨ ਵਿੱਚੋਂ ਘਟੋ ਘੱਟ ਇੱਕ [੧]ਘੜੀ ਦਾ ਸਮਾਂ ਸਤ-ਸੰਗਤ ਕਰਨ ਵਾਸਤੇ ਜ਼ਰੂਰ ਕੱਢਣਾ ਚਾਹੀਦਾ ਹੈ। ਪਰ ਜੇ ਸੰਸਾਰਕ ਕੰਮਾਂ ਵਿੱਚੋਂ ਤੇਰੇ ਪਾਸ ਵਿਹਲ ਹੀ ਨਹੀਂ, ਫਿਰ ਅੱਧੀ ਘੜੀ ਦਾ ਸਮਾਂ ਕੱਢ ਲੈ। ਪਰ ਜੇ ਏਨਾ ਵੀ

੧. ਤਕਰੀਬਨ ੨੪ ਮਿੰਟ ਦਾ ਸਮਾਂ

ਸਮਾਂ ਨਹੀਂ, ਘੜੀ ਦਾ ਚੌਥਾ ਹਿੱਸਾ ਹੀ ਸਤਿ-ਸੰਗਤ ਕਰਨ ਵਾਸਤੇ ਕੱਢਣਾ ਚਾਹੀਦਾ ਹੈ। ਸਤਿ-ਸੰਗਤ ਵਿੱਚੋਂ ਨਫਾ ਹੀ ਨਫਾ ਪ੍ਰਾਪਤ ਹੁੰਦਾ ਹੈ। ਕਿਸੇ ਕਿਸਮ ਦਾ ਘਾਟਾ ਨਹੀਂ ਪੈਂਦਾ :—

ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥
ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥੨੩੨

ਸਲੋਕ ਕਬੀਰ ਜੀ (ਪੰਨਾ : ੧੩੭੭)

ਹੇ ਮਨ ! ਤੂੰ ਗੁਰੂ ਦੇ ਦੱਸੇ ਮਾਰਗ ਤੇ ਚਲਕੇ ਤਾਂ ਵੇਖ, ਸਤਿਗੁਰੂ ਤਾਂ ਬਹੁਤ ਦਿਆਲ ਹੈ। ਤੂੰ ਇੱਕ ਕਦਮ ਗੁਰੂ ਵਲ ਚਲੇਂਗਾਂ, ਗੁਰੂ ਤੈਨੂੰ ਕਰੋੜਾਂ ਕਦਮ ਅੱਗੇ ਹੋ ਕੇ ਲੈਣ ਆਵੇਗਾ।

ਜਿਹੜਾ ਸਿੱਖ ਗੁਰੂ ਦੇ ਬਖਸ਼ੇ ਗੁਰ ਮੰਤ੍ਰ ਦੁਆਰਾ ਇੱਕ ਵਾਰੀ ਸਿਮਰਨ ਵਿੱਚ ਜੁੜਦਾ ਹੈ, ਸਤਿਗੂਰੂ ਉਸਨੂੰ ਕਰੋੜਾਂ ਵਾਰੀ ਯਾਦ ਕਰਦੇ ਹਨ।

ਜਿਹੜਾ ਸਿੱਖ ਭਾਵਨੀ (ਸ਼ਰਧਾ) ਨਾਲ ਸਤਿਗੁਰੂ ਅੱਗੇ ਇੱਕ ਤੁੱਛ ਮਾਤਰ ਕੌਡੀ ਜਿੰਨੀ ਭੇਟਾ ਵੀ ਅਰਪਣ ਕਰਦਾ ਹੈ, ਬਖਸ਼ਿੰਦ ਗੁਰੂ ਉਸ ਨੂੰ ਲੋਕ-ਪ੍ਰਲੋਕ ਦੇ ਸਾਰੇ ਖਜ਼ਾਨੇ ਬਖਸ਼ਸ਼ ਕਰ ਦਿੰਦੇ ਹਨ।

ਸਤਿਗੁਰੂ ਦਇਆ ਦੇ ਭੰਡਾਰੇ ਹਨ। ਉਹਨਾਂ ਦੀ ਮਹਿਮਾ (ਵਡਿਆਈ) ਪਰੇ ਤੋਂ ਪਰੇ ਹੈ। ਐਸੇ ਸਤਿਗੁਰੂ ਨੂੰ ਮਨ, ਬਚਨ, ਕਰਮਾਂ ਕਰਕੇ ਬਾਰੰਬਾਰ ਨਮਸਕਾਰ ਹੈ। ਕਿਉਂਕਿ ਸਤਿਗੁਰੂ ਵਰਗਾ ਤਿੰਨਾਂ ਲੋਕਾਂ ਵਿੱਚ ਹੋਰ ਕੋਈ ਨਹੀਂ ਹੈ :—

ਚਰਨ ਸਰਨਿ ਗੁਰ ਏਕ ਪੈਂਡਾ ਜਾਇ ਚਲ,
ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥
ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ,
ਸਿਮਰਨ ਤਾਹਿ ਬਾਰੰਬਾਰ ਗੁਰ ਹੇਤ ਹੈ ॥
ਭਾਵਨੀ ਭਗਤਿ ਭਾਇ ਕਉਡੀ ਅਗ੍ਰਭਾਗ ਰਾਖੈ,
ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ ॥
ਸਤਿਗੁਰ ਦਇਆ ਨਿਧਿ ਮਹਿਮਾ ਅਗਾਧਿ ਬੋਧਿ,
ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ ॥ ੧੧੧ ॥

ਸਵਯੇ ਭਾਈ ਗੁਰਦਾਸ ਜੀ

ਸਤਿ ਸੰਗਤ ਵਿੱਚ ਜਾਣ ਲਈ ਕਿਹੋ ਜੇਹੀ ਬਿਰਤੀ ਬਣਾਉਣ ਦੀ ਲੋੜ ਹੈ?

ਕਈ ਵਾਰੀ ਆਪਾਂ ਸਤਿ-ਸੰਗਤ ਵਿੱਚ ਵੀ ਚਲੇ ਜਾਂਦੇ ਹਾਂ। ਸਤਿ-ਸੰਗਤ ਵਿੱਚ ਕਿਵੇਂ ਦੀ ਬਿਰਤੀ ਬਣਾ ਕੇ ਜਾਣਾ ਹੈ ਅਤੇ ਸਤਿ-ਸੰਗਤ ਵਿੱਚ ਜਾ ਕੇ ਕੀ ਕੀ ਕਰਮ ਕਰਨੇ ਹਨ, ਜਦੋਂ ਸਤਿ-ਸੰਗਤ ਵਿਚੋਂ ਵਾਪਸ ਆਉਣਾ ਹੈ ਬਾਹਰ ਆਕੇ ਕਿਸ ਕਰਮ ਦੇ ਧਾਰਨੀ ਬਣਨਾ ਹੈ, ਇਹਨਾਂ ਗੱਲਾਂ ਤੋਂ ਆਪਾਂ ਅਣਜਾਣ ਹੋਣ ਕਾਰਨ ਕਈ ਵਾਰੀ ਸਤਿ-ਸੰਗਤ ਵਿੱਚੋਂ ਲਾਹਾ ਪ੍ਰਾਪਤ ਕਰਕੇ ਆਉਣ ਦੀ ਬਜਾਏ, ਹੋਰ ਪਾਪਾਂ ਦੇ ਭਾਗੀ ਬਣਕੇ ਆਉਂਦੇ ਹਾਂ। ਸਾਡੇ ਨਾਲ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਵਾਪਰ ਜਾਂਦਾ ਹੈ। ਸੰਗਤ ਵਿੱਚ ਜਾ ਕੇ ਕੁਛ ਮੈਲ ਦੂਰ ਕੀਤੀ ਅਹੰਕਾਰ ਦੁਆਰਾ ਜਾਂ ਪਰ ਧਨ, ਪਰ ਤਨ, ਪਰ ਨਿੰਦਾ ਦੇ ਦੋਸ਼ ਦੁਆਰਾ ਕਈ ਗੁਣਾਂ ਹੋਰ ਆਤਮਾ ਮਲੀਨ ਕਰ ਲਈ। ਹੋਇਆ ਕੀ ?

ਇਕੁ ਭਾਉ ਲਥੀ ਨਾਤਿਆ, ਦੁਇ ਭਾ ਚੜੀਅਸੁ ਹੋਰ ॥

ਮਹਲਾ ਪਹਿਲਾ (ਪੰਨਾ : ੭੮੯)

ਵਾਲੀ ਗੱਲ ਵਾਪਰ ਗਈ। ਸੰਗਤ ਵਿੱਚੋਂ ਪੂਰਾ ਲਾਹਾ ਪ੍ਰਾਪਤ ਕਰਨ ਲਈ ਕਿਸ ਪ੍ਰਕਾਰ ਦੀ ਬਿਰਤੀ ਬਣਾ ਕੇ ਜਾਣਾ ਹੈ, ਸਤਿ-ਸੰਗਤਿ ਵਿੱਚ ਜਾਕੇ ਕੀ ਕਰਨਾ ਹੈ, ਸਤਿਗੁਰੂ ਪੰਜਵੇਂ ਪਾਤਸ਼ਾਹ ਸਾਨੂੰ ਬੜੇ ਵਿਸਥਾਰ ਨਾਲ ਬਾਰਾਂ ਮਾਹ ਬਾਣੀ ਵਿੱਚ ਮਾਘ ਦੇ ਮਹੀਨੇ ਦੁਆਰਾ ਸਮਝਾਉਂਦੇ ਹਨ ਕਿ ਹੇ ਜਗਿਆਸੂ ! ਸਤਿ-ਸੰਗਤ ਵਿੱਚ ਜਦੋਂ ਵੀ ਜਾਣ ਦਾ ਤੈਨੂੰ ਸੁਭਾਗ ਪ੍ਰਾਪਤ ਹੋਵੇ, ਮਨ ਵਿੱਚੋਂ ਅਹੰਕਾਰ ਦੀ ਬਿਰਤੀ ਦਾ ਤਿਆਗ ਕਰਕੇ, ਮਨ ਵਿੱਚ ਨਿਮਰਤਾ ਧਾਰਨ ਕਰਕੇ, ਧੂੜੀ ਇਸ਼ਨਾਨ ਕਰਦਾ ਜਾਂਵੀਂ, ਕਿਉਂਕਿ ਸਤਿ-ਸੰਗਤ ਵਿੱਚ ਤਾਂ :—

ਸਭ ਤੇ ਨੀਚੁ ਆਤਮ ਕਰਿ ਮਾਨਉ
ਮਨ ਮਹਿ ਇਹੁ ਸੁਖੁ ਧਾਰਉ ॥

ਦੇਵਗੰਧਾਰੀ ਮ: ੫ (ਪੰਨਾ : ੫੩੨

ਤਥਾ :—**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥**

ਸਲੋਕ ਮ: ੫ (ਪੰਨਾ : ੧੧੦੨)

ਦੀ ਬਿਰਤੀ ਬਣਾ ਕੇ ਗਿਆਂ ਹੀ ਲਾਹਾ ਮਿਲਦਾ ਹੈ ਅਹੰਕਾਰੀ ਬਿਰਤੀ ਵਾਲੇ ਮਨੁੱਖ ਉੱਪਰ ਤਾਂ :—

"ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ"

ਸਲੋਕ ਫਰੀਦ ਜੀ (ਪੰਨਾ : ੧੩੮੩)

ਵਾਲੀ ਪੰਗਤੀ ਲਾਗੂ ਹੋ ਜਾਂਦੀ ਹੈ। ਇਸ ਲਈ ਬਾਬਾ ਕਬੀਰ ਜੀ ਦਾ ਫੁਰਮਾਨ ਜਪਦੇ ਸੰਗਤ ਵਿੱਚ ਜਾਣਾ ਹੈ :—

ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥

ਭਗਤ ਕਬੀਰ ਜੀ (ਪੰਨਾ : ੧੩੬੪)

ਜਦੋਂ ਨਿਮਰਤਾ ਧਾਰ ਕੇ ਤੂੰ ਸਤਿ-ਸੰਗਤ ਵਿੱਚ ਪੁੱਜ ਗਿਆ, ਫਿਰ ਸਤਿ-ਸੰਗਤ ਵਿੱਚ ਬੈਠ ਕੇ ਦੋ ਕਰਮਾਂ ਦਾ ਧਾਰਨੀ ਬਣਨਾ ਹੈ : ਉਹ ਕਿਹੜੇ ਕਰਮ ਹਨ ? ਸੰਗਤ ਵਿੱਚ ਜਾ ਕੇ ਪਹਿਲਾ ਕਰਮ ਕਰਨਾ ਹੈ :—

ਸਤਿ-ਸੰਗਤ ਵਿੱਚ ਬੈਠ ਕੇ ਪਹਿਲਾ ਕਰਮ ਕਰਨਾ ਹੈ "ਹਰਿ ਕਾ ਨਾਮ ਧਿਆਇ" (ਨਾਮ-ਜਪੁ)

ਹਰਿ ਕਾ ਨਾਮੁ ਧਿਆਇ, ਦੇ ਧਾਰਨੀ ਬਣਨਾ ਹੈ। ਧਿਆਉਣਾ ਕਿਸ ਨੂੰ ਹੈ ?— ਜਿਸ ਨੂੰ ਧਿਆਉਣ ਨਾਲ ਮਨੋ ਚਿੰਦਿਆਂ ਪਦਾਰਥਾਂ ਦੀ ਪ੍ਰਾਪਤੀ ਹੁੰਦੀ ਹੈ। ਜਿਸ ਨੂੰ ਧਿਆਉਣ ਨਾਲ ਸਦੀਵੀ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਉਸਨੂੰ ਧਿਆਉਣਾ ਹੈ, ਜਿਸ ਨੇ ਸਾਨੂੰ ਸੁਹਣਾ ਸਰੀਰ ਦਿੱਤਾ ਹੈ ਅਤੇ ਸਰੀਰ ਨੂੰ ਚਲਾਉਣ ਵਾਸਤੇ ਜੀਵ ਆਤਮਾ ਦਿੱਤੀ ਹੈ :—

ਧਿਆਇ ਸੋ ਪ੍ਰਭੁ ਸਦਾ ਅਪੁਨਾ ਮਨਹਿ ਚਿੰਦਿਆ ਪਾਈਐ ॥

ਜੈਤਸਰੀ ਮ: ੫ (ਪੰਨਾ : ੭੦੪)

ਜਿਸਨੂੰ

ਧਿਆਇ ਧਿਆਇ ਭਗਤਹ ਸੁਖੁ ਪਾਇਆ ॥

ਸੁਖਮਨੀ ਮ: ੫ (ਪੰਨਾ : ੨੮੪)

ਧਿਆਇ ਨਾਨਕ ਪਰਮੇਸਰੈ ਜਿਨਿ ਦਿਤੀ ਜਿੰਦੁ ॥

ਸਲੋਕ ਮ: ੫ (ਪੰਨਾ : ੩੨੧)

ਉਸਨੂੰ ਧਿਆਉਣਾ ਹੈ ਜਿਸ ਨੇ :—

ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ ॥

ਸੋਰਠਿ ਮਹਲਾ ਪੰਜਵਾ (ਪੰਨਾ : ੬੧੯)

ਦੀ ਦਾਤ ਦਿੱਤੀ ਹੈ।

ਕਿਸਨੂੰ ਧਿਆਉਣਾ ਹੈ, ਜਿਸ ਪ੍ਰਤੀ **"ਸ੍ਰੀਰਾਗੁ"** ਦੀ ਵਾਰ ਵਿੱਚ ਪਉੜੀ ਦੁਆਰਾ ਸਤਿਗੁਰੂ ਜੀ ਨੇ ਇਸ਼ਾਰਾ ਕੀਤਾ ਹੈ ਕਿ ਉਸ ਨੂੰ ਧਿਆਵੋਂ, ਉਸ ਨੂੰ ਜਪੋ ਜਿਸ ਦਾ ਸਭਨਾ ਉੱਪਰ ਹੁਕਮ ਚਲਦਾ ਹੈ।

ਉਸਨੂੰ ਧਿਆਵੋ ਜੋ ਆਖਰੀ ਸਮੇਂ ਜੀਵ ਆਤਮਾ ਦੀ ਸਹਾਇਤਾ ਕਰਕੇ ਜਮਦੂਤਾਂ ਤੋਂ ਛੁਟਕਾਰਾ ਕਰਵਾ ਦਿੰਦਾ ਹੈ। ਉਸ ਮਾਲਕ ਨੂੰ ਧਿਆਵੋ ਜੋ ਤੁਹਾਡੇ ਮਨ ਦੀਆਂ ਸਾਰੀਆਂ ਭੁੱਖਾਂ ਖਤਮ ਕਰਕੇ ਤ੍ਰਿਸ਼ਨਾ ਦਾ ਅਭਾਵ ਕਰ ਦਿੰਦਾ ਹੈ। ਉਸਨੂੰ ਧਿਆਵੋ

ਜਿਸ ਨੂੰ ਧਿਆਉਣ ਨਾਲ ਨਿੰਦਕ ਤੇ ਵੈਰੀ ਵੀ ਮਾਫੀ ਮੰਗ ਕੇ ਪੈਰੀਂ ਆ ਪੈਂਦੇ ਹਨ। ਉਸ ਮਾਲਕ ਨੂੰ ਧਿਆਵੋ ਜੋ ਸਭਨਾ ਤੋਂ ਵੱਡਾ ਹੈ। ਜਿਸ ਨਾਮ ਦੇ ਅੱਗੇ ਸਾਰੇ ਜੁਹਾਰਾਂ ਕਰਦੇ ਹਨ :—

ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ ਜੋ ਸਭਨਾ ਉਪਰਿ ਹੁਕਮੁ ਚਲਾਏ॥
ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੋ ਅੰਤੀ ਅਉਸਰਿ ਲਏ ਛਡਾਏ॥
ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੁ ਮਨ ਕੀ ਤ੍ਰਿਸਨਾ ਸਭ ਭੁਖ ਗਵਾਏ॥
ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ ਤਿਨ ਨਿੰਦਕ ਦੁਸਟ ਸਭਿ ਪੈਰੀ ਪਾਏ॥
ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ ਸਭਿ ਨਾਵੈ ਅਗੈ ਆਣਿ ਨਿਵਾਏ॥

ਸਲੋਕ ਮ: ੨ ਪਉੜੀ (ਪੰਨਾ : ੮੯)

ਕਿਸ ਨੂੰ ਧਿਆਉਣਾ ਹੈ ? ਜੋ ਜੀਵ ਦੀਆਂ ਸਾਰੀਆਂ ਇੱਛਾ ਪੂਰੀਆਂ ਕਰਨ ਵਾਲਾ ਅਤੇ ਸਾਰੇ ਸਰੀਰਕ ਤੇ ਮਾਨਸਕ ਸੁੱਖਾਂ ਨੂੰ ਦੇਣ ਵਾਲਾ ਦਾਤਾ ਹੈ ਜਿਸ ਦੇ ਵੱਸ ਵਿੱਚ ਅਨੇਕਾਂ ਕਾਮ ਧੇਨੁ ਗਊ ਵਰਗੀਆਂ ਕਾਮਨਾ ਪੂਰੀਆਂ ਕਰਨ ਵਾਲੀਆਂ ਹਨ। ਜਿਸ ਦੇ ਨਾਮ ਨੂੰ ਜਪਣ ਨਾਲ ਲੋਕ ਅਤੇ ਪਰਲੋਕ ਵਿੱਚ ਮੁੱਖ ਉੱਜਲਾ (ਪਵਿੱਤਰ) ਹੁੰਦਾ ਹੈ। ਤਾਂ ਤੇ ਐਸੀ ਮਾਇਆ ਤੋਂ ਨਿਰਲੇਪ ਹਸਤੀ ਦਾ ਸਿਮਰਨ ਕਰਨਾ ਚਾਹੀਦਾ ਹੈ, ਜਿਸ ਦਾ ਸਿਮਰਨ ਕਰਨ ਨਾਲ ਸੰਸਾਰਕ ਝਗੜੇ (ਬਿਪਤਾ) ਮੁੱਕ ਜਾਂਦੇ ਹਨ, ਅਤੇ ਅੰਦਰੂਨੀ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਪੰਜਾਂ ਨਾਲ ਝਗੜਾ ਵੀ ਖਤਮ ਹੋ ਜਾਂਦਾ ਹੈ। ਉਸ ਨੂੰ ਧਿਆਉਣਾ ਹੈ, ਜਿਸ ਦਾ ਸਿਮਰਨ ਕਰਨ ਨਾਲ ਸੰਸਾਰ ਭਵਜਲ ਤੋਂ ਵੀ ਮਨੁੱਖ ਦਾ ਨਿਸਤਾਰਾ ਹੋ ਜਾਂਦਾ ਹੈ :—

ਇਛਾ ਪੂਰਕੁ ਸਰਬ ਸੁਖਦਾਤਾ ਹਰਿ
ਜਾ ਕੈ ਵਸਿ ਹੈ ਕਾਮਧੇਨਾ॥
ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ
ਤਾ ਸਰਬ ਸੁਖ ਪਾਵਹਿ ਮੇਰੇ ਮਨਾ॥
ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ॥
ਹਲਤਿ ਪਲਤਿ ਮੁਖ ਊਜਲ ਹੋਈ ਹੈ
ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥ ਰਹਾਉ॥
ਜਹ ਹਰਿ ਸਿਮਰਨੁ ਭਇਆ
ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ॥
ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ
ਜਪਿ ਹਰਿ ਭਵਜਲੁ ਤਰਨਾ॥

ਧਨਾਸਰੀ ਮ: ੪ (ਪੰਨਾ : ੬੬੯)

ਕਿਸ ਨੂੰ ਧਿਆਉਣਾ ਹੈ ? ਜੋ ਇੱਕ ਹੈ, ਜਿਸ ਤੇ ਮਾਇਆ ਦਾ ਪ੍ਰਭਾਵ ਨਹੀਂ ਹੈ। ਜੋ ਸਾਰਿਆਂ ਵਿੱਚ ਰਮਿਆ ਹੋਇਆ ਹੈ। ਜੋ ਸਰਬ ਸ਼ਕਤੀਆਂ ਦਾ ਮਾਲਕ ਹੈ, ਜੋ ਸਾਰੇ ਕਾਰਣਾਂ ਦੇ ਕਰਨ ਦੀ ਸਮਰੱਥਾ ਵਾਲਾ ਹੈ। ਜੋ ਇੱਕ ਖਿਨ ਵਿੱਚ ਪੈਦਾ ਕਰ ਅਤੇ ਨਾਸ ਕਰਨ ਦੀ ਸਮਰੱਥਾ ਦਾ ਮਾਲਕ ਹੈ। ਉਸ ਇੱਕ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਕਿਸਨੂੰ ਧਿਆਉਣਾ ਹੈ ? ਜੋ ਸਾਰੇ ਦੇਸ਼ਾਂ, ਸਾਰੇ ਬ੍ਰਹਮੰਡਾ, ਅਕਾਸ਼ਾਂ ਅਤੇ ਪਤਾਲਾਂ, ਜਜੀਰਿਆਂ ਵਿੱਚ ਪਰੀ ਪੂਰਨ ਹੋ ਕੇ ਰਮਿਆ ਹੋਇਆ ਹੈ। ਜਿਹੜਾ ਵੀ ਉਸਨੂੰ ਜਪਦਾ ਹੈ ਉਸਦਾ ਅੰਤਸ਼ਕਰਣ ਪਵਿਤ੍ਰ ਹੋ ਜਾਂਦਾ ਹੈ। ਉਸਦੀ ਸਰਬ-ਵਿਆਪਕਤਾ ਅਤੇ ਜਪਣ ਦੀ ਸੋਝੀ ਵੀ ਪ੍ਰਮਾਤਮਾਂ ਜਿਸ ਨੂੰ ਬਖਸ਼ਸ਼ ਕਰੇ, ਉਸ ਨੂੰ ਪ੍ਰਾਪਤ ਹੁੰਦੀ ਹੈ :—

ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ॥
ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ॥
ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ॥
ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ॥
ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ॥

ਜੈਤਸਰੀ ਮ: ੫ ਪਉੜੀ (ਪੰਨਾ : ੭੦੬)

ਸਤਿ-ਸੰਗਤ ਵਿੱਚ ਬੈਠ ਕੇ ਦੂਸਰਾ ਕਰਮ ਕਿਹੜਾ ਕਰਨਾ ਹੈ ?

ਸੰਗਤ ਵਿੱਚ ਜਾ ਕੇ ਦੂਸਰਾ ਕਰਮ ਕਰਨਾ ਹੈ ਸੁਣਨ ਦਾ

ਸਤਿ-ਸੰਗਤ ਵਿੱਚ ਜਾ ਕੇ ਆਪ ਜਪ ਕੇ ਆਪ ਹੀ ਉਸ ਜਪੇ ਹੋਏ ਨੂੰ ਸੁਣਨਾ ਹੈ। ਜੋ ਸੁਣੇਗਾ ਉਸ ਜਗਿਆਸੂ ਉੱਪਰ ਗੁਰੂ ਨਾਨਕ ਪਾਤਸ਼ਾਹ ਜੀ ਦੇ ਜਪੁਜੀ ਸਾਹਿਬ ਵਿਚੋਂ ਸੁਣਿਐ ਦੀਆਂ ਪੌੜੀਆਂ ਦੀ ਪਾਰਸ ਕਲਾ ਅਵੱਸ਼ ਵਰਤੇਗੀ :—

ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥

ਜਪੁਜੀ (ਪੰਨਾ : ੨)

ਤਥਾ :—**ਮਤਿ ਵਿਚਿ ਰਤਨ ਜਵਾਹਰ ਮਾਣਿਕ**
ਜੇ ਇਕ ਗੁਰ ਕੀ ਸਿਖ ਸੁਣੀ॥

ਜਪੁਜੀ (ਪੰਨਾ : ੨)

ਸੰਗਤ ਵਿੱਚ ਬੈਠ ਕੇ ਹਰ ਪ੍ਰਾਣੀ ਨੇ :—

ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ॥

ਕਰਣ ਕਾਰਣ ਸਮਰਥ ਸੁਆਮੀ ਜਾ ਤੇ ਬ੍ਰਿਥਾ ਨ ਕੋਈ॥

ਸੋਰਠਿ ਮਹਲਾ : ੫ (ਪੰਨਾ : ੬੧੧)

ਦੀ ਕਾਰ ਕਰਨੀ ਹੈ ਅਤੇ ਜੋ ਸੰਗਤ ਵਿੱਚ ਗੁਰਬਾਣੀ ਦੀ ਕਥਾ ਵਿਚਾਰ ਚਲ ਰਹੀ ਹੈ, ਪ੍ਰਭੂ ਕੀਰਤੀ ਹੋ ਰਹੀ ਹੈ, ਉਸਨੂੰ ਇਕਾਗਰ ਮਨ ਹੋ ਕੇ ਸੁਣਨਾ ਹੈ। ਜੇ ਮਨ ਏਹੜ ਤੇਹੜ ਕਰੇ ਤੇ ਸੁਣਨ ਤੋਂ ਕੰਨੀ ਕਤਰਾਵੇ ਤਾਂ ਬਾਬਾ ਕਬੀਰ ਦੇ ਹੁਕਮ ਅਨੁਸਾਰ ਇਸ ਨੂੰ ਪ੍ਰੇਮ ਦੇ ਚਾਬਕ ਵੀ ਮਾਰਨੇ ਹਨ ਤੇ ਸ੍ਰੇਸ਼ਟ ਮਨ ਨਾਲ ਕੰਨੀ ਕਤਰਾਉਣ ਵਾਲੇ ਮਨ ਨੂੰ ਕਹਿਣਾ ਹੈ ਕਿ :—

ਚਲੁ ਰੇ ਬੈਕੁੰਠ ਤੁਝਹਿ ਲੇ ਤਾਰਉ

ਹਿਚਹਿ ਤ ਪ੍ਰੇਮ ਕੈ ਚਾਬੁਕ ਮਾਰਉ॥

ਗਉੜੀ ਕਬੀਰ ਜੀ (ਪੰਨਾ : ੩੨੯)

ਦੀ ਕਾਰ ਕਰਨੀ ਹੈ ਅਤੇ ਨਾਲ ਨਾਲ ਅਵੈੜੇ ਮਨ ਨੂੰ ਸੁਣਨ ਦਾ ਸ੍ਰੇਸ਼ਟ ਫਲ ਦੱਸ ਕੇ ਗੁਰੂ ਉਪਦੇਸ਼ ਸੁਣਨ ਦੀ ਪ੍ਰੇਰਨਾ ਕਰਨੀ ਹੈ। ਹੇ ਮੇਰੇ ਮਨ ! ਜੇ ਤੂੰ ਗੁਰੂ ਦਾ ਉਪਦੇਸ਼ ਸੁਣੇਂਗਾ, ਇਸ ਸੰਸਾਰ ਵਿੱਚ ਤੈਨੂੰ ਸ਼ਾਂਤੀ ਅਤੇ ਪ੍ਰਲੋਕ ਵਿੱਚ ਸੁੱਖ ਮਿਲੇਗਾ :—

ਹਰਿ ਕਾ ਸਿਮਰਨੁ ਸੁਨਿ ਮਨ ਕਾਨੀ॥

ਸੁਖੁ ਪਾਵਹਿ ਹਰਿ ਦੁਆਰ ਪਰਾਨੀ॥

ਗਉੜੀ ਮਹਲਾ : ੫ (ਪੰਨਾ : ੨੦੦)

ਹੇ ਮੇਰੇ ਮਨ ! ਗੁਰੂ ਦਾ ਨਾਮੁ ਉਪਦੇਸ਼ ਸੁਣਨ ਨਾਲ ਤੈਨੂੰ ਏਨਾ ਲਾਭ ਮਿਲੇਗਾ, ਜਿਸ ਨੂੰ ਕਿ ਤੂੰ ਕਦੀ ਸੁਪਨੇ ਵਿੱਚ ਵੀ ਨਹੀਂ ਸੋਚਿਆ ਹੋਵੇਗਾ।

ਨਾਮ ਉਪਦੇਸ਼ ਸੁਣਨ ਨਾਲ ਹੇ ਮਨ, ਤੈਨੂੰ ਖੁਸ਼ੀ ਖੇੜਾ ਪ੍ਰਾਪਤ ਹੋਵੇਗਾ, ਆਤਮਕ ਸ਼ਾਂਤੀ ਮਿਲੇਗੀ, ਹਰ ਪ੍ਰਕਾਰ ਦੀ ਤ੍ਰਿਪਤੀ ਹੋ ਜਾਵੇਗੀ। ਨਾਮ ਤੇਰੇ ਸਾਰੇ ਦੁੱਖ ਦੂਰ ਕਰ ਦੇਵੇਗਾ। ਨਾਮ ਦੁਆਰਾ ਆਤਮਕ ਸ਼ਾਂਤੀ ਦੇਣ ਵਾਲਾ ਰਸ ਵੀ ਪ੍ਰਾਪਤ ਹੋਵੇਗਾ। ਸੰਸਾਰ ਦੀ ਸੋਭਾ ਦੀ ਕਮੀ ਵੀ ਨਹੀਂ ਰਹੇਗੀ ਅਤੇ ਜੀਵਨ ਮੁਕਤੀ ਦੀ ਦਾਤ ਪ੍ਰਾਪਤ ਹੋ ਜਾਵੇਗੀ। ਲੋਕ ਪ੍ਰਲੋਕ ਵਿੱਚ ਤੇਰੀ ਪੱਤ ਰਹਿ ਜਾਵੇਗੀ। ਇਸ ਲਈ ਹੇ ਮਨ! ਲਿਵ-ਬਿਰਤੀ ਵਿੱਚ ਉਨਮਨ ਹੋ ਕੇ ਨਾਮ ਦੇ ਨਾਲ ਜੁੜ ਜਾਹ।

ਪ੍ਰਭੂ ਜੀ ਦਾ ਨਾਮ ਸੁਣਨ ਨਾਲ ਰਿੱਧੀਆਂ ਸਿੱਧੀਆਂ ਆਪਣੇ ਆਪ ਪ੍ਰਾਪਤ ਹੋ ਜਾਂਦੀਆਂ ਹਨ। ਨਾਮ ਸੁਣਨ ਨਾਲ ਨੌਂ ਨਿਧੀਆਂ ਦੀ ਪ੍ਰਾਪਤੀ ਹੋ ਜਾਂਦੀ ਹੈ। ਨਾਮ ਨੂੰ ਸੁਣਨ ਨਾਲ ਜਿੱਥੇ ਸੰਤੋਖ ਦੀ ਅਮੋਲਕ ਦਾਤ ਮਿਲਦੀ ਹੈ, ਉੱਥੇ ਮਾਇਆ, ਨਾਮ ਜਪਣ ਵਾਲੇ ਦੇ ਚਰਨਾਂ ਵਿੱਚ ਆ ਹਾਜ਼ਰ ਹੁੰਦੀ ਹੈ। ਨਾਮ ਧਿਆਉਣ ਤੇ ਸੁਣਨ ਨਾਲ ਸਭ

ਤੋਂ ਉੱਚੀ ਆਤਮਕ ਅਵਸਥਾ ਸਹਿਜ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਸਦੀਵੀਂ ਆਤਮਕ ਸੁੱਖ ਮਿਲ ਜਾਂਦਾ ਹੈ।

ਹੇ ਮਨ ! ਨਾਮ ਨੂੰ ਧਿਆਨ ਨਾਲ ਸੁਣਨ ਨਾਲ ਆਤਮਕ ਪਵਿੱਤਤਾ ਪ੍ਰਾਪਤ ਹੁੰਦੀ ਹੈ। ਨਾਮ ਸੁਣਨ ਨਾਲ ਮਨ ਨੂੰ ਵੱਸ ਵਿੱਚ ਕਰਨ ਦੀ ਜੁਗਤੀ ਦਾ ਪਤਾ ਲੱਗ ਜਾਂਦਾ ਹੈ। ਨਾਮ ਸੁਣਨ ਵਾਲੇ ਦੇ ਜਮਦੂਤ ਨੇੜੇ ਨਹੀਂ ਢੁੱਕਦੇ। ਗੁਰੂ ਦਾ ਨਾਮ, ਉਪਦੇਸ਼ ਸੁਣਨ ਨਾਲ ਅਗਿਆਨਤਾ ਦਾ ਅੰਧਕਾਰ ਦੂਰ ਹੋ ਜਾਂਦਾ ਹੈ, ਆਤਮਾਂ ਨੂੰ ਗਿਆਨ ਦਾ ਪ੍ਰਕਾਸ਼ ਮਿਲ ਜਾਂਦਾ ਹੈ। ਨਾਮ ਨੂੰ ਸੁਣਨ ਨਾਲ ਆਪੇ ਨੂੰ ਆਪੇ ਦੀ ਸੋਝੀ ਪ੍ਰਾਪਤ ਹੋ ਜਾਂਦੀ ਹੈ। ਨਾਮ ਸੁਣਨ ਨਾਲ ਜਿੱਥੇ ਜੀਵਨ ਦਾ ਅਸਲੀ ਲਾਹਾ ਪ੍ਰਾਪਤ ਹੁੰਦਾ ਹੈ, ਉੱਥੇ ਸਾਰੇ ਪਾਪ ਕਰਮ ਨਾਸ਼ ਹੋ ਜਾਂਦੇ ਹਨ ਤੇ ਸੱਚੇ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ। ਜੋ ਗੁਰੂ ਵਾਲਾ ਬਣ ਕੇ ਸੰਗਤ ਵਿੱਚ ਬੈਠ ਕੇ ਗੁਰੂ ਜੀ ਦੇ ਨਾਮ-ਉਪਦੇਸ਼ ਨੂੰ ਸੁਣਦਾ ਹੈ, ਉਸ ਦਾ ਪ੍ਰਭੂ ਦੀ ਦਰਗਾਹ ਵਿੱਚ ਮੁਖ ਉੱਜਲਾ ਹੁੰਦਾ ਹੈ :—

ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ॥

ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ॥

ਨਾਇ ਸੁਣਿਐ ਨਾਉ ਊਪਜੈ ਨਾਮੇ ਵਡਿਆਈ॥

ਨਾਮੇ ਹੀ ਸਭ ਜਾਤਿ ਪਤਿ ਨਾਮੇ ਗਤਿ ਪਾਈ॥

ਗੁਰਮੁਖਿ ਨਾਮੁ ਧਿਆਈਐ ਨਾਨਕ ਲਿਵ ਲਾਈ॥ ੬॥

ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ॥

ਨਾਇ ਸੁਣਿਐ ਨਉ ਨਿਧਿ ਮਿਲੈ ਮਨ ਚਿੰਦਿਆ ਪਾਵੈ॥

ਨਾਇ ਸੁਣਿਐ ਸੰਤੋਖੁ ਹੋਇ ਕਵਲਾ ਚਰਨ ਧਿਆਵੈ॥

ਨਾਇ ਸੁਣਿਐ ਸਹਜੁ ਊਪਜੈ ਸਹਜੇ ਸੁਖੁ ਪਾਵੈ॥

ਗੁਰਮਤੀ ਨਾਉ ਪਾਈਐ ਨਾਨਕ ਗੁਣ ਗਾਵੈ॥

ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ

ਨਾਇ ਸੁਣਿਐ ਘਟਿ ਚਾਨਣਾ ਆਨੑੇਰੁ ਗਵਾਵੈ॥

ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ॥

ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ

ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ॥

ਸਾਰੰਗ ਕੀ ਵਾਰ ਮ : ੧ (ਪੰਨਾ : ੧੨੪੦)

ਹੇ ਮਨ, ਤੂੰ ਨਾਮ ਨੂੰ ਸੁਣ ਕੇ ਤਾਂ ਵੇਖ, ਤੇਰਾ ਆਵਾਗਵਣ ਦਾ ਚੱਕਰ ਖਤਮ ਹੋ ਜਾਵੇਗਾ। ਤੂੰ ਵਡਭਾਗੀ ਬਣ ਜਾਵੇਂਗਾ ਤੇ ਤੈਨੂੰ ਤਨ ਅਤੇ ਮਨ ਦਾ ਖੇੜਾ ਪ੍ਰਾਪਤ ਹੋ ਜਾਵੇਗਾ ਕਿਉਂਕਿ :—

ਜੋ ਜੋ ਸੁਨੈ ਰਾਮ ਜਸੁ ਨਿਰਮਲ ਤਾ ਕਾ ਜਨਮ ਮਰਣ ਦੁਖੁ ਨਾਸਾ॥

ਕਹੁ ਨਾਨਕ ਪਾਈਐ ਵਡਭਾਗੀ ਮਨ ਤਨ ਹੋਇ ਬਿਗਾਸਾ॥੨॥

ਸਾਰਗ ਮ: ੫ (ਪੰਨਾ : ੧੨੦੯)

ਇਸ ਲਈ ਹੇ ਮੇਰੇ ਮਨ, ਸੰਗਤ ਵਿੱਚ ਬੈਠ ਕੇ ਗੁਰੂ ਦੇ ਉਪਦੇਸ਼ ਨੂੰ ਸੁਣ ਤੇ ਉਸਨੂੰ ਕਮਾ ਕੇ ਗੁਰੂ ਖੁਸ਼ੀ ਨੂੰ ਪ੍ਰਾਪਤ ਕਰ ਲੈ :—

ਹਰਿ ਕਾ ਸਿਮਰਨੁ ਸੁਨਿ ਮਨ ਕਾਨੀ॥

ਸੁਖੁ ਪਾਵਹਿ ਹਰਿ ਦੁਆਰ ਪਰਾਨੀ॥

ਗਉੜੀ ਮ: ੫ (ਪੰਨਾ : ੨੦੦)

ਸੁਣੇਂਗਾ, ਕਮਾਵੇਂਗਾ, "ਜਨਮ ਮਰਣ ਦੁਖੁ ਨਾਸ" ਦੀ ਦਾਤ ਪ੍ਰਾਪਤ ਹੋ ਜਾਵੇਗੀ। ਜੇ ਸੰਗਤ ਵਿੱਚ ਬੈਠ ਕੇ ਵੀ ਸੁਣਨ ਤੋਂ ਕੰਨੀ ਕਤਰਾਵੇਂਗਾ ਫਿਰ :—

ਜਮਿ ਜਮਿ ਮਰੈ ਮਰੈ ਫਿਰਿ ਜੰਮੈ॥

ਬਹੁਤੁ ਸਜਾਇ ਪਇਆ ਦੇਸਿ ਲੰਮੈ॥

ਮਾਰੂ ਮ: ੫ (ਪੰਨਾ : ੧੦੨੦)

ਦਾ ਧਾਰਨੀ ਬਣ, ਪਤਾ ਨਹੀਂ ਕਿਹੜੀਆਂ-ਕਿਹੜੀਆਂ ਜੂਨਾਂ ਵਿੱਚ ਕਿੰਨਾਂ-ਕਿੰਨਾਂ ਸਮਾਂ ਭਰਮਣ ਕਰਨਾ ਪਵੇਗਾ। ਸੋ ਹੇ ਮਨ! ਸੁਚੇਤ ਹੋ ਪੰਜਵੇਂ ਗੁਰਦੇਵ ਜੀ ਦੇ ਬਚਨਾਂ ਤੋਂ ਸਿੱਖਿਆ ਲੈ, ਮਨੁੱਖਾ ਜਨਮ ਬਹੁਤ ਚਿਰ-ਕਾਲ ਤੋਂ ਬਾਅਦ ਪ੍ਰਾਪਤ ਹੋਇਆ ਹੈ :—

ਕਈ ਜਨਮ ਭਏ ਕੀਟ ਪਤੰਗਾ॥

ਕਈ ਜਨਮ ਗਜ ਮੀਨ ਕੁਰੰਗਾ॥

ਕਈ ਜਨਮ ਪੰਖੀ ਸਰਪ ਹੋਇਓ॥

ਕਈ ਜਨਮ ਹੈਵਰ ਬ੍ਰਿਖ ਜੋਇਓ॥੧॥

ਇਸ ਲਈ :—ਮਿਲੁ ਜਗਦੀਸ ਮਿਲਨ ਕੀ ਬਰੀਆ॥

ਚਿਰੰਕਾਲ ਇਹ ਦੇਹ ਸੰਜਰੀਆ॥ ੧॥ ਰਹਾਉ॥

ਗਉੜੀ ਗੁਆਰੇਰੀ ਮ: ੫ (ਪੰਨਾ : ੧੭੬)

ਹੇ ਮੇਰੇ ਮਨ, ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਕਿੰਨੇ ਪਿਆਰ ਨਾਲ ਸਾਨੂੰ ਅਸਲੀਅਤ ਤੋਂ ਜਾਣੂ ਕਰਾਉਣ ਲਈ ਉਦਾਹਰਣ ਦੇ ਕੇ ਸਮਝਾਉਂਦੇ ਹਨ ਕਿ ਜਿਵੇਂ ਕਿਸੇ ਮਨੁੱਖ ਨੇ ਧੁਰ ਛੱਤ ਤੇ ਚੜ੍ਹਨਾ ਹੋਵੇ ਉਹ ਪਉੜੀ ਦੇ ਇੱਕ-ਇੱਕ ਡੰਡੇ ਤੇ ਪੈਰ ਧਰਦਾ ਕਾਫੀ ਉੱਚਾ ਚੜ੍ਹ ਜਾਂਦਾ ਹੈ ਜੇ ਉਸ ਦਾ ਹੱਥ ਉਸ ਫੜੇ ਹੋਏ ਡੰਡੇ ਤੋਂ ਛੁੱਟ ਜਾਵੇ ਫਿਰ ਹੇਠਾਂ ਜਮੀਨ ਤੇ ਡਿੱਗ ਪੈਂਦਾ ਹੈ। ਮੁੜ ਸਫਰ ਪਹਿਲੇ ਡੰਡੇ ਤੋਂ ਆਰੰਭ ਕਰਨਾ ਪੈਂਦਾ ਹੈ। ਮਨੁੱਖਾ ਜਨਮ ਪ੍ਰਭੂ ਜੀ ਨੂੰ ਮਿਲਣ ਲਈ ਆਖਰੀ ਡੰਡਾ ਹੈ। ਬਾਬਾ ਕਬੀਰ ਜੀ ਦੇ ਕਥਨ ਅਨੁਸਾਰ ਇਹ ਬਾਰ-ਬਾਰ ਪ੍ਰਾਪਤ ਨਹੀਂ ਹੁੰਦਾ :—

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥

ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥ ੩੦॥

ਸਲੋਕ ਕਬੀਰ ਜੀ (ਪੰਨਾ : ੧੩੬੬)

ਇਸ ਲਈ ਇਸ ਮਨੁੱਖਾ ਜਨਮ ਦੇ ਅਖੀਰਲੇ ਡੰਡੇ ਤੋਂ ਹਿੰਮਤ ਕਰਕੇ ਗੁਰੂ ਦੀ ਓਟ ਆਸਰਾ ਲੈ ਕੇ ਗੁਰ ਚਾਲੀ ਦੇ ਧਾਰਨੀ ਬਣ ਕੇ :—

ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥

ਸੋਰਠਿ ਮ : ੯ (ਪੰਨਾ : ੬੩੩)

ਦੀ ਅਵਸਥਾ ਨੂੰ ਪ੍ਰਾਪਤ ਕਰ ਲੈਣਾ ਚਾਹੀਦਾ ਹੈ, ਕਿਤੇ ਐਸਾ ਨ ਹੋਵੇ :— **ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ॥** ਦੀ ਘਟਨਾ ਵਾਪਰ ਜਾਵੇ। ਇਸ ਅਵਸਥਾ ਨੂੰ ਪ੍ਰਾਪਤ ਕਰਨ ਲਈ ਸਤਿ-ਸੰਗਤ ਵਿੱਚ ਬੈਠ ਕੇ **"ਹਰਿ ਕਾ ਨਾਮੁ ਧਿਆਇ ਸੁਣਿ"** ਦੀ ਕਾਰ ਕਰਨੀ ਅਤਿ ਜ਼ਰੂਰੀ ਹੈ।

ਸਤਿ-ਸੰਗਤ ਚੋਂ ਬਾਹਰ ਆ ਕੇ ਤੀਸਰਾ ਕਰਮ ਕਰਨਾ ਹੈ, (ਸਭਨਾ ਨੋ ਕਰਿ ਦਾਨੁ)

ਦੋ ਕਰਮ ਸਤਿ-ਸੰਗਤ ਵਿੱਚ ਬੈਠ ਕੇ ਕਰਨੇ ਚਾਹੀਦੇ ਹਨ। ਤੀਸਰਾ ਕਰਮ ਜਦੋਂ ਆਪਾਂ ਸਤਿ-ਸੰਗਤ ਤੋਂ ਬਾਹਰ ਆਉਣਾ ਹੈ, ਘਰ ਆ ਕੇ, ਜਦੋਂ ਕਾਰ-ਵਿਹਾਰ ਵਿੱਚ ਵਿਚਰਨਾ ਹੈ, ਧੀਆਂ, ਪੁੱਤਰਾਂ, ਭਰਾਵਾਂ, ਰਿਸ਼ਤੇਦਾਰਾਂ, ਸੱਜਣਾਂ, ਮਿੱਤਰਾਂ, ਆਂਢੀਆਂ-ਗੁਆਂਢੀਆਂ ਨਾਲ ਸੰਪਰਕ ਜੋੜਨਾ ਹੈ, ਉਦੋਂ ਕਰਨਾ ਹੈ? ਉਹ ਹੈ **"ਸਭਨਾ ਨੋ ਕਰਿ ਦਾਨੁ"॥**

ਜੋ ਗੁਰੂ ਦਾ ਉਪਦੇਸ਼ ਸੰਗਤ ਵਿੱਚ ਬੈਠ ਕੇ ਸੁਣਿਆ, ਉਸਦੀ ਸਾਂਝ ਇਹਨਾਂ ਸਾਰਿਆਂ ਨਾਲ ਪਾਉਣੀ ਹੈ। ਉਹਨਾਂ ਨੂੰ ਬੇਨਤੀ ਕਰਨੀ ਹ ਕਿ ਗੁਰੂ ਕੇ ਪਿਆਰਿਓ, ਅੱਜ ਮੈਂ ਸੰਗਤ ਵਿੱਚੋਂ ਅਮੋਲਕ ਮਨੁੱਖਾ ਜੀਵਨ ਦੀ ਸਫਲਤਾ ਦਾ ਇਹ ਗੁਰੂ ਉਪਦੇਸ਼

ਸ੍ਵਣ ਕੀਤਾ ਹੈ ਤੁਸੀਂ ਵੀ ਆਪਣੇ ਮਨੁੱਖਾ ਜਨਮ ਦੀ ਸਫਲਤਾ ਲਈ ਇਸ ਦੇ ਧਾਰਨੀ ਬਣੋ। ਹਰ ਰੋਜ਼ ਉਨ੍ਹਾਂ ਨੂੰ ਸੱਚ-ਧਰਮ ਦਾ ਉਪਦੇਸ਼ ਜੋ ਸਤਿਗੁਰਾਂ ਨੇ ਬਖਸ਼ਸ਼ ਕੀਤਾ ਹੈ, ਉਸ ਦੇ ਧਾਰਨੀ ਬਨਣ ਦੀ ਪ੍ਰੇਰਨਾ ਦਿੰਦੇ ਰਹਿਣਾ ਹੈ, ਗੁਰੂ ਉਪਦੇਸ਼ ਦਾ ਦਾਨ ਕਰਦੇ ਹੀ ਰਹਿਣਾ ਹੈ। ਹਰ ਰੋਜ਼ ਗੁਰੂ ਉਪਦੇਸ਼ ਦਾ ਦਾਨ ਕਰਦਿਆਂ-ਕਰਦਿਆਂ ਇੱਕ ਦਿਨ, ਇਹ ਤੁਹਾਡਾ ਕੀਤਾ ਦਾਨ ਫਲੀਭੂਤ ਹੋਣ ਲੱਗ ਜਾਵੇਗਾ ਅਤੇ ਉਹਨਾਂ ਦੀ ਆਤਮਾਂ ਨੂੰ ਵੀ ਨਾਮ ਦਾ ਰੰਗ ਚੜਨ ਲੱਗ ਜਾਵੇਗਾ ਤੇ ਉਹਨਾਂ ਦੀ ਆਤਮਾ ਪ੍ਰਭੂ ਦੇ ਨਾਮ ਰੰਗ ਵਿੱਚ ਰੰਗੀ ਜਾਵੇਗੀ ਤੇ ਉਹ ਵੀ ਸੂਰਿਆਂ ਦੀ ਕਤਾਰ ਵਿੱਚ ਤੁਹਾਡੇ ਕੀਤੇ ਦਾਨ ਸਦਕਾ ਸ਼ਾਮਲ ਹੋ ਜਾਣਗੇ, ਸਤਿਗੁਰੂ ਪੰਜਵੇਂ ਪਾਤਸ਼ਾਹ ਦਾ ਫੁਰਮਾਨ ਹੈ :—

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥

ਰੰਗ ਚੜ੍ਹਦਾ ਕਿਵੇਂ ਹੈ :—**ਠਾਕੁਰੁ ਗਾਈਐ ਆਤਮ ਰੰਗਿ॥**
ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ॥

ਧਨਾਸਰੀ ਮ: ੫ (ਪੰਨਾ : ੬੭੯)

ਦੀ ਕਾਰ ਕਰਨ ਨਾਲ,

ਜਦੋਂ ਤੁਸੀਂ "**ਸਭਨਾ ਨੋ ਕਰਿ ਦਾਨੁ**" ਕਰਨ ਵਿੱਚ ਸਫਲ ਹੋ ਗਏ। ਸਤਿਗੁਰੂ ਜੀ ਤੁਹਾਨੂੰ ਬਹੁਤ ਪਿਆਰ ਕਰਨਗੇ, ਨਿਰਾ ਪਿਆਰ ਹੀ ਨਹੀਂ ਗੁਰਦੇਵ ਜੀ ਤੁਹਾਨੂੰ ਇੰਨਾਂ ਸਤਿਕਾਰ ਦੇ ਦੇਣਗੇ ਜਿੰਨਾਂ ਕਿ ਕਦੀ ਤੁਸੀਂ ਸੁਪਨੇ ਵਿੱਚ ਵੀ ਸੋਚਿਆ ਨਾ ਹੋਵੇ। ਗੁਰਦੇਵ ਤਾਂ "**ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ**"॥ ਕਰਨ ਵਾਲਿਆਂ ਦੀ ਚਰਨ ਧੂੜੀ ਪ੍ਰਾਪਤ ਕਰਨਾ ਲੋਚਦੇ ਹਨ, ਪੜ੍ਹੋ ਤਾਂ ਸਹੀ ਸਾਹਿਬ ਸੋਢੀ ਸੁਲਤਾਨ ਜੀ ਦਾ ਫੁਰਮਾਨ :—

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥

ਸਲੋਕ ਮ : ੪ (ਪੰਨਾ : ੩੦੬)

ਸਤ-ਸੰਗਤ ਵਿੱਚ ਬੈਠ "**ਹਰਿ ਕਾ ਨਾਮੁ ਧਿਆਇ ਸੁਣਿ ਸਭਨਾਂ ਨੋ ਕਰਿ ਦਾਨੁ**" ਦੀ ਕਾਰ ਕਰਨ ਵਾਲੇ ਕਿਤਨੇ ਮਹਾਨ ਹਨ। ਗੁਰਮਤ ਦੇ ਫਿਲਾਸਫਰ, ਜਿਹਨਾਂ ਆਪ ਗੁਰਮਤ ਨੂੰ ਸਮਝਿਆ ਫਿਰ ਉਸਦੀ ਕਮਾਈ ਕੀਤੀ ਅਤੇ ਸਤਿਗੁਰੂ ਜੀ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ, ਭਾਈ ਸਾਹਿਬ ਭਾਈ ਗੁਰਦਾਸ ਜੀ ਆਪਣੇ ਕਬਿੱਤ

ਸਵੱਯਾਂ ਵਿੱਚ ਉਹਨਾਂ ਦੀ ਮਹਾਨਤਾ ਦਰਸਾਉਂਦੇ ਹੋਏ ਫੁਰਮਾਨ ਕਰਦੇ ਹਨ ਕਿ ਮੈਂ ਆਪਣੇ ਪੈਰਾਂ ਦੇ ਨਹੁੰਆਂ ਤੋਂ ਲੈ ਕੇ ਸਿਰ ਦੀ ਚੋਟੀ ਤੱਕ, ਸਰੀਰ ਦੇ ਸਾਰੇ ਅੰਗਾਂ ਨੂੰ ਰੋਮ-ਰੋਮ ਬਰਾਬਰ ਕੱਟ ਕੇ ਗੁਰਸਿੱਖਾਂ ਦੇ ਚਰਨਾਂ ਤੋਂ ਵਾਰ ਦੇਵਾਂ। ਫਿਰ ਉਹਨਾਂ ਬਰੀਕ ਕੱਟੇ ਅੰਗਾਂ ਨੂੰ ਅਗਨੀ ਵਿੱਚ ਸਾੜ ਕੇ ਚੱਕੀ ਵਿੱਚ ਪੀਸ ਕੇ ਬਰੀਕ ਕਰ ਦੇਵਾਂ। ਉਸ ਬਰੀਕ ਪੀਸੀ ਹੋਈ ਸਵਾਹ ਨੂੰ ਅਨੇਕਾਂ ਦਿਸ਼ਾ ਵਲ ਧਾਉਂਦੀ ਹਵਾ ਲੈ ਕੇ ਉੱਡ ਜਾਵੇ।

ਸਤਿਗੁਰੂ ਜੀ ਦੇ ਦਰ ਵਲ ਜਾਂਦੇ ਉਹਨਾਂ ਰਾਹਾਂ ਤੇ ਜਿਨ੍ਹਾਂ ਤੇ ਜਿੱਥੇ ਕਿੱਥੇ ਗੁਰ-ਸਿੱਖ ਅੰਮ੍ਰਿਤ ਵੇਲੇ "**ਹਰਿ ਕਾ ਨਾਮੁ ਧਿਆਇ ਸੁਣਿ**" ਦੀ ਕਾਰ ਕਰਨ ਜਾਂਦੇ, ਪੈਰ ਧਰਦੇ ਹਨ। ਮੇਰੇ ਸਰੀਰ ਦੀ ਭਸਮ ਨੂੰ ਉਹਨਾਂ ਰਾਹਾਂ ਉਪਰ ਵਿਛਾ ਦਿਉ।

ਤਾਂ ਕਿ ਉਸ ਰਸਤੇ ਤੇ ਚਲਣ ਵਾਲੇ ਗੁਰਸਿੱਖਾਂ ਦੇ ਚਰਨ ਮੇਰੀ ਭਸਮ ਨਾਲ ਛੂਹ ਜਾਣ ਜਿਸ ਸਦਕਾ ਮੇਰੀ ਵੀ ਪ੍ਰਭੂ ਚਰਨਾਂ ਨਾਲ ਲਿਵ ਲੱਗ ਜਾਵੇ। ਹੇ ਦਇਆ ਕਰਨ ਵਾਲੇ ਦਿਆਲੂ ਗੁਰਸਿੱਖੋ! ਮੈਂ ਪਾਪੀ ਨੂੰ ਵੀ ਇਸ ਸੰਸਾਰ ਤੋਂ ਆਪਣੀ ਚਰਨ ਧੂੜ ਬਖਸ਼ਸ਼ ਕਰਕੇ ਪਾਰ ਕਰ ਦੇਵੋ ਜੀ :—

ਨਖ ਸਿਖ ਲਉ ਸਗਲ ਅੰਗ ਰੋਮ ਰੋਮ ਕਰਿ,
ਕਾਟਿ ਕਾਟਿ ਸਿਖਨ ਕੇ ਚਰਨ ਪਰ ਵਾਰੀਐ॥
ਅਗਨਿ ਜਲਾਇ, ਫੁਨਿ ਪੀਸਨ ਪਸਾਇ ਤਾਂਹਿ,
ਲੈ ਉਡੈ ਪਵਨ ਹੁਇ ਅਨਿਕ ਪ੍ਰਕਾਰੀਐ॥
ਜਤ ਕਤ ਸਿਖ ਪਗ ਧਰੈ ਗੁਰ ਪੰਥ ਪ੍ਰਾਤ,
ਤਾਹੂ ਤਾਹੂ ਮਾਰਗ ਮੈ ਭਸਮ ਕੌ ਡਾਰੀਐ॥
ਤਿਹ ਪਦ ਪਾਦਕ ਚਰਨ ਲਿਵ ਲਾਗੀ ਰਹੈ,
ਦਇਆ ਕੈ ਦਇਆਲ ਮੋਹਿ ਪਤਿਤ ਉਧਾਰੀਐ॥ ੬੭੨॥

ਕਬਿੱਤ ਸੱਵਯੇ ਭਾ : ਗੁਰਦਾਸ ਜੀ॥

ਕਿੰਨੀ ਮਹਾਨ ਹੈ ਸਤਿ-ਸੰਗਤ ਅਤੇ ਕਿੰਨੇ ਮਹਾਨ ਹਨ, ਉਹ ਗੁਰੂ ਪਿਆਰੇ, ਜੋ ਸਤ-ਸੰਗਤ ਵਿੱਚ "**ਹਰਿ ਕਾ ਨਾਮੁ ਧਿਆਇ ਸੁਣਿ**" ਦੀ ਕਾਰ ਕਰਕੇ, "**ਸਭਨਾ ਨੋ ਕਰਿ ਦਾਨੁ**" ਦੀ ਕਮਾਈ ਕਰਦੇ ਹਨ। ਜਿੱਥੇ ਉਹ ਗੁਰੂ ਪਿਆਰੇ ਇੰਨੇ ਮਹਾਨ ਹੋ ਜਾਂਦੇ ਹਨ, ਉੱਥੇ ਸ੍ਰੇਸ਼ਟ ਨਾਮ ਜਪਣ ਦੀ ਕਾਰ ਕਰਨ ਸਦਕਾ ਜਨਮਾਂ-ਜਨਮਾਂਤਰਾਂ ਦੇ ਕੀਤੇ ਹੋਏ ਪਾਪ ਕਰਮਾਂ ਦੀ ਉਹਨਾਂ ਦੀ ਆਤਮਾਂ ਉੱਪਰ ਲੱਗੀ ਹੋਈ ਮੈਲ ਉੱਤਰ ਜਾਂਦੀ ਹੈ ਅਤੇ ਮਨ ਵਿੱਚੋਂ ਪ੍ਰਭੂ ਜੀ ਤੋਂ ਦੂਰੀ ਪਾਈ ਰੱਖਣ ਵਾਲਾ ਅਹੰਕਾਰ ਵੀ ਦੂਰ ਹੋ ਜਾਂਦਾ ਹੈ।

ਇੱਥੇ ਹੀ ਬਸ ਨਹੀਂ, ਬਾਕੀ ਚਾਰ ਮਾਇਆ ਦੇ ਦੂਤ ਕਾਮ, ਕ੍ਰੋਧ, ਲੋਭ, ਮੋਹ ਵੀ ਉਸ ਦਾ ਖਹਿੜਾ ਛੱਡ ਜਾਂਦੇ ਹਨ। ਸੱਚ-ਧਰਮ ਦੇ ਮਾਰਗ ਤੇ ਚਲਣ ਸਦਕਾ ਸਾਰਾ ਸੰਸਾਰ ਹੀ ਉਸਦੀ ਉਪਮਾ (ਵਡਿਆਈ) ਕਰਨ ਲੱਗ ਜਾਂਦਾ ਹੈ। **"ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ"** ਦਾ ਮਾਰਗ ਅਪਨਾਉਣ ਸਦਕਾ ਉਸਨੂੰ ਹੋਰ ਕਿਸੇ ਪਾਸੇ ਭ੍ਰਮਣ ਨਹੀਂ ਕਰਨਾ ਪੈਂਦਾ। ਇਹ ਕਾਰ ਕਰਦਿਆਂ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ, ਜੀਅ ਦਇਆ ਦਾ, ਸਾਰੇ ਪੁੰਨ ਕਰਮਾਂ ਦਾ ਫਲ ਉਸ ਨੂੰ ਘਰ ਬੈਠਿਆਂ ਹੀ ਪ੍ਰਾਪਤ ਹੋ ਜਾਂਦਾ ਹੈ। ਲੋੜ ਹੈ ਮਨ, ਬਚਨ, ਕਰਮ ਕਰਕੇ ਅਸੀਂ ਸੰਗਤ ਵਿੱਚ ਬੈਠ ਕੇ ਪ੍ਰਭੂ ਦੇ ਨਾਮ ਨੂੰ ਧਿਆਈਏ, ਗੁਰੂ ਦੀ ਸਿੱਖਿਆ ਨੂੰ ਸੁਣੀਏ ਅਤੇ ਦੂਸਰਿਆਂ ਨੂੰ ਦਾਨ ਕਰੀਏ।

ਇਹ ਅਮੋਲਕ ਦਾਤ ਜਿਸ ਨੂੰ ਪ੍ਰਭੂ ਆਪ ਮਿਹਰ ਕਰਕੇ ਦੇਵੇ, ਉਹ ਇਸ ਦਾਤ ਨੂੰ ਪ੍ਰਾਪਤ ਕਰਕੇ ਸ੍ਰੇਸ਼ਟ ਤੇ ਸਿਆਣਾ ਬਣ ਸਕਦਾ ਹੈ। ਜਿਹਨਾਂ ਨੂੰ ਇਸ ਮਾਰਗ ਤੇ ਚੱਲ ਕੇ ਪ੍ਰਮੇਸ਼ਰ ਦੀ ਪ੍ਰਾਪਤੀ ਹੋ ਜਾਂਦੀ ਹੈ, ਸਤਿਗੁਰੂ ਜੀ ਉਸ ਤੋਂ ਕੁਰਬਾਨ ਜਾਂਦੇ ਹਨ। ਮਾਘ ਦੇ ਮਹੀਨੇ ਕੋਈ ਮਨੁੱਖ ਇਸ਼ਨਾਨ ਕਰਕੇ ਸੁੱਚਾ ਨਹੀਂ ਹੋ ਸਕਦਾ, ਸੁੱਚਾ ਉਹ ਹੀ ਹੈ ਜਿਸ ਮਨੁੱਖ ਤੇ ਪੂਰਾ ਗੁਰੂ ਕ੍ਰਿਪਾ ਕਰ ਦਿੰਦਾ ਹੈ, ਜੋ ਪੂਰੇ ਗੁਰੂ ਦੀ ਮਿਹਰ ਦਾ ਪਾਤਰ ਬਣ ਜਾਂਦਾ ਹੈ। ਮਿਹਰ ਦਾ ਪਾਤਰ, ਸਤ-ਸੰਗਤ ਕਰਨ ਅਤੇ ਹਰੀ ਦਾ ਨਾਮ ਧਿਆਉਣ ਅਤੇ ਉਸਦਾ ਦਾਨ ਕਰਨ ਨਾਲ ਹੀ ਬਣਦਾ ਹੈ। ਗੁਰੂ ਫੁਰਮਾਨ ਹੈ :—

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ, ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥

ਬਾਰਹ ਮਾਹਾ ਮਾਝ ਮ: ੫ (ਪੰਨਾ : ੧੩੫)

ਇਹ ਹੈ ਵਿਧੀ, ਸਤਿ ਸੰਗਤ ਵਿੱਚ ਜਾਣ ਦੀ ਅਤੇ ਉੱਥੇ ਬੈਠ ਕੇ ਲਾਹਾ ਪ੍ਰਾਪਤ ਕਰਨ ਦੀ। ਸਤਿ ਸੰਗਤ ਦੀ ਮਹਾਨਤਾ ਵਰਨਣ ਨਹੀਂ ਕੀਤੀ ਜਾ ਸਕਦੀ।

ਸਤਿ-ਸੰਗਤ ਦੁਆਰਾ ਹੀ ਗਨਕਾ ਦਾ ਉਧਾਰ ਹੋਇਆ। ਸਤਿ ਸੰਗਤ ਦੁਆਰਾ ਹੀ ਬਾਲਮੀਕ ਦਾ ਨਿਸਤਾਰਾ ਹੋਇਆ। ਸਤਿ-ਸੰਗਤ ਦੀ ਬਰਕਤ ਨਾਲ ਹੀ,

ਅਜਾਮਲ ਦੀ ਜਮਦੂਤਾਂ ਤੋਂ ਖਲਾਸੀ ਹੋਈ। ਇਹ ਸਾਰੀਆਂ ਬਖਸ਼ਸ਼ਾਂ ਸਤ-ਸੰਗਤ ਵਿੱਚੋਂ ਹੀ ਪ੍ਰਾਪਤ ਹੁੰਦੀਆਂ ਹਨ। ਸਾਹਿਬਾਂ ਦਾ ਫੁਰਮਾਨ ਹੈ :—

ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥

ਨਟ ਮ: ੪ (ਪੰਨਾ : ੯੮੧)

ਬਾਲਮੀਕੈ ਹੋਆ ਸਾਧਸੰਗੁ ॥ ਧ੍ਰੂ ਕਉ ਮਿਲਿਆ ਹਰਿ ਨਿਸੰਗ ॥ ੧ ॥

ਬਸੰਤੁ ਮ: ੫ (ਪੰਨਾ : ੧੧੯੨)

ਗੁਰੂ ਦੁਆਰੇ ਜਾਇ ਕੈ ਗੁਰਮੁਖਿ ਨਾਉ ਨਰਾਇਣੁ ਕਹਿਆ ॥
ਅੰਤਕਾਲ ਜਮਦੂਤ ਵੇਖਿ ਪੁਤ-ਨਰਾਇਣੁ ਬੋਲੈ ਛਹਿਆ ॥
ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁ ਡੰਡੁ ਨ ਸਹਿਆ ॥

ਵਾਰ ੧੦, ਪਉੜੀ ੨੦

ਸਤਿ-ਸੰਗਤ ਦੁਆਰਾ ਹਉਮੈਂ ਦੀ ਨਿਰਵਿਰਤੀ

ਗੁਰਬਾਣੀ ਦੀ ਰੋਸ਼ਨੀ ਵਿੱਚ, ਹਉਮੈਂ ਤੋਂ ਛੁਟਕਾਰੇ ਲਈ, ਨਾਮ ਦੀ ਰਾਸ ਵਿੱਚ ਵਾਧਾ ਕਰਨ ਲਈ ਅਤੇ ਪ੍ਰਭੂ ਮਾਲਕ ਦੇ ਮਿਲਾਪ ਲਈ ਮਨ ਵਿੱਚ ਉਤਸ਼ਾਹ ਪੈਦਾ ਕਰਨ ਲਈ, ਹਰ ਪ੍ਰਾਨੀ ਨੂੰ ਸਤਿ-ਸੰਗਤ ਕਰਨੀ ਅਤਿ ਲਾਜ਼ਮੀ ਹੈ। ਸਤਿ-ਸੰਗਤ ਤੋਂ ਵਿਹੂਣਿਆਂ ਪ੍ਰਤੀ ਤਾਂ ਤੀਸਰੇ ਪਾਤਸ਼ਾਹ ਜੀ ਦਾ ਫੁਰਮਾਨ ਹੈ ਕਿ ਜਿਹੜੇ ਮਨੁੱਖ ਸਤਿ-ਸੰਗਤ ਨਹੀਂ ਕਰਦੇ ਉਹਨਾਂ ਵਿੱਚ ਤੇ ਡੰਗਰਾਂ ਵਿੱਚ ਕੋਈ ਅੰਤਰ ਨਹੀਂ ਹੈ। ਜਿਸ ਵਾਹਿਗੁਰੂ ਨੇ ਉਹਨਾਂ ਨੂੰ ਪੈਦਾ ਕੀਤਾ ਹੈ ਉਸਨੂੰ ਕਦੇ ਚੇਤੇ ਨਹੀਂ ਕਰਦੇ। ਨਾਮ ਵਿਹੂਣੇ ਮਨੁੱਖ ਪ੍ਰਭੂ ਦੇ ਚੋਰ ਹਨ। ਪ੍ਰਮਾਤਮਾ ਪਾਸੋਂ ਹੀ ਸੁਹਣਾ ਮਨੁੱਖੀ ਸਰੀਰ ਪ੍ਰਾਪਤ ਹੋਇਆ, ਪ੍ਰਮਾਤਮਾਂ ਹੀ ਸਾਰੇ ਖਾਣ-ਪੀਣ, ਭੋਗਣ ਦੇ ਪਦਾਰਥ ਦਿੰਦਾ ਹੈ। ਉਸ ਦੀਆਂ ਦਿੱਤੀਆਂ ਦਾਤਾਂ ਖਾਈ ਤੇ ਵਰਤੀ ਜਾਂਦੇ ਹਨ, ਪਰ ਦੇਣ ਵਾਲੇ ਦਾਤੇ ਦਾ ਨਾਮ ਜਪ ਕੇ ਕਦੀ ਉਸਦਾ ਧੰਨਵਾਦ ਨਹੀਂ ਕਰਦੇ, ਇਸ ਲਈ :—

ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥
ਜਿਨ੍ਹਿ ਕੀਤੇ ਤਿਸੈ ਨ ਜਾਣਨ੍ਹੀ ਬਿਨੁ ਨਾਵੈ ਸਭਿ ਚੋਰ ॥

ਆਸਾ ਮ: ੩ (ਪੰਨਾ : ੪੨੭)

ਜੋ ਮਨੁੱਖ, ਹਰ ਰੋਜ਼, ਨਿਤਨੇਮ ਵੀ ਕਰਦਾ ਹੈ, ਗੁਰੂ ਚਾਲੀ ਅਨੁਸਾਰ ਸਿਮਰਨ ਵੀ ਕਰਦਾ ਹੈ, ਪਰ ਸਤਿ-ਸੰਗਤ ਨਹੀਂ ਕਰਦਾ, ਐਸੇ ਗੁਰੂ ਪਿਆਰੇ ਦੇ ਹਿਰਦੇ ਵਿੱਚ ਸੂਖਸ਼ਮ ਹਉਮੈਂ, ਅੰਕੁਰ ਮਾਰਨਾ ਅਰੰਭ ਕਰ ਦਿੰਦੀ ਹੈ। ਉਸਨੂੰ ਆਪਣੇ ਸਿਮਰਨ, ਨਿਤਨੇਮ ਤੇ ਅਹੰਕਾਰ ਹੋ ਜਾਂਦਾ ਹੈ ਕਿ ਮੈਂ ਹਰ ਰੋਜ਼ ਨਿਤਨੇਮ ਕਰਦਾ ਹਾਂ, ਸੁਖਮਨੀ ਸਾਹਿਬ ਦੇ ਪਾਠ ਵਿੱਚ ਕਦੀ ਨਾਗਾ ਨਹੀਂ ਪਾਇਆ। ਮੈਂ ਸਿਮਰਨ ਦੇ ਮਾਰਗ ਦਾ ਵੀ ਪਾਂਧੀ ਹਾਂ। ਇਸ ਤਰ੍ਹਾਂ ਦਾ ਸੂਖਸ਼ਮ ਮਾਨ ਵਧਦਾ-ਵਧਦਾ ਇੱਕ ਦਿਨ ਜਗਿਆਸੂ ਦੇ

ਰਸਤੇ ਵਿੱਚ ਬੜੀ ਸਥੂਲ ਦੀਵਾਰ ਬਣ ਕੇ ਆਤਮਕ ਪੰਧ ਵਿੱਚ ਰੁਕਾਵਟ ਦਾ ਰੂਪ ਧਾਰਨ ਕਰ ਲੈਂਦਾ ਹੈ।

ਪਰ ਦੂਸਰੇ ਪਾਸੇ ਜਿਹੜਾ ਜਗਿਆਸੂ ਨਿਤਨੇਮ ਦਾ ਵੀ ਪੂਰਨ ਧਾਰਨੀ ਹੈ ਅਤੇ ਸਿਮਰਨ ਤੋਂ ਵੀ ਅਵੇਸਲਾ ਨਹੀਂ ਹੁੰਦਾ ਅਤੇ ਹਰ ਰੋਜ਼ ਸਤਿ-ਸੰਗਤ ਵਿੱਚ ਵੀ ਆਪਣੀ ਹਾਜ਼ਰੀ ਭਰਦਾ ਹੈ, ਸਤਿ-ਸੰਗਤ ਵਿੱਚ ਮਿੱਲ ਬੈਠਣ ਸਦਕਾ ਉਸਨੂੰ ਗਿਆਨ ਹੁੰਦਾ ਹੈ ਕਿ ਸਤਿਸੰਗਤ ਵਿੱਚ ਤਾਂ ਗੁਰੂ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ :—

ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥

ਸੂਹੀ ਮ: ੧ (ਪੰਨਾ ੭੬੨)

ਜਦੋਂ ਕਿਤੇ ਸਤਸੰਗੀ ਪੁਰਸ਼ ਦੇ ਹਿਰਦੇ ਵਿੱਚ ਹਉਮੈਂ ਫੇਰਾ ਮਾਰੇ ਅਤੇ ਉਸ ਦੇ ਹਿਰਦੇ ਘਰ ਵਿੱਚ ਬੈਠਣ ਦਾ ਯਤਨ ਕਰੇ, ਉਹ ਗੁਰੂ ਪਿਆਰਾ ਇੱਕ ਦਮ ਸਾਵਧਾਨ ਹੋ ਕੇ ਆਪਣੇ ਹਿਰਦੇ ਵਿੱਚ ਹਊਮੈਂ ਨੂੰ ਘਰ ਕਰਨ ਤੋਂ ਰੋਕ ਦਿੰਦਾ ਹੈ ਤੇ ਮਨ ਨੂੰ ਸਮਝਾਉਂਦਾ ਹੈ ਕਿ ਹੇ ਮਨ, ਤੂੰ ਇੱਕ ਨਿਤਨੇਮ ਤੇ ਸੁਖਮਨੀ ਸਾਹਿਬ ਦਾ ਪਾਠ ਕਰਕੇ ਤੇ ਥੋੜਾ ਸਿਮਰਨ ਕਰਕੇ ਮਾਣ ਕਰਨ ਲੱਗ ਪਿਆਂ ਹੈਂ। ਪਰ ਸਤਿ-ਸੰਗਤ ਵਿੱਚ ਤਾਂ ਐਸੇ ਗੁਰੂ ਪਿਆਰੇ ਹਨ, ਜੋ ਸੁਖਮਨੀ ਸਾਹਿਬ ਤੇ ਨਿਤਨੇਮ ਤੋਂ ਇਲਾਵਾ ਪੂਰੀ ਪੰਜ ਗ੍ਰੰਥੀ ਦੇ ਨੇਮੀ ਪਾਠੀ ਹਨ ਤੇ ਸੁਆਸ-ਸੁਆਸ ਉਸ ਮਾਲਕ ਦਾ ਸਿਮਰਨ ਉਹਨਾਂ ਦੇ ਹਿਰਦੇ ਵਿੱਚੋਂ ਚਲਦਾ ਹੈ। ਜਦੋਂ ਐਸੇ ਗੁਰੂ ਪਿਆਰਿਆਂ ਦੀ ਕਰਨੀ ਵੱਲ ਧਿਆਨ ਜਾਏਗਾ ਤਾਂ ਮਨ ਵਿੱਚੋਂ ਹੰਕਾਰ ਦੀ ਸਫਾ ਉੱਠ ਜਾਏਗੀ ਤੇ ਮਨ ਵਿੱਚ ਨਿਮਰਤਾ ਤੇ ਸਹਿਜ ਆ ਜਾਵੇਗਾ :—

ਬੜੇ ਉੱਤਮ ਭਾਗਾਂ ਨਾਲ ਸਤਿ-ਸੰਗਤ ਦੀ ਪ੍ਰਾਪਤੀ ਹੁੰਦੀ ਹੈ।

ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ ॥

ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ ॥

ਸੋਰਠਿ ਮ: ੫ (ਪੰਨਾ : ੬੧੭)

ਤਥਾ :—**ਵਡਭਾਗੀ ਹਰਿ ਸੰਗਤਿ ਪਾਵਹਿ ॥ ਭਾਗਹੀਨ ਭ੍ਰਮਿ ਚੋਟਾ ਖਾਵਹਿ ॥**

ਤਥਾ :—**ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥**

ਮਾਝ ਮ: ੪ (ਪੰਨਾ : ੯੫)

ਜਿਨ੍ਹਾਂ ਵਡਭਾਗੀਆਂ ਨੂੰ ਸਤਿ-ਸੰਗਤ ਦਾ ਮਿਲਾਪ ਪ੍ਰਾਪਤ ਹੋ ਜਾਂਦਾ ਹੈ, ਜਿੱਥੇ ਉਹਨਾਂ ਦੇ ਹਿਰਦੇ ਵਿੱਚੋਂ ਹਉ-ਹੰਗਤਾ ਦਾ ਅਭਾਵ ਹੋ ਜਾਂਦਾ ਹੈ ਅਤੇ ਸਦਾ ਲਈ ਨਾਮ ਹਿਰਦੇ ਵਿੱਚ ਟਿੱਕ ਜਾਂਦਾ ਹੈ, ਉੱਥੇ ਉਹਨਾਂ ਨੂੰ ਸਤਿ-ਸੰਗਤ ਦੀ ਬਦੌਲਤ ਨਾਮ ਦਾ ਰਸ ਵੀ ਪ੍ਰਾਪਤ ਹੋ ਜਾਂਦਾ ਹੈ। ਮਨ ਦੀ ਥਿਰਤਾ ਵੀ ਉਹਨਾਂ ਨੂੰ ਸੁਤੇ ਪ੍ਰਾਪਤ ਹੋ

ਜਾਂਦੀ ਹੈ। ਚੌਥੇ ਗੁਰਦੇਵ ਜੀ ਦਾ ਫੁਰਮਾਨ ਹੈ :—

ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ
ਮਿਲਿ ਜਨ ਨਾਨਕ ਨਾਮੁ ਪਰਗਾਸਿ ॥

ਗੂਜਰੀ ਮ: ੪ (ਪੰਨਾ : ੧੦)

ਤਥਾ :—**ਸਤਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ ॥**

ਜੈਤਸਰੀ ਮ: ੪ (ਪੰਨਾ : ੬੯੮)

ਦੀ ਪਾਰਸ ਕਲਾ ਵੀ ਉਹਨਾਂ ਤੇ ਵਰਤ ਜਾਂਦੀ ਹੈ।

ਵੱਡੇ ਭਾਗਾਂ ਦੀ ਬਦੌਲਤ ਜਦੋਂ ਮਨੁੱਖ ਨੂੰ ਸਤਿ-ਸੰਗਤ ਪ੍ਰਾਪਤ ਹੋ ਜਾਂਦੀ ਹੈ, ਸਤਿ-ਸੰਗਤ ਦੀ ਕ੍ਰਿਪਾ ਨਾਲ ਨਾਮ ਦਾ ਅਨੰਦਤ ਰਸ ਵੀ ਉਹਨਾਂ ਵਡਭਾਗੀਆਂ ਨੂੰ ਪ੍ਰਾਪਤ ਹੋ ਜਾਂਦਾ ਹੈ। ਆਤਮਿਕ ਅਨੰਦ ਦੀ ਬਦੌਲਤ ਉਹਨਾਂ ਦੀ ਸੁਰਤੀ ਹਰ ਸਮੇਂ, ਅਨੰਦ ਦੇਣ ਵਾਲੇ ਦਾਤੇ ਪ੍ਰਭੂ ਜੀ ਨਾਲ ਇੱਕ ਸੁਰ ਰਹਿੰਦੀ ਹੈ। ਇੱਕ ਸੁਰ ਅਨੰਦਤ ਆਤਮਾ ਨੂੰ ਸਹਿਜ ਅਵਸਥਾ ਵੀ ਸੁਤੇ ਹੀ ਪ੍ਰਾਪਤ ਹੋ ਜਾਂਦੀ ਹੈ।

ਸਹਿਜ ਅਵਸਥਾ ਦਾ ਧਾਰਨੀ ਮਨੁੱਖ ਸੰਸਾਰ ਵਿੱਚ ਰਹਿੰਦਾ ਹੋਇਆ, ਸੰਸਾਰ ਦੇ ਮੋਹ-ਮਾਇਆ ਦੇ ਅਸਰ ਤੋਂ ਨਿਰਲੇਪ ਰਹਿੰਦਾ ਹੈ। ਹਰਖ ਸੋਗ ਤੋਂ ਉੱਪਰ ਉੱਠ ਕੇ ਉਹ ਪ੍ਰਭੂ ਰਜ਼ਾ ਵਿੱਚ ਆਪਣਾ ਜੀਵਨ ਬਤੀਤ ਕਰਦਾ ਹੈ। ਐਸੀ ਸਹਿਜ ਅਵਸਥਾ ਦੇ ਧਾਰਨੀ ਦੀ ਲੋਕ-ਪ੍ਰਲੋਕ ਵਿੱਚ ਸੋਭਾ ਹੁੰਦੀ ਹੈ। ਇਹ ਸਾਰੀ ਵਡਿਆਈ "**ਸਤਿ ਸੰਗਤਿ ਮਿਲੈ ਵਡਭਾਗਿ**" ਦੀ ਹੀ ਹੈ। ਜਿਵੇਂ, ਗੁਰੂ ਰਾਮਦਾਸ ਜੀ ਮਹਾਰਾਜ ਜੀ ਨੇ ਧਨਾਸਰੀ ਰਾਗ ਵਿੱਚ ਫੁਰਮਾਨ ਕੀਤਾ ਹੈ :—

ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥
ਅਨਦਿਨੁ ਰਹੈ ਲਿਵ ਲਾਇ ਤ ਸਹਜਿ ਸਮਾਵਏ ਜੀਉ ॥
ਸਹਜਿ ਸਮਾਵੈ ਤਾ ਹਰਿ ਮਨਿ ਭਾਵੈ ਸਦਾ ਅਤੀਤੁ ਬੈਰਾਗੀ ॥
ਹਲਤਿ ਪਲਤਿ ਸੋਭਾ ਜਗ ਅੰਤਰਿ ਰਾਮ ਨਾਮਿ ਲਿਵ ਲਾਗੀ
ਹਰਖ ਸੋਗ ਦੁਹਾ ਤੇ ਮੁਕਤਾ ਜੋ ਪ੍ਰਭੁ ਕਰੇ ਸੁ ਭਾਵਏ ॥
ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥ ੩ ॥

ਧਨਾਸਰੀ ਛੰਤ ਮ: ੪ (ਪੰਨਾ : ੬੯੦)

ਐਸੀਆਂ ਲੋਕ-ਪ੍ਰਲੋਕ ਦੀਆਂ ਬਖਸ਼ਸ਼ਾਂ ਅਤੇ ਹਉਮੈਂ ਦੀਰਘ ਰੋਗ ਤੋਂ ਛੁਟਕਾਰਾ ਸਤਿਸੰਗਤ ਕਰਨ ਨਾਲ ਹੀ ਪ੍ਰਾਪਤ ਹੁੰਦਾ ਹੈ। ਤਾਂ ਤੇ ਹਰ ਮਨੁੱਖ ਨੂੰ ਗੁਰੂ ਹੁਕਮ ਅਨੁਸਾਰ ਆਪਣੇ ਲੋਕ ਪ੍ਰਲੋਕ ਸੁਹੇਲੇ ਕਰਨ ਵਾਸਤੇ ਸਤਿ-ਸੰਗਤ ਕਰਨੀ ਜ਼ਰੂਰੀ ਹੈ।

ਦੂਜਾ ਸਾਧਨ : ਨਾਮ ਜਪੁ ਦੁਆਰਾ ਹਉਮੈਂ ਦਾ ਅਭਾਵ

ਤੀਸਰੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਹਉਮੈਂ ਤੋਂ ਛੁਟਕਾਰੇ ਦਾ ਸਾਧਨ ਦੱਸਦੇ ਹੋਏ ਸ੍ਰੀ ਰਾਗ ਵਿੱਚ ਫੁਰਮਾਉਂਦੇ ਹਨ ਕਿ ਪਿਆਰ ਵਿੱਚ ਭਿੱਜ ਕੇ ਗੁਰੂ ਦੇ ਸ਼ਬਦ ਦੀ ਕਮਾਈ ਕਰਨ ਨਾਲ ਹਉਮੈਂ ਸੜ ਜਾਂਦੀ ਹੈ। ਮੈਂ ਮੇਰੀ ਦਾ ਅਭਾਵ ਹੋ ਜਾਂਦਾ ਹੈ :—

ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ॥
ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ॥
ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ॥

ਸਿਰੀਰਾਗੁ ਮ: ੩ (ਪੰਨਾ ੬੭)

ਹਉਮੈਂ ਅਤੇ ਮੈਂ ਮੇਰੀ ਦੀ ਪਕੜ ਬੜੀ ਮਨ ਨੂੰ ਮੋਹਣ ਵਾਲੀ ਹੈ। ਗੁਰੂ ਤੋਂ ਜਿਹੜੇ ਬੰਦੇ ਬੇਮੁਖ ਹਨ ਉਹਨਾਂ ਨੂੰ ਇਸ ਹਉਮੈਂ ਨੇ ਮੋਹਿਆ ਹੀ ਨਹੀਂ ਸਗੋਂ ਖਾ ਲਿਆ ਹੈ। ਜਿਨ੍ਹਾਂ ਨੇ ਪ੍ਰਮੇਸ਼ਰ ਜੀ ਨੂੰ ਛੱਡ ਕੇ ਮਾਇਆ ਨਾਲ ਪ੍ਰੀਤੀ ਕੀਤੀ ਹੈ ਉਹਨਾਂ ਨੂੰ ਐਸੀ ਚੰਬੜੀ ਹੈ ਕਿ ਉਹ ਕਦੇ ਵੀ ਇਸ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੋ ਸਕਦੇ। ਪਰ ਜੇ ਗੁਰੂ ਦੇ ਸ਼ਬਦ (ਨਾਮ) ਦਾ ਪੱਲਾ ਫੜ ਲਿਆ ਜਾਵੇ, ਨਾਮ ਸਿਮਰਨ ਦੀ ਬਰਕਤ ਨਾਲ ਇਸ ਨੂੰ ਪੂਰਨ ਤੌਰ ਤੇ ਸਾੜਿਆ (ਅਭਾਵ ਕੀਤਾ) ਜਾ ਸਕਦਾ ਹੈ। ਮਾਇਆ ਦਾ ਮਨ ਤੋਂ ਪ੍ਰਭਾਵ ਖਤਮ ਹੁੰਦੇ ਸਾਰ ਤਨ ਅਤੇ ਮਨ ਵੀ ਪਵਿੱਤਰ ਹੋ ਜਾਂਦਾ ਹੈ ਤੇ ਨਾਮ, ਜਿਸ ਨੂੰ ਜਪਣ ਨਾਲ ਮਾਇਆ ਦਾ ਪ੍ਰਭਾਵ ਦੂਰ ਹੋ ਗਿਆ ਸੀ, ਮਨ ਵਿੱਚ ਟਿੱਕ ਜਾਂਦਾ ਹੈ। ਅੱਗੇ ਗੁਰਦੇਵ ਜੀ ਫੁਰਮਾਨ ਕਰਦੇ ਹਨ ਕਿ ਮਾਇਆ ਨੂੰ ਮਾਰਨ ਵਾਲਾ ਮਸਾਲਾ ਕੇਵਲ ਤੇ ਕੇਵਲ ਪ੍ਰਮੇਸ਼ਰ ਜੀ ਦਾ ਨਾਮ ਹੀ ਹੈ। ਨਾਮ ਗੁਰੂ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ :—

ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ॥
ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨਾ ਵਿਆਪਿ ਰਹੀ ਲਪਟਾਇ॥
ਗੁਰ ਕੈ ਸਬਦਿ ਪਰਜਾਲੀਐ ਤਾ ਏਹ ਵਿਚਹੁ ਜਾਇ॥
ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ॥
ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ॥

ਸਲੋਕੁ ਮ: ੩ (ਪੰਨਾ : ੫੧੩)

ਹਉਮੈਂ ਦੀ ਖਿੱਚ ਮਨੁੱਖ ਨੂੰ ਬਹੁਤ ਪ੍ਰਭਾਵਤ ਕਰਦੀ ਹੈ। ਹਉਮੈ ਕਰਕੇ ਮਨੁੱਖ

ਮਾਇਆ ਦੇ ਪ੍ਰਭਾਵ ਵਿੱਚ ਫਸ ਜਾਂਦਾ ਹੈ। ਆਪਣੇ ਜ਼ੋਰ ਨਾਲ, ਨ ਹਉਮੈਂ ਨੂੰ ਮਾਰਿਆ ਜਾ ਸਕਦਾ ਹੈ ਤੇ ਨ ਹੀ ਕਿਸੇ ਦੁਕਾਨ ਤੇ ਵੇਚ ਕੇ ਇਸ ਤੋਂ ਖਹਿੜਾ ਛੁਡਾਇਆ ਜਾ ਸਕਦਾ ਹੈ। ਜੇ ਇਸ ਤੋਂ ਛੁਟਕਾਰਾ ਪ੍ਰਾਪਤ ਕਰਨਾ ਹੈ, ਛੁਟਕਾਰਾ ਨਾਮ ਜਪ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। ਨਾਮ ਜਪਣ ਨਾਲ ਹਉਮੈਂ ਸੜ ਜਾਂਦੀ ਹੈ। ਤਨ ਤੇ ਮਨ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਪਵਿੱਤਰ ਹੋ ਜਾਂਦਾ ਹੈ। ਮਾਇਆ ਹਉਮੈਂ ਨੂੰ ਮਾਰਣ ਵਾਲਾ ਮਸਾਲਾ ਕੇਵਲ ਨਾਮ ਹੀ ਹੈ।

ਤਥਾ :—ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ॥
ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ॥
ਗੁਰ ਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ॥
ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ॥
ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ਗੁਰਮੁਖਿ ਪਾਇਆ ਜਾਇ॥

ਸਲੋਕ ਮ: ੩ (ਪੰਨਾ ੮੫੩)

ਤੀਜੇ ਸਾਹਿਬਾਂ ਦਾ ਫੁਰਮਾਨ ਹੈ, ਜੋ ਕਰਤਾ ਪੁਰਖੁ ਕਰਦਾ ਹੈ ਉਹ ਨਿਸਚੇ (ਜ਼ਰੂਰ) ਹੀ ਹੁੰਦਾ ਹੈ, ਪਰ ਇਸ ਅਸਲੀਅਤ ਤੋਂ ਉਹ ਮਨੁੱਖ ਹੀ ਜਾਣੂੰ ਹੋ ਸਕਦਾ ਹੈ, ਜੋ ਨਾਮ ਜਪ ਦੁਆਰਾ ਹਉ-ਹੰਗਤਾ ਨੂੰ ਨਾਸ ਕਰ ਦਿੰਦਾ ਹੈ :—

ਕਰਤਾ ਕਰੇ ਸੁ ਨਿਹਚਉ ਹੋਵੈ॥
ਗੁਰ ਕੈ ਸਬਦੇ ਹਉਮੈ ਖੋਵੈ॥

ਮਾਰੂ ਮ: ੩ (ਪੰਨਾ : ੧੦੬੨)

ਸਤਿਗੁਰੂ ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਮਾਇਆ ਦੀ ਸ਼ਕਤੀ ਦੇ ਬਲ ਦਾ ਪ੍ਰਗਟਾਵਾ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਇਸ ਮਾਇਆ ਨੇ ਸਾਰਾ 'ਤ੍ਰੈ-ਗੁਣੀ[1] ਸੰਸਾਰ, ਚਾਰੇ ਕੁੰਡਾਂ (ਭਾਵ ਸਾਰੇ ਜਗਤ) ਨੂੰ ਆਪਣੇ ਵੱਸ ਵਿੱਚ ਕੀਤਾ ਹੋਇਆ ਹੈ। ਜੱਗ ਕਰਨ ਵਾਲੇ, ਤੀਰਥਾਂ ਦੇ ਇਸ਼ਨਾਨੀ, ਤਪ ਸਾਧਨਾਂ ਕਰਨ ਵਾਲੇ, ਜਪੀ, ਤਪੀ ਮਾਇਆ ਦੇ ਪ੍ਰਭਾਵ ਤੋਂ ਨਹੀਂ ਬਚ ਸਕੇ, ਇਹ ਜੀਵ ਵਿਚਾਰੇ ਦਾ ਇਸ ਮਾਇਆ ਅੱਗੇ ਕੀ ਜੋਰ ਚਲ ਸਕਦਾ ਹੈ। ਮਾਇਆ ਦੀ ਸ਼ਕਤੀ ਬਹੁਤ ਪ੍ਰਬਲ ਹੈ ਇਸ ਦੇ ਪ੍ਰਭਾਵ ਤੋਂ ਜੀਵ ਬਚ ਨਹੀਂ ਸਕਦਾ, ਪਰ ਗੁਰੂ ਦੀ ਮਿਹਰ ਨਾਲ, ਜੀਵ-ਆਤਮਾਂ ਪ੍ਰਮਾਤਮਾਂ ਦੀ ਓਟ ਲਵੇ ਅਤੇ ਗੁਰੂ ਦੇ ਬਖਸ਼ਸ਼ ਕੀਤੇ ਨਾਮ ਜਪ ਦਾ ਪੱਲਾ ਫੜ, ਹਰੀ ਦੇ ਗੁਣ ਗਾਏ ਤਾਂ ਮਾਇਆ ਦੀਆਂ ਬਿਆਧੀਆਂ[2] ਦੂਰ ਹੋ ਜਾਂਦੀਆਂ ਹਨ ਤੇ ਜੀਵ

੧. ਰਜੋ, ਤਮੋ, ਸਤੋ   ੨. ਵਿਸ਼ੇ-ਵਿਕਾਰ

ਸਦਾ ਲਈ ਮਾਇਆ ਦੇ ਪ੍ਰਭਾਵ ਤੋਂ ਬਚ ਜਾਂਦਾ ਹੈ :—

ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ॥

ਜਗ ਇਸਨਾਨ ਤਾਪ ਥਾਨ ਖੰਡੇ ਕਿਆ ਇਹੁ ਜੰਤੁ ਵਿਚਾਰਾ॥ ੨॥

ਪ੍ਰਭ ਕੀ ਓਟ ਗਹੀ ਤਉ ਛੂਟੋ॥

ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ ਬਿਖੈ ਬਿਆਧਿ ਤਬ ਹੂਟੋ॥ ੧॥ ਰਹਾਉ॥

ਧਨਾਸਰੀ ਮ : ੫ (ਪੰਨਾ : ੬੭੩)

ਸੰਸਾਰ ਦੇ ਵਿੱਚ ਉਹ ਮਨੁੱਖ ਹੀ ਅਸਲੀ ਸੱਚਾ ਹੈ ਜੋ ਹਉ-ਹੰਗਤਾ ਅਤੇ ਪੰਜਾਂ ਨੂੰ ਮਾਰ ਲੈਂਦਾ ਹੈ। ਜਿੱਥੇ ਉਹ ਆਪ ਤਰਦਾ ਹੈ, ਉੱਥੇ ਆਪਣੇ ਸਾਰੇ ਪਰਿਵਾਰ ਦਾ ਉਧਾਰ ਕਰ ਦਿੰਦਾ ਹੈ। (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਅਤੇ-ਹਉ-ਹੰਗਤਾ ਕੇਵਲ ਗੁਰੂ ਦੇ ਸ਼ਬਦ (ਨਾਮ ਜੱਪ) ਦੁਆਰਾ ਹੀ ਮਰਦੇ ਹਨ, ਹੋਰ ਕਿਸੇ ਸਾਧਨ ਨਾਲ ਨਹੀਂ :—

ਸੋ ਜਨੁ ਸਾਚਾ ਜਿ ਹਉਮੈ ਮਾਰੈ॥

ਗੁਰ ਕੈ ਸਬਦਿ ਪੰਚ ਸੰਘਾਰੈ॥

ਆਪਿ ਤਰੈ ਸਗਲੇ ਕੁਲ ਤਾਰੈ॥ ੪॥

ਗਉੜੀ ਮ : ੩ (ਪੰਨਾ : ੨੩੦)

ਸੂਹੀ ਰਾਗ ਵਿੱਚ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਬਾਰ-ਬਾਰ ਹਉਮੈਂ (ਮੈਂ-ਮੇਰੀ) ਦੇ ਰੋਗ ਤੋਂ ਬਚਣ ਦਾ ਸਾਧਨ ਸਾਡੀ ਝੋਲੀ ਵਿੱਚ ਪਾਉਂਦੇ ਹਨ ਕਿ ਹੇ ਹਰੀ ਦੇ ਜਨੋਂ ! ਜਿਨਾਂ ਦੇ ਹਿਰਦੇ ਵਿੱਚ ਮੇਰਾ ਪ੍ਰਭੂ ਵੱਸ ਜਾਂਦਾ ਹੈ, ਉਹਨਾਂ ਦੀ ਹਉਮੈਂ ਹੀ ਨਹੀਂ, ਸਾਰੇ ਦੇ ਸਾਰੇ ਰੋਗ ਮਿੱਟ ਜਾਂਦੇ ਹਨ ਅਤੇ ਉਹਨਾਂ ਦੀ ਆਤਮਾ ਰੋਗ ਰਹਿਤ ਹੋ ਜਾਂਦੀ ਹੈ। ਉਹਨਾਂ ਹਰੀ ਜਨਾਂ ਨੂੰ ਪਰਮ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ :—

ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ,

ਤਿਨ ਕੇ ਸਭਿ ਰੋਗ ਗਵਾਏ॥

ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ

ਤਿਨ ਪਵਿਤੁ ਪਰਮ ਪਦੁ ਪਾਏ॥ ੧॥

ਮੇਰੇ ਰਾਮ ਹਰਿ ਜਨ ਆਰੋਗ ਭਏ॥

ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ

ਤਿਨ ਕੇ ਹਉਮੈ ਰੋਗ ਗਏ॥ ੧॥ ਰਹਾਉ॥

ਸੂਹੀ ਮ: ੪॥ (ਪੰਨਾ : ੭੩੫)

ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਪ੍ਰਭਾਤੀ ਰਾਗ ਵਿੱਚ ਪ੍ਰੇਮਾ-ਭਗਤੀ ਦੀ ਪ੍ਰਾਪਤੀ, ਹਉ-ਹੰਗਤਾ ਦੇ ਨਾਸ਼ ਅਤੇ ਮਨ ਦੀ ਥਿਰਤਾ ਦਾ ਸਾਧਨ ਦੱਸਿਆ ਹੈ ਕਿ ਗੁਰੂ ਦੀ ਦੱਸੀ ਚਾਲੀ ਅਨੁਸਾਰ ਚਲਣ ਨਾਲ ਮਨੁੱਖ ਨੂੰ ਪ੍ਰੇਮਾ-ਭਗਤੀ ਦੀ ਦਾਤ ਪ੍ਰਾਪਤ ਹੁੰਦੀ ਹੈ। ਗੁਰੂ ਦੇ ਬਖਸ਼ਸ਼ ਕੀਤੇ ਸ਼ਬਦ (ਨਾਮ) ਦੀ ਕਮਾਈ ਨਾਲ ਹਉਮੈਂ (ਮੈ-ਮੇਰੀ) ਦਾ ਨਾਸ਼ ਹੋ ਜਾਂਦਾ ਹੈ। ਹਉਮੈਂ ਖਤਮ ਹੁੰਦੇ ਹੀ ਮਨ ਟਿੱਕ ਜਾਂਦਾ ਹੈ ਅਤੇ ਭਟਕਦੇ ਮਨ ਨੂੰ ਟਿਕਾਉ ਪ੍ਰਾਪਤ ਹੋ ਜਾਂਦਾ ਹੈ :—

ਭਾਉ ਭਗਤਿ ਗੁਰਮਤੀ ਪਾਏ॥ ਹਉਮੈ ਵਿਚਹੁ ਸਬਦਿ ਜਲਾਏ॥

ਧਾਵਤੁ ਰਾਖੈ ਠਾਕਿ ਰਹਾਏ॥ ਸਚਾ ਨਾਮੁ ਮੰਨਿ ਵਸਾਏ॥

ਪ੍ਰਭਾਤੀ ਮ: ੧ (ਪੰਨਾ : ੧੩੪੨)

ਤੀਸਰੇ ਗੁਰਦੇਵ ਸਤਿਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ : ਜਿਨਾਂ ਗੁਰਮੁਖਾਂ ਨੇ ਇਕਾਗਰ ਮਨ ਹੋ ਕੇ ਪ੍ਰਭੂ ਜੀ ਦੇ ਨਾਮ ਨੂੰ ਸਿਮਰਿਆ ਹੈ, ਉਹਨਾਂ ਦੇ ਮੁੱਖ ਉਸ ਸੱਚੇ ਪ੍ਰਮਾਤਮਾ ਦੇ ਦਰਬਾਰ ਵਿੱਚ ਸਦਾ ਉੱਜਲੇ (ਪਵਿੱਤਰ) ਹੁੰਦੇ ਹਨ। ਉਹ ਗੁਰੂ ਪਿਆਰੇ ਸੱਚੇ ਨਾਮ ਨਾਲ ਪ੍ਰੀਤੀ ਕਰਕੇ ਅੰਮ੍ਰਿਤ ਰੂਪ ਨਾਮ ਦਾ ਸਵਾਦ ਹਮੇਸ਼ਾਂ ਚੱਖਦੇ ਹਨ। ਹੇ ਭਰਾਵੋ ! ਗੁਰਮੁਖਾਂ ਦਾ ਸਦਾ ਹੀ ਇੱਜ਼ਤ ਮਾਣ ਲੋਕ-ਪ੍ਰਲੋਕ ਵਿੱਚ ਉੱਚਾ ਹੁੰਦਾ ਹੈ।

ਇਸ ਲਈ ਹਰੀ-ਪ੍ਰਭੂ ਦਾ ਨਾਮ ਸਦਾ ਧਿਆਉਣਾ ਚਾਹੀਦਾ ਹੈ ਕਿਉਂਕਿ ਨਾਮ ਹਉ-ਹੰਗਤਾ ਦੀ ਮੈਲ ਨੂੰ ਹਿਰਦੇ ਵਿੱਚੋਂ ਧੋ ਕੇ ਬਾਹਰ ਕੱਢ ਦਿੰਦਾ ਹੈ :—

ਜਿਨੀ ਇਕ ਮਨਿ ਨਾਮੁ ਧਿਆਇਆ ਗੁਰਮਤੀ ਵੀਚਾਰਿ॥

ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ॥

ਓਇ ਅੰਮ੍ਰਿਤੁ ਪੀਵਹਿ ਸਦਾ ਸਦਾ ਸਚੈ ਨਾਮਿ ਪਿਆਰਿ॥ ੧॥

ਭਾਈ ਰੇ ਗੁਰਮੁਖਿ ਸਦਾ ਪਤਿ ਹੋਇ॥

ਹਰਿ ਹਰਿ ਸਦਾ ਧਿਆਈਐ ਮਲੁ ਹਉਮੈ ਕਢੈ ਧੋਇ॥ ੧॥ ਰਹਾਉ॥

ਸਿਰੀਰਾਗ ਮ : ੩ (ਪੰਨਾ : ੨੯)

ਗੁਜਰੀ ਰਾਗ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਹੋਰ ਸਪੱਸ਼ਟ ਕਰਦੇ ਹਨ ਕਿ ਹਰੇਕ ਪ੍ਰਾਣੀ ਅਹੰਕਾਰ ਵਾਲੀ ਬੁੱਧੀ ਅਤੇ ਮਾਇਆ ਦੀ ਪਰਵਿਰਤੀ ਵਿੱਚ ਘਿਰਿਆ

ਹੋਇਆ ਹੈ। ਅਹੰਕਾਰ ਬਿਰਤੀ ਤੇ ਮਾਇਆ ਦਾ ਗਰੂਰ ਇੱਕ ਬਹੁਤ ਦੀਰਘ (ਲੰਬਾ-ਭਿਆਨਕ) ਰੋਗ ਹੈ। ਜਿਸ ਭਾਗਾਂ ਵਾਲੇ ਜਗਿਆਸੂ ਨੂੰ ਕਰਣ ਕਾਰਣ ਸਮਰੱਥ ਗੁਰੂ ਜੀ ਨੇ ਨਾਮ ਦਾ ਦਾਰੂ ਬਖਸ਼ਸ਼ ਕਰ ਦਿੱਤਾ ਹੈ ਉਸ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ :—

ਅਹੰਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ॥

ਹਰਿ ਨਾਮੁ ਅਉਖਧੁ ਗੁਰਿ ਨਾਮੁ ਦੀਨੋ ਕਰਣ ਕਾਰਣ ਜੋਗੁ॥ ੧॥

ਗੂਜਰੀ ਮ: ੫ (ਪੰਨਾ : ੫੦੨)

ਸਾਰੀ ਗੁਰੂ ਕੀ ਬਾਣੀ ਮਾਰਗ-ਦਰਸ਼ਨ ਕਰਦੀ ਹੈ ਕਿ ਹਉਂ ਹੰਗਤਾ ਮੈਂ-ਮੇਰੀ ਤੋਂ ਛੁਟਕਾਰਾ ਸਤ-ਸੰਗਤ ਅਤੇ ਨਾਮ ਜਪ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਸੋ ਹਰ ਪ੍ਰਾਣੀ ਮਾਤ੍ਰ ਨੂੰ ਮਾਇਆ ਦੇ ਪੰਜਾਂ ਦੂਤਾਂ ਤੋਂ ਅਤੇ ਹਉਮੈਂ ਦੇ ਦੀਰਘ ਰੋਗ ਤੋਂ ਬਚਣ ਵਾਸਤੇ ਸਤ-ਸੰਗਤ ਕਰਨੀ ਚਾਹੀਦੀ ਹੈ ਅਤੇ ਨਾਮ ਜਪ ਲਈ ਬਾਬਾ ਨਾਮਦੇਵ ਪਾਸੋਂ ਅਗਵਾਈ ਲੈਣੀ ਚਾਹੀਦੀ ਹੈ :—

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ ੨੧੩॥

ਕਬੀਰ ਜੀ (ਪੰਨਾ : ੧੩੭੫)

ਅਤੇ :—**ਊਠਤ ਬੈਠਤ ਸੋਵਤ ਧਿਆਈਐ॥**

ਮਾਰਗਿ ਚਲਤ ਹਰੇ ਹਰਿ ਗਾਈਐ॥

ਆਸਾ ਮ: ੫ (ਪੰਨਾ ੩੮੬)

ਤਥਾ :— **ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ॥**

ਸੋਰਠਿ ਮ: ੫ (ਪੰਨਾ : ੬੨੧)

ਦੇ ਧਾਰਨੀ ਬਣ ਕੇ ਮਨੁੱਖਾ ਜਨਮ ਦੀ ਸਫਲਤਾ ਲਈ ਜਤਨਸ਼ੀਲ ਹੋਣਾ ਚਾਹੀਦਾ ਹੈ। ਜੋ ਇਸ ਮਾਰਗ ਦਾ ਧਾਰਨੀ ਬਣ ਜਾਵੇਗਾ ਉਸ ਤੇ :—

ਸਫਲ ਸਫਲ ਭਈ ਸਫਲ ਜਾਤ੍ਰਾ॥

ਆਵਣ ਜਾਣ ਰਹੇ ਮਿਲੇ ਸਾਧਾ॥

ਧਨਾਸਰੀ ਮ: ੫ (ਪੰਨਾ : ੬੮੭)

ਦੀਆਂ ਪੰਗਤੀਆਂ ਢੁੱਕ ਜਾਣਗੀਆਂ।

ਤੀਸਰਾ ਸਾਧਨ-ਹਉਮੈਂ ਦੀ ਨ੍ਰਿਵਿਰਤੀ ਲਈ ਅਰਦਾਸ

ਜਗਿਆਸੂ ਦੇ ਧੁਰ ਅੰਦਰੋਂ ਆਪਾ ਭਾਵ ਗਵਾ ਕੇ ਨਿੱਕਲੀ ਹੋਈ ਹੂਕ, ਤੜਫ, ਬਿਹਬਲਤਾ ਵਿੱਚ ਕੀਤੀ ਪ੍ਰਾਰਥਨਾ, ਬਿਰਹੋਂ ਭਰੀ ਬੇਨਤੀ, ਪਿਆਰ ਵਿੱਚ ਭਿੱਜੀ ਜੋਦੜੀ ਅਤੇ ਆਜਜ਼ੀ ਵਿੱਚ ਕੀਤੀ ਅਰਜੋਈ, ਆਪਾ ਸਮਰਪਤ ਕਰਕੇ ਕੀਤੀ ਅਰਦਾਸ, ਜਦੋਂ ਭਾਖਿਆ—ਭਾਉ[1] ਦੇ ਸਾਧਨ ਰਾਹੀਂ ਗੁਰੂ ਚਰਨਾਂ ਵਿੱਚ ਪੁੱਜਦੀ ਹੈ, ਫਿਰ ਸਤਿਗੁਰੂ ਜੀ, ਅਰਦਾਸ ਕਰਤਾ ਜਗਿਆਸੂ ਦੀ ਆਪਾ ਸਮਰਪਤ ਆਜਜ਼ੀ, ਬਿਰਹੋਂ, ਬਿਹਬਲਤਾ, ਪਿਆਰ ਦੀ ਦਸ਼ਾ ਤੇ ਤਰੁਠ ਕੇ ਲੋਕ ਪ੍ਲੋਕ ਦੀਆਂ ਬਖਸ਼ਸ਼ਾਂ ਨਾਲ ਮਾਲਾ ਮਾਲ ਕਰ ਦਿੰਦੇ ਹਨ। ਉਹ ਬਖਸ਼ਸ਼ਾਂ ਜਿਹੜੀਆਂ ਕਿ ਜਗਿਆਸੂ ਕਈ ਜਨਮਾਂ ਵਿੱਚ ਵੀ ਆਪ ਮਿਹਨਤ, ਘਾਲ-ਕਮਾਈ ਕਰਕੇ ਪ੍ਰਾਪਤ ਨਹੀਂ ਕਰ ਸਕਦਾ।

ਅਰਦਾਸ ਗੁਰੂ-ਪ੍ਮਾਤਮਾਂ ਅੱਗੇ ਇੱਕ ਰਹਿਮ ਦੀ ਅਪੀਲ ਹੈ ਜਿਸ ਵਿੱਚ ਕੋਈ ਜੋਰ ਹਠ ਨਹੀਂ, ਦਾਵਾ ਤੇ ਮਾਣ ਵੀ ਨਹੀਂ। ਨਿਰੋਲ ਆਤਮ-ਸਮਰਪਣ ਹੈ। ਇੱਥੇ ਤਾਂ "ਤੁਧੁ ਭਾਵਸੀ ਦੀ ਬਿਰਤੀ ਬਣਾ ਕੇ ਮੰਗੀ ਜਾਣਾ ਹੈ :—

ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ॥

ਸੂਹੀ ਮਹਲਾ ਪਹਿਲਾ (ਪੰਨਾ : ੭੫੨)

ਤਥਾ :—**ਦੁਇ ਕਰ ਜੋੜਿ ਕਰਉ ਅਰਦਾਸਿ॥**

ਤੁਧੁ ਭਾਵੈ ਤ ਆਣਹਿ ਰਾਸਿ॥

ਸੂਹੀ ਮਹਲਾ : ੫ (ਪੰਨਾ : ੭੩੭)

ਤਥਾ :—**ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ॥**

ਸਵਯੇ ਮ: ੫ (ਪੰਨਾ : ੧੩੮੬)

ਅਤੇ ਨਾਲ ਹੀ ਇਸ ਭਾਂਤ ਦੀ ਬਿਰਤੀ ਬਨਾਉਣੀ ਹੈ, ਦਾਤਾ :—

ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ[2]॥

ਆਨ ਨ ਬੀਆ[3] ਤੇਰੀ ਸਮਸਰਿ[4]॥

ਆਸਾ ਮਹਲਾ : ੫ (ਪੰਨਾ : ੩੭੧)

---

੧. ਪ੍ਰੇਮ, ੨. ਕਿਸ ਤਰਫ, ੩. ਹੋਰ, ੪. ਬਰਾਬਰ

ਤਥਾ :—ਮੈ ਤੁਝ ਬਿਨੁ ਅਵਰੁ ਨ ਕੋਇ ਨਦਰਿ ਨਿਹਾਲੀਐ

ਆਸਾ ਮ: ੧ (ਪੰਨਾ : ੪੨੦)

ਤਥਾ :—ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ
ਮੈ ਤੁਧੁ ਆਗੈ ਅਰਦਾਸਿ॥
ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ
ਮੇਰਾ ਦੁਖੁ ਸੁਖੁ ਤੁਝ ਹੀ ਪਾਸਿ॥ ੨॥

ਸੂਹੀ ਮਹਲਾ : ੪ (ਪੰਨਾ : ੭੩੫)

ਹੇ ਦਾਤਾ :—ਮੈ ਤੁਝ ਬਿਨੁ ਬੇਲੀ ਕੋ ਨਹੀ
ਤੂ ਅੰਤਿ ਸਖਾਈ॥

ਸੂਹੀ ਮਹਲ: ੩, (ਪੰਨਾ ੭੬੨)

ਸਾਰੇ ਓਟ ਆਸਰੇ ਤਿਆਗ ਕੇ ਪੁਕਾਰਨਾ ਹੈ, ਸਤਿਗੁਰੂ ਜੀ
ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥

ਵਾਰ ਸੂਹੀ ਮਹਲਾ : ੨ (ਪੰਨਾ : ੭੯੧)

ਅਰਦਾਸ ਪੂਰਨ ਚੜ੍ਹਦੀ ਕਲਾ, ਭਰੋਸੇ, ਸਿਦਕ, ਸ਼ਰਧਾ-ਭਾਵਨੀ ਵਿੱਚ ਕਰਨੀ ਹੈ। ਅਰਦਾਸ ਕਰਤਾ ਕਦੀ ਨਿਰਾਸ਼ਾਵਾਦੀ ਬਿਰਤੀ ਵਿੱਚ ਨ ਜਾਵੇ। ਹਮੇਸ਼ਾ ਆਸ਼ਾਵਾਦੀ ਬਿਰਤੀ ਵਿੱਚ ਰਹਿਕੇ ਭਾਈ ਵੀਰ ਸਿੰਘ ਜੀ ਦੀ ਪ੍ਰੇਰਨਾ ਨੂੰ ਸਾਹਮਣੇ ਰੱਖਣਾ ਹੈ :—

ਵਿਛ ਜਾ ਵਾਂਙ ਦੁਲੀਚੇ ਦਰ ਤੇ,
ਵਿਛਿਆ ਰਹੁ ਮਨ! ਵਿਛਿਆ ਰਹੁ॥
ਜੋਰ ਨ ਕੋਈ, ਹਠ ਨ ਰਤੀ,
ਆਪਾ ਭੇਟਾ ਧਰਕੇ ਬਹੁ॥
ਧਰਤੀ ਜਿਵੇਂ ਧਰਿ ਆਸ਼ਾ,
ਮਿਹਰਾਂ ਮੀਂਹ ਉਡੀਕਾਂ ਵਿੱਚ॥
ਮਿਹਰਾਂ ਮੀਂਹ ਵਰਸਾਵਣ ਵਾਲਾ,
ਤ੍ਰੁਠਸੀ ਆਪੇ ਤੇਰਾ ਸ਼ਹੁ॥

(ਭਾ: ਵੀਰ ਸਿੰਘ ਜੀ)

ਜਦੋਂ ਚੜ੍ਹਦੀ ਕਲਾ, ਸਿਦਕ ਭਰੋਸੇ, ਸ਼ਰਧਾ ਭਾਵਨੀ ਨਾਲ ਆਪਾ ਭਾਵ ਤਿਆਗ, ਨਿਮਰੀਭੂਤ ਹੋ ਕੇ ਜਗਿਆਸੂ ਗੁਰੂ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਕੇ ਮੰਗੇਗਾ, ਗੁਰੂ ਦਾ ਬਿਰਦ ਹੈ :—

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥

ਧਨਾਸਰੀ ਮਹਲਾ : ੫ (ਪੰਨਾ : ੬੮੧)

ਗੁਰੂ ਪ੍ਰਮੇਸ਼ਰ ਆਪਣੇ ਜਨ ਦੀ ਕੀਤੀ ਅਰਦਾਸ ਨੂੰ ਪੂਰੀ ਕਰਦਾ ਹੈ। ਜਨ ਦੀ ਅਰਦਾਸ ਨੂੰ ਕਦੇ ਵੀ ਨਜ਼ਰ-ਅੰਦਾਜ਼ ਨਹੀਂ ਕਰਦਾ :—

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥
ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ॥

ਬਿਲਾਵਲੁ ਮ: ੫ (ਪੰਨਾ : ੮੧੯)

ਓਹ ਮਾਲਕ ਤਾਂ :—

ਘਟ ਘਟ ਕੇ ਅੰਤਰ ਕੀ ਜਾਨਤ॥
ਭਲੇ ਬੁਰੇ ਕੀ ਪੀਰ ਪਛਾਨਤ॥

(ਚੌਪਈ ਪਾਤਸ਼ਾਹੀ ੧੦)

ਉਹ ਤਾਂ :—ਬਿਨ ਬੋਲਿਆ ਸਭ ਕਿਛ ਜਾਣਦਾ ਦੀ ਸਮਰੱਥਾ ਰੱਖਦਾ ਹੈ। ਪਰ ਫਿਰ ਵੀ ਪ੍ਰਮੇਸ਼ਰ ਜੀ ਨੇ ਇੱਕ ਮਰਯਾਦਾ ਬਣਾਈ ਹੈ ਕਿ ਹੇ ਜੀਵ! ਜੋ ਵੀ ਤੇਰੇ ਮਨ ਦੀ ਪੀੜਾ ਹੈ, ਮੰਗ ਹੈ, ਬਿਰਥਾ ਹੈ, ਉਹ ਨਿਸੰਗ ਹੋ ਕੇ ਗੁਰੂ ਦੇ ਚਰਨਾਂ ਵਿੱਚ ਰੱਖ ਦੇਹ :—

ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥

ਸਲੋਕ ਮ: ੫ (ਪੰਨਾ : ੫੧੯)

ਨਾਲ ਸਤਿਗੁਰ ਜੀ ਨੇ ਸ਼ਰਤ ਰੱਖੀ ਹੈ ਕਿ ਜੀਅ ਕੀ ਬਿਰਥਾ ਤਦ ਸੁਣੀ ਜਾਏਗੀ ਜੇ ਅਰਦਾਸ-ਕਰਤਾ ਚਤੁਰਾਈ ਸਿਆਣਪ ਦਾ ਤਿਆਗ ਕਰਕੇ, ਮਨ ਤਨ ਗੁਰੂ ਪ੍ਰਾਇਣ ਕਰਕੇ ਅਰਦਾਸ ਕਰੇਗਾ :—

ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ॥

ਸਲੋਕ ਮ: ੫ (ਪੰਨਾ : ੫੧੯)

ਪ੍ਰਭੂ ਦਰ ਸੁਣਵਾਈ ਲਈ "ਮਨੁ ਤਨੁ ਅਰਪਿ ਧਰਿ" ਦੀ ਲੋੜ ਹੈ

ਅਰਪ ਧਰ ਕਰਨਾ ਹੀ ਅਉਖਾ ਹੈ। ਜੋ ਚੀਜ ਕਿਸੇ ਨੂੰ ਅਰਪਨ ਕਰ ਦਿੱਤੀ ਜਾਵੇ ਉਸ ਤੇ ਆਪਣਾ ਹੱਕ ਖਤਮ ਹੋ ਜਾਂਦਾ ਹੈ। ਸਾਡੇ ਵਿੱਚ, ਇਹ ਹੀ ਕਮੀਂ ਹੈ, ਅਸੀਂ ਗੱਲੀਂ-ਬਾਤੀਂ ਅਰਪ ਧਰਿ ਵੀ ਕਰਦੇ ਹਾਂ, ਮੁੜ ਉਸ ਤੇ ਆਪਣਾ ਪੂਰਾ ਪੂਰਾ ਹੱਕ ਵੀ ਜਤਲਾਉਂਦੇ ਹਾਂ। ਸਾਡੀ ਜਿੰਦਗੀ ਦਾ ਜੋ 'ਅਰਪ-ਧਰਿ' ਹੈ, ਇਹ ਕੇਵਲ ਇੱਕ ਕਰਮ ਕਾਂਡ ਹੀ ਬਣ ਕੇ ਰਹਿ ਗਿਆ ਹੈ, ਧੁਰ ਅੰਦਰੋਂ ਨਹੀਂ। ਜਦੋਂ ਜੀਵ ਅੰਦਰੋਂ 'ਅਰਪ-ਧਰਿ' ਕਰ ਦੇਵੇਗਾ ਫਿਰ ਤਾਂ ਬਾਬਾ ਕਬੀਰ ਜੀ ਦੇ ਕਥਨ ਅਨੁਸਾਰ :—

ਕਬੀਰ ਮੇਰਾ ਮੁਝ ਮਹਿ ਕਿਛੁ ਨਹੀ, ਜੋ ਕਿਛੁ ਹੈ ਸੋ ਤੇਰਾ॥
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥

ਕਬੀਰ ਜੀ : (ਪੰਨਾ ੧੩੭੫)

ਜਦੋਂ ਇਹ ਜੀਵ ਮਨ, ਬਚਨ ਕਰਮਾਂ ਕਰਕੇ :—

ਤਨੁ ਮਨੁ ਧਨੁ ਅਰਪੀ ਸਭੋ ਸਗਲ ਵਾਰੀਐ ਇਹ ਜਿੰਦੁ॥

ਸਿਰੀਰਾਗੁ ਮ: ੫ (ਪੰਨਾ : ੪੭)

ਅਤੇ "**ਤਨੁ ਮਨੁ ਧਨੁ ਗ੍ਰਿਹੁ ਸਉਪਿ ਸਰੀਰੁ॥**" ਦੀ ਕਾਰ ਕਰ ਲਵੇਗਾ ਫਿਰ ਤਾਂ ਬਾਬਾ ਕਬੀਰ ਜੀ ਦੇ ਹੁਕਮ ਮੁਤਾਬਕ "**ਸੋਈ ਸੁਹਾਗਨਿ ਕਹੈ ਕਬੀਰੁ॥**" ਜੀਵ, ਮਾਲਕ ਦਾ ਬਣ ਜਾਵੇਗਾ ਜਦੋਂ ਮਨ ਬਚ ਕਰਮਾਂ ਕਰਕੇ ਅੰਦਰੋ ਗੁਰੂ ਦਰ ਪੁਕਾਰ ਕੇ "**ਤਨ, ਮਨ ਦਿੱਤਾ**" ਦੀ ਹੂਕ ਨਿਕਲੇਗੀ, ਫਿਰ ਗੁਰੂ ਕੇ "**ਭਵਜਲ ਜਿਤਾ ਚੂਕੀ ਕਾਂਣਿ ਜਮਾਣੀ॥**" ਦੀ ਬਖਸ਼ਿਸ਼ ਕਰ ਦਿੱਤੀ ਸਮਝੋ।

ਜਿਨ੍ਹਾਂ-ਜਿਨ੍ਹਾਂ ਨੇ ਗੁਰੂ ਦੇ ਬਚਨਾਂ :—

ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ॥

ਰਾਗੁ ਗੂਜਰੀ ਮ: ੫ (ਪੰਨਾ : ੫੨੧੯)

ਨੂੰ ਆਪਣੀ ਜ਼ਿੰਦਗੀ ਵਿੱਚ ਅਮਲੀ ਜਾਮਾ ਪਹਿਨਾ ਦਿੱਤਾ ਸਤਿਗੁਰੂ ਜੀ ਨੇ ਉਹਨਾਂ ਦੇ ਜੀਅ ਦੀ ਬਿਰਥਾ ਨੂੰ ਸੁਣ ਕੇ "**ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥**" ਦੇ ਬਿਰਦ ਦੀ ਪਾਲਣਾ ਕੀਤੀ ਕਿਉਂਕਿ ਸਤਿਗੁਰੂ ਜੀ ਦਾ ਫੁਰਮਾਨ ਹੈ :—

ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥

ਆਸਾ ਮਹਲਾ : ੫ (ਪੰਨਾ : ੪੦੩)

ਜੀਵ ਦਾ, ਸੇਵਕ ਬਣਨਾ ਹੀ ਔਖਾ ਹੈ। ਸੇਵਕ ਕੌਣ ਹੈ ? ਚੌਥੇ ਪਾਤਸ਼ਾਹ ਸੇਵਕ ਦੇ ਗੁਣ ਦੱਸਦੇ ਆਸਾ ਰਾਗ ਵਿੱਚ ਫੁਰਮਾਨ ਕਰਦੇ ਹਨ :—

ਸੇਵਕੋ ਗੁਰ ਸੇਵਾ ਲਾਗਾ ਜਿਨਿ ਮਨੁ ਤਨੁ ਅਰਪਿ ਚੜਾਇਆ ਰਾਮ॥

ਆਸਾ ਮਹਲਾ : ੪ (ਪੰਨਾ : ੪੪੪)

ਜਿਹਨਾਂ ਨੇ ਮਨ ਤਨ ਅਰਪਿ ਚੜ੍ਹਾਇਆ ਦੇ ਪਗ ਚਿਨ੍ਹਾਂ ਤੇ ਚਲਿਆ, ਉਹਨਾਂ ਦਾ ਜੀਵਨ ਸਾਡੀ ਰਹਿਨੁਮਾਈ ਕਰਦਾ ਹੈ :—

1. ਜੇ ਮਾਤਾ ਭਾਗ ਭਰੀ ਨੇ ਗੁਰੂ ਜੀ ਨੂੰ ਅਰਪ-ਧਰਿ ਕਰਕੇ ਭਾਖਿਆ[1] ਭਾਉ

---

੧. ਪਿਆਰ ਦੀ ਬੋਲੀ

ਦੀ ਬੋਲੀ ਵਿੱਚ ਪੁਕਾਰਿਆ, ਸਤਿਗੁਰੂ ਜੀ ਨੇ ਉਸ ਦੀ ਅਰਜੋਈ ਸੈਂਕੜੇ ਮੀਲਾਂ ਤੋਂ "ਬਿਨੁ ਬੋਲਿਆ ਸਭ ਕਿਛੁ ਜਾਣਦਾ" ਦੀ ਸ਼ਕਤੀ ਨਾਲ ਸਰਵਣ ਕੀਤੀ ਅਤੇ ਸ਼੍ਰੀਨਗਰ, ਕਾਠੀਵਾੜ ਦਰਵਾਜ਼ੇ, ਮਾਤਾ ਭਾਗ ਭਰੀ ਦੇ ਘਰ ਪੁੱਜ ਉਸਨੂੰ ਦਰਸ਼ਣ ਦੇ ਕੇ ਕ੍ਰਿਤਾਰਥ ਕੀਤਾ ਅਤੇ ਭੇਟਾ ਪ੍ਰਵਾਨ ਕਰਕੇ ਉਸਦੀ ਭਾਵਨੀ ਨੂੰ ਫਲ ਲਾਇਆ ਅਤੇ ਉਸਦਾ ਆਪਣੇ ਹੱਥੀਂ ਅੰਤ ਸਮਾਂ ਸਫਲਾ ਕੀਤਾ।

ਜੇ ਬੰਦੀ ਵਿੱਚ ਪਏ ਹੋਏ ਭਾਈ ਹਰਾ ਜੀ ਨੇ ਰੁਹੇਲਖੰਡ ਦੀ ਧਰਤੀ ਤੇ ਹਨੇਰ ਕੋਠੜੀ ਵਿੱਚੋਂ :—

"**ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ॥**" ਦੀ ਬਿਰਤੀ ਬਣਾ ਕੇ ਭਾਖਿਆ-ਭਾਉ ਦੇ ਸਾਧਨ ਰਾਹੀਂ ਗੁਰੂ ਨਾਨਕ ਪਿਆਰੇ ਦੀ ਅਰਾਧਨਾ ਕਰ, ਬੰਦ ਖਲਾਸੀ ਲਈ ਅਰਦਾਸ ਕੀਤੀ। ਬੰਦੀ ਛੋਡ "**ਆਪ ਨਰਾਇਣ ਕਲਾ ਧਾਰਿ ਜਗ ਮਹਿ ਪਰਵਰਿਉ**" ਨੇ ਆਪ ਰੁਹੇਲਿਆ ਦੀ ਬੰਦੀ ਵਿੱਚ ਪੈ ਕੇ, ਸਾਲਾਂ ਤੋਂ ਕਾਲ ਕੋਠੜੀਆਂ ਵਿੱਚ ਦੁੱਖ ਝੱਲ ਰਹਿਆਂ ਦੀ ਭਾਈ ਹਰਾ ਜੀ ਸਮੇਤ ਬੰਦ ਖਲਾਸੀ ਕਰਾਈ। ਇੱਕ ਜੁੜੇ ਸਿੱਖ ਦੀ ਅਰਦਾਸ ਪਿੱਛੇ ਅਨੇਕਾਂ ਦਾ ਕਸ਼ਟ ਹਰਿਆ ਗਿਆ ਅਤੇ ਕਠੋਰ ਦਿਲ ਰੁਹੇਲਿਆ ਨੂੰ ਸਤਿਗੁਰੂ ਨੇ ਸੱਚ-ਧਰਮ ਦਾ ਉਪਦੇਸ਼ ਦੇ ਉਹਨਾਂ ਦਾ ਵੀ ਭਲਾ ਕੀਤਾ। ਕੈਸੀ ਹੈ ਸ਼ਕਤੀ "ਮਨੁ ਤਨੁ ਅਰਪਿ ਧਰਿ" ਅਤੇ ਪਿਆਰ ਅਰਦਾਸ ਵਿੱਚ।

ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ, ਭਾਈ ਸਾਂਈਦਾਸ ਜੀ ਪਾਸ ਡਰੋਲੀ ਉਹਨਾਂ ਦੀ ਭਾਵਨੀ ਪੂਰੀ ਕਰ ਰਹੇ ਹਨ। ਉੱਧਰ ਕਈ ਕੋਹ ਦੇ ਉੱਤੇ ਦੋਵੇਂ ਪਿਉ-ਪੁੱਤਰ ਪਾਣੀ ਦੀ ਛਾਗਲ ਦਰੱਖਤ ਨਾਲ ਬੰਨ੍ਹਕੇ ਅਤਿ ਗਰਮੀ ਦੇ ਦਿਨਾਂ ਵਿੱਚ, ਖੇਤਾਂ ਚ ਕੰਮ ਕਰ ਰਹੇ ਹਨ। ਉਹਨਾਂ ਨੂੰ ਅੱਤ ਦੀ ਪਿਆਸ ਲੱਗੀ। ਦੋਵੇਂ ਦਰੱਖਤ ਨਾਲ ਬੰਨੀ ਛਾਗਲ ਪਾਸ ਆਏ। ਜਦੋਂ ਪਾਣੀ ਪੀਣ ਲੱਗੇ, ਪਾਣੀ ਠੰਢਾ ਬਰਫ ਵਰਗਾ ਮਹਿਸੂਸ ਕੀਤਾ। ਮਨ ਵਿੱਚ ਭਾਵਨਾ ਪੈਦਾ ਹੋਈ ਕਿ ਐਸਾ ਠੰਢਾ ਜਲ ਕਿਤੇ ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਛਕਣ, ਇਹ ਉਹਨਾਂ ਦੇ ਛਕਣ ਯੋਗ ਹੈ।

ਪਿਆਰ ਭਾਵਨੀ ਬਣਾ ਗੁਰੂ ਚਰਨਾਂ ਵਿੱਚ "ਮਨੁ ਤਨੁ ਅਰਪਿ-ਧਰਿ" ਦੀ ਬਿਰਤੀ ਬਣਾ ਦੋਵੇਂ ਅਰਦਾਸ ਬੇਨਤੀਆਂ ਕਰਦੇ ਮੂਰਛਤ ਹੋ ਗਏ। ਉੱਪਰ ਭਾਖਿਆ-ਭਾਉ ਦੇ ਚਿਲੇ ਤੇ ਚੜ੍ਹੀ "ਮਨੁ ਤਨੁ ਅਰਪਿ-ਧਰਿ" ਦੀ ਕਮਾਨ ਨਾਲ ਇੱਕ ਛਿੰਨ ਵਿੱਚ ਅਰਦਾਸ ਗੁਰੂ ਚਰਨਾਂ ਵਿੱਚ ਪੁੱਜੀ। ਸਾਹਿਬਾਂ ਬੜੀ ਕਾਹਲੀ ਵਿੱਚ, ਜਲਦੀ ਘੋੜਾ ਲਿਆਉਣ ਲਈ ਸਿੱਖਾਂ ਨੂੰ ਹੁਕਮ ਦਿੱਤਾ। ਸਾਹਿਬ ਘੋੜੇ ਤੇ ਸਵਾਰ ਹੋ ਭਾਈ ਸਾਧੂ ਤੇ ਰੂਪੇ ਪਾਸ ਪੁੱਜੇ। ਜਲ ਛੱਕ ਕੇ ਪਿਆਰਿਆਂ ਦੀਆਂ ਮਨੋ ਕਾਮਨਾਂ ਪੂਰੀਆਂ

ਕੀਤੀਆਂ ਅਤੇ ਅਨੇਕਾਂ ਵਰ ਅਸੀਸਾਂ ਬਖਸ਼ਿਸ਼ ਕਰਕੇ ਆਪਣੇ ਬਿਰਦ ਦੀ ਪੈਜ ਰੱਖੀ ਅਤੇ ਗੁਰੂ ਪਿਆਰਿਆਂ ਦੇ ਲੋਕ-ਪਲੋਕ ਸੁਹੇਲੇ ਕੀਤੇ॥ ਇਸੇ ਤਰ੍ਹਾਂ ਗੁਰੂ ਹਰਿ ਰਾਇ ਸਾਹਿਬ ਜੀ ਦੇ ਚਰਨਾਂ ਵਿੱਚ ਮਨ ਤਨ ਅਰਪ ਧਰਿ ਦੀ ਰੀਤੀ ਨੂੰ ਅਪਣਾ, ਜੇ ਮਾਤਾ ਤਾਬੋ ਨੇ ਜੋ ਮਜ਼ਦੂਰੀ ਕਰਕੇ, ਇੱਕ ਟਕਾ ਹਰ ਰੋਜ਼ ਪ੍ਰਾਪਤ ਕਰਦੀ ਸੀ, ਅਰਦਾਸ ਕੀਤੀ ਕਿ ਪਾਤਸ਼ਾਹ ਮੈਂ ਆਪਣੀ ਕਮਾਈ ਨੂੰ ਤਦ ਸਫਲਾ ਜਾਣਾ ਜੇ ਆਪ ਜੀ ਮੇਰੀ ਇਸ ਨਿਮਾਣੀ ਦੀ ਮਿਹਨਤ ਦਾ ਪ੍ਰਸ਼ਾਦਾ, ਆਪ ਅਵਾਜ਼ ਮਾਰ ਕੇ, ਮੰਗ ਕੇ, ਮੇਰੇ ਸਾਹਮਣੇ ਆਪਣੇ ਮੁਖਾਰਬਿੰਦ ਵਿੱਚ ਪਾਵੇ।

ਇੱਕ ਦਿਨ ਮਾਤਾ ਤਾਬੋ ਨੇ ਆਟੇ ਨੂੰ ਘਿਉ ਵਿੱਚ ਗੁੰਨ੍ਹ ਕੇ ਸਾਹਿਬਾਂ ਲਈ ਪ੍ਰਸ਼ਾਦਾ ਤਿਆਰ ਕੀਤਾ। ਅਰਦਾਸ ਬੇਨਤੀ ਵਿੱਚ ਏਨੀ ਮਗਨ ਹੋਈ ਕਿ ਆਪਾ ਭੁੱਲ ਗਿਆ। ਉੱਧਰ ਜਾਣੀ ਜਾਣ ਸਤਿਗੁਰੂ ਜੀ ਉਸ ਦੀ ਭਾਵਨੀ ਤੇ ਪਿਆਰ ਨੂੰ ਸਵੀਕਾਰ ਕਰਨ ਲਈ ਸ਼ਿਕਾਰ ਖੇਡਦੇ ਜੰਗਲ ਵਿੱਚ ਦੂਰ ਨਿੱਕਲ ਗਏ। ਸਿੱਖਾਂ ਨੂੰ ਇੰਝ ਜਾਪਿਆ ਜਿਵੇਂ ਸਤਿਗੁਰੂ ਜੀ ਕਿਸੇ ਸ਼ਿਕਾਰ ਦਾ ਪਿੱਛਾ ਕਰ ਰਹੇ ਹੋਣ। ਕਾਫੀ ਦੂਰ ਜਾ ਕੇ ਆਪ ਨੇ, ਇੱਕ ਝੁੱਗੀ ਸਾਹਮਣੇ ਘੋੜਾ ਰੋਕਿਆ ਅਤੇ ਅਵਾਜ਼ ਦਿੱਤੀ, ਮਾਂ ਪ੍ਰਸ਼ਾਦਾ ਛਕਾ, ਬਹੁਤ ਭੁੱਖ ਲੱਗੀ ਹੋਈ ਹੈ। ਅਵਾਜ਼ ਸੁਣ ਕੇ ਮਾਤਾ ਤਾਬੋ ਆਪਣੀ ਝੁੱਗੀ ਵਿੱਚੋਂ ਪਿਆਰ ਭਿੱਜੇ ਨੇਤਰਾਂ ਨਾਲ ਬਾਹਰ ਨਿਕਲੀ, ਗੁਰੂ ਦਰਸ਼ਨ ਵੇਖ ਨਿਹਾਲੋ ਨਿਹਾਲ ਹੋਈ ਨੇ ਗੁਰੂ ਚਰਨਾਂ ਵਿੱਚ ਨਮਸਕਾਰ ਕੀਤੀ, ਚਰਨ ਪਰਸੇ।

ਮਾਤਾ ਨੇ ਝੁੱਗੀ ਅੰਦਰੋਂ ਤਿਆਰ ਕੀਤਾ ਹੋਇਆ ਪ੍ਰਸ਼ਾਦਾ ਲਿਆਂਦਾ। ਸਾਹਿਬਾਂ ਘੋੜੇ ਉੱਪਰ ਸਵਾਰ ਹੀ, ਪਿਆਰ ਨਾਲ ਛਕਿਆ ਅਤੇ ਮਾਤਾ ਨੂੰ ਅਸੀਸ ਦੇ ਵਾਪਸ ਕੀਰਤਪੁਰ ਆ ਗਏ।

ਅਗਲੇ ਦਿਨ ਸਿੱਖਾਂ ਨੇ ਜੋ ਅਜੇ ਪਿਆਰ ਦੀ ਖੇਡ ਤੋਂ ਅਨਜਾਣ ਸਨ, ਉਹਨਾਂ ਜਾਤਾ ਕਿ ਸ਼ਿਕਾਰ ਖੇਡਦਿਆਂ ਸਤਿਗੁਰੂ ਜੀ ਨੂੰ ਭੁੱਖ ਲੱਗ ਜਾਂਦੀ ਹੈ। ਸ਼ਿਕਾਰ ਜਾਣ ਸਮੇਂ ਉਹਨਾਂ ਪ੍ਰਸ਼ਾਦਾ ਤਿਆਰ ਕਰਵਾ ਕੇ ਨਾਲ ਲੈ ਲਿਆ। ਸਮਾਂ ਵੇਖ ਕੇ ਸਤਿਗੁਰੂ ਜੀ ਨੂੰ ਪ੍ਰਸ਼ਾਦਾ ਛਕਣ ਲਈ ਬੇਨਤੀ ਕੀਤੀ। ਸਤਿਗੁਰੂ ਜੀ ਨੇ ਬਚਨ ਕੀਤਾ, ਕੁਵੇਲੇ, ਬੇ-ਮਰਯਾਦਾ, ਪ੍ਰਸ਼ਾਦਾ ਛਕਣ ਲਈ ਕਿਉਂ ਕਹਿ ਰਹੇ ਹੋ? ਤੁਸੀਂ ਤਾਂ ਜਾਣਦੇ ਹੀ ਹੋ ਕਿ ਪ੍ਰਸ਼ਾਦਾ ਸਦਾ ਲੰਗਰ ਵਿੱਚ ਬੈਠ ਕੇ ਹੀ ਛਕਦਾ ਹਾਂ। ਸਿੱਖਾਂ ਹੱਥ ਜੋੜ ਕਿਹਾ ਕਿ ਕੱਲ ਤਾਂ ਆਪ ਨੇ ਬਿਨਾਂ ਹੱਥ ਧੋਤੇ, ਘੋੜੇ ਚੜ੍ਹੇ ਹੀ ਮਾਈ ਪਾਸੋਂ ਮੰਗ ਕੇ ਖਾ ਲਿਆ ਸੀ ਅਤੇ ਅੱਜ ਸਾਡਾ ਲਿਆਂਦਾ ਸਵੀਕਾਰ ਨਹੀਂ ਕਰਦੇ। ਸਤਿਗੁਰੂ ਜੀ ਨੇ ਸਿੱਖਾਂ ਨੂੰ ਸਮਝਾਉਂਦੇ ਹੋਏ ਕਿਹਾ—ਗੁਰਸਿੱਖੋ, ਮਾਈ ਕਿਰਤ ਕਰ ਪ੍ਰੇਮ ਕਰ ਬੈਠੀ ਸੀ। ਮੈਂ ਪ੍ਰੇਮ ਦਾ ਖਿੱਚਿਆ ਗਿਆ ਸੀ। ਇਹ ਰੀਤ ਗੁਰੂ ਨਾਨਕ ਪਾਤਸ਼ਾਹ ਜੀ ਨੇ ਚਲਾਈ ਹੈ।

ਪ੍ਰੇਮ ਦੀ ਰੀਤ ਨਿਰਾਲੀ ਹੈ। ਪ੍ਰੇਮ ਭੋਜਨ ਦਾ ਸਵਾਦ ਹੀ ਹੋਰ ਹੈ। ਸਾਹਿਬਾਂ ਫੁਰਮਾਨ ਕੀਤਾ, "ਪ੍ਰੇਮ ਸਵਾਦ ਦੇ ਪ੍ਰੀਤਮ ਤ੍ਰਿਪਤੈ" :—

ਪ੍ਰੇਮ ਪ੍ਰਤੀਤ ਮੋ ਕੋ ਅਤਿ ਪਿਆਰੀ॥
ਪ੍ਰੀਤ ਰੀਤ ਕੀ ਕ੍ਰਿਆ ਨਿਆਰੀ॥
ਜਿਸ ਪ੍ਰੇਮ ਹੋਏ ਸੋ ਮਹਿਮਾ ਜਾਨੈ॥
ਪ੍ਰੇਮ ਸਵਾਦ ਪ੍ਰੀਤਮ ਮਨ ਮਾਨੈ॥

ਸੋ ਐਸੀ ਹੈ "ਮਨੁ ਤਨੁ ਅਰਪਿ ਧਰਿ" ਦੀ ਖੇਡ। ਚਿੱਤ ਤਾਂ ਕਰਦਾ ਹੈ ਕਿ ਜਿਹਨਾਂ ਨੇ ਗੁਰੂ ਚਰਨਾਂ ਵਿੱਚ ਮਨ ਤਨ ਅਰਪਿ-ਧਰ ਕਰਕੇ ਪਿਆਰ ਦੀ ਖੇਡ ਖੇਡੀ ਤੇ ਉਸ ਪਿਆਰ ਖੇਡ ਦਾ ਅਨੰਦ ਮਾਣਿਆ, ਉਹਨਾਂ ਦੀਆਂ ਜੀਵਨ ਗਾਥਾਵਾਂ ਲਿਖੀ ਜਾਵਾਂ ਕਿਉਂਕਿ ਸਾਰਾ ਇਤਿਹਾਸ ਪਿਆਰ-ਪ੍ਰੇਮੀਆਂ ਦੇ ਅਨੂਠੇ ਰੰਗ ਵਿੱਚ ਰੰਗਿਆ ਪਿਆ ਹੈ। ਪ੍ਰਮਾਰਥ ਦੀ ਸਾਰੀ ਖੇਡ ਹੀ ਮਨ ਤਨ ਅਰਪਿ ਧਰ ਅਤੇ ਪਿਆਰ-ਪ੍ਰੇਮ ਦੀ ਬੁਨਿਆਦ ਤੇ ਖੜ੍ਹੀ ਹੈ। ਪ੍ਰਸੰਗ ਦਾ ਅਕਾਰ ਵੱਡਾ ਹੁੰਦਾ ਜਾਣ ਕੇ ਇਥੇ ਹੀ ਸੰਕੋਚਦਾ ਹਾਂ। ਕੇਵਲ ਇੱਕ ਗੁਰੂ ਪਿਆਰੇ ਭਾਈ ਗੌਂਦਾ ਜੀ ਦੀ ਪਿਆਰ ਜੇਵੜੀ ਦਾ ਜ਼ਿਕਰ ਜ਼ਰੂਰ ਕਰਨਾ ਹੈ ਤਾਂ ਜੋ ਪਤਾ ਚੱਲ ਜਾਵੇ ਕਿ ਪਿਆਰ ਅਤੇ ਅਰਪਿ-ਧਰਿ ਵਿੱਚ ਕਿੰਨੀ ਸ਼ਕਤੀ ਹੈ।

ਭਾਈ ਗੌਂਦਾ ਜੀ, ਕੀਰਤਪੁਰ ਸਾਹਿਬ ਤੋਂ ਗੁਰੂ ਪ੍ਰੀਤ-ਰੀਤ ਵਿੱਚ ਪ੍ਰੋਤੇ ਹੋਏ ਹੁਕਮ ਪਾ ਕਾਬਲ ਚਲੇ ਗਏ। ਸਿੱਖੀ ਦੀ ਧੁਜਾ ਝੁਲਾਈ, ਲੰਗਰ ਲਗਵਾ ਦਿੱਤੇ, ਜੋ ਕਾਰ ਭੇਟਾ ਆਵੇ ਲੋੜਵੰਦਾਂ ਵਿੱਚ ਵੰਡ ਦੇਣ, ਧਰਮਸ਼ਾਲਾ ਬਣਵਾ ਦਿੱਤੀ।

ਇੱਕ ਦਿਨ ਅੰਮ੍ਰਿਤ ਵੇਲੇ ਜਪੁਜੀ ਸਾਹਿਬ ਦਾ ਪਾਠ ਕਰਦੇ ਸਮੇਂ ਆਪ ਦਾ ਧਿਆਨ ਗੁਰੂ ਚਰਨਾਂ ਨਾਲ ਜੁੜ ਗਿਆ ਤੇ ਇਕਾਗਰ ਬਿਰਤੀ ਵਿੱਚ ਅਨੰਦ ਰੂਪ ਹੋ ਗਏ।

ਇਧਰ ਕੀਰਤਪੁਰ ਵਿੱਚ ਸਤਿਗੁਰੂ ਹਰਿ ਰਾਇ ਸਾਹਿਬ ਜੀ ਵੀ ਨਿਹਚਲ ਅਡੋਲ ਧਿਆਨ ਮਗਨ, ਸੰਗਤ ਵਿੱਚ ਬਿਰਾਜੇ ਰਹੇ। ਲਾਂਗਰੀ ਸਿੱਖ ਨੇ ਲੰਗਰ ਪਾਉਣ ਲਈ ਬੇਨਤੀ ਕੀਤੀ ਪਰ ਸਾਹਿਬਾਂ ਗੱਲ ਨਾ ਗੌਲੀ। ਦੋ ਪਹਿਰ ਬੀਤ ਗਏ, ਦੁਪਹਿਰ ਢਲਣ ਉਪਰੰਤ ਆਪ ਜੀ ਨੇ ਲੰਗਰ ਛਕਿਆ। ਸਿੱਖ ਸੰਗਤਾਂ ਦੇ ਬੇਨਤੀ ਕਰਨ ਤੇ ਆਪ ਜੀ ਨੇ ਕੇਵਲ ਇਤਨਾਂ ਹੀ ਉੱਤਰ ਦਿੱਤਾ ਕਿ ਭਾਈ ਪ੍ਰੇਮਿਓ, ਕਾਬਲ ਵਿੱਚ ਧਿਆਨ ਮਗਨ ਬੈਠਾ ਭਾਈ ਗੌਂਦਾ ਸਾਡੇ ਚਰਨ ਛਡਦਾ ਤੱਦ ਹੀ ਅਸੀਂ ਉੱਠਦੇ ? ਜੇ ਅਸੀਂ ਪਹਿਲਾਂ ਉੱਠਦੇ ਤਾਂ ਉਸਦਾ ਤ੍ਰਾਹ ਨਿਕਲਦਾ ਸੀ ਤੇ ਉਸ ਦੇ ਅਨੰਦ ਵਿੱਚ ਫ਼ਰਕ

ਪੈਂਦਾ ਸੀ।

ਕੁੱਝ ਸਮੇਂ ਬਾਅਦ ਜਦੋਂ ਭਾਈ ਗੌਂਦਾ ਜੀ ਕੀਰਤਪੁਰ ਸਾਹਿਬ ਆਏ, ਉਹਨਾਂ ਨੂੰ ਦਿਨ-ਸਮਾਂ ਦੱਸਣ ਅਤੇ ਪੁੱਛ ਕਰਨ ਤੇ ਇਹ ਰਮਜ਼ ਖੁੱਲੀ। ਭਾਈ ਗੌਂਦਾ ਜੀ ਨੇ ਦੱਸਿਆ ਕਿ ਠੀਕ ਉਸ ਦਿਨ ਜਪੁਜੀ ਸਾਹਿਬ ਦਾ ਪਾਠ ਕਰਦਿਆਂ ਮੈਂ ਧਿਆਨ ਮਗਨ ਹੋ, ਗੁਰੂ ਚਰਨਾਂ ਦਾ ਕਈ ਘੜੀਆਂ ਧਿਆਨੀ ਬਣਿਆ ਰਿਹਾ। ਜਿਸ ਅਨੰਦ-ਮੌਜ ਦਾ ਵਰਣਨ ਨਹੀਂ ਕੀਤਾ ਜਾ ਸਕਦਾ।

ਬਾਬਾ ਨਾਮਦੇਵ ਜੀ ਦਾ ਪਿਆਰ ਕਥਨ ਭਾਈ ਗੌਂਦਾ ਜੀ ਦੀ ਗਾਥਾ ਤੇ ਪੂਰਨ ਢੁਕਦਾ ਹੈ। ਭਗਤ ਨਾਮਦੇਵ ਜੀ ਫੁਰਮਾਨ ਕਰਦੇ ਹਨ ਕਿ ਜੋ ਗੁਰੂ ਪਿਆਰਾ ਮਨ ਤਨ ਅਰਪਿ ਧਰ, ਪ੍ਰਭੂ ਜੀ ਅੱਗੇ ਕਰ ਦਿੰਦਾ ਹੈ ਅਤੇ ਆਪ ਸੇਵਕ ਭਾਵ ਵਿੱਚ ਦਾਸਾ ਭਾਵ ਵਿੱਚ ਵਿਚਰਦਾ ਹੈ, ਉਹ ਦਾਸ ਖੁਦ ਪ੍ਰਮਾਤਮਾਂ ਦਾ ਰੂਪ ਹੁੰਦਾ ਹੈ। ਐਸੇ ਸੇਵਕ (ਦਾਸ) ਦੇ ਨਿਮਖ ਮਾਤ੍ਰ ਦਰਸਨ ਕਰਨ ਨਾਲ ਤਿੰਨੇ ਤਰ੍ਹਾਂ ਦੇ ਤਾਪ ਦੂਰ ਹੋ ਜਾਂਦੇ ਹਨ। ਐਸੇ ਸੇਵਕਾਂ ਦੇ ਚਰਨ ਪਰਸ਼ਨ ਨਾਲ ਸੰਸਾਰ ਰੂਪੀ ਖੂਹ ਚੋਂ ਮੁਕਤੀ ਮਿਲ ਜਾਂਦੀ ਹੈ। ਪ੍ਰਭੂ ਜੀ ਵਲੋਂ ਭਗਤ ਨਾਮਦੇਵ ਜੀ ਨੂੰ ਸੰਬੋਧਨ ਹੈ ਕਿ ਹੇ ਨਾਮਦੇਵ, ਐਸੇ ਦਾਸ ਮੇਰੀ ਬੱਧੀ ਹੋਈ ਨੂੰ ਛਡਵਾ ਦਿੰਦੇ ਹਨ ਪਰ ਜੇ ਭਗਤ ਪਿਆਰ ਦੀ ਡੋਰ ਨਾਲ ਮੈਨੂੰ ਬੰਨ੍ਹ ਲਵੇ ਤਾਂ ਉਹ ਪਿਆਰ ਡੋਰ ਦੀ ਗੰਢ ਮੇਰੇ ਪਾਸੋਂ ਨਹੀਂ ਛੁੱਟਦੀ। ਜੇ ਕਿਸੇ ਸਮੇਂ ਧਿਆਨ ਮਗਨ ਅਵਸਥਾ ਵਿੱਚ ਭਗਤ ਮੈਨੂੰ ਪਿਆਰ ਜੇਵੜੀ ਨਾਲ ਬੰਨ ਲਵੇ ਤਾਂ ਉਸ ਦੇ ਸਾਹਮਣੇ ਮੈਂ ਕੋਈ ਜਬਾਬ ਨਹੀਂ ਦੇ ਸਕਦਾ। ਮੈਂ ਸ਼ੁੱਭ ਗੁਣਾਂ ਦਾ ਬੱਝਿਆ ਹੋਇਆ ਹਾਂ। ਮੈਂ ਸਾਰੇ ਸੰਸਾਰ ਨੂੰ ਜੀਵਨ ਦੇਣ ਵਾਲਾ ਹਾਂ, ਪਰ ਮੇਰਾ ਜੀਵਨ ਮੇਰੇ ਦਾਸ ਹਨ। ਹੇ ਨਾਮਦੇਵ, ਜਿਸ ਸੇਵਕ ਦੇ ਹਿਰਦੇ ਵਿੱਚ ਅਜਿਹੀ ਪ੍ਰੀਤੀ ਹੈ, ਉਸ ਦੇ ਹਿਰਦੇ ਵਿੱਚ ਪਿਆਰ ਦਾ ਪ੍ਰਕਾਸ਼ ਹੈ :—

ਦਾਸ ਅਨਿੰਨ ਮੇਰੋ ਨਿਜ ਰੂਪ॥

ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ॥ ਰਹਾਉ॥

ਮੇਰੀ ਬਾਂਧੀ ਭਗਤੁ ਛਡਾਵੈ, ਬਾਂਧੈ ਭਗਤੁ ਨ ਛੂਟੈ ਮੋਹਿ॥

ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥

ਮੈਂ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ॥

ਨਾਮਦੇਵ ਜਾ ਕੇ ਜੀਅ ਐਸੀ ਤੈਸੋ ਤਾ ਕੈ ਪ੍ਰੇਮ ਪ੍ਰਗਾਸ॥

ਸਾਰੰਗ ਨਾਮਦੇਉ ਜੀ ਕੀ (ਪੰਨਾ : ੧੨੫੨)

ਜਦੋਂ ਆਪਾਂ ਗੁਰਬਾਣੀ ਨੂੰ ਧਿਆਨ ਨਾਲ ਪੜ੍ਹੀਏ ਤਾਂ ਬੇਅੰਤ ਪ੍ਰਮਾਣ ਅਰਦਾਸ ਬੇਨਤੀ ਦੇ ਸਾਡੇ ਸਾਹਮਣੇ ਆਉਂਦੇ ਹਨ। ਜਦੋਂ ਵੀ ਕਿਸੇ ਭਗਤ ਜਨ ਨੇ ਪਿਆਰ ਵਿੱਚ ਭਿੱਜ ਕੇ, ਪ੍ਰਭੂ ਪ੍ਰਾਇਣ ਹੋ ਕੇ, ਆਪਣੇ ਮਾਲਕ ਅੱਗੇ ਅਰਜੋਈ ਕੀਤੀ, ਮਾਲਕ ਪ੍ਰਭੂ ਨੇ ਉਸ ਅਰਜੋਈ ਨੂੰ ਸੁਣ ਆਪਣੇ ਪਿਆਰੇ ਦੀ ਲੱਜ ਪੱਤ ਰੱਖੀ। ਪੜ੍ਹੀਏ ਗੁਰਬਾਣੀ ਵਿੱਚ ਬਾਬਾ ਨਾਮਦੇਵ ਜੀ ਦੀ ਅਪਣੀ ਹਡ-ਬੀਤੀ ਹੇ ਮੇਰੇ ਸੁਹਣੇ ਪ੍ਰਭੂ, ਤੂੰ ਮੈਨੂੰ ਨਾ ਵਿਸਾਰੀਂ, ਤੂੰ ਮੈਨੂੰ ਨਾ ਭੁਲਾਈਂ। ਇਹ ਜੋ ਮੰਦਰ ਦੇ ਜਾਤ ਅਭਿਮਾਨੀ ਬ੍ਰਾਹਮਣ ਹਨ ਇਹਨਾਂ ਨੂੰ ਅਖੌਤੀ ਆਪਣੀ ਉੱਚੀ ਜਾਤ ਦਾ ਭਰਮ ਪਿਆ ਹੋਇਆ ਹੈ। ਜਿਸ ਕਰਕੇ ਇਹਨਾਂ ਨੇ ਮੈਨੂੰ ਨੀਵੀਂ ਜਾਤ ਦਾ ਜਾਣ ਕੇ ਸ਼ੂਦਰ-ਸ਼ੂਦਰ ਕਹਿ ਕੇ ਮਾਰ ਕੁੱਟ ਕਰਦਿਆਂ ਮੰਦਰ ਵਿੱਚੋਂ ਬਾਹਰ ਕੱਢ ਦਿੱਤਾ ਹੈ। ਹੇ ਮੇਰੇ ਪਿਆਰੇ ਪਿਤਾ ਬੀਠਲ, ਤੂੰ ਹੀ ਦੱਸ ਮੈਂ ਹੁਣ ਕੀ ਕਰਾਂ ?

ਜੇ ਤੁਸੀਂ ਮੇਰੀ ਬੇਨਤੀ ਦੇ ਉੱਤਰ ਵਿੱਚ ਇਹ ਕਹੋਗੇ ਕਿ ਹੁਣ ਇਹਨਾਂ ਪੰਡਿਆ ਪਾਸੋਂ ਕੁੱਟ ਖਾਈ ਜਾਹ, ਮਰਣ ਪਿੱਛੋਂ ਤੈਨੂੰ ਮੈਂ ਮੁਕਤ ਕਰ ਦੇਵਾਂਗਾ। ਪਰ ਹੇ ਪ੍ਰਮਾਤਮਾ ਉਸ ਮਰਨ ਪਿੱਛੋਂ ਦਿੱਤੀ ਮੁਕਤੀ ਨੂੰ ਕੌਣ ਜਾਣੇਗਾ ? ਇਹ ਜਾਤ ਅਭਿਮਾਨੀ ਪੰਡੇ ਮੈਨੂੰ ਸ਼ੂਦਰ-ਸ਼ੂਦਰ ਨੀਚ-ਨੀਚ ਕਹਿ ਕੇ ਮੇਰਾ ਅਨਾਦਰ ਕਰਦੇ ਹਨ। ਹੇ ਪਿਤਾ ਪ੍ਰਮਾਤਮਾ ਇਹਨਾਂ ਦੇ ਅਨਾਦਰ ਕਰਨ ਨਾਲ ਆਪ ਜੀ ਦੀ ਵਡਿਆਈ ਹੀ ਘਟਦੀ ਹੈ। ਹੇ ਪ੍ਰਭੂ ਪਿਤਾ, ਤੂੰ ਬਹੁਤ ਦਿਆਲੂ-ਕ੍ਰਿਪਾਲੂ ਅਤੇ ਅਮਿੱਤ ਬੱਲ ਵਾਲਾ ਹੈਂ, ਹੇ ਪ੍ਰਭੂ ਜੀ, ਤੇਰਾ ਅੱਜ ਤੱਕ ਕਿਸੇ ਨੇ ਵੀ ਅੰਤ ਨਹੀਂ ਪਾਇਆ। ਮੇਰੀ ਵੀ ਇੱਜ਼ਤ ਰੱਖ। ਭਗਤ ਜੀ ਦੀ ਅਰਦਾਸ ਸੁਣਦੇ ਹੀ ਸਥੂਲ ਮੰਦਰ ਦਾ ਦਰਵਾਜਾ ਘੁੰਮ ਕੇ ਨਾਮਦੇਵ ਜੀ ਵੱਲ ਹੋ ਗਿਆ ਅਤੇ ਜਾਤ ਅਭਿਮਾਨੀਆਂ ਵੱਲ ਮੰਦਰ ਦੀ ਪਿੱਠ ਹੋ ਗਈ:—

ਮੋ ਕਉ ਤੂੰ ਨ ਬਿਸਾਰਿ, ਤੂ ਨ ਬਿਸਾਰਿ॥

ਤੂ ਨ ਬਿਸਾਰੇ ਰਾਮਈਆ॥ ਰਹਾਉ॥

ਆਲਾਵੰਤੀ ਇਹੁ ਭ੍ਰਮੁ ਜੋ ਹੈ, ਮੁਝ ਊਪਰਿ ਸਭ ਕੋਪਿਲਾ॥

ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ

ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥

ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥

ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿਭੁਜ ਭਇਓ ਅਪਾਰਲਾ॥

ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ॥

ਰਾਗੁ ਮਲਾਰ ਨਾਮ ਦੇਉ ਜੀ (ਪੰਨਾ : ੧੨੯੨)

ਹੇ ਹਰ ਜਗਹ ਮੌਜੂਦ ਪ੍ਰਭੂ ਜੀ, ਮੈਨੂੰ ਇਸ ਸੰਸਾਰ ਭਵਜਲ ਤੋਂ ਕ੍ਰਿਪਾ ਕਰਕੇ ਤਾਰ ਲਵੋ। ਹੇ ਪਿਤਾ ਪ੍ਰਮਾਤਮਾਂ ਮੈਂ ਇਸ ਸੰਸਾਰ ਭਵਜਲ ਵਿੱਚੋਂ ਪਾਰ ਨਹੀਂ ਹੋ ਸਕਦਾ ਕਿਉਂਕਿ ਮੈਨੂੰ ਤਾਂ ਪਾਰ ਉਤਰਨ (ਤਰਨ) ਦੀ ਜੁਗਤੀ ਹੀ ਨਹੀਂ ਆਉਂਦੀ। ਇਸ ਲਈ ਤੁਸੀਂ ਆਪ ਹੀ ਕ੍ਰਿਪਾ ਕਰਕੇ ਮੈਨੂੰ ਆਪਣੀ ਬਾਂਹ ਫੜਾ ਦੇਵੋ।

ਹੇ ਸਤਿਗੁਰੂ ਜੀ, ਤੁਸੀਂ ਆਪ ਹੀ ਐਸੀ ਬੁੱਧੀ ਦੀ ਬਖਸ਼ਸ਼ ਕਰ ਸਕਦੇ ਹੋ ਜਿਸ ਬਿਬੇਕ-ਬੁੱਧੀ ਦੁਆਰਾ ਇੱਕ ਛਿਨ ਵਿੱਚ ਮਨੁੱਖ ਤੋਂ ਦੇਵ ਬੁੱਧੀ ਪ੍ਰਾਪਤ ਹੋ ਸਕਦੀ ਹੈ ਅਤੇ ਸਵਰਗ ਇਤਆਦਿ ਦੀ ਲਾਲਸਾ ਹੀ ਮਨੁੱਖ ਦੀ ਖਤਮ ਹੋ ਜਾਂਦੀ ਹੈ। ਪਰ ਇਹ ਅਉਸ਼ਧੀ ਆਪ ਜੀ ਪਾਸ ਹੀ ਹੈ। ਮੇਰੀ ਤੁਹਾਡੇ ਚਰਨਾਂ ਵਿੱਚ ਅਰਦਾਸ ਹੈ। ਜੋ, ਜੋ ਆਤਮਕ ਅਵਸਥਾ ਤੁਸੀਂ ਆਪਣੇ ਭਗਤਾਂ ਧਰੂ ਜੀ, ਨਾਰਦ ਜੀ ਤੇ ਹੋਰ ਆਪਣਿਆਂ ਪਿਆਰਿਆਂ ਨੂੰ ਬਖਸ਼ਿਸ਼ ਕੀਤੀ ਹੈ, ਮੈਨੂੰ ਵੀ ਉਸ ਅਵਸਥਾ ਤੇ ਸਦਾ ਲਈ ਟਿਕਾ ਦਿਉ। ਆਪ ਜੀ ਦੇ ਨਾਮ ਜਪ ਦੇ ਆਸਰੇ ਨਾਲ ਬੇਅੰਤ ਜੀਵ ਸੰਸਾਰ ਸਮੁੰਦਰ ਤੋਂ ਤਰ ਗਏ ਹਨ। ਮੇਰਾ ਵੀ ਤੁਹਾਡੇ ਉੱਪਰ ਭਰੋਸਾ ਹੈ। ਇਸ ਲਈ :—

ਮੋ ਕਉ ਤਾਰਿ ਲੇ ਰਾਮਾ ਤਾਰਿਲੇ॥
ਮੈ ਅਜਾਨੁ ਜਨੁ ਤਰਿਬੇ ਨ ਜਾਨਉ ਬਾਪ ਬੀਠੁਲਾ ਬਾਹ ਦੇ॥ ਰਹਾਉ॥
ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ॥
ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ ਮੈ ਪਾਈ॥
ਜਹਾ ਜਹਾ ਧੂਅ ਨਾਰਦੁ ਟੇਕੇ ਨੈਕੁ ਟਿਕਾਵਹੁ ਮੋਹਿ॥
ਤੇਰੇ ਨਾਮ ਅਵਿਲੰਬਿ ਬਹੁਤੁ ਜਨ ਉਧਰੇ,
ਨਾਮੇ ਕੀ ਨਿਜ ਮਤਿ ਏਹ॥

ਗੋਂਡ ਨਾਮਦੇਉ ਜੀ (ਪੰਨਾ : ੮੭੩)

ਇਸੇ ਘਟਨਾ ਨੂੰ ਭਗਤ ਜੀ ਨੇ ਭੈਰਉ ਰਾਗ ਵਿੱਚ ਬੜੇ ਪਿਆਰ ਅਤੇ ਸੁੰਦਰ ਢੰਗ ਨਾਲ ਹੋਰ ਨਿਖਾਰਿਆ ਹੈ।

ਹੇ ਪ੍ਰਮਾਤਮਾਂ, ਮੈਂ ਤਾਂ ਬੜੇ ਚਾਉ ਨਾਲ ਤੇਰੇ ਦੇਹਰੇ ਵਿੱਚ ਭਗਤੀ ਕਰਨ ਵਾਸਤੇ ਆਇਆ ਸਾਂ, ਪਰ ਇਹਨਾਂ ਬ੍ਰਾਹਮਣਾਂ ਨੇ ਮੈਨੂੰ ਫੜ ਕੇ ਮੰਦਰ ਵਿੱਚੋਂ ਬਾਹਰ ਕੱਢ ਦਿੱਤਾ, ਇਸ ਲਈ ਕਿ ਮੇਰੀ ਜਾਤ ਨੀਂਵੀ ਹੈ। ਹੇ ਪ੍ਰਭੂ, ਤੁਸੀਂ ਹੀ ਦੱਸੋ, ਜਿਸ ਜਾਤ ਵਿੱਚ ਤੁਸੀ ਮੈਨੂੰ ਜਨਮ ਦਿੱਤਾ ਹੈ, ਇਸ ਜਾਤੀ ਨੂੰ ਤੇਰੀ ਭਗਤੀ ਕਰਨੇ ਦਾ ਹੀ ਕੋਈ ਹੱਕ ਨਹੀਂ ? ਫਿਰ ਤੁਸੀਂ ਮੈਨੂੰ ਇਸ ਛੀਂਬਿਆਂ ਦੇ ਘਰ ਵਿੱਚ ਕਿਸ ਵਾਸਤੇ ਪੈਦਾ ਕੀਤਾ? ਇਸ ਭਾਂਤੀ ਪਿਆਰ ਵਿੱਚ ਭਿੱਜ ਕੇ, ਆਪਣੇ ਪਿਤਾ ਪ੍ਰਮੇਸ਼ਰ ਜੀ ਅੱਗੇ

ਪਿਆਰ ਸਤਾਣੀ ਅਰਦਾਸ ਕੀਤੀ ਅਤੇ ਕੰਬਲੀ, ਜਿਸ ਨੂੰ ਵਿਛਾ ਕੇ ਉੱਪਰ ਬੈਠ ਭਗਤੀ ਕਰਦੇ ਸਨ, ਮੋਢੇ ਤੇ ਪਲਟਾ ਕੇ ਰੱਖ ਲਈ ਅਤੇ ਮੰਦਰ ਦੇ ਪਿਛਲੇ ਪਾਸੇ ਸਮਾਧੀ ਲਾ ਪ੍ਰਭੂ ਜੀ ਦੇ ਗੁਣ ਗਾਉਣ ਵਿੱਚ ਮਗਨ ਹੋ ਪ੍ਰਮਾਤਮਾਂ ਨਾਲ ਇਕ ਸੁਰ ਹੋ ਗਏ। ਜਿਉਂ-ਜਿਉਂ ਨਾਮਦੇਵ ਜੀ ਪ੍ਰਮੇਸ਼ਰ ਜੀ ਦੇ ਪਿਆਰ ਵਿੱਚ ਭਿੱਜ ਕੇ ਗੁਣ ਗਾਉਂਦੇ ਹਨ, ਪ੍ਰਭੂ ਜੀ ਨੇ ਐਸੀ ਅਸਚਰਜ ਖੇਡ ਵਰਤਾਈ ਕਿ ਮੰਦਰ ਦਾ ਮੂੰਹ ਘੁੰਮ ਕੇ ਭਗਤ ਨਾਮਦੇਵ ਜੀ ਵੱਲ ਹੋਈ ਜਾ ਰਿਹਾ ਹੈ ਤੇ ਜਾਤ ਅਭਿਮਾਨੀ ਪੰਡਤਾਂ ਵੱਲ ਮੰਦਰ ਦੀ ਪਿੱਠ ਹੋ ਗਈ।

ਪਿਆਰ ਅਰਜੋਈ ਵਿੱਚ ਕੈਸੀ ਬਰਕਤ ਹੈ ਜਿਸ ਦਾ ਜਿਕਰ ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿੱਚ ਕੀਤਾ ਹੈ :—

ਗਾਇ ਮੁਈ ਜੀਵਾਲਿਓਨ ਨਾਮਦੇਵ ਦਾ ਛਪਰੁ ਛਾਇਆ॥
ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ॥

ਵਾਰ ੧੦ ਪਉੜੀ ੧੧

ਭਗਤ ਨਾਮਦੇਵ ਜੀ ਦੀ ਆਪਣੀ ਹਡ ਬੀਤੀ :—

ਹਸਤ ਖੇਲਤ ਤੇਰੇ ਦੇਹੁਰੇ ਆਇਆ, ਭਗਤਿ ਕਰਤ ਨਾਮਾ ਪਕਰਿ ਉਠਾਇਆ॥
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥ ਛੀਪੇ ਕੇ ਜਨਮਿ ਕਾਹੇ ਕਉ ਆਇਆ॥ ਰਹਾਉ॥
ਲੈ ਕਮਲੀ ਚਲਿਓ ਪਲਟਾਇ॥ ਦੇਹੁਰੈ ਪਾਛੈ ਬੈਠਾ ਜਾਇ॥
ਜਿਉ ਜਿਉ ਨਾਮਾ ਹਰਿ ਗੁਣ ਉਚਰੈ॥ ਭਗਤ ਜਨਾਂ ਕਉ ਦੇਹੁਰਾ ਫਿਰੈ॥

ਭੈਰਉ ਨਾਮਦੇਉ ਜੀ (ਪੰਨਾ : ੧੧੬੪)

ਭਗਤ ਸਧਨਾ ਜੀ ਉੱਪਰ ਵੀ ਔਖਾ ਸਮਾਂ ਆਇਆ ਜਦੋਂ ਨਿਰਦੋਸ਼ ਭਗਤ ਜੀ ਉੱਤੇ ਇੱਕ ਜੁਆਨ ਔਰਤ ਨੇ ਉਸ ਦੇ ਪਤੀ ਨੂੰ ਮਾਰ ਦੇਣ ਦਾ ਦੋਸ਼ ਅਰੋਪਤ ਕਰ ਦਿੱਤਾ, ਰਾਜੇ ਦੇ ਹੁਕਮ ਮੁਤਾਬਕ ਸਧਨਾ ਜੀ ਨੂੰ ਦੀਵਾਰ ਵਿੱਚ ਚਿਣ ਕੇ ਜਾਨੋਂ ਮਾਰ ਦੇਣ ਦੀ ਸਜਾ ਸੁਣਾਈ ਗਈ, ਸਾਖੀਕਾਰਾਂ ਅਨੁਸਾਰ ਜਦੋਂ ਸਧਨਾ ਜੀ ਨੂੰ ਨੀਂਹ ਵਿੱਚ ਖੜਾ ਕਰਕੇ ਦੀਵਾਰ ਦੀ ਉਸਾਰੀ ਅਰੰਭ ਕੀਤੀ, ਸਧਨਾਂ ਜੀ ਨੇ ਆਪਣੇ ਮਾਲਕ ਪ੍ਰਭੂ ਜੀ ਦੇ ਚਰਨਾਂ ਵਿੱਚ ਰੱਖਿਆ ਵਾਸਤੇ ਬੇਨਤੀਆਂ ਕਰਨੀਆਂ ਅਰੰਭ ਕੀਤੀਆਂ।

ਹੇ ਪ੍ਰਭੂ ਇੱਕ ਰਾਜੇ ਦੀ ਲੜਕੀ ਨਾਲ ਵਿਆਹ ਕਰਾਉਣ ਵਾਸਤੇ ਇੱਕ ਤਰਖਾਣਾਂ ਦੇ ਲੜਕੇ ਨੇ ਤੇਰਾ ਭੇਖ ਧਾਰਨ ਕੀਤਾ। ਜੋ ਨਿਰੋਲ ਕਾਮ ਵਾਸ਼ਨਾ ਵਾਲਾ ਤੇ ਸੁਆਰਥੀ ਸੀ, ਪਰ ਹੇ ਪ੍ਰਭੂ, ਤੁਸੀ ਉਸ ਦੀ ਵੀ ਇੱਜ਼ਤ ਰੱਖੀ।

ਹੇ ਜਗਤ ਗੁਰੂ ! ਜੇ ਤੁਸੀਂ ਇਹ ਆਖੋ ਕਿ ਤੇਰੇ ਕਰਮ ਬਹੁਤ ਮਾੜੇ ਹਨ। ਤੈਨੂੰ ਉਹਨਾਂ ਕਰਮਾਂ ਦੀ ਸਜਾ ਮਿਲ ਰਹੀ ਹੈ। ਹੇ ਜਗਤ ਗੁਰੂ ! ਮੈਂ ਤੇਰੀ ਸ਼ਰਣ ਵਿੱਚ ਆਇਆ ਹਾਂ। ਜੇ ਤੇਰੀ ਸ਼ਰਣ ਵਿੱਚ ਆਇਆਂ ਵੀ ਕਰਮਾਂ ਦਾ ਨਾਸ਼ ਨਹੀਂ ਹੋਣਾ ਫਿਰ ਤੇਰੇ ਵਿੱਚ ਜਗਤ ਗੁਰੂ ਹੋਣ ਦਾ ਕੀ ਗੁਣ ਹੈ ?

ਸ਼ੇਰ ਦੀ ਸ਼ਰਣ ਵਿੱਚ ਪੈਣ ਦਾ ਕੀ ਲਾਭ ਜੇ ਸ਼ੇਰ ਦੀ ਸ਼ਰਣ ਵਿੱਚੋਂ ਵੀ ਗਿੱਦੜ ਆ ਕੇ ਖਾ ਜਾਵੇ ? ਪਪੀਹਾ ਇੱਕ ਪਾਣੀ ਦੀ ਬੂੰਦ ਖਾਤਰ ਤੜਫਦਾ ਹੈ। ਜੇ ਉਸ ਦੇ ਪਿਆਸ ਨਾਲ ਪ੍ਰਾਨ ਨਿਕਲ ਜਾਣ, ਮਰ ਜਾਣ ਤੋਂ ਪਿੱਛੋਂ ਉਸਨੂੰ ਪਾਣੀ ਦਾ ਸਮੁੰਦਰ ਮਿਲ ਜਾਵੇ, ਪਪੀਹੇ ਦੇ ਕਿਸ ਕੰਮ ?

ਮੇਰੇ ਪ੍ਰਾਣ ਨਿਕਲਣ ਵਾਲੇ ਹਨ, ਜਿੰਦ ਅਸਥਿਰਤਾ ਮਹਿਸੂਸ ਕਰ ਰਹੀ ਹੈ। ਛੇਤੀ ਬਹੁੜੀ ਕਰੋ। ਜੇ ਦਰਿਆ ਵਿੱਚ ਡੁੱਬ ਕੇ ਮਰ ਗਏ ਨੂੰ ਮਰਨ ਉਪ੍ਰੰਤ ਬੇੜੀ ਮਿਲ ਜਾਵੇ, ਉਸਦੇ ਕਿਸ ਕੰਮ! ਜੇ ਜਿਉਂਦੇ ਨੂੰ ਜਦੋਂ ਉਹ ਡੁੱਬ ਰਿਹਾ ਸੀ ਉਸ ਵੇਲੇ ਬੇੜੀ ਮਿਲ ਜਾਂਦੀ ਤਦ ਤਾਂ ਉਸ ਦੇ ਪ੍ਰਾਣ ਬਚ ਸਕਦੇ ਸਨ। ਹੁਣ ਉਸ ਬੇੜੀ ਤੇ ਕਿਸ ਨੂੰ ਚੜ੍ਹਾਈਏ। ਪਰ ਅਰਦਾਸ ਬੇਨਤੀਆਂ ਪ੍ਰਭੂ ਦੇ ਦਰ ਵਿੱਚ ਪ੍ਰਵਾਨ ਨਹੀਂ ਹੋਈਆਂ। ਸਧਨਾ ਜੀ ਦੀ ਬਹੁੜੀ ਨਹੀਂ ਹੋਈ। ਹੁੰਦੀ ਵੀ ਕਿਵੇਂ ? ਕਿਉਂਕਿ ਪ੍ਰਭੂ ਅੱਗੇ ਅਰਪ ਧਰ ਨਹੀਂ ਕੀਤਾ। ਇਹ ਬੇਨਤੀਆਂ ਨਹੀ ਸਨ। ਇਹ ਤਾਂ ਪ੍ਰਭੂ ਨੂੰ ਤਾਹਨੇ, ਉਲ੍ਹਾਮੇ ਦਿੱਤੇ ਜਾ ਰਹੇ ਸਨ। ਸਧਨਾ ਜੀ ਦਾ ਫੁਰਮਾਨ ਪੜੀਏ ਸਪੱਸ਼ਟਤਾ ਹੋ ਜਾਵੇਗੀ।

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ॥
ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ॥ ੧॥
ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ॥
ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥ ੧॥ ਰਹਾਉ॥
ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ॥
ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ॥ ੨॥
ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ॥
ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ॥ ੩॥

ਬਿਲਾਵਲੁ ਸਧਨਾ ਜੀ (ਪੰਨਾ : ੮੫੮)

ਜਦੋਂ ਭਗਤ ਜੀ ਨੇ ਪ੍ਰਭੂ ਜੀ ਅੱਗੇ ਅਰਪ ਧਰ ਕਰਕੇ ਪੁਕਾਰਿਆ। ਹੇ ਪ੍ਰਭੂ ਮੈਂ ਕੁਛ ਵੀ ਨਹੀਂ ਹਾਂ। ਮੇਰਾ ਸੰਸਾਰ ਵਿੱਚ ਕੋਈ ਵੀ ਓਟ ਆਸਰਾ ਨਹੀਂ। ਮੈਂ ਨਿਆਸਰਾ ਹਾਂ ਮੈਂ ਤੇਰਾ ਦਾਸ ਹਾਂ, ਮੇਰੀ ਲਜ-ਪਤ ਰੱਖੋ ਜੀ। ਬਸ ਭਗਤ ਜੀ ਦੇ ਆਪਾ ਸਮੱਰਪਤ ਕਰਨ ਦੀ ਦੇਰ ਸੀ। ਜਦੋਂ ਭਗਤ ਜੀ ਨੇ ਪੁਕਾਰਿਆ ਹੇ ਪ੍ਰਭੂ !

ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥
ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ॥ ੪॥ ੧॥

ਬਿਲਾਵਲੁ ਸਧਨਾ ਜੀ (ਪੰਨਾ : ੮੫੮)

ਉਲਾਮੇ ਛੱਡ ਕੇ ਜਨ ਬਣਨ ਦੀ ਲੋੜ ਸੀ, ਜਦੋਂ ਸਧਨਾ ਜਨੁ ਤੋਰਾ ਕਿਹਾ, ਸਧਨਾ ਜੀ ਉਦਾਲੇ ਚਿਣੀ ਜਾ ਰਹੀ ਦੀਵਾਰ ਢਹਿ ਗਈ, ਇਟਾਂ ਖਿੰਡ ਗਈਆਂ। ਪ੍ਰਭੂ ਨੇ ਆਪਣੇ ਭਗਤ ਦੀ ਪੈਜ ਰੱਖੀ। ਅਰਦਾਸ ਦੀ ਪੂਰਤੀ ਲਈ ਪੰਜਵੇ ਪਾਤਸ਼ਾਹ ਜੀ ਦੇ ਫੁਰਮਾਨ ਅਨੁਸਾਰ ਬਿਰਤੀ ਬਨਾਉਣ ਦੀ ਲੋੜ ਹੈ :—

ਛੋਡਿ ਸਿਆਨਪ ਸਗਲ ਮਨੁ ਤਨੁ ਅਰਪਿ ਧਰਿ॥

ਮ: ੫ ਪਉੜੀ (ਪੰਨਾ : ੫੧੯)

ਅਰਦਾਸ ਵਿੱਚ ਐਸੀ ਸ਼ਕਤੀ ਹੈ ਕਿ ਅਰਦਾਸ ਅਣਹੋਣੀਆਂ ਵੀ ਹੋਂਦ ਵਿੱਚ ਲੈ ਆਉਂਦੀ ਹੈ। ਸਾਰਾ ਪ੍ਰਭੂ ਭਗਤਾਂ ਦਾ ਅਤੇ ਸ਼ਰਧਾਵਾਨ ਗੁਰਸਿਖਾਂ ਦਾ ਇਤਿਹਾਸ ਐਸੀਆਂ ਬੇਅੰਤ ਘਟਨਾਵਾਂ ਨਾਲ ਭਰਿਆ ਪਿਆ ਹੈ। ਤਾਂ ਤੇ ਆਵਾਗਵਣ (ਜੰਮਣ-ਮਰਨ) ਦਾ ਜੋ ਚੱਕਰ ਹੈ ਜਿਸ ਦਾ ਮੂਲ ਕਾਰਣ ਸਤਿਗੁਰੂ ਜੀ ਨੇ ਹਉਮੈਂ ਲਿਖਿਆ ਹੈ ਜੋ :—

ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ॥

ਸਲੋਕ ਸਹਸਕ੍ਰਿਤੀ ਮ: ੫ (ਪੰਨਾ : ੧੩੫੮)

ਦਾ ਚੱਕਰ ਮੁੱਕਣ ਨਹੀਂ ਦਿੰਦਾ। ਨਾ ਹਉਮੈਂ ਮੁਕੇ, ਨਾ ਆਵਾਗਵਣ ਦਾ ਚੱਕਰ ਮੁੱਕੇ ਕਿਉਂਕਿ :—

ਜਬ ਇਹ ਜਾਨੈ ਮੈ ਕਿਛੁ ਕਰਤਾ
ਤਬ ਲਗੁ ਗਰਭ ਜੋਨਿ ਮਹਿ ਫਿਰਤਾ॥

ਸੁਖਮਨੀ (ਪੰਨਾ : ੨੭੮)

ਮਨੁੱਖ ਹੱਠ ਨਾਲ, ਆਪਣੇ ਬਲ ਨਾਲ ਹਉਮੈਂ ਤੋਂ ਨਹੀਂ ਛੁੱਟ ਸਕਦਾ। ਹੱਠ ਨਾਲ, ਯਤਨ ਨਾਲ ਮਾਇਆ ਤਾਂ ਛੱਡੀ ਜਾ ਸਕਦੀ ਹੈ, ਮਹਿਲ-ਮਾੜੀਆਂ ਛੱਡੀਆਂ ਜਾ ਸਕਦੀਆਂ ਹਨ, ਧੀਆਂ-ਪੁੱਤਰਾਂ ਨੂੰ ਤਿਆਗਿਆ ਜਾ ਸਕਦਾ ਹੈ ਪਰ ਇਹ ਸਾਰੇ ਕਿਸਮ ਦੀ ਮਾਇਆ ਨੂੰ ਛਡਣ ਦਾ ਮਾਣ (ਅਹੰਕਾਰ) ਜੋ ਹੈ ਉਸ ਨੂੰ ਤਜਣਾ ਅਤਿ ਹੀ ਬਿਖਮ ਹੈ। ਇਸ ਮਾਨ ਨੇ ਤਾਂ ਵੱਡੇ-ਵੱਡੇ ਰਿਸ਼ੀਆਂ-ਮੁਨੀਆਂ, ਸਾਧਨਾ ਵਾਲਿਆਂ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਹੈ। ਤਦ ਹੀ ਬਾਬਾ ਕਬੀਰ ਜੀ ਨੇ ਪੁਕਾਰ ਕੇ ਕਿਹਾ ਹੈ :—

ਕਬੀਰ ਮਾਇਆ ਤਜੀ ਤ ਕਿਆ ਭਇਆ,
ਜਉ ਮਾਨੁ ਤਜਿਆ ਨਹੀ ਜਾਇ॥
ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥੧੫੬॥

ਸਲੋਕ ਕਬੀਰ ਜੀ (ਪੰਨਾ : ੧੩੭੨)

ਮਾਣ ਹੀ ਇੱਕ ਐਸੀ ਪਲੀਤਤਾਈ ਹੈ ਜੋ ਸਾਰੇ ਧਾਰਮਕ ਕਰਮ ਕਾਂਡਾਂ ਨੂੰ ਨਿਸ਼ਫਲ ਬਣਾ ਦਿੰਦੀ ਹੈ। ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫੁਰਮਾਨ ਹੈ ਕਿ ਕੋਈ ਮਨੁੱਖ ਤੀਰਥ ਇਸ਼ਨਾਨ ਵੀ ਕਰ ਲਵੇ, ਵਰਤ-ਨੇਮ ਵੀ ਪੂਰੇ ਨਿਭਾਏ, ਪੁੰਨ ਦਾਨ ਨੂੰ ਵੀ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲਏ ਪਰ ਨਾਲ ਇਸ ਕਰਮ ਕਰਨ ਦਾ ਹਿਰਦੇ ਵਿੱਚ ਮਾਣ ਧਾਰੇ, ਐਸੇ ਜਗਿਆਸੂ ਦਾ ਸਾਰਾ ਕੀਤਾ ਹੋਇਆ ਸ਼ੁਭ ਕਰਮ ਹਾਥੀ ਦਾ ਇਸ਼ਨਾਨ ਬਣ ਕੇ ਰਹਿ ਜਾਂਦਾ ਹੈ ਭਾਵ ਸਭ ਨਿਸ਼ਫਲ ਹੋ ਜਾਂਦਾ ਹੈ। ਸਾਹਿਬਾਂ ਦਾ ਫੁਰਮਾਨ ਹੈ :—

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥

ਸਲੋਕ ਮ: ੯ (ਪੰਨਾ : ੧੪੨੮)

ਹਉਮੈਂ ਤੋਂ ਬਚਣਾ ਬਹੁਤ ਕਠਨ ਹੈ। ਹਉਮੈਂ, ਕਿੰਨੇ ਕੁ ਰੂਪ ਧਾਰ ਕੇ ਮਨ ਨੂੰ ਆ ਚੰਬੜਦੀ ਹੈ, ਇਸ ਦਾ ਵਰਨਣ ਕਰਨਾ ਅਤਿ ਕਠਨ ਹੈ। ਇਸ ਹਉਮੈਂ, ਅਹੰਕਾਰ ਤੋਂ ਤਾਂ, ਬੜੇ-ਬੜੇ ਰਿਸ਼ੀ ਮੁਨੀ, ਜਪੀਆਂ, ਤਪੀਆਂ ਦਾ ਵੀ ਬਚਾਉ ਨਹੀਂ ਹੋ ਸਕਿਆ। ਸਾਰਿਆਂ ਉੱਪਰ ਮਾਣ ਹੀ ਹਾਵੀ ਰਿਹਾ ਹੈ।

ਇੱਕ ਸਮੇਂ ਗੁਰਮਤ ਦੇ ਮਹਾਨ ਦਾਰਸ਼ਨਿਕ ਗੁਰਸਿੱਖੀ ਦੀ ਕਮਾਈ ਦੇ ਪੂਰਨ ਧਾਰਨੀ, ਭਾਈ ਸਾਹਿਬ, ਭਾਈ ਗੁਰਦਾਸ ਜੀ ਦੇ ਹਿਰਦੇ ਵਿੱਚ ਹਉਮੈਂ ਨੇ ਸੂਖਸ਼ਮ ਰੂਪ ਵਿੱਚ ਆ ਡੇਰਾ ਲਾਇਆ ਤੇ ਮਨ ਵਿੱਚ ਹੰਕਾਰ ਪੈਦਾ ਹੋ ਗਿਆ ਕਿ ਗੁਰਸਿੱਖ ਦਾ ਆਪਣੇ ਗੁਰੂ ਉੱਪਰ ਐਨਾ ਅਟੁੱਟ ਵਿਸ਼ਵਾਸ ਭਰੋਸਾ ਹੋਣਾ ਚਾਹੀਦਾ ਹੈ ਕਿ ਜੇ ਗੁਰੂ ਸਿੱਖ ਦੀ ਪਰਖ ਕਰਨ ਵਾਸਤੇ ਸਾਂਗ ਵੀ ਵਰਤ ਲਵੇ, ਗੁਰਸਿੱਖ ਨੂੰ ਉਸ ਵਿੱਚ ਭਰਮਣਾ ਨਹੀਂ ਚਾਹੀਦਾ ਸਗੋਂ ਅਡੋਲ ਨਿਸਚਾ ਰੱਖ ਕੇ ਉਸ ਸਾਂਗ ਵਿੱਚੋਂ ਸਾਬਤ ਨਿੱਕਲ ਜਾਣਾ ਚਾਹੀਦਾ ਹੈ। ਗੁਰੂ ਉੱਪਰ ਅਟੱਲ ਵਿਸ਼ਵਾਸ, ਭਰੋਸੇ ਦੀ ਸੂਖਸ਼ਮ ਹਉਮੈਂ ਅਧੀਨ ਇੱਕ ਪਉੜੀ ਦੀ ਵੀ ਰਚਨਾ ਕਰ ਦਿੱਤੀ ਤੇ ਉਦਾਹਰਣਾਂ ਦਿੱਤੀਆਂ:—

ਜੇ ਮਾਂ ਆਚਰਣ ਤੋਂ ਹੀਣੀਂ ਵੀ ਹੋ ਜਾਵੇ ਪੁੱਤਰ ਉਸ ਦੀ ਨਿੰਦਿਆ ਨਹੀਂ ਕਰਦਾ।

ਜੇ ਗਊ ਮਾਣਕ ਨਿਗਲ ਲਵੇ ਉਸ ਦਾ ਪੇਟ ਚੀਰ ਕੇ ਉਸਨੂੰ ਮਾਰ ਨਹੀਂ ਦੇਈਦਾ।

ਜੇ ਪਤੀ ਬਿਭਚਾਰੀ ਹੋ ਜਾਵੇ ਤਾਂ, ਪਤਨੀ ਆਪਣੇ ਸੱਤ ਧਰਮ ਤੇ ਕਾਇਮ ਰਹੇ।

ਜੇ ਬਾਦਸ਼ਾਹ ਆਪਣੇ ਹੁਕਮ ਨਾਲ ਚੰਮ ਦੇ ਸਿੱਕੇ ਚਲਾ ਦੇਵੇ, ਨੌਕਰਾਂ ਦਾ ਕੋਈ ਚਾਰਾ ਨਹੀਂ। ਉਹ ਤਾਂ ਬਾਦਸ਼ਾਹ ਦੇ ਹੁਕਮ ਨੂੰ ਮੰਨਦੇ ਹਨ।

ਜੇ ਕੋਈ ਬ੍ਰਾਹਮਣੀ ਸ਼ਰਾਬ ਪੀ ਲਵੇ, ਭਾਵੇਂ ਸਾਰੇ ਲੋਕ ਕਰਿਝਦੇ ਹਨ। ਪਰ ਉਸ ਨੂੰ ਜਾਨੋ ਕੋਈ ਨਹੀਂ ਮਾਰਦਾ।

ਇਸੇ ਤਰ੍ਹਾਂ ਜੇ ਸਿੱਖ ਦੀ ਪ੍ਰੀਖਿਆ ਲੈਣ ਲਈ ਗੁਰੂ ਕੋਈ ਸਵਾਂਗ ਵਰਤਦਾ ਹੈ, ਤਾਂ ਸਿੱਖ ਆਪਣਾ ਸਿਦਕ ਭਰੋਸਾ ਨਹੀਂ ਹਾਰਦਾ :—

ਜੇ ਮਾਂ ਹੋਵੈ ਜਾਰਨੀ ਕਿਉ ਪੁਤ ਪਤਾਰੇ ॥
ਗਾਈ ਮਾਣਕੁ ਨਿਗਲਿਆ ਪੇਟੁ ਪਾੜਿ ਨ ਮਾਰੇ ॥
ਜੇ ਪਿਰੁ ਬਹੁ ਘਰੁ ਹੰਢਣਾ ਸਤੁ ਰਖੈ ਨਾਰੇ ॥
ਅਮਰੁ ਚਲਾਵੈ ਚੰਮ ਦੇ ਚਾਕਰ ਵੇਚਾਰੇ ॥
ਜੇ ਮਦੁ ਪੀਤਾ ਬਾਮਣੀ ਲੋਇ ਲੁਝਣਿ ਸਾਰੇ ॥
ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ ॥ ੨੦ ॥

ਮਨ ਵਿੱਚ ਹੰਕਾਰ ਬਣ ਜਾਣਾ ਵੀ ਜ਼ਰੂਰੀ ਸੀ ਕਿਉਂਕਿ ਆਪ ਭਾਈ ਗੁਰਦਾਸ ਜੀ ਉਸ ਸਮੇਂ ਵੀ ਅਡੋਲ ਭਰੋਸੇ ਵਿੱਚ ਰਹਿ ਕੇ ਗੁਰੂ ਦੇ ਚਰਨਾਂ ਨਾਲ ਜੁੜੇ ਰਹੇ ਜਿਸ ਸਮੇਂ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਪਹਿਲੇ ਸਤਿਗੁਰਾਂ ਦੀ ਰੀਤੀ ਦੇ ਉੱਲਟ ਦੋ ਤਲਵਾਰਾਂ ਧਾਰਨ ਕੀਤੀਆਂ। ਸਸ਼ਤਰ, ਘੋੜੇ ਖ੍ਰੀਦਣੇ ਤੇ ਰਖਣੇ ਅਰੰਭ ਕਰ ਦਿੱਤੇ, ਸੂਰਮਿਆਂ ਨੂੰ ਭਰਤੀ ਕਰਕੇ ਜੰਗੀ ਮਸ਼ਕਾਂ ਕਰਨੀਆਂ ਅਰੰਭ ਕਰ ਦਿੱਤੀਆਂ। ਸ਼ਾਮ ਦੇ ਸਮੇਂ ਘੋੜਿਆਂ ਤੇ ਸਵਾਰ ਹੋ ਕੇ ਜੰਗਲਾਂ ਵਿੱਚ ਜਾ ਕੇ ਸ਼ਿਕਾਰ ਖੇਡਣ ਲੱਗ ਪਏ। ਇਸ ਤਰ੍ਹਾਂ ਦੀ ਸਾਰੀ ਕਿਰਿਆ ਦੇਖ ਕੇ, ਚੰਗੇ-ਚੰਗੇ ਕਰਨੀ ਵਾਲੇ ਗੁਰਸਿੱਖ ਵੀ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਨ ਲੱਗ ਪਏ ਕਿ ਵੇਖੋ :—

੧. ਪਹਿਲੇ ਸਤਿਗੁਰੂ ਤਾਂ ਨੇਮ ਨਾਲ ਧਰਮਸ਼ਾਲਾ ਵਿੱਚ ਬੈਠਦੇ ਸਨ, ਪਰ ਗੁਰੂ ਹਰਗੋਬਿੰਦ ਜੀ ਇੱਕ ਥਾਂਵੇਂ ਟਿੱਕ ਕੇ ਬੈਠਦੇ ਹੀ ਨਹੀਂ।

੨. ਪਹਿਲੇ ਸਤਿਗੁਰਾਂ ਦੇ ਦਰਸ਼ਨਾਂ ਨੂੰ ਬਾਦਸ਼ਾਹ ਚਲ ਕੇ ਆਉਂਦੇ ਸਨ ਪਰ ਇਸ ਨੂੰ ਗ੍ਰਿਫਤਾਰ ਕਰਨ ਦੀਆਂ ਬਾਦਸ਼ਾਹ ਵਿਉਤਾਂ ਬਣਾ ਰਹੇ ਹਨ।

੩. ਪਹਿਲੇ ਸਤਿਗੁਰਾਂ ਦੀ ਤਰ੍ਹਾਂ ਛੇਵੇਂ ਸਤਿਗੁਰੂ ਦੇ ਦਰਸ਼ਨ ਸੰਗਤਾਂ ਨੂੰ ਨਹੀਂ ਹੁੰਦੇ ਕਿਉਂਕਿ ਇਹ ਦੌੜਿਆ ਹੀ ਫਿਰਦਾ ਹੈ ਅਤੇ ਕਿਸੇ ਦੇ ਡਰਾਇਆਂ ਭੋਰਾ ਜਿਨਾਂ ਵੀ ਡਰਦਾ ਨਹੀਂ ਹੈ।

੪. ਪਹਿਲੇ ਪੰਜੇ ਸਤਿਗੁਰੂ ਤਾਂ ਸਿੰਘਾਸਨ ਤੇ ਬੈਠ ਕੇ ਸੰਗਤਾਂ ਨੂੰ ਦਰਸ਼ਨ ਦਿੰਦੇ ਸਨ ਪਰ ਇਸ ਨੇ ਕੁੱਤੇ ਰੱਖੇ ਹੋਏ ਹਨ ਤੇ ਸ਼ਿਕਾਰ ਖੇਡਦਾ ਫਿਰਦਾ ਹੈ।

੫. ਪੰਜੇ ਗੁਰੂ ਤਾਂ ਗੁਰਬਾਣੀ ਉਚਾਰਣ ਕਰਦੇ ਸਨ, ਕੀਰਤਨ ਸੁਣਦੇ ਤੇ ਗੁਰਬਾਣੀ ਗਾਉਂਦੇ ਸਨ। ਇਹ (ਛੇਵਾਂ ਗੁਰੂ) ਨਾ ਬਾਣੀ ਰਚਦਾ ਹੈ ਨਾ ਸੁਣਦਾ ਹੈ ਤੇ ਨਾ ਹੀ ਗਾ ਕੇ ਸੰਗਤਾਂ ਨੂੰ ਸੁਣਾਉਂਦਾ ਹੈ।

੬. ਇਹ ਛੇਵਾਂ ਗੁਰੂ, ਸਿੱਖ ਸੇਵਕਾਂ ਨੂੰ ਕੋਲ ਨਹੀਂ ਬਹਾਉਂਦਾ, ਪਹਿਲੇ ਸਤਿਗੁਰੂ ਸੇਵਕਾਂ ਨੂੰ ਕੋਲ ਬਿਠਾਲ ਕੇ ਪਿਆਰ ਕਰਦੇ ਸਨ, ਪਰ ਇਸ ਨੇ ਦੋਖੀ ਦੁਸ਼ਟਾਂ (ਪੈਂਡੇ ਖਾਂ ਵਰਗਿਆਂ) ਨੂੰ ਮੂੰਹ ਲਾਇਆ ਹੋਇਆ ਹੈ। ਭਾਵ ਉਹਨਾਂ ਨੂੰ ਇਸ ਨੇ ਆਗੂ ਬਣਾਇਆ ਹੋਇਆ ਹੈ।

੭. ਭਾਈ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਸੱਚ ਕਦੀ ਵੀ ਲੁਕਾਇਆਂ ਲੁਕਦਾ ਨਹੀਂ, ਇਹ ਕੇਵਲ ਗੁਰੂ ਦਾ ਸਾਂਗ ਹੀ ਹੈ। ਜਿਹੜੇ ਪੱਕੇ ਸਿੱਖ ਹਨ ਉਹ ਤਾਂ ਭਵਰੇ ਵਾਂਗ ਹਨ, ਜਿਵੇਂ ਭੌਰਾ ਤਰ੍ਹਾਂ-ਤਰ੍ਹਾਂ ਦੇ ਫੁੱਲਾਂ ਦੇ ਰੰਗ ਦੇਖ ਕੇ ਭਟਕਦਾ ਨਹੀਂ ਉਹ, ਫੁੱਲ ਦੀ ਸੁਗੰਧੀ ਤੇ ਰਸ ਪ੍ਰਾਪਤ ਕਰਦਾ ਹੈ। ਇਸੇ ਵਿਸ਼ਵਾਸ ਵਾਲੇ ਗੁਰਸਿੱਖ ਗੁਰੂ ਦੇ ਸਵਾਂਗ ਰਚਣ ਤੇ ਭਰਮਦੇ ਨਹੀਂ, ਉਹ ਸਦਾ ਗੁਰੂ ਦੇ ਚਰਨਾਂ ਦੇ ਭੌਰੇ ਬਣੇ ਰਹਿੰਦੇ ਹਨ।

੮. ਸਿੱਖਾਂ ਦਾ ਨਿਹਚਾ ਹੈ, ਉਹ ਜਾਣਦੇ ਹਨ ਕਿ ਗੁਰੂ ਹਰਗੋਬਿੰਦ ਸਾਹਿਬ ਅਜੱਰ ਨੂੰ ਜਰ ਰਹੇ ਹਨ ਤੇ ਆਪਣਾ ਆਪ ਕਿਸੇ ਨੂੰ ਜਣਾਉਂਦੇ ਨਹੀਂ ਹਨ :—

੧. ਧਰਮਸਾਲ ਕਰਿ ਬਹੀਦਾ, ਇਕਤ ਥਾਉਂ ਨ ਟਿਕੈ ਟਿਕਾਇਆ॥
੨. ਪਾਤਿਸਾਹ ਘਰ ਆਵਦੇ, ਗੜਿ ਚੜਿਆ ਪਾਤਿਸਾਹ ਚੜਾਇਆ॥
੩. ਉਮਤਿ ਮਹਲੁ ਨ ਪਾਵਦੀ, ਨਠਾ ਫਿਰੈ ਨ ਡਰੈ ਡਰਾਇਆ॥
੪. ਮੰਜੀ ਬਹਿ ਸੰਤੋਖਦਾ, ਕੁਤੇ ਰਖਿ ਸਿਕਾਰੁ ਖਿਲਾਇਆ॥
੫. ਬਾਣੀ ਕਰਿ ਸੁਣਿ ਗਾਂਵਦਾ, ਕਥੈ ਨ ਸੁਣੈ ਨ ਗਾਵਿ ਸੁਣਾਇਆ॥
੬. ਸੇਵਕ ਪਾਸ ਨ ਰਖੀਅਨਿ, ਦੋਖੀ ਦੁਸਟ ਆਗੂ ਮੁਹਿ ਲਾਇਆ॥
੭. ਸਚੁ ਨ ਲੁਕੈ ਲੁਕਾਇਆ, ਚਰਣ ਕਵਲ ਸਿਖ ਭਵਰ ਲੁਭਾਇਆ॥
੮. ਅਜਰੁ ਜਰੈ ਨ ਆਪੁ ਜਣਾਇਆ॥ ੨੪॥ ਵਾਰ ੨੬॥

ਐਸੇ ਬਦਲੇ ਹੋਏ ਸਵਾਂਗ ਵਿੱਚ ਭਾਈ ਸਾਹਿਬ ਸਿੱਖਾਂ ਨੂੰ ਧੀਰਜ ਤੇ ਸਿਦਕ ਰੱਖਣ ਲਈ ਉਪਦੇਸ਼ ਕਰਦੇ ਰਹੇ ਤੇ ਪ੍ਰੇਰਨਾ ਦਿੰਦੇ ਰਹੇ ਕਿ ਜੇ ਗੁਰੂ ਸਵਾਂਗ ਵੀ ਰਚੇ, ਸਿੱਖ ਨੂੰ ਆਪਣੇ ਸਿਦਕ ਤੇ ਭਰੋਸੇ ਤੇ ਕਾਇਮ ਰਹਿਣਾ ਚਾਹੀਦਾ ਹੈ।

ਭਾਈ ਸਾਹਿਬ ਜੀ ਦੇ ਆਪਣੇ ਹੀ ਕੱਥਨ ਅਨੁਸਾਰ ਗੁਰਸਿੱਖੀ ਦਾ ਮਾਰਗ ਬਹੁਤ

ਕੱਠਨ ਹੈ। ਗੁਰਸਿੱਖੀ ਖੰਡੇ ਦੀ ਧਾਰ ਵਰਗੀ ਤਿੱਖੀ ਹੈ। ਇਹ ਗੁਰਸਿੱਖੀ ਦਾ ਮਾਰਗ ਬਹੁਤ ਬਰੀਕ ਤੇ ਤੇਜ ਹੈ, ਇੱਥੇ ਕੀੜੀ ਤੇ ਮੱਛਰ ਵਰਗੀ ਹੌਲੀ ਚੀਜ਼ ਵੀ ਟਿੱਕ ਨਹੀਂ ਸਕਦੀ, ਭਾਵ ਥੋੜੀ ਹੰਗਤਾ ਰੱਖਣ ਵਾਲਾ ਵੀ ਗੁਰਸਿੱਖੀ ਦੇ ਮਾਰਗ ਤੇ ਚੱਲ ਨਹੀਂ ਸਕਦਾ। ਗੁਰਸਿੱਖ ਬਣਨ ਵਾਸਤੇ ਆਪਾ ਭਾਵ ਗਵਾਉਣਾ ਹੀ ਪੈਂਦਾ ਹੈ। ਹੇ ਭਰਾਵੋ! ਗੁਰਸਿੱਖੀ ਵਾਲ ਨਾਲੋਂ ਵੀ ਬਰੀਕ ਹੈ। ਇੱਥੇ ਤਾਂ ਜਿਵੇਂ ਤੇਲ ਦੀ ਪ੍ਰਾਪਤੀ ਲਈ, ਤਿਲਾਂ ਨੂੰ ਕੋਹਲੂ ਵਿੱਚ ਪੀੜਿਆ ਜਾਂਦਾ ਹੈ, ਇਹੋ ਜਿਹੀ ਕੁਰਬਾਨੀ ਕਰਨੀ ਪੈਂਦੀ ਹੈ:—

ਗੁਰਸਿਖੀ ਬਾਰੀਕ ਹੈ, ਖੰਡੇ ਧਾਰ ਗਲੀ ਅਤਿ ਭੀੜੀ॥
ਓਥੈ ਟਿਕੈ ਨ ਭੁਣਹਣਾ, ਚਲਿ ਨ ਸਕੈ ਉਪਰਿ ਕੀੜੀ॥
ਵਾਲਹੁ ਨਿਕੀ ਆਖੀਐ, ਤੇਲੁ ਤਿਲਹੁ ਲੈ ਕੋਲੂ ਪੀੜੀ॥

ਵਾਰ ੧੧ ਪਹਉੜੀ ੫

ਜਦੋਂ ਗੁਰੂ ਜੀ ਨੂੰ ਕੀੜੀ ਤੇ ਮੱਛਰ ਜਿੰਨੀ ਵੀ ਹਉਮੈਂ ਪ੍ਰਵਾਨ ਨਹੀਂ, ਫਿਰ ਗੁਰੂ ਪਾਤਸ਼ਾਹ ਜੀ ਨੇ, ਹਉਂ ਰਹਿਤ ਕਰਨ ਵਾਸਤੇ ਕੋਈ ਉਪਾਅ ਤਾਂ ਕਰਨਾ ਹੀ ਹੈ। ਸਤਿਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਕੋਲ ਸੱਦਿਆ ਤੇ ਹੁਕਮ ਕੀਤਾ, ਭਾਈ ਜੀ, ਤੁਸੀਂ ਸਾਡੇ ਵਾਸਤੇ ਤੇ ਜੋਧਿਆਂ ਵਾਸਤੇ ਕਾਬਲ ਤੋਂ ਚੰਗੀ ਨਸਲ ਦੇ ਘੋੜੇ ਖ੍ਰੀਦ ਕੇ ਭੇਜੋ, ਮਾਇਆ ਜਿੰਨੀ ਚਾਹੀਦੀ ਹੈ ਲੈ ਜਾਵੋ। ਸਾਡੀ ਪ੍ਰਵਾਨਗੀ ਤੇ ਤੁਸੀਂ ਸਉਦਾਗਰਾਂ ਨੂੰ ਰਕਮ ਤਾਰ ਦੇਣੀ।

ਗੁਰੂ ਹੁਕਮ ਮੰਨ ਕੇ ਭਾਈ ਸਾਹਿਬ ਗੁਰਸਿੱਖਾਂ ਸਮੇਤ ਮਾਇਆ ਲੈ ਕੇ ਮੰਜਲੋਂ ਮੰਜਲੀ ਕਾਬਲ ਪਹੁੰਚ ਗਏ। ਮੰਡੀ ਵਿੱਚੋਂ ਸੁਹਣੇ ਘੋੜੇ ਖ੍ਰੀਦ ਕੇ ਅੰਮ੍ਰਿਤਸਰ ਨੂੰ ਭੇਜ ਦਿੱਤੇ। ਸਾਹਿਬਾਂ ਦੇ ਪ੍ਰਵਾਨਗੀ ਦੇਣ ਤੇ, ਸੌਦਾਗਰਾਂ ਨੂੰ ਮੂਲ ਤਾਰਨ ਲਈ ਆਪਣੇ ਤੰਬੂ ਵਿੱਚ ਗਏ। ਜਦੋਂ ਖੁਰਜੀ ਖੁਹਲ ਕੇ ਵੇਖਿਆ ਤਾਂ ਉਹ ਸਭ ਮੋਹਰਾਂ, ਰੁਪਏ ਭਾਈ ਜੀ ਨੂੰ ਠੀਕਰੀਆਂ ਨਜਰ ਆਈਆਂ। ਇਹ ਕੌਤਕ ਵੇਖਕੇ ਭਾਈ ਸਾਹਿਬ ਬਹੁਤ ਘਬਰਾਏ ਕਿ ਇਹ ਕੀ ਬਣਿਆ? ਇਹ ਪਠਾਣਾਂ ਦਾ ਦੇਸ਼ ਹੈ, ਪੰਜਾਬ ਇੱਥੋਂ ਕਾਫੀ ਦੂਰ ਹੈ। ਘੋੜਿਆਂ ਦਾ ਸਉਦਾਗਰ, ਆਪਣੇ ਨਾਲ ਠਗੀ ਹੋਈ ਦੱਸ ਕੇ ਸਾਨੂੰ ਕੈਦ ਕਰਵਾ ਦੇਵੇਗਾ, ਬੜੀ ਔਖੀ ਗੱਲ ਬਣੀ ਹੈ। ਸਭ ਕੁਝ ਸੋਚ ਵਿਚਾਰ ਕੇ, ਕੈਦ ਪੈਣ ਤੇ ਨਮੋਸ਼ੀ ਤੋਂ ਡਰਦੇ ਖੁਰਜੀਆਂ ਨੂੰ ਖੁੱਲੇ ਛੱਡ ਕੇ ਤੰਬੂ ਦੇ ਪਿਛਲੇ ਪਾਸਿਉਂ ਦੀ ਨਿੱਕਲ ਗਏ ਤੇ ਭੇਸ ਬਦਲ ਕੇ, ਜੰਗਲਾਂ ਬੇਲਿਆਂ ਵਿੱਚ ਦੀ ਭੁੱਖੇ ਤਿਹਾਏ ਮੰਜ਼ਲੋ-ਮੰਜ਼ਲੀ ਆਗਰੇ ਹੋ ਕਾਂਸ਼ੀ ਪੁੱਜ ਗਏ।

ਉੱਧਰ ਸਿੱਖਾਂ ਥੋੜਾ ਸਮਾਂ ਉਡੀਕਿਆ ਤੇ ਸੋਚਿਆ ਕਿ ਕੀ ਕਾਰਣ ਹੋਇਆ? ਭਾਈ ਸਾਹਿਬ ਤੰਬੂ ਵਿੱਚੋਂ ਮਾਇਆ ਲੈ ਕੇ ਬਾਹਰ ਨਹੀਂ ਆਏ। ਜਦੋਂ ਅੰਦਰ ਗਏ ਤਾਂ ਮੋਹਰਾਂ ਤੇ ਰੁਪਈਆਂ ਦੀਆਂ ਖੁਰਜੀਆਂ ਦੇ ਮੂੰਹ ਖੁੱਲ੍ਹੇ ਹਨ, ਪਰ ਭਾਈ ਸਾਹਿਬ ਅੰਦਰ ਨਹੀਂ। ਸਿੱਖਾਂ ਨੇ ਸਉਦਾਗਰਾਂ ਨੂੰ ਬਣਦੀ ਮਾਇਆ ਦੇ ਕੇ ਉਹਨਾਂ ਦਾ ਹਿਸਾਬ ਚੁਕਾ ਦਿੱਤਾ ਤੇ ਬਾਕੀ ਬਚਦੀ ਮਾਇਆ ਲੈ ਕੇ ਅੰਮ੍ਰਿਤਸਰ ਸਾਹਿਬਾਂ ਦੇ ਚਰਨਾਂ ਵਿੱਚ ਪੁੱਜ ਕੇ ਭਾਈ ਬਿਧੀ ਚੰਦ ਤੇ ਭਾਈ ਜੇਠਾ ਜੀ ਨੇ ਸਾਰੀ ਵਾਰਤਾ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਜ਼ ਕੀਤੀ। ਜਾਣੀ ਜਾਣ ਸਤਿਗੁਰੂ ਜੀ ਮੁਸਕਰਾਏ ਤੇ ਜਾਣ ਲਿਆ ਕਿ ਭਾਈ ਜੀ, ਗੁਰੂ ਦੇ ਸਵਾਂਗ ਵਿੱਚ ਪੂਰੇ ਨਹੀਂ ਉੱਤਰੇ।

ਭਾਈ ਸਾਹਿਬ ਨੇ ਕਾਂਸ਼ੀ ਪੁੱਜ ਕੇ ਗੁਰਸਿੱਖੀ ਦਾ ਪ੍ਰਚਾਰ ਅਰੰਭ ਕਰ ਦਿੱਤਾ। ਧਰਮ ਸਾਲ ਵਿੱਚ ਸਵੇਰੇ ਸ਼ਾਮ ਗੁਰਬਾਣੀ ਦੀ ਕਥਾ ਕਰਨੀ ਅਰੰਭ ਦਿੱਤੀ, ਕੋਈ ਸ਼ੰਕਾ ਹੁੰਦਾ ਭਾਈ ਸਾਹਿਬ ਬੜੀ ਦਲੀਲ ਨਾਲ ਸਾਰਿਆਂ ਨੂੰ ਸੰਤੁਸ਼ਟ ਕਰਦੇ। ਰਾਜੇ ਤੱਕ ਭਾਈ ਸਾਹਿਬ ਦੇ ਸ਼ਰਧਾਲੂ ਬਣ ਗਏ। ਭਾਈ ਜੀ ਨੇ ਗੁਰਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਭਾਈ ਸਾਹਿਬ ਜੀ ਦੇ ਅੰਦਰ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਤੇ ਆਪਣੀ ਭੁੱਲ ਦਾ ਪਛਤਾਵਾ, ਸਦਾ ਉਹਨਾਂ ਨੂੰ ਸੱਲਦਾ ਰਹਿੰਦਾ ਤੇ ਸਦਾ ਆਪ ਜੀ ਗੁਰੂਚਰਨਾਂ ਵਿੱਚ, ਭੁੱਲ ਦੀ ਮਾਫੀ ਤੇ ਦਰਸ਼ਨਾਂ ਦੀ ਪ੍ਰਾਪਤੀ ਲਈ ਅਰਦਾਸਾਂ ਕਰਦੇ ਰਹਿੰਦੇ।

ਜਾਣੀ ਜਾਣ ਸਤਿਗੁਰੂ ਜੀ ਨੇ ਭਾਈ ਸਾਹਿਬ ਜੀ ਦੀਆਂ ਅਰਦਾਸਾਂ ਤੇ ਅਰਾਧਨਾਂ ਨੂੰ ਸੁਣ ਕੇ ਕਾਂਸ਼ੀ ਦੇ ਰਾਜੇ ਨੂੰ ਪਤ੍ਰਕਾ ਲਿੱਖ ਕੇ ਇੱਕ ਸਿੱਖ ਦੇ ਹੱਥ ਭੇਜੀ ਕਿ ਸਾਡਾ ਇੱਕ ਚੋਰ ਜਿਸਦਾ ਨਾਮ ਗੁਰਦਾਸ ਹੈ, ਤੁਹਾਡੇ ਸ਼ਹਿਰ ਵਿੱਚ ਰਹਿੰਦਾ ਹੈ। ਤੁਸੀਂ ਉਸਦੀਆਂ ਮੁਸ਼ਕਾਂ ਬੰਨ੍ਹ ਕੇ ਸਾਡੇ ਪਾਸ ਛੇਤੀ ਭੇਜ ਦਿਉ, ਤੁਹਾਡੇ ਤੇ ਗੁਰੂ ਦੀਆਂ ਖੁਸ਼ੀਆਂ ਹੋਣਗੀਆਂ। ਰਾਜੇ ਨੇ ਪਤ੍ਰਕਾ ਪੜ੍ਹ ਕੇ ਟੋਲ-ਭਾਲ ਕਰਨੀ ਅਰੰਭ ਕਰਵਾ ਦਿੱਤੀ। ਰਾਜ ਦਰਬਾਰ ਵਿੱਚ ਜਦੋਂ ਕਥਾ ਕਰਨ ਵਾਸਤੇ ਭਾਈ ਗੁਰਦਾਸ ਜੀ ਆਏ, ਰਾਜੇ ਨੇ ਸੁਤੇ ਸਿੱਧ ਪੁੱਛਿਆ ਕਿ ਸਤਿਗੁਰਾਂ ਦੀ ਪਤ੍ਰਕਾ ਆਈ ਹੈ, ਇਸ ਸ਼ਹਿਰ ਵਿੱਚ ਕੋਈ ਹੋਰ ਵੀ ਗੁਰਦਾਸ ਨਾਮ ਦਾ ਸਿੱਖ ਹੈ, ਜਿਸ ਨੂੰ ਸਤਿਗੁਰੂ ਜੀ ਨੇ ਚੋਰ ਲਿਖਿਆ ਹੈ ਤੇ ਉਸ ਨੂੰ ਮੁਸ਼ਕਾਂ ਬੰਨ੍ਹ ਕੇ ਅੰਮ੍ਰਿਤਸਰ ਸਾਹਿਬ ਭੇਜਣ ਲਈ ਕਿਹਾ ਹੈ। ਸਤਿਗੁਰੂ ਜੀ ਦੀ ਪਤ੍ਰਕਾ ਪੜ੍ਹ ਕੇ ਭਾਈ ਸਾਹਿਬ ਜੀ ਨੇ ਰਾਜੇ ਨੂੰ ਬਿਨਾਂ ਝਿਜਕ ਕਿਹਾ ਕਿ ਹੇ ਰਾਜਨ! ਮੈਂ ਹੀ ਗੁਰੂ ਕਾ ਚੋਰ ਹਾਂ ਤੇ ਮੈਨੂੰ ਹੀ ਮੁਸ਼ਕਾਂ ਬੰਨ੍ਹ ਕੇ ਪੇਸ਼ ਕਰਨ ਲਈ ਸਤਿਗੁਰਾਂ ਹੁਕਮ ਭੇਜਿਆ ਹੈ। ਸਾਰੀ ਹਡ-ਬੀਤੀ ਰਾਜੇ ਨੂੰ ਕਹਿ ਸੁਣਾਈ ਤੇ ਕਿਹਾ, ਤੁਸੀ ਮੇਰੀਆਂ ਮੁਸ਼ਕਾਂ ਬੰਨ੍ਹ ਕੇ ਮੈਨੂੰ ਸਿੱਖਾਂ ਦੇ ਹਵਾਲੇ ਕਰ ਦਿਉ। ਇਸ ਤਰ੍ਹਾਂ ਭਾਈ ਸਾਹਿਬ ਗੁਰਸਿੱਖਾਂ ਸਮੇਤ, ਗੁਰੂ ਚਰਨਾਂ ਵਿੱਚ ਹਾਜਰ ਹੋਏ ਤੇ ਆਪਣੀ ਭੁੱਲ ਬਖਸ਼ਾਈ।

ਸਤਿਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਸੰਬੋਧਨ ਕਰਕੇ ਪੁੱਛਿਆ ਭਾਈ ਜੀ! 'ਤੁਸੀਂ ਤਾਂ ਕਹਿੰਦੇ ਸੀ **"ਜੇ ਗੁਰ ਸਾਂਗ ਵਰਤਦਾ ਸਿਖ ਸਿਦਕ ਨ ਹਾਰੇ"** ਇਹ ਕੀ ਹੋਇਆ? ਤਦ ਭਾਈ ਗੁਰਦਾਸ ਜੀ ਨੇ ਗੁਰੂ ਚਰਨਾਂ ਵਿੱਚ ਖਲੋ ਕੇ ਬੇਨਤੀ ਕੀਤੀ ਪਾਤਸ਼ਾਹ :—

੧. ਜਿਸ ਤਰ੍ਹਾਂ ਧਰਤੀ ਉੱਪਰ ਬੜੇ-ਬੜੇ ਮਜ਼ਬੂਤ ਕਿਲੇ ਹਨ ਪਰ ਜਦੋਂ ਭੁਚਾਲ ਆਉਂਦਾ ਹੈ ਸਾਰੇ ਕੰਬ ਜਾਂਦੇ ਹਨ।

੨. ਪਾਤਸ਼ਾਹ ! ਜਦੋਂ ਹਨੇਰੀ ਵਗਦੀ ਹੈ ਸਾਰੇ ਵੱਡੇ ਛੋਟੇ ਦਰੱਖਤ ਹਿੱਲਣ ਲੱਗ ਪੈਂਦੇ ਹਨ।

੩. ਜਦੋਂ ਜੰਗਲ ਵਿੱਚ ਅੱਗ ਲੱਗਦੀ ਹੈ ਛੋਟੇ ਵੱਡੇ ਸਾਰੇ ਘਾਹ-ਬੂਟੇ ਸੜ ਜਾਂਦੇ ਹਨ।

੪. ਪਾਤਸ਼ਾਹ ! ਦਰਿਆ ਵਿੱਚ ਹੜ੍ਹ ਆ ਜਾਵੇ, ਉਸਨੂੰ ਕੌਣ ਰੋਕ ਸਕਦਾ ਹੈ। ਭਾਵ ਕੋਈ ਨਹੀਂ ਰੋਕ ਸਕਦਾ।

੫. ਗਰੀਬ ਨਿਵਾਜ ! ਜੇ ਅਕਾਸ਼ ਹੀ ਪਾਟ ਜਾਵੇ ਉਸ ਨੂੰ ਟਾਕੀ ਕੌਣ ਲਾ ਸਕਦਾ ਹੈ ਜੇ ਕੋਈ ਕਹੇ ਕਿ ਮੈਂ ਅੰਬਰ ਪਾਟੇ ਨੂੰ ਜੋੜ ਦੇਵਾਂਗਾ, ਇਹ ਸਭ ਝੂਠ ਹੈ।

੬. ਜਿਹੜੇ ਗੁਰੂ ਦੇ ਸਵਾਂਗ ਰਚੇ ਵਿੱਚ ਸਾਬਤ ਰਹਿੰਦੇ ਹਨ, ਉਹ ਕੋਈ ਬਹੁਤ ਹੀ ਥੋੜੇ ਬੰਦੇ ਹਨ :—

੧. ਧਰਤੀ ਉਪਰਿ ਕੋਟ ਗੜ ਭੁਇਚਾਲ ਕਮੰਦੇ॥
੨. ਝਖੜਿ ਆਏ ਤਰੁਵਰਾ ਸਰਬਤ ਹਲੰਦੇ॥
੩. ਡਵਿ ਲਗੈ ਉਜਾੜਿ ਵਿਚਿ ਸਭ ਘਾਹ ਜਲੰਦੇ॥
੪. ਹੜਿ ਆਏ ਕਿਨਿ ਥੰਮੀਅਨਿ ਦਰੀਆਉ ਵਹੰਦੇ॥
੫. ਅੰਬਰਿ ਪਾਟੇ ਥਿਗਲੀ ਕੂੜਿਆਰ ਕਰੰਦੇ॥
੬. ਸਾਂਗੇ ਅੰਦਰਿ ਸਾਬਤੇ ਸੇ ਵਿਰਲੇ ਬੰਦੇ॥

ਵਾਰ ੩੫, ਪਉੜੀ ੨੧

ਭਾਈ ਗੁਰਦਾਸ ਜੀ ਨੇ ਗੁਰੂ ਚਰਨਾਂ ਵਿੱਚ ਹੋਰ ਆਜ਼ਜ ਹੋ ਕੇ ਬੇਨਤੀ ਕੀਤੀ :—

੧. ਸਤਿਗੁਰੂ ਜੀ, ਜੇ ਮਾਂ ਹੀ ਪੁੱਤਰ ਨੂੰ ਜ਼ਹਿਰ ਦੇਵੇ, ਉਸਨੂੰ ਕੌਣ ਬਚਾ ਸਕਦਾ ਹੈ ? (ਭਾਵ ਕੋਈ ਨਹੀਂ ਬਚਾ ਸਕਦਾ।)

੨. ਜੇ ਪਹਿਰਾ ਦੇਣ ਵਾਲਾ ਹੀ ਘਰ ਦੀ ਚੋਰੀ ਕਰਨ ਲੱਗ ਜਾਵੇ ਉਸ ਘਰ ਦੀ ਕੌਣ ਰਖਵਾਲੀ ਕਰ ਸਕਦਾ ਹੈ ? (ਭਾਵ ਕੋਈ ਨਹੀਂ ਕਰ ਸਕਦਾ)

੩. ਜੇ ਬੇੜੀ ਨੂੰ ਮਲਾਹ ਹੀ ਡੋਬਣਾ ਚਾਹੇ, ਫਿਰ ਉਹ ਬੇੜੀ ਕਿਵੇਂ ਪਾਰ ਉੱਤਰ ਸਕਦੀ ਹੈ ? (ਭਾਵ ਨਹੀਂ ਬਚ ਸਕਦੀ)

੪. ਜੇ ਆਗੂ ਹੀ ਸਾਥੀਆਂ ਨੂੰ ਉਜਾੜ ਵੱਲ ਲੈ ਤੁਰੇ, ਫਿਰ ਕਿਸ ਦੇ ਅੱਗੇ ਪੁਕਾਰ ਕੀਤੀ ਜਾ ਸਕਦੀ ਹੈ ? (ਭਾਵ ਕਿਸੇ ਅੱਗੇ ਵੀ ਪੁਕਾਰ ਨਹੀਂ ਕੀਤੀ ਜਾ ਸਕਦੀ)

੫. ਜੇ ਰਖਵਾਲੀ ਲਈ, ਲਾਈ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਫਿਰ ਉਸ ਖੇਤ ਦੀ ਰਖਵਾਲੀ ਕਿਵੇਂ ਹੋ ਸਕਦੀ ਹੈ ? (ਭਾਵ ਨਹੀਂ ਹੋ ਸਕਦੀ)

੬. ਪਾਤਸ਼ਾਹ ! ਜੇ ਆਪ ਹੀ ਗੁਰੂ ਸਵਾਂਗ ਰਚ ਕੇ ਸਿੱਖ ਨੂੰ ਭਰਮਾਉਣਾ ਚਾਹੇ ਤਾਂ ਸਿੱਖ ਵਿਚਾਰਾ ਕਿਵੇਂ ਉਸ ਸਵਾਂਗ ਵਿੱਚ ਸਾਬਤ ਰਹਿ ਸਕਦਾ ਹੈ ? (ਭਾਵ ਨਹੀਂ ਰਹਿ ਸਕਦਾ) :—

ਜੇ ਮਾਉ ਪੁਤੈ ਵਿਸੁ ਦੇ, ਤਿਸ ਤੇ ਕਿਸੁ ਪਿਆਰਾ॥
ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ॥
ਬੇੜਾ ਡੋਬੈ ਪਾਤਣੀ, ਕਿਉ ਪਾਰਿ ਉਤਾਰਾ॥
ਆਗੂ ਲੈ ਉਝੜਿ ਪਵੈ, ਕਿਸੁ ਕਰੈ ਪੁਕਾਰਾ॥
ਜੇ ਕਰਿ ਖੇਤੈ ਖਾਇ ਵਾੜਿ, ਕੋ ਲਹੈ ਨ ਸਾਰਾ॥
ਜੇ ਗੁਰ ਭਰਮਾਏ ਸਾਂਗੁ ਕਰਿ, ਕਿਆ ਸਿਖੁ ਵਿਚਾਰਾ॥

ਵਾਰ ੩੫, ਪਉੜੀ ੨੨

ਸਤਿਗੁਰੂ ਜੀ ਸੁਣੀ ਗਏ। ਅਖੀਰ ਭਾਈ ਸਾਹਿਬ ਜੀ ਨੂੰ ਪੁੱਛਿਆ ਕਿ ਤੁਸੀਂ ਹੀ ਦੱਸੋ, ਕਿਵੇਂ ਗੁਰੂ ਦੀ ਪ੍ਰੀਖਿਆ (ਸਵਾਂਗ) ਵਿੱਚ ਸਿੱਖ ਪੂਰਾ ਉੱਤਰ ਸਕਦਾ ਹੈ। ਭਾਈ ਸਾਹਿਬ ਜੀ ਨੇ ਉੱਤਰ-ਦਿੱਤਾ ਗ਼ਰੀਬ ਨਿਵਾਜ, ਸਿੱਖ ਕਦੇ ਵੀ ਗੁਰੂ ਦੇ ਸਵਾਂਗ ਵਿੱਚ ਪੂਰਾ ਨਹੀਂ ਉੱਤਰ ਸਕਦਾ, ਆਪ ਦੀ ਓਟ ਤੇ ਆਪ ਜੀ ਦੇ ਆਸਰੇ ਦੇ ਨਾਲ ਹੀ ਸਿੱਖ ਕਸਵੱਟੀ ਤੇ ਪੂਰਾ ਉੱਤਰ ਸਕਦਾ ਹੈ।

੧. ਜਿਸ ਤਰ੍ਹਾਂ ਲੂਣ ਤੇ ਕਾਗਜ ਪਾਨੀ ਵਿੱਚ ਪਾ ਦੇਈਏ, ਝੱਟ ਗਲ ਜਾਂਦੇ ਹਨ। ਜੇ ਲੂਣ ਤੇ ਕਾਗਜ ਨੂੰ ਘਿਉ ਨਾਲ ਚੋਪੜ ਕੇ ਪਾਨੀ ਵਿਚ ਪਾ ਦੇਈਏ ਫਿਰ ਨਹੀਂ ਗਲਦੇ।

੨. ਰੂਈ ਅੱਗ ਦੇ ਮੂਹਰੇ ਇੱਕ ਛਿਨ ਵੀ ਟਿੱਕ ਨਹੀਂ ਸਕਦੀ ਪਰ ਜੇ ਉਸੇ ਰੂਈ ਦੀ ਵੱਟੀ ਬਣਾ ਕੇ ਤੇਲ ਵਿੱਚ ਪਾ ਦੇਈਏ ਫਿਰ ਸਾਰੀ ਰਾਤ ਬਲਦੀ ਰਹਿੰਦੀ ਹੈ ਤੇ ਪ੍ਰਕਾਸ਼ ਦਿੰਦੀ ਹੈ।

੩. ਗੁੱਡੀ ਭਾਵੇਂ ਅਕਾਸ਼ ਵਿੱਚ ਚੜ੍ਹੀ ਹੋਵੇ, ਪਰ ਗੁੱਡੀ ਅਕਾਸ਼ ਵਿੱਚ ਉਨ੍ਹਾ ਚਿਰ ਹੀ ਉਡਾਰੀਆਂ ਮਾਰਦੀ ਹੈ ਜਿੰਨਾ ਚਿਰ ਡੋਰ ਦੇ ਨਾਲ ਜੁੜੀ ਹੋਈ ਹੈ। ਡੋਰ ਨਾਲੋਂ ਟੁੱਟੀ ਪਤੰਗ ਇੱਕ ਦਮ ਧਰਤੀ ਤੇ ਡਿੱਗ ਪੈਂਦੀ ਹੈ।

੪. ਸੱਪ ਦੇ ਜ਼ਹਿਰ ਤੋਂ ਕੋਈ ਬਚ ਨਹੀਂ ਸਕਦਾ, ਪਰ ਜੇ ਮੂੰਹ ਵਿੱਚ ਗਾਰੜੂ ਬੂਟੀ ਪਾਈ ਹੋਵੇ ਫਿਰ ਸੱਪ ਦੇ ਜ਼ਹਿਰ ਦਾ ਅਸਰ ਨਹੀਂ ਹੁੰਦਾ।

੫. ਰਾਜਾ ਜੇ ਫਕੀਰ ਦਾ ਰੂਪ ਧਾਰਨ ਕਰਕੇ ਫਿਰਦਾ ਹੈ ਤਾਂ ਉਸ ਦਾ ਮਕਸਦ ਪਰਜਾ ਦੇ ਦੁੱਖ ਸੁਣ ਕੇ ਉਹਨਾਂ ਨੂੰ ਦੂਰ ਕਰਨਾ ਹੁੰਦਾ ਹੈ। ਇਸੇ ਤਰ੍ਹਾਂ ਜਿਸ ਸਿੱਖ ਦੀ ਗੁਰੂ ਆਪ ਅੰਗ ਸੰਗ ਹੋ ਕੇ ਸਹਾਇਤਾ ਤੇ ਰੱਖਿਆ ਕਰਦਾ ਹੈ, ਉਹ ਹੀ ਗੁਰੂ ਦੇ ਰਚੇ ਸਵਾਂਗ ਦੀ ਪ੍ਰੀਖਿਆ ਵਿੱਚੋਂ ਪੂਰਾ ਉਤਰ ਸਕਦਾ ਹੈ, ਹੋਰ ਕੋਈ ਨਹੀਂ। ਭਾਈ ਸਾਹਿਬ ਜੀ ਨੇ ਆਖਰੀ ਪਉੜੀ ਉਚਾਰਨ ਕੀਤੀ :—

ਜਲ ਵਿਚਿ ਕਾਗਦ ਲੂਣ ਜਿਉ ਘਿਅ ਚੋਪੜਿ ਪਾਏ॥
ਦੀਵੇ ਵਟੀ ਤੇਲੁ ਦੇ ਸਭ ਰਾਤਿ ਜਲਾਏ॥
ਵਾਇ ਮੰਡਲ ਜਿਉ ਡੋਰ ਫੜਿ ਗੁਡੀ ਓਡਾਏ॥
ਮੁਹ ਵਿਚਿ ਗਰੜ ਦੁਗਾਰੁ ਪਾਇ ਜਿਉਂ ਸਪੁ ਲੜਾਏ॥
ਰਾਜਾ ਫਿਰੈ ਫਕੀਰੁ ਹੋਇ ਸੁਣਿ ਦੁਖਿ ਮਿਟਾਏ।
ਸਾਂਗੈ ਅੰਦਰਿ ਸਾਬਤਾ ਜਿਸੁ ਗੁਰੂ ਸਹਾਏ॥

ਵਾਰ ੩੫, ਪਉੜੀ ੨੩

ਕਈ ਵਾਰੀ ਹਉਮੈਂ, ਐਸੇ ਸੂਖਸ਼ਮ ਢੰਗ ਨਾਲ ਅੰਦਰ ਪ੍ਰਵੇਸ਼ ਕਰਕੇ ਬੈਠ ਜਾਂਦੀ ਹੈ। ਪਤਾ ਉਦੋਂ ਚਲਦਾ ਹੈ, ਜਦੋਂ ਆਤਮਿਕ ਪੈਂਡੇ ਵਿੱਚ ਚੱਲਣ ਲਈ ਦੀਵਾਰ ਬਣ ਖਲੋਂਦੀ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਜੀਵਨ ਦੀ ਘਟਨਾ ਨੂੰ ਵਾਚ ਲਈਏ ਸ਼ਾਇਦ ਕੁਝ ਸਮਝ ਪੈ ਜਾਵੇ।

ਭਾਈ ਵੀਰ ਸਿੰਘ ਜੀ ਦੀ ਆਤਮਾ ਨਾਮ ਸਿਮਰਨ ਦੀ ਕਮਾਈ ਨਾਲ ਰਸ ਲੀਨ ਹੋਈ ਆਤਮਾਂ ਸੀ। ਆਪ ਜੀ ਨੂੰ ਜਿਹਨਾਂ ਮਹਾਂ ਪੁਰਖਾਂ ਦੀ ਸੰਗਤ ਨਾਲ ਗੁਰੂ ਚਰਨਾਂ ਨਾਲ ਪ੍ਰੀਤ ਪ੍ਰਾਪਤ ਹੋਈ। ਉਹਨਾਂ ਦਾ ਨਾਉ ਭਾਈ ਸਾਹਿਬ ਜੀ ਨੇ ਆਪਣੀਆਂ ਲਿਖਤਾਂ ਵਿੱਚ ਜ਼ਿਕਰ ਨਹੀਂ ਕੀਤਾ। ਆਪ ਜੀ ਸਤਿਕਾਰ ਨਾਲ ਉਹਨਾਂ ਨੂੰ ਦਾਤਾ ਜੀ ਕਹਿ ਕੇ ਸਨਮਾਨਦੇ ਅਤੇ ਸੰਬੋਧਨ ਕਰਦੇ।

ਆਪ ਜੀ ਹਰ ਰੋਜ ਉਹਨਾਂ ਦੀ ਪ੍ਰੇਰਨਾ ਸਦਕਾ ਸ੍ਰੀ ਦਰਬਾਰ ਸਾਹਿਬ ਜਾ ਕੇ ਉੱਥੇ ਘੰਟਿਆ ਬੱਧੀ, ਸਤਿਗੁਰੂ ਜੀ ਦੇ ਦਰਸ਼ਨ ਕਰ, ਨਾਮ ਜਪ ਦੀ ਕਮਾਈ ਕਰਦੇ। ਸਮੇਂ ਨਾਲ ਆਤਮਾਂ ਪਵਿੱਤਰ ਹੋ ਕੇ ਨਾਮ ਰਸ ਵਿੱਚ ਲੀਨ ਹੋ ਗਈ, ਛੇ-ਸੱਤ ਮਹੀਨੇ ਬੜੇ ਅਨੰਦ ਨਾਲ ਨਾਮ ਰਸ ਪੀਂਦਿਆਂ ਬਤੀਤ ਹੋ ਗਏ। ਇੱਕ ਸਮਾਂ ਐਸਾ ਆਇਆ, ਨਾਮ ਰਸ ਵਿੱਚ ਤੋਟ ਪੈਣੀ ਸ਼ੁਰੂ ਹੋ ਗਈ। ਸੁਰਤ ਵਿੱਚ ਨਾਮ ਰਸ ਦੀ ਥਾਂ ਰੁਖਾਪਨ ਆਉਣਾ ਸ਼ੁਰੂ ਹੋ ਗਿਆ।

ਭਾਈ ਸਾਹਿਬ ਇੱਕ ਦਿਨ ਆਪਣੇ ਦਾਤਾ ਲੋਕ ਜੀ ਪਾਸ ਗਏ। ਆਪ ਨੇ ਬੇਨਤੀ ਕੀਤੀ ਮਹਾਰਾਜ ਜੀ, ਗੁਰੂ ਮਿਹਰ ਨਾਲ, ਪਿਛਲਾ ਸਮਾਂ ਨਾਮ ਰਸ ਪੀਂਦਿਆਂ ਬੜੇ ਅਨੰਦ ਪੂਰਬਕ ਬਤੀਤ ਹੋਇਆ ਹੈ। ਪਤਾ ਨਹੀਂ ਕੀ ਕਾਰਨ ਬਣਿਆ ਹੈ। ਨਾਮ ਦੀ ਰਉਂ ਘਟਣੀ ਅਰੰਭ ਹੋ ਗਈ ਹੈ ਅਤੇ ਨਾਮ ਰਸ ਵੀ ਫਿੱਕਾ ਪੈ ਗਿਆ ਹੈ।

ਦਾਤਾ ਲੋਕ ਮੁਸਕਰਾਏ ਤੇ ਭਾਈ ਵੀਰ ਸਿੰਘ ਜੀ ਨੂੰ ਪੁੱਛਣ ਲੱਗੇ, ਤੁਸੀਂ ਅੰਮ੍ਰਿਤ ਵੇਲੇ ਕਿੱਥੇ ਬੈਠ ਕੇ ਨਾਮ ਦਾ ਅਭਿਆਸ ਕਰਦੇ ਹੋ ? ਆਪ ਕਹਿਣ ਲੱਗੇ ਆਪ ਦੇ ਹੁਕਮ ਮੁਤਾਬਕ ਮੈਂ ਪਹਿਲਾਂ ਵੀ ਦਰਬਾਰ ਸਾਹਿਬ ਜਾਂਦਾ ਸਾਂ ਤੇ ਹੁਣ ਵੀ ਹਰਿਮੰਦਰ ਸਾਹਿਬ ਵਿੱਚ ਬੈਠ ਕੇ ਨਾਮ ਦੀ ਘਾਲ ਕਰਦਾ ਹਾਂ। ਕਾਰਣ ਪਤਾ ਨਹੀਂ ਲੱਗਾ।

ਆਪ ਜੀ ਗੰਭੀਰ ਸੁਰ ਵਿੱਚ ਬੋਲੇ ਵੀਰ ਸਿੰਘਾ, ਸ੍ਰੀ ਦਰਬਾਰ ਤਾਂ ਮਹਾਨ ਪਾਵਨ ਪਵਿੱਤਰ ਅਸਥਾਨ ਹੈ। ਉੱਥੇ ਤੇਰੇ ਵਰਗੇ ਮਾਇਆਧਾਰੀ ਦਾ ਕੀ ਹੱਕ ਹੈ ਕਿ ਤੂੰ ਘੰਟਿਆਂ ਬੱਧੀ ਇਸ ਪਵਿੱਤਰ ਹਰਿਮੰਦਰ ਵਿੱਚ ਬੈਠਾ ਰਹੇ। ਜੇ ਨਾਮ ਦੀ ਘਾਲ ਕਮਾਈ ਕਰਨੀ ਹੈ ਫਿਰ ਕੋਈ ਇਕਾਂਤ ਬਾਗ ਬਗੀਚਾ ਟੋਲ, ਉੱਥੇ ਬੈਠ ਕੇ ਨਾਮ ਦੀ ਘਾਲ ਕਰ। ਆਪਨੇ ਸੱਤ ਬਚਨ ਕਿਹਾ। ਅਗਲੇ ਭਲਕ, ਆਪ ਨੇ ਰਾਮ ਬਾਗ ਦੇ ਇੱਕ ਕੋਨੇ, ਬਗੀਚੇ ਵਿੱਚ ਆਪਣੇ ਸਿਮਰਨ ਕਰਨ ਲਈ ਥਾਂ ਨਿਯਤ ਕਰ ਲਈ ਅਤੇ ਜਿਸ ਸਮੇਂ ਪਹਿਲਾ ਹਰਿਮੰਦਰ ਸਾਹਿਬ ਆਪ ਜਾਇਆ ਕਰਦੇ ਸਨ ਉਸੇ ਨੇਮ ਨਾਲ ਰਾਮ ਬਾਗ ਦੇ ਬਗੀਚੇ ਵਿੱਚ ਬੈਠ ਕੇ ਨਾਮ ਸਿਮਰਨ ਕਰਨਾ ਅਰੰਭ ਕਰ ਦਿੱਤਾ।

ਸਤਿਗੁਰੂ ਜੀ ਦੀ ਮਿਹਰ ਨਾਲ ਪਹਿਲੇ ਦਿਨ ਹੀ ਜੋ ਨਾਮ ਰਸ ਵਿੱਚ ਬੱਝ ਪਈ ਹੋਈ ਸੀ, ਟੁੱਟ ਗਈ ਅਤੇ ਨਾਮ ਰਸ ਦਾ ਪ੍ਰਵਾਹ ਸੁਰਤ ਵਿੱਚ ਦੂਣ ਸਵਾਇਆ ਹੋ ਅਨੰਦ ਦਾਤਾ ਬਣ ਗਿਆ। ਸੁਰਤ, ਰਸ ਅਤੇ ਖੇੜੇ ਨਾਲ ਭਰ ਗਈ, ਬੜਾ ਅਨੰਦ ਪੂਰਬਕ ਸਮਾਂ ਬਤੀਤ ਹੁੰਦਾ ਗਿਆ। ਛੇ ਕੁ ਮਹੀਨੇ ਬਾਅਦ ਆਪ ਨੂੰ ਫਿਰ ਮਹਿਸੂਸ ਹੋਇਆ ਕਿ ਪਹਿਲੇ ਵਾਲਾ ਨਾਮ ਦਾ ਰਸ ਫਿਰ ਅਲੋਪ ਹੋ ਰਿਹਾ ਹੈ, ਦਿਨੋ ਦਿਨ ਸੁਰਤ ਮੁੜ ਰੁੱਖੇ-ਪਨ ਵੱਲ ਜਾ ਰਹੀ ਹੈ। ਆਪ ਉਦਾਸ ਰਹਿਣ ਲੱਗੇ।

ਇੱਕ ਦਿਨ ਫਿਰ ਦਾਤਾ ਲੋਕਾਂ ਦੀ ਭਾਲ ਕੀਤੀ ਅਤੇ ਉਹਨਾਂ ਦੇ ਚਰਨਾਂ ਵਿੱਚ

ਬੇਨਤੀ ਕੀਤੀ ਦਾਤਾ ਜੀ, ਛੇ ਮਹੀਨੇ ਬੜਾ ਅਨੰਦ ਬਣਿਆ ਰਿਹਾ ਹੈ। ਪਰ ਹੁਣ ਫਿਰ ਅਚਾਨਕ ਨਾਮ ਰਸ ਵਿੱਚ ਤੋਟ ਪੈ ਗਈ ਹੈ। ਸੁਰਤ ਨਾਮ ਰਸ ਤੋਂ ਸਖਣੀ ਹੋ ਗਈ ਹੈ। ਦਾਤਾ ਲੋਕ ਭਾਈ ਸਾਹਿਬ ਨੂੰ ਸੰਬੋਧਨ ਕਰਕੇ ਬੋਲੇ ਵੀਰ ਸਿੰਘਾ, ਨਾਮ ਕਿੱਥੇ ਬੈਠ ਕੇ ਜਪਦਾ ਹੁੰਦਾ ਹੈਂ ? ਆਪ ਨੇ ਉੱਤਰ ਦਿੱਤਾ, ਜੀ ! ਰਾਮ ਬਾਗ ਦੇ ਬਗੀਚੇ ਵਿੱਚ।

ਆਪ ਜੀ ਮੁਸਕਰਾਏ ਅਤੇ ਬੜੀ ਗੰਭੀਰ ਸੁਰ ਵਿੱਚ ਕਹਿਣ ਲੱਗੇ ਵੀਰ ਸਿੰਘਾ, ਹੋਵੇਂ ਸਿੱਖ ਘਰਾਣੇ ਦਾ ਜੰਮ ਪਲ, ਵਸਦਾ ਹੋਵੇਂ ਗੁਰੂ ਰਾਮਦਾਸ ਜੀ ਨਗਰੀ ਅੰਮ੍ਰਿਤਸਰ ਦੇ ਵਿੱਚ, ਗੁਰਸਿੱਖੀ ਮਿਲੀ ਹੋਵੇ ਗੁਰੂ ਨਾਨਕ ਸਤਿਗੁਰੂ ਜੀ ਦੇ ਚਰਨਾਂ ਵਿੱਚੋਂ, ਗੁਰੂ ਦੇ ਦਰ ਵਿੱਚੋਂ ਏਨੀਆਂ ਦਾਤਾਂ ਪ੍ਰਾਪਤ ਹੋਈਆਂ ਹੋਣ, ਫਿਰ ਤੂੰ ਹੀ ਦੱਸ ਕਿ ਗੁਰਸਿੱਖ ਦੇ ਨਾਮ ਜਪ ਦੀ ਘਾਲ ਕਮਾਈ ਦਾ ਅਸਥਾਨ ਹਰਿਮੰਦਰ ਸਾਹਿਬ ਹੈ ਜਾਂ ਰਾਮ ਬਾਗ? ਕਲ ਤੋਂ ਰਾਮ ਬਾਗ ਨਹੀਂ ਜਾਣਾ, ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਤੇ ਜਾ ਕੇ ਨਾਮ ਰਸ ਲਈ ਅਰਦਾਸ ਕਰੀਂ ਅਤੇ ਗੁਰੂ ਚਰਨਾਂ ਵਿੱਚ ਬੈਠ ਕੇ ਨਾਮ ਦੀ ਘਾਲ ਕਰੀਂ। ਜ਼ਰੂਰ ਗੁਰੂ ਪਾਤਸ਼ਾਹ ਰਹਿਮਤ ਕਰਨਗੇ।

ਦੂਸਰੇ ਦਿਨ ਜਿਵੇਂ ਗੁਰਮੁਖ ਆਤਮਾ ਦਾਤਾ ਜੀ ਨੇ ਕਿਹਾ ਸੀ। ਉਸੇ ਨੇਮ ਅਨੁਸਾਰ ਆਪ ਜੀ ਅੰਮ੍ਰਿਤ ਵੇਲੇ ਸ੍ਰੀ ਦਰਬਾਰ ਸਾਹਿਬ ਗੁਰੂ ਚਰਨਾਂ ਵਿੱਚ ਜਾ ਹਾਜਰ ਹੋਏ। ਅਰਦਾਸ ਬੇਨਤੀ ਕਰ ਗੁਰੂ ਚਰਨਾਂ ਵਿੱਚ ਨਤ-ਮਸਤਕ ਹੋ, ਆਪ ਜੀ, ਨਵੇਕਲੀ ਜਗ੍ਹਾ ਬੈਠ ਕੇ ਗੁਰੂ ਸ਼ਬਦ ਦੀ ਕਮਾਈ ਵਿੱਚ ਜੁਟ ਗਏ। ਬੈਠਦਿਆਂ ਸਾਰ ਹੀ ਸਤਿਗੁਰੂ ਜੀ ਨੇ ਪਹਿਲੇ ਨਾਲੋਂ ਵੀ ਦੂਣੀ ਚੌਣੀਂ ਨਾਮ ਰਸ ਦੀ ਦਾਤ ਬਖਸ਼ਸ਼ ਕਰ ਦਿੱਤੀ, ਆਤਮਾਂ ਕਿਸੇ ਅਕਹਿ ਅਨੰਦੀ ਰਸ ਨੂੰ ਮਾਨਣ ਲੱਗੀ। ਮਨ ਇੰਦ੍ਰੇ ਸਰੀਰ ਤ੍ਰਿਬੁੱਧ ਹੋ ਗਏ। ਆਪ ਘੰਟਿਆ ਬੱਧੀ ਨਾਮ ਰਸ ਨੂੰ ਮਾਣਦੇ ਅੰਤਰਮੁਖੀ ਬਿਰਤੀ ਦੁਆਰਾ ਪ੍ਰਭੂ ਚਰਨਾਂ ਨਾਲ ਜੁੜੇ ਰਹੇ।

ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਗੁਰੂ ਪਾਤਸ਼ਾਹ ਜੀ ਨੇ ਬੇਅੰਤ ਬਖਸ਼ਸ਼ਾਂ ਕੀਤੀਆਂ। ਨਾਮ ਰਸ ਵਿੱਚ ਵਾਧਾ ਹੀ ਵਾਧਾ ਸਤਿਗੁਰੂ ਨੇ ਬਖਸ਼ਸ਼ ਕੀਤਾ। ਇੱਕ ਦਿਨ ਹਰਿਮੰਦਰ ਸਾਹਿਬ ਵਿੱਚੋਂ ਹਰ ਰੋਜ ਦੇ ਨੇਮ ਅਨੁਸਾਰ ਜਦੋਂ ਮੈਂ ਬਾਹਰ ਆਇਆ, ਤਦ ਦਾਤਾ ਲੋਕ ਜੀ ਬਾਹਰਲੀ ਪਰਕਰਮਾਂ ਵਿੱਚ ਮਿਲ ਪਏ, ਬੜਾ ਪਿਆਰ ਦਿਤਾ, ਪਰਕਰਮਾਂ ਦੇ ਵਿੱਚ ਹੀ ਆਪਣੇ ਪਾਸ ਬਿਠਾਲ ਲਿਆ, ਪੁੱਛਣ ਲੱਗੇ ਵੀਰ ਸਿੰਘ ! ਹੁਣ ਨਾਮ ਰਸ ਵਿੱਚ ਤੋਟ ਤਾਂ ਨਹੀਂ ਪਈ ? ਮੈਂ ਉੱਤਰ ਦਿੱਤਾ ਬੜੀ ਗੁਰੂ ਦੀ ਰਹਿਮਤ ਹੈ। ਫਿਰ ਕਹਿਣ ਲੱਗੇ ਮੈਂ ਹੀ ਤੈਨੂੰ ਹਰਿਮੰਦਰ ਸਾਹਿਬ ਜਾਣ ਲਈ ਕਿਹਾ ਸੀ। ਫਿਰ ਮੈਂ ਹੀ ਤੈਨੂੰ ਦਰਬਾਰ ਸਾਹਿਬ ਛੱਡ ਕੇ ਰਾਮ ਬਾਗ ਜਾਣ ਲਈ ਕਿਹਾ ਸੀ ਅਤੇ ਮੁੜ ਨਾਮ ਰਸ ਦੀ ਤੋਟ ਨੂੰ ਦੂਰ ਕਰਨ ਤੇ ਨਾਮ ਰਸ ਦੀ ਪ੍ਰਾਪਤੀ ਲਈ ਰਾਮ ਬਾਗ ਛੱਡ ਕੇ

ਦਰਬਾਰ ਸਾਹਿਬ ਜਾ ਕੇ ਨਾਮ ਜਪ ਦੀ ਘਾਲ ਕਰਨ ਲਈ ਕਿਹਾ। ਪਰ ਤੁਸੀਂ ਮੈਨੂੰ ਕਦੇ ਨਹੀਂ ਪੁੱਛਿਆ ਕਿ ਤੁਸੀਂ ਆਪ ਹੀ ਦਰਬਾਰ ਸਾਹਿਬ ਭੇਜਿਆ ਤੇ ਫਿਰ ਆਪ ਹੀ ਦਰਬਾਰ ਸਾਹਿਬ ਜਾਣ ਤੋਂ ਰੋਕਿਆ ਅਤੇ ਮੁੜ ਫਿਰ ਰਾਮ ਬਾਗ ਛੱਡ ਕੇ ਦਰਬਾਰ ਸਾਹਿਬ ਜਾ ਕੇ ਨਾਮ ਜਪਣ ਲਈ ਕਹਿ ਰਹੇ ਹੋ। ਕੀ ਕਾਰਨ ਹੈ ?

ਭਾਈ ਵੀਰ ਸਿੰਘ ਜੀ ਦਾਤਾ ਲੋਕ ਜੀ ਨੂੰ ਕਹਿਣ ਲੱਗੇ ਦਾਤਾ ਜੀ ! ਮੈਂ ਤਾਂ ਮੰਗਤਾ ਹਾਂ। ਮੰਗਤਾ ਦਾਤੇ ਨੂੰ ਕਿਉਂ ਪੁੱਛੇ ?

ਜੇ ਦਾਤਾ ਕਹੇ ਕਿ ਤੈਨੂੰ ਨਾਮ ਰਸ ਦੀ ਦਾਤ ਦਰਬਾਰ ਸਾਹਿਬ ਵਿੱਚੋਂ ਮਿਲਣੀ ਹੈ। ਮੰਗਤਾ ਨਾਮ ਰਸ ਦੀ ਦਾਤ ਲੈਣ ਲਈ ਦੌੜ ਕੇ ਦਰਬਾਰ ਸਾਹਿਬ ਚਲਾ ਜਾਂਦਾ ਹੈ। ਜੇ ਦਾਤਾ ਕਹਿ ਦੇਵੇ ਹੁਣ ਤੈਨੂੰ ਨਾਮ ਰਸ ਦੀ ਦਾਤ ਦਰਬਾਰ ਸਾਹਿਬ ਵਿਚੋਂ ਨਹੀਂ, ਰਾਮ ਬਾਗ ਚੋਂ ਮਿਲਣੀ ਹੈ। ਮੰਗਤਾ ਕਿਉਂ ਪੁੱਛੇ ? ਮੰਗਤਾ ਭੱਜ ਕੇ ਰਾਮ ਬਾਗ ਚਲ਼ਾ ਜਾਂਦਾ ਹੈ। ਜੇ ਮੁੜ ਦਾਤਾ ਜੀ ਕਹਿ ਦੇਣ ਕਿ ਹੁਣ ਨਾਮ ਰਸ ਦੀ ਦਾਤ ਰਾਮ ਬਾਗ ਵਿੱਚੋਂ ਨਹੀਂ, ਗੁਰੂ ਰਾਮਦਾਸ ਜੀ ਦੇ ਦਰਬਾਰ ਵਿੱਚੋਂ ਪ੍ਰਾਪਤ ਹੋਣੀ ਹੈ। ਮੰਗਤਾ ਮੁੜ ਦੌੜ ਕੇ ਦਰਬਾਰ ਸਾਹਿਬ ਪੁੱਜ ਕੇ ਦਾਤ ਪ੍ਰਾਪਤ ਕਰ ਲੈਂਦਾ ਹੈ। ਮੰਗਤੇ ਨੇ ਤਾਂ ਦਾਤ ਲੈਣੀ ਹੈ। ਮੈਨੂੰ ਆਪ ਪਾਸੋਂ ਪੁੱਛਣ ਪੁਛਾਣ ਦੀ ਕੀ ਲੋੜ ਹੈ?

ਆਪ ਜੀ ਬੜੇ ਪ੍ਰਸੰਨ ਹੋਏ ਅਤੇ ਭਾਈ ਸਾਹਿਬ (ਵੀਰ ਸਿੰਘ) ਜੀ ਨੂੰ ਪੁੱਛਿਆ ਤੁਹਾਨੂੰ ਪਤਾ ਹੈ ਕਿ ਦਰਬਾਰ ਸਾਹਿਬ ਵਿੱਚ ਬੈਠਿਆਂ ਤੁਹਾਨੂੰ ਨਾਮ ਰਸ ਦੀ ਤੋਟ ਕਿਉਂ ਵਾਪਰੀ ? ਅਤੇ ਨਾਮ ਰਸ, ਰਾਮ ਬਾਗ ਵਿੱਚ ਕਿਉਂ ਆਉਣ ਲੱਗ ਪਿਆ? ਫਿਰ ਦੁਬਾਰਾ ਰਾਮ ਬਾਗ ਵਿੱਚ ਨਾਮ ਰਸ ਕਿਉਂ ਬੰਦ ਹੋਇਆ।

ਭਾਈ ਵੀਰ ਸਿੰਘ ਜੀ ਨੇ ਉੱਤਰ ਦਿੱਤਾ ਦਾਤਾ ਜੀ ! ਕ੍ਰਿਪਾ ਕਰਕੇ ਆਪ ਹੀ ਮਾਰਗ ਦਰਸ਼ਨ ਕਰੋ, ਮੈਨੂੰ ਕੋਈ ਪਤਾ ਨਹੀਂ। ਆਪ ਜੀ ਕਹਿਣ ਲੱਗੇ ਵੀਰ ਸਿੰਘ! ਜਦੋਂ ਕਈ ਸਾਲ ਤੈਨੂੰ ਹਰਿਮੰਦਰ ਸਾਹਿਬ ਵਿੱਚ ਬੈਠ, ਨਾਮ ਰਸ ਮਾਣਦਿਆਂ ਬੀਤ ਗਏ। ਇੱਕ ਦਿਨ ਤੇਰੇ ਨੇੜੇ ਦੋ ਬਜ਼ੁਰਗ ਦਰਬਾਰ ਸਾਹਿਬ ਵਿੱਚ ਬੈਠੇ ਆਪਸੀ ਦੁਨਿਆਵੀ ਗੱਲਾਂ ਕਰ ਰਹੇ ਸਨ। ਤੇਰੇ ਮਨ ਵਿੱਚ ਉਹਨਾਂ ਵੱਲ ਵੇਖ ਕੇ ਨਫਰਤ ਵੀ ਆਈ ਕਿ ਵੇਖੋ ਇਹਨਾਂ ਦੀ ਉਮਰ ਲੰਘ ਚਲੀ ਹੈ, ਧੌਲੇ ਆ ਗਏ ਹਨ, ਇਹ ਹਰਿਮੰਦਰ ਸਾਹਿਬ ਵਿਚ ਬੈਠ ਕੇ ਵੀ ਗੱਲਾਂ ਕਰ ਰਹੇ ਹਨ ਅਤੇ ਨਾਲ ਹੀ ਸੂਖਮ ਹਉਮੈਂ ਮਨ ਵਿੱਚ ਆ ਗਈ ਕਿ ਮੈਂ ਹੀ ਜੁਆਨੀ ਦੀ ਅਵਸਥਾ ਵਿੱਚ ਹਰਿਮੰਦਰ ਸਾਹਿਬ ਆ ਕੇ ਨਾਮ ਜਪ ਦੀ ਘਾਲ ਕਰਦਾ ਹਾਂ ਅਤੇ ਮੈਨੂੰ ਨਾਮ ਦਾ ਰਸ ਵੀ ਪ੍ਰਾਪਤ ਹੁੰਦਾ ਹੈ। ਬਜ਼ੁਰਗਾਂ ਨਾਲ ਨਫਰਤ ਤੇ ਆਪਣੀ ਘਾਲ ਕਮਾਈ ਤੇ ਨਾਮ ਰਸ ਦੀ ਪ੍ਰਾਪਤੀ ਦੀ ਸੂਖਸ਼ਮ ਹਉਮੈਂ ਨੇ ਤੈਨੂੰ ਨਾਮ ਰਸ ਤੋਂ ਵਾਂਝੇ ਕਰ ਦਿੱਤਾ।

ਜਦੋਂ ਤੁਹਾਨੂੰ ਰਾਮ ਬਾਗ ਵਿੱਚੋਂ ਨਾਮ ਰਸ ਦੀ ਤੋਟ ਆਈ। ਉਸ ਨਾਮ ਰਸ ਦੀ ਤੋਟ ਦਾ ਕਾਰਣ ਵੀ ਤੁਹਾਡੀ ਹਉਮੈਂ ਹੀ ਸੀ। ਜਦੋਂ ਨਾਮ ਰਸ ਦੀ ਦਾਤ ਤੁਹਾਨੂੰ ਰਾਮ ਬਾਗ ਵਿੱਚ ਸਿਮਰਨ ਕਰਨ ਨਾਲ ਪ੍ਰਾਪਤ ਹੋਈ। ਕੁਝ ਸਮੇਂ ਬਾਅਦ ਤੁਹਾਡੇ ਮਨ ਵਿੱਚ ਹੰਕਾਰ ਬਣ ਗਿਆ ਕਿ ਲੋਕ ਐਵੇਂ ਦੇਸ਼ਾਂ-ਬਿਦੇਸ਼ਾਂ ਵਿੱਚੋਂ ਆ ਕੇ ਹਰਿਮੰਦਰ ਸਾਹਿਬ ਭੀੜ ਪਾਉਂਦੇ ਹਨ। ਨਾਮ ਦਾ ਰਸ ਤਾਂ ਘਾਲ ਕਮਾਈ ਦੁਆਰਾ ਕਿਤੇ ਬੈਠ ਕੇ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। ਘਾਲ ਕਮਾਈ ਚਾਹੇ ਕੋਈ ਘਰ ਕਰ ਲਵੇ, ਚਾਹੇ ਕੋਈ ਕਿਸੇ ਬਾਗ-ਬਗੀਚੇ ਵਿੱਚ ਬੈਠ ਕੇ ਕਰੇ। ਚਾਹੇ ਕੋਈ ਹਰਿਮੰਦਰ ਸਾਹਿਬ ਜਾ ਕੇ ਕਰ ਲਵੇ। ਬਸ ਇੰਨੀ ਛੋਟੀ ਜਿਹੀ ਸੂਖਸ਼ਮ ਹਉਮੈਂ ਤੁਹਾਡੇ ਨਾਮ ਰਸ ਵਿੱਚ ਤੋਟ ਪਾ ਗਈ। ਤੁਸੀਂ ਰਸ ਤੋਂ ਨਿਰੱਸ ਹੋ ਗਏ।

ਦਾਤਾ ਲੋਕ ਕਹਿਣ ਲੱਗੇ, ਗੁਰਸਿੱਖੀ ਵਿੱਚ ਸਭ ਤੋਂ ਉੱਚੀ ਅਵਸਥਾ ਨਾਮ ਰਸ ਦੀ ਹੈ। ਇਹ ਨਾਮ ਰਸ, ਆਪਣੇ ਜ਼ੋਰ ਨਾਲ, ਆਪਣੀ ਘਾਲ ਨਾਲ, ਆਪਣੀ ਸਿਆਣਪ, ਚਤੁਰਾਈ ਨਾਲ ਪ੍ਰਾਪਤ ਨਹੀਂ ਹੁੰਦਾ। ਨਾਮ ਰਸ ਦੀ ਦਾਤ ਗੁਰੂ ਦੀ ਮਿਹਰ ਨਾਲ ਪ੍ਰਾਪਤ ਹੁੰਦੀ ਹੈ। ਗੁਰੂ ਦੀ ਬਖਸ਼ਸ ਨਿਰੋਲ ਹਉਂ ਰਹਿਤ ਹਿਰਦੇ ਤੇ ਪ੍ਰਕਾਸ਼ਦੀ ਹੈ। ਜਦੋਂ ਵੀ ਨਾਮ ਰਸ ਦੇ ਵਿੱਚ ਤੋਟ ਆਉਂਦੀ ਹੈ। ਉਸ ਦਾ ਮੁੱਖ ਕਾਰਣ ਸੂਖਸ਼ਮ ਹਉਮੈਂ ਹੀ ਹੁੰਦੀ ਹੈ। ਸੋ ਹਮੇਸ਼ਾ ਸਾਵਧਾਨ ਰਹਿ ਕੇ ਗੁਰੂ ਚਰਨਾਂ ਵਿੱਚ ਇਸ ਤੋਂ ਬਚਣ ਲਈ ਅਰਦਾਸ ਬੇਨਤੀ ਹੀ ਕਰਦੇ ਰਹਿਣਾ ਚਾਹੀਦਾ ਹੈ।

ਹਰ ਪ੍ਰਕਾਰ ਦੀ ਸੂਖਸ਼ਮ ਹਉਮੈਂ ਨੂੰ ਮਾਰ ਕੇ ਹੀ ਸਦੀਵੀਂ ਸੁੱਖ ਅਤੇ ਨਾਮ ਦਾ ਰਸ ਪ੍ਰਾਪਤ ਕੀਤਾ ਜਾ ਸਕਦਾ ਹੈ। ਸਾਹਿਬ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :—

ਹਉਮੈ ਮਾਰਿ ਸਦਾ ਸੁਖੁ ਪਾਇਆ ਨਾਇ ਸਾਚੈ ਅੰਮ੍ਰਿਤੁ ਪੀਜੈ ਹੇ ॥ ੮ ॥

ਮਾਰੂ ਮ : ੩ (ਪੰਨਾ : ੧੦੪੯)

ਕੈਸਾ ਹੈ ਹਉਮੈਂ ਦਾ ਨਾ-ਮੁਰਾਦ ਰੋਗ, ਚੰਗੇ ਸ਼ੁਭ ਕਰਮਾਂ ਨੂੰ ਵੀ ਆਤਮ ਪੈਂਡੇ ਵਿੱਚ, ਰੁਕਾਵਟ ਬਣਾ ਦਿੰਦਾ ਹੈ। ਭਾਵੇ, ਚੰਗੇ ਗੁਣਾਂ ਦੀ, ਨਾਮ ਜਪਣ ਦੀ, ਗੁਰਬਾਣੀ ਪੜਨ ਸੁਣਨ ਦੀ, ਹੋਰ ਕਿਸੇ ਵੀ ਸ਼੍ਰੇਸ਼ਟ ਕਰਮ ਦੀ ਸੂਖਮ ਹਉਮੈਂ ਮਨ ਨੂੰ ਸਥੂਲ ਬਣਾ ਦਿੰਦੀ ਹੈ। ਹਿਰਦੇ ਵਿੱਚ ਹਉਮੈਂ ਆਉਂਦੇ ਹੀ, ਨਿਮਰਤਾ ਤੁਰ ਜਾਂਦੀ ਹੈ। ਹਉਮੈਂ ਵਿੱਚ ਬਾਫਰਿਆ ਸਥੂਲ ਹੋਇਆ ਮਨ, ਪ੍ਰਭੂ ਰਸ ਦੀ ਪ੍ਰਾਪਤੀ ਅਤੇ ਮਿਲਾਪ ਦੇ ਦਰਵਾਜ਼ੇ ਵਿਚ ਦੀ ਲੰਘ ਕੇ ਅਗੇ ਮਾਲਕ ਦੇ ਪਾਸ ਨਹੀਂ ਜਾ ਸਕਦਾ। ਜਦੋਂ ਮਨ ਉੱਥੇ ਤੱਕ ਪੁੱਜਾ ਹੀ ਨਾ, ਫਿਰ ਇਸ ਨੂੰ ਦਰਸ਼ਨ ਤੇ ਨਾਮ ਰਸ, ਪ੍ਰਾਪਤ ਕਿਵੇਂ ਹੋਣਾ ਹੈ। ਭਾਵ ਨਹੀਂ ਹੋ ਸਕਦਾ।

ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁ ਦੇ ਜਾਇ॥

ਮ : ੩ (ਪੰਨਾ : ੫੦੯)

ਜੇ ਨਾਮ ਦਾ ਰਸ ਪ੍ਰਾਪਤ ਕਰਨਾ ਹੈ, ਪ੍ਰਭੂ ਦੇ ਦਰ ਦੀ ਪ੍ਰਾਪਤੀ ਕਰਨੀ ਹੈ, ਫਿਰ ਹਉਮੈਂ ਦਾ ਪੱਲਾ ਛੱਡਣਾ ਹੀ ਪੈਣਾ ਹੈ। ਬਰੀਕ ਰਸਤੇ ਵਿੱਚ ਦੀ ਲੰਘਣ ਲਈ ਬਰੀਕ ਮਹੀਨ ਬਣਨਾ ਹੀ ਪੈਣਾ ਹੈ। ਸਾਹਿਬਾਂ ਦਾ ਫੁਰਮਾਨ ਹੈ :—

ਨਾਨਕ ਮੁਕਤਿ ਦੁਆਰਾ ਅਤਿ ਨੀਕਾ ਨਾਨ੍ਹਾ ਹੋਇ ਸੁ ਜਾਇ॥

ਮ : ੩ (ਪੰਨਾ : ੫੦੯)

ਸੋ ਆਪਣੇ ਬਲ ਨਾਲ, ਆਪਣੇ ਜ਼ੋਰ, ਚਤੁਰਾਈ ਨਾਲ, ਸਿਆਣਪ ਨਾਲ, ਹਉਮੈਂ ਤੋਂ ਬਚਿਆ ਨਹੀਂ ਜਾ ਸਕਦਾ। ਇਸ ਤੋਂ ਬਚਣ ਲਈ ਗੁਰੂ ਦੀ ਸਹਾਇਤਾ, ਗੁਰੂ ਦਾ ਆਸਰਾ, ਨਾਮ ਦੀ ਟੇਕ, ਸਤਿ ਸੰਗਤ ਦੀ ਵਾੜ ਹੀ, ਮਨੁੱਖ ਦੀ ਰੱਖਿਆ ਕਰਨ ਵਿੱਚ ਸਹਾਈ ਹੋ ਸਕਦੇ ਹਨ।

ਸੋ ਆਵਾਗਵਣ ਦੇ ਜਨਮ ਦਾਤੇ, ਪ੍ਰਮੇਸ਼ਰ ਤੋਂ ਦੂਰੀ ਪਾਉਣ ਵਾਲੇ ਧਾਰਮਕ ਕਰਮਾਂ ਨੂੰ ਹਾਥੀ ਦਾ ਇਸ਼ਨਾਨ ਬਣਾਉਣ ਵਾਲੇ, ਅਹੰਕਾਰ ਹਉਮੈਂ ਤੋਂ ਗੁਰੂ ਚਰਨਾਂ ਵਿੱਚ ਆਪਾ ਸਮਰਪਤ ਕਰਕੇ, ਭੈ ਭਾਵਨੀ ਪਿਆਰ ਵਿੱਚ ਭਿੱਜ ਕੇ ਕੀਤੀ ਅਰਦਾਸ ਹੀ ਛੁਟਕਾਰਾ ਦੁਆ ਸਕਦੀ ਹੈ।

ਗੁਰਬਾਣੀ ਦੁਆਰਾ ਅਰਦਾਸ ਕਰਨ ਦੀ ਅਗਵਾਈ

ਕਿਵੇਂ ਅਰਦਾਸ ਕਰਨੀ ਹੈ, ਗੁਰਬਾਣੀ ਵਿੱਚ ਸਤਿਗੁਰੂ ਜੀ ਨੇ ਅਗਵਾਈ ਕੀਤੀ ਹੈ ਕਿ ਜਗਿਆਸੂ ਆਪਣੇ ਆਪ ਨੂੰ ਗੁਨਹਗਾਰ ਮੰਨ ਕੇ, ਚਤੁਰਾਈ ਸਿਆਣਪ ਦਾ ਤਿਆਗ ਕਰਕੇ, ਆਪਾ ਆਪਣੇ ਸੁਆਮੀ ਅੱਗੇ ਅਰਪਣ ਕਰਕੇ ਕੀਤੀ ਅਰਦਾਸ ਰੰਗ ਲਿਆਉਂਦੀ ਹੈ। ਹੇ ਦਾਤਾ :—

ਕੁਚਿਲ ਕਠੋਰ ਕਪਟ ਕਾਮੀ॥
ਜਿਉ ਜਾਨਹਿ ਤਿਉ ਤਾਰਿ ਸੁਆਮੀ॥ ਰਹਾਉ।
ਤੂ ਸਮਰਥੁ ਸਰਨਿ ਜੋਗੁ ਤੂ ਰਾਖਹਿ ਅਪਨੀ ਕਲ ਧਾਰਿ
ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ॥
ਗਰਤ ਘੋਰ ਅੰਧ ਤੇ ਕਾਢਹੁ ਪ੍ਰਭ ਨਾਨਕ ਨਦਰਿ ਨਿਹਾਰਿ॥

ਕਾਨੜਾ ਮ: ੫ (ਪੰਨਾ : ੧੩੦੧)

ਹੇ ਮਾਲਕ ਮੈਂ ਕੀ ਦੱਸਾਂ ? ਮੈਂ ਬਹੁਤ ਹੀ ਮਾੜੇ ਆਚਰਣ ਤੇ ਕਠੋਰ ਦਿਲ ਵਾਲਾ, ਠਗ ਤੇ ਵਿਸ਼ਈ ਮਨੁੱਖ ਹਾਂ। ਜਿਸ ਵੀ ਤਰੀਕੇ ਨਾਲ ਮੇਰਾ ਨਿਸਤਾਰਾ ਹੋ ਸਕਦਾ ਹੈ, ਕ੍ਰਿਪਾ ਕਰਕੇ ਮੇਰਾ ਪਾਰ ਉਤਾਰਾ ਕਰ ਦਿਉ। ਤੁਸੀਂ ਸਭ ਕੁਝ ਕਰਨ ਦੀ ਸਮੱਰਥਾ

ਰੱਖਦੇ ਹੋ, ਸ਼ਰਨ ਪਾਲਕ ਤੁਹਾਡਾ ਬਿਰਦ ਹੈ। ਆਪ ਆਪਣੀ ਤਾਕਤ ਨਾਲ ਮੇਰੀ ਬਹੁੜੀ ਕਰੋ ਜੀ।

ਜੋ ਜਪ, ਤਪ, ਸੰਜਮ ਤੇ ਹੋਰ ਪਵਿੱਤਰ ਕਰਮ ਕਰਕੇ ਮੈਂ ਆਪਣਾ ਨਿਸਤਾਰਾ ਕਰਨਾ ਚਾਹਾਂ, ਪਾਤਸ਼ਾਹ ! ਨਹੀਂ ਹੋ ਸਕਦਾ। ਤੁਸੀਂ ਆਪ ਹੀ ਮਿਹਰ ਕਰਕੇ ਸੰਸਾਰ ਰੂਪੀ ਗਹਿਰੇ ਖੂਹ ਵਿੱਚੋਂ ਮੈਨੂੰ ਬਾਹਰ ਕੱਢ ਲਵੋ ਜੀ।

ਮੇਰਾ ਜੀਵਨ ਤਾਂ ਬਹੁਤ ਹੀ ਨੀਚ ਕਰਮੀ ਹੈ। ਕੋਈ ਵੀ ਸ੍ਰੇਸ਼ਟ-ਸ਼ੁਭ ਕਰਮ ਮੈਂ ਜੀਵਨ ਵਿੱਚ ਨਹੀਂ ਕੀਤਾ। ਆਪਣੇ ਬਿਰਦ ਦੀ ਲਾਜ ਰੱਖੋ ਜੀ।

ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ॥
ਕਹੁ ਨਾਨਕ ਹਮ ਨੀਚ ਕਰੰਮਾ॥ ਸਰਣਿ ਪਰੇ ਕੀ ਰਾਖਹੁ ਸਰਮਾ॥

ਆਸਾ ਮ: ੫ (ਪੰਨਾ : ੧੨)

ਜਿਵੇਂ ਕੋਈ ਅਤਿ ਆਤੁਰ ਮਨੁੱਖ ਆਪਣੀ ਪੀੜਾ ਨੂੰ ਹਰਨ ਵਾਸਤੇ, ਸਮਰੱਥ ਦੇ ਅੱਗੇ ਅਰਦਾਸ ਬੇਨਤੀ ਕਰਦਾ ਹੈ, ਉਸ ਭਾਂਤ ਦੀ ਬ੍ਰਿਤੀ ਬਣਾ ਕੇ ਆਪਣੇ ਮਾਲਕ ਪ੍ਰਭੂ ਜੀ ਦੇ ਅੱਗੇ, ਆਜ਼ਜ਼ ਹੋ ਕੇ ਅਰਦਾਸ ਕਰਨੀ ਹੈ। ਹੇ ਮਾਲਕ ! ਮੈਨੂੰ ਕੁਝ ਨਹੀਂ ਜੇ ਪਤਾ ਬਸ ਮੈਂ ਤੇਰਾ ਹਾਂ। ਮੈਂ ਤੇਰਾ ਹਾਂ, ਜਿਉਂ ਜਾਨਉ ਮੇਰੀ ਰੱਖਿਆ ਕਰੋ। ਮੈਂ ਕਿੰਨੇ ਕੁ ਆਪਣੇ ਔਗੁਣ ਗਿਣਾਂ, ਬਸ ਸਿਰ ਤੋਂ ਲੈ ਕੇ ਪੈਰਾਂ ਤੱਕ ਔਗੁਣਾਂ ਨਾਲ ਹੀ ਭਰਿਆ ਪਿਆ ਹਾਂ। ਅਨਗਿਣਤ ਔਗੁਣਾਂ ਕਾਰਨ ਮੈਂ ਪਾਪਾਂ ਦੇ ਚੱਕਰ ਵਿੱਚ ਫਸਿਆ ਪਿਆ ਹਾਂ, ਮੋਹ ਮਾਇਆ ਤੇ ਭਿਆਨਕ ਹਉਮੈਂ ਵਿੱਚ ਮਸਤ ਹਾਂ ਤੇ ਅਨੇਕਾਂ ਹੀ ਪਾਪ ਕਰਮ ਲੁਕ-ਲੁਕ ਕੇ ਦਿਨ ਰਾਤ ਕਰਦਾ ਹਾਂ। ਪਰ ਹੇ ਦਾਤਾ, ਤੂੰ ਤਾਂ ਨੇੜੇ ਹੋ ਕੇ ਮੇਰੇ ਸਾਰੇ ਪਾਪਾਂ ਨੂੰ ਵੇਖਦਾ ਹੈਂ। ਪਾਤਸ਼ਾਹ, ਆਪ ਦੇ ਚਰਨਾਂ ਵਿੱਚ ਅਰਦਾਸ ਹੈ ; ਇਹਨਾਂ ਵਿਕਾਰਾਂ ਵਿੱਚੋਂ ਆਪ ਹੱਥ ਦੇ ਕੇ ਕੱਢ ਲਵੋ ਜੀ :—

ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ॥
ਕੇਤੇ ਗਨਉ ਅਸੰਖ ਅਵਗਣ ਮੇਰਿਆ॥
ਅਸੰਖ ਅਵਗਣ ਖਤੇ ਫੇਰੇ ਨਿਤਪ੍ਰਤਿ ਸਦ ਭੂਲੀਐ॥
ਮੋਹ ਮਗਨ ਬਿਕਰਾਲ ਮਾਇਆ ਤਉ ਪ੍ਰਸਾਦੀ ਘੂਲੀਐ॥
ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰਹੂ ਤੇ ਨੇਰਿਆ॥
ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭਵਜਲ ਫੇਰਿਆ॥

ਜੈਤਸਰੀ ਮ: ੫ ਘਰ ੨ (ਪੰਨਾ : ੭੦੪)

ਹੇ ਮਾਲਕ ਪ੍ਰਭੂ ! ਮੇਰੇ ਤੇ ਮਿਹਰ ਕਰ ਮੈਨੂੰ ਹਮੇਸ਼ਾ ਆਪਣੀ ਸ਼ਰਨ ਵਿੱਚ ਰੱਖੋ ਜੀ। ਮੈਨੂੰ ਆਪ ਦੀ ਸੇਵਾ ਤੇ ਭਗਤੀ ਕਰਨ ਦੀ ਵੀ ਜਾਚ ਨਹੀਂ ਹੈ। ਮੈਂ ਅੱਤ ਦਰਜੇ ਦਾ ਮੂਰਖ ਹਾਂ, ਮੈਂ ਦਿਨ ਰਾਤ ਅਪਰਾਧ ਕਰਦਾ ਹਾਂ, ਪੈਰ ਪੈਰ ਤੇ ਭੁੱਲਾਂ ਕਰਨਾ ਮੇਰਾ ਸੁਭਾਉ ਹੈ। ਆਪ ਜੀ ਆਪਣੇ ਬਿਰਦ ਦੇ ਸਦਕੇ ਬਖਸ਼ ਲਵੋ ਜੀ।

ਹੇ ਪ੍ਰਭੂ ਜੀ ! ਅਸੀਂ ਨਿੱਤ ਹੀ ਗਿਣਤੀ ਤੋਂ ਬਾਹਰ ਅਉਗਣ ਕਰ ਲੈਂਦੇ ਹਾਂ। ਤੁਸੀਂ ਸਾਡੇ ਔਗੁਣਾਂ ਵੱਲ ਨਹੀਂ ਵੇਖਦੇ ਤੇ ਗੁਣ ਹੀਣਾਂ ਨੂੰ ਅਨੇਕਾਂ ਦਾਤਾਂ ਨਿੱਤ ਦਿੰਦੇ ਹੋ। ਹੇ ਮਾਲਕ, ਮੇਰੇ ਨਿੱਤ ਦੇ ਕਰਮ ਤਾਂ ਇਹੋ ਜਿਹੇ ਹਨ। ਤੁਹਾਨੂੰ ਛੱਡ ਕੇ, ਤੁਹਾਡੀ ਦਾਸੀ ਮਾਇਆ ਦੇ ਨਾਲ ਦਿਨ ਰਾਤ ਲਪਟਿਆ ਰਹਿੰਦਾ ਹਾਂ।

ਹੇ ਮਾਲਕ, ਮੈਂ ਅਕ੍ਰਿਤਘਣ ਹਾਂ, ਤੁਹਾਡੀਆਂ ਦਿੱਤੀਆਂ ਹੋਈਆਂ ਦਾਤਾਂ ਦਾ ਧੰਨਵਾਦ ਵੀ ਨਹੀਂ ਕਰਦਾ। ਦਾਤਾਂ ਨਾਲ ਲਿਪਟ ਕੇ ਆਪ ਜੀ, ਦਾਤੇ ਨੂੰ ਵਿਸਾਰ ਦਿੱਤਾ ਹੈ। ਹੇ ਮਾਲਕ, ਮੈਂ ਸਭ ਓਟ ਆਸਰੇ ਛੱਡ ਕੇ ਤੁਹਾਡੀ ਸ਼ਰਨ ਵਿੱਚ ਆਇਆ ਹਾਂ, ਮੇਰਾ ਮੂਰਖ ਦਾ ਵੀ ਉਧਾਰ ਕਰ ਦਿਉ ਜੀ।

ਹੇ ਸਤਿਗੁਰੂ :—

ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ॥
ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ
ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ
ਹਮ ਅਪਰਾਧੀ ਸਦ ਭੂਲਤੇ ਤੁਮੁ ਬਖਸਨਹਾਰੇ॥ ਰਹਾਉ॥
ਹਮ ਅਵਗਨ ਕਰਹ ਅਸੰਖ ਨੀਤਿ ਤੁਮੁ ਨਿਰਗੁਨ ਦਾਤਾਰੇ॥
ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ॥
ਤੁਮੁ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ॥
ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ
ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ
ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ॥

ਬਿਲਾਵਲੁ ਮਹਲਾ : ੫ (ਪੰਨਾ : ੮੦੯)

ਹੇ ਮੇਰੇ ਪਿਆਰੇ ਪਿਤਾ, ਮੇਰੇ ਵਿੱਚ ਕੋਈ ਵੀ ਚੰਗਾ ਗੁਣ ਨਹੀਂ ਹੈ। ਸਾਰੇ ਸ੍ਰੇਸ਼ਟ ਗੁਣ ਤੁਹਾਡੇ ਵੱਸ ਵਿੱਚ ਹਨ। ਮੈਨੂੰ ਵੀ ਸ਼ੁਭ ਗੁਣਾਂ ਦੀ ਰਾਸ ਬਖਸ਼ਸ਼ ਕਰ ਦੇਵਹੁ ਅਤੇ ਅਉਗਣਾਂ ਤੋਂ ਬਚਾ ਲਵੋ ਜੀ। ਹੇ ਪਿਤਾ ਮੈਂ ਇਕੱਲਾ ਹਾਂ, ਮੇਰੇ ਨਾਲ ਨਿੱਤ ਝਗੜਾ

ਕਰਨ ਵਾਲੇ ਪੰਜ, ਕਾਮ ਆਦਿ ਵੈਰੀ ਹਨ ਜੋ ਮੈਨੂੰ ਨਿੱਤ ਹੀ ਬਹੁਤ ਸਤਾਉਂਦੇ ਹਨ। ਹੇ ਮਾਲਕ ਪਿਤਾ, ਮੈਂ ਇਹਨਾਂ ਪੰਜਾਂ ਤੋਂ ਬਚਣ ਲਈ ਅਨੇਕਾਂ ਤਰ੍ਹਾਂ ਦੇ ਜਤਨ ਕੀਤੇ ਹਨ, ਪਰ ਇਹ ਮੇਰਾ ਪਿੱਛਾ ਨਹੀਂ ਛੱਡਦੇ। ਹੁਣ ਮੈਂ, ਸਾਧ ਸੰਗਤ ਦੀ ਓਟ ਲੈ ਕੇ, ਆਪ ਜੀ ਦੀ ਸ਼ਰਨ ਵਿੱਚ ਇਹਨਾਂ ਤੋਂ ਛੁਟਕਾਰਾ ਪਾਉਣ ਲਈ ਆਇਆਂ ਹਾਂ। ਸਾਧ ਸੰਗਤ ਵਿੱਚੋਂ ਗੁਰੂ ਪਿਆਰਿਆਂ ਨੇ ਮੈਨੂੰ ਧੀਰਜ ਦਿੱਤਾ ਹੈ ਤੇ ਇਹਨਾਂ ਤੋਂ ਨਿਜਾਤ ਪਾਉਣ ਤੇ ਸੁਤੰਤਰ ਜੀਵਨ ਜਿਉਣ ਵਾਲਾ ਆਪ ਜੀ ਦੀ ਬਾਣੀ ਦਾ ਉਪਦੇਸ਼ ਦਿੱਤਾ ਹੈ।

ਸਹਿਜ ਅਵਸਥਾ ਦੀ ਦਾਤੀ ਤੇ ਸੁੱਖ ਦੇਣ ਵਾਲੀ ਗੁਰਬਾਣੀ ਦੀ ਬਰਕਤ ਨਾਲ ਹੁਣ ਪੰਜੇ ਵੱਡੇ ਝਗੜਾਲੂ, ਕਾਮ ਆਦਿ ਨੂੰ ਜਿੱਤ ਲਿਆ ਹੈ। ਹੁਣ ਇਹਨਾਂ ਦੀ ਵਾਸ਼ਨਾ ਵੀ ਮੈਨੂੰ ਨਹੀਂ ਪੋਂਹਦੀ, ਇਹ ਸਭ ਆਪ ਦੀ ਸਤ ਸੰਗਤ ਅਤੇ ਗੁਰਬਾਣੀ ਦੀ ਬਖਸ਼ਸ਼ ਹੈ ਜੀ।

ਕ੍ਰਿਪਾ ਕਰੋ :—

ਰਾਖੁ ਪਿਤਾ ਪ੍ਰਭ ਮੇਰੇ॥ ਮੋਹਿ ਨਿਰਗੁਨ ਸਭ ਗੁਨ ਤੇਰੇ॥ ਰਹਾਉ॥
ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ॥
ਖੇਦ ਕਰਹਿ ਅਰੁ ਬਹੁਤੁ ਸੰਤਾਵਹਿ, ਆਇਓ ਸਰਨਿ ਤੁਹਾਰੇ॥
ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ, ਛੋਡਹਿ ਕਤਹੂੰ ਨਾਹੀ॥
ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ॥
ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ॥
ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ॥
ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ॥
ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ॥

ਗਉੜੀ ਮਹਲਾ : ੫ (ਪੰਨਾ : ੨੦੫)

ਹੇ ਮੇਰੇ ਸਤਿਗੁਰੂ ਪਿਤਾ,

ਤੁਸੀਂ ਹੀ ਮੈਨੂੰ ਦੱਸੋ ਮੈਂ ਤੁਹਾਨੂੰ ਛੱਡ ਕੇ ਹੋਰ ਕਿਸ ਦੇ ਅੱਗੇ ਪੁਕਾਰ ਕਰਾਂ। ਸਤਿਗੁਰੂ ਜੀ, ਮੈਂ ਇਕੱਲਾ ਹਾਂ, ਇਹ ਪੰਜ ਜਣੇ ਬੜੇ ਡਾਢੇ ਹਨ। ਇਹ ਮੈਨੂੰ ਨਿੱਤ ਹੀ ਬਹੁਤ ਖਰਾਬ ਕਰਦੇ ਤੇ ਆਤਮਕ ਮੌਤੇ ਮਾਰਦੇ ਹਨ। ਮੇਰੀ ਗਰੀਬ ਦੀ ਇਹਨਾਂ ਅੱਗੇ ਕੋਈ ਪੇਸ਼ ਨਹੀਂ ਜਾਂਦੀ। ਤੁਹਾਥੋਂ ਬਿਨਾਂ ਮੈਨੂੰ ਹੋਰ ਕੋਈ ਆਸਰਾ ਨਹੀਂ। ਆਪ ਤੋਂ

ਬਿਨਾਂ ਇਹਨਾਂ ਬਿਖਾਦੀਆਂ ਤੋਂ ਮੈਨੂੰ ਕੋਈ ਬਚਾ ਨਹੀਂ ਸਕਦਾ। ਕਿਰਪਾ ਕਰੋ, ਇਹ ਮੇਰੇ ਹਿਰਦੇ ਵਿੱਚੋਂ ਸ਼ੁਭ ਗੁਣਾਂ ਨੂੰ ਨਿੱਤ ਹੀ ਲੁੱਟੀ ਜਾ ਰਹੇ ਹਨ।

ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ॥
ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ॥

ਗਉੜੀ ਚੇਤੀ ਮ: ੧ (ਪੰਨਾ : ੧੫੫)

ਹੇ ਸਾਰੀਆਂ ਤਾਕਤਾਂ ਦੇ ਮਾਲਕ ਸਮਰੱਥ ਪ੍ਰਭੂ ਜੀ! ਮੈ ਅਪਰਾਧੀ, ਪਾਪੀ, ਤੁਹਾਡੀ ਸ਼ਰਨ ਵਿੱਚ ਆਇਆ ਹਾਂ। ਮੇਰੇ ਪਾਪਾਂ ਦੇ ਪੜਦੇ, ਕਿਰਪਾ ਕਰਕੇ ਕੱਜ ਲਵੋ ਜੀ। ਜੋ ਕੁਝ ਪਾਪ ਕਰਮ ਮੈਂ ਨਿੱਤ ਕਰਦਾ ਹਾਂ, ਉਹਨਾਂ ਸਾਰੇ ਪਾਪ ਕਰਮਾਂ ਨੂੰ ਤੁਸੀਂ ਸਦਾ ਵੇਖਦੇ ਤੇ ਜਾਣਦੇ ਹੋ।

ਇਸ ਲਈ ਮੈਨੂੰ ਪਾਪ ਕਰਮਾਂ ਤੋਂ ਮੁਨਕਰ ਹੋਣ ਦੀ ਵੀ ਕੋਈ ਗੁੰਜਾਇਸ਼ ਨਹੀਂ ਕਿਉਂਕਿ ਤੁਸੀਂ ਮੇਰੇ ਸਾਰੇ ਪਾਪ ਕਰਮਾਂ ਨੂੰ ਵੇਖਿਆ ਹੈ। ਪਰ ਪਾਤਸ਼ਾਹ, ਮੈਂ ਇੰਨਾ ਢੀਠ ਹਾਂ, ਫਿਰ ਵੀ ਮੈਂ ਪਾਪ ਕਰਮ ਕਰੀ ਹੀ ਜਾਂਦਾ ਹਾਂ।

ਹੇ ਮਾਲਕ ! ਮੈਂ ਸੁਣਿਆ ਹੈ, ਤੁਸੀਂ ਬੜੀ ਸਮਰੱਥਾ ਦੇ ਮਾਲਕ ਹੋ। ਤੁਹਾਡਾ ਨਾਮ ਕ੍ਰੋੜਾਂ ਪਾਪਾਂ ਨੂੰ ਨਾਸ਼ ਕਰਨਾ ਵਾਲਾ ਹੈ। ਹੇ ਪ੍ਰਭੂ ਅਸਾਂ ਜੀਵਾਂ ਦਾ ਸੁਭਾਉ ਨਿੱਤ ਭੁੱਲਾਂ ਕਰਨ ਵਾਲਾ ਹੈ, ਪਰ ਆਪ ਦਾ ਸੁਭਾਉ ਪਾਪੀਆਂ ਦਾ ਨਿਸਤਾਰਾ ਕਰਨ ਵਾਲਾ ਹੈ। ਹੇ ਕ੍ਰਿਪਾ ਦੇ ਖ਼ਜਾਨੇ ਪ੍ਰਭੂ, ਮੈਨੂੰ ਦਾਸ ਨੂੰ ਵੀ ਮਾਇਆ ਦੇ ਪ੍ਰਭਾਵ ਤੋਂ ਬਚਾ ਕੇ, ਉੱਚ-ਆਤਮਿਕ ਜੀਵਨ ਤੇ ਆਪਣਾ ਦਰਸ਼ਨ ਬਖਸ਼ਸ਼ ਕਰੋ ਜੀ।

ਤੁਮ੍ ਸਮਰਥਾ ਕਾਰਨ ਕਰਨ॥
ਢਾਕਨ ਢਾਕਿ ਗੋਬਿਦ ਗੁਰ ਮੇਰੇ॥ ਮੋਹਿ ਅਪਰਾਧੀ ਸਰਨ ਚਰਨ॥ ਰਹਾਉ॥
ਜੋ ਜੋ ਕੀਨੋ ਸੋ ਤੁਮ ਜਾਨਿਓ ਪੇਖਿਓ ਠਉਰ ਨਾਹੀ ਕਛੁ ਢੀਠ ਮੁਕਰਨ
ਬਡ ਪਰਤਾਪੁ ਸੁਨਿਓ ਪ੍ਰਭ ਤੁਮ੍ਰੋ ਕੋਟਿ ਅਘਾ ਤੇਰੋ ਨਾਮ ਹਰਨ॥
ਹਮਰੋ ਸਹਾਉ ਸਦਾ ਸਦ ਭੂਲਨ ਤੁਮ੍ਰੋ ਬਿਰਦੁ ਪਤਿਤ ਉਧਰਨ॥
ਕਰੁਣਾ ਮੈ ਕਿਰਪਾਲ ਕ੍ਰਿਪਾ ਨਿਧਿ ਜੀਵਨ ਪਦ ਨਾਨਕ ਹਰਿ ਦਰਸਨ॥

ਬਿਲਾਵਲੁ ਮ: ੫, (ਪੰਨਾ : ੮੨੮)

ਇਸ ਲਈ ਹੇ ਦੀਨਾ (ਬੇ ਸਹਾਰਿਆਂ) ਤੇ ਦਇਆ ਵਾਲੇ ਦੀਨਾ ਬੰਧੂ ਜੀ, ਮੇਰੇ ਤੇ ਮਿਹਰ ਕਰੋ। ਮੇਰੇ ਗੁਣ ਅਵਗੁਣਾਂ ਦਾ ਲੇਖਾ ਜੋਖਾ ਨਾ ਕਰੋ ਕਿਉਂਕਿ ਮੇਰੀ ਤਾਂ "ਸਭ ਅਵਗੁਣ ਮੈਂ ਗੁਣ ਨਹੀਂ ਕੋਇ" ਵਾਲੀ ਦਸ਼ਾ ਹੈ। ਮੈਂ ਤਾਂ ਅਵਗੁਣਾਂ ਨਾਲ ਹੀ

ਭਰਿਆ ਹੋਇਆ ਹਾਂ। ਮੇਰੀ ਦਸ਼ਾ ਤਾਂ ਇਸ ਪ੍ਰਕਾਰ ਦੀ ਹੈ, ਜੇ ਕੋਈ ਕੱਚੀ ਮਿੱਟੀ ਦੀ ਕੰਧ ਨੂੰ ਪਾਣੀ ਨਾਲ ਧੋ ਕੇ ਸਾਫ ਸ਼ੁੱਧ ਕਰਨਾ ਚਾਹੇ, ਉਹ ਕਦੇ ਵੀ ਸ਼ੁੱਧ ਨਹੀਂ ਹੋ ਸਕਦੀ। ਸਗੋਂ ਹੇਠੋਂ ਹੋਰ ਚਿੱਕੜ ਨਿਕਲਦਾ ਹੈ, "**ਕਾਚੀ ਭੀਤ ਨ ਸੁਧ**" ਵਾਲੀ ਗੱਲ ਹੈ। ਇਸ ਲਈ :—

ਕਿਰਪਾ ਕਰਹੁ ਦੀਨ ਕੇ ਦਾਤੇ
ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ॥
ਮਾਟੀ ਕਾ ਕਿਆ ਧੋਪੈ ਸੁਆਮੀ
ਮਾਣਸ ਕੀ ਗਤਿ ਏਹੀ॥

ਰਾਮਕਲੀ ਮ: ੫ (ਪੰਨਾ : ੮੮੨)

ਇਸ ਲਈ ਸਤਿਗੁਰੂ ਜੀ :—

ਹਮਰੀ ਗਣਤ ਨ ਗਣੀਆ ਕਾਈ,
ਅਪਣਾ ਬਿਰਦੁ ਪਛਾਣਿ॥
ਹਾਥ ਦੇਇ ਰਾਖੇ ਕਰਿ ਅਪੁਨੇ
ਸਦਾ ਸਦਾ ਰੰਗੁ ਮਾਣਿ॥

ਸੋਰਠਿ ਮ: ੫ (ਪੰਨਾ : ੬੧੯)

ਆਪਣੇ ਬਿਰਦ ਦੀ ਲਾਜ ਪਾਲੋ ਜੀ। ਹੇ ਨਾਥ (ਮਾਲਕ) ਪ੍ਰਮੇਸ਼ਰ ਜੀ, ਮੈਂ ਅਣਜਾਣ ਹਾਂ, ਮੈਨੂੰ ਹੁਣ ਵੀ ਪਤਾ ਨਹੀਂ ਚਲ ਰਿਹਾ ਕਿ ਮੈਂ ਕੀ ਕਰ ਰਿਹਾ ਹਾਂ ਕਿਉਂਕਿ ਮੇਰਾ ਮਨ ਮਾਇਆ ਦੇ ਹੱਥ ਵਿਕ ਚੁੱਕਾ ਹੈ। ਹੇ ਵਾਹਿਗੁਰੂ ਜੀ, ਤੁਸੀਂ ਸਾਰੇ ਸੰਸਾਰ ਦੇ ਮਾਲਕ ਕਹਾਉਂਦੇ ਹੋ, ਮੈਂ ਇਹਨਾਂ ਪੰਜਾਂ ਵਿੱਚ ਫਸ ਕੇ ਕਲਯੁਗ ਦਾ ਵਿਸ਼ਈ ਕਹਾਉਂਦਾ ਹਾਂ। ਹੇ ਪ੍ਰਭੂ ਪ੍ਰਮਾਤਮਾਂ, ਇਹਨਾਂ ਪੰਜਾਂ ਨੇ ਮੇਰੇ ਮਨ ਨੂੰ ਬਹੁਤ ਖਰਾਬ ਕਰ ਦਿੱਤਾ ਹੈ। ਉਸ ਖਰਾਬੀ ਕਾਰਣ ਪਲ-ਪਲ ਆਪ ਜੀ ਨਾਲੋਂ ਹੋਰ ਦੂਰੀ ਪੈ ਰਹੀ ਹੈ। ਮੈਂ ਜਿੱਧਰ-ਜਿੱਧਰ ਵੀ ਨਿਗਾਹ ਮਾਰਦਾ ਹਾਂ, ਹਰ ਪਾਸੇ ਦੁੱਖ ਹੀ ਦੁੱਖ ਮੂੰਹ ਅੱਡੀ ਖੜ੍ਹੇ ਹਨ। ਭਾਵੇਂ ਸਾਰੇ ਧਾਰਮਕ ਗ੍ਰੰਥ ਇਸ ਗੱਲ ਦੀ ਸਾਖੀ ਭਰਦੇ ਹਨ ਕਿ ਦੁੱਖ ਦਾ ਮੂਲ ਕਾਰਣ ਵਿਸ਼ੇ ਵਿਕਾਰ ਹੀ ਹਨ ਪਰ ਮੇਰਾ ਮਨ ਅਜੇ ਵੀ ਪਤੀਜਦਾ ਨਹੀਂ ਅਤੇ ਵਿਸ਼ੇ ਭੋਗਾਂ ਵਲੋਂ ਮੁੜਦਾ ਨਹੀਂ। ਭਾਵੇਂ ਮੇਰਾ ਮਨ ਹਰ ਰੋਜ਼ ਇਹੋ ਜਿਹੇ ਉਪਦੇਸ਼ ਸੁਣਦਾ ਹੈ ਕਿ ਗੋਤਮ ਦੀ ਇਸਤ੍ਰੀ ਅਹਿਲਿਆ, ਉਮਾ (ਪਾਰਬਤੀ) ਦਾ ਪਤੀ ਸ਼ਿਵ ਜੀ, ਹਜ਼ਾਰਾ ਭੋਗਾਂ ਦੇ ਚਿੰਨ੍ਹਾਂ ਵਾਲਾ ਇੰਦ੍ਰ ਇਤਆਦਿ ਸਾਰੇ ਇਹਨਾਂ ਪੰਜਾਂ ਦੇ ਰਾਹੀਂ

ਹੀ ਖੁਆਰ ਹੋਏ ਹਨ। ਇਹ ਸਭ ਕੁਝ ਸੁਣ ਕੇ ਵੀ ਮਨ ਨਿਹਚਾ ਨਹੀਂ ਧਾਰਦਾ। ਸਤਿਗੁਰੂ ਇਹਨਾਂ ਪੰਜਾ ਦੂਤਾਂ ਨੇ ਮੇਰੇ ਮਨ ਨੂੰ ਮਹਾਂ-ਮੂਰਖ ਬਣਾ ਕੇ ਆਤਮਕ ਮੌਤੇ ਮਾਰਿਆ ਹੈ। ਪਰ ਮੇਰਾ ਮਨ ਏਨਾ ਬੇਸ਼ਰਮ ਹੈ, ਅਜੇ ਵੀ ਇਹਨਾਂ ਦੀ ਖੋਟੀ ਸੰਗਤ ਕਰਨੋ ਹਟਦਾ ਨਹੀਂ ਹੈ। ਹੇ ਰਘੁਨਾਥ ਹੇ ਪ੍ਰਭੂ! ਤੁਸੀਂ ਹੀ ਦੱਸੋ ਅਸੀਂ ਕਿੱਥੇ ਜਾਈਏ, ਕਿਸ ਤਰ੍ਹਾਂ ਕਰੀਏ, ਤੁਹਾਥੋਂ ਬਿਨਾਂ ਹੋਰ ਕਿਸ ਦੀ ਸ਼ਰਨ ਲਈਏ। ਤੁਸੀਂ ਹੀ ਇਹਨਾਂ ਦੀ ਮਾਰ ਤੋਂ ਬਚਾਉਣ ਨੂੰ ਸਮਰੱਥ ਹੋ।

ਨਾਥ ਕਛੂਅ ਨ ਜਾਨਉ ॥ ਮਨੁ ਮਾਇਆ ਕੈ ਹਾਥਿ ਬਿਕਾਨਉ ॥ ਰਹਾਉ ॥
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥ ਹਮ ਕਹੀਅਤ ਕਲਿਜੁਗ ਕੇ ਕਾਮੀ ॥
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥ ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ
ਜਤ ਦੇਖਉ ਤਤ ਦੁਖ ਕੀ ਰਾਸੀ ॥ ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ
ਗੋਤਮ ਨਾਰਿ ਉਮਾਪਤਿ ਸ੍ਵਾਮੀ ॥ ਸੀਸੁ ਧਰਨਿ ਸਹਸ ਭਗ ਗਾਂਮੀ
ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥ ਬਡੋ ਨਿਲਾਜੁ ਅਜਹੂ ਨਹੀਂ ਹਾਰਿਓ
ਕਹਿ ਰਵਿਦਾਸ ਕਹਾ ਕੈਸੇ ਕੀਜੈ ॥ ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥

ਜੈਤਸਰੀ ਰਵਿਦਾਸ ਜੀ (ਪੰਨਾ : ੭੧੦)

ਹੇ ਦੀਨਾ ਬੰਧੂ, ਮੈਂ ਕੀ ਜਤਨ ਕਰਾਂ, ਜਿਸ ਜਤਨ ਕਰਨ ਨਾਲ ਮੇਰੇ ਮਨ ਦਾ ਸੰਸਾ ਦੂਰ ਹੋ ਜਾਵੇ ਅਤੇ ਮੈਂ ਸੰਸਾਰ ਸਮੁੰਦਰ ਤੋਂ ਤਰ ਜਾਵਾਂ ਕਿਉਂਕਿ ਮਨੁੱਖਾ ਜਨਮ ਪ੍ਰਾਪਤ ਕਰਕੇ ਮੈਂ ਕੋਈ ਵੀ ਚੰਗਾ ਕਰਮ ਨਹੀਂ ਕੀਤਾ। ਜਿਸ ਕਾਰਨ ਮੈਨੂੰ ਬਹੁਤ ਡਰ ਲੱਗਦਾ ਹੈ। ਮਨ ਕਰਕੇ, ਬਚਨਾਂ ਕਰਕੇ, ਕਰਮਾਂ ਕਰਕੇ, ਮੈਂ ਕਦੇ ਵੀ ਹਰੀ ਦੇ ਗੁਣ ਨਹੀਂ ਗਾਏ ਜਿਸ ਕਰਕੇ ਮੈਨੂੰ ਦਿਨ ਰਾਤ ਚਿੰਤਾ ਲੱਗੀ ਰਹਿੰਦੀ ਹੈ। ਗੁਰੂ ਦੀ ਮੱਤ (ਗੁਰੂ ਦਾ ਉਪਦੇਸ਼) ਸੁਣ ਕੇ ਮੇਰੇ ਅੰਦਰ ਥੋੜ੍ਹਾ ਜਿੰਨਾ ਵੀ ਗਿਆਨ ਪੈਦਾ ਨਹੀਂ ਹੋਇਆ। ਪਸ਼ੂਆਂ ਵਾਂਗ ਪੇਟ ਭਰਨ ਤੱਕ ਹੀ ਸੀਮਤ ਹਾਂ। ਹੇ ਕ੍ਰਿਪਾਲੂ ਪ੍ਰਭੂ ਜੀ, ਜੇ ਤੁਸੀਂ ਆਪਨੇ ਬਿਰਦ (ਸੁਭਾਅ) ਨੂੰ ਪਛਾਣੋ ਤਾਂ ਮੇਰਾ ਉਧਾਰ ਹੋ ਸਕਦਾ ਹੈ। ਮੇਰਾ ਸੁਭਾਅ ਸਦਾ ਭੁੱਲਾਂ ਕਰਨ ਵਾਲਾ ਹੈ। ਤੁਹਾਡਾ ਸੁਭਾਅ ਪਾਪੀਆਂ ਨੂੰ ਤਾਰਨ ਵਾਲਾ ਹੈ :—

"ਹਮਰੋ ਸਹਾਉ ਸਦਾ ਸਦ ਭੂਲਨ ਤੁਮ੍ਰੋ ਬਿਰਦੁ ਪਤਿਤ ਉਧਰਨ ॥"

ਬਿਲਾਵਲੁ ਮ: ੫ (ਪੰਨਾ : ੮੨੮)

ਆਪਨੇ ਬਿਰਦ ਦੀ ਲਾਜ ਰੱਖੋ ਜੀ।

ਹੇ ਸਤਿਗੁਰੂ :—

ਅਬ ਮੈ ਕਉਨੁ ਉਪਾਉ ਕਰਉ ॥
ਜਿਹ ਬਿਧਿ ਮਨ ਕੋ ਸੰਸਾ ਚੂਕੈ, ਭਉ ਨਿਧਿ ਪਾਰ ਪਰਉ ॥ ਰਹਾਉ ॥
ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ ॥
ਮਨ ਬਚ ਕ੍ਰਮ ਹਰਿ ਗੁਨ ਨਹੀਂ ਗਾਏ ਯਹ ਜੀਅ ਸੋਚ ਧਰਉ
ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ
ਕਹੁ ਨਾਨਕ ਪ੍ਰਭ ਬਿਰਦੁ ਪਛਾਨਉ ਤਬ ਹਉ ਪਤਿਤ ਤਰਉ ॥

ਧਨਾਸਰੀ ਮਹਲਾ : ੯ (ਪੰਨਾ : ੬੮੫)

ਹੇ ਮੇਰੇ ਮਾਲਕ ਪ੍ਰਭੂ ਜੀ, ਜੇ ਘਰ-ਬਾਰ ਛੱਡ ਕੇ ਜੰਗਲਾਂ ਵਿੱਚ ਵੀ ਚਲੇ ਜਾਈਏ, ਉੱਥੇ ਵਾਸ਼ਨਾਵਾਂ ਨੂੰ ਮਾਰਨ ਦੀ ਖਾਤਰ ਪੱਤੇ ਤੇ ਜੜ੍ਹਾਂ ਖਾ ਕੇ ਗੁਜਾਰਾ ਕਰੀਏ। ਪਰ ਇਹ ਚੰਦਰਾ ਪਾਪੀ ਮਨ ਉੱਥੇ ਵੀ ਮੰਦ ਵਾਸ਼ਨਾਵਾਂ ਦਾ ਤਿਆਗ ਨਹੀਂ ਕਰਦਾ।

ਹੇ ਪ੍ਰਭੂ ਜੀ, ਮੈਂ ਤੁਹਾਡੀ ਸ਼ਰਨ ਵਿੱਚ ਆਇਆ ਹਾਂ, ਸੰਸਾਰ ਸਮੁੰਦਰ ਚੋਂ ਤਰਨਾ ਬਹੁਤ ਕਠਨ ਹੈ। ਮੈਂ ਕਿਵੇਂ ਇਹਨਾਂ ਤੋਂ ਛੁਟਕਾਰਾ ਪਾਵਾਂ। ਇਹਨਾਂ ਪੰਜਾਂ ਵਿਸ਼ੇ-ਵਿਕਾਰਾਂ ਦੇ ਚਸਕੇ ਮੈਥੋਂ ਛੱਡੇ ਨਹੀਂ ਜਾਂਦੇ। ਅਨੇਕਾਂ ਜਤਨ ਕਰਕੇ ਇਹਨਾਂ ਵਿਸ਼ੇ-ਵਾਸ਼ਨਾਵਾਂ ਵਲੋਂ ਮਨ ਨੂੰ ਰੋਕਦਾ ਹਾਂ। ਇਹ ਮੇਰਾ ਅਵੈੜਾ ਮਨ, ਉਹਨਾਂ ਵਿਸ਼ਿਆਂ ਦੀਆਂ ਵਾਸ਼ਨਾਵਾਂ ਵਿੱਚ ਜਾ ਖੱਚਤ ਹੁੰਦਾ ਹੈ। ਪਾਤਸ਼ਾਹ, ਜੁਆਨੀ ਬਤੀਤ ਹੋ ਗਈ ਹੈ। ਬੁਢੇਪਾ ਆ ਗਿਆ ਹੈ। ਇੰਨੇ ਸਮੇਂ ਵਿੱਚ ਮੈਂ ਕੋਈ ਚੰਗਾ ਕੰਮ ਨਹੀਂ ਕੀਤਾ। ਆਪ ਨੇ ਬੜਾ ਅਮੋਲਕ ਕੀਮਤੀ ਮਨੁੱਖਾ ਜਨਮ ਬਖਸ਼ਸ਼ ਕੀਤਾ ਸੀ। ਪਰ ਮੈਂ ਮਾਇਆ ਦੀਆਂ ਕੌਡੀਆਂ ਵਿੱਚ ਲੱਗ ਕੇ ਇਸ ਨੂੰ ਕੱਖਾਂ ਦੇ ਬਰਾਬਰ ਕਰ ਲਿਆ ਹੈ। ਹੇ ਮੇਰੇ ਪ੍ਰਭੂ! ਤੂੰ ਸਰਬ ਬਿਆਪੀ ਹੈਂ। ਤੁਹਾਡੇ ਵਰਗਾ ਕੋਈ ਦਿਆਲੂ ਨਹੀਂ ਹੈ ਤੇ ਮੇਰੇ ਵਰਗਾ ਸੰਸਾਰ ਵਿੱਚ ਕੋਈ ਪਾਪੀ ਨਹੀਂ ਹੈ। ਮੇਰੀ ਬਹੁੜੀ ਕਰਕੇ ਮੈਨੂੰ ਇਹਨਾਂ ਵਿਕਾਰਾਂ ਤੋਂ ਬਚਾ ਲਵੋ ਜੀ :—

ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥
ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥
ਕਿਉ ਛੂਟਉ ਕੈਸੇ ਤਰਉ ਭਵਜਲ ਨਿਧਿ ਭਾਰੀ ॥

ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮ੍ਾਰੀ॥ ਰਹਾਉ॥
ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ
ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ॥
ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ
ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ
ਕਹੁ ਕਬੀਰ ਮੇਰੇ ਮਾਧਵਾ ਤੂ ਸਰਬ ਬਿਆਪੀ॥
ਤੁਮ ਸਮਸਰਿ ਨਾਹੀ ਦਇਆਲੁ ਮੋਹਿ ਸਮਸਰਿ ਪਾਪੀ॥

ਬਿਲਾਵਲੁ ਕਬੀਰ ਜੀ (ਪੰਨਾ : ੮੫੫-੫੬)

ਹੇ ਅਗਿਆਨਤਾ ਦੇ ਅੰਧਕਾਰ ਨੂੰ ਦੂਰ ਕਰਨ ਵਾਲੇ, ਹੇ ਦਇਆ ਦੇ ਸੋਮੇਂ, ਹੇ ਜੀਵਾਂ ਦੀ ਪਾਲਣਾ ਕਰਨ ਵਾਲੇ, ਪ੍ਰਭੂ ਪ੍ਰਮੇਸ਼ਰ ਜੀਉ!

ਪ੍ਰਾਣਾਂ ਦੇ ਆਧਾਰ, ਅਨਾਥਾਂ ਨੂੰ ਆਸਰਾ ਦੇਣ ਵਾਲੇ, ਗਰੀਬਾਂ ਆਜਜ਼ਾਂ ਦੇ ਦੁੱਖ ਦੂਰ ਕ਼ਰਨ ਵਾਲੇ, ਹੇ ਸਭ ਤਾਕਤਾਂ ਦੇ ਮਾਲਕ ਸੁਆਮੀ ਜੀਉ। ਤੁਸੀਂ ਸਰਬ ਬਿਆਪਕ ਹੋ, ਬੁਧੀ ਦੀ ਪਹੁੰਚ ਤੋਂ ਪਰੇ ਹੋ। ਮੇਰੀ ਤੁਹਾਡੇ ਚਰਨਾਂ ਵਿੱਚ ਅਰਦਾਸ ਬੇਨਤੀ ਹੈ, ਮੇਰੇ ਤੇ ਮਿਹਰ ਕਰੋ ਜੀ।

ਇਹ ਸੰਸਾਰ ਜਿਸ ਵਿੱਚ ਅਸੀਂ ਵਿਚਰ ਰਹੇ ਹਾਂ, ਜਿਸ ਵਿੱਚ ਸਾਨੂੰ ਨਿਵਾਸ ਮਿਲਿਆ ਹੈ, ਇਹ ਬਹੁਤ ਭਿਆਨਕ ਡਰਾਉਣਾ ਖੂਹ ਹੈ। ਜਿੱਧਰ ਦੇਖਦਾ ਹਾਂ "ਤਮ ਸੰਸਾਰ ਹੀ ਹੈ" ਸਭ ਪਾਸੇ ਅਗਿਆਨਤਾ ਦਾ ਅੰਧਕਾਰ ਪਸਰਿਆ ਹੋਇਆ ਹੈ। ਆਪਣੀ ਮਿਹਰ ਕਰਕੇ ਮੇਰਾ ਇਸ ਸੰਸਾਰ ਚੋਂ ਨਿਸਤਾਰਾ ਕਰ ਦਿਉ ਜੀ :—

ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ॥ ਰਹਾਉ॥
ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ॥
ਹੇ ਸਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ
ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ

ਮਲਾਰ ਮਃ ੫ (ਪੰਨਾ : ੧੨੭੩)

ਜੇ ਕਿਤੇ ਪੰਜਵੇਂ ਪਾਤਸ਼ਾਹ ਜੀ ਦੇ ਹੇਠ ਲਿਖੇ ਕਥਨ ਅਨੁਸਾਰ, ਸਾਡੀ ਆਤਮਕ ਦਸ਼ਾ ਬਣ ਜਾਵੇ, ਅਸੀਂ ਅੰਦਰਹੁ ਪੁਕਾਰ ਕੇ, ਘਿਗਿਆ ਕੇ ਗੁਰੂ ਦੇ ਚਰਨਾਂ ਤੇ ਡਿੱਗ ਪਈਏ ਤੇ ਪੁਕਾਰੀਏ ਪਾਤਸ਼ਾਹ ਹੁਣ ਮੈਂ :—

ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥

ਸਵੀਆ ਪਾ : ੧੦

ਹੇ ਕ੍ਰਿਪਾਲੂ, ਦਿਆਲੂ ਪਿਤਾ, ਮੈਂ ਤੇਰੇ ਦਰ ਤੇ ਆ ਡਿਗਿਆ ਹਾਂ। ਮੈਨੂੰ ਆਪਣੇ ਚਰਨਾਂ ਨਾਲ ਜੋੜ ਲਵੋ ਜੀ।

ਦੀਨਾਂ ਉੱਤੇ ਦਇਆ ਕਰਨ ਵਾਲੇ, ਮੇਰੀ ਇਹਨਾਂ ਮਾਇਆ ਦੇ ਦੂਤਾਂ ਤੋਂ ਰੱਖਿਆ ਕਰੋ ਜੀ। ਮੈਂ ਬਹੁਤ ਜੂਨਾਂ ਵਿਚੋਂ ਦੀ ਭਟਕਦਾ ਆਇਆ ਹਾਂ ਤੇ ਹੁਣ ਇਸ ਜਨਮ ਵਿੱਚ ਵੀ ਅਨੇਕਾਂ ਥਾਵਾਂ ਤੇ ਭਟਕਦਾ, ਆਪ ਦੇ ਦਰ ਤੇ ਆ ਪੁੱਜਾ ਹਾਂ। ਭਗਤਾਂ ਨੂੰ ਪਿਆਰ ਕਰਨ ਵਾਲਾ ਤੇ ਪਤਿਤਾਂ ਦਾ ਉਧਾਰ ਕਰਨ ਵਾਲਾ, ਆਪ ਜੀ ਦਾ ਮੁੱਢ ਤੋਂ ਸੁਭਾਅ ਚਲਿਆ ਆਇਆ ਹੈ। ਹੇ ਵਾਹਿਗੁਰੂ, ਆਪ ਜੀ ਤੋਂ ਬਿਨਾਂ ਹੋਰ ਕੋਈ ਵੀ ਮੇਰੀ ਇਸ ਅਰਦਾਸ ਨੂੰ ਪੂਰਾ ਨਹੀਂ ਕਰ ਸਕਦਾ।

ਹੇ ਪ੍ਰਭੂ ਜੀ ! ਮੇਰਾ ਹੱਥ ਫੜ ਕੇ ਮੈਨੂੰ ਇਸ ਸੰਸਾਰ ਸਮੁੰਦਰ ਚੋਂ ਕੱਢ ਲਵੋ ਜੀ, ਕ੍ਰਿਪਾ ਕਰੋ ਜੀ :—

ਮੇਲਿ ਲੇਹੁ ਦਇਆਲ ਢਹਿ ਪਏ ਦੁਆਰਿਆ॥
ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ॥
ਭਗਤਿ ਵਛਲੁ ਤੇਰਾ ਬਿਰਦੁ ਹਰਿ ਪਤਿਤ ਉਧਾਰਿਆ॥
ਤੁਝ ਬਿਨੁ ਨਾਹੀ ਕੋਇ ਬਿਨਉ ਮੋਹਿ ਸਾਰਿਆ॥
ਕਰੁ ਗਹਿ ਲੇਹੁ ਦਇਆਲ ਸਾਗਰ ਸੰਸਾਰਿਆ॥ ੧੬॥

ਜੈਤਸਰੀ ਮਃ ੫ (ਪੰਨਾ : ੭੦੯)

ਸਾਡੇ ਮਨ ਦੀ ਇਹੋ ਜਿਹੀ ਨਿਮਰਤਾ ਵਾਲੀ ਦਸ਼ਾ ਬਣਦੀ ਨਹੀਂ, ਜਿਹੋ ਜਿਹੀ ਕਿ ਸਤਿਗੁਰੂ ਜੀ ਸਾਡੀ ਬਣਾਉਣੀ ਚਾਹੁੰਦੇ ਹਨ। ਜੇ ਕਿਤੇ ਗੁਰੂ ਮਿਹਰ ਤੇ ਗੁਰੂ ਅਗਵਾਈ ਵਿੱਚ ਸਾਡੀ ਬਿਰਤੀ ਇਹੋ ਜਿਹੀ ਬਣ ਜਾਵੇ ਤੇ ਧੁਰ ਅੰਦਰੋ ਜੀਵ ਆਤਮਾਂ ਗੁਰੂ ਅੱਗੇ ਆਪਾ ਸਮਰਪਤ ਕਰਕੇ ਪੁਕਾਰ ਕੇ ਅਰਦਾਸ ਕਰ ਦੇਵੇ ਕਿ ਹੇ ਦਾਤਾ ਮੈਂ ਦੁਰਜਨ ਹਾਂ, ਮੈਂ ਕਠੋਰ ਚਿੱਤ ਹਾਂ, ਮੈਂ ਹਮੇਸ਼ਾ ਮੰਦੇ ਕੰਮਾਂ ਵਿੱਚ ਦਿਨ ਰਾਤ ਗਲਤਾਨ ਰਹਿੰਦਾ ਹਾਂ। ਮੈਂ ਮੂਰਖਾਂ ਦਾ ਵੀ ਮਹਾਂ-ਮੂਰਖ ਹਾਂ। ਦੂਸਰੇ ਮੇਰਾ ਸਰੀਰ ਵੀ ਸਦਾ ਰਹਿਣੇ ਵਾਲਾ ਨਹੀਂ। ਤੀਸਰੇ ਮੈਂ ਪ੍ਰਬਲ ਮੋਹ ਦੇ ਜਾਲ ਵਿੱਚ ਜਕੜਿਆ ਹੋਇਆ ਹਾਂ। ਇਸ ਮੋਹ ਦੇ ਪ੍ਰਭਾਵ ਕਾਰਣ ਮੈਂ ਸਦਾ ਭਟਕਦਾ ਰਹਿੰਦਾ ਹਾਂ। ਕਦੇ ਵੀ

ਆਪਣੇ ਘਰ ਵਿੱਚ ਟਿਕ ਕੇ ਬਹਿੰਦਾ ਨਹੀਂ, ਪਾਰਾਵਾਰ ਤੋਂ ਪਰੇ ਪ੍ਰਮਾਤਮਾਂ ਤਾਂ ਮੈਂ ਜਾਨਣਾ ਹੀ ਕੀਹ ਹੈ? (ਭਾਵ ਪ੍ਰਮਾਤਮਾਂ ਦੀ ਭੋਰਾ ਜਿੰਨੀ ਵੀ ਮੈਨੂੰ ਸਾਰ ਨਹੀਂ)।

ਚੌਥੇ ਥੋੜ ਚਿਰੀ ਜੁਆਨੀ, ਸੁੰਦਰਤਾ ਤੇ ਮਾਇਆ ਦੇ ਅਹੰਕਾਰ ਵਿੱਚ ਮਸਤ ਹਾਂ। ਆਪਣੇ ਆਪੇ ਨੂੰ ਭੁਲਾ ਕੇ ਵਿਆਕੁਲ ਹੋਇਆ ਬੜੇ ਅਹੰਕਾਰ ਵਿੱਚ ਵਿਚਰ ਰਿਹਾ ਹਾਂ। ਪੰਜਵੇਂ ਮੇਰਾ ਧਿਆਨ ਹਰ ਸਮੇਂ ਪਰਾਏ ਧਨ, ਪਰਾਏ ਤਨ, ਪਰਾਈ ਬਖੀਲੀ, ਪਰਾਏ ਝਗੜੇ, ਪਰਾਈ ਨਿੰਦਿਆ ਵੱਲ ਰਹਿੰਦਾ ਹੈ ਅਤੇ ਇਹ ਅਉਗਣ ਮੈਨੂੰ ਚੰਗੇ ਮਿੱਠੇ ਲੱਗਦੇ ਹਨ। ਛੇਵੇਂ ਹੇ ਅਕਾਲ ਪੁਰਖ ਵਾਹਿਗੁਰੂ ਅੰਤਰਯਾਮੀ ਜੀ, ਭਾਵੇਂ ਤੁਸੀਂ ਮੇਰੇ ਅੰਦਰ ਦੇ ਫੁਰਨਿਆਂ ਨੂੰ ਜਾਣਦੇ ਹੋ ਤੇ ਮੇਰੇ ਸਾਰੇ ਕਰਮਾਂ ਨੂੰ ਵੇਖਦੇ ਹੋ ਪਰ ਫਿਰ ਵੀ ਮੈਂ ਲੁਕ-ਲੁਕ ਕੇ ਠਗੀਆਂ ਕਰਨ ਦੇ ਯਤਨ ਕਰਦਾ ਹਾਂ। ਹੇ ਗਰੀਬ ਨਿਵਾਜ਼, ਨਾ ਮੇਰਾ ਸ਼ਰਾਫਤ ਵਾਲਾ ਸੁਭਾਉ ਹੈ, ਨਾ ਮੈਂ ਧਰਮੀ ਹਾਂ, ਨ ਕੋਈ ਸੁੱਚ ਸੰਜਮ ਦਾ ਧਾਰਨੀ ਹਾਂ, ਨ ਮੇਰੇ ਵਿੱਚ ਦਇਆ ਦਾ ਗੁਣ ਹੈ। ਹੇ ਜੀਅ ਦਾਨ ਦੇਣ ਵਾਲੇ ਸੁਆਮੀ-ਮਾਲਕ ਜੀ, ਮੈਂ ਤੁਹਾਡੀ ਸ਼ਰਨ ਵਿੱਚ ਆਇਆ ਹਾਂ। ਤੁਸੀਂ ਸਰਬ ਕਲਾ ਸਮਰੱਥ ਹੋ। ਸਾਰੇ ਕਾਰਣਾਂ ਦੇ ਕਰਣ ਵਾਲੇ ਹੋ। ਤੁਸੀਂ ਸਾਰੀ ਮਾਇਆ ਦੇ ਮਾਲਕ ਹੋ। ਮੇਰੀ ਹਰ ਤਰ੍ਹਾਂ ਦੇ ਨਾਲ ਰੱਖਿਆ ਕਰੋ ਜੀ।

ਕਾਚੀ ਦੇਹ ਮੋਹ ਫੁਨਿ ਬਾਂਧੀ ਸਠ ਕਠੋਰ ਕੁਚੀਲ ਕੁਗਿਆਨੀ॥
ਧਾਵਤ ਭ੍ਰਮਤ ਰਹਨੁ ਨਹੀ ਪਾਵਤ ਪਾਰਬ੍ਰਹਮ ਕੀ ਗਤਿ ਨਹੀ ਜਾਨੀ॥
ਜੋਬਨ ਰੂਪ ਮਾਇਆ ਮਦ ਮਾਤਾ ਬਿਚਰਤ ਬਿਕਲ ਬਡੌ ਅਭਿਮਾਨੀ॥
ਪਰ ਧਨ ਪਰ ਅਪਵਾਦ ਨਾਰਿ ਨਿੰਦਾ ਯਹ ਮੀਠੀ ਜੀਅ ਮਾਹਿ ਹਿਤਾਨੀ॥
ਬਲਬੰਚ ਛਪਿ ਕਰਤ ਉਪਾਵਾ ਪੇਖਤ ਸੁਨਤ ਪ੍ਰਭ ਅੰਤਰਜਾਮੀ॥
ਸੀਲ ਧਰਮ ਦਯਾ ਸੁਚ ਨਾਸ੍ਤਿ ਆਇਓ ਸਰਨਿ ਜੀਅ ਕੇ ਦਾਨੀ॥
ਕਾਰਣ ਕਰਣ ਸਮਰਥ ਸਿਰੀਧਰ ਰਾਖਿ ਲੇਹੁ ਨਾਨਕ ਕੇ ਸੁਆਮੀ॥੧॥

ਸਵਯੇ ਸ੍ਰੀ ਮੁਖਬਾਕ੍ਯ ਮ: ੫ (ਪੰਨਾ : ੧੩੮੭)

ਹੇ ਪ੍ਰਭੂ, ਮੈਂ ਤੁਹਾਡੇ ਚਰਨਾਂ ਵਿੱਚ ਆਪਣੀਆਂ ਸਾਰੀਆਂ ਕਮਜ਼ੋਰੀਆਂ ਆਪਣੇ ਸਾਰੇ ਅਵਗੁਣ ਬਿਆਨ ਕਰ ਦਿੱਤੇ ਹਨ। ਇੰਨੇ ਹੀ ਨਹੀਂ, "ਮੈਂ ਅਵਗੁਣ ਭਰਪੂਰ ਸਰੀਰੇ" ਵਾਲੀ ਦਸ਼ਾ ਮੇਰੇ ਨਾਲ ਵਾਪਰੀ ਹੋਈ ਹੈ।

ਇਸ ਲਈ ਹੇ ਪ੍ਰਭੂ, ਤੁਸੀਂ ਮੈਨੂੰ ਬਚਾ ਲਵੋ ਜੀ, ਮੈਨੂੰ ਬਚਾ ਲਵੋ ਜੀ, ਇਹਨਾਂ ਵਿਕਾਰਾਂ ਤੋਂ ਬਚਣ ਲਈ ਮੇਰੇ ਪਾਸੋਂ ਆਪ ਕੋਈ ਉਪਰਾਲਾ ਨਹੀਂ ਹੋ ਸਕਦਾ। ਆਪ ਮਿਹਰ ਕਰਕੇ, ਆਪਣੇ ਨਾਮ ਦੀ ਦਾਤ ਬਖਸ਼ਸ਼ ਕਰ ਦੇਵੋ ਜੀ। ਇਹ ਪਰਿਵਾਰ ਅਤੇ

ਸੰਸਾਰ ਅੱਗ ਦਾ ਸਮੁੰਦਰ ਹੈ। ਇਸ ਸੰਸਾਰ ਵਿੱਚ ਭਰਮ, ਮੋਹ ਅਤੇ ਅਗਿਆਨ ਦਾ ਹਨੇਰਾ ਹੀ ਹਨੇਰਾ ਹੈ। ਸੰਸਾਰ ਵਿੱਚ ਵਿਚਰਦਿਆਂ ਉੱਚੇ ਨੀਵੇਂ ਦੀ ਬਿਰਤੀ ਬਣੀ ਰਹਿੰਦੀ ਹੈ। ਕਦੇ ਸੁੱਖ ਕਦੇ ਦੁੱਖ ਆ ਬਿਆਪਦੇ ਹਨ। ਤ੍ਰਿਸ਼ਨਾ ਦੀ ਅਗਨੀ (ਭੁੱਖ) ਕਦੇ ਸ਼ਾਂਤ ਨਹੀਂ ਹੁੰਦੀ, ਜਿਸ ਕਾਰਨ ਮਨੁੱਖ ਨੂੰ ਕਦੇ ਤ੍ਰਿਪਤੀ ਨਹੀਂ ਹੁੰਦੀ। ਮਨ ਹਮੇਸ਼ਾ ਵਾਸ਼ਨਾਵਾਂ ਨਾਲ ਭਰਿਆ ਰਹਿੰਦਾ ਹੈ, ਜਿਸ ਕਾਰਣ ਵਿਸ਼ੇ ਵਿਕਾਰਾਂ ਦੀ ਜ਼ਹਿਰੀਲੀ ਬਿਮਾਰੀ ਮਨ ਨੂੰ ਚਿੰਬੜ ਗਈ ਹੈ। ਇਸ ਤੋਂ ਇਲਾਵਾ ਪੰਜ (ਕਾਮ ਆਦਿ) ਨ ਕਾਬੂ ਆਉਣ ਵਾਲੇ ਅਸਾਧ ਮਾਇਆ ਦੇ ਦੂਤ ਵੀ ਜੀਵ ਦਾ ਖਹਿੜਾ ਨਹੀਂ ਛੱਡਦੇ। ਇਸ ਲਈ ਹੇ ਵਾਹਿਗੁਰੂ, ਇਹ ਸਾਰੇ ਜੀਵ, ਇਹ ਸਾਰਾ ਸੰਸਾਰ, ਜੀਵ-ਆਤਮਾਂ, ਧਨ-ਪਦਾਰਥ, ਆਪ ਜੀ ਦਾ ਹੀ ਹੈ। ਆਪ ਜੀ ਫੁਰਮਾਨ ਕਰਦੇ ਹੋ ਕਿ ਪ੍ਰਮਾਤਮਾਂ ਨੂੰ ਅੰਗ ਸੰਗ ਅਤੇ ਆਪਣੇ ਨੇੜੇ ਸਮਝ, ਪਰ ਮੈਂ ਮੂਰਖ ਸਭ ਕੁਝ ਇਸਦੇ ਉਲਟ ਕਰਦਾ ਹਾਂ। ਇਸ ਲਈ ਹੇ ਪ੍ਰਭੂ :—

ਹਾ ਹਾ ਪ੍ਰਭ ਰਾਖਿ ਲੇਹੁ॥
ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ ਕਰਿ ਕਿਰਪਾ ਅਪੁਨਾ ਨਾਮੁ ਦੇਹੁ॥ ਰਹਾਉ॥
ਅਗਨਿ ਕੁਟੰਬ ਸਾਗਰ ਸੰਸਾਰ॥ ਭਰਮ ਮੋਹ ਅਗਿਆਨ ਅੰਧਾਰ॥੧॥
ਊਚ ਨੀਚ ਸੂਖ ਦੂਖ॥ ਧ੍ਰਾਪਸਿ ਨਾਹੀ ਤ੍ਰਿਸਨਾ ਭੂਖ॥੨॥
ਮਨਿ ਬਾਸਨਾ ਰਚਿ ਬਿਖੈ ਬਿਆਧਿ॥ ਪੰਚ ਦੂਤ ਸੰਗਿ ਮਹਾ ਅਸਾਧ॥੩॥
ਜੀਅ ਜਹਾਨੁ ਪ੍ਰਾਨ ਧਨੁ ਤੇਰਾ॥ ਨਾਨਕ ਜਾਨੁ ਸਦਾ ਹਰਿ ਨੇਰਾ॥੪॥੧॥੧੯॥

ਰਾਗੁ ਧਨਾਸਰੀ ਮ: ੫ (ਪੰਨਾ : ੬੭੫)

ਹੇ ਦੀਨਾ ਨਾਥ, ਮੇਰੇ ਕਰਮ ਅਤੇ ਮੇਰੀ ਦਸ਼ਾ ਤਾਂ ਇਹੋ ਜਿਹੀ ਹੈ। ਜੋ ਫਜ਼ੂਲ ਕੰਮ ਆਖ਼ਰ ਇਥੇ ਹੀ ਛਡ ਜਾਣੇ ਹਨ ਤੇ ਉਹ ਨਿਕੰਮੇ ਝਗੜੇ (ਜੰਜਾਲ) ਜਿਹੜੇ ਕਿਸੇ ਕੰਮ ਨਹੀਂ ਆਉਣੇ ਅਤੇ ਨਾ ਹੀ ਉਹਨਾਂ ਨੇ ਆਤਮਾ ਦੇ ਨਾਲ ਸਾਥ ਦੇਣਾ ਹੈ, ਉਹਨਾਂ ਨਾਲ ਮੈਂ ਪਿਆਰ ਪਾਈ ਬੈਠਾ ਹਾਂ। ਜੋ ਕਾਮ-ਕਰੋਧ ਆਦਿ ਮੇਰੇ ਵੈਰੀ ਹਨ, ਉਹਨਾਂ ਨਾਲ ਮਿੱਤ੍ਰਤਾ ਬਣਾਈ ਹੋਈ ਹੈ। ਇਸ ਸੰਸਾਰ ਵਿੱਚ ਇਸ ਤਰ੍ਹਾਂ ਦੇ ਭਰਮ ਭੁਲੇਖੇ ਵਿੱਚ ਪੈ ਕੇ ਮਨੁੱਖਾ ਜਨਮ ਨੂੰ ਮੈਂ ਵਿਅਰਥ ਗੁਆ ਰਿਹਾ ਹਾਂ। ਸੱਚ ਅਤੇ ਧਰਮ ਨੂੰ ਮੂਲੋਂ ਹੀ ਵੇਖਣਾ ਪਸੰਦ ਨਹੀਂ ਕਰਦਾ। ਝੂਠ ਬੋਲਣਾ ਤੇ ਠੱਗੀ ਕਰਨੀ ਮਿੱਠੀ ਲੱਗਦੀ ਹੈ। ਉਸ ਦਾਤੇ ਦੀਆਂ ਦਿੱਤੀਆਂ ਦਾਤਾਂ ਤਾਂ ਚੰਗੀਆਂ ਲਗਦੀਆਂ ਹਨ, ਪਰ ਦਾਤਾਂ ਦੇਣ ਵਾਲਾ ਦਾਤਾ ਭੁੱਲ ਗਿਆ ਹੈ। ਸੰਸਾਰ ਦੇ ਮੋਹ ਵਿੱਚ ਏਨਾਂ ਖਚਤ ਹਾਂ ਕਿ ਇੱਥੋਂ ਕੂਚ ਕਰਨਾ ਹੀ ਭੁੱਲ ਚੁੱਕਾ ਹਾਂ।

ਜੋ ਚੀਜ਼ ਆਪਣੀ ਨਹੀਂ ਹੈ, ਉਸ ਦੀ ਪ੍ਰਾਪਤੀ ਲਈ ਨਿੱਤ ਹੀ ਤਰਲੇ ਲੈਂਦਾ ਹਾਂ। ਜੋ ਕੰਮ ਆਉਣ ਵਾਲਾ ਅਸਲੀ ਕਰਮ ਧਰਮ ਹੈ, ਉਸ ਨੂੰ ਮੂਲੋਂ ਹੀ ਭੁਲਾ ਦਿੱਤਾ ਹੈ। ਪਰਮਾਤਮਾਂ ਦੇ ਹੁਕਮ ਦੀ ਭੋਰਾ ਜਿੰਨੀ ਸੋਝੀ ਨਹੀਂ ਜਿਸ ਕਾਰਣ ਆਵਾਗਵਣ ਦਾ ਚੱਕਰ ਗਲ ਪਿਆ ਰਹਿੰਦਾ ਹੈ। ਅਗਿਆਨਤਾ ਵਿੱਚ ਦਿਨ ਰਾਤ ਪਾਪ ਕਰਦਾ ਹਾਂ। ਅਖੀਰ ਪੱਲੇ ਪਛਤਾਵਾ ਹੀ ਪੈਂਦਾ ਹੈ।

ਹੇ ਪ੍ਰਭੂ ਮੇਰੇ ਵੱਸ ਦੀ ਗੱਲ ਨਹੀਂ। ਜੋ ਤੈਨੂੰ ਭਾਉਂਦਾ ਹੈ, ਮੈਨੂੰ ਉਹ ਹੀ ਪਰਵਾਨ ਹੈ। ਮੈਂ ਤੇਰੇ ਭਾਣੇ (ਹੁਕਮ) ਤੋਂ ਕੁਰਬਾਨ ਜਾਂਦਾ ਹਾਂ। ਮੇਰੀ ਜੋ ਦਸ਼ਾ ਹੈ ਆਪ ਹੀ ਦੇ ਸਾਹਮਣੇ ਹੈ। ਮੈਂ ਗਰੀਬ ਬੰਦਾ ਤੇਰਾ ਹਾਂ, ਤੇਰਾ ਹਾਂ, ਤੂ ਮੇਰਾ ਮਾਲਕ ਹੈ, ਮੈਨੂੰ ਰੱਖ ਲੈ, ਮੈਨੂੰ ਰੱਖ ਲੈ :—

ਛੋਡਿ ਜਾਹਿ ਸੇ ਕਰਹਿ ਪਰਾਲ॥ ਕਾਮਿ ਨ ਆਵਹਿ ਸੇ ਜੰਜਾਲ॥

ਸੰਗਿ ਨ ਚਾਲਹਿ ਤਿਨ ਸਿਉ ਹੀਤ॥ ਜੋ ਬੈਰਾਈ ਸੇਈ ਮੀਤ॥੧॥

ਐਸੇ ਭਰਮਿ ਭੁਲੇ ਸੰਸਾਰਾ॥ ਜਨਮੁ ਪਦਾਰਥੁ ਖੋਇ ਗਵਾਰਾ॥ਰਹਾਉ॥

ਸਾਚੁ ਧਰਮੁ ਨਹੀ ਭਾਵੈ ਡੀਠਾ॥ ਝੂਠ ਧੋਹ ਸਿਉ ਰਚਿਓ ਮੀਠਾ॥

ਦਾਤਿ ਪਿਆਰੀ ਵਿਸਰਿਆ ਦਾਤਾਰਾ॥ ਜਾਣੈ ਨਾਹੀ ਮਰਣੁ ਵਿਚਾਰਾ॥੨॥

ਵਸਤੁ ਪਰਾਈ ਕਉ ਉਠਿ ਰੋਵੈ॥ ਕਰਮ ਧਰਮ ਸਗਲਾ ਈ ਖੋਵੈ॥

ਹੁਕਮੁ ਨ ਬੂਝੈ ਆਵਣ ਜਾਣੇ॥ ਪਾਪ ਕਰੈ ਤ ਪਛੋਤਾਣੇ॥੩॥

ਜੋ ਤੁਧੁ ਭਾਵੈ ਸੋ ਪਰਵਾਣੁ॥ ਤੇਰੇ ਭਾਣੇ ਨੋ ਕੁਰਬਾਣੁ॥

ਨਾਨਕੁ ਗਰੀਬੁ ਬੰਦਾ ਜਨੁ ਤੇਰਾ॥ ਰਾਖਿ ਲੇਇ ਸਾਹਿਬੁ ਪ੍ਰਭੁ ਮੇਰਾ॥੪॥੨॥੨੨॥

ਧਨਾਸਰੀ ਮਹਲਾ : ੫ (ਪੰਨਾ : ੬੭੬)

ਹੇ ਦਾਤਾ, ਨਾ ਮੈਂ ਕੋਈ ਜਪ ਹੀ ਕੀਤਾ ਹੈ, ਨਾ ਤਪ ਸਾਧਨਾ, ਨਾ ਵਿਸ਼ੇ ਵਿਕਾਰਾਂ ਵਲੋਂ ਸੰਜਮ ਧਾਰਨ ਕੀਤਾ ਹੈ, ਨਾ ਹੀ ਧਰਮ ਦੀ ਕਮਾਈ ਕੀਤੀ ਹੈ। ਦਾਤਾ, ਹੇ ਹਰੀ ਰਾਇਆ! ਸਾਧ ਸੰਗਤ ਦੀ ਸੇਵਾ ਵੀ ਮੈਂ ਨਹੀਂ ਕਰ ਸਕਿਆ। ਮੇਰੇ ਸਾਰੇ ਕਰਮ ਨੀਚਤਾ ਵਾਲੇ ਹੀ ਹਨ। ਮੈਂ ਤੁਹਾਡੀ ਸ਼ਰਣ ਵਿੱਚ ਆ ਪਿਆ ਹਾਂ। ਤੁਸੀਂ ਆਪਣੇ ਬਿਰਦ ਦੇ ਸਦਕੇ ਮੇਰੀ ਵੀ ਲੱਜ ਪੱਤ ਰੱਖੋ ਜੀ।

ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥

ਸੇਵਾ ਸਾਧ ਨ ਜਾਨਿਆ ਹਰਿ ਰਾਇਆ॥

ਕਹੁ ਨਾਨਕ ਹਮ ਨੀਚ ਕਰੰਮਾ॥

ਸਰਣਿ ਪਰੇ ਕੀ ਰਾਖਹੁ ਸਰਮਾ॥

ਆਸਾ ਮ: ੫ (ਪੰਨਾ :੧੨)

ਤਥਾ :— ਸਰਨਿ ਪਰੇ ਕੀ ਰਾਖੁ ਦਇਆਲਾ॥

ਨਾਨਕ ਤੁਮਰੇ ਬਾਲ ਗੁਪਾਲਾ॥

ਬਾਵਨ ਅਖਰੀ ਮ: ੫ (ਪੰਨਾ : ੨੬੦)

ਅਖੀਰ ਵਿੱਚ ਦਾਤਾ ਜੀ ਬੇਨਤੀ ਹੈ ਕਿ ਜੇ ਕਿਤੇ ਮੇਰੇ ਮਾੜੇ ਚੰਗੇ ਕਰਮਾਂ ਦਾ ਹਿਸਾਬ ਕਿਤਾਬ ਤੁਸੀਂ ਕਰਨ ਲੱਗ ਪਏ ਤਾਂ ਫਿਰ ਮੇਰੇ ਛੁਟਕਾਰੇ ਦੀ ਕੋਈ ਆਸ ਨਹੀਂ ਕਿਉਂਕਿ ਪੈਰ ਪੈਰ ਤੇ ਖਿਨ-ਖਿਨ ਵਿੱਚ ਪਤਾ ਨਹੀਂ ਕਿੰਨੀਆਂ ਕੁ ਗਲਤੀਆਂ ਹੋ ਜਾਂਦੀਆਂ ਹਨ।

ਬਖਸ਼ੰਦ ਪਿਤਾ ਜੀ, ਆਪਣੀ ਬਖਸ਼ਿਸ਼ ਕਰਕੇ ਸਾਨੂੰ ਸੰਸਾਰ ਸਮੁੰਦਰ ਤੋਂ ਪਾਰ ਕਰ ਦੇਵੋ ਜੀ।

ਮੈਂ ਤਾਂ ਲੂਣ ਹਰਾਮੀ, ਪਾਪੀ, ਓਪਰਾ, ਤੁੱਛ ਬੁੱਧੀ ਵਾਲਾ ਹਾਂ। ਜਿਸ ਪ੍ਰਮੇਸ਼ਰ ਜੀ ਨੇ ਮੈਨੂੰ ਸਰੀਰ, ਜੀਵ-ਆਤਮਾਂ (ਜਿੰਦ) ਤੇ ਅਨੇਕਾਂ ਸੁੱਖ ਦਿੱਤੇ ਹਨ, ਉਸ ਤੱਤ (ਸਰੂਪ) ਨੂੰ ਜਾਣਦਾ ਹੀ ਨਹੀਂ। ਜੋ ਤੁਹਾਥੋਂ ਭੁਲਾਣ ਵਾਲੀ ਮਾਇਆ ਹੈ, ਉਸਨੂੰ ਪ੍ਰਾਪਤ ਕਰਨ ਲਈ ਦਸੋ-ਦਿਸ਼ਾ ਵਿੱਚ ਭਟਕਦਾ ਹਾਂ। ਜੋ ਦੇਣ ਵਾਲਾ ਦਾਤਾ ਹੈ, ਉਸ ਨੂੰ ਭੋਰਾ ਜਿੰਨਾ ਵੀ ਮਨ ਵਿੱਚ ਨਹੀਂ ਵਸਾਉਂਦਾ। ਲਾਲਚ, ਝੂਠ, ਵਿਸ਼ੇ-ਵਿਕਾਰ ਤੇ ਮੋਹ ਦੀ ਰਾਸ (ਸੰਪਤੀ) ਮਨ ਵਿੱਚ ਸਾਂਭੀ ਬੈਠਾ ਹਾਂ। ਲੋਭੀ, ਚੋਰ, ਨਿੰਦਕਾਂ ਨਾਲ ਹਮੇਸ਼ਾ ਸੰਗਤ ਕਰਦਿਆਂ ਉਮਰ ਬਤੀਤ ਹੋ ਚੱਲੀ ਹੈ।

ਮੇਰੀ ਅਰਦਾਸ ਹੈ, ਹੇ ਪ੍ਰਭੂ ਜੀ, ਜੇ ਤੈਨੂੰ ਭਾਵੇ, ਜੇ ਤੁਸੀਂ ਚਾਹੋ ਤਾਂ ਚੰਗਿਆਂ ਦਾ ਸੰਗ ਦੇ ਕੇ ਮਾੜਿਆ ਨੂੰ ਵੀ ਮਿਹਰ ਕਰਕੇ ਤਾਰ ਦਿੰਦੇ ਹੋ। ਜੇ ਤੁਸੀਂ ਚਾਹੋ ਤਾਂ ਪਾਣੀ ਉੱਪਰ ਪੱਥਰ ਵੀ ਤਰ ਪੈਂਦੇ ਹਨ। ਸੋ ਮੈਂ ਵੀ ਪਾਪਾਂ ਨਾਲ ਬੋਝਲ ਹੋਇਆ ਇੱਕ ਭਾਰਾ ਪੱਥਰ ਹਾਂ। ਮੇਰਾ ਵੀ ਨਿਸਤਾਰਾ-ਪਾਰ ਉਤਾਰਾ ਕਰ ਦੇਵੋ ਜੀ :—

ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥

ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ॥

ਬਾਵਨ ਅਖਰੀ ਮ: ੫ (ਪੰਨਾ : ੨੬੧)

ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ॥

ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ॥

ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ॥

ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ॥

ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ॥

ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ॥
ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ॥
ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ॥੫੨॥

ਬਾਵਨ ਅਖਰੀ ਮ: ੫ (ਪੰਨਾ : ੨੬੧)

ਹੇ ਦਾਤਾ, ਜਿਸ ਤਰ੍ਹਾਂ ਸਮੁੰਦਰ ਪਾਣੀ ਨਾਲ ਨਕੋ ਨੱਕ ਭਰਿਆ ਹੋਇਆ ਹੈ, ਸਮੁੰਦਰ ਦੇ ਪਾਣੀ ਦਾ ਕੋਈ ਨਾਪ ਤੋਲ ਨਹੀਂ ਹੋ ਸਕਦਾ, ਮੈਂ ਵੀ ਸਿਰ ਦੀ ਚੋਟੀ ਤੋਂ ਲੈ ਕੇ ਪੈਰਾਂ ਤੱਕ ਪਾਪਾਂ ਦੀ ਮਲੀਨਤਾਈ ਨਾਲ ਭਰਿਆ ਹੋਇਆ ਹਾਂ। ਮੇਰੇ ਕਰਮਾਂ ਦਾ ਲੇਖਾ ਜੋਖਾ ਨ ਕਰੋ। ਆਪਣੀ ਦਇਆ ਦ੍ਰਿਸ਼ਟੀ ਕਰਕੇ ਮੇਰਾ ਪਾਰ ਉਤਾਰਾ ਕਰ ਦੇਵੋ ਜੀ ਕਿਉਂਕਿ ਤੁਸੀਂ ਅਨੇਕਾਂ ਪੱਥਰ ਵਤ ਬੋਝਲ ਪਾਪੀਆਂ ਦਾ ਨਿਸਤਾਰਾ ਕੀਤਾ ਹੈ।

ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥
ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥੫॥

ਗਉੜੀ ਚੇਤੀ ਮ: ੧ (ਪੰਨਾ : ੧੫੬)

ਹੇ ਕਰਤਾਰ, ਮੇਰੇ ਤੇ ਤਾਂ ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਉਚਾਰਣ ਕੀਤਾ ਸਵੱਯਾ ਹੀ ਢੁੱਕਦਾ ਹੈ। ਹੇ ਪਾਰਬ੍ਰਹਮ ਸਰੂਪ ਸਤਿਗੁਰੂ ਜੀ, ਜਦੋਂ ਮੈਂ ਸੁਣਦਾ ਹਾਂ ਕਿ ਤੁਸੀਂ ਭਗਤੀ ਕਰਨ ਵਾਲਿਆਂ ਨੂੰ ਪਿਆਰ ਕਰਦੇ ਹੋ ਤਾਂ ਮੈਂ (ਭਗਤੀ ਤੋਂ ਹੀਣਾਂ ਹੋਣ ਕਾਰਨ) ਹਿਰਦੇ ਵਿੱਚ ਨਿਰਾਸ ਹੋ ਜਾਂਦਾ ਹਾਂ। ਜਦੋਂ ਮੈਂ ਸੁਣਦਾ ਹਾਂ ਕਿ ਤੁਸੀਂ ਪਾਪੀਆਂ ਨੂੰ ਵੀ ਪਵਿੱਤਰ ਕਰ ਦਿੰਦੇ ਹੋ ਤਾਂ ਹਿਰਦੇ ਵਿੱਚ ਆਸ ਬੰਨ੍ਹ ਲੈਂਦਾ ਹਾਂ।

(ਮੈਂ ਪਤਿਤ ਕਰਮੀ) ਜਦੋਂ ਆਪ ਨੂੰ ਦਿਲਾਂ ਦੇ ਅੰਦਰਲੀਆਂ ਜਾਨਣ ਵਾਲਾ ਸੁਣਦਾ ਹਾਂ, ਤਾਂ ਮੈਂ ਅੰਦਰੋਂ ਕੰਬ ਉਠਦਾ ਹਾਂ, ਪਰ ਜਦੋਂ ਸੁਣਦਾ ਹਾਂ ਕਿ ਤੁਸੀਂ ਦੀਨਾਂ ਦੁਖੀਆਂ ਤੇ ਵੀ ਦਇਆ ਕਰਨ ਵਾਲੇ ਹੋ, ਇਹ ਸੁਣ ਕੇ ਮੇਰਾ ਡਰ ਸੰਸਾ ਦੂਰ ਹੋ ਜਾਂਦਾ ਹੈ।

ਜਿਵੇਂ ਉਚੇ ਲੰਮੇ ਅਕਾਰ ਵਾਲਾ ਸਿੰਬਲ ਰੁੱਖ ਬਾਰਸ਼ ਪੈਣ ਤੇ ਵੀ ਫਲ-ਰਹਿਤ (ਨਿਸਫਲ) ਰਹਿੰਦਾ ਹੈ, ਪਰ ਮਲਯਾਗਰ (ਚੰਦਨ) ਦੀ ਸੁਗੰਧੀ ਨਾਲ ਉਹ ਸਿੰਬਲ ਵੀ ਸੁਗੰਧੀ ਵਾਲਾ ਚੰਦਨ ਹੋ ਜਾਂਦਾ ਹੈ। ਇਸੇ ਤਰ੍ਹਾਂ ਮੈਂ ਵੀ ਹੰਕਾਰ ਤੇ ਮਾਇਆ-ਜਾਲ ਦਾ ਬਿਫਰਿਆ ਹੋਇਆ, ਮਹਾਨ ਉੱਤਮ ਚੰਦਨ ਸਮਾਨ ਸਤਿਗੁਰੂ ਦੇ ਮਿਲਾਪ ਨਾਲ ਉੱਤਮ ਗੁਣਾਂ ਦੀ ਸੁਗੰਧੀ ਵਾਲਾ ਹੋ ਸਕਦਾ ਹਾਂ।

ਹੇ ਸਤਿਗੁਰੂ, ਆਪਣੀ ਕਰਣੀ-ਕਰਤੂਤ ਕਰਕੇ ਤਾਂ ਹੋ ਸਕਦਾ ਕਿ ਮੈਨੂੰ ਨਰਕਾਂ ਵਿੱਚ ਵੀ ਜਗਹ ਨ ਮਿਲੇ, ਪਰ ਆਪ ਦੇ ਇਸ ਬਿਰਦ ਦਾ ਆਸਰਾ ਸੰਭਾਲ ਰਿਹਾ ਹਾਂ ਕਿ ਆਪ ਪਤਿਤ-ਪਾਵਨ ਹੋ, ਦੀਨ ਦਿਆਲੂ ਹੋ, ਨਿਰਗੁਣਿਆਂ ਨੂੰ ਵੀ ਗੁਣਾਂ ਨਾਲ

ਸੁਗੰਧਤ ਕਰਨ ਵਾਲੇ ਹੋ।

ਭਗਤ ਵਛਲ ਸੁਨਿ ਹੋਤ ਨਿਰਾਸ ਰਿਦੈ,
ਪਤਿਤ ਪਾਵਨ ਸੁਨਿ ਆਸਾ ਉਰਧਾਰਿ ਹੌ॥
ਅੰਤਰਜਾਮੀ ਸੁਨਿ ਕੰਪਤ ਹੌ ਅੰਤਰਗਤਿ,
ਦੀਨ ਕੋ ਦਇਆਲ ਸੁਨਿ ਭੈ ਭ੍ਰਮ ਟਾਰਿ ਹੌ॥
ਜਲਧਰ ਸੰਗਮ ਕੈ ਅਫਲ ਸੇਂਬਲ ਦ੍ਰਮ,
ਚੰਦਨ ਸੁਗੰਧ ਸਨਬੰਧ ਮਲਗਾਰ ਹੌ॥
ਅਪਨੀ ਕਰਨੀ ਕਰਿ ਨਰਕ ਹੂੰ ਨ ਪਾਵਉ ਠਉਰ,
ਤੁਮਰੇ ਬਿਰਦ ਕਰਿ ਆਸਰੋ ਸਮ੍ਹਾਰ ਹੌ॥੫੦੩॥

(ਕਬਿੱਤ ਸ: ਭਾ. ਗੁਰਦਾਸ)

ਪਾਤਸ਼ਾਹ ! ਮੈਂ ਤਾਂ ਦੂਸਰਿਆਂ ਦੇ ਦੋਸ਼ਾਂ ਵੱਲ ਹੀ ਵੇਖਦਾ ਹਾਂ, ਪਰ ਆਪ ਅਨੇਕਾਂ ਅਉਗੁਣਾਂ-ਅਪਰਾਧਾਂ ਨਾਲ ਭਰਿਆ ਹੋਇਆ ਹਾਂ। ਮੇਰਾ ਤਾਂ ਇਹ ਹਾਲ ਹੈ ! ਜਿਸ ਤਰ੍ਹਾਂ ਛਾਨਣੀ ਵਿੱਚ ਅਨੇਕਾਂ ਹੀ ਛੇਕ ਦੇਖੀ ਦੇ ਹਨ, ਪਰ ਜੇ ਉਹ ਛਾਨਣੀ ਮਿੱਟੀ ਦੇ ਲੋਟੇ ਦੀ ਨਿੰਦਿਆ ਕਰੇ (ਜਿਸ ਵਿੱਚ ਕੇਵਲ ਇਕ ਹੀ ਛੇਕ ਹੁੰਦਾ ਹੈ) ਤਾਂ ਉਹ ਛਾਨਣੀ ਕਿਵੇਂ ਸੋਭਾ ਪਾ ਸਕਦੀ ਹੈ, ਭਾਵ ਨਹੀਂ।

ਜਿਵੇਂ ਬੇਅੰਤ ਕੰਡਿਆਂ ਨਾਲ ਭਰਿਆ ਹੋਇਆ ਕਿੱਕਰ ਦਾ ਰੁੱਖ ਕੇਵਲ ਫੁੱਲ ਨੂੰ ਕੰਡਿਆਂ ਵਾਲਾ ਆਖੇ, ਉਸ ਦਾ ਇਹ ਕਹਿਣਾ ਕਿਸੇ ਨੂੰ ਚੰਗਾ ਨਹੀਂ ਲੱਗਦਾ।

ਜਿਵੇਂ ਮੋਤੀਆਂ ਨੂੰ ਛੱਡ ਕੇ ਗੰਦਗੀ ਖਾਣ ਵਾਲਾ ਕਾਂ (ਮਾਨ ਸਰੋਵਰ ਤੇ ਮੋਤੀ ਚੁਗਣ ਵਾਲੇ) ਹੰਸ ਨੂੰ ਮਖੌਲ ਕਰੇ (ਇਹ ਉਸਦਾ ਆਪਣਾ ਹੀ ਮੈਲਾਪਨ ਹੈ।)

ਇਸੇ ਤਰ੍ਹਾਂ ਕਰੋੜਾਂ ਪਾਪਾਂ ਨਾਲ ਭਰਿਆ ਹੋਇਆ ਮੈਂ ਮਹਾਨ ਪਾਪੀ ਹਾਂ। ਮੈਨੂੰ ਤਾਂ ਸਾਰੇ ਸੰਸਾਰ ਦੇ ਪਾਪ-ਅਪਰਾਧ ਹੀ ਚੰਗੇ ਲੱਗਦੇ ਹਨ। ਸੋ ਆਪ ਮਿਹਰ ਕਰੋ, ਮੇਰੇ ਅਉਗਣਾਂ-ਅਪਰਾਧਾਂ ਨੂੰ ਨਦਰ-ਅੰਦਾਜ਼ ਕਰਕੇ ਬਖਸ਼ਿਸ਼ ਦੀ ਮਿਹਰ ਕਰ ਦਿਉ ਜੀ।

ਚਲਨੀ ਮੈ ਜੈਸੇ ਦੇਖੀਅਤ ਹੈ ਅਨੇਕ ਛਿਦ੍ਰ,
ਕਰੈ ਕਰਵਾ ਕੀ ਨਿੰਦਾ ਕੈਸੇ ਬਨਿ ਆਵੈ ਜੀ॥
ਬਿਰਖ ਬਬੂਰ ਭਰਪੂਰ ਬਹੁ ਸੂਰਨ ਸੈ,
ਕਮਲੈ ਕਟੀਲੋ ਕਹੈ ਕਾਹੂ ਨ ਸੁਖਾਵੈ ਜੀ॥
ਜੈਸੇ ਉਪਹਾਸੁ ਕਰੈ ਬਾਇਸੁ ਮਰਾਲ ਪ੍ਰਤਿ ਛਾਡ,
ਮੁਕਤਾਹਲ ਦ੍ਰੂਗੰਧ ਲਿਵ ਲਾਵੈ ਜੀ॥
ਤੈਸੇ ਹਉ ਮਹਾ-ਅਪ੍ਰਾਧੀ ਅਪਰਾਧ ਭਰਿਓ,

ਸਕਲ ਸੰਸਾਰ ਕੋ ਬਿਕਾਰ ਮੋਹਿ ਭਾਵੈ ਜੀ ॥੫੧੨॥

(ਕਬਿੱਤ ਸ: ਭਾ. ਗੁਰਦਾਸ)

ਹੇ ਮਾਲਕ ਮੈਂ ਤਾਂ :—

ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥

ਕਿਉਂਕਿ ਤੁਹਾਡੇ ਵਰਗਾ ਸੁਆਮੀ (ਮਾਲਕ) ਸੰਸਾਰ ਤੇ ਕੋਈ ਨਹੀਂ, ਮੇਰੇ ਵਰਗਾ ਮੁਥਾਜ (ਬੇ ਸਹਾਰਾ) ਕੋਈ ਨਹੀਂ। ਹੇ ਸਤਿਗੁਰੂ ਤੁਹਾਡੇ ਵਰਗਾ ਦਾਤਾ ਕੋਈ ਨਹੀਂ, ਮੇਰੇ ਵਰਗਾ ਮੰਗਤਾ ਵੀ ਸ਼ਾਇਦ ਕੋਈ ਨ ਹੋਵੇ।

ਹੇ ਮਾਲਕ, ਮੇਰੇ ਵਰਗਾ ਆਤੁਰ (ਦੁਖੀਆ) ਕੋਈ ਨਹੀਂ ਪਰ ਦਾਤਾ, ਤੁਹਾਡੇ ਵਰਗਾ ਮਿਹਰਵਾਨ ਵੀ ਸੰਸਾਰ ਤੇ ਹੋਰ ਕੋਈ ਨਹੀਂ।

ਮੇਰੇ ਵਰਗਾ ਗਿਆਨ ਹੀਣਾਂ (ਅਗਿਆਨੀ) ਵੀ ਸ਼ਾਇਦ ਕੋਈ ਨ ਹੋਵੇ, ਪਰ ਤੁਹਾਡੇ ਵਰਗਾ ਗਿਆਨਵਾਨ ਵੀ ਕੋਈ ਨਹੀਂ।

ਹੇ ਸਤਿਗੁਰੂ, ਮੇਰੇ ਵਰਗਾ ਕਰਮਾਂ ਧਰਮਾਂ ਤੋਂ ਡਿਗਿਆ ਪਾਪੀ ਵੀ ਸ਼ਾਇਦ ਕੋਈ ਨ ਹੋਵੇ, ਪਰ ਤੁਹਾਡੇ ਵਰਗਾ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਵੀ ਹੋਰ ਕੋਈ ਨਹੀਂ।

ਹੇ ਦੀਨਾ ਬੰਧੂ, ਮੇਰੇ ਵਰਗਾ ਵਿਕਾਰੀ ਸੰਸਾਰ ਵਿੱਚ ਕੋਈ ਨਹੀਂ ਪਰ ਤੁਹਾਡੇ ਵਰਗਾ ਉਪਕਾਰ ਕਰਨ ਵਾਲਾ ਵੀ ਹੋਰ ਕੋਈ ਨਹੀਂ।

ਮੇਰੇ ਵਿੱਚ ਤਾਂ ਅਉਗਣ ਹੀ ਅਉਗਣ ਹਨ ਪਰ ਦਾਤਾ ਜੀ! ਤੁਸੀਂ ਗੁਣਾਂ ਦੇ ਅਥਾਹ ਸਮੁੰਦਰ ਹੋ। ਆਪਣੇ ਕੀਤੇ ਅਉਗਣਾਂ ਕਰਕੇ ਤਾਂ ਮੈਂ ਨਰਕਾਂ ਨੂੰ ਜਾ ਰਿਹਾ ਹਾਂ। ਹੁਣ ਕੇਵਲ ਤੇ ਕੇਵਲ ਆਪ ਜੀ ਦੀ ਹੀ ਓਟ ਤੇ ਆਸਰਾ ਹੈ।

ਤੋ ਸੋ ਨ ਨਾਥੁ, ਅਨਾਥ ਨ ਮੋ ਸਰਿ, ਤੋ ਸੋ ਨ ਦਾਨੀ ਨ ਮੋ ਸੋ ਭਿਖਾਰੀ॥
ਮੋ ਸੋ ਨ ਦੀਨ, ਦਇਆਲ ਨ ਤੋ ਸਰਿ, ਮੋ ਸੋ ਅਗਿਆਨੁ, ਨ ਤੋ ਸੋ ਬਿਚਾਰੀ॥
ਮੋ ਸੋ ਨ ਪਤਿਤ, ਨ ਪਾਵਨ ਤੋ ਸਰਿ, ਮੋ ਸੋ ਬਿਕਾਰੀ ਨ ਤੋ ਸੋ ਉਪਕਾਰੀ॥
ਮੋਰੇ ਹੈ ਅਵਗੁਨ, ਤੂ ਗੁਨ ਸਾਗਰ, ਜਾਤ ਰਸਾਤਲ ਓਟ ਤਿਹਾਰੀ ॥੫੨॥

(ਕਬਿੱਤ ਸ: ਭਾ. ਗੁਰਦਾਸ)

ਜਿਵੇਂ ਸਤਿਗੁਰੂ ਜੀ ਨੇ, ਭਗਤਾਂ ਨੇ ਅਤੇ ਭਾਈ ਗੁਰਦਾਸ ਜੀ ਨੇ ਸਾਨੂੰ ਆਪਣੇ ਮਾਲਕ ਪ੍ਰਭੂ ਜੀ ਅੱਗੇ ਨਿਰਮਾਣਤਾ ਵਿੱਚ ਪਿਆਰ ਭਿੱਜੀ ਅਰਜ਼ੋਈ ਕਰਨ ਲਈ ਪੂਰਨੇ ਵਾਹ ਕੇ ਅਰਦਾਸ ਕਰਨ ਦਾ ਬਲ ਸਿਖਾਇਆ ਹੈ। ਜੇ ਅਸੀਂ ਵੀ, ਆਪਣੇ ਮਨ ਦੀ ਇਹੋ ਜਿਹੀ ਆਪਾ-ਸਮਰਪਿਤ ਦਸ਼ਾ ਬਣਾ ਲਈਏ ਤੇ ਪੁਕਾਰੀਏ :—

ਪ੍ਰਭ ਜਨਮ ਮਰਨ ਨਿਵਾਰਿ॥ ਹਾਰਿ ਪਰਿਓ ਦੁਆਰਿ॥
ਗਹਿ ਚਰਨ ਸਾਧੂ ਸੰਗ॥ ਮਨ ਮਿਸਟ ਹਰਿ ਹਰਿ ਰੰਗ॥
ਕਰਿ ਦਇਆ ਲੇਹੁ ਲੜਿ ਲਾਇ॥ ਨਾਨਕਾ ਨਾਮੁ ਧਿਆਇ॥ ੧॥
ਦੀਨਾ ਨਾਥ ਦਇਆਲ ਮੇਰੇ ਸੁਆਮੀ ਦੀਨਾ ਨਾਥ ਦਇਆਲ॥
ਜਾਚਉ ਸੰਤ ਰਵਾਲ ॥੧॥ ਰਹਾਉ॥
ਸੰਸਾਰੁ ਬਿਖਿਆ ਕੂਪ[੧]॥ ਤਮ ਅਗਿਆਨ ਮੋਹਤ ਘੂਪ[੨]॥
ਗਹਿ ਭੁਜਾ[੩] ਪ੍ਰਭ ਜੀ ਲੇਹੁ॥ ਹਰਿ ਨਾਮੁ ਅਪੁਨਾ ਦੇਹੁ॥
ਪ੍ਰਭ ਤੁਝ ਬਿਨਾ ਨਹੀ ਠਾਉ॥ ਨਾਨਕਾ ਬਲਿ ਬਲਿ ਜਾਉ॥ ੨॥
ਲੋਭਿ ਮੋਹਿ ਬਾਧੀ ਦੇਹ॥ ਬਿਨੁ ਭਜਨ ਹੋਵਤ ਖੇਹ॥
ਜਮਦੂਤ ਮਹਾ[੪] ਭਇਆਨ॥ [੫]ਚਿਤ ਗੁਪਤ ਕਰਮਹਿ ਜਾਨ॥
ਦਿਨੁ ਰੈਨਿ ਸਾਖਿ [੬]ਸੁਨਾਇ॥ ਨਾਨਕਾ ਹਰਿ ਸਰਨਾਇ॥ ੩॥
ਭੈ ਭੰਜਨਾ ਮੁਰਾਰਿ॥ ਕਰਿ ਦਇਆ ਪਤਿਤ ਉਧਾਰਿ॥
ਮੇਰੇ ਦੋਖ ਗਨੇ ਨ ਜਾਹਿ॥ ਹਰਿ ਬਿਨਾ ਕਤਹਿ ਸਮਾਹਿ॥
ਗਹਿ ਓਟ ਚਿਤਵੀ ਨਾਥ॥ ਨਾਨਕਾ ਦੇ ਰਖੁ ਹਾਥ॥ ੪॥
ਹਰਿ ਗੁਣ[੭] ਨਿਧੇ ਗੋਪਾਲ॥ ਸਰਬ ਘਟ ਪ੍ਰਤਿਪਾਲ॥
ਮਨਿ ਪ੍ਰੀਤਿ ਦਰਸਨ ਪਿਆਸ॥ ਗੋਬਿੰਦ ਪੂਰਨ ਆਸ॥
ਇਕ ਨਿਮਖ[੮] ਰਹਨੁ ਨ ਜਾਇ॥ ਵਡ ਭਾਗਿ ਨਾਨਕ ਪਾਇ॥ ੫॥
ਪ੍ਰਭੁ ਤੁਝ ਬਿਨਾ ਨਹੀ ਹੋਰ॥ ਮਨਿ ਪ੍ਰੀਤਿ ਚੰਦ ਚਕੋਰ॥
ਜਿਉ ਮੀਨ ਜਲ ਸਿਉ ਹੇਤੁ[੯]॥ ਅਲਿ[੧੦] ਕਮਲ ਭਿੰਨੁ ਨ ਭੇਤੁ॥
ਜਿਉ ਚਕਵੀ ਸੂਰਜ ਆਸ॥ ਨਾਨਕ ਚਰਨ ਪਿਆਸ॥ ੬॥
ਜਿਉ ਤਰੁਨਿ[੧੧] ਭਰਤ[੧੨] ਪਰਾਨ॥ ਜਿਉ ਲੋਭੀਐ ਧਨੁ ਦਾਨੁ
ਜਿਉ ਦੂਧ ਜਲਹਿ ਸੰਜੋਗੁ॥ ਜਿਉ ਮਹਾ ਖੁਧਿਆਰਥ[੧੩] ਭੋਗੁ[੧੪]॥
ਜਿਉ ਮਾਤ ਪੂਤਹਿ ਹੇਤੁ॥ ਹਰਿ ਸਿਮਰਿ ਨਾਨਕ ਨੇਤ॥
ਜਿਉ ਦੀਪ[੧੫] ਪਤਨ [੧੬]ਪਤੰਗ॥ ਜਿਉ ਚੋਰੁ ਹਿਰਤ ਨਿਸੰਗ[੧੭]॥
ਮੈਗਲਹਿ[੧੮] ਕਾਮੈ ਬੰਧੁ॥ ਜਿਉ ਗ੍ਰਸਤ ਬਿਖਈ ਧੰਧੁ॥

---

੧. ਖੂਹ, ੨. ਘੁਪ ਹਨੇਰਾ, ੩. ਬਾਂਹ, ੪. ਭਿਆਨਕ, ੫. ਚਿਤਰ ਗੁਪਤ (ਧਰਮ ਰਾਜੇ ਦੇ ਮੁਨਸ਼ੀ), ੬. ਸਹਾਦਤ, ਗਵਾਹੀ, ੭. ਗੁਣਾਂ ਦੇ ਖਜਾਨੇ, ੮. ਸਕਿੰਟ ਜਿੰਨਾ ਸਮਾ, ੯. ਪਿਆਰ, ੧੦. ਭਵਰਾ, ੧੧. ਇਸਤਰੀ, ੧੨. ਪਤੀ, ੧੩. ਭੁੱਖੇ ਨੂੰ, ੧੪. ਖਾਣਾ, ੧੫. ਦੀਵੇ ਤੇ ਪਤੰਗ, ੧੬. ਪਤੰਗਾ, ੧੭. ਨਿਸਚਿੰਤ, ੧੮. ਹਾਥੀ,

ਜਿਉ ਜੂਆਰ[1] ਬਿਸਨੁ ਨ ਜਾਇ॥ ਹਰਿ ਨਾਨਕ ਇਹੁ ਮਨੁ ਲਾਇ॥ ੮॥
[2]ਕੁਰੰਕ ਨਾਦੈ ਨੇਹੁ॥ ਚਾਤ੍ਰਿਕੁ ਚਾਹਤ ਮੇਹੁ॥
ਜਨ ਜੀਵਨਾ ਸਤਸੰਗਿ॥ ਗੋਬਿਦੁ ਭਜਨਾ ਰੰਗਿ॥
ਰਸਨਾ ਬਖਾਨੈ ਨਾਮੁ॥ ਨਾਨਕ ਦਰਸਨ ਦਾਨੁ॥ ੯॥
ਗੁਨ ਗਾਇ ਸੁਨਿ ਲਿਖਿ ਦੇਇ॥ ਸੋ ਸਰਬ ਫਲ ਹਰਿ ਲੇਇ॥
ਕੁਲ ਸਮੂਹ ਕਰਤ ਉਧਾਰੁ॥ ਸੰਸਾਰੁ ਉਤਰਸਿ ਪਾਰਿ॥
ਹਰਿ ਚਰਨ ਬੋਹਿਥ[3] ਤਾਹਿ॥ ਮਿਲਿ ਸਾਧਸੰਗਿ ਜਸੁ ਗਾਹਿ॥
ਹਰਿ ਪੈਜ ਰਖੈ ਮੁਰਾਰਿ॥ ਹਰਿ ਨਾਨਕ ਸਰਨਿ ਦੁਆਰਿ॥

ਬਿਲਾਵਲੁ ਮ : ੫ (ਪੰਨਾ : ੮੩੮)

ਜਦੋਂ ਧੁਰ ਅੰਦਰੋਂ, ਹਉਮੈਂ ਤੇ ਮਾਇਆ ਦੇ ਦੂਤਾਂ ਤੋਂ ਛੁਟਕਾਰੇ ਲਈ ਸਮਰੱਥ ਗੁਰੂ ਦੇ ਚਰਨਾਂ ਵਿੱਚ, ਪਿਆਰ ਵਿੱਚ, ਮਨ ਤਨ ਅਰਪ ਧਰ ਦੀ ਬਿਧੀ ਨਾਲ ਜਗਿਆਸੂ ਗੁਰੂ ਸਨਮੁਖ ਅਰਦਾਸ ਕਰੇਗਾ ; ਗੁਰੂ ਜ਼ਰੂਰ ਆਪਣੇ ਬਿਰਦ ਦੀ ਲਾਜ ਪਾਲ ਕੇ :—

ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ॥

ਜੈਤਸਰੀ ਮ: ੫ (ਪੰਨਾ : ੭੦੪)

ਤਥਾ :—**ਬਾਹ ਪਕੜਿ ਪ੍ਰਭਿ ਕਾਢਿਆ ਕੀਨਾ ਅਪਨਇਆ॥**

ਬਿਲਾਵਲੁ ਮ : ੫ (ਪੰਨਾ : ੮੧੭)

ਔਗੁਣਾਂ ਨੂੰ ਜਰੂਰ ਨਦਰ ਅੰਦਾਜ਼ ਕਰਕੇ, ਮਾਇਆ ਦੇ ਪ੍ਰਭਾਵ ਤੇ ਹਉਮੈਂ ਦੇ ਰੋਗ ਤੋਂ ਜ਼ਰੂਰ ਛੁਟਕਾਰਾ ਬਖਸ਼ਸ਼ ਕਰ ਦੇਵੇਗਾ।

* * *

੧. ਜੁਆਰੀਆ, ੨. ਹਿਰਨ, ੩. ਜਹਾਜ

ਅਧਿਆਇ 3

ਤੀਜਾ ਔਗੁਣ ਕ੍ਰਿਤ ਦੀ ਉਪਾਸਨਾ

ਕ੍ਰਿਤ ਦਾ ਤਿਆਗ

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਾਹਿਬਾਂ ਨੇ ਕ੍ਰਿਤ ਨਾਲ ਜੁੜਨ ਤੋਂ ਵਰਜਿਆ ਹੈ। ਸਮੁੱਚੀ ਬਾਣੀ ਵਿੱਚ, ਕ੍ਰਿਤ ਦੀ ਪੂਜਾ ਨਹੀਂ, ਕ੍ਰਿਤ ਦੀ ਸਿਫਤ ਸਲਾਹ ਨਹੀਂ, ਕ੍ਰਿਤ ਦੇ ਗੁਣ ਨਹੀਂ ਗਾਏ, ਕ੍ਰਿਤ ਨਾਲੋਂ ਤੋੜ ਕੇ ਕਰਤੇ ਨਾਲ ਜੋੜਿਆ ਹੈ। ਕ੍ਰਿਤ ਨਾਲੋਂ ਮੋਹ ਤਿਆਗ ਕੇ ਕਰਤੇ ਨਾਲ ਪਿਆਰ ਪਾਉਣ ਦਾ ਸੱਦਾ ਦਿੱਤਾ ਹੈ ਕਿਉਂਕਿ ਕਰਤਾ ਸਦੀਵੀ ਸੱਚਾ ਹੈ। ਕ੍ਰਿਤ ਨਾਸਵੰਤ ਤੇ ਮਿੱਥਿਆ ਹੈ। ਇਸ ਲਈ ਸਾਰੀ ਗੁਰਬਾਣੀ ਵਿੱਚ ਸੱਚ ਨਾਲ, ਕਰਤਾਰ-ਕਰਤੇ ਨਾਲ, ਜੁੜਨ ਦੀ ਅਗਵਾਈ ਦਿੱਤੀ ਹੈ।

ਮਨ ਮੇਰੇ ਕਰਤੇ ਨੋ ਸਾਲਾਹਿ
ਸਭੇ ਛਡਿ ਸਿਆਣਪਾ
ਗੁਰ ਕੀ ਪੈਰੀ ਪਾਹਿ॥

ਸਿਰੀਰਾਗੁ ਮ: ੫ (ਪੰਨਾ : ੪੩)

ਥੋੜਾ ਵਿਸਥਾਰ ਨਾਲ ਵਾਚੀਏ, ਸੰਸਾਰ ਵਿੱਚ ਇੱਕ ਹੈ ਕਰਤਾ, ਦੂਜੀ ਹੈ ਕ੍ਰਿਤ। ਸਾਰੀ ਦ੍ਰਿਸ਼ਟ-ਅਦ੍ਰਿਸ਼ਟ ਕ੍ਰਿਤ ਦਾ ਇੱਕ ਕਰਤਾ ਹੈ। ਇਹ ਸਾਰੀ ਕ੍ਰਿਤ ਉਸ ਕਰਤੇ ਵਾਹਿਗੁਰੂ ਜੀ ਦੀ ਹੈ। ਉਹ ਕਰਤਾ ਸਾਰੀ ਕ੍ਰਿਤ ਨੂੰ ਰਚ ਕੇ ਕ੍ਰਿਤ ਵਿੱਚ ਆਪ ਬਿਰਾਜਮਾਨ ਹੋ ਜਗਤਕ੍ਰਿਤ ਦੇ ਤਮਾਸ਼ੇ ਨੂੰ ਚਲਾ ਕੇ ਵੇਖ ਰਿਹਾ ਹੈ ਜਿਸ ਦਾ ਸੰਕੇਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿੱਚ ਦਿੱਤਾ ਹੈ।

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

ਆਸਾ ਦੀ ਵਾਰ (ਪੰਨਾ : ੪੬੩)

ਭਾਵੇਂ ਸਾਨੂੰ ਯਕੀਨ ਭਰੋਸਾ ਆਵੇ ਜਾਂ ਨਾ, ਪਰ ਅਸਲੀਅਤ ਵਿੱਚ ਅਸੀਂ ਸਾਰੇ ਕਰਤੇ ਤੋਂ ਹੋਂਦ ਵਿੱਚ ਆਏ ਹਾਂ, ਸਾਡੇ ਅੰਦਰ-ਬਾਹਰ ਦ੍ਰਿਸ਼ਟ-ਅਦ੍ਰਿਸ਼ਟ ਸਭ ਕਰਤਾ ਹੀ ਵਰਤ ਰਿਹਾ ਹੈ। ਮਾਇਆ ਦੇ ਭੁਲੇਵੇਂ ਕਾਰਨ ਕਰਤਾ ਸਾਡੀ ਚੇਤੰਨ ਸ਼ਕਤੀ ਤੋਂ ਵੱਖ ਹੋ ਗਿਆ ਹੈ, ਜਿਸ ਕਾਰਨ ਅਸੀਂ ਕਰਤੇ ਨਾਲੋਂ ਟੁੱਟ ਕੇ ਕ੍ਰਿਤ ਨੂੰ ਹੀ ਸੱਚ ਮੰਨ ਕੇ

ਕ੍ਰਿਤ ਨਾਲ ਮੋਹ ਪਿਆਰ ਪਾ ਬੈਠੇ ਹਾਂ। ਪਰ ਕ੍ਰਿਤ "ਨਾਸ਼ਵੰਤ ਝੂਠੀ ਹੈ" ਕਰਤਾ ਅਵਿਨਾਸ਼ੀ ਤੇ ਸਦਾ ਰਹਿਣ ਵਾਲਾ ਹੈ।

"ਦ੍ਰਿਸਟਿਮਾਨ ਹੈ ਸਗਲ ਮਿਥੇਨਾ॥

ਮਾਰੂ ਮਹਲਾ : ੫ (ਪੰਨਾ :੧੦੮੩)

ਸਾਡੀ ਸਿਮ੍ਰਤੀ ਨੂੰ ਅਸਲੀਅਤ ਤੋਂ ਜਾਣੂ ਕਰਾਉਣ ਅਤੇ ਜਗਤ ਕ੍ਰਿਤ ਨੂੰ ਨਾਸ਼ਵੰਤ ਦਰਸਾਉਣ ਅਤੇ ਕਰਤੇ ਦੀ ਲੱਖਤਾ ਕਰਵਾਉਣ ਲਈ ਸਾਹਿਬਾਂ ਨੇ ਗੁਰਬਾਣੀ ਵਿੱਚ ਚਾਰ ਉਪਮਾਨ ਵਰਤੇ ਹਨ।

੧. ਕਰਤਾ ਸੱਚ ਹੈ, ਸਦੀਵੀ ਹੈ, ਕ੍ਰਿਤ ਪਾਣੀ ਦੇ ਬੁਲਬਲੇ ਦੀ ਨਿਆਈ ਨੂੰ ਝੂਠ ਮਿਥਿਆ ਹੈ।

੨. ਕਰਤਾ ਅਬਿਨਾਸੀ, ਅਮਰ ਹੈ-ਕ੍ਰਿਤ ਸੁਪਨੇ ਵੱਤ ਨਾਸ਼ਵੰਤ ਹੈ।

੩. ਕਰਤਾ ਸਦਾ ਥਿੱਰ ਰਹਿਣ ਵਾਲਾ ਹੈ—ਕ੍ਰਿਤ ਇੱਕ ਰੇਤ ਦੀ ਦੀਵਾਰ ਭਾਂਤੀ ਥੋੜ੍ਹ ਚਿਰੀ ਹੈ।

੪. ਕਰਤਾ ਨਿਹਚਲ ਅਤੇ ਸਥਿਰ ਹੈ :—ਕ੍ਰਿਤ ਬਿਜਲੀ ਦੀ ਲਿਸ਼ਕਾਰ ਤਰਹ ਚਲਾਇ ਮਾਨ ਹੈ।

੧. ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥

ਸਲੋਕ ਮ: ੯ (ਪੰਨਾ : ੧੪੨੭)

੨. ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥

ਸਲੋਕ ਮ: ੯ (ਪੰਨਾ : ੧੪੨੭)

੩. ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥
ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥

ਸਲੋਕ ਮ: ੯ (ਪੰਨਾ : ੧੪੨੯)

੪. ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਖੇ॥
ਵਥੁ ਸੁਹਾਵੀ ਸਾਇ ਨਾਨਕ ਨਾਉ ਜਪੰਦੋ ਤਿਸੁ ਧਣੀ॥

ਮ: ੫ (ਪੰਨਾ : ੩੧੯)

ਗੋਂਡ ਰਾਗ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕ੍ਰਿਤ ਦੇ ਕਰਤੇ ਪ੍ਰਤੀ ਬੜੇ ਵਿਸਥਾਰ ਨਾਲ ਬਿਆਨਿਆ ਹੈ ਕਿ ਹੇ ਗੁਰਮੁਖ ਜਨੋ! ਸਭ ਕੁਲ ਦਾ ਕਰਨਹਾਰ ਕਰਤਾ "ਵਾਹਿਗੁਰੂ" ਹੈ। ਸਾਰਿਆਂ ਵਿੱਚ ਰਮਿਆ ਹੋਣ ਕਾਰਨ ਹਰੇਕ, ਚੀਜ਼ ਤੇ ਰਸ ਦਾ ਭੋਗਣਹਾਰ ਵੀ ਉਹੋ ਕਰਤਾ ਹੀ ਹੈ। ਸਾਰੀ ਕ੍ਰਿਤ ਵਿੱਚ ਵਿਆਪਕ ਹੋਣ ਕਰਕੇ ਕਰਤਾ ਆਪ ਹੀ ਵੇਖ ਰਿਹਾ ਹੈ ਅਤੇ ਆਪ ਹੀ ਸੁਣ ਰਿਹਾ ਹੈ। ਜੋ ਵੀ ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟ ਹੈ, ਸਭ ਕਰਤੇ ਦਾ ਹੀ ਆਪਣਾ ਰੂਪ ਹੈ। ਸਾਰੇ ਜਗਤ ਦੀ ਰਚਨਾ ਕਰਨ ਵਾਲਾ ਵੀ ਇੱਕ ਕਰਤਾ ਹੀ ਹੈ ਤੇ ਕਰਤਾ ਹੀ ਨਾਸ਼ ਕਰਨ ਵਾਲਾ ਹੈ। ਸਾਰਿਆਂ ਵਿੱਚ ਵਿਆਪਕ ਰਮਿਆ ਹੋਇਆ ਇੱਕ ਕਰਤਾ ਹੀ ਹੈ ਅਤੇ ਵਿਆਪਕ ਹੁੰਦਿਆ ਹੋਇਆ ਨਿਰਲੇਪ ਵੀ ਉਹੋ ਕਰਤਾ ਆਪ ਹੀ ਹੈ। ਹੋਰ ਕੋਈ ਨਹੀਂ। ਸਭ ਵਿੱਚ ਕਰਤਾ ਹੀ ਬੋਲਦਾ ਹੈ ਤੇ ਸੋਝੀ ਦੇਣ ਤੇ ਸਮਝਣ ਵਾਲਾ ਵੀ ਕਰਤਾ ਹੀ ਹੈ। ਕੈਸੀ ਕਮਾਲ ਹੈ! ਸੰਸਾਰ ਵਿੱਚ ਜਨਮ ਲੈਣ ਵਾਲਾ ਵੀ ਕਰਤਾ ਤੇ ਇੱਥੋਂ ਜਾਣ ਵਾਲਾ ਵੀ ਕਰਤਾ। ਉਹ ਕਰਤਾ ਤਿੰਨਾਂ ਗੁਣਾਂ ਤੋਂ ਪਰੇ ਗੁਪਤ ਵੀ ਆਪ ਹੈ ਤੇ ਤ੍ਰਿਗੁਣੀ ਮਾਇਆ ਦਾ ਪ੍ਰਭਾਵੀ ਪ੍ਰਗਟ ਰੂਪ ਵੀ ਆਪ ਕਰਤਾਰ ਹੀ ਹੈ। ਗੁਰੂ ਮਿਹਰ ਨਾਲ ਸਭ ਨੂੰ ਬਿਨਾਂ ਵਿਤਕਰੇ ਸਮਦ੍ਰਿਸ਼ਟੀ ਨਾਲ ਵੇਖਣ ਵਾਲਾ ਵੀ ਆਪ ਹੀ ਕਰਤਾ ਹੈ। ਕੈਸੀ ਹੈ ਕਰਤੇ ਦੀ ਅਸਚਰਜ ਖੇਡ! :—

ਸਭੁ ਕਰਤਾ ਸਭੁ ਭੁਗਤਾ॥ ੧॥ ਰਹਾਉ। ਸੁਨਤੋ ਕਰਤਾ ਪੇਖਤ ਕਰਤਾ॥
ਅਦ੍ਰਿਸਟੋ ਕਰਤਾ ਦ੍ਰਿਸਟੋ ਕਰਤਾ॥ ਓਪਤਿ ਕਰਤਾ ਪਰਲਉ ਕਰਤਾ॥
ਬਿਆਪਤ ਕਰਤਾ ਅਲਿਪਤੋ ਕਰਤਾ॥ ੧॥ ਬਕਤੋ ਕਰਤਾ ਬੂਝਤ ਕਰਤਾ॥
ਆਵਤੁ ਕਰਤਾ ਜਾਤੁ ਭੀ ਕਰਤਾ॥ ਨਿਰਗੁਨ ਕਰਤਾ ਸਰਗੁਨ ਕਰਤਾ॥
ਗੁਰ ਪ੍ਰਸਾਦਿ ਨਾਨਕ ਸਮਦ੍ਰਿਸਟਾ॥ ੨॥

ਰਾਗ ਗੋਂਡ ਮਹਲਾ : ੫ (ਪੰਨਾ : ੮੬੨)

ਤਥਾ :—ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥

ਸਲੋਕ ਸੁਖਮਨੀ (ਪੰਨਾ : ੨੯੦)

ਕਰਤਾ ਕੌਣ ਹੈ ?

ਜਿਸ ਕਰਤੇ ਨੂੰ ਆਸਾ ਰਾਗ ਵਿੱਚ ਗੁਰੂ ਰਾਮਦਾਸ ਜੀ ਨੇ "**ਤੂੰ ਕਰਤਾ**" ਕਹਿ ਕੇ ਸੰਬੋਧਨ ਕੀਤਾ ਹੈ। ਕਿ ਹੇ ਕਰਤਾਰ। ਤੂੰ ਸਾਰਿਆਂ ਦਾ ਕਰਤਾ ਹੈਂ। ਹੇ ਕਰਤੇ ਤੂੰ ਸੱਚ ਦਾ ਪੁੰਜ ਹੈ। ਕਰਤੇ ਤੂੰ ਮੇਰਾ ਮਾਲਕ ਹੈਂ। ਹੇ ਕਰਤੇ, ਜੋ ਕੁੱਝ ਤੈਨੂੰ ਭਾਉਂਦਾ ਹੈ ਉਹੋ ਕੁੱਝ

ਹੀ ਹੁੰਦਾ ਹੈ। ਮੈਂ ਆਪਣੇ ਬਲ ਨਾਲ ਕੁਝ ਵੀ ਪ੍ਰਾਪਤ ਨਹੀਂ ਕਰ ਸਕਦਾ ਜੋ ਕੁਝ ਤੁਸੀਂ ਦਿੰਦੇ ਹੋ ਉਹ ਹੀ ਮੈਨੂੰ ਮਿਲਦਾ ਹੈ। ਹੇ ਕਰਤੇ, ਸਾਰੀ ਰਚਨਾ ਤੁਹਾਡੀ ਹੈ। ਸਭ ਆਦਿਕਾਲ ਤੋਂ ਤੁਹਾਨੂੰ ਹੀ ਧਿਆ ਰਹੇ ਹਨ। ਹੇ ਕਰਤਾਰ, ਜਿਨ੍ਹਾਂ ਉੱਪਰ ਤੁਸੀਂ ਰਹਿਮਤ ਕਰਦੇ ਹੋ ਉਹਨਾਂ ਨੂੰ ਹੀ ਹਰੀ ਦਾ ਨਾਮ ਰੂਪ ਰਤਨ ਪ੍ਰਾਪਤ ਹੁੰਦਾ ਹੈ। ਗੁਰਮੁਖਾਂ ਨੇ ਨਾਮ ਜਪ ਕੇ ਮਨੁੱਖਾ ਜਨਮ ਦਾ ਲਾਭ ਪ੍ਰਾਪਤ ਕਰ ਲਿਆ ਹੈ, ਪਰ ਮਨਮੁਖਾਂ ਨੇ ਆਪਣਾ ਕੀਮਤੀ ਮਨੁੱਖਾ ਜਨਮ ਐਵੇਂ ਵਿਅਰਥ ਗੁਆ ਲਿਆ। ਹੇ ਕਰਤੇ, ਤੂੰ ਆਪ ਹੀ ਮਾਇਆ ਦਾ ਪ੍ਰਭਾਵ ਪਾ ਕੇ ਜੀਵਾਂ ਨੂੰ ਆਪਣੇ ਤੋਂ ਵਿਛੋੜਿਆ ਹੈ ਅਤੇ ਗੁਰਮੁੱਖਾਂ ਨੂੰ ਆਪ ਹੀ, ਆਪਣੇ ਨਾਲ ਅਭੇਦ ਕਰ ਲਿਆ ਹੈ। ਹੇ ਕਰਤੇ, ਤੂੰ ਚੇਤਨਾ ਦਾ ਅਥਾਹ ਪ੍ਰਵਾਹ ਹੈ। ਸਾਰੀ ਕਾਇਨਾਤ ਤੇਰੇ ਚੇਤਨਤਾ ਪ੍ਰਵਾਹ ਵਿੱਚ ਹੀ ਵਰਤ ਰਹੀ ਹੈ। ਤੈਥੋਂ ਬਿਨਾਂ ਹੋਰ ਕੋਈ ਨਹੀਂ ਹੈ। ਇਹ ਸੰਸਾਰ ਦਾ ਖੇਲ-ਤਮਾਸ਼ਾ ਵੀ ਤੁਹਾਡਾ ਆਪਣਾ ਹੀ ਬਣਾਇਆ ਹੋਇਆ ਹੈ, ਸੰਜੋਗ ਵਿਜੋਗ ਦੇ ਨਿਯਮ ਵੀ ਤੁਸੀਂ ਆਪ ਹੀ ਨਿਯਮਿਤ ਕੀਤੇ ਹਨ। ਜਿਨ੍ਹਾਂ ਨੂੰ ਤੁਸੀਂ ਸੋਝੀ ਦਿੰਦੇ ਹੋ ਉਹੋ ਅਸਲੀਅਤ ਤੋਂ ਜਾਣੂ ਹੋ ਜਾਂਦੇ ਹਨ। ਜਿਨ੍ਹਾਂ ਨੇ ਹਰੀ-ਵਾਹਿਗੁਰੂ ਦਾ ਸਿਮਰਨ ਕੀਤਾ ਉਨ੍ਹਾਂ ਨੂੰ ਸਦੀਵੀ ਸੁੱਖ ਤੇ ਕਰਤੇ-ਹਰੀ ਵਿੱਚ ਲੀਨਤਾ ਪ੍ਰਾਪਤ ਹੋ ਗਈ ਹੈ। ਹੇ ਵਾਹਿਗੁਰੂ, ਤੁਸੀਂ ਸਭ ਜਗਤ ਦੇ ਕਰਤੇ ਹੋ ਤੁਹਾਡਾ ਕੀਤਾ ਹੋਇਆ ਹੀ ਸਾਰੇ ਵਰਤ ਰਿਹਾ ਹੈ। ਤੁਹਾਡੇ ਬਿਨਾਂ ਹੋਰ ਕੋਈ ਦੂਜਾ ਹੈ ਹੀ ਨਹੀਂ। ਤੁਸੀਂ ਹੀ ਸਾਰਿਆਂ ਨੂੰ ਰਚ ਕੇ ਆਪਣੀ ਰਚਨਾ ਦਾ ਤਮਾਸ਼ਾ ਵੇਖ ਰਹੇ ਹੋ। ਪਰ ਇਸ ਅਸਲੀਅਤ ਦਾ ਭੇਦ ਗੁਰਮੁਖ ਜਨਾਂ ਨੂੰ ਪ੍ਰਗਟ ਹੁੰਦਾ ਹੈ :—

ਤੂੰ ਕਰਤਾ ਸਚਿਆਰੁ ਮੈਡਾ ਸਾਂਈ॥
ਜੋ ਤਉ ਭਾਵੈ ਸੋਈ ਥੀਸੀ
ਜੋ ਤੂੰ ਦੇਹਿ ਸੋਈ ਹਉ ਪਾਈ॥ ੧॥ ਰਹਾਉ॥
ਸਭ ਤੇਰੀ ਤੂੰ ਸਭਨੀ ਧਿਆਇਆ॥
ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ॥
ਗੁਰਮੁਖਿ ਲਾਧਾ ਮਨਮੁਖਿ ਗਵਾਇਆ
ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ॥ ੧॥
ਤੂੰ ਦਰੀਆਉ ਸਭ ਤੁਝ ਹੀ ਮਾਹਿ॥
ਤੁਝ ਬਿਨੁ ਦੂਜਾ ਕੋਈ ਨਾਹਿ॥
ਜੀਅ ਜੰਤ ਸਭਿ ਤੇਰਾ ਖੇਲੁ
ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ॥ ੨॥

ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ॥
ਹਰਿ ਗੁਣ ਸਦ ਹੀ ਆਖਿ ਵਖਾਣੈ॥
ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ॥
ਸਹਜੇ ਹੀ ਹਰਿ ਨਾਮਿ ਸਮਾਇਆ॥੩॥
ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ॥
ਤੁਧੁ ਬਿਨੁ ਦੂਜਾ ਅਵਰੁ ਨ ਕੋਇ॥
ਤੂ ਕਰਿ ਕਰਿ ਵੇਖਹਿ ਜਾਣਹਿ ਸੋਇ॥
ਜਨ ਨਾਨਕ ਗੁਰਮੁਖਿ ਪਰਗਟੁ ਹੋਇ॥ ੪॥

ਆਸਾ ਮਹਲਾ ੪ (ਪੰਨਾ : ੧੧)

ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਆਗਮਨ ਤੋਂ ਪਹਿਲਾਂ ਕਰਤੇ ਪ੍ਰਤੀ ਵੀ ਦੁਵਿਧਾ ਬਣੀ ਹੋਈ ਸੀ। ਧਾਰਮਿਕ ਦੁਨੀਆ ਵਿੱਚ ਪਰਚਾਰਿਆ ਗਿਆ ਸੀ ਕਿ ਇਕ ਸੰਸਾਰ ਦਾ ਕਰਤਾ[੧] ਹੈ, ਇੱਕ ਸੰਸਾਰ ਦਾ ਭੁਗਤਾ[੨] ਹੈ, ਇੱਕ ਸੰਸਾਰ ਦਾ ਹਰਤਾ[੩] ਹੈ। ਇਸ ਬੁਨਿਆਦੀ ਭੁਲੇਖੇ ਨੂੰ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਦੂਰ ਕੀਤਾ ਅਤੇ ਲੁਕਾਈ ਸਾਹਮਣੇ ਅਸਲੀਅਤ ਨੂੰ ਉਜਾਗਰ ਕੀਤਾ ਕਿ ਕਰਤਾ ਇੱਕੋ ਹੀ ਹੈ। ਉਹ ਇੱਕ ਹੀ ਪੈਦਾ ਕਰਦਾ ਹੈ; ਉਹ ਇੱਕ ਹੀ ਸਭ ਦੀ ਪਾਲਣਾ ਕਰਦਾ ਹੈ ਤੇ ਉਹ ਇੱਕ ਹੀ ਸੰਸਾਰ ਦੀ ਲੈਅਤਾ ਕਰਦਾ ਹੈ। ਕੋਈ ਤਿੰਨ ਕਰਤੇ ਨਹੀਂ ਹਨ। ਉਹ ਤਾਂ :—

ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ ੧॥ ਰਹਾਉ॥
ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ॥
ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ॥ ੨॥

ਆਸਾ ਮ: ੧ (ਪੰਨਾ : ੩੫੦)

ਤਥਾ :—ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ॥ ੧੩॥

ਸੂਹੀ ਮ: ੪ (ਪੰਨਾ : ੭੫੯)

ਕਰਤਾ ਕੌਣ ਹੈ? ਜਿਸਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮੂਲ ਮੰਤਰ ਵਿੱਚ "**ਕਰਤਾ ਪੁਰਖੁ**" ਲਿਖਿਆ ਤੇ "**ਸੋਰਠਿ ਰਾਗ**" ਵਿੱਚ ਗੁਰੂ ਪੰਚਵੇ ਪਾਤਸ਼ਾਹ ਜੀ ਨੇ ਉਸ ਕਰਤੇ ਪ੍ਰਤੀ ਫੁਰਮਾਨ ਕੀਤਾ ਹੈ, ਹੇ ਭਾਈ ਜਿਸ ਨੇ ਸਾਰੇ ਸੰਸਾਰ ਨੂੰ ਪੈਦਾ ਕੀਤਾ ਹੈ ਅਤੇ ਜੋ ਸਾਰੇ ਕਾਰਣਾਂ ਦੇ ਕਰਨ ਦੀ ਸਮੱਰਥਾ ਰੱਖਦਾ ਹੈ ਤੇ ਸਾਰੇ ਜਗਤ ਦਾ ਮੂਲ ਹੈ, ਜਿਸਨੇ ਸਰੀਰ ਦੇ ਕੇ ਉਸਨੂੰ ਚਲਾਉਣ ਲਈ ਜਿੰਦ "ਆਤਮਾ" ਬਖ਼ਸ਼ਿਸ਼

੧. ਪੈਦਾ ਕਰਨ ਵਾਲਾ ੨. ਪਾਲਣ ਵਾਲਾ ੩. ਨਾਸ਼ ਕਰਨ ਵਾਲਾ

ਕੀਤੀ ਹੈ, ਜੋ ਸਾਡੀ ਦ੍ਰਿਸ਼ਟੀ ਅਤੇ ਕਥਨ ਤੋਂ ਪਰੇ ਹੈ। ਐਸੇ ਕਰਤੇ ਦੀ ਸੋਝੀ ਗੁਰੂ ਰਾਹੀਂ ਨਾਮ ਜਪ ਦੁਆਰਾ ਪ੍ਰਾਪਤ ਹੁੰਦੀ ਹੈ। ਇਸ ਲਈ ਹੇ ਮੇਰੇ ਮਨ, ਹਰੀ-ਭਗਵੰਤ ਕਰਤੇ ਦਾ ਨਾਮੁ ਜਪਣਾ ਚਾਹੀਦਾ ਹੈ।

ਜਿਸ ਕਰਤੇ ਦੇ ਘਰ ਵਿੱਚ ਕਿਸੇ ਵੀ ਪਦਾਰਥ ਦੀ ਕਮੀ ਨਹੀਂ, ਜਿਸ ਦੇ ਘਰ ਵਿੱਚ ਨੌ ਨਿੱਧਾਂ ਸਹਿਤ ਭੰਡਾਰੇ ਭਰੇ ਪਏ ਹਨ। ਉਸ ਕਰਤੇ ਪ੍ਰਮੇਸ਼ਰ ਦੀ ਕੀਮਤ ਨਹੀਂ ਪਾਈ ਜਾ ਸਕਦੀ। ਉਹ ਬਹੁਤ ਉੱਚਾ, ਅਪਹੁੰਚ ਤੇ ਬੇਅੰਤ ਹੈ। ਉਹ ਸਾਰੇ ਜੀਵਾਂ-ਜੰਤਾਂ ਦੀ ਹਰ ਸਮੇਂ ਪਾਲਣਾ ਕਰਦਾ ਤੇ ਸਾਰਿਆਂ ਦੀ ਸਾਰ-ਸੰਭਾਲ ਕਰਦਾ ਹੈ।

ਮੇਰੇ ਕਰਤੇ ਮਾਲਕ ਵਿੱਚ ਬਹੁਤ ਗੁਣ ਹਨ। ਉਹ ਗੁਣਹੀਨਾਂ ਦੀ ਵੀ ਪਾਲਣਾ ਕਰਦਾ ਹੈ ਤੇ ਨਿਆਸਰਿਆਂ ਨੂੰ ਸਹਾਰਾ ਦਿੰਦਾ ਹੈ। ਉਹ ਮਾਲਕ ਤਾਂ ਹਰੇਕ ਸਾਹ ਦੇ ਨਾਲ ਰਿਜ਼ਕ ਪਹੁੰਚਾਉਂਦਾ ਹੈ। ਮੈਂ ਐਸੇ ਕਰਤਾਰ-ਕਰਤੇ ਤੋਂ ਬਲਿਹਾਰ ਜਾਂਦਾ ਹਾਂ।

ਸਭੁ ਜਗੁ ਜਿਨਹਿ ਉਪਾਇਆ ਭਾਈ ਕਰਣ ਕਾਰਣ ਸਮਰਥੁ॥
ਜੀਉ ਪਿੰਡੁ ਜਿਨਿ ਸਾਜਿਆ ਭਾਈ ਦੇ ਕਰਿ ਆਪਣੀ ਵਥੁ॥
ਕਿਨਿ ਕਹੀਐ ਕਿਉ ਦੇਖੀਐ ਭਾਈ ਕਰਤਾ ਏਕੁ ਅਕਥੁ॥
ਗੁਰੁ ਗੋਵਿੰਦੁ ਸਲਾਹੀਐ ਭਾਈ ਜਿਸ ਤੇ ਜਾਪੈ ਤਥੁ॥ ੧॥
ਮੇਰੇ ਮਨ ਜਪੀਐ ਹਰਿ ਭਗਵੰਤਾ॥
ਨਾਮ ਦਾਨੁ ਦੇਇ ਜਨ ਅਪਨੇ ਦੂਖ ਦਰਦ ਕਾ ਹੰਤਾ॥ ਰਹਾਉ॥
ਜਾ ਕੈ ਘਰਿ ਸਭੁ ਕਿਛੁ ਹੈ ਭਾਈ ਨਉ ਨਿਧਿ ਭਰੇ ਭੰਡਾਰ॥
ਤਿਸ ਕੀ ਕੀਮਤਿ ਨਾ ਪਵੈ ਭਾਈ ਊਚਾ ਅਗਮ ਅਪਾਰ॥
ਜੀਅ ਜੰਤ ਪ੍ਰਤਿਪਾਲਦਾ ਭਾਈ ਨਿਤ ਨਿਤ ਕਰਦਾ ਸਾਰ॥
ਸਤਿਗੁਰੁ ਪੂਰਾ ਭੇਟੀਐ ਭਾਈ ਸਬਦਿ ਮਿਲਾਵਣਹਾਰ॥ ੨॥
ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ॥
ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ॥
ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ॥

ਸੋਰਠਿ ਮ: ੫ (ਪੰਨਾ : ੬੩੯)

ਤਥਾ :—ਬਹੁ ਗੁਣ ਮੇਰੇ ਸਾਹਿਬੈ ਭਾਈ ਹਉ ਤਿਸ ਕੈ ਬਲਿ ਜਾਉ॥
ਓਹੁ ਨਿਰਗੁਣੀਆਰੇ ਪਾਲਦਾ ਭਾਈ ਦੇਇ ਨਿਥਾਵੇ ਥਾਉ॥
ਰਿਜਕੁ ਸੰਬਾਹੇ ਸਾਸਿ ਸਾਸਿ ਭਾਈ ਗੂੜਾ ਜਾ ਕਾ ਨਾਉ॥

ਸੋਰਠਿ ਮ: ੫ (ਪੰਨਾ : ੬੪੦)

ਮਾਇਆ ਦੇ ਪ੍ਰਭਾਵ ਕਰਕੇ ਮਨੁੱਖੀ ਸੁਭਾਅ ਅਨੁਸਾਰ ਮਨੁੱਖ ਦਾਤੇ-ਕਰਤੇ ਨੂੰ ਛੱਡ ਕੇ ਕ੍ਰਿਤ ਦਾ ਸਹਾਰਾ ਲੈਂਦਾ ਹੈ ਤੇ ਕ੍ਰਿਤ ਪਾਸੋਂ ਅਪਣੀਆਂ ਲੋੜਾਂ-ਕਾਰਜਾਂ ਦੀ ਪੂਰਤੀ ਚਾਹੁੰਦਾ ਹੈ। ਭੁਲੇਵੇਂ ਕਾਰਣ ਮਨੁੱਖ, ਮਨੁੱਖ ਅੱਗੇ ਹੱਥ ਅੱਡ ਕੇ ਮੰਗਦਾ ਹੈ ਅਤੇ ਭਾਈ ਗੁਰਦਾਸ ਜੀ ਦੇ ਫੁਰਮਾਨ ਨੂੰ ਸਾਕਾਰ ਕਰਨ ਲੱਗ ਜਾਂਦਾ ਹੈ :—

ਕਰਤਾ ਪੁਰਖੁ ਵਿਸਾਰਿ ਕੈ ਮਾਣਸ ਦੀ ਮਨਿ ਆਸ ਧਰੇਹੀ॥

ਵਾਰ ੧੫, ਪਉੜੀ ੩

ਮਨੁੱਖ ਸਤਿਗੁਰੂ ਜੀ ਦੀ ਬਖਸ਼ਿਸ਼ ਕੀਤੀ ਅਟੱਲ ਸਚਾਈ ਨੂੰ ਮਨ ਵਿੱਚੋਂ ਵਿਸਾਰ ਦਿੰਦਾ ਹੈ :—

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥
ਦੇਵਨ ਕਉ ਏਕੈ ਭਗਵਾਨੁ॥

ਸੁਖਮਨੀ ਮ: ੫, ਪੰਨਾ : ੨੮੧

ਮਾਇਆ ਦਾ ਪ੍ਰਭਾਵ ਐਸਾ ਹੈ ਕਿ ਮਨੁੱਖ ਭਗਵਾਨ-ਦਾਤਾਰ ਨੂੰ ਤਾਂ ਤੀਜੇ ਨੰਬਰ ਤੇ ਜਾ ਧਰਦਾ ਹੈ। ਪਹਿਲਾ ਮਨੁੱਖ ਆਪਣੀ ਗਰਜ਼ ਮਨੁੱਖੀ ਵਸੀਲੇ ਨਾਲ, ਮਨੁੱਖ ਪਾਸੋਂ ਪੂਰੀ ਕਰਾਉਂਦਾ ਹੈ। ਜੇ ਮਨੁੱਖ ਦੀ ਗਰਜ਼, ਮਨੁੱਖ ਕੋਲੋਂ ਪੂਰੀ ਨਾ ਹੋਵੇ, ਫਿਰ ਦੇਵੀ ਦੇਵਤੇ ਜੋ ਕਰਤੇ ਦੀ ਕ੍ਰਿਤ ਹਨ, ਇਸ ਕ੍ਰਿਤ ਨੂੰ ਹੀ ਕਰਤਾ ਮੰਨ ਕੇ ਉਹਨਾਂ ਦੇ ਦਰ ਦਾ ਭਿਖਾਰੀ ਬਣ ਜਾਂਦਾ ਹੈ। ਹੁੰਦਾ ਕੀ ਹੈ ?

ਕਰਤਾ ਪੁਰਖੁ ਨ ਚੇਤਿਓ ਕੀਤੇ ਨੋ ਕਰਤਾ ਕਰਿ ਜਾਣੈ

ਵਾਰ ੧੫ ਪਉੜੀ ੭

ਇਸ ਭੁਲੇਖੇ ਕਾਰਨ ਮਨੁੱਖ ਮੂਲ ਨੂੰ ਛੱਡ ਕੇ ਡਾਲੀਆਂ ਨਾਲ ਜਾ ਲਿਪਟਦਾ ਹੈ ਤੇ ਪੱਲੇ ਕੁੱਝ ਵੀ ਨਹੀਂ ਪੈਂਦਾ :—

ਹੁੰਦਾ ਕੀ ਹੈ ?

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ॥

ਸੋਰਠਿ ਮਹਲਾ : ੧ (ਪੰਨਾ : ੬੩੭)

ਤਥਾ :—ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ॥

ਆਸਾ ਮ: ੧ (ਪੰਨਾ : ੪੨੦)

ਅਤੇ :—ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥

ਸਲੋਕ ਮ: ੧ (ਪੰਨਾ : ੪੭੦)

ਦੀ ਸਚਾਈ ਵਰਤ ਜਾਂਦੀ ਹੈ।

ਇੱਕ ਸਮੇਂ ਬਾਬਾ ਨਾਮਦੇਵ ਜੀ ਨੂੰ ਆਦਿ-ਭਵਾਨੀ ਨੇ ਦਰਸ਼ਨ ਦਿੱਤੇ ਤੇ ਬਾਬਾ ਨੂੰ ਕੁਝ ਦੇਣ ਦੀ ਇਛਿਆ ਪ੍ਰਗਟਾਈ। ਬਾਬਾ ਨਾਮਦੇਵ ਜੀ ਨੇ ਜੀਵਨ ਮੁਕਤੀ ਦੀ ਮੰਗ ਆਦਿ-ਭਵਾਨੀ ਪਾਸੋਂ ਕੀਤੀ। ਪਰ ਜੀਵਨ ਮੁਕਤੀ ਦੇਣ ਤੋਂ ਅਸਮਰਥਤਾ ਪ੍ਰਗਟਾ ਕੇ ਆਦ-ਭਵਾਨੀ ਅਲੋਪ ਹੋ ਗਈ। ਆਦਿ-ਭਵਾਨੀ ਨੂੰ ਸੰਬੋਧਨ ਕਰਕੇ ਬਾਬਾ ਨਾਮਦੇਵ ਜੀ ਨੇ ਕਟਾਕਸ਼ ਕਰਦਿਆਂ ਫੁਰਮਾਨ ਕੀਤਾ :—

ਤੂ ਕਹੀਅਤ ਹੀ ਆਦਿ ਭਵਾਨੀ॥
ਮੁਕਤਿ ਕੀ ਬਰੀਆ ਕਹਾ ਛਪਾਨੀ॥

ਗੋਂਡ ਬਾਣੀ ਨਾਮਦੇਉ ਜੀ ਕੀ (ਪੰਨਾ : ੮੭੪)

ਭਾਈ ਗੁਰਦਾਸ ਜੀ ਨੇ ਵੀ ੨੭ ਵੀ ਵਾਰ ਦੀ ਪੰਦਰਵੀਂ ਪਉੜੀ ਵਿੱਚ ਸਾਨੂੰ ਬਹੁਤ ਪਿਆਰ ਨਾਲ ਸਮਝਾਇਆ ਹੈ ਕਿ :—

੧. ਕਰਤੇ ਦੀ ਕ੍ਰਿਤ ਚੋਂ ਬਣੇ ਦਾਤੇ ਅੱਗੇ ਹੱਥ ਨਹੀਂ ਅੱਡਣਾ ਚਾਹੀਦਾ ਕਿਉਂਕਿ ਉਹ ਤੁਹਾਡੀਆਂ ਸਾਰੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੇ। ਜੇ ਇੱਕ ਮੰਗ ਪੂਰੀ ਹੋ ਵੀ ਗਈ, ਦੂਸਰੀ ਦੀ ਪੂਰਤੀ ਲਈ ਕਿਸੇ ਹੋਰ ਦਰ ਦੀ ਭਾਲ ਕਰਨੀ ਪਵੇਗੀ।
੨. ਹੇ ਲੋਕੋ! ਥੋੜ ਦਿਲਾ, ਸ਼ਾਹ ਵੀ ਨਾ ਬਣਾਵੋ, ਜੋ ਨਿੱਤ ਹੀ ਕੀਤੇ ਪਰਉਪਕਾਰ ਨੂੰ ਚਿਤਾਰ-ਚਿਤਾਰ ਕੇ ਤੁਹਾਨੂੰ ਪ੍ਰੇਸ਼ਾਨ ਕਰੇ ਤੇ ਤੁਹਾਨੂੰ ਪਛਤਾਉਣਾ ਪਵੇ।
੩. ਇਹੋ ਜਿਹੇ ਮਾਲਕ ਦੀ ਸੇਵਾ ਕਰਨ ਦਾ ਵੀ ਕੋਈ ਲਾਭ ਨਹੀਂ ਜਿਸ ਕਰਕੇ ਜਮਾਂ ਦਾ ਡੰਡ ਸਹਾਰਨਾ ਪਵੇ।
੪. ਜਿਹੜਾ ਵੈਦ ਜਨਮ-ਮਰਨ ਦਾ ਮੂਲ ਅਹੰਕਾਰ ਦਾ ਰੋਗ ਨਾਸ਼ ਨਾ ਕਰ ਸਕੇ ਐਸੇ ਵੈਦ ਕੋਲ ਵੀ ਨਾ ਜਾਵੋ।
੫. ਜਿਸ ਤੀਰਥ ਤੇ ਨਹਾਉਣ ਨਾਲ ਖੋਟੀ ਮਤ ਦੂਰ ਨਹੀਂ ਹੁੰਦੀ, ਐਸੇ ਤੀਰਥ ਤੇ ਵੀ ਇਸ਼ਨਾਨ ਨਾ ਕਰੋ।
੬. ਪ੍ਰਭੂ-ਰੂਪ ਸਤਿਗੁਰ ਨਾਲ ਹੀ ਪ੍ਰੀਤ ਕਰਨੀ ਚਾਹੀਦੀ ਹੈ ਜਿਸ ਪ੍ਰੀਤ ਸਦਕਾ ਸਿੱਖ ਨੂੰ ਸਹਿਜ ਅਵਸਥਾ ਵਿੱਚ ਸਮਾਈ ਪ੍ਰਾਪਤ ਹੋ ਜਾਂਦੀ ਹੈ।

੧. ਦਾਤਾ ਓਹੁ ਨ ਮੰਗੀਐ ਫਿਰਿ ਮੰਗਣਿ ਜਾਈਐ॥
੨. ਹੋਛਾ ਸਾਹੁ ਨ ਕੀਚਈ ਫਿਰਿ ਪਛੋਤਾਈਐ॥
੩. ਸਾਹਿਬੁ ਓਹੁ ਨ ਸੇਵੀਐ ਜਮ ਡੰਡੁ ਸਹਾਈਐ॥
੪. ਹਉਮੈ ਰੋਗੁ ਨ ਕਟਈ ਓਹੁ ਵੈਦ ਨ ਲਾਈਐ॥
੫. ਦੁਰਮਤਿ ਮੈਲੁ ਨ ਉਤਰੈ ਕਿਉ ਤੀਰਥਿ ਨਾਈਐ॥
੬. ਪੀਰ ਮੁਰੀਦਾਂ ਪਿਰਹੜੀ ਸੁਖ ਸਹਜਿ ਸਮਾਈਐ॥

(ਵਾਰ ੨੭, ਪਉੜੀ ੧੫)

ਕਰਨਾ ਕੀ ਹੈ? ਕ੍ਰਿਤ ਦੇ ਦਾਤਿਆਂ ਦੀ ਝਾਕ ਛੱਡ ਕੇ ਇਕ ਕਰਤੇ ਪਾਸੋਂ ਮੰਗਣਾ ਚਾਹੀਦਾ ਹੈ, ਉਸ ਕਰਤੇ ਨੂੰ ਹੀ ਧਿਆਉਣਾ ਚਾਹੀਦਾ ਹੈ ਜਿਸ ਪਾਸੋਂ ਮੰਗਣ ਤੇ ਧਿਆਉਣ ਨਾਲ ਮਨ ਬਾਂਛਤ ਫਲਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਜੇ ਕਰਤੇ ਦਾਤੇ ਨੂੰ ਛੱਡ ਕੇ ਹੋਰ-ਹੋਰ ਅੱਗੇ ਹੱਥ ਪਸਾਰਾਂਗੇ ਤਾਂ ਸ਼ਰਮ ਨਾਲ, ਬੇ-ਲੱਜ ਹੋ ਕੇ ਮਰਨਾ ਪਵੇਗਾ। ਜਿਨ੍ਹਾਂ ਜਿਨ੍ਹਾਂ ਨੇ ਵੀ ਇੱਕ ਵਾਹਿਗੁਰੂ ਦਾਤੇ ਨੂੰ ਸਿਮਰਿਆ ਹੈ, ਉਨ੍ਹਾਂ ਨੂੰ ਮਨ ਚਿੰਦੀਆਂ ਦਾਤਾਂ ਮਿਲੀਆਂ ਹਨ ਅਤੇ ਉਹਨਾਂ ਦੀਆਂ ਸਾਰੀਆਂ ਵਾਸ਼ਨਾਵਾਂ ਖਤਮ ਹੋ ਗਈਆਂ ਹਨ। ਸਤਿਗੁਰੂ ਜੀ ਕਰਤੇ ਦੀ ਟੇਕ ਵਾਲੇ ਜਨ ਨੂੰ ਵਡਿਆਈ ਦਿੰਦੇ ਫੁਰਮਾਨ ਕਰਦੇ ਹਨ ਕਿ ਐਸੇ ਹਰੀ ਦੀ ਟੇਕ ਵਾਲੇ ਜਨ ਤੋਂ ਅਸੀਂ ਸਦਾ ਬਲਿਹਾਰ ਜਾਂਦੇ ਹਾਂ ਜੋ ਉਸ ਮਾਲਕ ਦੀ ਟੇਕ ਰੱਖ ਕੇ ਉਸ ਕਰਤੇ ਹਰੀ ਨੂੰ ਸਿਮਰਦਾ ਰਹਿੰਦਾ ਹੈ :—

ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ॥
ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ॥
ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ॥
ਜਿਨਿ ਸੇਵਿਆ ਤਿਨਿ ਫਲੁ ਪਾਇਆ,
ਤਿਸੁ ਜਨ ਕੀ ਸਭ ਭੁਖ ਗਵਾਈਐ॥

ਮ: ੧ ਪਉੜੀ (ਪੰਨਾ : ੫੯੦)

ਦਾਤਾ ਕੇਵਲ ਤੇ ਕੇਵਲ ਇੱਕ ਹੀ ਹੈ ਜਿਸ ਨੂੰ ਗੁਰੂ ਨਾਨਕ ਪਾਤਸ਼ਾਹ ਜੀ ਨੇ ਜਪੁਜੀ ਸਾਹਿਬ ਜੀ ਵਿੱਚ "ਸਭਨਾ ਜੀਆ ਕਾ ਇਕੁ ਦਾਤਾ" ਲਿਖ ਕੇ ਉਸ ਨੂੰ ਕਦੇ ਵੀ, ਨਾ ਭੁਲਣ ਲਈ ਉਸ ਦਾਤੇ ਅੱਗੇ ਅਰਦਾਸ ਕੀਤੀ ਹੈ :—

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥

ਜਪੁਜੀ (ਪੰਨਾ ੨)

ਉਹ ਦਾਤਾ ਤਾਂ ਕੇਵਲ ਇੱਕ ਹੀ ਹੈ ਜੋ "ਅਣਮੰਗਿਆ ਦਾਨ ਦੇਵਣਾ ਸਭਨਾਹਾ ਜੀਆ" ਦੀ ਨਿੱਤ ਕਾਰ ਕਰਦਾ ਹੈ। ਉਹ ਤਾਂ ਜਾਨ ਕੋ ਦੇਤ ਅਜਾਨ ਕੋ ਦੇਤ, ਜਮੀਨ

ਕੋ ਦੇਤ ਜਮਾਨ ਕੋ ਦੈ ਹੈ॥ ਦਾ ਬਿਰਦ ਪਾਲਦਾ ਹੈ। ਉਸ ਦਾਤੇ ਦੇ ਭੰਡਾਰਿਆਂ ਵਿੱਚ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਆਉਂਦੀ। ਉਹ ਦਾਤਾ ਸਦਾ ਅਮਰ ਹੈ। ਐਸੇ ਦਾਤੇ ਨੂੰ ਕਦੀ ਵੀ ਭੁਲਾਉਣਾ ਨਹੀਂ ਚਾਹੀਦਾ।

ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ॥
ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ॥
ਦੈਨਹਾਰੁ ਸਦ ਜੀਵਨਹਾਰਾ॥ ਮਨ ਮੂਰਖ ਕਿਉ ਤਾਹਿ ਬਿਸਾਰਾ॥
ਦੋਸੁ ਨਹੀ ਕਾਹੂ ਕਉ ਮੀਤਾ॥ ਮਾਇਆ ਮੋਹ ਬੰਧੁ ਪ੍ਰਭਿ ਕੀਤਾ॥
ਦਰਦ ਨਿਵਾਰਹਿ ਜਾ ਕੇ ਆਪੇ ਨਾਨਕ ਤੇ ਤੇ ਗੁਰਮੁਖਿ ਧ੍ਰਾਪੇ॥ ੩੪॥

ਬਾਵਨ ਅਖਰੀ (ਪੰਨਾ : ੨੫੭)

ਅਸਲੀਅਤ ਵਿੱਚ ਦਾਤਾ ਭਾਵੇਂ ਉਹ ਕਰਤਾ ਪੁਰਖ ਹੀ ਹੈ, ਪਰ ਸਾਡੀ ਜਨਮਾਂ ਜਨਮਾਤਰਾਂ ਤੋਂ "ਕਰਤਾ ਛਡਿ ਕੀਤੇ ਲਪਟਾਇਆ" ਦੀ ਬਾਣ ਇੰਨੀ ਪਰਪੱਕ ਹੋ ਚੁੱਕੀ ਹੈ ਕਿ ਉਹ ਸਹਿਜੇ ਕਿਤੇ ਸਾਡਾ ਖਹਿੜਾ ਨਹੀਂ ਛੱਡ ਰਹੀ। ਸਗੋਂ ਮਨੁੱਖ, ਗੁਰੂ ਕਰਤਾਰ ਦਾਤੇ ਨੂੰ ਛੱਡ ਕੇ ਕ੍ਰਿਤ ਵੱਲ ਝਾਕਣ ਦੀ ਆਦਤ ਨੂੰ ਪਹਿਲ ਦਿੰਦਾ ਤੇ ਕਰਤੇ ਦੀ ਕ੍ਰਿਤ ਬੰਦਿਆ ਦਾ ਮੰਗਤਾ ਬਣ ਕੇ ਸੰਤੁਸ਼ਟ ਰਹਿਣਾ ਲੋਚਦਾ ਹੈ। ਇਸ ਸਦਕਾ ਬੰਦੇ ਦੇ ਬਣੇ ਬੰਦੇ ਦਾ ਜੋ ਹਾਲ ਹੁੰਦਾ ਹੈ ਭਾਈ ਸਾਹਿਬ ਫੁਰਮਾਉਂਦੇ ਹਨ :—

ਸਤਿਗੁਰ ਸਾਹਿਬੁ ਛਡਿ ਕੈ ਮਨਮੁਖੁ ਹੋਇ ਬੰਦੇ ਦਾ ਬੰਦਾ॥
ਹੁਕਮੀ ਬੰਦਾ ਹੋਇ ਕੈ ਨਿਤ ਉਠਿ ਜਾਇ ਸਲਾਮ ਕਰੰਦਾ॥
ਆਠ ਪਹਰ ਹਥ ਜੋੜਿ ਕੈ ਹੋਇ ਹਜੂਰੀ ਖੜਾ ਰਹੰਦਾ॥
ਨੀਦ ਨ ਭੁਖ ਨ ਸੁਖ ਤਿਸੁ ਸੂਲੀ ਚੜ੍ਹਿਆ ਰਹੈ ਡਰੰਦਾ॥
ਪਾਣੀ ਪਾਲਾ ਧੁਪ ਛਾਉ ਸਿਰ ਉਤੈ ਝਲਿ ਦੁਖ ਸਹੰਦਾ॥
ਆਤਸਬਾਜੀ ਸਾਰੁ ਵੇਖਿ ਰਣ ਵਿਚਿ ਘਾਇਲੁ ਹੋਇ ਮਰੰਦਾ॥
ਗੁਰ ਪੂਰੇ ਵਿਣੁ ਜੂਨਿ ਭਵੰਦਾ॥੪॥

ਵਾਰ ੧੫ ਪਉੜੀ ੪

ਅਸੀਂ ਬੰਦੇ ਦੇ ਬੰਦੇ ਨਹੀਂ ਬਣਨਾ, ਉਸ ਕਰਤੇ ਕਰਤਾਰ ਅੱਗੇ ਆਪਣੀਆਂ ਲੋਕ ਪਰਲੋਕ ਦੀਆਂ ਮੰਗਾਂ ਲਈ ਪੁਕਾਰਨਾ ਹੈ ਤੇ ਕਰਤੇ ਦਾਤੇ ਨੇ :—

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥

ਧਨਾਸਰੀ ਮ : ੫ (ਪੰਨਾ : ੬੮੧)

ਦੀ ਲਾਜ ਪਾਲਣੀ ਹੈ।

ਉਸ ਕਰਤੇ ਅੱਗੇ ਬੇਨਤੀ ਕਰਨੀ ਹੈ, ਹੇ ਕਰਤੇ ! ਮੈਂ ਦਾਸ (ਸੇਵਕ) ਦਾ ਤੇਰੇ ਨਾਲ ਬਹੁਤ ਸਨੇਹ ਪਿਆਰ ਹੈ। ਹੇ ਕਰਤੇ ਤੂੰ ਹੀ ਮੇਰਾ ਸੱਜਣ ਹੈਂ, ਤੂੰ ਹੀ ਮੇਰਾ ਮਿੱਤਰ ਹੈਂ। ਤੇਰੇ ਘਰ ਵਿੱਚ ਕਿਹੜੀ ਚੀਜ਼ ਨਹੀਂ (ਭਾਵ ਸਭ ਕੁਛ ਹੈ)। ਇਸ ਲਈ ਹੇ ਕਰਤੇ ਪੁਰਖ ਪ੍ਰਭੂ, ਮੈਂ ਤੇਰੇ ਪਾਸੋਂ ਇੱਜ਼ਤ, ਬਲ, ਧਨ ਤੇ ਇਸਤ੍ਰੀ ਪੁੱਤਰ ਮੰਗਦਾ ਹਾਂ। ਇਹ ਸਭ ਦਾਤਾਂ ਤੁਸੀਂ ਮੈਨੂੰ ਦੇਵੋ ਜੀ। ਹੇ ਕਰਤੇ ਪ੍ਰਭੂ ਜੀ, ਤੁਸੀਂ ਜੀਵਨ ਮੁਕਤੀ ਤੇ ਜੀਵਨ ਜੁਗਤੀ ਤੇ ਭੋਜਨ ਦੇ ਦਾਤੇ ਹੋ। ਤੁਸੀਂ ਪਰਮ ਅਨੰਦ ਤੇ ਸੁੱਖਾਂ ਦੇ ਮਾਲਕ ਹੋ। ਹੇ ਕਰਤੇ ਪ੍ਰਭੂ ਜੀ, ਤੁਸੀਂ ਪਿਆਰ ਵਿੱਚ ਭਿੱਜ ਕੇ ਭਗਤੀ ਕਰਨ ਵਾਲਿਆਂ ਨੂੰ ਨਿਹਾਲ ਕਰ ਦਿੰਦੇ ਹੋ, ਮੈਂ ਦਾਸ ਤੈਂ ਕਰਤੇ ਤੋਂ ਸਦਾ ਸਦਾ ਕੁਰਬਾਨ ਜਾਂਦਾ ਹਾਂ :—

ਜਨ ਕੋ ਪ੍ਰਭੁ ਸੰਗੇ ਅਸਨੇਹੁ।
ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ॥੧॥ ਰਹਾਉ॥
ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ॥੧॥
ਮੁਕਤਿ ਜੁਗਤਿ ਭੁਗਤਿ ਪੂਰਨ ਪਰਮਾਨੰਦ ਪਰਮ ਨਿਧਾਨ॥
ਭੈ ਭਾਇ ਭਗਤਿ ਨਿਹਾਲ ਨਾਨਕ ਸਦਾ ਸਦਾ ਕੁਰਬਾਨ॥

ਕਾਨੜਾ ਮ: ੫ (ਪੰਨਾ : ੧੩੦੭-੧੩੦੮)

ਕੈਸੀ ਕਰਤੇ ਦੀ ਕਰਤਾ ਨਾਲ ਅਸਚਰਜ ਖੇਡ ਹੈ। ਦੇਣ ਵਾਲਾ ਵੀ ਆਪ ਹੈ, ਲੈਣ ਵਾਲਾ ਵੀ ਆਪ :—

ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ॥੨॥

ਮ: ੨ (ਪੰਨਾ : ੪੭੫)

ਗੁਰੂ ਮਿਹਰ ਨਾਲ ਪ੍ਰਮਾਤਮਾਂ ਜਦੋਂ ਸੋਝੀ ਬਖਸ਼ਸ਼ ਕਰਦਾ ਹੈ ਫਿਰ ਤਾਂ :—

ਦਾਤਾ ਭੁਗਤਾ ਦੇਨਹਾਰੁ ਤਿਸੁ ਬਿਨੁ ਅਵਰੁ ਨ ਜਾਇ॥
ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ॥

ਮ: ੫ (ਪੰਨਾ : ੨੯੬)

ਤਥਾ :—**ਤੂੰ ਆਪੇ ਦਾਤਾ ਆਪੇ ਭੁਗਤਾ ਜੀ**
ਹਉ ਤੁਧੁ ਬਿਨੁ ਅਵਰੁ ਨ ਜਾਣਾ॥

ਰਾਗ ਆਸਾ ਮ: ੪ (ਪੰਨਾ : ੧੧)

ਦੀ ਲੱਖਤਾ ਹੋ ਆਉਂਦੀ ਹੈ ਜੋ ਅਨੰਦ ਹੀ ਅਨੰਦ ਤੇ ਬਿਸਮਾਦ ਦੀ ਦਸ਼ਾ ਬਖਸ਼ਸ਼ ਕਰ ਦਿੰਦੀ ਹੈ। ਫਿਰ ਐਸੇ ਦਾਤੇ-ਕਰਤੇ ਪਾਸੋਂ ਮੰਗਣ ਲੱਗਿਆਂ ਸ਼ਰਮ ਕਾਹਦੀ? ਜਿਹਨਾਂ ਨੂੰ ਅਸਲੀ ਦਾਤੇ ਦੀ ਸੋਝੀ ਹੋ ਆਈ ਫਿਰ ਉਨ੍ਹਾਂ ਨੇ ਆਪਣੇ ਦਾਤਾਰ ਅੱਗੇ ਨਿਸੰਗ ਹੋ ਕੇ ਆਪਣੀਆਂ ਮੰਗਾਂ ਰੱਖੀਆਂ। ਜਿਵੇਂ ਭਗਤਾਂ ਨੇ ਗੁਰਬਾਣੀ ਰਾਹੀਂ ਉਸ ਦਾਤਾਰ ਅੱਗੇ ਆਪਣੀਆਂ ਨਿੱਜ ਮੰਗਾਂ ਦੀ ਫਹਰਿਸਤ ਰੱਖ ਕੇ ਉਨ੍ਹਾਂ ਨੂੰ ਪੂਰਿਆਂ ਕਰਨ ਲਈ ਬੇਨਤੀ ਕੀਤੀ ਹੈ। ਇਸ ਤਰਾਂ, ਮੰਗਿਆ ਵੀ ਉੱਥੋ ਹੀ ਜਾਂਦਾ ਹੈ ਜਿੱਥੇ ਡੂੰਘੀ ਦਿਲੀ ਸਾਂਝ ਅਪਣੱਤ ਹੋਵੇ। ਇਸ ਨਾਲੋਂ ਵੱਡੀ ਅਪਣੱਤ ਹੋਰ ਹੋ ਵੀ ਕੀ ਸਕਦੀ ਹੈ। ਕਰਤੇ ਦੀ ਅੰਸ਼ ਆਪਣੇ ਕਰਤੇ ਦਾਤੇ ਅੱਗੇ ਨਿਸੰਗ ਹੋ ਕੇ ਸਾਰੀਆਂ ਲੋੜਾਂ ਦੀ ਪੂਰਤੀ ਲਈ ਅਰਦਾਸਾਂ ਕਰਦੀ ਹੈ। ਭਗਤ ਧੰਨਾ ਜੀ ਨੇ ਉਹਨਾਂ ਸਾਰੀਆਂ ਮੰਗਾਂ ਨੂੰ ਕਿੰਨੇ ਪਿਆਰ ਤੇ ਮਾਣ ਭਰੇ ਲਹਿਜੇ ਵਿੱਚ ਰੱਖਿਆ ਹੈ। ਹੇ ਕਰਤੇ, ਮੈਂ ਤੇਰਾ ਲੋੜਵੰਦ ਮੰਗਤਾ ਹਾਂ। ਹੇ ਪਾਲਣਹਾਰ, ਜੋ ਸੇਵਕ ਤੇਰੀ ਭਗਤੀ ਕਰਦੇ ਹਨ ਤੁਸੀਂ ਉਨ੍ਹਾਂ ਦੇ ਸਾਰੇ ਕਾਰਜ ਸੁਆਰ ਦਿੰਦੇ ਹੋ। ਹੇ ਕਰਤੇ ਪ੍ਰਭੂ, ਮੈਂ ਤੁਹਾਡੇ ਪਾਸੋਂ ਦਾਲ, ਆਟਾ ਤੇ ਘਿਉ ਮੰਗਦਾ ਹਾਂ। ਇਨ੍ਹਾਂ ਵਸਤੂਆਂ ਦੀ ਪੂਰਤੀ ਨਾਲ ਮੇਰਾ ਜੀਵਨ ਸੁਖੀ ਤੇ ਨਿਸਚਿੰਤ ਹੋ ਜਾਵੇਗਾ, ਭੋਜਨ ਤੋਂ ਇਲਾਵਾ ਸੁਹਣਾ ਕੱਪੜਾ, ਚੰਗੀ ਵਧੀਆ ਜੁੱਤੀ ਅਤੇ ਚੰਗੀ ਤਰ੍ਹਾਂ ਸਵਾਰ ਕੇ ਵਾਹੀ ਹੋਈ ਜ਼ਮੀਨ ਦਾ ਅਨਾਜ ਵੀ ਮੰਗਦਾ ਹਾਂ। ਇੱਕ ਸੁਹਣੀ ਦੁੱਧ ਦੇਣ ਵਾਲੀ ਗਊ ਤੇ ਇੱਕ ਮੱਝ ਵੀ ਚਾਹੀਦੀ ਹੈ। ਸਫਰ ਕਰਨ ਲਈ ਇੱਕ ਸੁਹਣੀ ਅਰਬੀ ਘੋੜੀ ਦੀ ਵੀ ਲੋੜ ਹੈ। ਘਰ ਦੀ ਇਸਤ੍ਰੀ ਵੀ ਚੰਗੀ ਆਗਿਆਕਾਰ ਹੋਵੇ, ਇਹ ਸਾਰੀਆਂ ਵਸਤੂਆਂ, ਮੈਂ ਤੁਹਾਥੋਂ ਮੰਗ ਕੇ ਲੈਂਦਾ ਹਾਂ ਕਿਉਂਕਿ ਨਿਸਚਿੰਤ ਸੁਖੀ ਜੀਵਨ ਜਿਉਣ ਲਈ ਮੈਨੂੰ ਇਹਨਾਂ ਚੀਜ਼ਾਂ ਦੀ ਲੋੜ ਹੈ:—

ਗੋਪਾਲ ਤੇਰਾ ਆਰਤਾ॥

ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ॥ ੧॥ ਰਹਾਉ॥

ਦਾਲਿ ਸੀਧਾ ਮਾਗਉ ਘੀਉ। ਹਮਰਾ ਖੁਸੀ ਕਰੈ ਨਿਤ ਜੀਉ॥

ਪਨ੍ਹੀਆ ਛਾਦਨੁ ਨੀਕਾ॥ ਅਨਾਜੁ ਮਗਉ ਸਤ ਸੀ ਕਾ॥ ੧॥

ਗਊ ਭੈਸ ਮਗਉ ਲਾਵੇਰੀ॥ ਇਕ ਤਾਜਨਿ ਤੁਰੀ ਚੰਗੇਰੀ॥

ਘਰ ਕੀ ਗੀਹਨਿ ਚੰਗੀ॥ ਜਨੁ ਧੰਨਾ ਲੇਵੈ ਮੰਗੀ॥ ੨॥

ਭਗਤ ਧੰਨਾ ਜੀ (ਪੰਨਾ : ੬੯੫)

ਬਾਬਾ ਕਬੀਰ ਜੀ ਨੇ ਤਾਂ ਉਸ ਦਾਤਾਰ ਕਰਤੇ ਨਾਲ ਧੰਨਾ ਜੀ ਨਾਲੋਂ ਵੀ ਗੂੜ੍ਹੀ ਸਾਂਝ ਪ੍ਰਗਟਾਉਂਦੇ ਉਸ ਦਾਤਾਰ ਕਰਤੇ ਪਾਸੋਂ ਆਪਣਾ ਮੰਗਣ ਦਾ ਹੱਕ ਜਾਣ ਕੇ ਮੰਗ

ਕੀਤੀ ਹੈ ਕਿ ਹੇ ਦਾਤਾਰ ਮਾਧਉ! ਮੇਰੀ ਤੁਹਾਡੇ ਨਾਲ ਪਿਆਰ ਗੰਢ ਇਹੋ ਜਿਹੀ ਬਣ ਗਈ ਹੈ ਜੇ ਤੁਸੀਂ ਆਪ ਮੇਰੀ ਲੋੜ ਦੀਆਂ ਵਸਤੂਆਂ ਨਾ ਦਿਉਗੇ ਤਾਂ ਮੈਂ ਖੁਦ ਆਪ ਪਾਸੋਂ ਮੰਗ ਕੇ ਲੈ ਲਵਾਂਗਾ ਕਿਉਂਕਿ ਭੁੱਖੇ ਰਹਿ ਕੇ ਭਗਤੀ ਨਹੀਂ ਕੀਤੀ ਜਾ ਸਕਦੀ। ਮੈਂ ਸੰਤ ਜਨਾਂ ਦੀ ਚਰਨ ਧੂੜ ਤੇ ਬੇਮੁਹਤਾਜੀ ਵਾਲਾ ਜੀਵਨ ਲੋਚਦਾ ਹਾਂ।

ਮੈਨੂੰ ਦੋ ਸੇਰ ਆਟਾ, ਪਾ ਘਿਉ ਤੇ ਲੂਣ ਚਾਹੀਦਾ ਹੈ। ਅੱਧ ਸੇਰ ਦਾਲ ਅਤੇ ਦੋਵੇਂ ਵੇਲੇ ਦੀ ਖੁਰਾਕ ਦੀਆਂ ਲੋੜੀਂਦੀਆਂ ਵਸਤੂਆਂ ਦੀ ਬਖਸ਼ਸ਼ ਕਰੋ ਜੀ। ਸੌਣ ਵਾਸਤੇ ਮੰਜਾ, ਸਿਰਹਾਣਾ, ਤਲਾਈ ਅਤੇ ਉੱਪਰ ਲੈਣ ਵਾਸਤੇ ਖੇਸ ਤੇ ਰਜਾਈ ਚਾਹੁੰਦਾ ਹਾਂ। ਇਸ ਤਰ੍ਹਾਂ ਸੰਸਾਰਕ ਲੋੜਾਂ ਵਲੋਂ ਨਿਸਚਿੰਤ ਹੋ ਕੇ ਮੈਂ ਪਿਆਰ ਵਿੱਚ ਭਿੱਜ ਕੇ ਤੁਹਾਡੀ ਭਗਤੀ ਕਰਾਂਗਾ।

ਹੇ ਕਰਤੇ ਮਾਧੋ, ਇਹ ਸੰਸਾਰਕ ਵਸਤੂਆਂ ਮੰਗ ਕੇ ਮੈਂ ਕੋਈ ਲੋਭ ਨਹੀਂ ਕੀਤਾ ਕਿਉਂਕਿ ਇਹ ਜੀਵਨ ਨਿਰਬਾਹ ਵਾਸਤੇ ਜ਼ਰੂਰੀ ਹਨ। ਉਂਝ ਮੈਨੂੰ ਤਾਂ ਤੇਰਾ ਨਾਮ ਹੀ ਚੰਗਾ ਲੱਗਦਾ ਹੈ। ਹੇ ਕਰਤੇ ਪ੍ਰਭੂ, ਮੇਰਾ ਮਨ ਤੇਰੇ ਨਾਮ ਜਪ ਨਾਲ ਪਤੀਜ ਗਿਆ ਹੈ। ਜਦੋਂ ਮਨ ਮੰਨ ਗਿਆ ਤਾਂ ਸਮਝੋ ਹਰੀ ਪ੍ਰਮੇਸ਼ਰ ਨੂੰ ਜਾਣ ਲਿਆ :—

ਭੂਖੇ ਭਗਤਿ ਨ ਕੀਜੈ॥ ਯਹ ਮਾਲਾ ਅਪਨੀ ਲੀਜੈ॥

ਹਉ ਮਾਂਗਉ ਸੰਤਨ ਰੇਨਾ॥ ਮੈ ਨਾਹੀ ਕਿਸੀ ਕਾ ਦੇਨਾ॥ ੧॥

ਮਾਧੋ ਕੈਸੀ ਬਨੈ ਤੁਮ ਸੰਗੇ॥ ਆਪਿ ਨ ਦੇਹੁ ਤ ਲੇਵਉ ਮੰਗੇ॥ ਰਹਾਉ।

ਦੁਇ ਸੇਰ ਮਾਂਗਉ ਚੂਨਾ॥ ਪਾਉ ਘੀਉ ਸੰਗਿ ਲੂਨਾ॥

ਅਧ ਸੇਰੁ ਮਾਂਗਉ ਦਾਲੇ॥ ਮੋ ਕਉ ਦੋਨਉ ਵਖਤ ਜਿਵਾਲੇ॥ ੨॥

ਖਾਟ ਮਾਂਗਉ ਚਉਪਾਈ॥ ਸਿਰਹਾਨਾ ਅਵਰ ਤੁਲਾਈ॥

ਊਪਰ ਕਉ ਮਾਂਗਉ ਖੀਂਧਾ॥ ਤੇਰੀ ਭਗਤਿ ਕਰੈ ਜਨੁ ਥੀਧਾ॥ ੩॥

ਮੈ ਨਾਹੀ ਕੀਤਾ ਲਬੋ॥ ਇਕੁ ਨਾਉ ਤੇਰਾ ਮੈ ਫਬੋ॥

ਕਹਿ ਕਬੀਰ ਮਨੁ ਮਾਨਿਆ॥ ਮਨ ਮਾਨਿਆ ਤਉ ਹਰਿ ਜਾਨਿਆ॥ ੪॥

ਰਾਗ ਸੋਰਠਿ ਕਬੀਰ ਜੀ (ਪੰਨਾ : ੬੫੬)

ਦਾਤਾਰ ਕਰਤੇ ਦਾ ਮੰਗਤਾ ਤੇ ਸਿਫਤ ਸਲਾਹਿ ਦੇ ਰਸਤੇ ਦਾ ਪਾਂਧੀ, ਨਿਸਚਿੰਤ ਹੋ ਕੇ, ਸੰਸਾਰ ਵਿੱਚ ਬੇ-ਪ੍ਰਵਾਹੀ ਅਵੱਸਥਾ ਵਿੱਚ ਵਿਚਰਦਾ ਹੈ ਕਿਉਂਕਿ ਉਸਨੂੰ ਗੁਰ ਮੰਤਰ ਦੁਆਰਾ ਸਿਫਤ ਸਲਾਹ ਕਰਕੇ ਯਕੀਨ ਭਰੋਸਾ ਬਣ ਜਾਂਦਾ ਹੈ ਕਿ :—

ਰਾਖਾ ਏਕੁ ਹਮਾਰਾ ਸੁਆਮੀ॥ ਸਗਲ ਘਟਾ ਕਾ ਅੰਤਰਜਾਮੀ॥੧॥ ਰਹਾਉ॥
ਸੋਇ ਅਚਿੰਤਾ ਜਾਗਿ ਅਚਿੰਤਾ॥ ਜਹਾ ਕਹਾਂ ਪ੍ਰਭੁ ਤੂੰ ਵਰਤੰਤਾ॥੨॥
ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ॥੩॥

ਭੈਰਉ ਮਹਲਾ : ੫, (ਪੰਨਾ : ੧੧੩੬)

ਰੱਬੀ ਸਿਫਤ ਸਲਾਹਿ ਉਸ ਗੁਰੂ ਪਿਆਰੇ ਦੇ ਜਿਥੇ ਸਾਰੇ ਔਗੁਣਾਂ ਦੀ ਮੈਲ ਹਿਰਦੇ ਵਿਚੋਂ ਧੋ ਕੇ ਬਾਹਰ ਕੱਢ ਦਿੰਦੀ ਹੈ, ਉੱਥੇ ਉਸਦੇ ਕਿਸੇ ਵੀ ਕੰਮ ਵਿੱਚ ਰੁਕਾਵਟ ਨਹੀਂ ਪੈਂਦੀ। ਉਸਦਾ, ਮਾਇਕੀ ਖਾਹਸ਼ਾਂ ਵੀ, ਖਹਿੜਾ ਛੱਡ ਜਾਂਦੀਆਂ ਹਨ ਤੇ ਉਹ ਸੁਖੀ ਜੀਵਨ ਦਾ ਧਾਰਨੀ ਬਣ ਜਾਂਦਾ ਹੈ। ਪੰਜਵੇਂ ਗੁਰਦੇਵ ਜੀ ਦਾ ਫੁਰਮਾਨ ਹੈ :—

ਦੂਖ ਭੂਖ ਨਹ ਵਿਆਪਈ ਜੇ ਸੁਖਦਾਤਾ ਮਨਿ ਹੋਇ॥
ਕਿਤ ਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ॥
ਜਿਸੁ ਤੂੰ ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ॥
ਸੁਖਦਾਤਾ ਗੁਰੁ ਸੇਵੀਐ ਸਭਿ ਅਵਗਣ ਕਢੈ ਧੋਇ॥ ੨॥

ਸ੍ਰੀ ਰਾਗ ਮ : ੫ (ਪੰਨਾ : ੪੩)

ਕੈਸੀ ਹੈ ਕਰਤੇ-ਦਾਤਾਰ ਦੀ ਸਿਫਤ ਸਾਲਾਹ ਦੀ ਬਰਕਤ, ਪਰ ਇਹ ਸਿਫਤ ਸਲਾਹ ਦੀ ਦਾਤ ਬਹੁਤ ਵਡਮੁੱਲੀ ਹੈ। ਇਹ ਜ਼ੋਰ ਨਾਲ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਜਿਸਨੂੰ ਕਰਤਾ ਆਪਣੀ ਸਿਫਤ ਸਲਾਹ ਬਖਸ਼ਸ਼ ਕਰ ਦਿੰਦਾ ਹੈ। ਫਿਰ ਤਾਂ ਉਹ ਪਾਤਸ਼ਾਹਾਂ ਦਾ ਪਾਤਸ਼ਾਹ ਬਣ ਜਾਂਦਾ ਹੈ। ਕੈਸੀ ਹੈ, ਸਿਫਤ ਸਲਾਹ ਦੀ ਬਖਸ਼ਸ਼!

ਜਿਸ ਨੋ ਬਖਸੇ ਸਿਫਤਿ ਸਾਲਾਹ॥
ਨਾਨਕ ਪਾਤਿਸਾਹੀ ਪਾਤਿਸਾਹੁ॥ ੨੪॥

ਜਪੁਜੀ ਸਾਹਿਬ (ਪੰਨਾ : ੫)

ਭਾਈ ਗੁਰਦਾਸ ਸਾਹਿਬ ਜੀ ਦੇ ਕਥਨ ਅਨੁਸਾਰ ਜੀਵ ਆਤਮਾ ਆਪਣੇ ਸਰੂਪ ਨਾਲ ਮਿਲਣਾ ਚਾਹੁੰਦੀ ਹੈ। ਉਸ ਦੇ ਦਰਸ਼ਣ ਲੋਚਦੀ ਹੈ, ਉਸ ਰਸੀਲੇ, ਰਸੀਏ ਦਾਤੇ ਦੀ ਸੇਵਾ ਕਰਕੇ ਆਪਣੇ ਮਾਲਕ ਦੀ ਪ੍ਰਸੰਨਤਾ ਪ੍ਰਾਪਤ ਕਰਨਾ ਚਾਹੁੰਦੀ ਹੈ, ਪਰ ਜੀਵਨ ਆਤਮਾ ਪਾਸ ਨ ਉਸ ਪ੍ਰਕਾਸ਼ ਮਈ ਦਾਤੇ ਦੇ ਦਰਸ਼ਨ ਕਰਨ ਲਈ ਸੁੰਦਰ ਸਰਤੀ ਦੇ ਨੈਣ ਹਨ, ਨਾ ਚੰਗੇ ਕਰਮਾਂ ਕਾਰਣ ਸੁੰਦਰ ਸਰੂਪ ਹੈ, ਸਗੋਂ ਔਗੁਣਾਂ ਨਾਲ ਭਰਿਆ ਆਤਮਾ ਸਰੂਪ ਹੈ। ਨਾ ਰਸਨਾ ਹੀ ਰਸੀਲੀ ਹੈ, ਜੋ ਮਿਹਰਾਂ ਦਾ ਸਾਂਈ ਉਸ ਰਸੀਲੀ ਬੇਨਤੀ ਨੂੰ ਸੁਣ ਲਵੇ। ਨਾ ਸੁਰਤ ਦੇ ਸ੍ਰਵਣ ਹੀ ਹਨ, ਜੋ ਉਸ ਦਾ ਮਿੱਠਾ

ਸ਼ਹਿਦ ਵਰਗਾ ਸਦੜਾ ਹੀ ਕੰਨਾਂ ਵਿੱਚ ਪੈ ਜਾਵੇ, ਨ ਭਾਗਸ਼ੀਲ ਹੀ ਹੈ। ਸੇਵਕ ਬਣਨ ਦੀ ਜਾਚ ਨਹੀਂ, ਮਨ ਦਾ ਭਰੋਸਾ ਵੀ ਦੁਰਬਲ ਹੈ। ਕਿਵੇਂ ਉਸ ਕਰਤਾਰ ਦਾ ਵਸਲ ਮਿਲੇ?

ਨਾਹਿਨ ਅਨੂਪ ਰੂਪ ਚਿਤਵੈ ਕਿਉ ਚਿੰਤਾਮਣਿ,
ਲੋਨੇ ਹੈ ਨ ਲੋਇਨ ਜੋ ਲਾਲਨ ਬਿਲੋਕੀਐ॥
ਰਸਨਾ ਰਸੀਲੀ ਨਾਹਿ ਬੇਨਤੀ ਬਖਾਨਉ ਕੈਸੇ,
ਸੁਰਤਿ ਨ ਸ੍ਰਵਨਨ ਬਚਨ ਮਧੋਕੀਐ॥
ਅੰਗ ਅੰਗ ਹੀਨ ਦੀਨ ਕੈਸੇ ਬਰ ਮਾਲ ਕਰਉ
ਮਸਤਕ ਨਾਹਿ ਭਾਗ ਪ੍ਰਿਯ ਪਗ ਧੋਕੀਐ॥
ਸੇਵਕ ਸਭ੍ਹਾਅ ਨਾਹਿ ਪਹੁੰਚ ਨ ਸਕਉ ਸੇਵ,
ਨਾਹਿਨ ਪ੍ਰਤੀਤ ਪ੍ਰਭ ਪ੍ਰਭੁਤਾ ਸਮੋਕੀਐ॥ ੬੪੦॥

ਕਬਿਤ ਸਵਯੇ ਭਾ: ਗੁਰਦਾਸ ਜੀ

ਆਤਮਾ ਦੀ ਨਿਰਾਸ਼ਤਾ ਨੂੰ ਆਸ਼ਾਵਾਦੀ ਕਰਨ ਲਈ ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਨੇ ਜਪੁਜੀ ਸਾਹਿਬ ਦੀ ਚੌਥੀ ਪਉੜੀ ਵਿੱਚ ਰਸਤਾ ਪ੍ਰਦਾਨ ਕੀਤਾ ਹੈ। ਠੀਕ ਹੈ, ਉਹ ਮਾਲਕ ਸਦਾ ਕਾਇਮ ਰਹਿਣ ਵਾਲਾ ਸੱਚਾ ਹੈ। ਉਸਦਾ ਨਿਯਮ ਵੀ ਅਟੱਲ ਹੈ। ਉਸ ਦੀ ਬੋਲੀ ਪ੍ਰੇਮ ਹੈ। ਉਹ ਅਕਾਲਪੁਰਖ ਬੇਅੰਤ ਹੈ। ਅਸੀਂ ਸਾਰੇ ਉਸਦੇ ਮੰਗਤੇ ਹਾਂ। ਉਹ ਸਾਡੀ ਪੁਕਾਰ ਸੁਣ ਕੇ ਸਾਨੂੰ ਦਾਤਾਂ ਦਿੰਦਾ ਹੈ। ਸਾਰੀਆਂ ਦਾਤਾਂ ਉਸ ਮਾਲਕ ਦੀਆਂ ਹਨ। ਫਿਰ ਅਸੀਂ ਉਸ ਮਾਲਕ ਨੂੰ ਰਿਝਾਵਣ ਲਈ ਉਸ ਅੱਗੇ ਕਿਹੜੀ ਭੇਟ ਰਖੀਐ, ਜਿਸ ਭੇਟਾ ਦੇ ਸਦਕੇ, ਸਾਨੂੰ ਉਸ ਦਾਤਾਰ ਦੇ ਦਰਬਾਰ ਦੇ ਨਸੀਬ ਹੋ ਜਾਣ? ਮੂੰਹ ਵਿੱਚੋਂ ਕਿਹੜਾ ਬੋਲ ਬੋਲੀਐ ਜਿਸ ਨੂੰ ਸੁਣ ਕੇ ਉਹ ਮਾਲਕ ਸਾਨੂੰ ਪਿਆਰ ਗਲਵਕੜੀ ਵਿੱਚ ਲੈ ਲਵੇ ?

ਸਵਾਲ ਹੈ :—ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥
ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥

ਜਪੁਜੀ ਪਉੜੀ ੪ (ਪੰਨਾ : ੨)

ਸਾਹਿਬਾਂ ਨੇ ਉੱਤਰ ਦਿੱਤਾ ਜੀਵ ਆਤਮਾਂ ! ਨਿਰਾਸ਼ ਨਾ ਹੋ ਰਸਤਾ ਇੱਕੋ ਹੀ ਹੈ। ਉਹ ਹੈ ਅੰਮ੍ਰਿਤ ਵੇਲੇ ਦੀ, ਨਾਮ ਜਪ ਦੁਆਰਾ ਸੰਭਾਲ ਅਤੇ ਉਸ ਮਾਲਕ ਕਰਤੇ

ਦੀਆਂ ਵਡਿਆਈਆਂ ਤੇ ਸਿਫਤ ਸਲਾਹ ਹਰ ਸਮੇਂ ਕਰਨ ਨਾਲ ਉਸ ਮਾਲਕ ਦੇ ਰੱਬੀ ਦਰਬਾਰ ਦੇ ਦੀਦਾਰ ਹੋ ਜਾਂਦੇ ਹਨ। ਉਸ ਮਾਲਕ ਦੀ ਪਿਆਰ ਗਲਵਕੜੀ ਦੇ ਪਾਤਰ ਬਣ ਜਾਈਦਾ ਹੈ :—

ਰਸਤਾ ਹੈ :—ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥

ਜਪੁਜੀ (ਪੰਨਾ : ੨)

ਇਹ ਵੀ ਨ ਸਮਝ ਲੈਣਾ, ਸ਼ਾਇਦ ਕਰਤਾ ਪੁਰਖੁ ਸਾਡੀ ਕੋਈ ਖੁਸ਼ਾਮਦ ਦਾ ਭੁੱਖਾ ਹੈ। ਨਹੀਂ, ਉਹ ਸੱਚ ਸਰੂਪ ਆਪਣੀ ਖੁਸ਼ਾਮਦ ਦਾ ਭੁੱਖਾ ਨਹੀਂ, ਜੇ ਸਾਰੇ ਸੰਸਾਰ ਦੇ ਜੀਵ ਉਸ ਸੱਚੇ ਮਾਲਕ ਦੀ ਵਡਿਆਈ ਕਰਨ ਲੱਗ ਜਾਣ, ਇਸ ਤਰ੍ਹਾਂ ਕਰਨ ਨਾਲ ਉਹ ਸੱਚਾ ਸਾਹਿਬ ਵੱਡਾ ਨਹੀਂ ਹੋ ਜਾਂਦਾ ਅਤੇ ਉਸ ਸੱਚੇ ਸਾਹਿਬ ਦੀ ਵਡਿਆਈ ਨ ਕਰਨ ਨਾਲ ਉਸ ਵਿੱਚ ਕੋਈ ਨਿਗੁਣਤਾ-ਘਾਟਾ ਨਹੀਂ ਆ ਜਾਂਦਾ। ਫੁਰਮਾਨ ਹੈ:—

ਜੇ ਸਭਿ ਮਿਲਿ ਕੈ ਆਖਣ ਪਾਹਿ॥

ਵਡਾ ਨ ਹੋਵੈ ਘਾਟਿ ਨ ਜਾਇ॥

ਆਸਾ ਮ : ੧ (ਪੰਨਾ : ੯)

ਕਰਤੇ ਦੀ ਸਿਫਤ ਸਲਾਹ ਕਿਉਂ ਕਰਨੀ ਹੈ ?

ਉੱਤਰ :—"ਮਨ ਮੇਰੇ ਕਰਤੇ ਨੂੰ ਸਾਲਾਹਿ॥" ਦੇ ਧਾਰਨੀ ਬਣਨ ਨਾਲ ਲਾਭ ਸਾਡੀ ਹੀ ਆਤਮਾਂ ਨੂੰ ਹੋਣਾ ਹੈ। ਜਿਉਂ-ਜਿਉਂ ਕਰਤੇ ਦੇ ਗੁਣ ਗਾਵਾਂਗੇਂ, ਜਿਉਂ-ਜਿਉਂ ਕਰਤੇ ਪੁਰਖੁ ਦੀ ਸਿਫਤੋ ਸਲਾਹ ਕਰਾਂਗੇ, ਜਿੱਥੇ ਸਾਡੇ ਅੰਤਸ਼ਕਰਣ ਦੀ ਮੈਲ ਗੁਣ ਗਾਉਣ ਨਾਲ ਉੱਤਰ ਜਾਵੇਗੀ, ਉੱਥੇ ਸਾਡੀ ਆਤਮਾਂ ਦਾ ਪਾਰ ਉਤਾਰਾ ਹੋ ਜਾਵੇਗਾ। ਅਸੀਂ ਕਰਤੇ ਗੁਣੀ ਨਿਧਾਨ ਵਿੱਚ ਇੱਕ ਮਿੱਕ ਹੋ ਜਾਵਾਂਗੇ। ਗੁਣ ਗਾਉਣ ਤੇ ਸਿਫਤ ਸਲਾਹ ਕਰਨ ਦੇ ਲਾਭ ਹਨ :—

ਗੁਨ ਗਾਵਤ ਤੇਰੀ ਉਤਰਸਿ ਮੈਲੁ

ਬਿਨਸਿ ਜਾਇ ਹਉਮੈ ਬਿਖੁ ਫੈਲੁ॥

ਸੁਖਮਨੀ ਸਾਹਿਬ (ਪੰਨਾ : ੨੮੯)

ਤਥਾ :—ਗੁਰਮੁਖਿ ਹੋਵੈ ਸੋਈ ਬੂਝੈ ਗੁਣ ਕਹਿ ਗੁਣੀ ਸਮਾਵਣਿਆ॥

ਮਾਝ ਮ : ੩, (ਪੰਨਾ : ੧੧੦)

ਤਥਾ :—ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ

ਸੇ ਜਨ ਜੁਗ ਮਹਿ ਸੁਖਵਾਸੀ॥

ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ

ਤਿਨ ਤੂਟੀ ਜਮ ਕੀ ਫਾਸੀ॥

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ

ਤਿਨ ਕਾ ਭਉ ਸਭੁ ਗਵਾਸੀ॥

ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ॥

ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ

ਜਨੁ ਨਾਨਕੁ ਤਿਨ ਬਲਿ ਜਾਸੀ॥

ਆਸਾ ਮ : ੪, (ਪੰਨਾ : ੧੧)

ਜਿਹਨਾਂ ਨੇ ਉਸ ਸੱਚੇ ਸਾਹਿਬ ਦੀ ਸਿਫਤ ਸਲਾਹ ਦਾ ਮਾਰਗ ਅਪਨਾਇਆ ਉਨ੍ਹਾਂ ਨੂੰ ਕਿਹੜੀ ਅਵਸਥਾ ਮਿਲੀ ?

ਉੱਤਰ :—ਉਨ੍ਹਾਂ ਗੁਰੂ ਪਿਆਰਿਆਂ ਦਾ ਸਿਫਤ ਸਲਾਹ ਦੇ ਮਾਰਗ ਤੇ ਚੱਲਣ ਨਾਲ ਪਾਰ ਉਤਾਰਾ ਹੋ ਗਿਆ। ਉਹ ਸੰਸਾਰ ਸਮੁੰਦਰ ਤੋਂ ਪਾਰ ਉਤਰ ਗਏ ਤੇ ਸਾਂਈ ਵਿੱਚ ਇੱਕ ਮਿੱਕ ਹੋ ਗਏ।

ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰ ਪਇਆ॥

ਸਲੋਕ ਮ: ੧ (ਪੰਨਾ : ੪੬੯)

ਤਥਾ :—ਤੇਰੀ ਸਿਫਤਿ ਸੁਆਲਿਉ ਸਰੂਪ ਹੈ ਜਿਨਿ ਕੀਤੀ ਤਿਸੁ ਪਾਰਿ ਲਘਾਈ॥

ਗਉੜੀ ਵਾਰ ਮ: ੪ (ਪੰਨਾ : ੩੦੧)

ਜਿਹਨਾਂ ਨੂੰ ਕਰਤਾ ਮਾਲਕ ਆਪਣੀ ਸਿਫਤ ਸਲਾਹ ਦੀ ਦੌਲਤ ਬਖਸ਼ਸ਼ ਕਰ ਦਿੰਦਾ ਹੈ, ਉਹ ਖਜ਼ਾਨਿਆਂ ਦੇ ਮਾਲਕ ਬਣ ਜਾਂਦੇ ਹਨ। ਉਹ ਅਸਲੀ ਸ਼ਾਹ ਹਨ। ਸਿਫਤ-ਸਲਾਹ ਹੀ ਖਜ਼ਾਨਾ ਹੈ। ਸਿਫਤ ਸਲਾਹ ਹੀ ਕੁੰਜੀ ਹੈ ਜਿਸ ਹਿਰਦੇ ਵਿੱਚੋਂ ਪ੍ਰਭੂ ਜੀ ਦੀ ਸਿਫਤ ਸਲਾਹ ਦੇ ਸੱਚੇ ਗੁਣ ਨਿਕਲਦੇ ਹਨ ਉਹ ਹਿਰਦੇ ਰੂਪੀ ਭੰਡਾਰੇ ਪ੍ਰਭੂ ਦੇ ਦਰ ਪ੍ਰਵਾਨ ਹੋ ਜਾਂਦੇ ਹਨ। ਜਿਨ੍ਹਾਂ ਦੇ ਮੱਥੇ ਤੇ ਨਾਮ ਜਪੁ ਦਾ ਪ੍ਰਵਾਨੀ ਨਿਸ਼ਾਨ ਹੁੰਦਾ ਹੈ, ਉਹਨਾਂ ਉੱਪਰ ਪ੍ਰਭੂ ਕਰਤੇ ਦੀ ਨਦਰੇ ਕਰਮ ਹੋ ਜਾਂਦੀ ਹੈ।

ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ॥
ਕੁੰਜੀ ਜਿਨ ਕਉ ਦਿਤੀਆ ਤਿਨ੍ਾ ਮਿਲੇ ਭੰਡਾਰ॥
ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ॥
ਨਦਰਿ ਤਿਨ੍ਾ ਕਉ ਨਾਨਕਾ ਨਾਮੁ ਜਿਨ੍ਾ ਨੀਸਾਣੁ॥

ਮ : ੨ (ਪੰਨਾ : ੧੨੩੯)

ਉਸ ਦਾਤਾਰ-ਕਰਤੇ ਦੀ ਸਿਫਤੋ-ਸਲਾਹ ਕਰਨ ਨਾਲ, ਜਿੱਥੇ ਕ੍ਰਿਤ ਦੀ ਮੁਹਤਾਜੀ ਖਤਮ ਹੋ ਜਾਂਦੀ ਹੈ, ਉੱਥੇ ਕ੍ਰਿਤ ਵੱਲ ਝਾਕਣ ਦੀਆਂ ਜੋ ਜਨਮਾਂ-ਜਨਮਾਤਰਾਂ ਤੋਂ ਸਾਡੇ ਮਨ ਤੇ ਡੂੰਘੀਆਂ ਝਾਂਸਾਂ ਪਈਆਂ ਹੋਈਆਂ ਹਨ, ਉਹ ਵੀ ਸਾਫ ਹੋ ਜਾਂਦੀਆਂ ਹਨ ਤੇ ਆਤਮਾਂ ਅਸਲੀਅਤ ਦਾ ਜਾਣੂ ਹੋ ਆਪਣੇ ਅਸਲੀ ਰੂਪ ਵਿੱਚ ਪ੍ਰਗਟ ਹੋ ਕਰਤੇ ਵਿੱਚ ਜਾ ਅਭੇਦ ਹੁੰਦਾ ਹੈ।

ਜਿੱਥੇ ਸਤਿਗੁਰੂ ਜੀ ਨੇ ਉਸ ਕਰਤੇ ਦੀ ਸਿਫਤ ਸਲਾਹ ਕਰਨ ਵਾਸਤੇ ਬਾਰੰ-ਬਾਰ ਗੁਰਬਾਣੀ ਵਿੱਚ ਪ੍ਰੇਰਨਾ ਦਿੱਤੀ ਹੈ, ਉੱਥੇ ਕ੍ਰਿਤ ਦੇ ਪਿੱਛ-ਲੱਗ ਬਣਕੇ, ਉਸ ਦੀ ਸਿਫਤ-ਸਲਾਹਿ ਕਰਨ ਤੋਂ ਵਰਜਿਆ ਹੈ ਤੇ ਹੁਕਮ ਕੀਤਾ ਹੈ :-

ਹੇ ਭਾਈ ਦੁਨੀਆਂ ਨਾਸ਼ਵੰਤ ਹੈ, ਐਵੇਂ ਦੁਨੀਆਂ ਦੀ ਝੂਠੀ ਖੁਸ਼ਾਮਦ ਨ ਕਰ। ਲੋਕਾਂ ਦੀ ਸ਼ਲਾਘਾ ਵੀ ਨ ਕਰ ਕਿਉਂਕਿ ਇੱਕ ਦਿਨ ਇਹਨਾਂ ਨੇ ਵੀ ਮਿੱਟੀ ਵਿੱਚ ਮਿਲ ਜਾਣਾ ਹੈ। ਸਿਫਤ-ਸਲਾਹਿ ਉਸ ਕਰਤੇ ਦੀ ਕਰ, ਜੋ ਸਦਾ ਥਿਰ ਰਹਿਣ ਵਾਲਾ ਤੇ ਬੇ-ਪਰਵਾਹ ਹੈ :-

ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ
ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ॥ ੧॥
ਵਾਹੁ ਮੇਰੇ ਸਾਹਿਬਾ ਵਾਹੁ॥
ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ॥ ਰਹਾਉ॥

ਸੂਹੀ ਮ : ੩ (ਪੰਨਾ : ੭੫੫)

ਹੇ ਭਾਈ ਕ੍ਰਿਤ ਨੂੰ ਸਾਲਾਹੁਣ ਦਾ ਕੋਈ ਲਾਭ ਨਹੀਂ। ਜਿਸ ਕਰਤੇ ਨੇ ਸਾਰੇ ਸੰਸਾਰ ਨੂੰ ਪੈਦਾ ਕੀਤਾ ਹੈ, ਉਸ ਕਰਤਾਰ ਦੀ ਸਿਫਤ-ਸਲਾਹ ਕਰਨੀ ਚਾਹੀਦੀ ਹੈ ਜੋ ਸਾਰਿਆਂ ਨੂੰ ਰਿਜ਼ਕ ਅਤੇ ਆਸਰਾ ਦਿੰਦਾ ਹੈ। ਜੋ ਆਪ ਸਦੀਵ-ਕਾਲੀ ਹੈ ਤੇ ਜਿਸ ਦੇ ਭੰਡਾਰਿਆਂ ਵਿੱਚ ਕਿਸੇ ਵੀ ਕਿਸਮ ਦੀ ਕੋਈ ਕਮੀਂ ਨਹੀਂ, ਸਦਾ ਭਰਪੂਰ ਰਹਿੰਦੇ ਹਨ। ਉਹ ਬਹੁਤ ਵੱਡਾ ਹੈ। ਜਿਸ ਦਾ-ਕੋਈ ਹੱਦ-ਬੰਨਾ ਨਹੀਂ ਉਸ ਨੂੰ ਵੱਡਾ ਜਾਣ ਕੇ ਉਸ ਦੀ ਸਿਫਤੋ-ਸਾਲਾਹਿ ਕਰਨੀ ਚਾਹੀਦੀ ਹੈ।

ਕੀਤਾ ਕਿਆ ਸਾਲਾਹੀਐ ਕਰੇ ਸੋਇ ਸਾਲਾਹਿ॥
ਨਾਨਕ ਏਕੀ ਬਾਹਰਾ ਦੂਜਾ ਦਾਤਾ ਨਾਹਿ॥
ਕਰਤਾ ਸੋ ਸਾਲਾਹੀਐ ਜਿਨਿ ਕੀਤਾ ਆਕਾਰੁ॥
ਦਾਤਾ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ॥
ਨਾਨਕ ਆਪਿ ਸਦੀਵ ਹੈ ਪੂਰਾ ਜਿਸੁ ਭੰਡਾਰੁ॥
ਵਡਾ ਕਰਿ ਸਾਲਾਹੀਐ ਅੰਤੁ ਨ ਪਾਰਾਵਾਰੁ॥ ੨॥

ਮ : ੨ (ਪੰਨਾ : ੧੨੩੯)

ਹੇ ਭਾਈ! ਕ੍ਰਿਤ ਦੀ ਸਿਫਤ ਨਹੀਂ ਕਰਨੀ ਚਾਹੀਦੀ ਕਿਉਂਕਿ ਕ੍ਰਿਤ ਨੂੰ ਨਾਸ਼ ਹੋਣ ਲੱਗਿਆਂ ਇੱਕ ਛਿਨ ਵੀ ਨਹੀਂ ਲੱਗਦਾ। ਇੱਕ ਕਰਤਾ ਹੀ ਸਦਾ ਰਹਿਣ ਵਾਲਾ ਹੈ, ਗੁਰੂ ਦੀ ਬਖਸ਼ਸ਼ ਕੀਤੀ ਸੋਝੀ ਦੁਆਰਾ ਜਿਸ ਨੂੰ ਇਸ ਅਸਲੀਅਤ ਦਾ ਪਤਾ ਚੱਲ ਜਾਂਦਾ ਹੈ, ਉਹ ਫਿਰ ਕ੍ਰਿਤ ਦੀ ਉਪਮਾ ਨਹੀਂ ਕਰਦਾ, ਉਹ ਕ੍ਰਿਤ ਵਿੱਚੋਂ ਕਰਤੇ ਦੇ ਦਰਸ਼ਨ ਕਰਦਾ ਹੋਇਆ ਕਰਤੇ ਦੀ ਸਿਫਤੋ-ਸਲਾਹ ਕਰਕੇ ਇੱਕ ਕਰਤੇ ਦਾ ਰੂਪ ਹੀ ਹੋ ਜਾਂਦਾ ਹੈ॥

ਕੀਤਾ ਕਿਆ ਸਾਲਾਹੀਐ ਜਿਸੁ ਜਾਦੇ ਬਿਲਮ ਨ ਹੋਈ॥
ਨਿਹਚਲੁ ਸਚਾ ਏਕੁ ਹੈ ਗੁਰਮੁਖਿ ਬੂਝੈ ਸੁ ਨਿਹਚਲੁ ਹੋਈ॥

ਸਲੋਕ ਮ: ੩, (ਪੰਨਾ : ੧੦੮੮)

ਹੇ ਭਾਈ ਕੀਤੇ ਹੋਏ ਨੂੰ ਕੀ ਸਾਲਾਹੀਏ ? ਕਰਤੇ ਨੂੰ ਸਲਾਹੁਣਾ ਚਾਹੀਦਾ ਜੋ ਸਾਰਿਆਂ ਨੂੰ ਪੈਦਾ ਕਰਕੇ ਹਰੇਕ ਜੀਵ ਦੀ ਸੰਭਾਲ ਕਰ ਰਿਹਾ ਹੈ। ਹੇ ਕਰਤੇ, ਮੇਰੀ ਤੇਰੇ ਚਰਨਾਂ ਵਿੱਚ ਅਰਦਾਸ ਹੈ, ਤੂੰ ਮੇਰੇ ਮਨ ਵਿੱਚ ਆ ਕੇ ਸਦਾ ਲਈ ਵਸ-ਜਾਹ, ਮੈਨੂੰ ਹੋਰ ਕਿਸੇ ਦੀ ਲੋੜ ਨਹੀਂ। ਹੇ ਸੱਚੇ ਕਰਤੇ, ਤੇਰੀ-ਸਿਫਤ ਸਲਾਹਿ ਕਰਨ ਨਾਲ ਲੋਕ-ਪ੍ਰਲੋਕ ਵਿੱਚ ਸੱਚੀ ਇੱਜ਼ਤ ਪ੍ਰਾਪਤ ਹੁੰਦੀ ਹੈ :-

ਕੀਤਾ ਕਿਆ ਸਾਲਾਹੀਐ ਕਰਿ ਦੇਖੈ ਸੋਈ॥
ਜਿਨਿ ਕੀਆ ਸੋ ਮਨਿ ਵਸੈ ਮੈ ਅਵਰੁ ਨ ਕੋਈ॥
ਸੋ ਸਾਚਾ ਸਾਲਾਹੀਐ ਸਾਚੀ ਪਤਿ ਹੋਈ॥ ੩॥

ਮਾਰੂ ਮ : ੧ (ਪੰਨਾ : ੧੦੧੨)

ਜਿਸ ਹਰੀ ਦੇ ਜਨ ਵਲ ਕਰਤਾ ਆਪ ਹੋ ਜਾਵੇ, ਫਿਰ ਸਾਰਾ ਸੰਸਾਰ ਹੀ ਉਸ ਦੇ

ਪੱਖ ਵਿੱਚ ਹੋ ਜਾਂਦਾ ਹੈ। ਆਮ ਲੋਕ ਤਾਂ ਕੀ, ਸ਼ਾਹ ਉਮਰਾਵ ਪਾਤਸ਼ਾਹ ਸਭ ਹਰ ਜਨ ਨੂੰ ਆ ਕੇ ਨਮਸਕਾਰਾਂ ਕਰਦੇ ਹਨ :—

ਜਾਂ ਕਰਤਾ ਵਲਿ ਤਾ ਸਭੁ ਕੋ ਵਲਿ ਸਭਿ ਦਰਸਨੁ ਦੇਖ ਕਰਹਿ ਸਾਬਾਸਿ
ਸਾਹੁ ਪਾਤਿਸਾਹੁ ਸਭੁ ਹਰਿ ਕਾ ਕੀਆ ਸਭਿ ਜਨ ਕਉ ਆਇ ਕਰਹਿ ਰਹਰਾਸਿ॥

ਸਲੋਕ ਮ : ੪ (ਪੰਨਾ : ੩੦੫)

ਸਤਿਗੁਰੂ ਜੀ ਨੇ ਕ੍ਰਿਤ ਦੀ ਸਿਫਤ ਕਰਨ ਤੋਂ ਕਿਉਂ ਵਰਜਿਆ ਹੈ ?

(1) ਕ੍ਰਿਤ ਸੁਤੰਤਰ ਨਹੀਂ
(2) ਕ੍ਰਿਤ ਕਰਤੇ ਦਾ ਪਛਵਾਂ ਹੈ
(3) ਮਾਇਆ ਛਲ ਹੈ
(4) ਛਲ ਕੀ ਹੈ
(5) ਕ੍ਰਿਤ ਮਾਇਆ ਦਾ ਰਲੇਵਾਂ ਹੈ

1. ਕ੍ਰਿਤ ਸੁਤੰਤਰ ਨਹੀਂ

ਕ੍ਰਿਤ ਕਰਤੇ ਆਸ਼ਰਤ ਹੈ। ਕਰਤਾ ਹੈ ਤਾਂ ਕ੍ਰਿਤ ਹੈ ; ਪਰ, ਕ੍ਰਿਤ ਕਰਕੇ ਕਰਤਾ ਨਹੀਂ। ਜਦੋਂ ਕ੍ਰਿਤ ਨਹੀਂ ਸੀ, ਕਰਤਾ ਉਸ ਵੇਲੇ ਵੀ ਸੀ। ਕਰਤਾ ਹੁਣ ਕ੍ਰਿਤ ਸਮੇਂ ਵੀ ਹੈ। ਜਦੋਂ ਕਰਤਾ ਕ੍ਰਿਤ ਨੂੰ ਸੰਕੋਚ ਲਵੇਗਾ, ਕਰਤਾ ਫਿਰ ਵੀ ਹੋਵੇਗਾ :—

ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥
ਨ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥ ੧॥
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥ ਬਾਝੁ ਕਲਾ ਆਡਾਣੁ ਰਹਾਇਆ॥
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ॥ ੧੪॥

ਮਾਰੂ ਮ: ੧ (ਪੰਨਾ : ੧੦੩੫)

ਤਥਾ :—**ਆਪਨ ਖੇਲੁ ਆਪਿ ਕਰਿ ਦੇਖੈ॥**
ਖੇਲੁ ਸੰਕੋਚੈ ਤਉ ਨਾਨਕ ਏਕੈ॥ ੭॥

ਸੁਖਮਨੀ ਸਾ: (ਪੰਨਾ : ੨੯੨)

ਜਦੋਂ ਉਸਨੂੰ ਚੰਗਾ ਲੱਗਾ, ਕ੍ਰਿਤ ਬਣਾ ਦਿੱਤੀ, ਜਦੋਂ ਉਸ ਨੂੰ ਭਾਵੇਗਾਂ, ਕ੍ਰਿਤ ਨੂੰ ਸੰਕੋਚ ਕੇ ਆਪਣੇ ਵਿੱਚ ਮਿਲਾ ਲਵੇਗਾਂ, ਕਰਤਾ ਉਸ ਸਮੇਂ ਵੀ ਹੋਵੇਗਾ, ਪਰ ਕ੍ਰਿਤ ਨਹੀਂ ਹੋਵੇਗੀ, ਇਹ ਉਸਦੀ ਆਪਣੀ ਮੌਜ ਹੈ।

ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ॥
ਆਪਨੈ ਭਾਣੈ ਲਏ ਸਮਾਏ॥

ਸੁਖਮਨੀ ਸਾ: (ਪੰਨਾ : ੨੯੨)

ਕਲਗੀਧਰ ਪਾਤਸ਼ਾਹ ਜੀ ਦਾ ਫੁਰਮਾਨ ਹੈ।

ਜਬ ਉਦਕਰਖ ਕਰਾ ਕਰਤਾਰਾ॥
ਪ੍ਰਜਾ ਧਰਤ ਤਬ ਦੇਹ ਅਪਾਰਾ॥
ਜਬ ਆਕਰਖ ਕਰਤ ਹੋ ਕਬਹੂੰ॥
ਤੁਮ ਮੈ ਮਿਲਤ ਦੇਹ ਧਰ ਸਭਹੂੰ॥

ਚੌਪਈ ਪਾ : ੧੦

ਇਹ ਸਾਰੀ ਕ੍ਰਿਤ ਉਸ਼ ਇੱਕ ਕਰਤੇ-ਪ੍ਰਭੂ ਨੇ ਆਪ ਬਣਾਈ ਹੈ। ਇਹ ਸਾਰਾ ਜਗਤ ਦਾ ਖੇਡ ਤਮਾਸ਼ਾ ਉਸ ਕਰਤੇ ਦੀ ਵਡਿਆਈ ਦਾ ਹੀ ਲਖਾਇਕ ਹੈ। ਇਹ ਸਾਰੀ ਭਿੰਨਤਾ "**ਰੰਗੀ ਰੰਗੀ ਭਾਂਤੀ ਕਰਿ ਕਰਿ ਜਿਨਸੀ ਮਾਇਆ ਜਿਨ ਉਪਾਈ**" ਦਾ ਰੰਗ-ਤਮਾਸ਼ਾ ਸਭ ਉਸ ਕਰਤੇ ਦਾ ਹੀ ਹੈ। ਆਪ ਹੀ ਘੜ੍ਹਨਵਾਲਾ, ਆਪ ਹੀ ਭੰਨਣ ਵਾਲਾ, ਕੈਸੀ ਅਸਚਰਜ ਖੇਡ ਹੈ ਕਰਤੇ ਦੀ !

ਓਅੰਕਾਰਿ ਸਭ ਸ੍ਰਿਸਟਿ ਉਪਾਈ॥
ਸਭੁ ਖੇਲੁ ਤਮਾਸਾ ਤੇਰੀ ਵਡਿਆਈ।
ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ॥ ੨॥

ਮਾਰੂ ਮ: ੩, (ਪੰਨਾ : ੧੦੬੧)

ਤਥਾ :—**ਬਾਜੀਗਰ ਡੰਕ ਬਜਾਈ॥**
ਸਭ ਖਲਕ ਤਮਾਸੇ ਆਈ॥
ਬਾਜੀਗਰ ਸ੍ਵਾਂਗੁ ਸਕੇਲਾ॥
ਅਪਨੇ ਰੰਗ ਰਵੈ ਅਕੇਲਾ॥ ੨॥

ਸੋਰਠਿ ਕਬੀਰ ਜੀ, (ਪੰਨਾ : ੬੫੫)

ਇਸੇ ਲਈ ਹੀ ਬਾਬਾ ਕਬੀਰ ਜੀ ਨੇ ਚੇਤਾਵਨੀ ਦਿੱਤੀ ਹੈ ਕਿ ਹੇ ਜੀਵ-ਆਤਮਾਂ, ਐਵੇਂ ਭਰਮ ਭੁਲੇਖੇ ਵਿੱਚ ਪੈ ਕੇ ਸੰਸਾਰ ਨੂੰ ਸੱਤ ਮੰਨ ਕੇ ਸਮਾਂ ਅਜਾਈਂ ਨ ਗਵਾ, ਸਿਮਰਨ ਕਰਕੇ ਆਪਣੇ ਜੀਵਨ ਦੀ ਬਾਜੀ ਨੂੰ ਜਿੱਤ ਲੈ। ਇਹ ਸੰਸਾਰ ਤਾਂ ਬਾਜੀਗਰ ਦੀ ਖੇਡ ਨਿਆਂਈ ਹੈ।

ਬਾਜੀਗਰੀ ਸੰਸਾਰੁ ਕਬੀਰਾ ਚੇਤਿ ਢਾਲਿ ਪਾਸਾ॥

ਆਸਾ ਕਬੀਰ ਜੀ, (ਪੰਨਾ : ੪੮੨)

2. ਕ੍ਰਿਤ ਕਰਤੇ ਦਾ ਪਰਛਾਵਾਂ ਹੈ

ਜਿਵੇਂ ਪਰਛਾਵੇਂ ਦੀ ਆਪਣੀ ਕੋਈ ਹੋਂਦ ਨਹੀਂ, ਤਿਵੇਂ ਮਾਇਆ ਦੀ ਵੀ ਆਪਣੀ ਕੋਈ ਹੋਂਦ-ਹਸਤੀ ਨਹੀਂ, ਮਾਇਆ ਦਾ ਕਰਤਾ ਪ੍ਰਮੇਸ਼ਰ ਆਪ ਹੈ। ਜਿੰਨਾਂ ਚਿਰ ਕ੍ਰਿਤ ਹੈ ਉਨ੍ਹਾਂ ਚਿਰ ਮਾਇਆ ਦੀ ਹੋਂਦ ਹਸਤੀ ਬਣੀ ਰਹਿੰਦੀ ਹੈ ਜਦੋਂ ਪ੍ਰਭੂ ਜੀ "ਖੇਲ ਸੰਕੋਚੇ" ਦੀ ਸ਼ਕਤੀ ਵਰਤਦੇ ਹਨ ਤਾਂ ਮਾਇਆ ਦੀ ਹੋਂਦ ਖਤਮ ਹੋ ਕੇ "ਤਉ ਨਾਨਕ ਏਕੈ" ਹੀ ਹੋ ਜਾਂਦਾ ਹੈ। ਇਹ ਜਗਤ ਕ੍ਰਿਤ ਉਸ ਕਰਤੇ ਪੁਰਖ ਦੀ ਛਾਇਆ ਹੈ। ਜਿਸ ਕਰਤੇ ਪੁਰਖੁ ਦਾ ਨਾ ਕੋਈ ਮਾਤਾ ਹੈ, ਨਾ ਪਿਤਾ ਅਤੇ ਨਾ ਹੀ ਉਸਦਾ ਕੋਈ ਭੈਣ-ਭਰਾ ਹੈ। ਉਸ ਕਰਤੇ ਦਾ ਨਾ ਜਨਮ ਹੁੰਦਾ ਹੈ ਨਾ ਮੌਤ, ਨਾ ਹੀ ਉਸਦੀ ਕੋਈ ਜਾਤ ਹੈ, ਨਾ ਕੁਲ, ਉਸਨੂੰ ਬੁਢੇਪੇ ਦਾ ਰੋਗ ਵੀ ਨਹੀਂ ਲਗਦਾ। ਉਹ ਸ੍ਰੇਸ਼ਟ ਹਸਤੀ ਹੈ:—

ਜਗੁ ਤਿਸ ਕੀ ਛਾਇਆ ਜਿਸੁ ਬਾਪੁ ਨ ਮਾਇਆ॥
ਨਾ ਤਿਸੁ ਭੈਣ ਨ ਭਰਾਉ ਕਮਾਇਆ॥
ਨਾ ਤਿਸੁ ਓਪਤਿ ਖਪਤਿ ਕੁਲ ਜਾਤੀ ਓਹੁ ਅਜਰਾਵਰੁ ਮਨਿ ਭਾਇਆ॥

ਮਾਰੂ ਮ : ੧ (ਪੰਨਾ : ੧੦੩੮)

ਪੰਜਵੇਂ ਗੁਰਦੇਵ ਜੀ ਦਾ ਫੁਰਮਾਨ ਹੈ ਕਿ ਕਰਤੇ ਪੁਰਖੁ ਵਾਹਿਗੁਰੂ ਜੀ ਨੇ ਤਿੰਨਾਂ ਗੁਣਾਂ ਵਾਲੀ ਮਾਇਆ ਨੂੰ ਪੈਦਾ ਕੀਤਾ ਹੈ। ਇਹ ਪ੍ਰਬਲ ਮਾਇਆ ਉਸ ਕਰਤੇ ਪੁਰਖ ਦੀ ਛਾਇਆ ਹੈ। ਜਿਸ ਕਰਤੇ ਨੂੰ ਕੋਈ ਛਲ ਨਹੀਂ ਸਕਦਾ, ਜਿਸ ਨੂੰ ਕੋਈ ਨਾਸ਼ ਨਹੀਂ ਕਰ ਸਕਦਾ, ਜਿਸ ਦਾ ਅੱਜ ਤੱਕ ਕਿਸੇ ਨੇ ਭੇਦ ਨਹੀਂ ਪਾਇਆ ਜੋ ਬੜਾ ਦਿਆਲੂ ਤੇ ਕ੍ਰਿਪਾਲੂ ਹੈ, ਉਸ ਕਰਤੇ ਦੀ ਗਤੀ-ਮਰਯਾਦਾ ਦਾ ਕੋਈ ਭੇਦ ਨਹੀਂ ਪਾ ਸਕਦਾ। ਐਸੇ ਕਰਤੇ ਤੋਂ ਅਸੀਂ ਸਦਾ-ਸਦਾ ਕੁਰਬਾਨ ਜਾਂਦੇ ਹਾਂ। ਕਰਤੇ ਨੇ ਆਪਣੇ ਵਰਗੀ ਹੀ ਪ੍ਰਬਲ ਛਾਇਆ ਬਣਾਈ ਹੈ। ਧੰਨ ਹੈ ਕਰਤਾ :—

ਤੀਨਿ ਗੁਣਾ ਇਕ ਸਕਤਿ ਉਪਾਇਆ॥
ਮਹਾ ਮਾਇਆ ਤਾ ਕੀ ਹੈ ਛਾਇਆ॥
ਅਛਲ ਅਛੇਦ ਅਭੇਦ ਦਇਆਲ॥
ਦੀਨ ਦਇਆਲ ਸਦਾ ਕਿਰਪਾਲ॥
ਤਾ ਕੀ ਗਤਿ ਮਿਤਿ ਕਛੂ ਨ ਪਾਇ॥
ਨਾਨਕ ਤਾ ਕੈ ਬਲਿ ਬਲਿ ਜਾਇ॥

ਗੋਂਡ ਮ: ੫ (ਪੰਨਾ : ੮੬੯)

3. ਮਾਇਆ ਇੱਕ ਛਲ ਹੈ

ਜਿਸਦੀ ਆਪਣੀ ਸਦੀਵੀ ਹੋਂਦ ਨਾ ਹੋਵੇ, ਥੋੜ੍ਹੇ ਸਮੇਂ ਲਈ ਉਸ ਦੀ ਹੋਂਦ ਭਾਸੇ। ਪਰ ਮੁੜ ਥੋੜ੍ਹ ਚਿਰੀ ਹੋਂਦ ਜਦੋਂ ਅਣਹੋਂਦ ਵਿੱਚ ਬਦਲ ਜਾਂਦੀ ਹੈ, ਮਨੁੱਖ ਪਛਤਾਉਂਦਾ ਹੈ ਕਿ ਇਹ ਮੇਰੇ ਨਾਲ ਛਲ ਹੋ ਗਿਆ ਹੈ। ਛਲੇਵੇਂ ਦਾ ਛਲਿਆ ਹੋਇਆ ਮਨੁੱਖ ਪਛਤਾਉਂਦਾ ਹੈ। ਸਤਿਗੁਰੂ ਜੀ ਨੇ ਮਾਇਆ ਨੂੰ ਗੁਰਬਾਣੀ ਵਿੱਚ ਇਸ ਕਰਕੇ ਹੀ ਛਲ ਲਿਖਿਆ ਹੈ। ਇਸ ਮਾਇਆ ਦੇ ਛਲੇਵੇਂ ਨੂੰ ਸਮਝਾਉਣ ਲਈ ਤਿੰਨ ਉਪਮਾਨ ਵਰਤੇ ਹਨ। ਇਸ ਥੋੜ੍ਹੀ ਚਿਰੀ ਮਾਇਆ ਦੀ ਚਮਕ ਦਮਕ ਦਰਸਾਉਣ ਲਈ ਸਤਿਗੁਰ ਜੀ ਨੇ ਕੱਖਾਂ ਦੀ ਅੱਗ ਦੀ ਤਸ਼ਵੀਹ ਦੇ ਕੇ ਫੁਰਮਾਨ ਕੀਤਾ ਹੈ ਕਿ ਮਾਇਆ ਦੀ ਚਮਕ ਦਮਕ ਕੱਖਾਂ ਦੀ ਅੱਗ ਵਾਂਗ ਥੋੜ੍ਹ ਚਿਰੀ ਹੈ, ਦੂਸਰਾ ਉਪਮਾਨ ਸਾਹਿਬਾਂ ਨੇ ਬੱਦਲ ਦੀ ਛਾਂ ਦਾ ਵਰਤਿਆ ਹੈ ਕਿਉਂਕਿ ਬੱਦਲ ਦੀ ਛਾਂ ਵੀ ਸਦੀਵੀ ਨਹੀਂ ਰਹਿੰਦੀ, ਪਤਾ ਨਹੀਂ ਕਿਸ ਵੇਲੇ ਹਵਾ ਦਾ ਬੁੱਲਾ ਆਇਆ ਬਦਲੀ ਉੱਡ ਗਈ ਤੇ ਨਾਲ ਹੀ ਛਾਂ ਬਿਲਾ ਗਈ। ਤੀਸਰਾ ਉਪਮਾਨ ਸਤਿਗੁਰ ਜੀ ਨੇ ਬਰਸਾਤੀ ਚੋਆਂ (ਨਦੀਆਂ) ਵਿੱਚ ਹੜ੍ਹ ਦੇ ਪਾਣੀ ਦਾ ਵਰਤਿਆ ਹੈ ਕਿ ਜਿਸ ਵੇਲੇ ਬਾਰਸ਼ ਹੁੰਦੀ ਹੈ ਚੋਅ ਤੇ ਬਰਸਾਤੀ ਨਦੀ ਪਾਣੀ ਨਾਲ ਭਰ ਕੇ ਵਗਣ ਲੱਗ ਜਾਂਦੀ ਹੈ, ਬਾਰਸ਼ ਬੰਦ ਹੁੰਦੇ ਸਾਰ ਹੀ ਚੋ (ਬਰਸਾਤੀ ਨਦੀ) ਸੁੱਕੇ ਦਾ ਸੁੱਕਾ। ਸੋ ਐਸਾ ਹੀ ਮਾਇਆ ਦੀ ਹੋਂਦ ਦਾ ਪ੍ਰਭਾਵ ਹੈ। ਐਸੇ ਮਾਇਆ ਦੇ ਛਲੇਵੇਂ ਪ੍ਰਭਾਵ ਤੋਂ ਜਗਿਆਸੂ ਨੂੰ ਬਚਣਾ ਚਾਹੀਦਾ ਹੈ :—

ਮਾਈ ਮਾਇਆ ਛਲੁ॥
ਤ੍ਰਿਣ ਕੀ ਅਗਨਿ ਮੇਘ ਕੀ ਛਾਇਆ
ਗੋਬਿਦ ਭਜਨ ਬਿਨੁ ਹੜ ਕਾ ਜਲੁ॥

ਟੋਡੀ ਮਹਲਾ : ੫, (ਪੰਨਾ : ੭੧੭)

ਭੈਰਉ ਰਾਗ ਵਿੱਚ ਬਾਬਾ ਕਬੀਰ ਜੀ ਨੇ ਮਾਇਆ ਦੀ ਪ੍ਰਬਲਤਾ ਪ੍ਰਤੀ ਜ਼ਿਕਰ ਕੀਤਾ ਹੈ ਕਿ ਪੰਚ ਤੱਤ, ਪੰਝੀ ਪ੍ਰਕ੍ਰਿਤੀਆਂ, ਹੰਕਾਰ ਦਾ ਨਸ਼ਾ, ਈਰਖਾ ਆਦਿ ਪ੍ਰਬਲ ਫੌਜ ਵਾਲੀ ਮਾਇਆ ਦਾ ਮੈਂ ਮੁਕਾਬਲਾ ਨਹੀਂ ਕਰ ਸਕਦਾ। ਮੇਰਾ ਗਰੀਬ ਦਾ ਇਸ ਅੱਗੇ ਕੋਈ ਜੋਰ ਨਹੀਂ। ਹੇ ਪ੍ਰਭੂ ਆਪ ਹੀ ਦੱਸੋ ਮੈਂ ਕੀ ਕਰਾਂ ?

ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ॥
ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ॥

ਭੈਰਉ ਕਬੀਰ ਜੀ, (ਪੰਨਾ : ੧੧੬੧)

ਜਦੋਂ ਮਾਇਆ ਆਪਣੇ ਪੂਰੇ ਜਾਹੋ-ਜਲਾਲ ਵਿੱਚ ਹੁੰਦੀ ਹੈ, ਅਜਿਹੀ ਮਾਇਆ ਦੀ ਹਾਲਤ ਵਿੱਚ ਤਾਂ ਕੇਵਲ ਕਰਤਾ ਪ੍ਰਭੂ ਹੀ ਇਸ ਦੇ ਪ੍ਰਭਾਵ ਤੋਂ ਬਚਾ ਸਕਦਾ ਹੈ। ਭਾਵੇਂ ਸਾਹਿਬਾਂ ਨੇ ਕੱਖਾਂ ਦੀ ਅੱਗ ਦਾ ਉਪਮਾਨ ਦੇ ਕੇ ਮਾਇਆ ਦਾ ਛਿਨ-ਭੰਗਰੀ ਪ੍ਰਭਾਵ ਦਰਸਾਇਆ ਹੈ। ਪਰ ਜਿੰਨਾਂ ਚਿਰ ਕੱਖਾਂ ਦੀ ਅੱਗ ਪ੍ਰਜ੍ਵਲਿਤ ਰਹਿੰਦੀ ਹੈ ਜੋ ਵੀ ਉਸਦੀ ਲਪੇਟ ਵਿੱਚ ਆ ਗਿਆ ਉਸਨੂੰ ਭਸਮ ਕਰ ਦਿੰਦੀ ਹੈ। ਮਾਇਆ ਭਾਵੇਂ ਹੜ੍ਹ ਦਾ ਜਲ ਹੀ ਹੈ ਪਰ ਜਿਨਾ ਚਿੱਰ ਹੜ੍ਹ ਦਾ ਪਾਣੀ ਚੋਆਂ ਵਿੱਚ ਰਹਿੰਦਾ ਹੈ ਕਿਸੇ ਨੂੰ ਰਸਤਾ ਪਾਰ ਨਹੀਂ ਕਰਨ ਦਿੰਦਾ, ਜੋ ਅੱਗੇ ਆ ਗਿਆ, ਉਸਨੂੰ ਆਪਣੀ ਲਪੇਟ ਵਿੱਚ ਰੋੜ੍ਹ ਕੇ ਲੈ ਜਾਂਦਾ ਹੈ। ਮਾਇਆ ਭਾਵੇਂ ਬੱਦਲ ਦੀ ਛਾਂ ਹੀ ਹੈ, ਪਰ ਆਪਣੇ ਆਕਾਰ ਤੋਂ ਗਿਣਤੀ ਮਿਣਤੀ ਤੋਂ ਬਾਹਰੇ ਸੂਰਜ ਨੂੰ ਛਿਪਾ ਕੇ ਅੰਧੇਰਾ ਕਰ ਦਿੰਦੀ ਹੈ। ਸੋ ਐਸੇ ਜਾਹੋ-ਜਲਾਲੀ ਮਾਇਆ ਦੇ ਪ੍ਰਭਾਵ ਤੋਂ ਜੀਵ ਆਪਣੇ ਜੋਰ ਨਾਲ ਬਚ ਨਹੀਂ ਸਕਦਾ, ਆਸਰੇ ਦੀ ਲੋੜ ਹੈ। ਆਸਰਾ ਮਿਲਣਾ ਹੈ, ਗੁਰੂ ਅੱਗੇ ਦਾਸਾ ਭਾਵ ਨਾਲ ਕੀਤੀ ਪੁਕਾਰ ਦੁਆਰਾ, ਆਸਰਾ ਮਿਲਣਾ ਹੈ ਨਾਮ ਦਾ ਪੱਲਾ ਫੜਨ ਨਾਲ। ਸਹਾਇਤਾ ਸਤ-ਸੰਗਤ ਦੀ ਮਿਹਰ ਨਾਲ ਮਿਲਦੀ ਹੈ :—

ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ॥

ਸੂਹੀ ਕਬੀਰ ਜੀ, (ਪੰਨਾ : ੭੯੩)

ਤਥਾ :—**ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗੜ ਕੋ ਰਾਜਾ॥੫॥**

ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ॥

ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ॥੬॥

ਭੈਰਉ ਕਬੀਰ ਜੀ (ਪੰਨਾ : ੧੧੬੧-੬੨)

ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਬੜੇ ਵਿਸਥਾਰ ਨਾਲ ਇਸ ਮਾਇਆ ਦੇ ਛਲੇਵੇਂ ਦੇ ਦੋ-ਦੋ ਰੂਪ ਦੱਸ ਕੇ ਗੁਰੂ ਦੀ ਅਗਵਾਈ ਵਿੱਚ ਚੱਲਣ ਲਈ ਪ੍ਰੇਰਨਾ ਦਿੱਤੀ ਹੈ ਅਤੇ ਅਸਲੀਅਤ ਤੋਂ ਜਾਣੂ ਕਰਾਇਆ ਹੈ ਤੇ ਫੁਰਮਾਨ ਕੀਤਾ ਹੈ ਕਿ ਛਲ ਕਰਨ ਵਾਲੀ ਸਪਣੀ (ਮਾਇਆ) ਨਾਲੋਂ ਮੇਰੀ ਹੁਣ ਪ੍ਰੀਤੀ ਟੁੱਟ ਗਈ ਹੈ ਕਿਉਂਕਿ ਗੁਰੂ ਨੇ ਮੈਨੂੰ ਅਸਲੀਅਤ ਦੱਸ ਦਿੱਤੀ ਹੈ ਕਿ ਇਹ ਮਾਇਆ ਛਲ ਕਰਨ ਵਾਲੀ, ਝੂਠੀ ਤੇ ਧੋਖੇਬਾਜ ਹੈ। ਮੂੰਹ ਨਾਲ ਤਾਂ ਮਿੱਠੀ ਲੱਗਦੀ ਹੈ, ਪਰ ਖਾਣ ਤੋਂ ਬਾਅਦ ਇਸ ਦੇ ਪ੍ਰਭਾਵ ਵਿੱਚ ਆ ਕੇ ਪਤਾ ਲੱਗਦਾ ਹੈ ਕਿ ਇਸ ਨੇ ਤਾਂ ਮੇਰਾ ਜੀਵਨ ਬਰਬਾਦ ਕਰ ਦਿੱਤਾ ਹੈ। ਫਿਰ ਮਨੁੱਖ ਬੜਾ ਦੁਖੀ ਹੁੰਦਾ ਹੈ।

ਇਸ ਮਾਇਆ ਦੇ ਕਰਿੰਦੇ ਲੋਭ ਤੇ ਮੋਹ ਨਾਲੋਂ ਵੀ ਮੇਰੀ ਪ੍ਰੀਤੀ ਹੁਣ ਟੁੱਟ ਗਈ ਹੈ

ਕਿਉਂਕਿ ਗੁਰੂ ਨੇ ਰਹਿਮਤ ਕਰਕੇ ਇਹ ਦ੍ਰਿੜ ਕਰਵਾ ਦਿੱਤਾ ਹੈ ਕਿ ਇਹਨਾਂ ਠਗਾਂ ਦੇ ਟੋਲੇ ਨੇ ਅਨੇਕਾਂ ਘਰ ਬਰਬਾਦ ਕਰ ਦਿੱਤੇ ਹਨ।

ਕਾਮ-ਕਰੋਧ ਆਦਿ ਵਿਕਾਰਾਂ ਨਾਲੋਂ ਵੀ ਮੇਰਾ ਮੇਲ-ਜੋਲ ਖਤਮ ਹੋ ਗਿਆ ਹੈ ਕਿਉਂਕਿ ਗੁਰੂ ਨੇ ਮੈਨੂੰ ਅਸਲੀਅਤ ਸਮਝਾ ਦਿੱਤੀ ਹੈ ਕਿ ਇਹ ਬਹੁਤ ਵੱਡੇ ਨੀਚ ਚੰਡਾਲ ਹਨ, ਜਿਸ ਦੇ ਅੰਦਰ ਇਹ ਪ੍ਰਵੇਸ਼ ਕਰ ਜਾਣ ਉਸ ਪਾਸੋਂ ਆਪਣੀ ਮਰਜ਼ੀ ਅਨੁਸਾਰ ਵਿਕਾਰ ਕਰਵਾ ਕੇ ਉਸ ਨੂੰ ਪਤਿਤ ਕਰਕੇ ਰਸਾਤਲ ਵਿੱਚ ਪਹੁੰਚਾ ਦਿੰਦੇ ਹਨ। ਦਸੇ ਇੰਦ੍ਰੀਆਂ ਤੋਂ ਵੀ ਮੈਂ ਛੁਟਕਾਰਾ ਪਾ ਲਿਆ ਹੈ ਕਿਉਂਕਿ ਗੁਰੂ ਨੇ ਮੈਨੂੰ ਆਖ ਦਿੱਤਾ ਹੈ ਕਿ ਇਹਨਾਂ ਤੋਂ ਬਚ ਕੇ ਰਹੀਂ ਕਿਉਂ ਕਿ ਵੇਖਣ ਨੂੰ ਤਾਂ ਇਨ੍ਹਾਂ ਰਾਹੀਂ ਭੋਗੇ ਵਿਸ਼ੇ ਵਿਕਾਰ ਸੁਆਦੀ ਲੱਗਦੇ ਹਨ, ਪਰ ਅਸਲੀਅਤ ਵਿੱਚ, ਇਹ ਸਾਰੇ ਇੰਦ੍ਰਿਆਂ ਦੇ ਰਸ ਅੱਗ ਦੀਆਂ ਨਾਲਾਂ ਹਨ। ਵਿਸ਼ੇ ਵਿਕਾਰਾਂ ਵਿੱਚ ਪੈ ਜਾਣ ਵਾਲਾ ਮਨੁੱਖ, ਨਰਕਾਂ ਵਿੱਚ ਦੁੱਖ ਭੋਗਦਾ ਹੈ। ਗੁਰੂ ਸ਼ਰਨ ਆਉਣ ਤੋਂ ਪਹਿਲਾਂ, ਮੈਂ ਹੰਕਾਰ ਦੀ ਸਲਾਹ ਲੈਂਦਾ ਸੀ। ਪਰ ਜਦੋਂ ਦਾ ਸਤਿਗੁਰੂ ਨੇ ਸਮਝਾ ਦਿੱਤਾ ਕਿ ਅਹੰਕਾਰ ਮਨੁੱਖ ਨੂੰ ਬੜਾ ਜਿੱਦੀ ਤੇ ਮੂਰਖ ਬਣਾ ਦਿੰਦਾ ਹੈ, ਉਦੋਂ ਤੋਂ ਮੈਂ ਇਸ ਨਾਲੋਂ ਵੀ ਨਾਤਾ ਤੋੜ ਲਿਆ ਹੈ। ਪ੍ਰਭੂ ਨੇ ਐਸੀ ਮਿਹਰ ਕਰ ਦਿੱਤੀ ਹੈ, ਅੱਗੇ ਮੈਂ ਇਹਨਾਂ ਦਾ ਹੁਕਮ ਮੰਨਦਾ ਸੀ, ਪ੍ਰਭੂ ਮਿਹਰ ਨਾਲ ਹੁਣ ਇਹ ਮਾਇਆ ਦੇ ਕਰਿੰਦੇ ਪ੍ਰਭੂ ਨੇ ਮੇਰੇ ਆਗਿਆਕਾਰੀ ਕਰ ਦਿੱਤੇ ਹਨ :—

ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ॥ ਗੁਰਿ ਕਹਿਆ ਇਹ ਝੂਠੀ ਧੋਹੀ॥

ਮੁਖਿ ਮੀਠੀ ਖਾਈ ਕਉਰਾਇ॥ ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ॥ ੨॥

ਲੋਭ ਮੋਹ ਸਿਉ ਗਈ ਵਿਖੋਟਿ॥ ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ॥

ਇਹ ਠਗਵਾਰੀ ਬਹੁਤੁ ਘਰ ਗਾਲੇ॥ ਹਮ ਗੁਰਿ ਰਾਖਿ ਲੀਏ ਕਿਰਪਾਲੇ॥ ੩॥

ਕਾਮ ਕ੍ਰੋਧ ਸਿਉ ਠਾਟੁ ਨ ਬਨਿਆ॥ ਗੁਰ ਉਪਦੇਸੁ ਮੋਹਿ ਕਾਨੀ ਸੁਨਿਆ॥

ਜਹ ਦੇਖਉ ਤਹ ਮਹਾ ਚੰਡਾਲ॥ ਰਾਖਿ ਲੀਏ ਅਪੁਨੈ ਗੁਰਿ ਗੋਪਾਲ॥

ਦਸ ਨਾਰੀ ਮੈ ਕਰੀ ਦੁਹਾਗਨਿ॥ ਗੁਰਿ ਕਹਿਆ ਏਹ ਰਸਹਿ ਬਿਖਾਗਨਿ॥

ਇਨ ਸਨਬੰਧੀ ਰਸਾਤਲਿ ਜਾਇ॥ ਹਮ ਗੁਰਿ ਰਾਖੇ ਹਰਿ ਲਿਵ ਲਾਇ॥ ੪॥

ਅਹੰਮੇਵ ਸਿਉ ਮਸਲਤਿ ਛੋਡੀ॥ ਗੁਰਿ ਕਹਿਆ ਇਹੁ ਮੂਰਖੁ ਹੋਡੀ॥

ਇਹੁ ਨੀਘਰੁ ਘਰੁ ਕਹੀ ਨ ਪਾਏ॥ ਹਮ ਗੁਰਿ ਰਾਖਿ ਲੀਏ ਲਿਵ ਲਾਏ॥ ੬॥

ਇਨ ਲੋਗਨ ਸਿਉ ਹਮ ਭਏ ਬੈਰਾਈ॥ ਏਕ ਗ੍ਰਿਹ ਮਹਿ ਦੁਇ ਨ ਖਟਾਂਈ॥

ਆਏ ਪ੍ਰਭ ਪਹਿ ਅੰਚਰਿ ਲਾਗਿ॥ ਕਰਹੁ ਤਪਾਵਸੁ ਪ੍ਰਭ ਸਰਬਾਗਿ॥ ੭॥
ਪ੍ਰਭ ਹਸਿ ਬੋਲੇ ਕੀਏ ਨਿਆਂਏਂ॥ ਸਗਲ ਦੂਤ ਮੇਰੀ ਸੇਵਾ ਲਾਏ॥
ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ॥ ਕਹੁ ਨਾਨਕ ਗੁਰਿ ਕੀਆ ਨਿਬੇਰਾ॥

ਪ੍ਰਭਾਤੀ ਮ : ੫ (ਪੰਨਾ : ੧੩੪੭)

4. ਛਲ ਕੀ ਹੈ ?

ਜੋ ਅਸਲੀਅਤ ਵਿੱਚ ਕੁਝ ਹੋਰ ਹੋਵੇ, ਪਰ ਪ੍ਰਤੀਤ ਕੁਝ ਹੋਰ ਹੋਵੇ, ਉਸਨੂੰ ਸਾਹਿਬਾਂ ਨੇ ਛਲ ਕੂੜ (ਝੂਠ) ਲਿਖਿਆ ਹੈ। ਕੂੜ ਦੀ ਆਪਣੀ ਹੋਂਦ ਕੋਈ ਨਹੀਂ ਹੁੰਦੀ। ਕੂੜ ਉਸਨੂੰ ਆਖਿਆ ਜਾਂਦਾ ਹੈ ਜਿਸ ਦਾ ਆਪਣਾ ਸਵੈ ਸਰੂਪ ਨ ਹੋਵੇ ਪਰ ਵੇਖਣ ਨੂੰ ਨਜ਼ਰ ਆਵੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕ੍ਰਿਤ ਦੀ ਇੱਕ-ਇੱਕ ਚੀਜ਼ ਦਾ ਜਿਕਰ ਕਰਕੇ ਉਸਨੂੰ ਕੂੜ ਸ਼ਬਦ ਨਾਲ ਸੰਬੋਧਨ ਕਰਕੇ ਸਾਨੂੰ ਅਸਲੀਅਤ ਤੋਂ ਜਾਣੂ ਕਰਵਾਇਆ ਹੈ ਤੇ ਕੂੜ, ਅਸੱਤ, ਛਲੇਵੇਂ ਵਿੱਚ ਫਸਣ ਤੋਂ ਵਰਜਿਆ ਹੈ। ਸਾਹਿਬਾਂ ਦਾ ਫੁਰਮਾਨ ਹੈ :—

ਕੂੜ ਹੈ ਰਾਜਾ, ਕੂੜ ਹੈ ਪਰਜਾ, ਸਾਰਾ ਸੰਸਾਰ ਹੀ ਕੂੜ ਹੈ। ਸੁੰਦਰ ਮਹਲ ਮਾੜੀਆਂ ਅਸੱਤ ਹਨ। ਇਹਨਾਂ ਵਿੱਚ ਰਹਿਣ ਵਾਲਾ ਜੀਵ ਵੀ ਅਸੱਤ ਹੈ। ਸੋਨਾ-ਚਾਂਦੀ ਵੀ ਅਸੱਤ, ਇਹਨਾਂ ਦੇ ਬਣੇ ਗਹਿਣੇ ਪਾਉਣ ਵਾਲਾ ਵੀ ਅਸੱਤ, ਸਰੀਰ ਵੀ ਅਸੱਤ, ਪੁਸ਼ਾਕ ਵੀ ਅਸੱਤ, ਰੂਪ ਵੀ ਅਸੱਤ, ਪਤੀ ਵੀ ਅਸੱਤ, ਪਤਨੀ ਵੀ ਅਸੱਤ, ਸਭ ਕੂੜ (ਅਸੱਤ) ਦਾ ਹੀ ਪਸਾਰਾ ਹੈ, ਸਾਰਾ ਸੰਸਾਰ ਹੀ ਅਸੱਤ ਹੈ। ਫਿਰ ਕਿਸ ਨਾਲ ਪਿਆਰ-ਦੋਸਤੀ ਕਰੀਏ ਕਿਉਂ ਕਿ ਸਾਰਾ ਕੂੜ ਦਾ ਹੀ ਪਸਾਰਾ ਹੈ। ਹੇ ਪ੍ਰਭੂ ਤੈਥੋਂ ਬਿਨਾਂ ਸਭ ਕੂੜ ਹੀ ਕੂੜ, ਅਸੱਤ ਹੀ ਅਸੱਤ, ਛਲੇਵਾਂ ਹੀ ਛਲੇਵਾਂ ਹੈ :—

ਫੁਰਮਾਨ ਹੈ :—ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਇ ਖਾਰੁ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥
ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥

ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥ ੧॥

ਸਲੋਕ ਮ: ੧ (ਪੰਨਾ : ੪੬੮)

ਸਾਹਿਬਾਂ ਨੇ ਕੂੜ ਨਾਲ ਪਿਆਰ ਪਾਉਣ ਤੋਂ ਵਰਜਿਆ ਹੈ। ਜੇ ਕੂੜ ਨਾਲ ਪਿਆਰ ਪਾਵਾਂਗੇ, ਪੱਲੇ ਪਛਤਾਵਾ ਹੀ ਪਵੇਗਾ, ਜੇ ਪਿਆਰ ਪਾਉਣਾ ਹੈ, ਦੋਸਤੀ ਕਰਨੀ ਹੈ ਫਿਰ ਗੁਰੂ ਨਾਲ ਅਭੇਦ ਗੁਰਮੁਖਾਂ ਨਾਲ ਕਰ ਅਤੇ ਸਤਿਗੁਰੂ ਜੀ ਦੇ ਨਾਮ ਨਾਲ ਚਿੱਤ ਜੋੜ ਲੈ ਕਿਉਂਕਿ "ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰ ਗੋਬਿੰਦੁ॥ ਕਹੁ ਨਾਨਕ ਇਹ ਜਗਤ ਮੈ ਕਿਨ[1] ਜਪਿਓ ਗੁਰਮੰਤੁ॥ ਜੇ ਤੂੰ ਇਹ ਕਰਮ ਕਰ ਲਵੇਂਗਾ ਫਿਰ ਤੇਰਾ ਜੰਮਣ ਮਰਨ ਦਾ ਗੇੜ ਮੂਲੋਂ ਖਤਮ ਹੋ ਜਾਵੇਗਾ ਤੇ ਤੈਨੂੰ ਸਦੀਵੀਂ ਸੁੱਖ ਪ੍ਰਾਪਤ ਹੋ ਜਾਵੇਗਾ।

ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ॥
ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ॥

ਮ: ੧ (ਪੰਨਾ : ੧੪੨੧)

ਕਿਉਂਕਿ ਪ੍ਰਮੇਸ਼ਰ ਸਤਿ ਹੈ, ਉਸਦਾ ਨਾਮ ਸੱਤ ਹੈ, ਸਤਿ ਵਿੱਚ ਅਭੇਦ ਹੋਏ ਉਸਦੇ ਜਨ ਸਤਿ ਹਨ, ਇਸ ਲਈ, ਕੂੜਿਆਂ ਨਾਲੋਂ, ਕੱਚਿਆਂ ਨਾਲੋਂ, ਪਿਆਰ ਤੋੜ ਕੇ ਸਾਂਈ ਤੇ ਸਾਂਈ ਦੇ ਪਿਆਰੇ ਪੱਕਿਆਂ ਨਾਲ, ਦੋਸਤੀ-ਪਿਆਰ ਜੋੜਨਾ ਚਾਹੀਦਾ ਹੈ ਕਿਉਂਕਿ ਉਹ ਨਾਸ਼ਵੰਤ ਸੰਸਾਰ ਦਾ ਤਿਆਗ ਕਰਨ ਤੋਂ ਪਿੱਛੋਂ ਵੀ ਆਪਣੇ ਪਿਆਰੇ ਸੱਜਣਾਂ ਦੀ ਆਤਮਾ ਦੀ ਰਸਾਈ ਪ੍ਰਭੂ ਵਿੱਚ ਕਰਾਉਣ ਲਈ ਯਤਨਸ਼ੀਲ ਰਹਿੰਦੇ ਹਨ। ਤਦ ਹੀ ਸਾਹਿਬਾਂ ਨੇ ਫੁਰਮਾਨ ਕੀਤਾ ਹੈ :—

ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ॥੧॥

ਸ: ਡਖਣੇ ਮ: ੫ (ਪੰਨਾ : ੧੧੦੨)

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਕਥਨ ਅਨੁਸਾਰ ਸੱਜਣ ਹੈ ਹੀ ਉਹ, ਜਿਹੜਾ ਇਸ ਸੰਸਾਰ ਵਿੱਚ ਵੀ ਤੇ ਇਸ ਸੰਸਾਰ ਚੋਂ ਅਗਲੇ ਲੋਕ ਲਈ ਕੂਚ ਕਰਨ ਲੱਗਿਆਂ ਵੀ ਹਰ ਸਮੇਂ ਸਾਥ ਦੇਵੇ, ਜਿਥੇ ਪ੍ਰਲੋਕ ਵਿੱਚ ਹਿਸਾਬ ਮੰਗਿਆ ਜਾਵੇ ਉੱਥੇ ਅੰਗ-ਸੰਗ ਹੋ ਕੇ ਸਹਾਈ ਹੋਵੇ।

---

੧. ਜਿਸ ਕਿਸੇ ਨੇ ਨਾਮ ਜਪਿਆ

ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍॥

ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥

ਸੂਹੀ ਮ: ੧ (ਪੰਨਾ : ੭੨੯)

ਅਸਲੀ ਸੱਜਣ ਤਾਂ ਹਰੀ ਪ੍ਰਮਾਤਮਾਂ ਹੀ ਹੈ, ਜਿਹੜਾ ਸ਼ਾਹਾਂ ਪਾਤਸ਼ਾਹਾਂ ਦਾ ਵੀ ਸ਼੍ਰੋਮਣੀ ਹੈ, ਜਿਸ ਦੇ ਪਾਸ ਬੈਠਿਆਂ ਆਤਮਾਂ ਸੋਭਾ ਪਾਉਂਦੀ ਹੈ। ਜੋ ਸਾਰਿਆਂ ਦਾ ਆਸਰਾ ਹੈ :—

ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ॥

ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ॥ ੨੨॥

ਸਲੋਕ ਮ: ੫ (ਪੰਨਾ : ੧੪੨੬)

5. ਕ੍ਰਿਤ ਵਿੱਚ ਮਾਇਆ ਦਾ ਰਲੇਵਾਂ ਹੈ।

ਅਸੀਂ ਆਪਣੀਆਂ ਅੱਖਾਂ ਨਾਲ ਜੋ ਕੁਝ ਵੇਖ ਰਹੇ ਹਾਂ ਜਾਂ ਜੋ ਸਾਡੀ ਦ੍ਰਿਸ਼ਟੀ ਤੋਂ ਪਰੇ ਹੈ, ਇਹ ਸਾਰਾ ਕਰਤੇ ਦੀ ਕ੍ਰਿਤ ਹੈ। ਇਹ ਸਾਰੀ ਕ੍ਰਿਤ ਪ੍ਰਮੇਸ਼ਰ ਤੇ ਮਾਇਆ ਦਾ ਮਿਸ਼ਰਣ ਹੈ। ਸਭ ਤੋਂ ਪਹਿਲਾਂ ਹਰੀ ਪ੍ਰਮੇਸ਼ਰ ਸੁੰਨ ਅਵਸਥਾ ਚੋਂ ਸੈਭੰ ਰੂਪ ਵਿੱਚ ਪ੍ਰਗਟ ਹੋਇਆ। ਜਿਸ ਨੂੰ ਗੁਰੂ ਨਾਨਕ ਪਾਤਸ਼ਾਹ ਜੀ ਨੇ "**ਆਪੀਨੈ੍ ਆਪੁ ਸਾਜਿਓ**"ਦਾ ਸੰਕੇਤ ਦਿੱਤਾ ਹੈ। ਉਸ ਤੋਂ ਪਿੱਛੋਂ ਪ੍ਰਭੂ ਜੀ ਨੇ "**ਆਪੀਨੈ੍ ਰਚਿਓ ਨਾਉ॥**"

ਅਤੇ ਅਖੀਰ ਵਿੱਚ **ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥**" ਦਾ ਖੇਡ ਤਮਾਸ਼ਾ ਰਚ ਕੇ :—

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥

ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥

ਕਰਿ ਆਸਣੁ ਡਿਠੋ ਚਾਉ॥੧॥

ਆਸਾ ਦੀ ਵਾਰ ਮ: ੧ (ਪੰਨਾ : ੪੬੩)

ਦੀ ਖੇਡ ਖੇਡਣ ਤੇ ਵੇਖਣ ਲੱਗ ਪਿਆ।

ਜਿਸ ਦੀ ਪ੍ਰੋੜਤਾ ਬਾਬਾ ਨਾਮਦੇਵ ਜੀ ਨੇ ਧਨਾਸਰੀ ਰਾਗ ਵਿੱਚ ਕੀਤੀ ਹੈ ਕਿ ਸੰਸਾਰ ਕੀ ਹੈ ? "**ਅਸਗਾ ਅਸ ਉਸਗਾ॥**" ਇਸ ਮੇਲ ਦਾ ਬਣਿਆ ਕੀ ? "**ਹਰਿ ਕਾ ਬਾਗਰਾ,**" ਇਹ ਕਿਰਿਆ ਕਿਵੇਂ ਕਰਦਾ ਹੈ ? "**ਨਾਚੈ ਪਿੰਧੀ ਮਹਿ ਸਾਗਰਾ॥ ੧॥**"

(ਪੰਨਾ : ੬੯੩)

ਅਸਗਾ-ਮਾਇਆ, ਉਸਗਾ-ਹਰੀ ਪ੍ਰਮਾਤਮਾਂ, ਕਿੱਥੋਂ ਆਏ ਪਹਿਲੀਆਂ ਪੰਗਤੀਆਂ ਨੂੰ ਯਾਦ ਕਰੀਏ।

ਪਹਿਲ ਪੁਰਸਾਬਿਰਾ॥ ਅਥੋਨ ਪੁਰਸਾਦਮਰਾ॥

ਨਾਮਦੇਵ ਜੀ (ਪੰਨਾ : ੬੯੩)

ਸਭ ਤੋਂ ਪਹਿਲਾਂ ਹਰੀ ਪ੍ਰਮੇਸ਼ਰ ਕਰਤੇ ਨੇ ਆਪਣੀ ਹੋਂਦ ਪ੍ਰਗਟ ਕੀਤੀ। ਉਸ ਪਿਛੋਂ ਹਰੀ ਪ੍ਰਮੇਸ਼ਰ ਕਰਤੇ ਨੇ ਮਾਇਆ (ਪ੍ਰਕ੍ਰਿਤੀ) ਪੈਦਾ ਕੀਤੀ। ਮਾਇਆ ਤੇ ਪ੍ਰਮੇਸ਼ਰ ਦੇ ਮੇਲ (ਮਿਸ਼ਰਨ) ਤੋਂ ਇਹ ਸੰਸਾਰ ਰੂਪੀ ਸੁਹਣਾ ਬਗੀਚਾ ਬਣ ਗਿਆ। ਸੰਸਾਰ ਵਿੱਚ ਸਾਰੇ ਜੀਵ ਮਾਇਆ ਦੀ ਖੇਡ, ਇਸ ਤਰ੍ਹਾਂ ਖੇਡ ਰਹੇ ਹਨ ਜਿਸ ਤਰ੍ਹਾਂ ਖੂਹ ਦੀਆਂ ਟਿੰਡਾਂ ਵਿੱਚ ਪਾਣੀ ਨੱਚਦਾ ਹੈ।

ਬਾਬਾ ਰਵਿਦਾਸ ਜੀ "**ਨਾਚੈ ਪਿੰਧੀ ਮਹਿ ਸਾਗਰਾ**" ਦੀ ਖੇਡ ਨੂੰ ਹੋਰ ਸਪੱਸ਼ਟ ਕਰਕੇ ਆਸਾ ਰਾਗ ਵਿੱਚ ਵਿਸਥਾਰ ਕਰਦੇ ਹਨ ਕਿ ਵੇਖੋ ਭਾਈ, ਇਹ ਪੰਜਾਂ ਤੱਤਾਂ ਦੀ ਮਿੱਟੀ ਦਾ ਪੁਤਲਾ ਮਨੁੱਖ ਕਿਸ ਤਰ੍ਹਾਂ ਨੱਚਦਾ ਫਿਰਦਾ ਹੈ। ਇੱਧਰ ਉੱਧਰ ਬੜੀ ਤੇਜੀ ਨਾਲ ਵੇਖਦਾ ਹੈ! ਕਦੇ ਮੂੰਹ ਵਿੱਚੋਂ ਕੁਝ ਬੋਲਣ ਲੱਗ ਜਾਂਦਾ ਹੈ, ਕਦੇ ਕਿਸੇ ਦੀਆਂ ਗੱਲਾਂ ਸੁਣਨ ਲੱਗ ਜਾਂਦਾ ਹੈ। ਮਾਇਆ ਦੀ ਖਾਤਰ ਦਿਨ ਰਾਤ ਇੱਧਰ ਉੱਧਰ ਭੱਜਿਆ ਰਹਿੰਦਾ ਹੈ।

ਜਦੋਂ ਥੋੜ੍ਹਾ ਧਨ-ਪਦਾਰਥ ਇਸ ਨੂੰ ਪ੍ਰਾਪਤ ਹੋ ਜਾਂਦਾ ਹੈ। ਉਸ ਧਨ ਦਾ ਮਨ ਵਿੱਚ ਬਹੁਤ ਹੰਕਾਰ ਕਰਦਾ ਹੈ। ਜਦੋਂ ਇਸ ਪਾਸੋਂ ਮਾਇਆ ਚਲੀ ਜਾਂਦੀ ਹੈ (ਭਾਵ ਘਾਟਾ ਪੈ ਜਾਂਦਾ ਹੈ) ਫਿਰ ਮਨੁੱਖ ਢਾਹਾਂ ਮਾਰ-ਮਾਰ ਕੇ ਰੋਣ ਲੱਗ ਜਾਂਦਾ ਹੈ।

ਇਹ ਜੀਵ ਮਾਇਆ ਦੇ ਪ੍ਰਭਾਵ ਕਰਕੇ ਮਨ, ਬਚਨਾਂ ਤੇ ਕਰਮਾਂ ਕਰਕੇ ਮਾਇਕੀ ਰਸਾਂ ਕਸਾਂ ਵਿੱਚ ਦਿਨ ਰਾਤ ਲੁਭਾਇਮਾਨ ਰਹਿੰਦਾ ਹੈ। ਉਹਨਾਂ ਰਸਾਂ ਕਸਾਂ ਦੇ ਪ੍ਰਭਾਵ ਅਧੀਨ ਜਦੋਂ ਇਸ ਸਰੀਰ ਦਾ ਜੀਵ ਆਤਮਾਂ ਤਿਆਗ ਕਰਦੀ ਹੈ, ਫਿਰ ਉਹਨਾਂ ਮਾਇਕੀ ਵਾਸ਼ਨਾਵਾਂ ਦੇ ਪ੍ਰਭਾਵ ਅਧੀਨ ਅਨੇਕਾਂ ਜੂਨਾਂ ਨੂੰ ਭੋਗਦਾ ਹੈ। ਬਾਬਾ ਰਵਿਦਾਸ ਜੀ ਫੁਰਮਾਨ ਕਰਦੇ ਹਨ ਕਿ ਸੰਸਾਰ ਇੱਕ ਪ੍ਰਭੂ ਦਾ ਤਮਾਸ਼ਾ ਹੈ। ਇਸ ਜਗਤ-ਤਮਾਸ਼ੇ ਦੀ ਮੈਨੂੰ ਸੋਝੀ ਆ ਗਈ ਹੈ। ਜਿਸ ਕਰਕੇ ਮੈਂ ਜਗਤ ਨਾਲ ਪ੍ਰੀਤ ਪਾਉਣ ਦੀ ਥਾਂ ਜਗਤ ਦੇ ਰਚਣਹਾਰੇ ਵਾਹਿਗੁਰੂ ਨਾਲ ਪ੍ਰੀਤ ਕਰਨ ਲੱਗ ਪਿਆ ਹਾਂ :—

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥

ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥ ੧॥ ਰਹਾਉ॥

ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ।

ਮਾਇਆ ਗਈ ਤਬ ਰੋਵਨੁ ਲਗਤੁ ਹੈ॥ ੧॥

ਮਨ ਬਚ ਕ੍ਰਮ ਰਸ ਕਸਹਿ ਲੁਭਾਨਾ॥

ਬਿਨਸਿ ਗਇਆ ਜਾਇ ਕਹੂੰ ਸਮਾਨਾ॥ ੨॥

ਕਹਿ ਰਵਿਦਾਸ ਬਾਜੀ ਜਗੁ ਭਾਈ॥

ਬਾਜੀਗਰ ਸਉ ਮੁੋਹਿ ਪ੍ਰੀਤਿ ਬਨਿ ਆਈ॥ ੩॥

ਰਵਿਦਾਸ ਜੀ, (ਪੰਨਾ : ੪੮੭)

ਮਨੁੱਖ ਬਿਰਤੀ ਉੱਤੇ ਦ੍ਰਿਸ਼ਟਮਾਨ ਕ੍ਰਿਤ ਦਾ ਇੰਨਾਂ ਪ੍ਰਭਾਵ ਹੈ ਕਿ ਕ੍ਰਿਤ ਨੂੰ ਮਨੁੱਖ ਵੱਡੇ ਪਰਬਤ ਦੀ ਨਿਆਈਂ ਸਮਝਦਾ ਹੈ, ਪਰ ਜਿਸ ਕਰਤੇ ਦੀ ਇਹ ਕ੍ਰਿਤ ਹੈ ਉਸਨੂੰ ਇਕ ਤੀਲੇ ਦੇ ਬਰਾਬਰ ਜਾਣ ਕੇ ਆਪਣੀ ਭੁੱਲ ਦਾ ਪ੍ਰਗਟਾਵਾ ਕਰਦਾ ਹੈ :—

ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ॥

ਸੋਰਠਿ ਮ: ੫ (ਪੰਨਾ : ੬੧੩)

ਇਸ ਕਰਕੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਸਤਿਗੁਰਾਂ ਨੇ ਦ੍ਰਿੜ ਕਰਾਇਆ ਹੈ ਕਿ ਭਾਈ ਕ੍ਰਿਤ ਛਲੇਵਾਂ ਹੈ। ਕ੍ਰਿਤ ਨਾਲ ਜੁੜ ਕੇ ਉਸ ਦੀ ਸਿਫਤ-ਸਲਾਹ ਵਿੱਚ ਫਸ ਕੇ ਧੋਖਾ ਖਾਉਗੇ, ਕਰਨ ਵਾਲੇ ਕਰਤੇ ਨਾਲ ਜੁੜੋ ਤੇ ਉਸ ਦੀ ਸਿਫਤ ਸਲਾਹਿ ਕਰੋ :—

ਕੀਤਾ ਕਿਆ ਸਾਲਾਹੀਐ ਕਰੇ ਸੋਇ ਸਾਲਾਹਿ॥

ਸਾਰੰਗ ਮ: ੨ (ਪੰਨਾ : ੧੨੩੯)

ਤਥਾ :—ਮਨ ਮੇਰੇ ਕਰਤੇ ਨੋ ਸਾਲਾਹਿ॥

ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ॥

ਸਿਰੀਰਾਗੁ ਮ: ੫, ਪੰਨਾ : ੪੩

ਕਿਉਂਕਿ ਕ੍ਰਿਤ, ਕਰਤੇ ਤੇ ਮਾਇਆ ਦਾ ਰਲੇਵਾਂ ਹੈ। ਕ੍ਰਿਤ ਪ੍ਰਗਟ ਹੈ, ਕਰਤਾ ਗੁਪਤ ਹੈ। ਕ੍ਰਿਤ ਸਥੂਲ ਹੈ, ਕਰਤਾ ਸੂਖਮ ਹੈ। ਕ੍ਰਿਤ ਸਰਗੁਣ ਹੈ, ਕਰਤਾ ਨਿਰਗੁਣ ਹੈ। ਸਾਡਾ ਵੀ ਸਰੀਰ ਪੰਜਾਂ ਤੱਤਾਂ ਦਾ ਸਥੂਲ ਪ੍ਰਗਟ-ਸਰਗੁਣ ਰੂਪ ਹੈ। ਜਿਸ ਕਾਰਣ ਅਸੀਂ ਸਥੂਲ, ਪ੍ਰਗਟ, ਸਰਗੁਣ ਨਾਲ ਜੁੜ ਕੇ ਖੁਸ਼ੀ ਮਹਿਸੂਸ ਕਰਦੇ ਹਾਂ ਕਿਉਂਕਿ ਸਾਨੂੰ ਇਸ ਤੋਂ ਅੱਗੇ ਦਿਸਦਾ ਹੀ ਕੁੱਝ ਨਹੀਂ। ਸਾਡੀ ਦ੍ਰਿਸ਼ਟੀ, ਸ੍ਰਿਸ਼ਟੀ ਨੂੰ ਤਾਂ ਵੇਖ ਸਕਦੀ ਹੈ, ਪਰ ਅਦ੍ਰਿਸ਼ਟ ਨੂੰ ਵੇਖਣ ਲਈ ਮਿਹਨਤ ਤੇ ਜਤਨ ਦੀ ਲੋੜ ਹੈ। ਮਨੁੱਖੀ ਸੁਭਾਉ ਮਿਹਨਤ ਕਰਨ ਤੋਂ ਹਿਚਕਿਚਾਂਉਦਾ ਹੈ। ਗੁਰੂ ਅਗਵਾਈ ਵਿੱਚ ਚਲਣ ਲਈ ਨਿਯਮਬਧਤਾ ਵਾਲਾ ਜੀਵਨ ਬਤੀਤ ਕਰਨਾ ਪੈਂਦਾ ਹੈ। ਮਨੁੱਖ ਬੰਧਨ ਵਿੱਚ ਪੈ ਕੇ ਰਾਜੀ ਨਹੀਂ। ਜਿਸ ਕਾਰਣ ਥੋੜੀ ਮਿਹਨਤ ਦੁਆਰਾ ਬਹੁਤਾ ਪ੍ਰਾਪਤ ਕਰਨ ਦੇ ਲਾਲਚ

ਅਧੀਨ, ਕ੍ਰਿਤ ਵਿੱਚ ਹੀ ਫਸ ਕੇ "**ਕਰਤਾ ਛਡ ਕੀਤੇ ਲਪਟਾਇਆ**"' ਨੂੰ ਆਪਣਾ ਜੀਵਨ ਮਨੋਰਥ ਸਮਝ ਕੇ ਭੁੱਲ ਦਾ ਸ਼ਿਕਾਰ ਹੋ ਜਾਂਦਾ ਹੈ। ਕ੍ਰਿਤ ਨਾਲ ਜੁੜਨ ਸਦਕਾ ਕਰਤਾ ਮਨੁੱਖ ਦੀ ਸਿਮ੍ਰਤੀ ਵਿੱਚੋਂ ਸਦਾ ਲਈ ਨਿਕਲ ਜਾਂਦਾ ਹੈ ਤੇ ਮਨੁੱਖ ਮਾਇਕੀ ਕ੍ਰਿਤ ਵਿੱਚ ਇੰਨਾਂ ਜਕੜਿਆ ਜਾਂਦਾ ਹੈ ਕਿ ਮਾਇਆ ਨੂੰ ਆਪਣਾ ਅਧਾਰ ਤੇ ਅਹਾਰ ਬਣਾਉਂਦਾ-ਬਣਾਉਂਦਾ ਇੱਕ ਦਿਨ ਮਾਇਆ ਆਸ਼ਰਤ ਹੋ ਕੇ ਆਪ ਮਾਇਆ ਦਾ ਅਹਾਰ ਬਣ, ਸਤਿਗੁਰੂ ਅਮਰਦਾਸ ਜੀ ਮਹਾਰਾਜ ਦੇ ਫੁਰਮਾਨ ਨੂੰ ਆਪਣੇ ਤੇ ਢੁਕਾ ਲੈਂਦਾ ਹੈ :—

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥

ਸਲੋਕੁ ਮ: ੩ (ਪੰਨਾ : ੬੪੩)

ਤਥਾ :—ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ॥

ਸਲੋਕ ਮ: ੩ (ਪੰਨਾ : ੧੪੧੫)

ਜੇ ਸਤਿਗੁਰੂ ਜੀ ਰਹਿਮਤ ਕਰ ਦੇਣ, ਮਨੁੱਖ ਗੁਰੂ ਅਗਵਾਈ ਵਿੱਚ ਕਰਤੇ ਦੀ ਸਿਫਤੋ-ਸਾਲਾਹਿ ਦੀ ਵਿਧੀ ਤੇ ਬਰਕਤ ਨਾਲ, ਕ੍ਰਿਤ ਦੀ ਥਾਂ ਕਰਤੇ ਨਾਲ ਜੁੜ ਜਾਵੇ, ਕਾਠ ਦੀਆਂ ਪੁਤਲੀਆਂ ਨੂੰ ਵੇਖਣ ਦੀ ਥਾਂ ਖਿਲਾਵਨ ਹਾਰੇ ਨੂੰ ਵੇਖਣ ਲੱਗ ਜਾਵੇ। ਸਵਾਂਗ ਦੀ ਜਗਹ ਸਵਾਂਗੀ ਉੱਤੇ ਭਰੋਸਾ ਬਣ ਜਾਵੇ, ਤਮਾਸ਼ੇ ਨਾਲ ਜੁੜਨ ਦੀ ਥਾਂ ਤਮਾਸ਼ਾ-ਕਰਤੇ ਦੀ ਸੂਝ ਬੂਝ ਮਨ ਵਿੱਚ ਘਰ ਕਰ ਜਾਵੇ, ਫਿਰ ਤਾਂ ਇਸ ਸਾਰੇ ਕ੍ਰਿਤ ਤਮਾਸ਼ੇ ਵਿੱਚੋਂ ਵੀ, ਕਰਤਾ ਹੀ ਝਲਕਾਰੇ ਮਾਰੇਗਾ ਤੇ ਸਿਫਤੋ ਸਲਾਹਿ ਦੇ ਮਾਰਗ ਦਾ ਪਾਂਧੀ ਕਰਤੇ ਨੂੰ ਵੇਖ-ਵੇਖ ਕੇ ਪੁਕਾਰੇਗਾ :—

ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥ ਰਹਾਉ॥

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ॥

ਸਲੋਕ ਮ: ੧ (ਪੰਨਾ : ੪੬੯)

ਐਸੀ ਦ੍ਰਿਸ਼ਟੀ ਵਾਲਾ ਹਰ ਚੀਜ਼, ਹਰ ਵਸਤੂ, ਹਰ ਕਿਰਿਆ ਵਿੱਚੋਂ ਉਸ ਕਰਤੇ ਦਾ ਹੀ ਜਾਹੋ-ਜਲਾਲ ਤੱਕਦਾ ਤੇ ਪੁਕਾਰਦਾ ਹੈ :—

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥

ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥

ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥

ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ॥

ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥

ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥

ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥

ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥ ੨ ॥

ਆਸਾ ਮ: ੧ (ਪੰਨਾ : ੪੬੪)

ਐਸੀ ਮਨੋ-ਬਿਰਤੀ ਵਾਲੇ ਨੂੰ ਤਾਂ ਸਾਰੀ ਲੋਕਾਈ ਵਿੱਚੋਂ ਕਰਤੇ ਦੇ ਝਲਕਾਰੇ ਵਜਦੇ ਹਨ ਤੇ ਉਹ ਗੁਰੂ ਪਿਆਰਾ ਅਗਿਆਨੀਆਂ ਨੂੰ ਵੀ ਪੁਕਾਰ-ਪੁਕਾਰ ਕੇ ਕਰਤੇ ਦੀ ਕ੍ਰਿਤ ਵਿੱਚੋਂ ਕਰਤੇ ਦੀ ਲਖਤਾ ਕਰਾਉਂਦਾ ਹੈ ਤੇ ਨਾਲ ਵਰਜਦਾ ਵੀ ਹੈ ਕਿ ਗੁਰੂ ਪਿਆਰਿਓ, ਕਿਸੇ ਨੂੰ ਮੰਦਾ ਨ ਕਹੋ ਕਿਉਂਕਿ ਸਭ ਵਿੱਚ ਕਰਤਾ ਹੀ ਵਰਤ ਰਿਹਾ ਹੈ। ਇਹ ਖਲਕਤ ਖਾਲਕ ਦਾ ਰੂਪ ਹੈ। ਖਾਲਕ ਨੇ ਹੀ ਭੁਲੇਵਾਂ ਪਾਉਣ ਲਈ ਖਲਕਤ ਦਾ ਬੁਰਕਾ ਪਹਿਨਿਆ ਹੋਇਆ ਹੈ। ਅਸਲ ਵਿੱਚ :—

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥ ੭੫ ॥

ਸਲੋਕ ਫਰੀਦ ਜੀ (ਪੰਨਾ : ੧੩੮੧)

ਇਹ ਜੋ ਭਿੰਨਤਾ ਦਿਸ ਰਹੀ ਹੈ, ਇਹ ਕਰਤੇ ਪੁਰਖ ਨੇ ਭੁਲੇਖਾ ਪਾਉਣ ਵਾਸਤੇ ਆਪ ਖੇਡ ਰਚਿਆ ਹੈ। ਜਦੋਂ ਸਾਰਿਆਂ ਵਿੱਚ ਆਪ ਹੀ ਵਰਤ ਰਿਹਾ ਹੈ, ਫਿਰ ਮੰਦਾ ਕਿਸ ਨੂੰ ਕਹੀਏ ਭਾਵ ਨਹੀਂ ਕਹਿਣਾ ਚਾਹੀਦਾ :—

ਆਪਿ ਉਪਾਏ ਨਾਨਕਾ ਆਪੇ ਰਖੈ ਵੇਕ ॥
ਮੰਦਾ ਕਿਸਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ ॥
ਸਭਨਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ ॥
ਕਿਸੈ ਥੋੜਾ ਕਿਸੈ ਅਗਲਾ ਖਾਲੀ ਕੋਈ ਨਾਹਿ ॥

ਸਲੋਕ ਮ: ੨ (ਪੰਨਾ : ੧੨੩੮)

ਆਪਣੇ ਭਲੇ ਦੀ ਵੀਚਾਰ ਇਹ ਹੀ ਹੈ, ਕਿਸੇ ਨੂੰ ਮੰਦਾ ਨ ਆਖੋ ਜੇ ਕਿਸੇ ਨੂੰ ਮੰਦਾ ਆਖਾਂਗੇ, ਸਮਝੋ "ਸਭਨਾ ਸਾਹਿਬ ਏਕ ਹੈ" ਨੂੰ ਮੰਦਾ ਆਖ ਰਹੇ ਹੋਵਾਂਗੇ ਇਸ ਲਈ :—

ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥

ਕਿਉਂਕਿ :—**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥**

ਆਸਾ ਨਾਮ ਦੇਉ ਜੀ (ਪੰਨਾ : ੪੮੫)

ਕ੍ਰਿਤ ਵਿੱਚੋਂ ਕਰਤੇ ਨੂੰ ਵੇਖਣ ਦਾ ਰਸਤਾ ਕਰਤੇ ਦੀ ਸਿਫਤ ਸਲਾਹ ਅਤੇ ਗੁਰੂ ਦਾ ਬਖਸ਼ਸ਼ ਕੀਤਾ ਹੋਇਆ ਨਾਮ ਹੀ ਹੈ। ਇਹ ਨਾਮ ਤੇ ਸਿਫਤੋ-ਸਾਲਾਹਿ ਹੀ ਸਮਾਂ ਪਾ ਕੇ ਕ੍ਰਿਤ ਵਿੱਚੋਂ ਕਰਤੇ ਦੀ ਲਖਤਾ ਕਰਵਾ ਦਿੰਦੇ ਹਨ ਤੇ ਐਸੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਕਿ ਬ੍ਰਹਮ ਤੋਂ ਬਿਨਾਂ ਉਸਨੂੰ ਹੋਰ ਕੋਈ ਦਿਸਦਾ ਹੀ ਨਹੀਂ ਹੈ। ਜੋ ਸੁਣਦਾ ਹੈ ਉਹ ਵੀ ਉਸਨੂੰ ਬ੍ਰਹਮ-ਨਾਦ ਹੀ ਸੁਣਦਾ ਹੈ। ਕਰਤਾ, ਭੁਗਤਾ, ਕਾਰਣ ਸਭ ਇੱਕ ਬ੍ਰਹਮ ਹੀ ਦਿਸਦਾ ਹੈ ਤੇ ਐਸੀ ਬ੍ਰਿਤੀ ਬਣ ਜਾਂਦੀ ਹੈ :—

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥

ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥

ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥

ਬਿਲਾਵਲੁ ਮ: ੫ (ਪੰਨਾ : ੮੪੬)

ਇਹ ਸਾਰੀ ਬਰਕਤ, ਮਨ ਮੇਰੇ ਕਰਤੇ ਨੋ ਸਾਲਾਹਿ ॥ **ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ ॥** ਦੀਆਂ ਹੀ ਹਨ। ਸੋ ਲੋੜ ਹੈ, ਕ੍ਰਿਤ ਵਿੱਚ ਰਹਿੰਦੇ ਹੋਏ ਕ੍ਰਿਤ ਦਾ ਜੋ ਕਰਤਾ ਹੈ, ਉਸ ਕਰਤੇ ਨਾਲ ਜੁੜੀਏ। ਜਦੋਂ ਕਰਤੇ ਨਾਲ ਜੁੜ ਜਾਵਾਂਗੇ ਫਿਰ ਕਰਤਾ ਸਾਨੂੰ ਆਪਣਾ ਰੂਪ ਹੀ ਬਖਸ਼ਸ਼ ਕਰ ਦੇਵੇਗਾ।

ਗੁਰੂ ਮਿਹਰ ਨਾਲ ਜਿਸ ਵੇਲੇ ਕਰਤੇ ਦੀ ਖੇਡ ਦੀ ਲਖਤਾ ਹੋ ਜਾਂਦੀ ਹੈ, ਫਿਰ ਤਾਂ, ਸਭ ਪਾਸੇ, ਸਾਰਿਆਂ ਰੰਗਾਂ, ਸਾਰੇ ਕਾਰਨਾਂ ਵਿੱਚ ਕਰਤਾ ਹੀ ਵਰਤ ਰਿਹਾ ਦਿਸਦਾ ਹੈ। ਜਗਿਆਸੂ ਦੀ ਆਪਣੀ ਹੋਂਦ (ਹਉਮੈਂ) ਦਾ ਅਭਾਵ ਹੋ ਜਾਂਦਾ ਹੈ। ਉਹ ਪੁਕਾਰ ਕੇ ਕਹਿੰਦਾ ਹੈ ਕਿ ਹੇ ਪ੍ਰਭੂ ਮੈਂ ਤਾਂ ਕੁਛ ਵੀ ਨਹੀਂ ਹਾਂ, ਇਹ ਸਾਰਾ ਖੇਡ ਤਮਾਸ਼ਾ ਆਪ ਜੀ ਦਾ ਹੀ ਹੈ। ਇੱਕ ਪਾਸੇ ਤੁਸੀਂ ਆਪ ਹੀ ਤਿੰਨਾ ਗੁਣਾਂ (ਰਜੋ, ਤਮੋ, ਸਤੋ) ਤੋਂ ਨਿਰਲੇਪ ਨਿਰਗੁਣ ਸਰੂਪ ਵਿੱਚ ਵਰਤ ਰਹੇ ਹੋ, ਕਿਤੇ ਤ੍ਰਿਗੁਣੀ ਮਾਇਆ ਦੇ ਪ੍ਰਭਾਵ ਵਿੱਚ ਤੁਸੀਂ ਆਪ ਹੀ ਸਥੂਲ ਖੇਡ ਰਚ ਕੇ ਉਸ ਵਿੱਚ ਵਿਚਰ ਰਹੇ ਹੋ। ਇਹ ਲੋਕ ਪਰਲੋਕ ਦਾ ਖੇਡ ਤਮਾਸ਼ਾ ਸਭ ਆਪ ਜੀ ਦਾ ਹੀ ਹੈ।

ਸਾਰੇ ਸਰੀਰਾਂ ਵਿੱਚ ਵੀ ਆਪ ਹੀ ਵਰਤ ਰਹੇ ਹੋ। ਸਰੀਰਾਂ ਤੋਂ ਬਾਹਰ ਵੀ ਆਪ ਜੀ ਦਾ ਹੀ ਨਿਵਾਸ ਹੈ। ਕੋਈ ਵੀ ਥਾਂ ਮੇਰੇ ਵਾਹਿਗੁਰੂ ਤੋਂ ਖਾਲੀ ਨਹੀਂ ਹੈ।

ਮੇਰਾ ਨਾਨਕ ਆਪ ਹੀ ਕਿਤੇ ਰਾਜਾ ਬਣ ਕੇ ਬੈਠਾ ਹੈ ਅਤੇ ਕਿਤੇ ਪਰਜਾ ਦੇ ਰੂਪ

ਵਿੱਚ ਵਿਚਰ ਰਿਹਾ ਹੈ। ਕਿਤੇ ਮਾਲਕ ਬਣ ਕੇ ਹੁਕਮ ਕਰ ਰਿਹਾ ਹੈ, ਕਿਤੇ ਦਾਸ ਬਣ ਕੇ ਉਸ ਹੁਕਮ ਦੀ ਪਾਲਣਾ ਕਰ ਰਿਹਾ ਹੈ।

ਜਦੋਂ ਸਭ ਥਾਂਈ, ਸਭ ਜੀਵਾਂ ਵਿੱਚ, ਮੇਰਾ ਮਾਲਕ ਹੀ ਵਰਤ ਰਿਹਾ ਹੈ, ਹੁਣ, ਕਿਸ ਪਾਸੋਂ ਲੁਕਾ ਕਰੀਏ ? ਨਹੀਂ ਕਰ ਸਕਦੇ ਕਿਉਂਕਿ ਉਹ ਮਾਲਕ ਤਾਂ "**ਸਦ ਸੁਣਦਾ ਸਦ ਵੇਖਦਾ**" ਕਿਸ ਨਾਲ ਠਗੀ ਕਰੀਏ ? ਕਿਉਂਕਿ ਸਾਰਿਆਂ ਵਿੱਚ ਮੇਰਾ ਮਾਲਕ ਹੀ ਵਰਤ ਰਿਹਾ ਹੈ। ਫਿਰ ਮਾਲਕ ਨਾਲ ਠਗੀ ਕਿਵੇਂ ਕਰ ਸਕਦੇ ਹਾਂ ? ਉਹ ਮਾਲਕ ਤਾਂ ਨੇੜੇ ਵਸਦਾ ਹੈ। ਨੇੜੇ ਹੀ ਨਹੀਂ; ਉਹ ਪ੍ਰਭੂ ਤਾਂ "**ਨਿਜ ਆਤਮੈ ਰਹਿਆ ਭਰਪੂਰਿ॥**" ਦੀ ਸਰਬਗਤਾ ਦਾ ਮਾਲਕ ਹੈ। ਹੁਣ ਤਾਂ ਸਤਿਗੁਰੂ ਜੀ ਨੇ ਐਸੀ ਮਿਹਰ ਕਰ ਦਿੱਤੀ ਹੈ, ਜਿਸ ਤਰ੍ਹਾਂ ਇੱਕ ਬੂੰਦ ਸਾਗਰ ਨਾਲ ਮਿਲ ਕੇ ਸਾਗਰ ਦਾ ਰੂਪ ਹੀ ਬਣ ਜਾਂਦੀ ਹੈ, ਇਸੇ ਤਰ੍ਹਾਂ ਜੀਵ ਆਤਮਾਂ ਬ੍ਰਹਮ ਵਿੱਚ ਲੀਨ ਹੋ ਕੇ ਬ੍ਰਹਮ ਦਾ ਰੂਪ ਹੀ ਬਣ ਗਈ ਹੈ। ਸਾਹਿਬ ਪੰਚਮ ਪਾਤਸ਼ਾਹ ਜੀ ਦਾ ਬਚਨ ਹੈ :—

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥
ਈਘੈ ਨਿਰਗੁਨ ਊਘੈ ਸਰਗੁਣ ਕੇਲ ਕਰਤ ਬਿਚਿ ਸੁਆਮੀ ਮੇਰਾ॥ ਰਹਾਉ॥
ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ॥
ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ॥
ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ॥
ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ॥੨॥੨॥

ਬਿਲਾਵਲੁ ਮ: ੫ (ਪੰਨਾ : ੮੨੭)

ਇਸ ਲਈ ਹੇ ਪ੍ਰਭੂ ! ਮੈਨੂੰ ਕ੍ਰਿਪਾ ਕਰਕੇ ਸਤਿ-ਸੰਗਤ ਦੀ ਦਾਤ ਬਖਸ਼ਸ਼ ਕਰ ਦਿਉ ਜੀ ਤਾਂ ਜੋ ਸਤਿ-ਸੰਗਤ ਕਰਕੇ, ਨਾਮ ਜਪ ਕੇ, ਮੈ ਵੀ ਪ੍ਰਮੇਸ਼ਰ ਜੀ ਦੇ ਪਿਆਰ ਵਿੱਚ ਜਾਗ ਪਵਾਂ ਅਤੇ ਮੈਨੂੰ ਵੀ ਸੰਸਾਰ ਵਿੱਚੋਂ ਅਸਲੀਅਤ ਪ੍ਰਗਟ ਹੋ ਕੇ ਦ੍ਰਿਸ਼ਟੀ ਆ ਜਾਵੇ:—

ਕਰਿ ਕਿਰਪਾ ਮੋਹਿ ਸਾਰਿੰਗਪਾਣਿ॥ ਸੰਤਨ ਧੂਰਿ ਸਰਬ ਨਿਧਾਨ॥
ਸਾਬਤੁ ਪੂੰਜੀ ਸਤਿਗੁਰ ਸੰਗਿ॥ ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ॥

ਗਉੜੀ ਮ: ੫ (ਪੰਨਾ : ੧੯੨)

✲ ✲ ✲

ਅਧਿਆਇ 4

ਚੌਥਾ ਔਗੁਣ—ਅਤਿ ਖੁਸ਼ੀ ਤੇ ਅਤਿ ਗਮੀ

ਅਤਿ ਖੁਸ਼ੀ ਤੇ ਅਤਿ ਗਮੀ

ਅਤਿ ਖੁਸ਼ੀ ਵਿੱਚ ਅਤੇ ਅਤਿ ਗਮੀਂ ਵਿੱਚ ਮਨੁੱਖ ਆਪਨੇ ਧੁਰੇ ਨਾਲੋਂ ਟੁੱਟ ਕੇ ਆਪਨੇ ਅਸਲੇ ਤੋਂ ਦੂਰ ਹੋ ਜਾਂਦਾ ਹੈ। ਧੰਨ ਹਨ ਉਹ ਗੁਰੂ ਪਿਆਰੇ, ਜਿਹੜੇ ਦੋਵਾਂ ਹਾਲਤਾਂ ਦੇ ਵਾਪਰਨ ਤੇ ਵੀ ਆਪਨੇ ਧੁਰੇ ਦਾ ਪੱਲਾ ਨਹੀਂ ਛੱਡਦੇ, ਸੁੱਖ ਅਤੇ ਦੁੱਖ ਨੂੰ ਪ੍ਰਭੂ ਦਾ ਹੁਕਮ ਜਾਣ ਕੇ ਉਸਦੀ ਰਜ਼ਾ ਵਿੱਚ ਰਾਜ਼ੀ ਰਹਿੰਦੇ ਹਨ ਤੇ ਬੇਨਤੀ ਕਰਦੇ ਹਨ :—

ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ॥

ਆਸਾ ਮ: ੫ (ਪੰਨਾ : ੪੩੨)

ਦੁੱਖ ਆਉਣ ਤੇ ਵੀ ਮਾਲਕ ਨੂੰ ਉਲ੍ਹਾਮਾ ਨਹੀ ਦਿੰਦੇ ਸਗੋਂ ਉਸ ਨੂੰ ਯਾਦ ਕਰਕੇ ਉਸ ਮਾਲਕ ਦੀ ਰਜ਼ਾ ਨੂੰ ਮਿੱਠਾ ਕਰਕੇ ਮੰਨ, ਹੁਕਮ ਰਜਾਈ ਦੇ ਧਾਰਨੀ ਬਣੇ ਰਹਿੰਦੇ ਹਨ ਕਿਉਂਕਿ ਉਹਨਾਂ ਨੂੰ ਹੁਕਮ-ਰਜਾਈ ਚੱਲਣ ਵਿਚੋਂ ਅਨੰਦ ਪ੍ਰਾਪਤ ਹੁੰਦਾ ਹੈ। ਉਹਨਾਂ ਨੂੰ ਸਮਝ ਆ ਗਈ ਹੁੰਦੀ ਹੈ ਕਿ ਇਸ ਲੋਕ ਦਾ ਮਾਲਕ ਵੀ ਉਹ ਆਪ ਹੈ, ਪ੍ਰਲੋਕ ਵੀ ਉਸ ਦੇ ਹੱਥ ਵਿੱਚ ਹੈ। ਸੁੱਖ ਤੇ ਦੁੱਖ ਉਸ ਦੇ ਹੁਕਮ ਤੋਂ ਬਾਹਰ ਨਹੀਂ ਹਨ। ਸਭ ਉਸ ਪ੍ਰਭੂ ਮਾਲਕ ਦਾ ਹੀ ਖੇਲ ਤਮਾਸ਼ਾ ਹੈ। ਐਸੀ ਬ੍ਰਿਤੀ ਵਾਲੇ :—

ਉਲਾਹਨੋ ਮੈ ਕਾਹੂ ਨ ਦੀਓ॥ ਮਨ ਮੀਠ ਤੁਹਾਰੋ ਕੀਓ॥ ੧॥ ਰਹਾਉ॥
ਆਗਿਆ ਮਾਨਿ ਜਾਨਿ ਸੁਖੁ ਪਾਇਆ ਸੁਨਿ ਸੁਨਿ ਨਾਮੁ ਤੁਹਾਰੋ ਜੀਓ॥
ਈਹਾਂ ਊਹਾ ਹਰਿ ਤੁਮ ਹੀ ਤੁਮ ਹੀ ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ॥ ੧॥
ਜਬ ਤੇ ਜਾਨਿ ਪਾਈ ਏਹ ਬਾਤਾ ਤਬ ਕੁਸਲ ਖੇਮ ਸਭ ਥੀਓ॥
ਸਾਧਸੰਗਿ ਨਾਨਕ ਪਰਗਾਸਿਓ ਆਨ ਨਾਹੀ ਰੇ ਬੀਓ॥ ੨॥ ੩॥

ਨਟ ਨਾਰਾਇਨ ਮ: ੫ (ਪੰਨਾ : ੯੭੮)

ਵਾਲੀ ਅਵਸਥਾ ਵਿੱਚ ਵਿਚਰਦੇ ਹੋਏ,

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥ ੨॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥

ਰਾਗੁ ਸੂਹੀ ਮ: ੪ (ਪੰਨਾ : ੭੫੭)

ਨੂੰ ਆਪਣਾ ਜੀਵਨ ਅਧਾਰ ਬਣਾ ਕੇ, ਮਾਲਕ ਦੇ ਹੁਕਮ ਮੰਨਣ ਵਿੱਚੋਂ ਸੁੱਖ ਢੂੰਢਦੇ ਹਨ। ਉਸ ਮਾਲਕ ਦੇ ਹੁਕਮ ਵਿੱਚ ਭੁੱਖ ਆ ਗੁਸੇ, ਉਸ ਵਿੱਚੋਂ ਵੀ ਮਾਲਕ ਦਾ ਦਿੱਤਾ ਸੁੱਖ ਮਹਿਸੂਸ ਕਰਦੇ ਹਨ। ਖੁਸ਼ੀ ਗਮੀ, ਦੁੱਖ-ਸੁੱਖ ਵਿੱਚ ਇੱਕ ਸਮਾਨ ਬ੍ਰਿਤੀ ਵਿੱਚ ਵਿਚਰਨਾ ਹੀ ਉਹਨਾਂ ਦੇ ਜੀਵਨ ਦਾ ਲਕਸ਼ ਹੁੰਦਾ ਹੈ। ਉਹਨਾਂ ਦੀ ਆਤਮਕ ਅਵਸਥਾ ਤਾਂ :—

ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ॥ ੩॥

ਮ: ੫ (ਪੰਨਾ : ੧੦੦੦)

ਦੀ ਗੁਰੂ ਮਿਹਰ ਨਾਲ ਬਣ ਜਾਂਦੀ ਹੈ।

ਅਤਿ ਖੁਸ਼ੀ ਦੀ ਮਨਾਹੀ ਕਿਉਂ ?

ਕਿਉਂਕਿ, ਅਤਿ ਖੁਸ਼ੀ ਤੇ ਸੁੱਖ ਵਿੱਚ ਮਨੁੱਖ ਖੁਸ਼ੀ ਤੇ ਸੁੱਖ ਦੇਣ ਵਾਲੇ ਦਾਤਾ-ਕਰਤੇ ਦੀ ਥਾਂ ਸੁੱਖ ਅਤੇ ਖੁਸ਼ੀ ਦੇ ਕਾਰਣ, ਵਸੀਲੇ ਨਾਲ ਜੁੜ ਜਾਂਦਾ ਹੈ। ਜਿਸ ਕਾਰਣ ਮਨੁੱਖ ਤੇ ਮਾਇਆ ਦਾ ਪ੍ਰਭਾਵ ਹਾਵੀ ਹੋ ਜਾਂਦਾ ਹੈ। ਜਦੋਂ ਮਨ ਤੇ ਮਾਇਆ ਦਾ ਪ੍ਰਭਾਵ ਗਲਵਾ ਪਾ ਲਵੇ, ਫਿਰ ਮਨੁੱਖ ਸੁੱਖ ਦਾਤੇ ਦਾ ਧੰਨਵਾਦ ਕਰਨ ਦੀ ਥਾਂ, ਖੁਸ਼ੀ ਨੂੰ ਜ਼ਰਨ ਦੀ ਥਾਂ, ਸੰਸਾਰਕ ਵਸੀਲਿਆਂ ਰਾਹੀਂ ਸਗੋਂ ਖੁਸ਼ੀ ਨੂੰ ਢੋਲ-ਢਮਕਿਆਂ ਰਾਹੀਂ, ਭੰਗੜੇ ਪਾ ਨੱਚ-ਟੱਪ, ਖਾ-ਪੀ ਕੇ ਆਪਣੀ ਖੁਸ਼ੀ ਦਾ ਲੋਕਾਈ ਵਿੱਚ ਪਰਗਟਾਵਾ ਕਰਨ ਲੱਗ ਜਾਂਦਾ ਹੈ। ਲੋੜ ਸੀ ਖੁਸ਼ੀ ਤੇ ਸੁੱਖ ਨੂੰ ਮਾਨਣ ਦੀ, ਤੇ ਜ਼ਰਨ ਦੀ ਪਰ ਹੋ ਉਲਟ ਗਿਆ। **"ਨਚਣੁ ਕੁਦਣੁ ਮਨ ਕਾ ਚਾਉ"**

ਬਣ ਗਿਆ, ਕਿੰਨਾ ਕੁ ਚਿਰ ਨੱਚਦਾ ਰਹੇਗਾ ? ਕਿੰਨਾ ਕੁ ਚਿਰ ਇਹ ਵਾਜੇ ਵਜਾ ਭੰਗੜਾ ਪਾਉਂਦਾ ਰਹੇਗਾ ? ਕਿੰਨਾ ਕੁ ਚਿਰ ਖਾ-ਪੀ ਕੇ, ਮਸਤੀਆਂ ਮਾਣਦਾ ਰਹੇਗਾ ? ਆਖਰ ਥੋੜ੍ਹੇ ਸਮੇਂ ਤੋਂ ਪਿੱਛੋਂ ਥੱਕ-ਅੱਕ-ਰੱਜ ਕੇ ਨਿੰਮੋਝੂਣਾ ਹੋ ਬੈਠ ਜਾਏਗਾ।

ਗੁਰਸਿੱਖ ਨੇ ਦੁਨੀਆਂਦਾਰਾਂ ਦੀ ਰੀਤ ਨਹੀਂ ਅਪਨਾਉਣੀ, ਸਗੋਂ ਗੁਰੂ ਕੇ ਸਿੱਖ ਨੇ ਹਰ ਕਾਰਣ ਵਿੱਚੋਂ ਗੁਰੂ ਦੀ ਪ੍ਰਸੰਨਤਾ ਪ੍ਰਾਪਤ ਕਰਨੀ ਹੈ ਤਾਂ ਜੋ ਆਪਣੇ ਮਾਲਕ ਨਾਲ ਜੁੜਿਆ ਰਹੇ ਅਤੇ ਮਾਲਕ ਦੀਆਂ ਅਸੀਸਾਂ ਪ੍ਰਾਪਤ ਹੁੰਦੀਆਂ ਰਹਿਣ। ਗੁਰਸਿੱਖ ਨੇ ਕਦੇ ਵੀ ਖੁਸ਼ੀ ਗਮੀਂ ਵਿੱਚ ਐਸਾ ਕਰਮ ਨਹੀਂ ਕਰਨਾ ਜਿਸ ਸਦਕਾ ਮਾਲਕ ਦੀ ਕਰੋਪੀ ਦਾ ਸਾਹਮਣਾ ਕਰਨਾ ਪੈ ਜਾਵੇ। ਗੁਰਸਿੱਖ ਨੇ ਤਾਂ ਗੁਰੂ ਦੀ ਨਦਰੇ-ਕਰਮ ਪ੍ਰਾਪਤ ਕਰਨਾ ਹੈ। ਜਿਹੜੇ ਗੁਰੂ ਪਿਆਰੇ ਨਦਰ ਪ੍ਰਾਪਤ ਕਰਨ ਵਿੱਚ ਸਫਲ ਹੋ ਜਾਂਦੇ ਹਨ, ਫਿਰ ਗੁਰੂ ਹੁਕਮ ਹੈ :—

ਜਿਸ ਨੋ ਤੇਰੀ ਨਦਰਿ ਨ ਲੇਖਾ ਪੁਛੀਐ॥
ਜਿਸ ਨੋ ਤੇਰੀ ਖੁਸੀ ਤਿਨਿ ਨਉ ਨਿਧਿ ਭੁੰਚੀਐ॥

ਪਉੜੀ, (ਪੰਨਾ : ੯੬੧)

ਪਰ ਮਾਇਆ ਦੇ ਪ੍ਰਭਾਵ ਅਧੀਨ ਮਨੁੱਖ ਉਹ ਕੁਝ ਕਰ ਬੈਠਦਾ ਹੈ ਜੋ ਗੁਰੂ ਦੇ ਭਾਣੇ ਦੇ ਉਲਟ ਹੁੰਦਾ ਹੈ ਕਿਉਂਕਿ ਖੁਸ਼ੀ ਵਿੱਚ, ਆਪੇ ਤੋਂ ਬਾਹਰ ਹੋਇਆ ਮਨੁੱਖ, ਮਾਇਆ-ਵੇੜ੍ਹੀ ਬ੍ਰਿਤੀ ਨਾਲ ਇਹ ਭੁੱਲ ਜਾਂਦਾ ਹੈ ਕਿ ਦਿਨ ਤੋਂ ਪਿਛੋਂ ਰਾਤ ਅਵੱਸ਼ ਪੈਣੀ ਹੀ ਪੈਣੀ ਹੈ। ਜੇ ਰਾਤ ਪੈ ਗਈ ਹੈ, ਰਾਤ ਸੰਕੇਤ ਦਿੰਦੀ ਹੈ ਕਿ ਮੈਥੋਂ ਬਾਅਦ ਦਿਨ ਅਵੱਸ਼ ਚੜ੍ਹਨਾ ਹੀ ਹੈ :—

ਦਿਨ ਤੇ ਸਰਪਰ ਪਉਸੀ ਰਾਤਿ॥
ਰੈਣਿ ਗਈ ਫਿਰਿ ਹੋਇ ਪਰਭਾਤਿ॥

ਆਸਾ ਮ: ੫ (ਪੰਨਾ : ੩੭੫)

ਇਸੇ ਤਰ੍ਹਾਂ ਖੁਸ਼ੀ ਤੋਂ ਪਿੱਛੋਂ ਗਮੀਂ, ਗਮੀਂ ਤੋਂ ਪਿੱਛੋਂ ਖੁਸ਼ੀ ਅਤੇ ਸੁੱਖ ਤੋਂ ਬਾਅਦ ਦੁੱਖ ਤੇ ਦੁੱਖ ਤੋਂ ਪਿੱਛੋਂ ਸੁੱਖ ਵਾਰੀ-ਵਾਰੀ ਮਨੁੱਖ ਨੂੰ ਵਿਆਪਦੇ ਹੀ ਰਹਿੰਦੇ ਹਨ।

ਕੁਦਰਤ ਦਾ ਨਿਯਮ ਹੈ, ਜਨਮ ਤੋਂ ਪਿੱਛੋਂ ਮੌਤ ਆਉਣੀ ਹੈ। ਖੁਸ਼ੀ ਤੋਂ ਬਾਅਦ ਗਮੀਂ ਨੇ ਜਰੂਰ ਮੂੰਹ ਵਿਖਾਲਣਾ ਹੀ ਹੈ। ਸੰਸਾਰਕ ਮਾਇਕੀ ਭੋਗਾਂ ਵਿੱਚੋਂ ਰੋਗਾਂ ਨੇ ਅਵੱਸ਼ ਜਨਮ ਲੈਣਾ ਹੀ ਹੈ। ਇਸ ਖੇਡ ਨੂੰ ਕੋਈ ਮੇਟ ਨਹੀਂ ਸਕਦਾ :—

ਜਨਮੰ ਤ ਮਰਣੰ, ਹਰਖੰ ਤ ਸੋਗੰ ਭੋਗੰ ਤ ਰੋਗੰ॥

ਸਹਸਕ੍ਰਿਤੀ (ਪੰਨਾ : ੨੪੯)

ਸੰਸਾਰ ਵਿੱਚ ਸਦਾ ਵਾਸਤੇ ਕੋਈ ਸੁਖੀ ਨਹੀਂ ਰਹਿੰਦਾ, ਸਦਾ ਵਾਸਤੇ ਕੋਈ ਦੁਖੀ ਨਹੀਂ ਰਿਹਾ। ਇਹ ਤਾਂ ਪ੍ਰਭੂ ਜੀ ਵਲੋਂ ਮਨੁੱਖੀ ਸਰੀਰ ਲਈ ਕਪੜੇ ਹਨ :—

ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥

ਮ: ੧, (ਪੰਨਾ : ੧੪੯)

ਇਹ ਤਾਂ ਉਸ ਮਾਲਕ ਦੇਣ ਵਾਲੇ ਨੂੰ ਪਤਾ ਹੈ ਕਿ ਸਾਡੇ ਕੀਤੇ ਹੋਏ ਕਰਮਾਂ ਦੇ ਸੁੱਖ ਦਾ ਕਿੰਨਾ ਲੰਮਾ ਕੱਪੜਾ ਹੈ ਤੇ ਦੁੱਖ ਦਾ ਕਿੰਨਾ ਲੰਮਾਂ। ਹੈਨ ਸੁੱਖ-ਦੁੱਖ ਸਾਡੇ ਕੀਤੇ ਚੰਗੇ-ਮਾੜੇ ਕਰਮਾਂ ਦਾ ਹੀ ਫਲ, ਤਦ ਹੀ ਸਾਹਿਬਾਂ ਨੇ ਗੁਰਬਾਣੀ ਵਿੱਚ ਸੇਧ ਬਖਸ਼ਸ਼ ਕੀਤੀ ਹੈ ਕਿ ਹੇ ਪ੍ਰਾਣੀ ਦੁੱਖ ਵੇਲੇ ਕਿਸੇ ਪ੍ਰਾਣੀ ਨੂੰ ਦੋਸ਼ ਨਾ ਦੇਹ; ਜੇ ਦੋਸ਼ ਦੇਣਾ ਹੀ ਹੈ ਤਾਂ ਆਪਣੇ ਕੀਤੇ ਕਰਮਾਂ ਨੂੰ ਦੇਹ ਕਿਉਂਕਿ ਜਿਹੋ ਜਿਹਾ ਕੋਈ ਕਰਮ ਕਰਦਾ ਹੈ ਉਸ

ਚੰਗੇ ਦਾ ਫਲ ਸੁੱਖ ਅਤੇ ਮਾੜੇ ਕਰਮ ਦਾ ਫਲ ਦੁੱਖ ਦੇ ਰੂਪ ਵਿੱਚ ਭੋਗਣਾ ਹੀ ਪੈਂਦਾ ਹੈ।

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥

ਆਸਾ ਮ: ੧ ਪਟੀ (ਪੰਨਾ : ੪੩੩)

ਤਥਾ :—**ਦੋਸੁ ਨ ਦੀਜੈ ਕਾਹੂ ਲੋਗ॥**

ਜੋ ਕਮਾਵਨੁ ਸੋਈ ਭੋਗ॥

ਰਾਮਕਲੀ ਮ: ੫ (ਪੰਨਾ : ੮੮੮)

ਅਤੇ :—**ਸੁਖੁ ਦੁਖੁ ਪੁਰਬ ਜਨਮ ਕੇ ਕੀਏ॥**

ਸੋ ਜਾਣੈ ਜਿਨਿ ਦਾਤੈ ਦੀਏ॥

ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ॥

ਮਾਰੂ ਮ: ੧ (ਪੰਨਾ : ੧੦੩੦)

ਮਨੁੱਖ ਸੁੱਖ ਦਾ, ਖੁਸ਼ੀ ਦਾ, ਕੱਪੜਾ ਜਦੋਂ ਪਹਿਨ ਲੈਂਦਾ ਹੈ। ਉਸ ਪ੍ਰਭੂ ਵਲੋਂ ਦਿੱਤੇ ਸੁੱਖ ਦੇ ਕੱਪੜੇ ਨੂੰ ਹੰਢਾਉਣ ਤੇ ਮਾਨਣ ਦੀ ਜਗ੍ਹਾ, ਮਾਇਕੀ ਪ੍ਰਭਾਵ ਅਧੀਨ ਆਪੇ ਤੋਂ ਬਾਹਰ ਹੋ ਉਹ ਕਰਮ ਕਰ ਲੈਂਦਾ ਹੈ, ਜਿੱਥੇ ਕੀਤੇ ਹੋਏ ਮਾੜੇ ਕਰਮ ਮਨੁੱਖ ਨੂੰ ਦੁੱਖਾਂ ਦੇ ਜਨਮ ਦਾਤੇ ਹੋ ਕੇ ਦੁਖੀ ਕਰਦੇ ਹਨ, ਉੱਥੇ ਪ੍ਰਭੂ ਤੋਂ ਦੂਰੀ ਪਾਉਣ ਦਾ ਵੀ ਕਾਰਣ ਬਣਦੇ ਹਨ। ਉਦਾਹਰਣ ਦੇ ਤੌਰ ਤੇ ਆਪਾਂ ਸੰਸਾਰ ਵਿੱਚ ਵੇਖਦੇ ਹਾਂ। ਪ੍ਰਮੇਸ਼ਰ ਮਨੁੱਖ ਨੂੰ ਖੁਸ਼ੀ ਦਿੰਦਾ ਹੈ। ਗ੍ਰਿਹਸਤੀ ਨੂੰ ਬੱਚੇ ਦੇ ਜਨਮ ਦੀ ਖੁਸ਼ੀ ਦਿੱਤੀ ਜਾਂ ਵਿਆਹ ਦੀ ਖੁਸ਼ੀ ਦਿੱਤੀ। ਉਸ ਖੁਸ਼ੀ ਦੇ ਸਮੇਂ ਵਿੱਚ ਜਿੱਥੇ ਮਨੁੱਖ ਖੁਸ਼ੀ ਦੇਣ ਵਾਲੇ ਦਾਤੇ ਨੂੰ ਭੁੱਲ ਗਿਆ, ਉੱਥੇ ਨਾ ਖਾਣ ਯੋਗ ਖਾ ਕੇ ਤੇ ਨ ਪੀਣ ਯੋਗ ਨਸ਼ੇ ਪੀ ਕੇ, ਸਰੀਰ ਦਾ ਵੀ ਨੁਕਸਾਨ ਕੀਤਾ ਤੇ ਝੱਲੇ ਬਣ ਕੇ ਗੁਰੂ ਨਾਲੋਂ ਵੀ ਦੂਰੀ ਪਾ ਲਈ, ਗੁਰੂ ਦੇ ਹੁਕਮਾਂ ਦੀ ਉਲੰਘਣਾ ਕਰਕੇ ਲੋਕ-ਪ੍ਰਲੋਕ ਵਿੱਚ ਧੱਕੇ ਖਾਣ ਦਾ ਆਪ ਵਸੀਲਾ ਬਣਾ ਲਿਆ। ਇਹ ਧੱਕੇ ਖਾਣ ਦਾ ਵਸੀਲਾ ਤਾਂ ਗੁਰੂ ਨੇ ਨਹੀਂ ਬਣਾਇਆ। ਗੁਰੂ ਪ੍ਰਮੇਸਰ ਜੀ ਨੇ ਤਾਂ ਸੁੱਖ ਤੇ ਖੁਸ਼ੀ ਬਖਸ਼ਸ਼ ਕੀਤੀ ਸੀ। ਪਰ ਮਨੁੱਖ ਨੇ ਉਸ ਸੁੱਖ ਤੇ ਖੁਸ਼ੀ ਦੀ ਗਲਤ ਵਰਤੋਂ ਕਰਕੇ ਮੁੜ ਦੁੱਖ ਦੇ ਬੀਜ-ਬੀਜ ਲਏ। ਫਿਰ ਦੋਸ਼ ਪ੍ਰਭੂ ਦਾ ਨਹੀਂ ਦੋਸ਼ ਸਾਡਾ ਆਪਣਾ ਹੈ। ਮਨੁੱਖ ਹਰ ਸਮੇਂ ਖੁਸ਼ੀ ਅਤੇ ਸੁੱਖ ਮੰਗਦਾ ਹੈ। ਪਰ ਪ੍ਰਾਪਤ ਹੋਣ ਤੇ ਉਸ ਮਾਲਕ ਦਾ ਧੰਨਵਾਦ ਕਰਨ ਦੀ ਥਾਂ ਸਗੋਂ ਬੜੇ ਦੁੱਖਾਂ ਨੂੰ ਸਹੇੜਨ ਦਾ ਕਾਰਨ ਬਣਾ ਲੈਂਦਾ ਹੈ :—

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥

ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥

ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥

ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥

ਸਲੋਕ ਮ: ੩ (ਪੰਨਾ : ੫੫੪)

ਇਹ ਨਸ਼ੇ ਪੀ ਕੇ ਖੱਟਿਆ ਕੀ ? ਪੈਸੇ ਬਰਬਾਦ ਕੀਤੇ, ਝੱਲੇ ਬਣੇ, ਆਪਣੇ ਪਰਾਏ ਦੀ ਮੱਤ ਗਵਾਈ, ਪ੍ਰਭੂ ਨੂੰ ਭੁਲਾ ਕੇ ਮਾਲਕ ਦੀ ਦਰਗਾਹ ਵਿੱਚ ਧੱਕੇ ਖਾਣ ਦਾ ਦੋਸ਼ ਸਹੇੜ ਲਿਆ। ਗੁਰੂ ਪ੍ਰਮੇਸ਼ਰ ਦੀ ਵੱਡੀ ਰਹਿਮਤ ਨਾਲ ਖੁਸ਼ੀ ਮਨੁੱਖ ਨੂੰ ਨਸੀਬ ਹੁੰਦੀ ਹੈ। ਖੁਸ਼ੀ ਵਿੱਚ ਆਪ-ਹੁਦਰਾ ਹੋਇਆ ਮਨੁੱਖ :—

ਜੀਆਂ ਕੁਹਤ ਨ ਸੰਗੈ ਪਰਾਣੀ॥

ਗਉੜੀ ਮ: ੫ (ਪੰਨਾ : ੨੦੧)

ਦੀ ਕਾਰ ਵੀ ਕਰ ਲੈਂਦਾ ਹੈ ਅਤੇ ਨ ਖਾਣ ਯੋਗ ਅਹਾਰ ਆਪ ਵੀ ਕਰਦਾ ਹੈ ਤੇ ਖੁਸ਼ੀ ਵਿੱਚ ਭਾਈਵਾਲ ਹੋਣ ਆਏ ਸੱਜਣਾਂ ਮਿੱਤ੍ਰਾਂ ਨੂੰ ਵੀ ਉਹ ਅਖਾਜ ਖਵਾ ਕੇ ਖੁਸ਼ ਹੁੰਦਾ ਹੈ। ਭਿਆਲੀ ਪਾਉਣ ਵਾਲੇ ਉਸ ਅਖਾਜ ਨੂੰ ਬੜੀ ਖੁਸ਼ੀ ਨਾਲ ਸਵੀਕਾਰ ਵੀ ਕਰਦੇ ਹਨ ਤੇ ਖੁਸ਼ ਹੁੰਦੇ ਹਨ, ਪਰ ਉਹਨਾਂ ਨੂੰ ਗੁਰੂ ਪਾਤਸ਼ਾਹ ਜੀ ਦਾ ਫੁਰਮਾਨ ਵਿਸਰ ਜਾਂਦਾ ਹੈ ਕਿ ਜਿਹੜੇ-ਜਿਹੜੇ ਪ੍ਰਾਣੀ ਨਾ ਖਾਣ ਜੋਗ ਅਹਾਰ, ਸ਼ਰਾਬ, ਮਾਸ, ਭੰਗ ਇਤਆਦਿਕ ਖਾਂਦੇ ਹਨ, ਉਹਨਾਂ ਦੇ ਕੀਤੇ ਹੋਏ ਧਾਰਮਕ ਕਰਮ ਕਾਂਡ, ਸਭ ਨਸ਼ਟ ਹੋ ਜਾਂਦੇ ਹਨ। ਜਿਸ ਸਦਕਾ ਉਹਨਾਂ ਦੇ ਪੱਲੇ ਸਦੀਵੀਂ ਪਛਤਾਵਾ ਹੀ ਪੈਂਦਾ ਹੈ। ਬਾਬਾ ਕਬੀਰ ਜੀ ਦਾ ਫੁਰਮਾਨ ਹੈ :—

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥

ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥

ਕਬੀਰ ਜੀ, (ਪੰਨਾ : ੧੩੭੭)

ਖੁਸ਼ੀ ਨੂੰ ਮਾਨਣਾ ਮਨੁੱਖ ਦਾ ਫਰਜ ਹੈ, ਅਧਿਕਾਰ ਹੈ। ਪਰ ਆਪਣੀ ਖੁਸ਼ੀ ਨੂੰ ਮਾਨਣ ਤੇ ਚਸਕਿਆਂ ਨੂੰ ਪੂਰਾ ਕਰਨ ਲਈ ਦੂਸਰੇ ਦੇ ਜੀਵਨ ਦਾ ਹੱਕ ਖੋਹਣਾ ਇਹ ਜੁਲਮ ਤੇ ਜੋਰ ਧੱਕਾ ਹੈ। ਭਾਵੇਂ ਉਸ ਜੋਰ ਜੁਲਮ ਨੂੰ ਜਾਇਜ ਠਹਿਰਾਉਣ ਲਈ ਮਨੁੱਖ ਕਿੰਨੀਆਂ ਮਨਘੜਤ ਦਲੀਲਾਂ ਦੇਵੇ ਪਰ ਜਦੋਂ ਪ੍ਰਮੇਸ਼ਰ ਦੇ ਘਰ ਵਿੱਚ ਲੇਖਾ ਜੋਖਾ ਹੋਇਆ ਉੱਥੇ "ਸਚੋ ਹੀ ਸਚੁ ਨਿਬੜੈ" ਦੀ ਕਸਵੱਟੀ ਜਦੋਂ ਲੱਗੀ, ਫਿਰ ਉਸ ਕੀਤੇ ਜੋਰ ਜੁਲਮ ਦੀ ਸਜਾ ਮੂੰਹ ਤੇ ਝਲਣੀ ਪਵੇਗੀ।

ਚੰਗੇ ਦਾ ਫਲ ਸੁੱਖ ਅਤੇ ਮਾੜੇ ਕਰਮ ਦਾ ਫਲ ਦੁੱਖ ਦੇ ਰੂਪ ਵਿੱਚ ਭੋਗਣਾ ਹੀ ਪੈਂਦਾ ਹੈ।

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥

ਆਸਾ ਮ: ੧ ਪਟੀ (ਪੰਨਾ : ੪੩੩)

ਤਥਾ :—**ਦੋਸੁ ਨ ਦੀਜੈ ਕਾਹੂ ਲੋਗ॥**

ਜੋ ਕਮਾਵਨੁ ਸੋਈ ਭੋਗ॥

ਰਾਮਕਲੀ ਮ: ੫ (ਪੰਨਾ : ੮੮੮)

ਅਤੇ :—**ਸੁਖੁ ਦੁਖੁ ਪੁਰਬ ਜਨਮ ਕੇ ਕੀਏ॥**

ਸੋ ਜਾਣੈ ਜਿਨਿ ਦਾਤੈ ਦੀਏ॥

ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ॥

ਮਾਰੂ ਮ: ੧ (ਪੰਨਾ : ੧੦੩੦)

ਮਨੁੱਖ ਸੁੱਖ ਦਾ, ਖੁਸ਼ੀ ਦਾ, ਕੱਪੜਾ ਜਦੋਂ ਪਹਿਨ ਲੈਂਦਾ ਹੈ। ਉਸ ਪ੍ਰਭੂ ਵਲੋਂ ਦਿੱਤੇ ਸੁੱਖ ਦੇ ਕੱਪੜੇ ਨੂੰ ਹੰਢਾਉਣ ਤੇ ਮਾਨਣ ਦੀ ਜਗ੍ਹਾ, ਮਾਇਕੀ ਪ੍ਰਭਾਵ ਅਧੀਨ ਆਪੇ ਤੋਂ ਬਾਹਰ ਹੋ ਉਹ ਕਰਮ ਕਰ ਲੈਂਦਾ ਹੈ, ਜਿੱਥੇ ਕੀਤੇ ਹੋਏ ਮਾੜੇ ਕਰਮ ਮਨੁੱਖ ਨੂੰ ਦੁੱਖਾਂ ਦੇ ਜਨਮ ਦਾਤੇ ਹੋ ਕੇ ਦੁਖੀ ਕਰਦੇ ਹਨ, ਉੱਥੇ ਪ੍ਰਭੂ ਤੋਂ ਦੂਰੀ ਪਾਉਣ ਦਾ ਵੀ ਕਾਰਨ ਬਣਦੇ ਹਨ। ਉਦਾਹਰਣ ਦੇ ਤੌਰ ਤੇ ਆਪਾਂ ਸੰਸਾਰ ਵਿੱਚ ਵੇਖਦੇ ਹਾਂ। ਪ੍ਰਮੇਸ਼ਰ ਮਨੁੱਖ ਨੂੰ ਖੁਸ਼ੀ ਦਿੰਦਾ ਹੈ। ਗ੍ਰਿਹਸਤੀ ਨੂੰ ਬੱਚੇ ਦੇ ਜਨਮ ਦੀ ਖੁਸ਼ੀ ਦਿੱਤੀ ਜਾਂ ਵਿਆਹ ਦੀ ਖੁਸ਼ੀ ਦਿੱਤੀ। ਉਸ ਖੁਸ਼ੀ ਦੇ ਸਮੇਂ ਵਿੱਚ ਜਿੱਥੇ ਮਨੁੱਖ ਖੁਸ਼ੀ ਦੇਣ ਵਾਲੇ ਦਾਤੇ ਨੂੰ ਭੁੱਲ ਗਿਆ, ਉੱਥੇ ਨਾ ਖਾਣ ਯੋਗ ਖਾ ਕੇ ਤੇ ਨ ਪੀਣ ਯੋਗ ਨਸ਼ੇ ਪੀ ਕੇ, ਸਰੀਰ ਦਾ ਵੀ ਨੁਕਸਾਨ ਕੀਤਾ ਤੇ ਝੱਲੇ ਬਣ ਕੇ ਗੁਰੂ ਨਾਲੋਂ ਵੀ ਦੂਰੀ ਪਾ ਲਈ, ਗੁਰੂ ਦੇ ਹੁਕਮਾਂ ਦੀ ਉਲੰਘਣਾ ਕਰਕੇ ਲੋਕ-ਪ੍ਰਲੋਕ ਵਿੱਚ ਧੱਕੇ ਖਾਣ ਦਾ ਆਪ ਵਸੀਲਾ ਬਣਾ ਲਿਆ। ਇਹ ਧੱਕੇ ਖਾਣ ਦਾ ਵਸੀਲਾ ਤਾਂ ਗੁਰੂ ਨੇ ਨਹੀਂ ਬਣਾਇਆ। ਗੁਰੂ ਪ੍ਰਮੇਸਰ ਜੀ ਨੇ ਤਾਂ ਸੁੱਖ ਤੇ ਖੁਸ਼ੀ ਬਖਸ਼ਸ਼ ਕੀਤੀ ਸੀ। ਪਰ ਮਨੁੱਖ ਨੇ ਉਸ ਸੁੱਖ ਤੇ ਖੁਸ਼ੀ ਦੀ ਗਲਤ ਵਰਤੋਂ ਕਰਕੇ ਮੁੜ ਦੁੱਖ ਦੇ ਬੀਜ-ਬੀਜ ਲਏ। ਫਿਰ ਦੋਸ਼ ਪ੍ਰਭੂ ਦਾ ਨਹੀਂ ਦੋਸ਼ ਸਾਡਾ ਆਪਣਾ ਹੈ। ਮਨੁੱਖ ਹਰ ਸਮੇਂ ਖੁਸ਼ੀ ਅਤੇ ਸੁੱਖ ਮੰਗਦਾ ਹੈ। ਪਰ ਪ੍ਰਾਪਤ ਹੋਣ ਤੇ ਉਸ ਮਾਲਕ ਦਾ ਧੰਨਵਾਦ ਕਰਨ ਦੀ ਥਾਂ ਸਗੋਂ ਬੜੇ ਦੁੱਖਾਂ ਨੂੰ ਸਹੇੜਨ ਦਾ ਕਾਰਨ ਬਣਾ ਲੈਂਦਾ ਹੈ :—

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥

ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥

ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥

ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥

ਸਲੋਕ ਮ: ੩ (ਪੰਨਾ : ੫੫੪)

ਇਹ ਨਸ਼ੇ ਪੀ ਕੇ ਖੱਟਿਆ ਕੀ ? ਪੈਸੇ ਬਰਬਾਦ ਕੀਤੇ, ਝੱਲੇ ਬਣੇ, ਆਪਣੇ ਪਰਾਏ ਦੀ ਮੱਤ ਗਵਾਈ, ਪ੍ਰਭੂ ਨੂੰ ਭੁਲਾ ਕੇ ਮਾਲਕ ਦੀ ਦਰਗਾਹ ਵਿੱਚ ਧੱਕੇ ਖਾਣ ਦਾ ਦੋਸ਼ ਸਹੇੜ ਲਿਆ। ਗੁਰੂ ਪ੍ਰਮੇਸ਼ਰ ਦੀ ਵੱਡੀ ਰਹਿਮਤ ਨਾਲ ਖੁਸ਼ੀ ਮਨੁੱਖ ਨੂੰ ਨਸੀਬ ਹੁੰਦੀ ਹੈ। ਖੁਸ਼ੀ ਵਿੱਚ ਆਪ-ਹੁਦਰਾ ਹੋਇਆ ਮਨੁੱਖ :—

ਜੀਆਂ ਕੁਹਤ ਨ ਸੰਗੈ ਪਰਾਣੀ॥

ਗਉੜੀ ਮ: ੫ (ਪੰਨਾ : ੨੦੧)

ਦੀ ਕਾਰ ਵੀ ਕਰ ਲੈਂਦਾ ਹੈ ਅਤੇ ਨ ਖਾਣ ਯੋਗ ਅਹਾਰ ਆਪ ਵੀ ਕਰਦਾ ਹੈ ਤੇ ਖੁਸ਼ੀ ਵਿੱਚ ਭਾਈਵਾਲ ਹੋਣ ਆਏ ਸੱਜਣਾਂ ਮਿਤ੍ਰਾਂ ਨੂੰ ਵੀ ਉਹ ਅਖਾਜ ਖਵਾ ਕੇ ਖੁਸ਼ ਹੁੰਦਾ ਹੈ। ਭਿਆਲੀ ਪਾਉਣ ਵਾਲੇ ਉਸ ਅਖਾਜ ਨੂੰ ਬੜੀ ਖੁਸ਼ੀ ਨਾਲ ਸਵੀਕਾਰ ਵੀ ਕਰਦੇ ਹਨ ਤੇ ਖੁਸ਼ ਹੁੰਦੇ ਹਨ, ਪਰ ਉਹਨਾਂ ਨੂੰ ਗੁਰੂ ਪਾਤਸ਼ਾਹ ਜੀ ਦਾ ਫੁਰਮਾਨ ਵਿਸਰ ਜਾਂਦਾ ਹੈ ਕਿ ਜਿਹੜੇ-ਜਿਹੜੇ ਪ੍ਰਾਣੀ ਨਾ ਖਾਣ ਜੋਗ ਅਹਾਰ, ਸ਼ਰਾਬ, ਮਾਸ, ਭੰਗ ਇਤਆਦਿਕ ਖਾਂਦੇ ਹਨ, ਉਹਨਾਂ ਦੇ ਕੀਤੇ ਹੋਏ ਧਾਰਮਕ ਕਰਮ ਕਾਂਡ, ਸਭ ਨਸ਼ਟ ਹੋ ਜਾਂਦੇ ਹਨ। ਜਿਸ ਸਦਕਾ ਉਹਨਾਂ ਦੇ ਪੱਲੇ ਸਦੀਵੀਂ ਪਛਤਾਵਾ ਹੀ ਪੈਂਦਾ ਹੈ। ਬਾਬਾ ਕਬੀਰ ਜੀ ਦਾ ਫੁਰਮਾਨ ਹੈ :—

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ॥

ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥

ਕਬੀਰ ਜੀ, (ਪੰਨਾ : ੧੩੭੭)

ਖੁਸ਼ੀ ਨੂੰ ਮਾਨਣਾ ਮਨੁੱਖ ਦਾ ਫਰਜ ਹੈ, ਅਧਿਕਾਰ ਹੈ। ਪਰ ਆਪਣੀ ਖੁਸ਼ੀ ਨੂੰ ਮਾਨਣ ਤੇ ਚਸਕਿਆਂ ਨੂੰ ਪੂਰਾ ਕਰਨ ਲਈ ਦੂਸਰੇ ਦੇ ਜੀਵਨ ਦਾ ਹੱਕ ਖੋਹਣਾ ਇਹ ਜੁਲਮ ਤੇ ਜੋਰ ਧੱਕਾ ਹੈ। ਭਾਵੇਂ ਉਸ ਜੋਰ ਜ਼ੁਲਮ ਨੂੰ ਜਾਇਜ ਠਹਿਰਾਉਣ ਲਈ ਮਨੁੱਖ ਕਿੰਨੀਆਂ ਮਨਘੜਤ ਦਲੀਲਾਂ ਦੇਵੇ ਪਰ ਜਦੋਂ ਪ੍ਰਮੇਸ਼ਰ ਦੇ ਘਰ ਵਿੱਚ ਲੇਖਾ ਜੋਖਾ ਹੋਇਆ ਉੱਥੇ "ਸਚੋ ਹੀ ਸਚੁ ਨਿਬੜੈ" ਦੀ ਕਸਵੱਟੀ ਜਦੋਂ ਲੱਗੀ, ਫਿਰ ਉਸ ਕੀਤੇ ਜੋਰ ਜੁਲਮ ਦੀ ਸਜਾ ਮੂੰਹ ਤੇ ਝਲਣੀ ਪਵੇਗੀ।

ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ ॥
ਦਫਤਰੁ ਦਈ ਜਬ ਕਾਢਿ ਕੈ ਹੋਇਗਾ ਕਉਨੁ ਹਵਾਲੁ ॥ ੧੯੯,

ਸਲੋਕ ਕਬੀਰ ਜੀ (ਪੰਨਾ : ੧੩੭੫)

ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥
ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥੨੦੦ ॥

ਸਲੋਕ ਕਬੀਰ ਜੀ (ਪੰਨਾ : ੧੩੭੫)

ਭਾਈ ਗੁਰਦਾਸ ਜੀ ਦੀ ਆਪਣੀ ਸੈਂਤੀਵੀਂ ਵਾਰ ਦੀ ਇੱਕੀਵੀਂ ਪਉੜੀ ਵਿੱਚ ਇੱਕ ਬਕਰੀ, ਜਿਸ ਨੂੰ ਮਾਰ ਕੇ ਮਨੁੱਖ ਆਪਣੀ ਜੀਭ ਦੇ ਸੁਆਦ ਲਈ ਖਾਂਦਾ ਹੈ, ਉਸ ਬਕਰੀ ਵਲੋਂ ਮਨੁੱਖ ਨੂੰ ਸੰਬੋਧਨ ਕਰਕੇ ਪੁੱਛਿਆ ਗਿਆ ਹੈ ਕਿ ਮੈਂ ਤਾਂ, ਕਉੜੀਆਂ ਚੀਜ਼ਾਂ ਅੱਕ ਤੇ ਥੋਰਾਂ ਜੋ ਹੈਨ ਵੀ ਜ਼ਹਰੀਲੀਆ, ਕੇਵਲ ਪੇਟ ਪੂਰਤੀ ਵਾਸਤੇ ਉਹਨਾਂ ਨੂੰ ਖਾਧਾ ਹੈ, ਸਵਾਦ ਲਈ ਨਹੀਂ। ਪਰ ਜੋ ਪੇਟ ਪੂਰਤੀ ਦੀ ਥਾਂ, ਜੀਭ ਦੇ ਸਵਾਦ ਲਈ ਛੁਰੀ ਨਾਲ ਮੈਨੂੰ ਕੁਹ-ਕੁਹ ਕੇ ਮਾਰ ਕੇ, ਮੇਰੇ ਮਾਸ ਨੂੰ ਲੂਣ ਆਦਿ ਮਸਾਲੇ ਲਾ ਕੇ ਖਾਂਦੇ ਹਨ, ਉਹਨਾਂ ਦਾ ਕੀ ਹਾਲ ਹੋਵੇਗਾ ? ਸ਼ਾਇਦ ਭਾਈ ਗੁਰਦਾਸ ਜੀ ਦੇ ਇਸ ਬਕਰੀ ਵਲੋਂ ਕੀਤੇ ਸਵਾਲ ਦਾ ਜਵਾਬ ਸਾਡੇ ਪਾਸ ਵੀ ਨਾ ਹੋਵੇ ? ਜੇ ਉੱਤਰ ਨਹੀਂ; ਫਿਰ ਇਸ ਤੋਂ ਸਿੱਖਿਆ ਲੈ ਕੇ ਜੀਭ ਚਸਕਿਆਂ ਤੋਂ ਬਚਣ ਲਈ ਯਤਨ ਕਰਨਾ ਚਾਹੀਏ ਤੇ ਆਪਣੇ ਸਵਾਦਾਂ ਦੀ ਖਾਤਰ ਕਿਸੇ ਦਾ ਜੀਵਨ ਹੱਕ ਖੋਹਣ ਤੋਂ ਗੁਰੇਜ਼ ਕਰਨਾ ਚਾਹੀਏ। ਭਾਈ ਸਾਹਿਬ ਜੀ ਦਾ ਫੁਰਮਾਨ ਹੈ :—

ਕੁਹੈ ਕਸਾਈ ਬਕਰੀ ਲਾਇ ਲੂਣ ਸੀਖ ਮਾਸੁ ਪਰੋਆ ॥
ਹਸਿ ਹਸਿ ਬੋਲੇ ਕੁਹੀਂਦੀ ਖਾਧੇ ਅਕਿ ਹਾਲੁ ਇਹੁ ਹੋਆ ॥
ਮਾਸ ਖਾਨਿ ਗਲਿ ਛੁਰੀ ਦੇ ਹਾਲੁ ਤਿਨਾੜਾ ਕਉਣੁ ਅਲੋਆ ॥
ਜੀਭੈ ਹੰਦਾ ਫੇੜਿਆ ਖਉ ਦੰਦਾਂ ਮੁਹੁ ਭੰਨਿ ਵਿਗੋਆ ॥
ਪਰ ਤਨ ਪਰ ਧਨ ਨਿੰਦ ਕਰਿ ਹੋਇ ਦੁਜੀਭਾ ਬਿਸੀਅਰੁ ਭੋਆ।
ਵਸਿ ਆਵੈ ਗੁਰੁਮੰਤ ਸਪੁ ਨਿਗੁਰਾ ਮਨਮੁਖੁ ਸੁਣੈ ਨ ਸੋਆ ॥
ਵੇਖਿ ਨ ਚਲੈ ਅਗੈ ਟੋਆ ॥

(ਵਾਰ ੩੭, ਪਉੜੀ ੨੧)

ਜਿਥੇ ਖੁਸ਼ੀ ਦੇ ਸਮੇਂ ਵਿੱਚ ਬਿਨਾਂ ਵੀਚਾਰਿਆਂ ਮਨੁੱਖ ਨਾਂ ਖਾਣ ਜੋਗ ਖਾ-ਕੇ ਨਾ ਪੀਣ ਜੋਗ ਪੀ-ਕੇ, ਅਨੇਕਾਂ ਅਚੇਤ ਪਾਪ ਕਰ ਬੈਠਦਾ ਹੈ, ਉੱਥੇ ਆਪਣੀ ਖੁਸ਼ੀ ਦੀ ਸੀਮਾਂ ਲੰਘ ਕੇ, ਜਗਤ ਵਿੱਚ ਖੁਸ਼ੀ ਦਾ ਪ੍ਰਗਟਾਵਾ ਕਰਨ ਲਈ, ਜੀਭ ਤੇ ਕੰਨਾਂ ਨੂੰ ਵੀ ਅਸ਼ਲੀਲ ਬੋਲਾਂ ਨਾਲ ਦੂਸ਼ਤ ਕਰ ਲੈਂਦਾ ਹੈ।

ਰਸਨਾ ਨੂੰ ਪਵਿੱਤਰ ਕਰਨ ਲਈ, ਰਸਨਾ ਨਾਲ ਗੋਬਿੰਦ ਦੇ ਗੁਣ ਗਾ ਕੇ ਇਸ ਨੂੰ ਧੰਨਤਾ ਦੇ ਜੋਗ ਬਨਾਉਣਾ ਸੀ ਕਿਉਂਕਿ ਪ੍ਰਭੂ ਗੁਣ ਗਾਉਣ ਵਾਲੀ ਰਸਨਾ ਨੂੰ ਹੀ ਸਤਿਗੁਰੂ ਜੀ ਨੇ ਧਨਤਾ ਯੋਗ ਲਿਖਿਆ ਹੈ :—

ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥

ਬਿਹਾਗੜਾ ਮ: ੪ (ਪੰਨਾ : ੫੪੦)

ਪਰ ਖੁਸ਼ੀ ਮਨਾਉਂਦੇ-ਮਨਾਉਂਦੇ ਮਨੁੱਖ ਨੇ ਰਸਨਾਂ ਨੂੰ ਧਨਤਾ ਜੋਗ ਬਨਾਉਣ ਦੀ ਥਾਂ ਧ੍ਰਿਕਾਰ ਯੋਗ ਬਣਾ ਲਿਆ ਕਿਉਂਕਿ ਜਿਸ ਜੀਭ ਨਾਲ, ਪ੍ਰਮੇਸ਼ਰ ਦੀ ਸਿਫਤੋ-ਸਲਾਹਿ ਕਰਕੇ ਜਿਸ ਨੂੰ ਧਨਤਾ ਦੇ ਯੋਗ ਬਨਾਉਣਾ ਸੀ, ਉਸ ਰਸਨਾ ਨੂੰ ਅਸ਼ਲੀਲ ਗੀਤ, ਮੰਦੇ ਬੋਲ, ਬੋਲਣ ਵਿੱਚ ਲਾ ਦਿੱਤਾ, ਜਿਸ ਸਦਕਾ ਉਹ ਰਸਨਾ ਗੁਰੂ ਦੀ ਦ੍ਰਿਸ਼ਟੀ ਵਿੱਚ ਧ੍ਰਿਕਾਰ ਯੋਗ ਹੋ ਗਈ। ਭਾਈ ਗੁਰਦਾਸ ਜੀ ਦਾ ਫੁਰਮਾਨ ਹੈ :—

ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ ॥

ਵਾਰ ੨੭, ਪਉੜੀ ੧੦

ਨਿਰਾ ਰਸਨਾ ਹੀ ਧ੍ਰਿਕਾਰ ਯੋਗ ਨਹੀਂ ਬਣੀ ਸਗੋਂ ਰਸਨਾ ਵਿੱਚੋਂ ਨਿੱਕਲੇ ਮੰਦੇ ਬੋਲਾਂ ਨੇ ਕੰਨਾਂ ਨੂੰ ਵੀ ਭਾਈਵਾਲ ਬਣਾ ਲਿਆ। ਜਿਹਨਾਂ ਕੰਨਾਂ ਦੀ ਪਵਿਤ੍ਰਤਾ ਲਈ ਗੁਰੂ ਚਰਨਾਂ ਵਿੱਚ ਅਰਜੋਈਆਂ ਕਰਨੀਆਂ ਸਨ ਕਿ ਹੇ ਮੇਰੇ ਮਾਲਕਾ! ਮੇਰੇ ਕੰਨਾਂ ਵਿੱਚ ਐਸੇ ਬੋਲ ਨ ਪੈਣ, ਜਿਸ ਸਦਕਾ ਮੇਰੇ ਹਿਰਦੇ ਵਿੱਚ ਨਾਸਤਕਤਾ ਪ੍ਰਵੇਸ਼ ਕਰ ਜਾਵੇ ਤੇ ਮੇਰਾ ਸਮਾਂ ਐਵੇ ਅਜਾਈਂ ਚਲਾ ਜਾਵੇ ਐਸੇ ਸਾਕਤੀ ਬੋਲਾਂ ਨੂੰ ਸੁਣਨ ਤੋਂ ਮੈਨੂੰ ਹਮੇਸ਼ਾ ਬਚਾਈ ਰੱਖੀਂ :—

ਮੇਰੇ ਮੋਹਨ ਸ੍ਵਵਨੀ ਇਹ ਨ ਸੁਨਾਏ ॥
ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥

ਬਿਲਾਵਲੁ ਮ: ੫ (ਪੰਨਾ : ੮੨੦)

ਪਰ ਹੋਇਆ ਇਸ ਦੇ ਉਲਟ, ਖੁਸ਼ੀ ਦਾ ਪ੍ਰਗਟਾਵਾ ਕਰਨ ਲਈ ਸਾਕਤੀ ਗੀਤ ਗਾਉਣ ਵਾਲਿਆਂ ਨੂੰ ਸੱਦ ਲਿਆ, ਰੱਜ ਕੇ ਉਹਨਾਂ ਨੂੰ ਪੈਸੇ ਦਿੱਤੇ, ਨਾਲੇ ਆਪਣੇ ਕੰਨਾਂ ਨੂੰ ਗੁਰੂ ਪਾਸੋਂ ਧ੍ਰਿਕਾਰ ਕਹਾਇਆ, ਸਮਾਂ ਵਾਧੂ ਵਿੱਚ ਅਜਾਈਂ ਗਿਆ। ਖੁਸ਼ੀ ਮਨਾਉਂਦੇ-ਮਨਾਉਂਦੇ "ਲੋਕ ਗਇਓ ਪ੍ਰਲੋਕ ਗਵਾਯੋ" ਵਾਲੀ ਬਾਤ ਬਣ ਗਈ। ਸਾਕਤੀ ਬੋਲਾਂ ਨੂੰ ਸੁਣਨ ਅਤੇ ਗੁਰੂ ਦੇ ਕਲਿਆਣ ਕਾਰੀ ਉਪਦੇਸ਼ਾਂ ਵੱਲ ਸੁਰਤ ਨਾ ਧਰਨ ਵਾਲੇ ਕੰਨਾਂ ਲਈ ਭਾਈ ਗੁਰਦਾਸ ਜੀ ਨੇ ਫਤਵਾ ਦਿੱਤਾ ਹੈ।

ਧ੍ਰਿਗ ਸਰਵਣਿ ਉਪਦੇਸ ਵਿਣੁ, ਸੁਣਿ ਸੁਰਤਿ ਨ ਧਰਣੀ॥

ਵਾਰ ੨੭, ਪਉੜੀ ੧੦

ਖੁਸ਼ੀ ਕਾਹਦੀ ਆਈ, ਮਨੁੱਖ ਦਾ ਖਾਜ-ਅਖਾਜ ਕਰ ਦਿੱਤਾ, ਰਸਨਾਂ ਨੂੰ ਗੁਰੂ ਨੇ ਲਾਨ੍ਹਤ ਪਾਈ, ਕੰਨ ਧ੍ਰਿਕਾਰ ਯੋਗ ਹੋ ਗਏ। ਖੱਟਿਆ ਕੀ ? ਗੁਰੂ ਪ੍ਰਮੇਸ਼ਰ ਦੀ ਨਰਾਜ਼ਗੀ, ਮਨੁੱਖਾ ਜਨਮ ਦੀ ਬਰਬਾਦੀ। ਅਗਲੇ ਜਨਮ ਲਈ ਦੁੱਖਾਂ ਦੇ ਬੀਜ ਬੀਜੇ, ਇਸ ਤੋਂ ਵੱਧ ਕੁਝ ਵੀ ਪ੍ਰਾਪਤ ਨ ਹੋਇਆ।

ਦੁੱਖਾਂ ਦਾ ਜਨਮਦਾਤਾ ਕੌਣ ਹੈ ? ਵਿਸ਼ੇ ਭੋਗ

ਪਹਿਲਾ ਹੈ "(ਸਾਦਹੁ ਦੂਖ ਪ੍ਰਾਪਤਿ ਹੋਵੈ)" ਸੁੱਖ ਅਤੇ ਖੁਸ਼ੀ ਵਿੱਚ ਜਿਉਂ ਜਿਉਂ ਮਨੁੱਖ ਖਾਣ-ਪੀਣ ਦੇ ਸੁਆਦਾਂ ਵਿੱਚ ਖਚਤ ਹੁੰਦਾ ਹੈ, ਉਹ ਸੁਆਦ ਚਸਕੇ ਹੀ ਅੰਤ ਨੂੰ ਦੁੱਖਾਂ ਦਾ ਕਾਰਣ ਬਣ ਜਾਂਦੇ ਹਨ। ਇਸੇ ਤਰ੍ਹਾਂ ਜਿਉਂ-ਜਿਉਂ ਮਨੁੱਖ ਮਾਇਕੀ ਭੋਗਾਂ ਅਤੇ ਵਿਸ਼ੇ ਵਿਕਾਰਾਂ ਨੂੰ ਭੋਗਦਾ ਹੈ। ਉਹਨਾਂ ਵਿਸ਼ੇ-ਵਿਕਾਰਾਂ ਭੋਗਾਂ ਵਿੱਚੋਂ ਅਨੇਕ ਪ੍ਰਕਾਰ ਦੇ ਰੋਗ ਉਤਪੰਨ ਹੋ ਜਾਂਦੇ ਹਨ। ਉਨ੍ਹਾਂ ਰੋਗਾਂ ਵਿੱਚ ਗ੍ਰਸਤ ਹੋਇਆ ਮਨੁੱਖ ਪਛਤਾਵੇ ਦਾ ਸੱਲ ਬੜਾ ਝੂਰ-ਝੂਰ ਕੇ ਝਲਦਾ ਹੈ। ਕੁਦਰਤ ਦੇ ਨੇਮ ਅਨੁਸਾਰ ਖੁਸ਼ੀ ਤੋਂ ਬਾਅਦ ਗਮੀ ਅਵਸ ਆਉਂਦੀ ਹੈ। ਇਹ ਚੱਕਰ ਚਲਦਾ ਹੀ ਰਹਿੰਦਾ ਹੈ। ਸੁੱਖ ਦੀ ਪ੍ਰਾਪਤੀ ਕੇਵਲ ਉਸ ਮਾਲਕ ਦੀ ਰਜ਼ਾ ਵਿੱਚ ਚਲਿਆਂ ਹੀ ਮਿਲਦੀ ਹੈ। ਜਿਵੇਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਰੂ ਰਾਗ ਵਿੱਚ ਇਸ ਸਚਾਈ ਨੂੰ ਵਰਨਣ ਕੀਤਾ ਹੈ:—

ਬਹੁ ਸਾਦਹੁ ਦੂਖੁ ਪਰਾਪਤਿ ਹੋਵੈ॥
ਭੋਗਹੁ ਰੋਗ ਸੁ ਅੰਤਿ ਵਿਗੋਵੈ॥
ਹਰਖਹੁ ਸੋਗੁ ਨ ਮਿਟਈ ਕਬਹੂ, ਵਿਣੁ ਭਾਣੇ ਭਰਮਾਇਦਾ॥ ੧॥

ਮਾਰੂ ਮ : ੧, (ਪੰਨਾ : ੧੦੩੪)

ਆਪ ਹੁਦਰਾ ਮਨੁੱਖ ਛਿਨ ਭੰਗਰ ਖੁਸ਼ੀ ਨੂੰ ਮਾਨਣ ਵਾਸਤੇ ਸੰਸਾਰਕ ਪਦਾਰਥਾਂ ਦੇ ਭੋਗਾਂ ਵਿੱਚ ਖਚਤ ਹੋ ਜਾਂਦਾ ਹੈ। ਖੁਸ਼ੀ ਦੇਣ ਵਾਲੇ ਦਾਤੇ ਨੂੰ ਭੁੱਲ ਜਾਂਦਾ ਹੈ। ਉਹਨਾਂ ਭੋਗਾਂ ਵਿੱਚੋਂ ਜਿਨ੍ਹਾਂ ਨੂੰ ਸਦੀਵੀ ਖੁਸ਼ੀ ਦੇਣ ਵਾਲੇ ਜਾਨ ਕੇ ਭੋਗਦਾ ਸੀ, ਉਹਨਾਂ ਵਿਸ਼ੇ-ਭੋਗਾਂ ਵਿੱਚੋਂ ਅਨੇਕ ਪ੍ਰਕਾਰ ਦੇ ਸਰੀਰ ਅਤੇ ਆਤਮਾਂ ਨੂੰ ਰੋਗ ਲੱਗ ਜਾਂਦੇ ਹਨ। ਕੁਦਰਤ ਦੇ ਇਸ ਨਿਯਮ ਨੂੰ ਕੋਈ ਰੋਕ ਨਹੀਂ ਸਕਦਾ, ਖੁਸ਼ੀ ਤੋਂ ਪਿੱਛੋਂ ਗਮੀਂ, ਮਿਲਾਪ ਤੋਂ ਬਾਅਦ ਵਿਛੋੜਾ, ਜਨਮ ਤੋਂ ਪਿੱਛੋਂ ਮੌਤ ਅਵੱਸ਼ ਆਉਣੀ ਹੀ ਹੈ :—

ਮੂਰਖੁ ਭੋਗੇ ਭੋਗੁ ਦੁਖ ਸਬਾਇਆ॥
ਸੁਖਹੁ ਉਠੇ ਰੋਗ ਪਾਪ ਕਮਾਇਆ॥
ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ॥

ਮ : ੧ (ਪੰਨਾ : ੧੩੯)

ਜਦੋਂ ਮਨੁੱਖ ਆਪਣੇ ਪ੍ਰਭੂ ਮਾਲਕ ਨੂੰ ਵਿਸਾਰ ਦਿੰਦਾ ਹੈ, ਉਸ ਮਾਲਕ ਦੇ ਵਿਛੋੜੇ ਦੀ ਘਾਟ ਨੂੰ ਪੂਰਾ ਕਰਨ ਲਈ ਸੰਸਾਰਕ ਰਸਾਂ ਕਸਾਂ ਦਾ ਸਹਾਰਾ ਲੈ ਕੇ ਮਾਇਕੀ ਭੋਗਾਂ ਵਿੱਚ ਪ੍ਰਵਿਰਤ ਹੋ ਜਾਂਦਾ ਹੈ, ਇਹ ਮਾਇਕੀ ਭੋਗ ਹੀ ਅਨੇਕਾਂ ਰੋਗਾਂ ਨੂੰ ਜਨਮ ਦੇਣ ਦਾ ਕਾਰਣ ਬਣ ਜਾਂਦੇ ਹਨ। ਇਹ ਸਾਰੇ ਦੁੱਖ ਅਗਿਆਨੀ ਮਨ ਨੂੰ ਸਜਾ ਦੇਣ ਦਾ ਵਸੀਲਾ ਬਣਦੇ ਹਨ :—

ਖਸਮੁ ਵਿਸਾਰਿ ਕੀਏ ਰਸ ਭੋਗ॥ ਤਾਂ ਤਨਿ ਉਠਿ ਖਲੋਏ ਰੋਗ॥
ਮਨ ਅੰਧੇ ਕਉ ਮਿਲੈ ਸਜਾਇ॥ ਵੈਦ ਨ ਭੋਲੇ ਦਾਰੂ ਲਾਇ॥

ਮਲਾਰ ਮ: ੧ (ਪੰਨਾ : ੧੨੫੬)

ਜੋ ਮਨੁੱਖ ਸੁੱਖ ਤੇ ਖੁਸ਼ੀ ਸਮੇਂ ਭੋਗ ਵਿਲਾਸ ਕਰਦਾ ਹੈ ਉਹ ਕਰਮ ਹੀ ਸਮਾਂ ਪਾ ਕੇ ਦੁੱਖ ਦਾ ਰੂਪ ਧਾਰਨ ਕਰਕੇ ਸਾਹਮਣੇ ਆ ਖਲੋਂਦੇ ਹਨ :—

ਸੇ ਦੂਖ ਆਗੈ ਜਿ ਭੋਗ ਬਿਲਾਸੇ॥

ਮਲਾਰ ਮ: ੧ (ਪੰਨਾ : ੧੨੭੫)

ਦੀ ਸਚਾਈ ਵਰਤ ਜਾਂਦੀ ਹੈ।

ਭਰਥਰੀ ਜੀ ਨੇ ਆਪਣੇ ਜੀਵਨ ਦੇ ਤਜਰਬੇ ਦਾ ਨਿਚੋੜ ਹੇਠ ਲਿਖੀਆਂ ਪੰਗਤੀਆਂ ਰਾਹੀਂ ਦਰਸ਼ਾਇਆ ਹੈ, ਹੇ ਸੰਸਾਰ ਦੇ ਲੋਕੋ, ਮੈਂ ਭੋਗਾਂ ਦਾ ਭੁਗਤਾ ਜਾਨ ਕੇ ਸੰਸਾਰਕ ਭੋਗਾਂ ਨੂੰ ਬੜੀ ਚੰਗੀ ਤਰ੍ਹਾਂ ਭੋਗਿਆ, ਪਰ ਹੁਣ ਮੈਨੂੰ ਪਤਾ ਲੱਗਾ ਕਿ ਮੈਂ ਵਿਸ਼ੇ-ਭੋਗਾਂ ਨੂੰ ਨਹੀਂ ਭੋਗਿਆ ਸਗੋਂ ਉਲਟਾ ਭੋਗਾਂ ਨੇ ਮੈਨੂੰ ਭੋਗ ਲਿਆ ਹੈ। ਭੋਗ ਤਾਂ ਹੁਣ ਵੀ ਮੌਜੂਦ ਹਨ ਪਰ ਭੋਗਾਂ ਕਾਰਣ ਸਰੀਰ ਦੀ ਸਤਿਆ ਖੀਣ ਹੋ ਕੇ ਬੁਢੇਪੇ ਦੇ ਰੂਪ ਵਿੱਚ ਪ੍ਰਗਟ ਹੋ ਗਈ ਹੈ। ਹੁਣ ਮੈਂ ਭੋਗਾਂ ਨੂੰ ਭੋਗ ਨਹੀਂ ਸਕਦਾ :—

ਅਹੋ ਸਖੇ ਮੈਂ ਭੋਗ ਨਹ ਭੋਗੈ, ਭੋਗਿਉ ਗਇਉ ਆਪ ਮੈ ਮੂੜ॥
ਕਰਮ ਕਰਮ ਹਮਰਾ ਪਗ ਕਰਮ, ਲੀਨੋ ਭੋਗੋ ਭੋਗ ਅਰੂੜ॥
ਭੁਗਤਾ ਜਾਨ ਭੋਗ ਮੈਂ ਭੋਗੇ ਉਲਟਾ ਭੋਗੋ, ਭੋਗਿਆ ਮੋਹਿ॥
ਹਾ ਹਾਨ ਹਰਕੇ ਪਾਪ ਕਰੇ, ਪਾਪ ਕਰੇ ਮੈ ਅਹਿਨਿਸ ਮਾਹਿ॥

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਸ੍ਰੀ ਰਾਗ ਵਿੱਚ ਫੁਰਮਾਨ ਹੈ ਕਿ ਸੰਸਾਰ ਦੇ ਮਾਇਕੀ ਪਦਾਰਥਾਂ ਦੇ ਭੋਗਾਂ ਨੂੰ ਸੁਖਦਾਇਕ ਜਾਣ ਕੇ ਭੋਗਾਂ ਵਿੱਚ ਖਚਤ ਹੋਣ ਤੋਂ ਹੀ ਅਨੇਕਾਂ ਰੋਗ ਆ ਚੰਬੜਦੇ ਹਨ, ਸੱਚ ਜਾਣ ਲਵੋ ਰੋਗਾਂ ਦਾ ਮੂਲ ਕਾਰਣ ਹੀ ਮਨੁੱਖ ਦੇ ਚਸਕੇ ਹਨ। ਸਾਹਿਬ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :—

ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ॥

ਸਲੋਕ ਮ: ੩ (ਪੰਨਾ : ੭੯੫)

ਤਥਾ :—ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ॥
ਭਾਈ ਮੀਤ ਸੁਰਿਦ ਕੀਏ ਬਿਖਿਆ ਰਚਿਆ ਬਾਦੁ॥
ਜਾਂਦੇ ਬਿਲਮ ਨ ਹੋਵਈ ਵਿਣੁ ਨਾਵੈ ਬਿਸਮਾਦੁ॥

ਸਿਰੀਰਾਗੁ ਮ: ੫ (ਪੰਨਾ : ੫੦)

ਸੰਸਾਰ ਦੇ ਭੋਗ ਤਾਂ ਇਸ ਤਰ੍ਹਾਂ ਹਨ ਜਿਸ ਤਰ੍ਹਾਂ ਜ਼ਹਿਰ ਦੇ ਉੱਪਰ ਖੰਡ ਦਾ ਗਿਲਾਫ ਚੜ੍ਹਿਆ ਹੋਵੇ। ਭੋਗਣ ਨੂੰ ਤਾਂ ਥੋੜ੍ਹਾਂ ਸਮਾਂ ਬਹੁਤ ਮਿੱਠੇ ਲੱਗਦੇ ਪਰ ਅੰਤ ਹਸ਼ਰ, ਦੁੱਖਾਂ ਦੀ ਪ੍ਰਾਪਤੀ ਹੁੰਦਾ ਹੈ :—

ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ॥
ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ॥ ੩੭॥

ਸਲੋਕ ਫਰੀਦ ਜੀ ਪੰਨਾ : ੧੩੭੯

ਦੁੱਖਾਂ ਦਾ ਦੂਸਰਾ ਕਾਰਣ ਹੈ ਪ੍ਰਮੇਸਰ ਨੂੰ ਭੁੱਲਣਾ

"**ਪਰਮੇਸਰ ਤੋਂ ਭੁਲਿਆਂ ਵਿਆਪਨਿ ਸਭੇ ਰੋਗ**" ਮਾਇਆ ਦੇ ਪ੍ਰਭਾਵ ਅਧੀਨ ਜਦੋਂ ਮਨੁੱਖ ਆਪਣੇ ਪ੍ਰਭੂ-ਮਾਲਕ ਨੂੰ ਭੁੱਲ ਜਾਂਦਾ ਹੈ, ਉਹ ਭੁੱਲ ਹੀ ਸਾਰੇ ਮਾਨਸਕ ਤੇ ਸਰੀਰਕ ਦੁੱਖਾਂ ਦਾ ਕਾਰਣ ਬਣਦੀ ਹੈ। ਭੁੱਲ ਹੀ, ਪ੍ਰਭੂ ਜੀ ਨਾਲੋਂ ਜਨਮਾਂ-ਜਨਮਾਂ ਦੇ ਵਿਛੋੜੇ ਪਾ ਦਿੰਦੀ ਹੈ।

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥

ਬਾਰਹ ਮਾਹਾ ਮਾਂਝ ਮ: ੫ (ਪੰਨਾ : ੧੩੫)

ਪ੍ਰਮੇਸ਼ਰ ਨੂੰ ਭੁੱਲਣ ਦੀ ਭੁੱਲ ਐਸੀ ਹੈ, ਜਿੱਥੇ, "**ਜਮਿ ਜਮਿ ਮਰੈ ਮਰੈ ਫਿਰਿ ਜੰਮੈ॥ ਬਹੁਤੁ ਸਜਾਇ ਪਇਆ ਦੇਸਿ ਲੰਮੈ॥**" ਦਾ ਲੰਮਾ ਪੰਧ ਜੀਵ ਆਤਮਾਂ ਦੇ ਗਲੇ ਪਾ

ਦਿੰਦੀ ਹੈ। ਜਨਮ ਮਰਨ ਦਾ ਲੰਮਾਂ ਚੱਕਰ ਸੌਖਾ ਨਹੀਂ ਬੀਤਦਾ, ਜੀਵ ਆਤਮਾ ਦਰਦ ਭਰੇ ਹਉਕੇ ਮਾਰ-ਮਾਰ ਕੇ ਸਮਾਂ ਬਿਤਾਉਂਦੀ ਹੈ, ਜੋ ਮੁੱਕਣ ਵਿੱਚ ਨਹੀਂ ਆਉਂਦਾ। ਐਸੀ ਹੈ, ਨਾ ਮੁਰਾਦ ਪ੍ਰਮੇਸ਼ਰ ਜੀ ਨੂੰ ਭੁੱਲ ਜਾਣ ਦੀ ਭੁੱਲ :—

ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ॥

ਸਲੋਕ ਮ: ੫ (ਪੰਨਾ : ੯੬੧)

ਪੰਜਵੇਂ ਪਾਤਸ਼ਾਹ ਜੀ ਦਾ ਗਾਥਾ ਬਾਣੀ ਵਿੱਚ ਫੁਰਮਾਨ ਹੈ ਕਿ ਜਿਹੜਾ ਮਨੁੱਖ ਸੁਖ ਦੇਣ ਵਾਲੇ ਅਮੋਲਕ ਗੁਰੂ ਬਚਨਾਂ ਨੂੰ ਤਿਆਗ ਦਿੰਦਾ ਹੈ ਤੇ ਮਾਇਆਵੀ ਚਮਕ ਦਮਕ ਵਾਲੇ ਵਿਸ਼ੇ ਭੋਗਾਂ ਵਿੱਚ ਪ੍ਰਵ੍ਰਿਤ ਹੋ ਜਾਂਦਾ ਹੈ, ਉਸਨੂੰ ਕਦੀ ਸੁਪਨੇ ਵਿੱਚ ਵੀ ਸੁੱਖ ਪ੍ਰਾਪਤ ਨਹੀਂ ਹੋ ਸਕਦਾ। ਪੱਲੇ ਕੇਵਲ ਤੇ ਕੇਵਲ ਚਿੰਤਾ, ਝੋਰਾ ਤੇ ਵਿਛੋੜਾ ਹੀ ਪੈਂਦਾ ਹੈ। ਸਾਹਿਬਾਂ ਦਾ ਬਚਨ ਹੈ :—

ਸੁਖੇਣ ਬੈਣ ਰਤਨੰ ਰਚਨੰ ਕਸੁੰਭ ਰੰਗਣ:॥
ਰੋਗ ਸੋਗ ਬਿਓਗੰ ਨਾਨਕ ਸੁਖੁ ਨ ਸੁਪਨਹ॥ ੨੯॥

ਗਾਥਾ ਮ: ੫ (ਪੰਨਾ : ੧੩੬੧)

ਤਥਾ :—ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ॥
ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ॥
ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ॥

ਸਿਰੀਰਾਗੁ ਮ: ੩ (ਪੰਨਾ : ੩੦)

ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਾਰੇ ਦੁੱਖਾਂ ਚਿੰਤਾਂ ਝੋਰਿਆਂ ਦਾ ਮੂਲ ਕਾਰਣ "ਪ੍ਰਮੇਸ਼ਰ ਜੀ ਦਾ ਭੁੱਲਣਾ ਹੀ ਹੈ। ਦੁਨਿਆਵੀ ਲੱਖਾ ਜਤਨ ਕਰਨ ਤੇ ਵੀ ਇਹਨਾਂ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਜਿਹੜਾ ਪ੍ਰਮਾਤਮਾਂ ਨੂੰ ਭੁੱਲ ਜਾਂਦਾ ਹੈ, ਉਹ ਸੰਸਾਰ ਵਿੱਚ ਕੰਗਾਲ ਗਿਣਿਆ ਜਾਂਦਾ ਹੈ। ਐਸੇ ਨਿਰਧਨ ਨੂੰ ਅਨੇਕਾਂ ਟੇਡੀਆਂ ਜੂਨੀਆਂ ਵਿੱਚ ਜਨਮ ਲੈਣਾ ਪੈਂਦਾ ਹੈ ਅਤੇ ਜੱਮਾਂ ਦੀਆਂ ਸਜਾਵਾਂ ਸਹਾਰਨੀਆਂ ਪੈਂਦੀਆਂ ਹਨ। ਜਿਸ ਨੂੰ ਮਾਲਕ ਪ੍ਰਭੂ ਵਿਸਰ ਜਾਂਦਾ ਹੈ, ਉਹ ਅਸਲੀ ਸਰੀਰਕ ਤੇ ਮਾਨਸਕ ਰੋਗੀ ਹੈ। ਪ੍ਰਮੇਸ਼ਰ ਤੋਂ ਭੁੱਲਿਆ ਮਨੁੱਖ ਹੰਕਾਰੀ ਹੋ ਕੇ ਸੰਸਾਰ ਵਿੱਚ ਦੁਖੀ ਜੀਵਨ ਬਤੀਤ ਕਰਦਾ ਹੈ :—

ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ॥
ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ॥

ਜਿਸ ਨੋ ਵਿਸਰੈ ਨਾਉ ਸੁ ਨਿਰਧਨੁ ਕਾਂਢੀਐ॥
ਜਿਸ ਨੋ ਵਿਸਰੈ ਨਾਉ ਸੁ ਜੋਨੀ ਹਾਂਢੀਐ॥
ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮੁ ਡੰਡੁ ਦੇ॥
ਜਿਸੁ ਖਸਮੁ ਨ ਆਵੀ ਚਿਤਿ ਰੋਗੀ ਸੇ ਗਣੇ॥
ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ ਅਹੰਕਾਰੀਆ॥
ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ॥

ਪਉੜੀ, (ਪੰਨਾ : ੯੬੪)

ਸਾਹਿਬਾਂ ਦੇ ਫੁਰਮਾਨ ਅਨੁਸਾਰ ਸਾਰੇ ਦੁੱਖਾਂ ਦਾ ਮੂਲ ਕਾਰਣ, ਆਪਣੇ ਪ੍ਰਭੂ ਨਾਨਕ ਨੂੰ ਵਿਸਰ ਜਾਣਾ ਹੀ ਹੈ, ਜਦੋਂ ਪ੍ਰਭੂ ਵਿਸਰਦਾ ਹੈ, ਮਨੁੱਖ ਅਤ੍ਰਿਪਤੀ ਮਹਿਸੂਸ ਕਰਦਾ ਹੈ। ਉਸ ਅਤ੍ਰਿਪਤੀ ਨੂੰ ਤ੍ਰਿਪਤ ਕਰਨ ਲਈ, ਮਨੁੱਖ ਸੰਸਾਰਕ ਪਦਾਰਥਾਂ ਵੱਲ ਭੱਜਦਾ ਹੈ, ਜਿਸ ਸਦਕਾ ਮਾਇਕੀ ਪਦਾਰਥਾਂ ਦੀ ਪ੍ਰਾਪਤੀ ਲਈ ਦੌੜ ਲੱਗ ਜਾਂਦੀ ਹੈ। ਫਿਰ ਤਾਂ "**ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥ ਪਰੈ ਪਰੈ ਹੀ ਕਉ ਲੁਝੀ ਹੇ॥ ੧॥ ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ॥ ਬੁਰਾ ਭਲਾ ਨਹੀ ਸੁਝੀ ਹੇ॥੨॥** ਵਾਲੀ ਗੱਲ ਵਾਪਰ ਜਾਂਦੀ ਹੈ। ਤ੍ਰਿਪਤੀ ਪ੍ਰਾਪਤ ਹੋਣ ਦੀ ਥਾਂ ਤ੍ਰਿਸ਼ਨਾਂ ਦੇ ਹੋਰ ਭਾਂਬੜ ਮੱਚਦੇ ਹਨ :—

ਦੁਖੁ ਤਦੇ ਜਾ ਵਿਸਰਿ ਜਾਵੈ॥ ਭੁਖ ਵਿਆਪੈ ਬਹੁ ਬਿਧਿ ਧਾਵੈ॥
ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ॥

ਮਾਝ ਮ: ੫ (ਪੰਨਾ : ੯੮)

ਧਨਾਸਰੀ ਰਾਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇੱਕ ਸ਼ਬਦ ਹੈ ਜਿਸ ਵਿੱਚ ਸਾਹਿਬ ਨੇ ਮਨੁੱਖ ਦੀ ਪ੍ਰੇਸ਼ਾਨੀ ਦਾ ਕਾਰਣ ਦੱਸਿਆ ਹੈ। ਮਨੁੱਖ ਦੀ ਆਤਮਾਂ ਇੱਕ ਵਾਰੀ ਨਹੀਂ, ਦੋ ਵਾਰੀ ਨਹੀਂ, ਬਾਰੰ-ਬਾਰ ਤਪਦੀ ਹੈ, ਖਪਦੀ ਹੈ, ਕ੍ਰਿਝਦੀ ਹੈ। ਇਹ ਤਪਣਾ, ਕ੍ਰਿਝਣਾ ਜਿਥੇ ਵਿਕਾਰਾਂ ਨੂੰ ਜਨਮ ਦਿੰਦਾ ਹੈ ਉੱਥੇ ਇਸ ਜੀਵ ਦੀ ਹਾਲਤ ਕੋਹੜ ਵਾਲੇ ਰੋਗੀ ਵਰਗੀ ਬਣਾ ਦਿੰਦਾ ਹੈ, ਜੋ ਸਰੀਰਕ ਕਸ਼ਟ ਕਾਰਣ ਸਦਾ ਅਸ਼ਾਂਤ ਰਹਿੰਦਾ ਹੈ। ਇਸ ਸਾਰੀ ਅਸ਼ਾਂਤੀ ਦਾ, ਤਪਣ ਤੇ ਕ੍ਰਿਝਣ ਦਾ ਕਾਰਣ ਕੀ ਹੈ ? ਗੁਰੂ ਦੇ ਉਪਦੇਸ਼ ਨੂੰ ਗੁਰੂ ਦੀ ਬਾਣੀ ਨੂੰ ਭੁੱਲ ਜਾਣਾ ਹੀ, ਸਾਰੇ ਦੁੱਖਾਂ ਦਾ ਮੂਲ ਕਾਰਣ ਹੈ। ਜੋ ਗੁਰੂ ਉਪਦੇਸ਼ ਨੂੰ ਹਮੇਸ਼ਾ ਯਾਦ ਰੱਖ ਕੇ ਆਪਣੇ ਮੂਲ ਨਾਲ ਜੁੜਿਆ ਰਹਿੰਦਾ ਹੈ,

ਉਸਨੂੰ ਅਜਿਹੇ ਅਸ਼ਾਂਤੀ ਦੇਣ ਵਾਲੇ ਦੁੱਖ ਨਹੀਂ ਵਿਆਪਦੇ। ਸਾਹਿਬਾਂ ਦਾ ਫੁਰਮਾਨ ਹੈ:—

ਜੀਉ ਤਪਤੁ ਹੈ ਬਾਰੋਬਾਰ॥ ਤਪਿ ਤਪਿ ਖਪੈ ਬਹੁਤੁ ਬੇਕਾਰ॥
ਜੈ ਤਨਿ ਬਾਣੀ ਵਿਸਰਿ ਜਾਇ॥ ਜਿਉ ਪਕਾ ਰੋਗੀ ਵਿਲਲਾਇ॥ ੧॥

ਧਨਾਸਰੀ ਮ: ੧, (ਪੰਨਾ : ੬੬੧)

ਹਰੀ-ਪ੍ਰਮੇਸ਼ਰ ਜੀ ਨੂੰ ਵਿਸਰ ਜਾਣਾ ਹੀ, ਸਾਰੀਆਂ ਖੁਆਰੀਆਂ ਤੇ ਸਾਰੇ ਦੁੱਖਾਂ ਦਾ ਮੂਲ ਕਾਰਣ ਹੈ। ਜੋ ਸਾਂਈ ਨੂੰ ਯਾਦ ਨਹੀਂ ਕਰਦਾ, ਜੋ ਪ੍ਰਭੂ ਦਾ ਸਿਮਰਨ ਨਹੀਂ ਕਰਦਾ, ਉਸਦਾ ਜੀਵਨ ਤਾਂ ਜ਼ਹਿਰੀਲੇ ਸੱਪ ਦੇ ਸਮਾਨ ਬਣ ਜਾਂਦਾ ਹੈ। ਜੋ ਆਪਣੀ ਹੀ ਜ਼ਹਿਰ ਨਾਲ ਹਮੇਸ਼ਾ ਸੜਦਾ ਰਹਿੰਦਾ ਹੈ। ਸਿਮਰਨ ਬਿਹੂਨ ਮਨੁੱਖ ਨੂੰ ਭਾਵੇਂ ਸਾਰੀ ਦੁਨੀਆਂ ਦੇ ਪਦਾਰਥ ਅਤੇ ਰਾਜ ਭਾਗ ਵੀ ਕਿਉਂ ਨਾ ਪ੍ਰਾਪਤ ਹੋ ਜਾਵੇ, ਪਰ ਉਹ ਫਿਰ ਵੀ ਇਸ ਸੰਸਾਰ ਵਿੱਚੋਂ ਅਸ਼ਾਂਤ ਜੀਵਨ ਬਿਤਾ ਕੇ ਅੰਤ ਨੂੰ ਜੀਵਨ ਦੀ ਬਾਜੀ ਹਾਰ ਕੇ ਹੀ ਜਾਂਦਾ ਹੈ।

ਪਰ ਦੂਸਰੇ ਪਾਸੇ, ਜਿਸ ਤੇ ਪ੍ਰਮੇਸ਼ਰ ਵਾਹਿਗੁਰੂ ਦੀ ਰਹਿਮਤ ਹੋ ਜਾਂਦੀ ਹੈ, ਉਹ ਗੁਣੀ ਨਿਧਾਨ ਪ੍ਰਭੂ ਦੇ ਹਰ ਸਮੇਂ ਗੁਣ ਗਾਉਂਦਾ ਰਹਿੰਦਾ ਹੈ। ਗੁਣ ਗਾਉਣ ਸਦਕਾ, ਜਿਥੇ ਉਹ ਇਸ ਸੰਸਾਰ ਵਿੱਚ ਸੁਖੀ ਜੀਵਨ ਬਤੀਤ ਕਰਦਾ ਹੈ, ਉੱਥੇ ਉਸਨੂੰ ਕਿਸੇ ਤਰ੍ਹਾਂ ਦਾ ਧੋਖਾ ਨਹੀਂ ਬਿਆਪਦਾ। ਪ੍ਰਭੂ ਨਾਲ ਜੁੜੇ ਹਰੀ ਜਨ ਦਾ ਜਨਮ ਵੀ ਧਨਤਾ ਦੇ ਯੋਗ ਹੈ। ਗੁਰੂ ਪਾਤਸ਼ਾਹ ਵੀ ਉਸ ਤੋਂ ਬਲਿਹਾਰ ਜਾਂਦੇ ਹਨ :—

ਹਰਿ ਬਿਸਰਤ ਸਦਾ ਖੁਆਰੀ
ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ॥ ਰਹਾਉ॥
ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ॥
ਨਵਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ॥
ਗੁਣ ਨਿਧਾਨ ਗੁਣ ਤਿਨਹੀ ਗਾਏ ਜਾ ਕਉ ਕਿਰਪਾ ਧਾਰੀ॥
ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ॥ ੨॥ ੨

ਟੋਡੀ ਮ: ੫, (ਪੰਨਾ : ੭੧੧-੭੧੨)

ਗੁਰੂ ਨਾਨਕ ਦੇਵ ਜੀ ਦੇ ਫੁਰਮਾਨ ਅਨੁਸਾਰ ਸੰਸਾਰ ਦੀਆਂ ਸਾਰੀਆਂ ਮੁਸੀਬਤਾਂ, ਬਿਪਤਾਂ ਦਾ ਮੂਲ ਕਾਰਣ ਆਪਣੇ ਮਾਲਕ ਪ੍ਰਭੂ ਜੀ ਨੂੰ ਵਿਸਰ ਜਾਣਾ ਹੀ ਹੈ। ਜੋ ਆਪਣੇ ਪ੍ਰਭੂ ਨੂੰ ਭੁੱਲ ਜਾਂਦਾ ਹੈ, ਜਿੱਥੇ ਸੰਸਾਰ ਦੀਆਂ ਸਾਰੀਆਂ ਪ੍ਰੇਸ਼ਾਨੀਆਂ ਉਸਨੂੰ

ਆ ਘੇਰਦੀਆਂ ਹਨ, ਉੱਥੇ ਉਸਦੀ ਆਤਮਾਂ ਤੇ ਸਰੀਰ ਨੂੰ ਵੀ ਅਨੇਕਾਂ ਦੁੱਖ ਆ ਗ੍ਰਸਦੇ ਹਨ। ਇਸ ਦੇ ਉਲਟ ਜੋ ਸਿਮਰਨ ਦੀ ਡੋਰ ਦੁਆਰਾ ਆਪਣੇ ਮਾਲਕ ਨਾਲ ਜੁੜਿਆ ਰਹਿੰਦਾ ਹੈ, ਉਸਨੂੰ ਲੋਕ-ਪ੍ਰਲੋਕ ਦੇ ਕ੍ਰੋੜਾਂ ਅਨੰਦ-ਖੁਸ਼ੀਆਂ ਪ੍ਰਾਪਤ ਹੋ ਜਾਂਦੇ ਹਨ ਤੇ ਮੌਤ ਤੇ ਜਮਦੂਤਾਂ ਦਾ ਡਰ ਵੀ ਉਸ ਦਾ ਸਦਾ ਲਈ ਖਤਮ ਹੋ ਜਾਂਦਾ ਹੈ :—

ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ॥
ਕੋਟਿ ਅਨੰਦ ਜਹ ਹਰਿ ਗੁਨ ਗਾਹੀ॥ ੧॥
ਹਰਿ ਬਿਸਰਿਐ ਦੁਖ ਰੋਗ ਘਨੇਰੇ॥
ਪ੍ਰਭ ਸੇਵਾ ਜਮੁ ਲਗੈ ਨ ਨੇਰੇ॥

ਗਉੜੀ ਮ: ੫, (ਪੰਨਾ : ੧੯੭)

ਸੰਸਾਰ ਵਿੱਚ ਦੁੱਖ ਅਨੇਕ ਪ੍ਰਕਾਰ ਦੇ ਹਨ। ਹਰ ਦੁੱਖ ਜਦੋਂ ਆਪਣੀ ਪੂਰੀ ਚੜ੍ਹਾਈ ਵਿੱਚ ਆ ਕੇ ਮਨੁੱਖ ਨੂੰ ਬਿਆਪਦਾ ਹੈ, ਬੰਦੇ ਦੀਆਂ ਨੱਕ ਨਾਲ ਲਕੀਰਾਂ ਕੱਢਵਾ ਦਿੰਦਾ ਹੈ। ਦੁੱਖ ਤਾਂ ਕੋਈ ਵੀ ਚੰਗਾ ਨਹੀਂ, ਪਰ ਸਾਹਿਬ ਜੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ ਚਾਰ ਵੱਡੇ ਦੁੱਖ ਜੋ ਹਰ ਪ੍ਰਾਣੀ ਮਾਤ੍ਰ ਨੂੰ ਬਿਆਪਦੇ ਹਨ। ਉਹਨਾਂ ਦੀ ਗਿਣਤੀ ਮਲਾਰ ਰਾਗ ਵਿੱਚ ਕੀਤੀ ਹੈ।

ਸਭ ਤੋਂ ਪਹਿਲਾਂ ਦੁੱਖ ਵਿਛੋੜੇ ਦਾ ਹੈ। ਦੂਸਰਾ ਦੁੱਖ ਭੁੱਖ ਦਾ ਸਾਹਿਬਾਂ ਨੇ ਗਿਣਿਆ ਹੈ। ਤੀਸਰਾ ਹੈ ਜੰਮਣ-ਮਰਣ ਦਾ ਦੁੱਖ। ਚੌਥਾ ਹੈ ਸਰੀਰਕ ਰੋਗਾਂ ਦਾ ਦੁੱਖ।

ਦੁਖੁ ਵੇਛੋੜਾ ਇਕੁ ਦੁਖੁ ਭੂਖ॥
ਇਕੁ ਦੁਖੁ ਸਕਤਵਾਰ ਜਮਦੂਤ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ॥
ਵੈਦ ਨ ਭੋਲੇ ਦਾਰੂ ਲਾਇ॥ ੧॥

ਮਲਾਰ ਮ: ੧, (ਪੰਨਾ : ੧੨੫੬)

ਭਗਤ ਜਨ ਜੋ, ਗੁਰੂ ਹੁਕਮ ਵਿੱਚ "**ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ॥**" ਦੀ ਅਵਸਥਾ ਵਿੱਚ ਵਿਚਰਦੇ ਹਨ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਸੰਸਾਰਕ ਵੱਡੀਆਂ ਪਦਵੀਆਂ, ਰਾਜ ਭਾਗ, ਤੇ ਪ੍ਰਲੋਕ ਦੀ ਮੁਕਤੀ ਵੀ ਉਹਨਾਂ ਦੇ ਚਰਨ ਕਮਲ ਦੀ ਮਉਜ ਵਿੱਚ ਰੁਕਾਵਟ ਨਹੀਂ ਬਣਦੀਆਂ। ਭਗਤ ਜਨ ਇਹਨਾਂ ਤੋਂ ਉਪਰਲੀ ਅਵਸਥਾ ਵਿੱਚ ਵਿਚਰਦੇ ਹਨ। ਉਹਨਾਂ ਨੂੰ ਅਸਲੀਅਤ ਦਾ ਪਤਾ ਚੱਲ ਗਿਆ ਹੁੰਦਾ ਹੈ ਕਿ

ਰਾਜੁ ਰੂਪੁ ਝੂਠਾ ਦਿਨ ਚਾਰਿ॥

ਬਿਲਾਵਲੁ ਮ: ੫ (ਪੰਨਾ : ੮੯੬)

ਉਹਨਾਂ ਦੀ ਦ੍ਰਿਸ਼ਟੀ ਵਿੱਚ ਤਾਂ :—

ਰਾਜੁ ਮਾਲੁ ਜੋਬਨੁ ਸਭੁ ਛਾਂਵ॥

ਮਲਾਰ ਮ: ੧, (ਪੰਨਾ : ੧੨੫੭)

ਇਹ ਰਾਜ ਭਾਗ ਇੱਕ ਦਰੱਖਤ ਦੀ ਛਾਂ ਵਾਂਗ ਪ੍ਰਤੀਤ ਹੁੰਦੇ ਹਨ ਕਿਉਂਕਿ ਰਾਜ ਭਾਗ ਸਦੀਵੀਂ ਨਹੀਂ, ਉਹ ਤਾਂ ਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਮੁਤਾਬਕ ਮੁਕਤੀ ਨੂੰ ਵੀ ਬਪੁੜੀ ਕਹਿ ਕੇ ਤਿਆਗ ਦਿੰਦੇ ਹਨ :—

ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥

ਮਾਰੂ ਮ: ੫ (ਪੰਨਾ : ੧੦੭੮)

ਭਗਤ ਜਨ ਤਾਂ ਨਾ ਸੁਰਗ ਦੀ ਵਾਸ਼ਨਾ ਮਨ ਵਿੱਚ ਰੱਖਦੇ ਹਨ ਅਤੇ ਨ ਨਰਕਾਂ ਦੇ ਦੁੱਖਾਂ ਤੋਂ ਹੀ ਘਬਰਾਉਂਦੇ ਹਨ, ਉਹ ਤਾਂ ਪੁਕਾਰ-ਪੁਕਾਰ ਕੇ ਕਹਿੰਦੇ ਹਨ ਕਿ ਪ੍ਰਮੇਸ਼ਰ ਦੇ ਗੁਣ ਗਾਉਣ ਦੀ ਹੀ ਲਾਲਸਾ ਹੈ, ਇਹਨਾਂ ਗੁਣਾਂ ਦੇ ਗਾਉਣ ਨਾਲ ਧਰਮ ਨਿਧਾਨ ਪ੍ਰਭੂ ਦੀ ਅਭੇਦਤਾ ਪ੍ਰਾਪਤ ਹੁੰਦੀ ਹੈ। ਇਸ ਲਈ :—

ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥
ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ॥ ੧॥ ਇਸ ਲਈ :—
ਰਮਈਆ ਗੁਨ ਗਾਈਐ॥ ਜਾ ਤੇ ਪਾਈਐ ਪਰਮ ਨਿਧਾਨੁ॥

ਗਉੜੀ ਕਬੀਰ ਜੀ, (ਪੰਨਾ : ੩੩੭)

ਉਹਨਾਂ ਦੀ ਤਾਂ ਮੰਗ ਹੀ ਇਹ ਹੁੰਦੀ ਹੈ :—

ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ
ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥

ਸੂਹੀ ਮ: ੫ (ਪੰਨਾ : ੭੬੨)

ਉਹ ਭਗਤ ਜਨ ਇੰਨੇ ਬੇ-ਪ੍ਰਵਾਹ ਹੁੰਦੇ ਹਨ, ਪ੍ਰਭੂ ਜੀ ਦੇ ਰਾਜ ਭਾਗ ਮੁਕਤੀ ਦੇਣ ਤੇ ਵੀ, ਉਸਨੂੰ ਸਵੀਕਾਰ ਕਰਨ ਤੋਂ ਇਨਕਾਰੀ ਹੋ ਜਾਂਦੇ ਹਨ ਤੇ ਕਹਿ ਦਿੰਦੇ ਹਨ ਕਿ ਹੇ ਪ੍ਰਭੂ, ਜੇ ਤਰੁਠੇ ਹੋ ਤਾਂ ਆਪਣੇ ਚਰਨਾਂ ਕਮਲਾਂ ਦੀ ਪ੍ਰੀਤੀ ਬਖਸ਼ੋ ਜੀ।

ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥

ਦੇਵਗੰਧਾਰੀ ੫ (ਪੰਨਾ : ੫੩੪)

ਪ੍ਰਭੂ ਪ੍ਰਮੇਸ਼ਰ ਜੀ ਦੇ ਚਰਨਾਂ ਦੀ ਪ੍ਰੀਤੀ ਤੇ ਗੁਣ ਗਾਉਣ ਦੀ ਮੰਗ ਬਾਰ-ਬਾਰ ਕਿਉ ਮੰਗੀ ਕਿਉਂਕਿ ਉਹਨਾਂ ਦੇ ਜੀਵਨ ਦਾ ਤਜ਼ਰਬਾ ਹੈ ਕਿ, "**ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ॥ ੧॥**

ਐਸੇ ਬੇ-ਪ੍ਰਵਾਹੀ ਤੇ ਬੇਮੁਹਤਾਜੀ ਜੀਵਨ ਦੇ ਧਾਰਨੀ ਬਾਬਾ ਕਬੀਰ ਜੀ, ਆਪਣੇ ਪ੍ਰਭੂ ਮਾਲਕ ਅੱਗੇ ਹਥ ਜੋੜ ਕੇ ਆਪਣੇ ਇੱਕ ਦੁੱਖ ਦੇ ਛੁਟਕਾਰੇ ਲਈ ਬਾਰੰ-ਬਾਰ ਬੇਨਤੀ ਕਰਦੇ ਹਨ। ਉਹ ਕਿਹੜਾ ਦੁੱਖ ਹੈ ਜਿਸ ਤੋਂ ਬਾਬਾ ਕਬੀਰ ਜੀ ਵੀ ਨਿਜਾਤ ਪਾਉਣਾ ਚਾਹੁੰਦੇ ਹਨ ਤੇ ਆਪਣੇ ਮਾਲਕ ਦੇ ਚਰਨਾਂ ਵਿੱਚ ਉਸ ਤੋਂ ਬਚਣ ਲਈ ਅਰਜ਼ੋਈ ਕਰਦੇ ਹਨ। ਉਹ ਦੁੱਖ ਹੈ ਜਨਮ-ਮਰਣ ਦਾ ਜਿਸ ਨੂੰ ਸ੍ਰੀ ਨਾਨਕ ਦੇਵ ਜੀ ਨੇ ਵਡਹੰਸ ਰਾਗ ਵਿੱਚ ਫੁਰਮਾਨ ਕੀਤਾ ਹੈ "**ਜੰਮਣੁ ਮਰਣੁ ਵਡਾ ਵੇਛੋੜਾ ਬਿਨਸੈ ਜਗੁ ਸਬਾਏ॥**"

ਬਾਬਾ ਕਬੀਰ ਜੀ ਨੇ, ਮਾਲਕ ਪ੍ਰਭੂ ਦੇ ਚਰਨਾਂ ਵਿੱਚ ਸਭ ਤੋਂ ਵੱਡੇ ਦੁੱਖ ਜੰਮਣ-ਮਰਨ ਤੋਂ ਛੁਟਕਾਰੇ ਲਈ ਗਉੜੀ ਰਾਗ ਵਿੱਚ ਅਰਦਾਸ ਕੀਤੀ ਹੈ, ਹੇ ਪ੍ਰਭੂ, ਤੁਸੀਂ ਇੰਨੇ ਦਿਆਲੂ ਹੋ, ਸੰਸਾਰ ਦੇ ਅਨੇਕਾਂ ਦੁੱਖ ਤੁਸੀਂ ਇੱਕ ਅੱਖ ਦੇ ਫੋਰ ਵਿੱਚ ਕੱਟ ਦਿੰਦੇ ਹੋ, ਕਿਰਪਾ ਕਰਕੇ ਮੇਰਾ ਇੱਕ ਦੁੱਖ ਹੀ ਦੂਰ ਕਰ ਦਿਉ :—

ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ॥ ਅਗਨਿ ਦਹੈ ਅਰੁ ਗਰਭ ਬਸੇਰਾ॥ ੧॥

ਗਉੜੀ ਕਬੀਰ ਜੀ, (ਪੰਨਾ : ੩੨੯)

ਸੋ ਸਭ ਤੋਂ ਵੱਡੇ ਜੰਮਣ-ਮਰਣ ਦੇ ਦੁੱਖ ਤੋਂ ਛੁਟਕਾਰਾ ਪਾਉਣ ਲਈ ਪ੍ਰਭੂ-ਪ੍ਰਮੇਸ਼ਰ ਦੀ ਯਾਦ ਹਮੇਸ਼ਾ ਹਿਰਦੇ ਵਿੱਚ ਵਸਾਉਣੀ ਚਾਹੀਦੀ ਹੈ। ਇਹ ਸਦੀਵੀਂ ਯਾਦ, ਸਦੀਵੀਂ ਸਿਮਰਨ ਹੀ, ਆਵਾਗਉਣ ਦੇ ਚੱਕਰ ਨੂੰ ਮੇਟਦਾ ਹੈ। ਜੇ ਉਸ ਦੀ ਯਾਦ ਭੁੱਲ ਜਾਵੇ ਫਿਰ ਤਾਂ, ਜਿਵੇਂ ਪਿਛਲੇ ਪੰਨਿਆਂ ਤੇ ਪੰਜਵੇਂ ਪਾਤਸ਼ਾਹ ਜੀ ਦਾ ਫੁਰਮਾਨ ਪੜ੍ਹਿਆ ਹੈ, ਉਹ ਲਾਗੂ ਹੁੰਦਾ ਰਹੇਗਾ। ਫਿਰ ਦੁਬਾਰਾ ਯਾਦ ਕਰ ਲਈਏ—ਫੁਰਮਾਨ ਹੈ :—

ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ॥

ਸਲੋਕ ਮ: ੫ (ਪੰਨਾ : ੯੬੧)

ਅਤਿ ਗਮੀ ਦਾ ਤਿਆਗ ਕਿਉਂ ?

ਦੁੱਖ ਦੇ ਸਮੇਂ ਮਨੁੱਖ ਨੂੰ ਜਿਸ ਵੇਲੇ ਦੁੱਖਾਂ ਦੇ ਲਫੇੜੇ ਪੈਂਦੇ ਹਨ ਇਹ ਦੁੱਖਾਂ ਦੇ ਲਫੇੜੇ ਝਲਦਾ-ਝਲਦਾ ਬੌਂਦਲ ਜਾਂਦਾ ਹੈ। ਬੌਂਦਲਿਆ ਹੋਇਆ ਮਨੁੱਖ ਕੱਖਾਂ ਪਲਾਹਾਂ ਚੋਂ ਆਸਰਾ ਭਾਲਦਾ ਹੈ, ਕਦੀ ਪ੍ਰਭੂ ਕ੍ਰਿਤ ਦੇਵੀ-ਦੇਵਤਿਆਂ ਦਾ ਆਸਰਾ ਤੱਕਦਾ ਹੈ, ਕਦੀ ਮਨੁੱਖ ਦੀ ਓਟ ਆਸਰਾ ਲੈ ਕੇ ਦੁੱਖਾਂ ਤੋਂ ਬਚਣ ਤੇ ਸੁੱਖਾਂ ਦੀ ਪ੍ਰਾਪਤੀ ਲਈ ਤਰਲੇ ਕੱਢਦਾ ਹੈ। ਇਸ ਅਸਲੀਅਤ ਨੂੰ ਭੁੱਲ ਜਾਂਦਾ ਹੈ ਕਿ ਸੰਸਾਰ ਵਿੱਚ ਤਾਂ "**ਨਾਨਕ ਦੁਖੀਆ ਸਭੁ ਸੰਸਾਰ**" ਹਰ ਮਨੁੱਖ ਦੁੱਖੀ ਹੈ। ਫਿਰ ਜਿਹੜਾ ਆਪ ਹੀ ਦੁਖੀ

ਹੈ, ਉਹ ਦੂਸਰੇ ਨੂੰ ਸੁੱਖ ਕਿੱਥੋਂ ਦੇ ਸਕਦਾ ਹੈ। ਦੁੱਖੀ ਮਨੁੱਖ ਕਿਸੇ ਨੂੰ ਸੁੱਖ ਨਹੀਂ ਦੇ ਸਕਦਾ, ਗੁਰੂ-ਹਰੀ ਆਪ ਅਨੰਦਤ ਹੈ, ਜਿਹੜਾ ਉਸ ਦੇ ਚਰਨਾਂ ਦਾ ਓਟ ਆਸਰਾ ਲੈਂਦਾ ਹੈ ਤੇ ਅਰਦਾਸਾਂ ਕਰਦਾ ਹੈ ਕਿ ਹੇ ਪ੍ਰਭੂ! ਮੇਰੇ ਤੇ ਦਇਆ ਕਰ ਮੈਂ ਪੱਥਰ ਦੀ ਵੀ ਬਹੁੜੀ ਕਰੋ, ਅਸੀਂ ਮੋਹ-ਮਾਇਆ ਦੇ ਚਿੱਕੜ ਵਿੱਚ ਫਸ ਕੇ ਨਿਘਰਦੇ ਜਾ ਰਹੇ ਹਾਂ। ਸਾਨੂੰ ਆਪ ਆਪਣੀ ਬਾਂਹ ਫੜਾ ਕੇ ਇਹਨਾਂ ਦੁੱਖਾਂ ਦੀ ਦਲਦਲ ਵਿੱਚੋਂ ਕੱਢ ਲਵੋ। ਇਸ ਭਾਵ ਦੀ ਅਰਦਾਸ ਸੁਣ ਕੇ ਦਿਆਲੂ ਮਾਲਕ ਜਿੱਥੇ ਜਗਿਆਸੂ ਨੂੰ ਦੁੱਖਾਂ ਤੋਂ ਮੁਕਤ ਕਰ ਦਿੰਦਾ ਹੈ ਉੱਥੇ ਉਹ ਗੁਰੂ ਮਿਹਰ ਸਦਕਾ, ਨਾਮ ਨਾਲ ਜੁੜ ਕੇ ਵੱਡੇ ਭਾਗਾਂ ਵਾਲਾ ਬਣ ਜਾਂਦਾ ਹੈ। ਇਹ ਹੈ "**ਸਮਰਥ ਗੁਰੂ ਸਿਰਿ ਹਥੁ ਧਰਿਉ॥**" ਦੀ ਕਲਾ ਜਿਸ ਨੂੰ ਸਾਹਿਬ ਗੁਰੂ ਰਾਮਦਾਸ ਜੀ ਨੇ "**ਆਸਾ ਰਾਗ**" ਵਿੱਚ ਵਰਨਣ ਕੀਤਾ ਹੈ। ਹੇ ਪ੍ਰਭੂ:—

ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ॥

ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ ਹਰਿ ਬਾਂਹ ਪ੍ਰਭੂ ਪਕਰਾਇ ਜੀਉ॥

ਪ੍ਰਭਿ ਬਾਂਹ ਪਕਰਾਈ ਊਤਮ ਮਤਿ ਪਾਈ ਗੁਰ ਚਰਣੀ ਜਨੁ ਲਾਗਾ॥

ਹਰਿ ਹਰਿ ਨਾਮੁ ਜਪਿਆ ਆਰਾਧਿਆ ਮੁਖਿ ਮਸਤਕਿ ਭਾਗੁ ਸਭਾਗਾ॥

ਜਨ ਨਾਨਕ ਹਰਿ ਕਿਰਪਾ ਧਾਰੀ ਮਨਿ ਹਰਿ ਹਰਿ ਮੀਠਾ ਲਾਇ ਜੀਉ॥੪॥੫॥੧੨॥

ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ॥

ਆਸਾ ਮ: ੪, (ਪੰਨਾ : ੪੪੬-੪੭)

ਪਰ ਜਿਹੜਾ ਮਨੁੱਖ ਇਸ ਅਸਲੀਅਤ ਨੂੰ ਭੁੱਲ ਜਾਂਦਾ ਹੈ ਤੇ ਕ੍ਰਿਤ ਦਾ ਆਸਰਾ ਤੱਕ ਕੇ ਉਸ ਅੱਗੇ ਮਿੰਨਤਾਂ ਕੱਢਦਾ ਹੈ, ਉਸ ਦਾ ਕੀ ਹਸ਼ਰ ਹੁੰਦਾ ਹੈ, ਉਸਨੂੰ ਵੀ ਸਾਹਿਬ ਗੁਰੂ ਰਾਮ ਦਾਸ ਜੀ ਨੇ ਗੌਂਡ ਰਾਗ ਵਿੱਚ ਵਰਨਣ ਕੀਤਾ ਹੈ ; ਜਿਹੜਾ ਮਨੁੱਖ ਹਰੀ ਪ੍ਰਮਾਤਮਾਂ ਨੂੰ ਛੱਡ ਕੇ ਆਪਣੀ ਬ੍ਰਿਥਾ-ਪੀੜਾ, ਦੁੱਖ ਹੋਰਨਾਂ ਅੱਗੇ ਜਾ ਕੇ ਆਖਦਾ ਹੈ, ਉਹਨਾਂ ਨੇ ਇਸ ਦਾ ਦੁੱਖ ਤਾਂ ਕੀ ਦੂਰ ਕਰਨਾ ਹੈ, ਉਹ ਆਪ ਅਤਿ ਦੇ ਦੁਖੀ ਹੁੰਦੇ ਹਨ। ਉਹਨਾਂ ਨੂੰ ਵੀ ਆਪਣੀ ਹਵਾੜ ਕੱਢਣ ਲਈ ਮਸਾਂ ਦੁਖਿਆਰਾ ਮਿਲਦਾ ਹੈ, ਫਿਰ ਉਹ ਭਾ: ਸਾਹਿਬ ਭਾ: ਗੁਰਦਾਸ ਜੀ ਦੇ ਫੁਰਮਾਨ ਨੂੰ ਸਾਕਾਰ ਕਰਨ ਲੱਗ ਜਾਂਦੇ ਹਨ :—

ਦੁਖਿਆਰੇ ਦੁਖਿਆਰਿਆਂ ਮਿਲਿ ਮਿਲਿ ਆਪਣੇ ਦੁਖ ਰੁਵੰਦੇ॥੪॥

(ਭਾ: ਗੁਰਦਾਸ ਜੀ ਵਾਰ ੫)

ਇਸ ਲਈ ਸਾਹਿਬਾਂ ਨੇ ਅਗਵਾਈ ਦਿੱਤੀ ਹੈ ਕਿ ਜਿਹੜਾ ਮਨੁੱਖ ਆਪ ਦੁਖੀ ਹੈ

ਉਹ ਦੂਸਰੇ ਦਾ ਦੁੱਖ ਦੂਰ ਨਹੀਂ ਕਰ ਸਕਦਾ। ਇਸ ਲਈ ਹੇ ਦੁਖਿਆਰੇ ਮਨੁੱਖ, ਤੂੰ ਆਪਣੀ ਪੀੜ (ਦੁੱਖ) ਆਪਣੇ ਮਾਲਕ ਹਰੀ ਪ੍ਰਮਾਤਮਾਂ ਪਾਸ ਦੱਸ। ਉਹ ਸੁਆਮੀ ਤੇਰੀ ਅਰਦਾਸ ਸੁਣ ਕੇ ਤੇਰੇ ਸਾਰੇ ਦੁੱਖ ਕਲੇਸ਼ ਕੱਟ ਕੇ ਤੈਨੂੰ ਸੁੱਖ ਦੇ ਦੇਵੇਗਾ। ਜੋ ਇਹੋ ਜਿਹਾ ਸਰਬ-ਸਮਰੱਥ ਪ੍ਰਭੂ ਛੱਡ ਕੇ ਆਪਣੀ ਪੀੜਾ ਹੋਰਨਾਂ ਪਾਸ ਆਖਦੇ ਹਨ, ਉਹਨਾਂ ਨੂੰ ਲੱਜਿਆ ਤੇ ਸ਼ਰਮ ਤੋਂ ਸਿਵਾ ਕੁਝ ਵੀ ਪੱਲੇ ਨਹੀਂ ਪੈਂਦਾ।

ਹੇ ਮੇਰੇ ਮਨ, ਇਸ ਸੰਸਾਰ ਵਿੱਚ ਜਿੰਨੇ ਵੀ ਸੱਜਣ, ਮਿੱਤਰ, ਦੋਸਤ ਭਰਾ, ਪਰਿਵਾਰ ਤੇ ਰਿਸ਼ਤੇਦਾਰ ਦਿਸਦੇ ਹਨ ਇਹ ਸਾਰੇ ਆਪਣੇ ਮਤਲਬ ਵਾਸਤੇ ਨੇੜਤਾ ਰੱਖਦੇ ਹਨ। ਜਿਸ ਦਿਨ ਇਹਨਾਂ ਦਾ ਮਤਲਬ ਪ੍ਰਯੋਜਨ ਪੂਰਾ ਨਹੀਂ ਹੁੰਦਾ ਉਸੇ ਵੇਲੇ ਹੀ ਨਾਤਾ ਤੋੜ ਲੈਂਦੇ ਹਨ ਤੇ ਕੋਈ ਨੇੜੇ ਨਹੀਂ ਢੁੱਕਦਾ। ਇਸ ਲਈ ਹੇ ਮੇਰੇ ਮਨ! ਹਮੇਸ਼ਾ ਆਪਣੇ ਮਾਲਕ ਪ੍ਰਭੂ ਨਾਲ ਪ੍ਰੇਮ ਕਰ, ਉਸ ਨੂੰ ਯਾਦ ਕਰ, ਜੋ ਹਰ ਦੁੱਖ ਤੇ ਸੁੱਖ ਦੇ ਸਮੇਂ ਤੇਰੀ ਬਹੁੜੀ ਕਰਨ ਦੀ ਸਮਰੱਥਾ ਰਖਦਾ ਹੈ।

ਹੇ ਮੇਰੇ ਮਨ ! ਐਸੇ ਐਸੇ ਮਨੁੱਖਾਂ ਦਾ ਆਸਰਾ ਕਿਉਂ ਤੱਕਦਾ ਹੈਂ ਜੋ ਆਖਰੀ ਸਮੇਂ ਤੇ ਤੈਨੂੰ ਮੌਤ ਤੋਂ ਬਚਾ ਨਹੀਂ ਸਕਦੇ ?

ਇਸ ਲਈ ਗੁਰੂ ਦੇ ਉਪਦੇਸ਼ ਦਾ ਧਾਰਨੀ ਬਣ ਕੇ ਹਰੀ ਪ੍ਰਮੇਸ਼ਰ ਦਾ ਨਾਮ ਜਪਿਆ ਕਰ। ਮਨ ਚਿੱਤ ਕਰਕੇ ਪ੍ਰੀਤੀ ਕਰਨ ਵਾਲੇ ਨੂੰ ਪ੍ਰਮੇਸ਼ਰ ਅੰਤ ਸਮੇਂ ਜਮਾ ਦੇ ਦੁੱਖਾਂ ਤੋਂ ਛੁਡਾ ਲੈਂਦਾ ਹੈ। ਇਸ ਲਈ ਦਿਨ-ਰਾਤ ਹਰੀ ਪ੍ਰਮੇਸ਼ਰ ਦਾ ਸਿਮਰਨ ਕਰਨਾ ਚਾਹੀਦਾ ਹੈ। ਇਹ ਹੀ ਲੋਕ-ਪ੍ਰਲੋਕ ਦੇ ਦੁੱਖਾਂ ਕਲੇਸ਼ਾਂ ਤੋਂ ਬਚਣ ਦਾ ਸੱਚਾ ਰਸਤਾ ਹੈ:—

ਜੇ ਅਪਨੀ ਬਿਰਥਾ ਕਹਹੁ ਅਵਰਾ ਪਹਿ
ਤਾ ਆਗੈ ਅਪਨੀ ਬਿਰਥਾ ਬਹੁ ਬਹੁਤੁ ਕਢਾਸਾ॥
ਅਪਨੀ ਬਿਰਥਾ ਕਹਹੁ ਹਰਿ ਅਪੁਨੇ ਸੁਆਮੀ ਪਹਿ
ਜੋ ਤੁਮ੍ਰੇ ਦੂਖ ਤਤਕਾਲ ਕਟਾਸਾ॥
ਸੋ ਐਸਾ ਪ੍ਰਭੁ ਛੋਡਿ ਅਪਨੀ ਬਿਰਥਾ ਅਵਰਾ ਪਹਿ ਕਹੀਐ
ਅਵਰਾ ਪਹਿ ਕਹਿ ਮਨ ਲਾਜ ਮਰਾਸਾ॥ ੨॥
ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ
ਤੇ ਸਭਿ ਅਪਨੈ ਸੁਆਇ ਮਿਲਾਸਾ॥
ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ

ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥
ਮਨ ਮੇਰੇ ਅਪਨਾ ਹਰਿ ਸੇਵਿ ਦਿਨੁ ਰਾਤੀ
ਜੋ ਤੁਧੁ ਉਪਕਰੈ ਦੂਖਿ ਸੁਖਾਸਾ॥ ੩॥
ਤਿਸ ਕਾ ਭਰਵਾਸਾ ਕਿਉ ਕੀਜੈ ਮਨ ਮੇਰੇ
ਜੋ ਅੰਤੀ ਅਉਸਰਿ ਰਖਿ ਨ ਸਕਾਸਾ॥
ਹਰਿ ਜਪੁ ਮੰਤੁ ਗੁਰ ਉਪਦੇਸੁ ਲੈ ਜਾਪਹੁ
ਤਿਨ੍ ਅੰਤਿ ਛਡਾਏ ਜਿਨ੍ ਹਰਿ ਪ੍ਰੀਤਿ ਚਿਤਾਸਾ॥
ਜਨ ਨਾਨਕ ਅਨਦਿਨੁ ਨਾਮੁ ਜਪਹੁ ਹਰਿ ਸੰਤਹੁ
ਇਹੁ ਛੂਟਣ ਕਾ ਸਾਚਾ ਭਰਵਾਸਾ॥

ਗੋਂਡ ਮ: ੪ (ਪੰਨਾ : ੮੬੦)

ਚਾਹੀਦਾ ਤਾਂ ਇਹ ਸੀ ਕਿ ਜਿਸ ਪ੍ਰਭੂ ਪ੍ਰਮੇਸ਼ਰ ਜੀ ਪਾਸ ਸਾਰੇ ਸੁੱਖਾਂ ਦੇ ਭੰਡਾਰੇ ਭਰੇ ਪਏ ਹਨ ਉਸ ਦੇ ਅੱਗੇ ਅਰਦਾਸ ਬੇਨਤੀ ਕਰਦਾ :—

ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ॥

ਸਿਰੀਰਾਗੁ ਮ: ੧ (ਪੰਨਾ : ੧੬)

ਪਰ ਮਾਇਆ ਦੇ ਪਰਭਾਵ ਅਧੀਨ ਮਨੁੱਖ ਕ੍ਰਿਤ ਦਾ ਆਸਰਾ ਲੈ ਕੇ ਉਸਨੂੰ ਆਪਣਾ ਦੁੱਖ ਸੁਣਾਉਂਦਾ ਹੈ ਤੇ ਉਸ ਪਾਸੋਂ ਦੁੱਖ ਦੀ ਨਿਵ੍ਰਿਤੀ ਦੀ ਆਸ ਰੱਖਦਾ ਹੈ, ਪਰ ਇਹ ਮਨੁੱਖ ਦੀ ਗਲਤ ਫਹਿਮੀ ਹੈ। ਜਿਸ ਮਨੁੱਖ ਦੇ ਅੱਗੇ ਦੁਖਿਆਰਾ ਮਨੁੱਖ ਬੇਨਤੀ ਕਰਦਾ ਹੈ ਉਹ ਤਾਂ ਅੱਗੇ ਹੀ ਦੁੱਖਾਂ ਨਾਲ ਨਕੋ-ਨੱਕ ਭਰਿਆ ਹੋਇਆ ਹੈ। ਸੱਤ, ਚਿੱਤ, ਅਨੰਦ ਹਰੀ ਪ੍ਰਮੇਸ਼ਰ ਤੋਂ ਬਿਨਾਂ ਹੋਰ ਕੋਈ ਦੁੱਖ ਕੱਟਣ ਦੀ ਸਮਰਥਾ ਨਹੀਂ ਰੱਖਦਾ।

ਜਿਹੜਾ ਵੀ ਸਰਬ ਸਮਰੱਥ ਪ੍ਰਭੂ ਨੂੰ ਛੱਡ ਕੇ ਕਿਸੇ ਹੋਰ ਅੱਗੇ ਹੱਥ ਅੱਡਦਾ ਹੈ, ਉਸ ਦਾ ਮਾਣ ਸਤਿਕਾਰ ਹੀ ਘਟਦਾ ਹੈ, ਪੱਲੇ ਕੁਝ ਵੀ ਨਹੀਂ ਪੈਂਦਾ। ਅਸਲੀਅਤ ਇਹ ਹੀ ਹੈ :—

ਜਿਸੁ ਮਾਨੁਖ ਪਹਿ ਕਰਉ ਬੇਨਤੀ ਸੋ ਅਪਨੈ ਦੁਖਿ ਭਰਿਆ॥
ਪਾਰਬ੍ਰਹਮੁ ਜਿਨਿ ਰਿਦੈ ਅਰਾਧਿਆ ਤਿਨਿ ਭਉ ਸਾਗਰੁ ਤਰਿਆ॥ ੧॥
ਗੁਰ ਹਰਿ ਬਿਨੁ ਕੋ ਨ ਬ੍ਰਿਥਾ ਦੁਖੁ ਕਾਟੈ॥ ਪ੍ਰਭੁ ਤਜਿ ਅਵਰ ਸੇਵਕੁ
ਜੇ ਹੋਈ ਹੈ ਤਿਤੁ ਮਾਨੁ ਮਹਤੁ ਜਸੁ ਘਾਟੈ॥ ੧॥ ਰਹਾਉ॥

ਗੂਜਰੀ ਮ: ੫ (ਪੰਨਾ : ੪੯੭)

ਸੰਸਾਰ ਦੀ ਰੀਤ ਤਾਂ ਐਸੀ ਹੈ, ਖਾਣ-ਪੀਣ ਵਾਸਤੇ ਸੁੱਖ ਦੇ ਸਮੇਂ ਸਾਰੇ ਇਕੱਠੇ ਹੋ ਕੇ ਕੋਲ਼ ਆ ਬੈਠਦੇ ਹਨ। ਜਦੋਂ ਮੁਸੀਬਤ ਦਾ ਸਮਾਂ ਆ ਬਣੇ, ਸਾਰੇ, ਮਿੱਤਰ-ਦੋਸਤ ਸਾਥ ਛੱਡ ਜਾਂਦੇ ਹਨ। ਨੌਵੇਂ ਗੁਰੂ ਦੇਵ ਜੀ ਦਾ ਫ਼ੁਰਮਾਨ ਹੈ :—

ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ॥

ਸੋਰਠਿ ਮ: ੯ (ਪੰਨਾ : ੬੩੪)

ਤਥਾ :—**ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ॥ ਵੇਖਦਿਆ ਹੀ**
ਭਜਿ ਜਾਨਿ ਕਦੇ ਨ ਪਾਇਨਿ ਬੰਧੁ॥ ਜਿਚਰੁ ਪੈਨਨਿ ਖਾਵਨੑੇ ਤਿਚਰੁ
ਰਖਨਿ ਗੰਢੁ॥ ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ॥

ਮ: ੫ (ਪੰਨਾ : ੯੫੯)

ਹੇ ਮੇਰੇ ਮਨ, ਜੇ ਆਸ ਕਰਨੀ ਹੈ ਤਾਂ ਆਪਣੇ ਪ੍ਰਭੂ ਮਾਲਕ ਦੀ ਆਸ ਕਰ, ਜੋ ਸਾਰੇ ਸੰਸਾਰ ਦਾ ਆਸਰਾ ਹੈ। ਜੇ ਮਨ ਚਿੱਤ ਕਰਕੇ ਐਸੇ ਪ੍ਰਭੂ ਮਾਲਕ ਦੀ ਆਸ ਕਰੇਂਗਾ ਤਾਂ ਇੱਕ ਨਹੀਂ ਅਨੇਕਾਂ ਮਨ ਚਿੰਦੇ ਪਦਾਰਥਾਂ ਦੇ ਫਲ ਪ੍ਰਾਪਤ ਕਰ ਲਵੇਂਗਾ। ਉਹ ਹਰੀ ਸਭ ਦੇ ਦਿਲ ਦੀ ਜਾਣਦਾ ਹੈ। ਕਿਸੇ ਦੀ ਘਾਲ ਵਿਅਰਥ ਨਹੀਂ ਗਵਾਂਉਂਦਾ। ਹੇ ਮੇਰੇ ਮਨ, ਤੂੰ ਉਸ ਪ੍ਰਭੂ-ਮਾਲਕ ਦੀ ਆਸ ਕਰ, ਜੋ ਸਾਰਿਆਂ ਵਿੱਚ ਇੱਕ ਰਸ ਸਮਾਇਆ ਹੋਇਆ ਹੈ।

ਜੋ ਆਪਣੇ ਮਾਲਕ ਪ੍ਰਭੂ ਦੀ ਓਟ-ਆਸਰਾ ਛੱਡ ਕੇ ਹੋਰ ਕ੍ਰਿਤ ਦੀ ਓਟ ਤੇ ਆਸਰਾ ਲੈਂਦੇ ਹਨ, ਉਸ ਦੀਆਂ ਸਾਰੀਆਂ ਆਸਾਂ ਉਮੀਦਾਂ ਨਿਸ਼ਫਲ-ਵਿਅਰਥ ਚਲੀਆਂ ਜਾਂਦੀਆਂ ਹਨ।

ਹੇ ਮੇਰੇ ਮਨ, ਇਹ ਦ੍ਰਿਸ਼ਟਮਾਨ ਪਰਿਵਾਰ, ਰਿਸ਼ਤੇਦਾਰ, ਜਿਨ੍ਹਾਂ ਦੇ ਮੋਹ ਵਿੱਚ ਫਸ ਕੇ ਤੂੰ ਇਹਨਾਂ ਦੀ ਆਸ ਕਰ ਰਿਹਾ ਹੈ, ਇਹਨਾਂ ਵਿਚਾਰੇ ਸਾਕ-ਸਬੰਧੀਆਂ ਦੇ ਹੱਥ-ਵੱਸ ਕੁਝ ਨਹੀਂ ਹੈ। ਇਹ ਵਿਚਾਰੇ ਤੇਰਾ ਕੁਝ ਨਹੀਂ ਸਵਾਰ ਸਕਦੇ। ਇਹਨਾਂ ਦੀ ਆਸ ਕਰਕੇ ਤਾਂ ਆਪਣਾ ਮਨੁੱਖਾ ਜਨਮ ਨਿਸ਼ਫਲ ਗੁਆਉਣ ਵਾਲੀ ਗੱਲ ਹੈ। ਤੂੰ ਆਪਣੇ ਮਾਲਕ ਗੁਰੂ ਦੀ ਆਸ ਕਰ, ਜੋ ਤੇਰਾ ਵੀ ਤੇ ਤੇਰੇ ਪਰਿਵਾਰ ਦਾ ਵੀ ਉਧਾਰ ਕਰਨ ਦੀ ਸਮਰੱਥਾ ਰੱਖਦਾ ਹੈ।

ਹੇ ਭਾਈ, ਜਿਹੜਾ ਪ੍ਰਭੂ ਨੂੰ ਛੱਡ ਕੇ, ਦੋਸਤਾਂ ਮਿੱਤਰਾਂ ਦੀ ਆਸ ਕਰਦਾ ਹੈ ਕਿ ਇਹ ਸੱਜਣ ਮਿੱਤਰ ਮੇਰੇ ਔਖੇ ਵੇਲੇ ਕੰਮ ਆਉਣਗੇ, ਇਹ ਸਭ ਝੂਠ ਹੈ। ਕੋਈ ਔਖੇ ਸਮੇਂ ਕਿਸੇ ਦਾ ਸਾਥ ਨਹੀਂ ਦਿੰਦਾ। ਕੇਵਲ ਤੇ ਕੇਵਲ ਇੱਕ ਕਰਤੇ ਪੁਰਖ ਦੀ ਆਸ ਤੇ

ਓਟ ਹੀ ਲੋਕ ਪ੍ਰਲੋਕ ਵਿੱਚ ਸਹਾਈ ਹੁੰਦੀ ਹੈ। ਜਿਵੇਂ ਸਤਿਗੁਰੂ ਰਾਮਦਾਸ ਜੀ ਮਹਾਰਾਜ ਜੀ ਨੇ ਗੌਂਡ ਰਾਗ ਵਿੱਚ ਅਸਲੀਅਤ ਵਰਨਣ ਕੀਤੀ ਹੈ :—

ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ
ਤਾ ਮਨ ਚਿੰਦੇ ਅਨੇਕ ਅਨੇਕ ਫਲ ਪਾਈ॥
ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ
ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ॥
ਹਰਿ ਤਿਸ ਕੀ ਆਸ ਕੀਜੈ ਮਨ ਮੇਰੇ
ਜੋ ਸਭ ਮਹਿ ਸੁਆਮੀ ਰਹਿਆ ਸਮਾਈ॥ ੧॥
ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ॥
ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ
ਸਾ ਨਿਹਫਲ ਆਸ ਸਭ ਬਿਰਥੀ ਜਾਈ॥ ੧॥ ਰਹਾਉ॥
ਜੋ ਦੀਸੈ ਮਾਇਆ ਮੋਹ ਕੁਟੰਬੁ ਸਭੁ
ਮਤ ਤਿਸ ਕੀ ਆਸ ਲਗਿ ਜਨਮੁ ਗਵਾਈ॥
ਇਨੑ ਕੈ ਕਿਛੁ ਹਾਥਿ ਨਹੀ ਕਹਾ ਕਰਹਿ ਇਹਿ ਬਪੁੜੇ
ਇਨੑ ਕਾ ਵਾਹਿਆ ਕਛੁ ਨ ਵਸਾਈ॥
ਮੇਰੇ ਮਨ ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ
ਜੋ ਤੁਝੁ ਤਾਰੈ ਤੇਰਾ ਕੁਟੰਬੁ ਸਭੁ ਛਡਾਈ॥ ੨॥
ਜੇ ਕਿਛੁ ਆਸ ਅਵਰ ਕਰਹਿ ਪਰਮਿਤ੍ਰੀ
ਮਤ ਤੂੰ ਜਾਣਹਿ ਤੇਰੈ ਕਿਤੈ ਕੰਮਿ ਆਈ॥
ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ
ਖਿਨ ਮਹਿ ਝੂਠੁ ਬਿਨਸਿ ਸਭ ਜਾਈ॥
ਮੇਰੇ ਮਨ ਆਸਾ ਕਰਿ ਹਰਿ ਪ੍ਰੀਤਮ ਸਾਚੇ ਕੀ
ਜੋ ਤੇਰਾ ਘਾਲਿਆ ਸਭੁ ਥਾਇ ਪਾਈ॥ ੩॥
ਆਸਾ ਮਨਸਾ ਸਭ ਤੇਰੀ ਮੇਰੇ ਸੁਆਮੀ
ਜੈਸੀ ਤੂ ਆਸ ਕਰਾਵਹਿ ਤੈਸੀ ਕੋ ਆਸ ਕਰਾਈ॥

ਕਿਛੁ ਕਿਸੀ ਕੈ ਹਥਿ ਨਾਹੀ ਮੇਰੇ ਸੁਆਮੀ
ਐਸੀ ਮੇਰੈ ਸਤਿਗੁਰਿ ਬੂਝ ਬੁਝਾਈ॥
ਜਨ ਨਾਨਕ ਕੀ ਆਸ ਤੂ ਜਾਣਹਿ
ਹਰਿ ਦਰਸਨੁ ਦੇਖਿ ਹਰਿ ਦਰਸਨਿ ਤ੍ਰਿਪਤਾਈ॥ ੪॥ ੧॥

ਗੋਂਡ ਮ: ੪ (ਪੰਨਾ : ੮੫੯-੬੦)

ਹਰ ਸੁੱਖ ਦੇ ਦੇਣ ਵਾਲਾ ਤੇ ਦੁੱਖਾਂ ਨੂੰ ਦੂਰ ਕਰਨ ਵਾਲਾ, ਲੋਕ-ਪ੍ਰਲੋਕ ਦੇ ਡਰ ਦੀ ਨਵਿਰਤੀ ਕਰਨ ਵਾਲਾ ਜੋ ਪ੍ਰਭੂ ਪ੍ਰਮੇਸ਼ਰ ਹੈ, ਉਸ ਦੇ ਚਰਨਾਂ ਵਿੱਚ ਹੀ ਅਰਦਾਸ ਕਰਨੀ ਬਣਦੀ ਹੈ। ਜਦੋਂ ਉਸ ਮਾਲਕ ਦੀ ਨਦਰ ਸਵੱਲੀ ਹੋ ਜਾਂਦੀ ਹੈ ਤਾਂ ਸਾਰੇ ਕਾਰਜ ਰਾਸ ਹੋ ਜਾਂਦੇ ਹਨ। ਇਸ ਲਈ ਸਾਹਿਬਾਂ ਨੇ ਸਾਨੂੰ ਅਗਵਾਈ ਦਿੱਤੀ ਹੈ :—

ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ॥
ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ॥

ਸ੍ਰੀਰਾਗੁ ਮ: ੫ (ਪੰਨਾ : ੪੪)

ਜਿਥੇ ਸੁੱਖਾਂ ਦੀ ਪ੍ਰਾਪਤੀ ਹੋਣ ਤੇ ਗੁਰੂ ਪ੍ਰਮੇਸ਼ਰ ਦਾ ਧੰਨਵਾਦ, ਸ਼ੁਕਰਾਨਾ ਕਰਨਾ ਹੈ, ਉੱਥੇ ਦੁੱਖ, ਬਿਪਤਾ ਦੇ ਸਮੇਂ ਗੁਰੂ ਚਰਨਾਂ ਦੀ ਓਟ ਆਸਰਾ ਲੈ ਕੇ ਆਪਣੇ ਮਾਲਕ ਨੂੰ ਦੁੱਖ ਹਰਤਾ ਜਾਣ ਕੇ ਅਰਦਾਸ ਕਰਨੀ ਹੈ ਅਤੇ ਨਾਲ-ਨਾਲ ਦੁੱਖ ਅਤੇ ਸੁੱਖ ਨੂੰ ਇੱਕੋ ਸਿੱਕੇ ਦੇ ਦੋ ਪਾਸੇ ਜਾਣ ਕੇ ਆਪਣੇ ਮਾਲਕ ਦੀ ਰਜ਼ਾ ਵਿੱਚ ਰਾਜੀ ਰਹਿਣ ਦਾ ਯਤਨ ਕਰਨਾ ਚਾਹੀਦਾ ਹੈ। ਸਦੀਵੀਂ ਸੁੱਖ ਤਾਂ, ਦੁੱਖ ਸੁੱਖ ਏਕ ਸਮਾਨ ਬ੍ਰਿਤੀ ਦੇ ਧਾਰਨੀ ਬਣਿਆ ਹੀ ਪ੍ਰਾਪਤ ਹੋਣਾ ਹੈ। ਬਾਬਾ ਕਬੀਰ ਜੀ ਦਾ ਫੁਰਮਾਨ ਹੈ :—

ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ॥
ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ॥ ੩॥

ਗਉੜੀ ਕਬੀਰ ਜੀ, (ਪੰਨਾ : ੩੩੭)

ਭਾਈ ਵੀਰ ਸਿੰਘ ਜੀ ਨੇ ਜੋ ਪੂਰਨ ਗੁਰਮਤ ਦੇ ਧਾਰਨੀ ਸਨ, ਬੜੀ ਸੁੰਦਰ ਅਗਵਾਈ ਦਿੱਤੀ ਹੈ ਕਿ ਹੇ ਜੀਵ, ਪ੍ਰਮੇਸ਼ਰ ਨੇ ਤੈਨੂੰ ਸੰਸਾਰ ਵਿੱਚ ਭੇਜਿਆ ਹੈ, ਇਸ ਸੰਸਾਰ ਵਿੱਚ, ਦੁੱਖ ਵੀ ਹਨ ਤੇ ਸੁੱਖ ਵੀ, ਦੋਵੇਂ ਕਰਤੇ ਪੁਰਖ ਦੇ ਬਣਾਏ ਹੋਏ ਹਨ। ਦੁੱਖ ਦਾ ਸਮਾਂ ਆਏ ਤੇ, ਦੁੱਖ ਤੋਂ ਡਰ ਕੇ, ਕਾਇਰ ਹੋ ਕੇ ਦੁੱਖ ਤੋਂ ਦੂਰ ਨਾ ਭੱਜ, ਸਗੋਂ ਉਸ ਦੁੱਖ ਨੂੰ ਝੱਲ, ਦੁੱਖ ਦਾ ਮੁਕਾਬਲਾ ਕਰ ਅਤੇ ਸੁੱਖ ਦੇ ਮਗਰ ਲੋਭੀ ਬਣ ਕੇ ਨਾ ਨੱਸ। ਦੁੱਖ-ਸੁੱਖ ਦੀਆਂ ਦੋਵਾਂ ਹਾਲਤਾਂ ਵਿੱਚ ਆਪਣੀ ਸੁਰਤ ਨੂੰ ਗੁਰੂ ਚਰਨਾਂ ਨਾਲ ਜੋੜ ਕੇ

ਉੱਚਾ ਚੁੱਕ। ਇਸ ਤਰ੍ਹਾਂ ਸੁੱਖ ਤੇ ਦੁੱਖ ਦਾ ਜ਼ੋਰ (ਬਲ) ਤੇਰੇ ਤੇ ਘੱਟ ਜਾਏਗਾ ਤੇ ਤੇਰੀ ਆਤਮਾ ਸਦਾ ਲਈ ਦੁੱਖ-ਸੁੱਖ ਤੋਂ ਸੁਤੰਤਰ ਹੋ ਜਾਵੇਗੀ।

ਤੂੰ ਜਗਤ ਵਿੱਚ ਹੈਂ ;
ਜਗਤ ਵਿੱਚ ਦੁੱਖ ਹੈ,
ਪਰ ਸੁੱਖ ਵੀ ਹੈ।
ਨਾਂ ਦੁੱਖ ਤੋਂ ਕਾਇਰ ਹੋ ਕੇ ਭੱਜ,
ਨਾਂ ਸੁੱਖ ਦੇ ਮਗਰ ਲੋਭੀ ਹੋ ਕੇ ਭੱਜ!
ਦੁੱਖ ਦੇ ਆਇਆ ਉਸਨੂੰ ਝੱਲ,
ਤੇ ਉਚਾ ਹੋ ਕੇ ਵਿੱਚ ਦੀ ਲੰਘ ਜਾਹ!
ਐਉ ਸੁੱਖ ਦੁੱਖ ਦਾ ਬਲ ਤੇਰੇ ਤੇ ਘਟੇਗਾ।
ਤੇਰਾ ਬਲ ਉਹਨਾਂ ਤੇ ਵਧੇਗਾ।
ਬਲ ਵਧਣ ਨਾਲ,
ਆਤਮਕ ਸੁਤੰਤਰਤਾ ਵਧੇਗੀ

(ਸਿਕਾਂ ਸਧਰਾਂ)

ਜਿਥੇ ਸੁੱਖ ਦੀ ਪ੍ਰਾਪਤੀ ਤੇ ਆਪੇ ਤੋਂ ਬਾਹਰ ਜਾ ਕੇ ਆਪ ਹੁਦਰੀਆਂ ਨਹੀਂ ਕਰਨੀਆਂ ਉੱਥੇ ਦੁੱਖਾਂ ਤੋਂ ਕਾਂਪ ਵੀ ਨਹੀਂ ਖਾਣੀ ਕਿਉਂ ਕਿ ਦੁੱਖ ਪ੍ਰਮੇਸ਼ਰ ਜੀ ਵਲੋਂ ਕੋਈ ਸਰਾਪ ਜਾਂ ਡੰਡ ਨਹੀਂ, ਦੁੱਖ ਨਿਯਮਬਧ ਜੀਵਨ ਜਿਉਂਣ ਲਈ ਸਾਵਧਾਨ ਹੋ ਕੇ ਚਲਣ ਲਈ ਅਲਾਰਮ ਹੈ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਨੇ ਤਾਂ ਦੁੱਖ ਨੂੰ ਦਾਰੂ (ਦਵਾਈ) ਫੁਰਮਾਨ ਕੀਤਾ ਹੈ। ਦੁੱਖ ਮਨੁੱਖ ਨੂੰ ਪ੍ਰਹੇਜ਼ਗਾਰ ਬਣਾਉਂਦਾ ਹੈ। ਸੁਚੇਤ ਰੱਖਦਾ ਹੈ। ਬਹੁਤੀ ਵੇਰ ਸੁੱਖ ਮਨੁੱਖ ਨੂੰ ਦਰਿਦ੍ਰੀ, ਆਲਸੀ ਬਣਾ ਦਿੰਦਾ ਹੈ।

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ

ਸਲੋਕ ਮ: ੧ ਆਸਾ ਦੀ ਵਾਰ (ਪੰਨਾ : ੪੬੯)

ਦੁੱਖ ਸੁੱਖ ਏਕ ਸਮਾਨ ਜਾਨਣ ਦਾ ਉਪਦੇਸ਼

ਇਸੇ ਕਰਕੇ ਹੀ ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਨਾ ਅੱਤ ਖੁਸ਼ੀ ਨੂੰ ਥਾਂ ਦਿੱਤੀ ਹੈ, ਨਾ ਗਮੀਂ ਨੂੰ ਤ੍ਰਿਸਕਾਰਿਆ ਹੈ। ਦੁੱਖ-ਸੁੱਖ ਏਕ ਸਮਾਨ ਦੀ ਬਿਰਤੀ ਵਿੱਚ ਵਿਚਰਨ ਲਈ ਸਬਕ ਸਿਖਾਇਆ ਹੈ। ਜੋ ਪ੍ਰਾਣੀ ਦੁੱਖ-ਸੁੱਖ ਏਕ ਸਮਾਨ ਬਿਰਤੀ ਦੇ ਧਾਰਨੀ ਬਣ ਜਾਂਦੇ ਹਨ, ਉਹਨਾਂ ਨੂੰ ਪ੍ਰਭੂ ਲੀਨਤਾ (ਅਭੇਦਤਾ) ਦੇ

ਅਧਿਕਾਰੀ ਦਰਸਾਇਆ ਹੈ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੋਰਠ ਰਾਗ ਵਿੱਚ ਫੁਰਮਾਨ ਹੈ :—ਜਿਹੜਾ ਮਨੁੱਖ ਦੁੱਖਾਂ ਦੇ ਆਇਆਂ ਦੁੱਖਾਂ ਤੋਂ ਘਬਰਾਉਂਦਾ ਨਹੀਂ ਹੈ, ਅਤੇ ਸੁੱਖਾਂ ਦੀ ਪ੍ਰਾਪਤੀ ਲਈ ਹਿਰਦੇ ਵਿੱਚ ਮੋਹ-ਪਿਆਰ ਨਹੀਂ ਰੱਖਦਾ, ਜੀਵਨ ਯਾਤਰਾ ਕਰਦਿਆਂ ਨਿਰਭੈਅ ਹੋ ਕੇ ਵਿਚਰਦਾ ਹੈ, ਸੋਨੇ ਅਤੇ ਮਿੱਟੀ ਨੂੰ ਇੱਕ ਸਮਾਨ ਸਮਝਦਾ ਹੈ, ਨਾ ਹੀ ਕਿਸੇ ਦੀ ਨਿੰਦਿਆ ਅਤੇ ਨਾ ਹੀ ਕਿਸੇ ਦੀ ਖੁਸ਼ਾਮਦ ਕਰਦਾ ਹੈ, ਖੁਸ਼ੀ ਗਮੀਂ ਤੋਂ ਨਿਰਲੇਪ ਰਹਿੰਦਾ ਹੋਇਆ ਲੋਭ, ਮੋਹ, ਹੰਕਾਰ ਤੋਂ ਅਲੇਪ ਰਹਿੰਦਾ ਹੈ, ਜੋ ਮਨੁੱਖ ਆਦਰ ਅਤੇ ਨਿਰਾਦਰ ਨੂੰ ਇੱਕ ਸਮਾਨ ਸਮਝਦਾ ਹੈ, ਐਸੇ ਗੁਰੂ ਪਿਆਰੇ ਦੇ ਹਿਰਦੇ ਵਿੱਚ ਪ੍ਰਭੂ ਦਾ ਨਿਵਾਸ ਹੋ ਜਾਂਦਾ ਹੈ।

ਜਿਹੜਾ ਮਨੁੱਖ ਆਸਾਂ ਤੇ ਮਨੋਕਾਮਨਾਵਾਂ ਦਾ ਤਿਆਗ ਕਰ ਦਿੰਦਾ ਹੈ ਤੇ ਸੰਸਾਰ ਵਿੱਚ ਨਿਰਲੇਪ ਜੀਵਨ ਬਤੀਤ ਕਰਦਾ ਹੈ, ਕਾਮ ਅਤੇ ਕਰੋਧ ਦੀ ਵਾਸ਼ਨਾ ਵੀ ਜਿਸ ਨੂੰ ਨਹੀਂ ਪੋਂਹਦੀ, ਐਸੇ ਮਨੁੱਖ ਦੇ ਹਿਰਦੇ ਵਿੱਚ ਪ੍ਰਮਾਤਮਾਂ ਦਾ ਨਿਵਾਸ ਹੋ ਗਿਆ ਸਮਝੋ। ਪਰ ਹੈ ਬੜਾ ਕਠਨ, ਜਿਸ ਗੁਰੂ ਪਿਆਰੇ ਤੇ ਸਤਿਗੁਰੂ ਜੀ ਦੀ ਰਹਿਮਤ ਹੋ ਜਾਂਦੀ ਹੈ, ਉਸਨੂੰ ਜੀਵਨ ਜਿਊਣ ਦੀ ਐਸੀ ਜੁਗਤੀ ਪ੍ਰਾਪਤ ਹੋ ਜਾਂਦੀ ਹੈ। ਜਿਸ ਸਦਕਾ ਉਹ ਪ੍ਰਮਾਤਮਾਂ ਨਾਲ ਇਸ ਤਰ੍ਹਾਂ ਇੱਕ-ਮਿੱਕ ਹੋ ਜਾਂਦਾ ਹੈ ਜਿਸ ਤਰ੍ਹਾਂ ਪਾਣੀ ਵਿੱਚ ਪਾਣੀ ਮਿਲ ਕੇ ਇੱਕ ਰੂਪ ਹੋ ਜਾਂਦੇ ਹਨ। ਉਸ ਮਹਾਨ ਪੁਰਸ਼ ਤੇ ਪ੍ਰਭੂ ਵਿੱਚ ਭੋਰਾ ਜਿੰਨਾ ਵੀ ਫਰਕ ਨਹੀਂ ਰਹਿੰਦਾ। ਸਾਹਿਬਾਂ ਦਾ ਫੁਰਮਾਨ ਹੈ :—

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥ ੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਿਨ ਤਿਹ ਘਟਿ ਬ੍ਰਹਮ ਨਿਵਾਸਾ॥ ੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥

ਸੋਰਠਿ ਮ: ੯ (ਪੰਨਾ : ੬੩੩)

ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਵੀ, ਸ੍ਰੀ ਸੁਖਮਨੀ ਸਾਹਿਬ ਵਿੱਚ, ਸਾਂਈ ਨਾਲ ਅਭੇਦ ਪੁਰਸ਼ ਦੀ ਇੱਕ ਕਸਵੱਟੀ ਦਰਸਾਈ ਹੈ ਕਿ ਜਿਸ ਮਨੁੱਖ ਨੂੰ ਪ੍ਰਮਾਤਮਾਂ ਦੀ ਰਜ਼ਾ ਮਿੱਠੀ ਲੱਗਦੀ ਹੈ, ਉਹੀ ਮਨੁੱਖ ਜੀਵਨ-ਮੁਕਤੀ ਦਾ ਅਧਿਕਾਰੀ ਹੈ। ਜਿਸ ਨੂੰ ਖੁਸ਼ੀ ਤੇ ਗਮੀਂ ਇੱਕੋ ਜਿਹੀ ਪ੍ਰਤੀਤ ਹੁੰਦੀ ਹੈ, ਉਹ ਹਮੇਸ਼ਾ ਅਨੰਦ ਦੀ ਅਵੱਸਥਾ ਵਿੱਚ ਵਿਚਰਦਾ ਹੈ। ਉਸਦਾ ਕਦੇ ਵੀ ਪ੍ਰਮਾਤਮਾਂ ਨਾਲੋਂ ਵਿਛੋੜਾ ਨਹੀਂ ਪੈਂਦਾ। ਉਸ ਵਾਸਤੇ ਸੋਨਾ ਮਿੱਟੀ, ਅੰਮ੍ਰਿਤ ਤੇ ਜ਼ਹਿਰ, ਇੱਕ ਸਮਾਨ ਹੁੰਦਾ ਹੈ। ਕਿਸੇ ਦੇ ਆਦਰ ਕਰਨ ਤੇ ਉਹ ਮਨ ਵਿੱਚ ਹੰਕਾਰ ਨਹੀਂ ਕਰਦਾ, ਨਿਰਾਦਰ ਕਰਨ ਤੇ ਉਹ ਢਹਿੰਦੀ ਕਲਾ ਵਿੱਚ ਨਹੀਂ ਜਾਂਦਾ, ਗਰੀਬ ਤੇ ਸ਼ਹਿਨਸਾਹ ਉਸ ਦੀ ਨਿਗਾਹ ਵਿੱਚ ਇੱਕ ਬਰਾਬਰ ਹੁੰਦੇ ਹਨ। ਜੋ ਪ੍ਰਮਾਤਮਾਂ ਵਾਹਿਗੁਰੂ ਕਰਦਾ ਹੈ, ਉਸ ਵਿੱਚ ਹੀ ਆਪਣੇ ਜੀਵਨ ਦਾ ਭਲਾ ਸਮਝਦਾ ਹੈ। ਐਸੀ ਅਵਸਥਾ ਤੇ ਪੁੱਜਿਆ ਹੋਇਆ ਮਨੁੱਖ ਜੀਵਨ-ਮੁਕਤ ਕਹਾਉਂਦਾ ਹੈ :—

ਪ੍ਰਭ ਕੀ ਆਗਿਆ ਆਤਮ ਹਿਤਾਵੈ॥ ਜੀਵਨ ਮੁਕਤਿ ਸੋਊ ਕਹਾਵੈ॥
ਤੈਸਾ ਹਰਖੁ ਤੈਸਾ ਉਸੁ ਸੋਗੁ॥ ਸਦਾ ਅਨੰਦੁ ਤਹ ਨਹੀ ਬਿਓਗੁ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ
ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥
ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥

ਸੁਖਮਨੀ ਸਾ: (ਪੰਨਾ : ੨੭੫)

ਉਸ ਗੁਰੂ ਪਿਆਰੇ ਦੀ ਆਤਮਕ ਦਸ਼ਾ ਤਾਂ ਗੁਰੂ ਅਰਜਨ ਦੇਵ ਜੀ ਦੇ ਹੇਠ ਲਿਖੇ ਬਚਨਾਂ ਅਨੁਸਾਰ ਬਣ ਜਾਂਦੀ ਹੈ :—

ਮੀਤੁ ਕਰੈ ਸੋਈ ਹਮ ਮਾਨਾ॥ ਮੀਤ ਕੇ ਕਰਤਬ ਕੁਸਲ ਸਮਾਨਾ॥ ੧॥

ਗਉੜੀ ਮ: ੫ (ਪੰਨਾ : ੧੮੭)

ਸਤਿਗੁਰੂ ਗੁਰਸਿੱਖ ਨੂੰ ਪੂਰਨ ਤੌਰ ਤੇ ਆਪਣਾ ਰੂਪ ਦੇ ਕੇ ਪ੍ਰਭੂ ਜੀ ਵਿੱਚ ਅਭੇਦ ਕਰਨਾ ਚਾਹੁੰਦੇ ਹਨ। ਗੁਰੂ ਆਪ ਹਰਖ-ਸ਼ੋਕ, ਮਾਨ-ਅਪਮਾਨ, ਉਸਤਤ-ਨਿੰਦਿਆ, ਦੁੱਖ-ਸੁੱਖ ਏਕ ਸਮਾਨ ਦੀ ਬ੍ਰਿਤੀ ਵਿੱਚ ਵਿਚਰਦਾ ਹੋਇਆ ਪੰਜਾਂ ਦੀ ਲੇਪ-ਛੇਪ ਤੋਂ ਨਿਰਲੇਪ ਹੈ। ਸਤਿਗੁਰੂ ਜੀ ਗੁਰਸਿੱਖ ਨੂੰ ਵੀ ਐਸੇ ਗੁਣਾਂ ਦਾ ਧਾਰਨੀ ਬਨਾਉਣਾ ਲੋੜਦੇ ਹਨ। ਜਿੰਨਾਂ ਚਿਰ ਜਗਿਆਸੂ ਵਿੱਚ ਇਹ ਗੁਣ ਨਹੀਂ ਆਉਂਦੇ, ਉਨ੍ਹਾਂ ਚਿਰ ਜਗਿਆਸੂ, ਗੁਰੂ-ਪ੍ਰਭੂ ਵਿੱਚ ਅਭੇਦਤਾ ਦਾ ਅਧਿਕਾਰੀ ਨਹੀਂ, ਇਸੇ ਕਰਕੇ ਹੀ ਭਾਈ ਗੁਰਦਾਸ ਜੀ ਨੇ ਮੁਰੀਦ ਨੂੰ ਮੁਰਦਾ ਬਣਨ ਦੀ ਪ੍ਰੇਰਨਾ ਦਿੱਤੀ ਹੈ। ਜਿਹੜਾ ਸੰਸਾਰ ਦੀਆਂ ਖਾਹਸ਼ਾਂ ਵਲੋਂ ਆਪਣੇ ਆਪ ਨੂੰ ਮਾਰ ਲੈਂਦਾ ਹੈ, ਉਹ ਗੁਰੂ ਰੂਪੀ ਗੋਰ[੧] ਵਿੱਚ ਸਮਾਉਣ ਦਾ ਅਧਿਕਾਰੀ ਬਣ ਜਾਂਦਾ ਹੈ।

੧. ਕਬਰ

ਜਿਵੇਂ ਮੁਰਦੇ ਲਈ ਸੋਨਾ-ਮਿੱਟੀ, ਮਾਨ-ਅਪਮਾਨ, ਅੰਮ੍ਰਿਤ-ਬਿਖ, ਹਰਖ ਸੋਗ ਇੱਕ ਸਮਾਨ ਹਨ। ਉਸ ਦੀ ਕੋਈ ਖਾਹਸ਼ ਨਹੀਂ ਹੁੰਦੀ ਜੇ ਕੋਈ ਮੁਰਦੇ ਨੂੰ ਸੁਗੰਧਤ ਚੰਦਨ ਦੀ ਲੇਪ ਕਰ ਦੇਵੇ, ਸੁਗੰਧੀ ਦੀ ਲੇਪ ਕਰਨ ਨਾਲ ਮ੍ਰਿਤਕ ਦੀ ਕੋਈ ਵਡਿਆਈ ਨਹੀਂ ਬਣ ਜਾਂਦੀ। ਜੇ ਕੋਈ ਮ੍ਰਿਤਕ ਨੂੰ ਗੰਦਗੀ ਵਿੱਚ ਰੋਲ ਦੇਵੇ, ਮ੍ਰਿਤਕ ਦੇਹ ਦਾ ਕੁਝ ਘਟ ਨਹੀਂ ਜਾਂਦਾ ਕਿਉਂਕਿ ਉਸ ਲਈ ਤਾਂ ਸਭ ਇੱਕ ਸਮਾਨ ਹਨ :—

ਜੇ ਮਿਰਤਕ ਕਉ ਚੰਦਨੁ ਚੜਾਵੈ॥ ਉਸ ਤੇ ਕਹਹੁ ਕਵਨ ਫਲ ਪਾਵੈ॥
ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ॥ ਤਾਂ ਮਿਰਤਕ ਕਾ ਕਿਆ ਘਟਿ ਜਾਈ॥

ਮ: ੫, (ਪੰਨਾ : ੧੧੬੦)

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ, ਜਿਹੜਾ ਗੁਰਸਿੱਖ ਗੁਰੂ ਵਿੱਚ ਇਕਮਿੱਕਤਾ ਪ੍ਰਾਪਤ ਕਰਨਾ ਚਾਹੁੰਦਾ ਹੈ, ਉਹ ਆਪਣੇ ਤਨ ਨੂੰ ਧਰਮ ਕਮਾਣ ਲਈ ਧਰਤੀ ਬਣਾ ਲਵੇ, ਮਨ ਨੂੰ ਬਾਬਾ ਫਰੀਦ ਜੀ ਦੇ ਕਥਨ ਅਨੁਸਾਰ ਦਭੁ ਬਣਾ ਲਵੇ:—

ਫਰੀਦਾ ਥੀਉ ਪਵਾਹੀ ਦਭੁ॥
ਜੇ ਸਾਂਈ ਲੋੜਹਿ ਸਭੁ॥
ਇਕੁ ਛਿਜਹਿ ਬਿਆ ਲਤਾੜੀਅਹਿ॥
ਤਾਂ ਸਾਈ ਦੈ ਦਰਿ ਵਾੜੀਅਹਿ॥ ੧੬॥

ਸਲੋਕ ਫਰੀਦ ਜੀ, (ਪੰਨਾ : ੧੩੭੮)

ਦੂਸਰਾ ਮਨ ਦੀਆਂ ਖਾਹਸ਼ਾਂ "ਆਸਾ ਮਨਸਾ ਸਗਲ ਤਿਆਗੈ" ਦਾ ਧਾਰਨੀ ਬਣ ਕੇ ਸੁਰਤ ਨੂੰ ਸ਼ਬਦ ਦੇ ਵਿੱਚ ਲੀਨ ਕਰ ਲਵੇ।

ਤੀਸਰੇ ਆਪਾ ਭਾਵ ਤਿਆਗ ਕੇ, ਮਾਨ-ਅਭਿਮਾਨ ਨੂੰ ਛੱਡ ਕੇ ਗੁਰੂ ਦੇ ਸ਼ਬਦ ਦੀ ਕਮਾਈ ਕਰੇ।

ਗੁਰੂ ਦੇ ਭੈ ਵਿੱਚ ਰਹਿ ਕੇ ਪ੍ਰੇਮਾ ਭਗਤੀ ਐਸੀ ਕਰੇ ਕਿ ਪੂਰਨ ਤੌਰ ਤੇ ਗੁਰੂ ਦੀ ਮੱਤ ਹਿਰਦੇ ਵਿੱਚ ਦ੍ਰਿੜ ਹੋ ਜਾਵੇ। ਐਸੇ ਗੁਣਾਂ ਵਾਲਾ ਗੁਰਸਿੱਖ ਗੁਰੂ ਰੂਪੀ ਗੋਰ ਵਿੱਚ ਸਮਾਂ ਜਾਂਦਾ ਹੈ। ਫਿਰ ਉਸ ਦੇ ਹਿਰਦੇ ਵਿੱਚ ਲਗਾਤਾਰ ਅੰਮ੍ਰਿਤ ਝਰਨ ਲੱਗ ਜਾਂਦਾ ਹੈ। ਉਸ ਪਾਸ ਜੋ ਵੀ ਚਲਕੇ ਆਉਂਦਾ ਹੈ ਸੁਤੇ ਸਿੱਧ ਹੀ ਉਸ ਪਾਸੋਂ ਬਰਕਤਾਂ ਪ੍ਰਾਪਤ ਕਰਕੇ ਮਾਲਾਮਾਲ ਹੋ ਜਾਂਦਾ ਹੈ :—

ਮੁਰਦਾ ਹੋਇ ਮੁਰੀਦੁ ਸੋ ਗੁਰ ਗੋਰਿ ਸਮਾਵੈ॥
ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪੁ ਗਵਾਵੈ॥
ਤਨੁ ਧਰਤੀ ਕਰਿ ਧਰਮਸਾਲ ਮਨੁ ਦਭੁ ਵਿਛਾਵੈ॥
ਲਤਾਂ ਹੇਠਿ ਲਤਾੜੀਐ ਗੁਰ ਸ਼ਬਦੁ ਕਮਾਵੈ॥
ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਰਾਵੈ॥
ਵਰਸੈ ਨਿਝਰ ਧਾਰ ਹੋਇ ਸੰਗਤਿ ਚਲਿ ਆਵੈ॥ ੨੨, ੯॥

ਵਾਰਾਂ ਭਾ: ਗੁਰਦਾਸੀ ਜੀ, ਵਾਰ : ੯, ਪਉੜੀ : ੨੨

ਗੁਰੂ ਗੋਰ

ਗੁਰੂ ਗੋਰ ਵਿੱਚ ਸਮਾਈ ਲੈਣ ਵਾਸਤੇ ਸ਼ਰਤਾਂ

ਅਠਾਈਵੀਂ ਵਾਰ ਵਿੱਚ ਭਾ: ਸਾਹਿਬ ਹੋਰ ਵਿਸਥਾਰ ਕਰਦੇ ਫਰਮਾਉਂਦੇ ਹਨ ਕਿ ਜਿਸ ਵੀ ਗੁਰਸਿੱਖ ਨੇ ਗੁਰੂ ਵਿੱਚ ਅਭੇਦਤਾ ਪ੍ਰਾਪਤ ਕਰਕੇ ਅਲੇਖ ਪ੍ਰਭੂ ਦਾ ਰੂਪ ਬਣਨਾ ਹੋਵੇ :—

ਸਭ ਤੋਂ ਪਹਿਲਾਂ ਮਿੱਠਾ-ਬੋਲਣ ਦਾ ਗੁਣ ਧਾਰਨ ਕਰੇ ਅਤੇ ਨਾਲ ਹੀ ਮਿੱਠ-ਬੋਲਾ ਹੋਣ ਦਾ ਹੰਕਾਰ ਨਾ ਕਰੇ।

ਦੂਸਰਾ ਗੁਰੂ ਦੀ ਸਿੱਖਿਆ ਦਾ ਪੂਰਨ ਧਾਰਨੀ ਬਣ ਕੇ ਗੁਰੂ ਦੀ ਭੈ-ਭਾਵਨੀ ਵਿੱਚ ਆਪਣੇ ਜੀਵਨ ਨੂੰ ਬਤੀਤ ਕਰੇ, ਭਾਵ "**ਗੁਰ ਕਹਿਆ ਸਾ ਕਾਰ ਕਮਾਵਹੁ**" ਦਾ ਧਾਰਨੀ ਬਣ ਜਾਵੇ।

ਤੀਸਰਾ ਪੂਰਨ ਗੁਰਸਿੱਖਾਂ ਦੀ ਗੁਰਮਤ ਚਾਲ ਨੂੰ ਵੇਖ ਕੇ ਉਸ ਅਨੁਸਾਰ ਆਪ ਵੀ ਚਲਨਾ ਅਰੰਭ ਕਰ ਦੇਵੇ।

ਚੌਥੇ ਗੁਰਸਿੱਖ ਧਰਮ ਦੀ ਕਿਰਤ ਕਰੇ ਤੇ ਲੋੜਵੰਦਾਂ ਦੀ ਸੇਵਾ ਕਰੇ, ਵਿਸ਼ੇਸ਼ ਕਰਕੇ ਗੁਰੂ ਦੇ ਉਪਦੇਸ਼ ਨੂੰ ਆਪਣੇ ਜੀਵਨ ਵਿੱਚ ਘਟਾ ਲਵੇ।

ਪੰਜਵਾਂ, ਆਪਾ ਭਾਵ, ਆਪਣੇ ਵਿੱਚੋਂ ਕੱਢ ਦੇਵੇ, ਆਪਣਾ ਆਪ ਗਵਾਏ ਤੋਂ ਬਿਨਾਂ ਪ੍ਰਭੂ ਪ੍ਰਾਪਤੀ ਦੀ ਮੰਜ਼ਲ ਨਹੀਂ ਮਿਲਦੀ।

ਸੋ ਐਸਾ ਗੁਰਸਿੱਖ ਮੁਰੀਦ ਬਣ ਕੇ ਗੁਰੂ ਦਾ ਰੂਪ ਹੀ ਬਣ ਜਾਂਦਾ ਹੈ। ਜਿਸ ਦੇ ਅੰਤ ਨੂੰ ਸ਼ੇਸ਼ਨਾਗ ਵੀ ਨਹੀਂ ਜਾਣ ਸਕਦਾ, ਭਾਈ ਸਾਹਿਬ ਜੀ ਦਾ ਫੁਰਮਾਨ ਹੈ :—

ਗੁਰਸਿਖੀ ਦਾ ਬੋਲਣਾ ਹੁਇ ਮਿਠ ਬੋਲਾ ਲਿਖੇ ਨ ਲੇਖੇ॥
ਗੁਰਸਿਖੀ ਦਾ ਚਲਣਾ, ਚਲੈ ਭੈ ਵਿੱਚ ਲੀਤੇ ਭੇਖੇ॥
ਗੁਰਸਿਖੀ ਦਾ ਰਾਹ ਏਹੁ, ਗੁਰਮੁਖ ਚਾਲ ਚਲੈ ਸੋ ਦੇਖੈ॥
ਘਾਲ ਖਾਇ ਸੇਵਾ ਕਰੈ, ਗੁਰ ਉਪਦੇਸ਼ੁ ਅਵੇਸ਼ ਵਿਸੇਖੈ॥
ਆਪ ਗਣਾਇ ਨ ਅੱਪੜੈ, ਆਪ ਗਵਾਏ ਰੂਪ ਨ ਰੇਖੈ॥
ਮੁਰਦੇ ਵਾਂਗ ਮੁਰੀਦ ਹੋਇ, ਗੁਰ ਗੋਰੀ ਵੜਿ ਅਲਖ ਅਲੇਖੈ॥
ਅੰਤੁ ਨ ਮੰਤ ਨ ਸੇਖ ਸਰੇਖੈ॥ ਵਾਰ ੨੮, ਪਉੜੀ ੬

ਤਥਾ :—ਮੁਰਦਾ ਹੋਇ ਮੁਰੀਦ ਸੋਇ, ਕੋ ਵਿਰਲਾ ਗੁਰ ਗੋਰਿ ਸਮਾਵੈ

ਵਾਰ ੨੮, ਪਉੜੀ ੧੬

ਗੁਰੂ ਗੋਰ ਕਿਉਂ ਕਿਹਾ ਹੈ?

ਗੁਰੂ ਰੂਪੀ ਗੋਰ ਵਿੱਚ ਸਮਾਉਣ ਵਾਲਾ ਮੁਰੀਦ (ਸੇਵਕ) ਨਿਰੀਆਂ ਗੱਲਾਂ ਨਾਲ ਨਹੀਂ ਬਣਦਾ, ਮੁਰੀਦ ਬਣਨ ਲਈ ਗੁਰੂ ਅਗਵਾਈ ਵਿੱਚ ਕਠਨ ਘਾਲ-ਕਮਾਈ ਕਰਨੀ ਪੈਂਦੀ ਹੈ। ਭਾਈ ਗੁਰਦਾਸ ਦੀ ਦ੍ਰਿਸ਼ਟੀ ਵਿੱਚ ਸੇਵਕ ਬਣਨ ਲਈ ਛੇਅ ਗੁਣਾਂ ਦਾ ਧਾਰਨੀ ਬਣਨ ਦੀ ਲੋੜ ਹੈ। ਪਹਿਲਾ ਸਬਰ ਤੇ ਸ਼ੁਕਰ ਦੇ ਧਾਰਨੀ ਬਣਨਾ ਪੈਂਦਾ ਹੈ। ਭਰਮ ਤੇ ਭਉ ਨੂੰ ਹਿਰਦੇ ਵਿੱਚੋਂ ਹਮੇਸ਼ਾ ਲਈ ਕੱਢਣਾ ਪੈਂਦਾ ਹੈ।

ਦੂਸਰੇ ਗੁਰੂ ਦੀ ਦੱਸੀ ਕਾਰ ਨੂੰ ਮੁੱਲ ਖਰੀਦੇ ਗੋਲੇ ਵਾਂਗ ਬਿਨਾਂ ਕਿਸੇ ਹੀਲ ਹੁੱਜਤ ਤੋਂ ਇੱਕ ਟੱਕ ਕਰਨਾਂ ਪੈਂਦਾ ਹੈ। ਤੀਸਰੇ, ਘਾਲ ਕਮਾਈ ਕਰਦਾ ਹੋਇਆ ਸੇਵਕ ਆਪਣੀ ਨੀਂਦ, ਭੁੱਖ ਤੇ ਸੁੱਖ ਦੀ ਪ੍ਰਵਾਹ ਨ ਕਰੇ।

ਚੌਥੇ, ਮਾਲਕ ਦਾ ਆਗਿਆ-ਕਾਰ ਐਸਾ ਹੋਵੇ ਜੇ ਮਾਲਕ ਆਖੇ ਆਟਾ ਪੀਸ, ਮੁਰੀਦ ਆਖੇ ਸਤਿ-ਬਚਨ, ਮਾਲਕ ਆਖੇ ਪਾਣੀ ਲਿਆ, ਮੁਰੀਦ ਆਖੇ ਸਤਿ-ਬਚਨ, ਮਾਲਕ ਆਖੇ ਪੱਖਾ ਝੱਲ, ਕੋਈ ਨਾਂਹ ਨਹੀਂ, ਮਾਲਕ ਆਖੇ, ਪੈਰ ਧੋ, ਪ੍ਰੇਮ ਨਾਲ ਮਲ-ਮਲ ਕੇ ਮਾਲਕ ਦੇ ਪੈਰ ਧੋਣ ਲੱਗ ਜਾਵੇ, ਐਸਾ ਗੁਰੂ ਦਾ ਆਗਿਆਕਾਰੀ ਸੇਵਕ ਗੁਰੂ ਪ੍ਰਮੇਸ਼ਰ ਵਿੱਚ ਸਮਾ ਕੇ ਇੱਕ ਮਿੱਕ ਹੋ ਜਾਂਦਾ ਹੈ। ਛੇਵਾਂ, ਸੇਵਕ ਆਪਣੇ ਆਪ ਵਿੱਚ ਐਸਾ ਗਹਿਰ ਗੰਭੀਰ ਹੋ ਜਾਵੇ, ਦੁੱਖ ਵਿੱਚ ਘਬਰਾਏ ਨਾ ਤੇ ਸੁੱਖ ਤੇ ਖੁਸ਼ੀ ਵਿੱਚ ਹੰਕਾਰ ਨਾ ਕਰੇ।

ਇਸ ਤਰ੍ਹਾਂ ਹਰ ਸਮੇਂ ਗੁਰੂ ਦੇ ਦਰ ਦਾ ਮੰਗਤਾ ਬਣ ਕੇ, ਮਾਣ-ਤਾਣ ਤਿਆਗ ਕੇ, ਸੇਵਾ ਕਰਨ ਵਾਲਾ ਗੁਰਸਿੱਖ ਇੱਕ ਦਿਨ ਗੁਰੂ ਦੀ ਨਦਰ ਵਿੱਚ ਪ੍ਰਵਾਨ ਚੜ੍ਹ ਜਾਂਦਾ ਹੈ।

ਐਸੇ ਪ੍ਰਵਾਨ ਚੜ੍ਹੇ, ਪੁੱਗੇ ਹੋਏ ਸੇਵਕ ਨੂੰ ਜਿੱਥੇ ਗੁਰੂ ਵਿੱਚ ਸਮਾਈ ਮਿਲ ਜਾਂਦੀ ਹੈ ਉੱਥੇ ਈਦ ਦੇ ਚੰਦ ਵਾਂਗ ਹਰ ਪਾਸੇ ਤੋਂ ਵਧਾਈਆਂ ਮਿਲਦੀਆਂ ਹਨ।

ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ॥
ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ॥
ਗੋਲਾ ਮੁਲ ਖਰੀਦੁ ਕਾਰੇ ਜੋਵਣਾ॥
ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ॥
ਪੀਹਣਿ ਹੋਇ ਜਦੀਦ ਪਾਣੀ ਢੋਵਣਾ॥
ਪਖੇ ਦੀ ਤਾਗੀਦ ਪਗ ਮਲਿ ਧੋਵਣਾ॥
ਸੇਵਕ ਹੋਇ ਸੰਜੀਦੁ ਨ ਹਸਣੁ ਰੋਵਣਾ॥

ਦਰ ਦਰਵੇਸ ਰਸੀਦੁ ਪਿਰਮ ਰਸੁ ਭੋਵਣਾ॥
ਚੰਦ ਮੁਮਾਰਖਿ ਈਦ ਪੁਗਿ ਖਲੋਵਣਾ॥

ਵਾਰ : ੩, ਪਉੜੀ : ੧੮

ਭਾਈ ਗੁਰਦਾਸ ਜੀ ਨੇ ਸੇਵਕ ਨੂੰ ਮੁਰਦੇ ਨਾਲ ਤੇ ਗੁਰੂ ਨੂੰ ਗੋਰ ਨਾਲ ਤਸ਼ਵੀਹ ਦੇ ਕੇ, ਸੇਵਕ ਨੂੰ ਪ੍ਰੇਰਨਾ ਦਿੱਤੀ ਹੈ ਕਿ ਜੇ ਗੁਰੂ ਵਿੱਚ ਸਮਾਈ ਪ੍ਰਾਪਤ ਕਰਨੀ ਹੈ, ਫਿਰ ਮੁਰੀਦ ਨੂੰ ਮੁਰਦੇ ਵਾਲੇ ਗੁਣਾਂ ਦਾ ਧਾਰਨੀ ਬਣਨਾ ਪਵੇਗਾ। ਜਿਹੜੇ ਗੁਣ ਉੱਪਰ ਵਾਰਾਂ ਵਿੱਚ ਭਾਈ ਸਾਹਿਬ ਜੀ ਨੇ ਅੰਕਿਤ ਕੀਤੇ ਹਨ, ਐਸੇ ਗੁਣਾਂ ਦਾ ਧਾਰਨੀ ਮੁਰੀਦ ਹੀ, ਗੁਰੂ ਰੂਪ ਗੋਰ ਵਿੱਚ ਸਮਾਈ ਦਾ ਅਧਿਕਾਰੀ ਹੈ। ਭਾਈ ਜੀ ਨੇ ਗੁਰੂ ਨੂੰ ਗੋਰ ਨਾਲ ਕਿਉਂ ਤਸ਼ਵੀਹ ਦਿੱਤੀ ਹੈ?

ਗੋਰ ਰੂਪੀ (ਗੁਰੂ ਵਿੱਚ ਕਿਹੜੇ ਕਿਹੜੇ ਗੁਣ ਹਨ?

ਪਹਿਲਾ ਗੋਰ ਦਾ ਗੁਣ :— ਨਿਥਾਵੇਂ ਦਾ ਥਾਂ

ਗੋਰ, ਨਿਥਾਵੇਂ ਦੀ ਥਾਂ ਬਣਦੀ ਹੈ, ਜਿਸਨੂੰ ਸੰਸਾਰ ਵਿੱਚ ਕੋਈ ਨਹੀਂ ਝੱਲਦਾ, ਗੋਰ ਉਸਨੂੰ ਝੱਲਦੀ ਹੈ :—ਜਿਸ ਵੇਲੇ ਮਨੁੱਖ ਦੇ ਸਰੀਰ ਵਿੱਚੋਂ ਜੀਵ ਆਤਮਾ ਨਿੱਕਲ ਜਾਂਦੀ ਹੈ, ਉਸ ਵੇਲੇ ਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ :—

ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥

ਬਾਰਹ ਮਾਹਾ ਮਾਂਝ ਮ: ੫ (ਪੰਨਾ : ੧੩੪)

ਸਾਰੇ ਸਨਬੰਧੀ, ਅੰਗ-ਸਾਕ ਜਿਹੜੇ ਬੜਾ ਪ੍ਰੇਮ ਜਤਲਾਉਂਦੇ ਸਨ, ਸਾਰੇ ਮੁਰਦੇ ਦੇ ਸਰੀਰ ਨੂੰ ਅਪਵਿੱਤਰ ਜਾਣ ਕੇ ਹੱਥ ਲਾਉਣ ਤੋਂ ਵੀ ਸੰਕੋਚ ਕਰਨ ਲੱਗ ਜਾਂਦੇ ਹਨ। ਹੁੰਦਾ ਕੀ ਹੈ ?

ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥
ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥

ਸੋਰਠਿ ਮ: ੯ (ਪੰਨਾ : ੬੩੪)

ਇਸਤ੍ਰੀ, ਭਰਾ, ਸਾਕ-ਸਨਬੰਧੀ ਸਾਰੇ ਇੱਕ ਜ਼ੁਬਾਨ ਹੋ ਕੇ ਇਹ ਹੀ ਕਹਿੰਦੇ ਹਨ ਕਿ ਇਸ ਨੂੰ ਹੁਣ ਘਰ ਵਿੱਚੋਂ ਛੇਤੀ ਕੱਢ ਦਿਉ, ਇਹ ਹੁਣ ਅਪਵਿੱਤਰ ਹੈ। ਜਿਨਾਂ

ਰਰ ਘਰ ਵਿੱਚ ਰਹੇਗਾ ਸਾਡਾ ਘਰ ਵੀ ਭਰਿਸ਼ਟਿਆ ਰਹੇਗਾ, ਇਸ ਲਈ ਛੇਤੀ
ਗਲਾ ਪ੍ਰਬੰਧ ਕਰੋ। ਕੈਸਾ ਕਮਾਲ ਹੈ ਸੰਸਾਰ ਦਾ ? ਇਸ ਅਸਲੀਅਤ ਨੂੰ ਜਿਸ ਦੇ
ਵੱਚ ਦੀ ਆਪਾਂ ਸਾਰੇ ਲੰਘ ਰਹੇ ਹਾਂ ਤੇ ਹਰ ਇੱਕ ਨੇ ਲੰਘਣਾ ਹੈ, ਬਾਬਾ ਰਵਿਦਾਸ
ੀ ਨੇ ਆਪਣੀ ਬਾਣੀ ਵਿੱਚ ਹੇਠ ਲਿਖੇ ਅਨੁਸਾਰ ਅੰਕਿਤ ਕੀਤਾ ਹੈ :—

ਭਾਈ ਬੰਧ ਕੁਟੰਬ ਸਹੇਰਾ॥ ਓਇ ਭੀ ਲਾਗੇ ਕਾਢੁ ਸਵੇਰਾ ॥੨॥
ਘਰ ਕੀ ਨਾਰਿ ਉਰਹਿ ਤਨ ਲਾਗੀ॥ ਉਹ ਤਉ ਭੂਤੁ ਭੂਤੁ ਕਰਿ ਭਾਗੀ॥

ਸੂਹੀ ਰਵਿਦਾਸ ਜੀ, (ਪੰਨਾ : ੭੯੪)

ਵ ਾਣੀ ਦਸ਼ਾ ਮਨੁੱਖ ਤੇ ਵਾਪਰ ਜਾਂਦੀ ਹੈ। ਉਸ ਵੇਲੇ ਮਨੁੱਖ ਦਾ ਕੋਈ ਵੀ ਝਾਲੂ
ਹੀਂ ਬਣਦਾ। ਜਿਸ ਵੇਲੇ ਮਨੁੱਖ ਨੂੰ ਕੋਈ ਆਸਰਾ ਨਹੀਂ ਦਿੰਦਾ, ਮਨੁੱਖ ਦਾ ਕੋਈ
ਾਲੂ ਨਹੀਂ ਬਣਦਾ ਉਸ ਵੇਲੇ ਗੋਰ ਮਨੁੱਖ ਨੂੰ ਆਪਣੇ ਵਿੱਚ ਸਮਾਈ—ਦਿੰਦੀ ਹੈ।
ਗੋਂ ਬਾਬਾ ਫਰੀਦ ਜੀ ਦੇ ਕਥਨ ਅਨੁਸਾਰ ਵਾਜਾਂ ਮਾਰ ਕੇ ਆਪਣੇ ਵਿੱਚ ਸਮਾਉਣ
ਲਈ ਪੁਕਾਰਦੀ ਹੈ :—

ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ॥
ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ॥ ੯੩॥

ਸਲੋਕ ਫਰੀਦ ਜੀ (ਪੰਨਾ : ੧੩੮੨)

ਕੈਸੀ ਹੈ ਗੋਰ ਦੀ ਫਰਾਖ਼-ਦਿਲੀ, ਜੋ ਨੀ-ਘਰੇ ਨੂੰ ਘਰ ਵਾਲਾ ਬਣਾਉਂਦੀ ਤੇ
ਜਿਸ ਨੂੰ ਸੰਸਾਰ ਵਿੱਚ ਕੋਈ ਥਾਂ ਨਹੀਂ ਦਿੰਦਾ ਉਸਨੂੰ ਥਾਂ ਦੇ ਕੇ ਝਾਲੂ ਬਣਦੀ ਹੈ।

ਇਸੇ ਤਰ੍ਹਾਂ ਜਿਸ ਨੂੰ ਦੁਨੀਆ ਤ੍ਰਿਸਕਾਰ ਦੇਵੇ, ਸਤਿਗੁਰੂ ਉਸ ਨੂੰ ਆਪਣੇ ਚਰਨਾਂ
ਵਿੱਚ ਥਾਂ ਦਿੰਦਾ ਹੈ। ਬਲ-ਹੀਣਾਂ ਨੂੰ ਗੁਰੂ ਬਲ ਬਖਸ਼ਸ਼ ਕਰਦਾ ਹੈ। ਅਸੀਂ ਹੀ ਮੁਰੀਦ
ਨਹੀਂ ਬਣਦੇ। ਜੇ ਭਾਵ ਛੱਡ ਕੇ, ਮੁਰਦੇ ਬਣ ਕੇ ਗੁਰੂ ਚਰਨਾਂ ਵਿੱਚ ਢਹਿ ਪਈਏ, ਫਿਰ
ਤਾਂ ਗੁਰੂ ਆਪਣੇ ਬਿਰਦ ਦੀ ਲਾਜ ਪਾਲਦਾ ਹੈ। ਲੋੜ ਹੈ :—

ਹੋਇ ਨਿਮਾਣੀ ਢਹਿ ਪਵਾ ਪੂਰੇ ਸਤਿਗੁਰ ਪਾਸਿ॥

ਫਿਰ ਤਾਂ ਗੁਰੂ ਦਾ ਬਿਰਦ ਹੈ :—

ਨਿਮਾਣਿਆ ਗੁਰੁ ਮਾਣੁ ਹੈ ਗੁਰੁ ਸਤਿਗੁਰੁ ਕਰੇ ਸਾਬਾਸਿ॥

ਸਿਰੀਰਾਗੁ ਮ: ੪ (ਪੰਨਾ : ੪੧)

ਗੁਰੂ ਤਾਂ ਸੰਸਾਰ ਵਲੋਂ ਨਕਾਰਿਆ, ਤ੍ਰਿਸਕਾਰਿਆਂ ਨੂੰ ਆਦਰਯੋਗ ਬਣਾ ਦਿੰਦਾ
ਹੈ। ਜਿਸਨੂੰ ਸੰਸਾਰ ਵਿੱਚ ਕੋਈ ਮਾਣ ਸਤਕਾਰ ਨਹੀਂ ਦਿੰਦਾ, ਮਾਲਕ ਪ੍ਰਭੂ ਉਸਨੂੰ ਵੀ
ਮਾਣ ਬਖਸ਼ਸ਼ ਕਰ ਦਿੰਦਾ ਹੈ :—

ਹਰਿ ਜੀਉ ਨਿਮਾਣਿਆ ਤੂ ਮਾਣੁ॥
ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ
ਤੇਰੀ ਕੁਦਰਤਿ ਕਉ ਕੁਰਬਾਣੁ॥

ਸੋਰਠਿ ਮ: ੫ (ਪੰਨਾ : ੬੨੪)

ਹਰੀ ਪ੍ਰਭੂ ਤਾਂ ਨਿਮਾਣਿਆਂ ਨੂੰ ਮਾਣ ਹੀ ਨਹੀਂ ਦਿੰਦਾ, ਮਹਾਂ ਮੂਰਖਾਂ ਨੂੰ ਵੀ ਚਤੁਰ ਬਣਾ ਦਿੰਦਾ ਹੈ :—

ਨਿਮਾਣੇ ਕਉ ਪ੍ਰਭ ਦੇਤੋ ਮਾਨੁ॥
ਮੂੜ ਮੁਗਧੁ ਹੋਇ ਚਤੁਰ ਸੁਗਿਆਨੁ॥

ਭੈਰਉ ਮ: ੫ (ਪੰਨਾ : ੧੧੪੬)

ਕੈਸਾ ਹੈ ਗੁਰੂ ਪ੍ਰਮੇਸ਼ਰ ਦਾ ਬਿਰਦ ! ਗੁਰੂ ਨਿਆਸਰਿਆਂ ਦਾ ਆਸਰਾ ਹੈ ਤੇ ਸਾਰੇ ਸੰਸਾਰ ਦੀ ਪਾਲਣਾ ਕਰਨ ਵਾਲਾ ਤੇ ਭਗਤ ਵਛਲ ਹੈ। ਜਿਸ ਮਨੁੱਖ ਨੂੰ ਸੰਸਾਰ ਵਿੱਚ ਕੋਈ ਪ੍ਰਾਣੀ ਆਸਰਾ ਦੇਣ ਲਈ ਤਿਆਰ ਨ ਹੋਵੇ, ਗੁਰੂ ਉਸ ਦਾ ਆਸਰਾ ਬਣਦਾ ਹੈ। ਗੁਰੂ ਤਾਂ ਮੰਦੀ ਹਾਲਤ ਵਾਲਿਆਂ ਨੂੰ ਸ੍ਰੇਸ਼ਟ ਉੱਚ ਪਾਏ ਦੇ ਬਣਾ ਦਿੰਦਾ ਹੈ। ਹਰ ਥਾਂ ਤੇ ਅੰਗ-ਸੰਗ ਹੋ ਕੇ ਵਰਤਦਾ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :—

ਅਨਾਥਾ ਕੋ ਨਾਥੁ ਸਰਬ ਪ੍ਰਤਿਪਾਲਕੁ ਭਗਤਿ ਵਛਲੁ ਹਰਿ ਨਾਉ॥
ਜਾ ਕਉ ਕੋਇ ਨ ਰਾਖੈ ਪ੍ਰਾਣੀ ਤਿਸੁ ਤੂ ਦੇਹਿ ਅਸਰਾਉ॥ ੧॥
ਨਿਧਰਿਆ ਧਰ ਨਿਗਤਿਆ ਗਤਿ ਨਿਥਾਵਿਆ ਤੂ ਥਾਉ॥
ਦਹ ਦਿਸ ਜਾਂਉ ਤਹਾਂ ਤੂ ਸੰਗੇ ਤੇਰੀ ਕੀਰਤਿ ਕਰਮ ਕਮਾਉ॥ ੨॥

ਸਾਰੰਗ ਮ: ੫, ਪੰਨਾ :੧੨੦੨

ਤਥਾ :—ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ॥
ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ॥

ਮਾਰੂ ਮ: ੧ (ਪੰਨਾ : ੯੯੨)

ਕੈਸਾ ਹੈ ਗੁਰੂ ਜੋ ਨਿਥਾਂਵਿਆ ਨੂੰ ਥਾਂ ਬਖਸ਼ਦਾ ਹੈ, ਨਿਓਟਿਆਂ ਨੂੰ ਓਟ ਤੇ ਗਿਆਨ ਦੇ ਨੇਤ੍ਰ ਬਖਸ਼ਸ਼ ਕਰਕੇ ਉਸਦਾ ਆਤਮਕ ਪੰਧ ਵੀ ਰੁਸ਼ਨਾ ਦਿੰਦਾ ਹੈ, ਜਿਸ ਸਦਕਾ ਨਿਮਾਣੇ ਅਤੇ ਨਿਥਾਂਵੇ ਮਨੁੱਖ ਦੇ ਦੋਵੇਂ ਲੋਕ-ਸੌਰ ਜਾਂਦੇ ਹਨ। ਇਹ ਹੈ ਗੁਰੂ ਦਾ ਬਿਰਦ :—

ਨਿਥਾਵੇ ਕਉ ਗੁਰਿ ਦੀਨੋ ਥਾਨੁ॥
ਨਿਮਾਨੇ ਕਉ ਗੁਰਿ *ਕੀਨੋ ਮਾਨੁ॥*

ਆਸਾ ਮ: ੫ (ਪੰਨਾ : ੩੯੫)

ਨਿਮਾਣਿਆਂ ਨੂੰ ਮਾਣ ਬਖਸ਼ਸ਼ ਕਰਦਾ ਹੈ, ਉੱਥੇ ਰੋਗੀਆਂ ਨੂੰ, ਜਿਸਦੀ ਛੂਹ ਤੋਂ ਸੰਸਾਰ ਡਰਦਾ ਹੈ, ਉਸਨੂੰ ਅਰੋਗ ਕਰਕੇ, ਆਪਣਾ ਬੇਟਾ ਬਣਾ ਕੇ, ਉਸਨੂੰ ਲੋਕਾਂ ਦੇ ਭਲੇ ਲਈ ਲੋਕ ਪ੍ਰਲੋਕ ਦੀਆਂ ਬਖਸ਼ਸ਼ਾਂ ਨਾਲ ਮਾਲਾ-ਮਾਲ ਕਰਕੇ ਉਸਦੇ ਜਿੰਮੇ ਲੋਕ-ਪ੍ਰਲੋਕ ਭਲਾਈ ਦੇ ਕਾਰਜ ਸੌਂਪ ਕੇ ਖੁਸ਼ ਹੁੰਦਾ ਹੈ।

ਦੂਸਰੇ ਗੋਰ ਮਨੁੱਖ ਦਾ ਪੜਦਾ ਢੱਕਦੀ ਹੈ।

ਜਦੋਂ ਮਨੁੱਖ ਦਾ ਸਰੀਰ ਗੋਰ ਵਿੱਚ ਪਾ ਦਿੱਤਾ ਜਾਂਦਾ ਹੈ। ਗੋਰ ਦੀ ਮਿੱਟੀ ਉਸ ਦੇ ਉੱਪਰ ਪੈ ਕੇ ਮਨੁੱਖ ਦੇ ਸਾਰੇ ਪੜਦੇ ਕੱਜ ਲੈਂਦੀ ਹੈ। ਭਾਵੇਂ ਥੋੜ੍ਹੇ ਸਮੇਂ ਪਿੱਛੋਂ ਸਰੀਰ ਵਿੱਚੋਂ ਬਦ-ਬੋ ਆਉਣ ਲਗ ਪੈਂਦੀ ਹੈ ਤੇ ਕਿਰਮ ਚਲ ਪੈਂਦੇ ਹਨ, ਪਰ ਗੋਰ ਆਪਣੇ ਪੜਦੇ ਕੱਜ ਸੁਭਾਅ ਅਨੁਸਾਰ ਉਸ ਸਰੀਰ ਦੀ ਬਦ-ਬੋ ਵੀ ਆਪਣੇ ਅੰਦਰ ਹੀ ਸਮਾਈ ਰੱਖਦੀ ਤੇ ਕਿਰਮਾਂ ਨੂੰ ਵੀ ਆਪਣੇ ਅੰਦਰ ਹੀ ਕੱਜ ਰੱਖਦੀ ਹੈ। ਜੋ ਕੁਝ ਸਰੀਰ ਦੇ ਨਾਲ ਗੋਰ ਅੰਦਰ ਵਾਪਰਦਾ ਹੈ, ਜੇ ਕਿਤੇ ਗੋਰ ਦਾ ਪੜਦਾ-ਕੱਜ ਸੁਭਾਅ ਨਾ ਹੋਵੇ, ਸਰੀਰ ਦੇ ਵੱਲ ਜਿਊਂਦਾ ਮਨੁੱਖ ਦੇਖ ਵੀ ਨਹੀਂ ਸਕਦਾ।

ਜਿਵੇਂ ਗੋਰ ਮਨੁੱਖ ਦੇ ਸਰੀਰ ਦੇ ਪੜਦੇ ਢੱਕਦੀ ਹੈ, ਇਸੇ ਤਰ੍ਹਾਂ ਗੁਰੂ ਮਨੁੱਖ ਦੇ ਪਾਪਾਂ ਦੇ ਪੜਦੇ ਕੱਜਦਾ ਹੈ। ਪਰ ਇਸ ਦੇ ਉਲਟ ਮਨੁੱਖ ਦੂਸਰੇ ਮਨੁੱਖ ਦਾ ਪੜਦਾ ਲਾਹ ਕੇ ਖੁਸ਼ ਹੁੰਦਾ ਹੈ। ਜਦ ਤੋਂ ਸੰਸਾਰ ਦੀ ਹੋਂਦ ਪਰਮੇਸ਼ਰ ਜੀ ਨੇ ਪਰਗਟ ਕੀਤੀ ਹੈ, ਉਸ ਸਮੇਂ ਤੋਂ ਹੀ ਮਾਇਆ ਦੇ ਪ੍ਰਭਾਵ ਅਧੀਨ ਮਨੁੱਖੀ ਸੁਭਾਅ ਹੈ, ਆਪਣੇ ਝੂਠ ਦੇ ਉੱਪਰ ਪੜਦੇ ਪਾਉਂਦਾ ਹੈ ਪਰ ਦੂਸਰੇ ਦੇ ਸੱਚ ਨੂੰ ਵੀ ਝੂਠ ਵਿੱਚ ਬਦਲ ਕੇ ਉਸਦਾ ਪੜਦਾ ਉਤਾਰ ਕੇ ਉਸਨੂੰ ਬੇ-ਪੱਤ ਕਰਕੇ ਖੁਸ਼ ਹੁੰਦਾ ਹੈ।

ਸ਼ਾਇਦ ਸੰਸਾਰ ਵਿੱਚ ਕੋਈ ਵਿਰਲਾ ਮਨੁੱਖ ਗੁਣਾਂ ਵਾਲੇ ਦਾ ਤਾਂ ਪੜਦਾ ਢੱਕਣ ਦਾ ਯਤਨ ਕਰ ਸਕਦਾ ਹੈ। ਪਰ ਜਿਹੜਾ ਔਗੁਣਾਂ ਨਾਲ ਭਰਪੂਰ ਹੋਵੇ, ਉਸਦਾ ਪੜਦਾ ਕੋਈ ਨਹੀਂ ਢੱਕਦਾ, ਪਰ ਹੇ ਪ੍ਰਭੂ ਇਹ ਤੇਰੀ ਵਡਿਆਈ ਹੈ ਕਿ ਤੁਸੀਂ ਅਉਗਣਾਂ ਨਾਲ ਭਰਪੂਰ ਮਨੁੱਖ ਦੇ ਵੀ ਪੜਦੇ ਕੱਜਦੇ ਹੋ।

ਹੇ ਜੀਵਾਂ ਦੇ ਮਾਲਕ, ਤੁਸੀਂ ਸਾਰਿਆਂ ਨੂੰ ਜੀਵਨ ਦੇਣ ਵਾਲੇ ਹੋ, ਸੁੱਖਾਂ ਦੇ ਦਾਤੇ ਤੇ ਅਬਿਨਾਸ਼ੀ ਹੋ, ਸਰਬ ਗੁਣਾਂ ਨਾਲ ਭਰਪੂਰ, ਸਰਬ ਵਿਆਪਕ, ਸਾਰਿਆਂ ਦੀ ਸਿਰਜਨਾ ਕਰਨ ਵਾਲੇ ਹੋ। ਜਿੱਥੇ ਤੁਹਾਡੀ ਮਹਿਮਾ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ ਉੱਥੇ ਕੋਈ ਇਹ ਨਹੀਂ ਦੱਸ ਸਕਦਾ ਕਿ ਤੁਸੀਂ ਕਦੋਂ ਤੋਂ ਹੋ, ਤੁਸੀਂ ਸਾਰਿਆਂ ਦੇ ਪੜਦੇ ਢੱਕਣ ਵਾਲੇ ਹੋ। ਮੈਂ ਸਦਾ ਆਪ ਤੋਂ ਬਲਿਹਾਰ ਜਾਂਦਾ ਹਾਂ :-

ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ॥
ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ॥

ਢਾਕਨਹਾਰੇ ਪ੍ਰਭੂ ਹਮਾਰੇ ਜੀਅ ਪ੍ਰਾਨ ਸੁਖਦਾਤੇ॥
ਅਬਿਨਾਸੀ ਅਬਿਗਤ ਸੁਆਮੀ ਪੂਰਨ ਪੁਰਖ ਬਿਧਾਤੇ॥
ਉਸਤਤਿ ਕਹਨੁ ਨ ਜਾਇ ਤੁਮਾਰੀ ਕਉਣ ਕਹੈ ਤੂ ਕਦ ਕਾ॥
ਨਾਨਕ ਦਾਸੁ ਤਾਕੈ ਬਲਿਹਾਰੀ ਮਿਲੈ ਨਾਮੁ ਹਰਿ ਨਿਮਕਾ॥

ਤੁਖਾਰੀ ਮ: ੫ (ਪੰਨਾ : ੧੧੧੭)

ਦੁਆਪਰ ਯੁੱਗ ਵਿੱਚ, ਦੁਰਯੋਧਨ ਨੇ ਦਰੋਪਤੀ ਪਾਸੋਂ ਬਦਲਾ ਲੈਣ ਲਈ ਉਸਨੂੰ ਬੇ-ਪੜਦ ਕਰਨਾ ਚਾਹਿਆ।

ਦੁਸ਼ਾਸਨ ਨੇ ਦ੍ਰੋਪਤੀ ਨੂੰ ਕੇਸਾਂ ਤੋਂ ਪਕੜ ਕੇ ਭਰੀ ਸਭਾ ਵਿੱਚ ਲਿਆਂਦਾ। ਦੁਰਯੋਧਨ ਨੇ ਆਪਣੇ ਦੂਤਾਂ ਨੂੰ ਹੁਕਮ ਦਿੱਤਾ ਕਿ ਪਾਂਡਵਾ ਦੀ ਇਸਤ੍ਰੀ ਦ੍ਰੋਪਤੀ ਨੂੰ ਸਾਰੀ ਸਭਾ ਦੇ ਵਿੱਚ ਅਲਫ ਨਗਨ ਕਰ ਦਿਉ। ਪੰਜੇ ਪਾਂਡਵ ਵੀ ਸਭਾ ਵਿੱਚ ਬੈਠੇ ਵੇਖ ਰਹੇ ਹਨ। ਦ੍ਰੋਣਾਚਾਰਯ, ਭੀਸ਼ਮ ਪਿਤਾਮਾ ਵੀ ਸਭਾ ਵਿੱਚ ਬੈਠੇ ਹਨ, ਪਰ ਮੁਸੀਬਤ ਵਿੱਚ ਫਸੀ ਦ੍ਰੋਪਤੀ ਦੀ ਕਿਸੇ ਨੇ ਸਹਾਇਤਾ ਨ ਕੀਤੀ।

ਜਦੋਂ ਦੂਤਾਂ ਨੇ ਦ੍ਰੋਪਤੀ ਦੀ ਸਾੜ੍ਹੀ ਨੂੰ ਹੱਥ ਪਾ ਕੇ ਉਸਨੂੰ ਨਗਨ ਕਰਨਾ ਸ਼ੁਰੂ ਕੀਤਾ ਤਾਂ ਨਿਆਸਰੀ ਹੋ ਕੇ ਉੱਚੀ-ਉੱਚੀ ਕ੍ਰਿਸ਼ਨ ਜੀ ਦਾ ਨਾਂਉਂ ਲੈ ਕੇ ਸਹਾਇਤਾ ਲਈ ਪੁਕਾਰਨਾ ਸ਼ੁਰੂ ਕਰ ਦਿੱਤਾ। ਇੱਕ ਤੋਂ ਬਾਅਦ ਦੂਜੀ-ਦੂਜੀ ਤੋਂ ਬਾਅਦ ਤੀਜੀ ਸਾੜ੍ਹੀ ਲਾਹ-ਲਾਹ ਕੇ ਦੂਤ ਥੱਕ ਗਏ ਤੇ ਲਥੇ ਹੋਏ ਕੱਪੜਿਆਂ ਦੇ ਢੇਰ ਲੱਗ ਗਏ, ਪਰ ਉਹ ਦ੍ਰੋਪਤੀ ਨੂੰ ਨਗਨ ਕਰਕੇ ਬੇ-ਪੱਤ ਨ ਕਰ ਸਕੇ। ਕੌਰਵ ਨਿਰਾਸ਼ ਹੋ ਕੇ, ਪਛਤਾਵੇ ਵਿੱਚ ਹੱਥਾਂ ਨੂੰ ਮਲਦੇ ਸ਼ਰਮ ਨਾਲ ਸਿਰ ਨੀਵਾਂ ਕਰਕੇ, ਇੱਕ ਦੂਜੇ ਨਾਲ ਗੱਲਾਂ ਕਰਨ ਲੱਗੇ ਕਿ ਅਸੀਂ ਆਪਣਾ ਬਦਲਾ ਲੈਣ ਵਿੱਚ ਸਫਲ ਨਹੀਂ ਹੋ ਸਕੇ। ਸਾਡੀ ਬੜੀ ਹੇਠੀ ਤੇ ਬਦਨਾਮੀ ਹੋਈ ਹੈ। ਸਾੜ੍ਹੀਆਂ ਲਾਹੁਣ ਵਾਲੇ ਦੂਤ ਦ੍ਰੋਪਤੀ ਨੂੰ ਛੱਡ ਕੇ ਪਿੱਛੇ ਹੱਟ ਗਏ ਤੇ ਕਹਿ ਦਿੱਤਾ, ਜਾਂਦੀ ਹੈ ਤਾਂ ਇਸ ਨੂੰ ਜਾਣ ਦੇਵੋ।

ਜਦੋਂ ਦ੍ਰੋਪਤੀ ਘਰ ਪੁੱਜੀ, ਅੱਗੋਂ ਕ੍ਰਿਸ਼ਨ ਜੀ ਮਿਲ ਪਏ। ਦ੍ਰੋਪਤੀ ਨੇ ਨਮਸ਼ਕਾਰ ਕਰ ਕੇ ਕਿਹਾ ਕਿ ਹੇ ਭਗਵਾਨ ਜੀ! ਆਪ ਨੇ ਮੇਰੀ ਪੈਜ ਰੱਖੀ ਹੈ। ਤੁਸਾਂ ਮੈਨੂੰ ਬੇ-ਪੱਤ ਹੋਣ ਤੋਂ ਬਚਾ ਲਿਆ। ਹੇ ਪ੍ਰਭੂ ਜੀ ! ਤੁਸੀਂ ਸਰਬ-ਸਮਰੱਥ ਹੋ, ਤੁਸੀਂ ਅਨਾਥਾਂ ਨੂੰ ਹਰ ਮੁਸੀਬਤ ਸਮੇਂ ਸਹਾਰਾ ਦੇ ਕੇ ਆਪਣੇ ਬਿਰਦ ਦੀ ਪੈਜ ਰੱਖਦੇ ਹੋ। ਦ੍ਰੋਪਤੀ ਨੂੰ ਬੇ-ਪੱਤ ਕਰਨ ਅਤੇ ਭਗਵਾਨ ਜੀ ਦੇ ਪੈਜ ਰੱਖਣ ਦੀ ਸਾਰੀ ਵਾਰਤਾ ਭਾ: ਗੁਰਦਾਸ ਜੀ ਨੇ ਹੇਠ ਲਿਖੀ ਪਉੜੀ ਵਿੱਚ ਵਰਨਣ ਕੀਤੀ ਹੈ :-

ਜਿਲਾ ਲਾਹੌਰ ਪਿੰਡ ਖਾਈ ਦੇ ਰਹਿਣ ਵਾਲਾ ਇੱਕ ਸ਼ਾਹੂਕਾਰ ਜਿਸ ਦਾ ਨਾਂਉ ਪ੍ਰੇਮਾ ਸੀ, ਇਹ ਜਾਤ ਦਾ ਖਤਰੀ ਸੀ। ਬਚਪਨ ਵਿੱਚ ਮਾਂ-ਬਾਪ ਗੁਜ਼ਰ ਗਏ, ਕੁਸੰਗਤ ਵਿੱਚ ਪੈ ਕੇ, ਐਸੇ ਕਰਮ ਕਰ ਬੈਠਾ ਕਿ ਕੋਹੜ ਦੇ ਰੋਗ ਨੇ ਗ੍ਰਸ ਲਿਆ। ਖਾਣ-ਪੀਣ ਵਾਲੇ ਯਾਰ-ਬੇਲੀ ਸਾਰੇ ਸਾਥ ਛੱਡ ਖਲੋਤੇ, ਕੋਈ ਮੂੰਹ ਨ ਲਾਵੇ। ਸਰੀਰ ਚੋਂ ਪਾਕ ਵਗਦੀ, ਰੋਟੀ ਤੋਂ ਵੀ ਆਤੁਰ ਹੋ ਗਿਆ। ਕਿਸੇ ਦੇ ਮਨ ਮਿਹਰ ਆਈ, ਉਸਨੇ ਪ੍ਰੇਮੇ ਦੇ ਗਲੇ ਵਿੱਚ ਰੱਸੀ ਨਾਲ ਬੰਨ੍ਹ ਕੇ ਟਿੰਡ ਲਟਕਾ ਦਿੱਤੀ। ਕੋਈ ਤਰਸ ਕਰਕੇ ਟੁੱਕਰ ਪਾ ਜਾਵੇ, ਉਸਨੂੰ ਖਾ ਕੇ ਗੁਜ਼ਾਰਾ ਕਰਦਾ।

ਸਮਾਂ ਲੰਘਦਾ ਗਿਆ। ਪ੍ਰੇਮੇ ਨੇ ਗੁਰੂ ਅਮਰਦਾਸ ਜੀ ਦੀ ਮਹਿਮਾ ਸੁਣੀ ਕਿ ਉਹ ਤਾਂ ਮੁਰਦਿਆਂ ਨੂੰ ਵੀ ਜੀਵਨ ਬਖਸ਼ ਦਿੰਦੇ ਹਨ। ਜਦੋਂ ਕਿਸੇ ਰੋਗੀ ਵੱਲ ਮਿਹਰ ਦੀ ਨਿਗਾਹ ਨਾਲ ਤੱਕਦੇ ਹਨ, ਉਸ ਨੂੰ ਤੰਦਰੁਸਤੀ ਮਿਲ ਜਾਂਦੀ ਹੈ। ਇਸੇ ਆਸ ਨਾਲ ਰਿੜਦਾ, ਲੜਖੜਾਂਦਾ ਲਾਹੌਰ ਤੋਂ ਗੋਇੰਦਵਾਲ ਪੁੱਜ ਗਿਆ। ਇਥੇ ਆ ਕੇ ਢਿੱਡ ਭਰ ਕੇ ਲੰਗਰ ਵਿੱਚੋਂ ਪ੍ਰਸ਼ਾਦਾ ਵੀ ਮਿਲਣ ਲੱਗ ਪਿਆ। ਕਿਤੇ-ਕਿਤੇ ਕੰਨਾਂ ਵਿੱਚ ਕੀਰਤਨ ਦੀ ਅਵਾਜ਼ ਵੀ ਪੈਂਦੀ ਜੋ ਮਨ ਨੂੰ ਕੁਝ ਸ਼ਾਂਤੀ ਦਿੰਦੀ। ਬਉਲੀ ਦੇ ਬਾਹਰ ਬੈਠਾ ਮੌਜ ਵਿੱਚ ਆ ਕੇ ਖਾਲੀ ਟਿੰਡ ਵਜਾ ਕੇ ਗਾਉਂਦਾ :—

ਮੈ ਗਿਆ ਕਛੋਟਾ ਲਧਾ ਹੈ॥
ਮੈ ਗਿਆ ਕਛੋਟਾ ਲਧਾ ਹੈ॥
ਤੁਸ ਸੁਣੋ ਸਕਲ ਸੰਸਾਰ॥

ਕਈ ਵਾਰੀ ਬੜੇ ਵਜਦ ਵਿੱਚ ਆ ਕੇ ਘੁੰਮ-ਘੁੰਮ ਕੇ ਉੱਚੀ-ਉੱਚੀ ਗਾਉਂਦਾ। ਸੰਗਤਾਂ ਦੀ ਚਰਨ ਧੂੜ ਵੀ ਮੱਥੇ ਨੂੰ ਲਾਉਂਦਾ।

ਕਿਸੇ ਸਿੱਖ ਨੇ ਗੁਰੂ ਅਮਰਦਾਸ ਜੀ ਨੂੰ ਇਸ ਪ੍ਰੇਮੇ ਕੋਹੜੀ ਦੀ ਦਸ਼ਾ ਜਾ ਦੱਸੀ। ਸਤਿਗੁਰੂ ਜੀ ਨੇ ਉਸ ਸਿੱਖ ਨੂੰ ਕਿਹਾ ਕਿ ਉਸ ਕੋਹੜੀ ਨੂੰ ਉੱਥੇ ਲੈ ਆਉ ਜਿਥੇ ਅਸੀਂ ਹਰ ਰੋਜ਼ ਇਸ਼ਨਾਨ ਕਰਦੇ ਹਾਂ। ਉਹ ਗੁਰ ਸਿੱਖ ਪ੍ਰੇਮੇ ਕੋਹੜੀ ਨੂੰ ਉੱਥੇ ਲੈ ਆਇਆ। ਸਾਹਿਬ ਗੁਰੂ ਅਮਰਦਾਸ ਜੀ ਨੇ ਬਉਲੀ ਦੇ ਜਲ ਨਾਲ ਆਪ ਇਸਨੂੰ ਇਸ਼ਨਾਨ ਕਰਾਇਆ ਤੇ ਸਵੱਛ ਚਿੱਟੇ ਵਸਤ੍ਰ ਪਹਿਨਾਏ ਤੇ ਕ੍ਰਿਪਾ ਦ੍ਰਿਸ਼ਟੀ ਕਰਕੇ ਉਸਨੂੰ ਅਰੋਗ ਕਰ ਦਿੱਤਾ। ਪ੍ਰੇਮਾ ਨਿਹਾਲੋ ਨਿਹਾਲ ਹੋ ਗਿਆ। ਸਤਿਗੁਰਾਂ ਪ੍ਰੇਮੇ ਦਾ ਨਾਮ ਬਦਲ ਕੇ 'ਮੁਰਾਰੀ' ਰੱਖ ਦਿੱਤਾ। ਉਸ ਸਮੇਂ ਸੰਗਤ ਨੂੰ ਇਹ ਹੁਕਮ ਵੀ ਸੁਣਾਇਆ ਕਿ ਮੇਰੇ ਇਸ ਬੇਟੇ ਮੁਰਾਰੀ ਨੂੰ ਕੋਈ ਕੰਨਿਆ ਦਾ ਦਾਨ ਵੀ ਦੇਵੇ। ਸਾਹਿਬਾਂ ਦਾ ਹੁਕਮ ਸੁਣ ਕੇ "ਸ਼ੀਹਾਂ ਉੱਪਲ ਜਿਸ ਨੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਗੁਰਸਿੱਖੀ ਧਾਰਨ ਕੀਤੀ ਸੀ, ਹੱਥ ਜੋੜ ਆਪਣੀ ਬੱਚੀ ਦਾ ਰਿਸ਼ਤਾ ਪ੍ਰਵਾਨ ਕਰਨ ਲਈ ਬੇਨਤੀ ਕੀਤੀ। ਸ਼ੀਹਾਂ

ਉੱਪਲ ਅਜੇ ਗੁਰੂ ਚਰਨਾਂ ਵਿੱਚ ਬੇਨਤੀ ਕਰ ਹੀ ਰਿਹਾ ਸੀ ਕਿ ਕਿਸੇ ਨੇ ਸ਼ੀਹੇਂ ਦੀ ਘਰ ਵਾਲੀ, ਜੋ ਲੰਗਰ ਵਿੱਚ ਸੇਵਾ ਕਰ ਰਹੀ ਸੀ, ਉਸਨੂੰ ਜਾ ਦੱਸਿਆ ਕਿ ਤੇਰੀ ਲੜਕੀ ਦਾ ਰਿਸ਼ਤਾ ਤੇਰੇ ਪਤੀ ਨੇ ਉਸ ਕੋਹੜੀ ਨਾਲ, ਜੋ ਬਾਹਰ ਬੈਠਾ ਹੁੰਦਾ ਹੈ, ਉਸ ਨਾਲ ਕਰਨ ਲਈ ਸਤਿਗੁਰਾਂ ਨੂੰ ਬਚਨ ਦੇ ਦਿੱਤਾ ਹੈ। ਸ਼ੀਹੇ ਦੇ ਘਰਵਾਲੀ ਬੜੀ ਕਾਹਲੀ ਨਾਲ ਲੰਗਰ ਵਿੱਚੋਂ ਭੱਜੀ ਆਈ ਤੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਮੇਰਾ ਪਤੀ (ਸ਼ੀਹਾਂ) ਤਾ ਸਿੱਧੜ ਬੁੱਧ-ਬਟੋਰ ਹੈ। ਜਿਸ ਨਾਲ ਮੇਰੀ ਬੱਚੀ ਦਾ ਰਿਸ਼ਤਾ ਕਰ ਰਹੇ ਹੋ, ਜਿਥੇ ਉਹ ਸਰੀਰਕ ਰੋਗੀ ਹੈ, ਉੱਥੇ ਨਾ ਉਸ ਦੀ ਕੋਈ ਕੁੱਲ ਹੈ, ਨਾ ਜਾਤ ਹੈ, ਨਾ ਉਸਦਾ ਮਾਂ ਪਿਉ ਹੈ ਅਤੇ ਨਾ ਹੀ ਕੋਈ ਘਰ ਘਾਟ ਹੈ। ਤੁਸੀਂ ਇਹ ਕੀ ਕਰਨ ਲੱਗੇ ਹੋ ?

ਸਾਹਿਬਾਂ ਨੇ ਸ਼ੀਹੇ ਦੀ ਘਰਵਾਲੀ ਨੂੰ ਧੀਰਜ ਦਿੱਤਾ ਤੇ ਫੁਰਮਾਇਆ, ਬੱਚੀਏ। ਤੈਨੂੰ ਭੁਲੇਖਾ ਲੱਗਾ ਹੈ। ਇਹ ਤਾਂ ਮੇਰਾ ਬੇਟਾ ਹੈ, ਇਸਦਾ ਨਾਮ ਮੁਰਾਰੀ ਹੈ ਤੇ ਤੇਰੀ ਬੱਚੀ ਦਾ ਨਾਉ ਮਥੋ ਹੈ। ਇਹ ਹੁਣ "ਮਥੋ ਮੁਰਾਰੀ ਦੀ ਜੋੜੀ ਬਣੀ ਹੈ। ਸਾਹਿਬ ਗੁਰੂ ਅਮਰਦਾਸ ਜੀ ਨੇ ਫੁਰਮਾਨ ਕੀਤਾ :—

ਜਾਨਹੁ ਮਮ ਸੁਤ ਇਹੁ ਜੁ ਮੁਰਾਰੀ॥
ਬਯਾਹਯੋ ਤਨੁਜਾ ਸੰਗਿ ਤੁਮਾਰੀ॥
ਤਵ ਤਨੁਜਾ ਕੋ ਨਾਮ ਮਥੋ ਹੈ।
ਨਾਮ ਮੁਰਾਰੀ ਯਾਂਹਿ ਕਥੋ ਹੈ।

ਦੋਵਾਂ ਦੀ ਜੋੜੀ ਬਣਾ ਕੇ ਸਤਿਗੁਰਾਂ ਹੁਕਮ ਕੀਤਾ ਕਿ ਜਾਉ ਹੁਣ ਤੁਸੀਂ ਦੋਵੇਂ ਗੁਰਸਿੱਖੀ ਦਾ ਪਰਚਾਰ ਕਰੋ। ਜਗਤ ਨੂੰ ਸਤਿਨਾਮ ਦਾ ਉਪਦੇਸ਼ ਦ੍ਰਿੜ ਕਰਾਵੋ। ਤੁਹਾਡੇ ਬਚਨਾਂ ਵਿੱਚ ਸ਼ਕਤੀ ਹੋਵੇਗੀ, ਤੁਹਾਡਾ ਹਰ ਬਚਨ ਫਲੀਭੂਤ ਹੋਵੇਗਾ :—

ਸਤਨਾਮ ਉਪਦੇਸ਼ ਜਗ ਕਰਨਾ॥
ਕਰੋ ਪ੍ਰਸਿੱਧ ਪੰਥ ਆਚਰਨਾ॥
ਜੋ ਕਰੋ ਬਚਨ ਜਗ ਮੋ ਸੋ ਫੁਰੇ।
ਤੁਮ ਸੰਗ ਮਿਲੇ ਸੁ ਭਵਨਿਧ ਤਰੇ।

ਦੋਵਾਂ ਨੂੰ ਸਤਿਗੁਰਾਂ ਨੇ ਪ੍ਰਚਾਰ ਕਰਨ ਲਈ ਮੰਜੀ ਦੀ ਬਖਸ਼ਸ਼ ਕਰਕੇ ਗੁਰਸਿੱਖੀ ਦੇ ਪ੍ਰਚਾਰਕ ਥਾਪਿਆ। ਕੈਸਾ ਹੈ ਗੁਰੂ ਦਾ ਬਿਰਦ ਜੋ ਨਿਥਾਂਵਿਆ ਨੂੰ ਥਾਂ ਵਾਲੇ ਬਣਾ ਦਿੰਦਾ ਹੈ। ਜਿਸ ਨੂੰ ਸੰਸਾਰ ਨਹੀਂ ਝੱਲਦਾ ਗੁਰੂ ਉਸ ਦਾ ਝਾਲੂ ਬਣਦਾ ਹੈ। ਗੁਰੂ ਤਾਂ ਨਿਆਸਰਿਆਂ ਨੂੰ ਆਸਰਾ ਤੇ ਨਿਓਟਿਆਂ ਨੂੰ ਓਟ ਪ੍ਰਦਾਨ ਕਰਦਾ ਹੈ। ਜਿੱਥੇ ਗੁਰੂ

ਨਿਮਾਣਿਆਂ ਨੂੰ ਮਾਣ ਬਖਸ਼ਸ਼ ਕਰਦਾ ਹੈ, ਉੱਥੇ ਰੋਗੀਆਂ ਨੂੰ, ਜਿਸਦੀ ਛੂਹ ਤੋਂ ਸੰਸਾਰ ਡਰਦਾ ਹੈ, ਉਸਨੂੰ ਅਰੋਗ ਕਰਕੇ, ਆਪਣਾ ਬੇਟਾ ਬਣਾ ਕੇ, ਉਸਨੂੰ ਲੋਕਾਂ ਦੇ ਭਲੇ ਲਈ ਲੋਕ ਪ੍ਰਲੋਕ ਦੀਆਂ ਬਖਸ਼ਸ਼ਾਂ ਨਾਲ ਮਾਲਾ-ਮਾਲ ਕਰਕੇ ਉਸਦੇ ਜ਼ਿੰਮੇ ਲੋਕ-ਪ੍ਰਲੋਕ ਭਲਾਈ ਦੇ ਕਾਰਜ ਸੌਂਪ ਕੇ ਖੁਸ਼ ਹੁੰਦਾ ਹੈ।

ਦੂਸਰੇ ਗੋਰ ਮਨੁੱਖ ਦਾ ਪੜਦਾ ਢੱਕਦੀ ਹੈ।

ਜਦੋਂ ਮਨੁੱਖ ਦਾ ਸਰੀਰ ਗੋਰ ਵਿੱਚ ਪਾ ਦਿੱਤਾ ਜਾਂਦਾ ਹੈ। ਗੋਰ ਦੀ ਮਿੱਟੀ ਉਸ ਦੇ ਉੱਪਰ ਪੈ ਕੇ ਮਨੁੱਖ ਦੇ ਸਾਰੇ ਪੜਦੇ ਕੱਜ ਲੈਂਦੀ ਹੈ। ਭਾਵੇਂ ਥੋੜ੍ਹੇ ਸਮੇਂ ਪਿੱਛੋਂ ਸਰੀਰ ਵਿੱਚੋਂ ਬਦ-ਬੋ ਆਉਣ ਲਗ ਪੈਂਦੀ ਹੈ ਤੇ ਕਿਰਮ ਚਲ ਪੈਂਦੇ ਹਨ, ਪਰ ਗੋਰ ਆਪਣੇ ਪੜਦੇ ਕੱਜ ਸੁਭਾਅ ਅਨੁਸਾਰ ਉਸ ਸਰੀਰ ਦੀ ਬਦ-ਬੋ ਵੀ ਆਪਣੇ ਅੰਦਰ ਹੀ ਸਮਾਈ ਰੱਖਦੀ ਤੇ ਕਿਰਮਾਂ ਨੂੰ ਵੀ ਆਪਣੇ ਅੰਦਰ ਹੀ ਕੱਜ ਰੱਖਦੀ ਹੈ। ਜੋ ਕੁਝ ਸਰੀਰ ਦੇ ਨਾਲ ਗੋਰ ਅੰਦਰ ਵਾਪਰਦਾ ਹੈ, ਜੇ ਕਿਤੇ ਗੋਰ ਦਾ ਪੜਦਾ-ਕੱਜ ਸੁਭਾਅ ਨਾ ਹੋਵੇ, ਸਰੀਰ ਦੇ ਵੱਲ ਜਿਊਂਦਾ ਮਨੁੱਖ ਦੇਖ ਵੀ ਨਹੀਂ ਸਕਦਾ।

ਜਿਵੇਂ ਗੋਰ ਮਨੁੱਖ ਦੇ ਸਰੀਰ ਦੇ ਪੜਦੇ ਢੱਕਦੀ ਹੈ, ਇਸੇ ਤਰ੍ਹਾਂ ਗੁਰੂ ਮਨੁੱਖ ਦੇ ਪਾਪਾਂ ਦੇ ਪੜਦੇ ਕੱਜਦਾ ਹੈ। ਪਰ ਇਸ ਦੇ ਉਲਟ ਮਨੁੱਖ ਦੂਸਰੇ ਮਨੁੱਖ ਦਾ ਪੜਦਾ ਲਾਹ ਕੇ ਖੁਸ਼ ਹੁੰਦਾ ਹੈ। ਜਦ ਤੋਂ ਸੰਸਾਰ ਦੀ ਹੋਂਦ ਪਰਮੇਸ਼ਰ ਜੀ ਨੇ ਪਰਗਟ ਕੀਤੀ ਹੈ, ਉਸ ਸਮੇਂ ਤੋਂ ਹੀ ਮਾਇਆ ਦੇ ਪ੍ਰਭਾਵ ਅਧੀਨ ਮਨੁੱਖੀ ਸੁਭਾਅ ਹੈ, ਆਪਣੇ ਝੂਠ ਦੇ ਉੱਪਰ ਪੜਦੇ ਪਾਉਂਦਾ ਹੈ ਪਰ ਦੂਸਰੇ ਦੇ ਸੱਚ ਨੂੰ ਵੀ ਝੂਠ ਵਿੱਚ ਬਦਲ ਕੇ ਉਸਦਾ ਪੜਦਾ ਉਤਾਰ ਕੇ ਉਸਨੂੰ ਬੇ-ਪੱਤ ਕਰਕੇ ਖੁਸ਼ ਹੁੰਦਾ ਹੈ।

ਸ਼ਾਇਦ ਸੰਸਾਰ ਵਿੱਚ ਕੋਈ ਵਿਰਲਾ ਮਨੁੱਖ ਗੁਣਾਂ ਵਾਲੇ ਦਾ ਤਾਂ ਪੜਦਾ ਢੱਕਣ ਦਾ ਯਤਨ ਕਰ ਸਕਦਾ ਹੈ। ਪਰ ਜਿਹੜਾ ਔਗੁਣਾਂ ਨਾਲ ਭਰਪੂਰ ਹੋਵੇ, ਉਸਦਾ ਪੜਦਾ ਕੋਈ ਨਹੀਂ ਢੱਕਦਾ, ਪਰ ਹੇ ਪ੍ਰਭੂ ਇਹ ਤੇਰੀ ਵਡਿਆਈ ਹੈ ਕਿ ਤੁਸੀਂ ਅਉਗਣਾਂ ਨਾਲ ਭਰਪੂਰ ਮਨੁੱਖ ਦੇ ਵੀ ਪੜਦੇ ਕੱਜਦੇ ਹੋ।

ਹੇ ਜੀਵਾਂ ਦੇ ਮਾਲਕ, ਤੁਸੀਂ ਸਾਰਿਆਂ ਨੂੰ ਜੀਵਨ ਦੇਣ ਵਾਲੇ ਹੋ, ਸੁੱਖਾਂ ਦੇ ਦਾਤੇ ਤੇ ਅਬਿਨਾਸ਼ੀ ਹੋ, ਸਰਬ ਗੁਣਾਂ ਨਾਲ ਭਰਪੂਰ, ਸਰਬ ਵਿਆਪਕ, ਸਾਰਿਆਂ ਦੀ ਸਿਰਜਨਾ ਕਰਨ ਵਾਲੇ ਹੋ। ਜਿੱਥੇ ਤੁਹਾਡੀ ਮਹਿਮਾ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ ਉੱਥੇ ਕੋਈ ਇਹ ਨਹੀਂ ਦੱਸ ਸਕਦਾ ਕਿ ਤੁਸੀਂ ਕਦੋਂ ਤੋਂ ਹੋ, ਤੁਸੀਂ ਸਾਰਿਆਂ ਦੇ ਪੜਦੇ ਢੱਕਣ ਵਾਲੇ ਹੋ। ਮੈਂ ਸਦਾ ਆਪ ਤੋਂ ਬਲਿਹਾਰ ਜਾਂਦਾ ਹਾਂ :—

ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ॥
ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ॥

ਢਾਕਨਹਾਰੇ ਪ੍ਰਭੂ ਹਮਾਰੇ ਜੀਅ ਪ੍ਰਾਨ ਸੁਖਦਾਤੇ॥
ਅਬਿਨਾਸੀ ਅਬਿਗਤ ਸੁਆਮੀ ਪੂਰਨ ਪੁਰਖ ਬਿਧਾਤੇ॥
ਉਸਤਤਿ ਕਹਨੁ ਨ ਜਾਇ ਤੁਮਾਰੀ ਕਉਣ ਕਹੈ ਤੂ ਕਦ ਕਾ॥
ਨਾਨਕ ਦਾਸੁ ਤਾਕੈ ਬਲਿਹਾਰੀ ਮਿਲੈ ਨਾਮੁ ਹਰਿ ਨਿਮਕਾ॥

ਤੁਖਾਰੀ ਮ: ੫ (ਪੰਨਾ : ੧੧੧੭)

ਦੁਆਪਰ ਯੁੱਗ ਵਿੱਚ, ਦੁਰਯੋਧਨ ਨੇ ਦਰੋਪਤੀ ਪਾਸੋਂ ਬਦਲਾ ਲੈਣ ਲਈ ਉਸਨੂੰ ਬੇ-ਪੜਦ ਕਰਨਾ ਚਾਹਿਆ।

ਦੁਸ਼ਾਸਨ ਨੇ ਦ੍ਰੋਪਤੀ ਨੂੰ ਕੇਸਾਂ ਤੋਂ ਪਕੜ ਕੇ ਭਰੀ ਸਭਾ ਵਿੱਚ ਲਿਆਂਦਾ। ਦੁਰਯੋਧਨ ਨੇ ਆਪਣੇ ਦੂਤਾਂ ਨੂੰ ਹੁਕਮ ਦਿੱਤਾ ਕਿ ਪਾਂਡਵਾ ਦੀ ਇਸਤ੍ਰੀ ਦ੍ਰੋਪਤੀ ਨੂੰ ਸਾਰੀ ਸਭਾ ਦੇ ਵਿੱਚ ਅਲਫ ਨਗਨ ਕਰ ਦਿਉ। ਪੰਜੇ ਪਾਂਡਵ ਵੀ ਸਭਾ ਵਿੱਚ ਬੈਠੇ ਵੇਖ ਰਹੇ ਹਨ। ਦ੍ਰੋਣਾਚਾਰਯ, ਭੀਸ਼ਮ ਪਿਤਾਮਾ ਵੀ ਸਭਾ ਵਿੱਚ ਬੈਠੇ ਹਨ, ਪਰ ਮੁਸੀਬਤ ਵਿੱਚ ਫਸੀ ਦ੍ਰੋਪਤੀ ਦੀ ਕਿਸੇ ਨੇ ਸਹਾਇਤਾ ਨ ਕੀਤੀ।

ਜਦੋਂ ਦੂਤਾਂ ਨੇ ਦ੍ਰੋਪਤੀ ਦੀ ਸਾੜ੍ਹੀ ਨੂੰ ਹੱਥ ਪਾ ਕੇ ਉਸਨੂੰ ਨਗਨ ਕਰਨਾ ਸ਼ੁਰੂ ਕੀਤਾ ਤਾਂ ਨਿਆਸਰੀ ਹੋ ਕੇ ਉੱਚੀ-ਉੱਚੀ ਕ੍ਰਿਸ਼ਨ ਜੀ ਦਾ ਨਾਉਂ ਲੈ ਕੇ ਸਹਾਇਤਾ ਲਈ ਪੁਕਾਰਨਾ ਸ਼ੁਰੂ ਕਰ ਦਿੱਤਾ। ਇੱਕ ਤੋਂ ਬਾਅਦ ਦੂਜੀ-ਦੂਜੀ ਤੋਂ ਬਾਅਦ ਤੀਜੀ ਸਾੜ੍ਹੀ ਲਾਹ-ਲਾਹ ਕੇ ਦੂਤ ਥੱਕ ਗਏ ਤੇ ਲਥੇ ਹੋਏ ਕੱਪੜਿਆਂ ਦੇ ਢੇਰ ਲੱਗ ਗਏ, ਪਰ ਉਹ ਦ੍ਰੋਪਤੀ ਨੂੰ ਨਗਨ ਕਰਕੇ ਬੇ-ਪੱਤ ਨ ਕਰ ਸਕੇ। ਕੌਰਵ ਨਿਰਾਸ਼ ਹੋ ਕੇ, ਪਛਤਾਵੇ ਵਿੱਚ ਹੱਥਾਂ ਨੂੰ ਮਲਦੇ ਸ਼ਰਮ ਨਾਲ ਸਿਰ ਨੀਵਾਂ ਕਰਕੇ, ਇੱਕ ਦੂਜੇ ਨਾਲ ਗੱਲਾਂ ਕਰਨ ਲੱਗੇ ਕਿ ਅਸੀਂ ਆਪਣਾ ਬਦਲਾ ਲੈਣ ਵਿੱਚ ਸਫਲ ਨਹੀਂ ਹੋ ਸਕੇ। ਸਾਡੀ ਬੜੀ ਹੇਠੀ ਤੇ ਬਦਨਾਮੀ ਹੋਈ ਹੈ। ਸਾੜ੍ਹੀਆਂ ਲਾਹੁਣ ਵਾਲੇ ਦੂਤ ਦ੍ਰੋਪਤੀ ਨੂੰ ਛੱਡ ਕੇ ਪਿੱਛੇ ਹੱਟ ਗਏ ਤੇ ਕਹਿ ਦਿੱਤਾ, ਜਾਂਦੀ ਹੈ ਤਾਂ ਇਸ ਨੂੰ ਜਾਣ ਦੇਵੋ।

ਜਦੋਂ ਦ੍ਰੋਪਤੀ ਘਰ ਪੁੱਜੀ, ਅੱਗੋਂ ਕ੍ਰਿਸ਼ਨ ਜੀ ਮਿਲ ਪਏ। ਦ੍ਰੋਪਤੀ ਨੇ ਨਮਸ਼ਕਾਰ ਕਰ ਕੇ ਕਿਹਾ ਕਿ ਹੇ ਭਗਵਾਨ ਜੀ! ਆਪ ਨੇ ਮੇਰੀ ਪੈਜ ਰੱਖੀ ਹੈ। ਤੁਸਾਂ ਮੈਨੂੰ ਬੇ-ਪੱਤ ਹੋਣ ਤੋਂ ਬਚਾ ਲਿਆ। ਹੇ ਪ੍ਰਭੂ ਜੀ ! ਤੁਸੀਂ ਸਰਬ-ਸਮਰੱਥ ਹੋ, ਤੁਸੀਂ ਅਨਾਥਾਂ ਨੂੰ ਹਰ ਮੁਸੀਬਤ ਸਮੇਂ ਸਹਾਰਾ ਦੇ ਕੇ ਆਪਣੇ ਬਿਰਦ ਦੀ ਪੈਜ ਰੱਖਦੇ ਹੋ। ਦ੍ਰੋਪਤੀ ਨੂੰ ਬੇ-ਪੱਤ ਕਰਨ ਅਤੇ ਭਗਵਾਨ ਜੀ ਦੇ ਪੈਜ ਰੱਖਣ ਦੀ ਸਾਰੀ ਵਾਰਤਾ ਭਾ: ਗੁਰਦਾਸ ਜੀ ਨੇ ਹੇਠ ਲਿਖੀ ਪਉੜੀ ਵਿੱਚ ਵਰਨਣ ਕੀਤੀ ਹੈ :—

ਅੰਦਰਿ ਸਭਾ ਦੁਸਾਸਣੈ, ਮਥੇਵਾਲਿ ਦ੍ਰੋਪਤੀ ਆਂਦੀ॥
ਦੂਤਾ ਨੋ ਫੁਰਮਾਇਆ ਨੰਗੀ ਕਰਹੁ, ਪੰਚਾਲੀ ਬਾਂਦੀ॥
ਪੰਜੇ ਪਾਂਡੋ ਵੇਖਦੇ, ਅਉ ਘਟਿ ਰੁਧੀ ਨਾਰਿ ਜਿਨਾ ਦੀ॥
ਅਖੀ ਮੀਟ ਧਿਆਨੁ ਧਰਿ, ਹਾਹਾ ਕ੍ਰਿਸ਼ਨ ਕਰੈ ਬਿਲਲਾਂਦੀ
ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ॥
ਹਥ ਮਰੋੜਨਿ ਸਿਰੁਧੁਣਨਿ, ਪਛੋਤਾਨਿ ਕਰਨਿ ਜਾਹਿ ਜਾਂਦੀ॥
ਘਰਿ ਆਈ ਠਾਕੁਰ ਮਿਲੇ, ਪੈਜ ਰਹੀ ਬੋਲੇ ਸ਼ਰਮਾਂਦੀ॥
ਨਾਥ ਅਨਾਥਾਂ ਬਾਣਿ ਧੁਰਾਂਦੀ॥

ਵਾਰ ੧੦ ਵੀ ਪਉੜੀ ੮

ਦ੍ਰੋਪਤੀ ਵਾਂਗ ਸਮਾਂ ਆਇਆ ਭਾਈ ਕਟਾਰੂ ਜੀ ਤੇ ਜੋ ਸ਼ਾਹੀ ਫੌਜ ਨੂੰ ਰਸਦ ਪਹੁੰਚਾਉਂਦਾ ਸੀ। ਚੁਗਲੀ ਹੋਣ ਤੇ ਉਸਦੇ ਵੱਟੇ ਜ਼ੋਖੇ ਗਏ ਪਰ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਤੇ ਬੈਠਿਆਂ, ਗੁਰਸਿੱਖ ਵਲੋਂ ਭੇਟਾ ਵਿੱਚ ਰੱਖੇ ਪੰਜ ਪੈਸੇ ਕਦੀ ਸੱਜੇ ਹੱਥ ਵਿੱਚ ਕਦੀ ਖੱਬੇ ਹੱਥ ਵਿੱਚ ਫੜ ਕੇ ਉਸ ਦੇ ਪੜਦੇ ਨੂੰ ਕੱਜਿਆ ਤੇ ਵੱਟੇ ਦਾ ਵਜ਼ਨ ਪੂਰਾ ਕਰਕੇ ਸਿੱਖ ਦੀ ਪੈਜ ਰੱਖੀ।

ਇਸੇ ਤਰ੍ਹਾਂ ਭਾਈ ਤਿਲੋਕਾ ਜੋ ਕਾਬਲ ਵਿੱਚ ਬਾਦਸ਼ਾਹ ਦੀ ਫੌਜ ਵਿੱਚ ਮੁਸਾਹਿਬ ਸੀ, ਜਿਸਨੇ, ਲੋਹੇ ਦੀ ਥਾਂ ਕਾਠ ਦੀ ਤਲਵਾਰ ਪਹਿਨ ਰੱਖੀ ਸੀ, ਬਾਦਸ਼ਾਹ ਪਾਸ ਚੁਗਲੀ ਹੋਣ ਤੇ ਬਾਦਸ਼ਾਹ ਨੇ ਭਾਈ ਤਿਲੋਕੇ ਦਾ ਪੜਦਾ ਲਾਹੁਣ ਲਈ ਭਰੀ ਸਭਾ ਵਿੱਚ ਸਭਨਾ ਦੀਆਂ ਤਲਵਾਰਾਂ ਦੇਖਣ ਦਾ ਹੁਕਮ ਕੀਤਾ। ਭਾਈ ਤਿਲੋਕੇ ਨੇ ਧਿਆਨ ਧਰ ਗੁਰੂ ਹਰਗੋਬਿੰਦ ਸਾਹਿਬ ਨੂੰ ਅਰਾਧਿਆ ਤੇ ਪੈਜ ਰੱਖਣ ਤੇ ਪੜਦਾ ਕੱਜਣ ਲਈ, ਗੁਰੂ ਚਰਨਾਂ ਵਿੱਚ ਅੰਤਰ ਆਤਮੇ ਅਰਦਾਸ ਕੀਤੀ। ਉਸੇ ਸਮੇਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਭਰੇ ਦੀਵਾਨ ਵਿੱਚ ਆਪਣੀ ਮੀਰੀ ਦੀ ਕ੍ਰਿਪਾਨ ਕੱਢ ਕੇ ਹਵਾ ਵਿੱਚ ਲਿਸ਼ਕਾਈ, ਸਿੱਖਾਂ ਦੇ ਪੁੱਛਣ ਤੇ ਸਾਹਿਬਾਂ ਬਚਨ ਕੀਤਾ, ਭਾਈ ਤਿਲੋਕੇ ਦੀ ਪੈਜ ਰੱਖੀ ਹੈ।

ਉੱਧਰ ਜਦੋਂ ਭਾਈ ਤਿਲੋਕੇ ਨੇ ਆਪਣੀ ਕਾਠ ਦੀ ਕਿਰਪਾਨ ਮਿਆਨ ਵਿੱਚੋਂ ਕੱਢੀ, ਉਸਦਾ ਲਿਸ਼ਕਾਰਾ ਬਿਜਲੀ ਵਾਂਗ ਪਿਆ, ਜਿਸ ਤੇ ਬਾਦਸ਼ਾਹ ਨੇ ਖੁਸ਼ ਹੋ ਕੇ ਭਾਈ ਤਿਲੋਕੇ ਨੂੰ ਸਭ ਤੋਂ ਵਧੀਆ ਸ਼ਸਤ੍ਰ ਰੱਖਣ ਦਾ ਇਨਾਮ ਦੇ ਕੇ ਸਤਕਾਰਿਆ ਤੇ

ਉਸ ਦਾ ਰੁਜ਼ੀਨਾ ਵੀ ਦੁੱਗਣਾਂ ਕਰ ਦਿੱਤਾ। ਚੁਗਲੀ ਕਰਨ ਵਾਲਿਆਂ ਨੂੰ ਸ਼ਰਮਿੰਦੇ ਹੋਣਾ ਪਿਆ। ਗੋਰ ਵਾਂਗ ਗੁਰੂ ਦਾ ਬਿਰਦ ਹੈ :—

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥

ਬਿਹਾਗੜਾ ਮ: ੫ (ਪੰਨਾ : ੫੪੪)

ਤੀਸਰਾ : ਗੋਰ ਆਪਣਾ ਰੂਪ ਬਣਾ ਲੈਂਦੀ

ਜਿੱਥੇ ਗੋਰ ਨਿਥਾਵੇਂ ਦਾ ਥਾਂ ਬਣ ਕੇ, ਜਦੋਂ ਸੰਸਾਰ ਵਿੱਚ ਮਨੁੱਖ ਦੇ ਸਰੀਰ ਦਾ ਕੋਈ ਫ਼ਾਲੂ ਨਹੀਂ ਬਣਦਾ, ਆਪਣੇ ਵਿੱਚ ਥਾਂ ਦੇ ਕੇ ਮਨੁੱਖ ਦੀ ਫ਼ਾਲੂ ਬਣਦੀ ਹੈ, ਉੱਥੇ ਮਨੁੱਖ ਦੇ ਸਰੀਰ ਦਾ ਪੜਦਾ ਕੱਜਦੀ ਹੈ।

ਸਮਾਂ ਪਾ ਕੇ ਗੋਰ ਸਰੀਰ ਨੂੰ ਆਪਣਾ ਹੀ ਰੂਪ ਬਣਾ ਲੈਂਦੀ ਹੈ।

ਗੁਰੂ ਵਿੱਚ ਵੀ ਇਹ ਤਿੰਨੇ ਗੁਣ ਹਨ, ਜਿੱਥੇ ਗੁਰੂ ਪਾਤਸ਼ਾਹ ਲੋਕ ਪ੍ਰਲੋਕ ਵਿੱਚ ਨਿਮਾਣਿਆਂ ਨੂੰ ਮਾਣ ਤੇ ਨਿਥਾਵਿਆਂ ਨੂੰ ਥਾਂ ਬਖਸ਼ਸ਼ ਕਰਦੇ ਹਨ ਉੱਥੇ ਜੋ ਗੁਰੂ ਸ਼ਰਣਾਈ ਆ ਜਾਂਦੇ ਹਨ, ਗੁਰੂ ਉਸ ਦੇ ਲੋਕ ਪ੍ਰਲੋਕ ਵਿੱਚ ਪੜਦੇ ਕੱਜਦੇ ਹਨ।

ਤੀਸਰੇ ਜਿਹੜਾ ਮਨੁੱਖ ਹਮੇਸ਼ਾਂ ਲਈ ਗੁਰੂ ਸ਼ਰਣ ਵਿੱਚ ਆ ਪੈਂਦਾ ਹੈ, ਫਿਰ ਗੁਰੂ ਦਾ ਬਿਰਦ ਹੈ!

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥
ਬਿਨਵੰਤਿ ਨਾਨਕ ਹਰਿ ਕੰਤੁ ਮਿਲਿਆ ਸਦਾ ਕੇਲ ਕਰੰਦਾ॥

ਬਿਹਾਗੜਾ ਮ: ੫ (ਪੰਨਾ : ੫੪੪)

ਜਿਹੜਾ ਵੀ ਗੁਰੂ ਦੀ ਸ਼ਰਣ ਵਿੱਚ ਆ ਪ੍ਰਵੇਸ਼ ਕਰਦਾ ਹੈ, ਫਿਰ ਗੁਰੂ ਆਪਣੇ ਬਿਰਦ ਦੀ ਪਾਲਣਾ ਕਰਕੇ ਉਸਨੂੰ ਗੁਣੀ ਨਿਧਾਨ ਪ੍ਰਭੂ ਦਾ ਰੂਪ ਬਣਾ ਦਿੰਦਾ ਹੈ, ਜਿਸ ਸਦਕਾ, ਉਸ ਜਗਿਆਸੂ ਦਾ ਜੰਮਣ-ਮਰਣ ਦਾ ਗੇੜ ਖਤਮ ਹੋ ਜਾਂਦਾ ਹੈ ਤੇ ਉਹ ਮਨੁੱਖ ਅਬਿਨਾਸੀ ਵਿੱਚ ਸਮਾ ਜਾਂਦਾ ਹੈ :—

ਜੋ ਸਰਣਿ ਆਵੈ ਗੁਣ ਨਿਧਾਨ ਪਾਵੈ ਸੋ ਬਹੁੜਿ ਜਨਮਿ ਨ ਮਰਤਾ॥
ਬਿਨਵੰਤਿ ਨਾਨਕ ਦਾਸੁ ਤੇਰਾ ਸਭਿ ਜੀਅ ਤੇਰੇ ਤੂ ਕਰਤਾ॥

ਵਡਹੰਸ ਮ: ੫ (ਪੰਨਾ : ੫੭੮)

ਜਿਸਨੂੰ ਗੁਰੂ ਦੀ ਨਦਰੇ-ਕਰਮ ਪ੍ਰਾਪਤ ਹੋ ਜਾਂਦੀ ਹੈ, ਉਸਨੂੰ ਐਸੀ ਜੀਵਨ ਜੁਗਤੀ ਦੀ ਸੂਝ ਮਿਲ ਜਾਂਦੀ ਹੈ ਜੋ ਗੁਰੂ-ਪ੍ਰਮੇਸ਼ਰ ਦਾ ਰੂਪ ਹੀ ਉਸਨੂੰ ਬਣਾ ਦਿੰਦੀ

ਹੈ। ਉਸ ਗੁਰੂ ਸਵਾਰੇ ਦੀ ਆਤਮਾ ਗੁਰੂ ਮਿਹਰ ਨਾਲ ਪ੍ਰਭੂ ਜੀ ਵਿੱਚ ਅਭੇਦ ਹੋ ਕੇ ਪ੍ਰਭੂ ਮਾਲਕ ਨਾਲ ਇੱਕ-ਮਿੱਕਤਾ ਪ੍ਰਾਪਤ ਕਰ ਲੈਂਦੀ ਹੈ। ਜਿਸ ਤਰ੍ਹਾਂ ਪਾਨੀ ਵਿੱਚ ਪਾਨੀ ਮਿਲਾ ਦੇਈਏ, ਦੋਵੇਂ ਪਾਨੀ ਇੱਕ ਰੂਪ ਹੋ ਜਾਂਦੇ ਹਨ। ਫਿਰ ਪਹਿਲੇ ਤੇ ਦੂਸਰੇ ਪਾਨੀ ਵਿੱਚ ਭੋਰਾ ਜਿੰਨੀ ਵੀ ਭਿੰਨਤਾ ਨਹੀਂ ਰਹਿੰਦੀ, ਇਹ ਸਾਰੀ ਗੁਰੂ ਦੇ ਬਿਰਦ ਦੀ ਬਖਸ਼ਸ਼ ਹੈ :—

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥

ਸੋਰਠਿ ਮ: ੯ (ਪੰਨਾ : ੬੩੩-੩੪)

ਦਰਿਆ ਦੇ ਕੰਢੇ ਤੇ ਨਵੇਂ ਵਸੇ ਪਿੰਡ ਕਰਤਾਰ ਪੁਰ ਵਿਖੇ ਭਾਈ ਲਹਿਣਾ ਜੀ, ਗੁਰੂ ਗੋਰ ਵਿੱਚ ਵਾਸਾ ਲੈਣ ਲਈ ਚੱਲ ਕੇ ਆਏ। ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੇ ਚਰਨਾਂ ਵਿੱਚ ਜਿੱਥੇ ਸਮਾਈ ਦਿੱਤੀ ਉੱਥੇ ਸਮੇਂ ਨਾਲ ਬਾਬਾ ਲਹਿਣਾ ਜੀ ਨੂੰ ਆਪਣਾ ਅੰਗ ਬਣਾ ਕੇ, ਆਪਣੀ ਜੋਤ ਬਾਬਾ ਲਹਿਣਾ ਜੀ ਦੀ ਜੋਤ ਨਾਲ ਰਲਾ ਕੇ ਗੁਰੂ ਨਾਨਕ ਦੇਵ ਜੀ ਨੇ, ਗੁਰੂ ਅੰਗਦ ਦੇਵ ਜੀ ਨੂੰ ਆਪਣਾ ਰੂਪ ਬਣਾ ਲਿਆ। ਜਨਮ ਸਾਖੀ ਦੇ ਬਚਨਾਂ ਅਨੁਸਾਰ ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਨੇ ਸੰਗਤ ਨੂੰ ਹੁਕਮ ਕਰ ਦਿੱਤਾ ਕਿ ਅੱਜ ਤੋਂ ਮੈਂ ਗੁਰੂ ਅੰਗਦ ਨੂੰ ਆਪਣਾ ਰੂਪ ਬਣਾ ਲਿਆ ਹੈ। ਹੁਣ ਮੈਂ ਉਹਨਾਂ ਦੇ ਹਿਰਦੇ ਵਿੱਚ ਨਿਵਾਸ ਕਰਾਂਗਾ, ਦੂਸਰੇ ਜਿੱਥੇ ਸੱਤ-ਸੰਗਤ ਹੋਵੇ ਉੱਥੇ ਹਮੇਸ਼ਾ ਮੇਰਾ ਨਿਵਾਸ ਹੋਵੇਗਾ। ਮੈਨੂੰ ਕਿਸੇ ਕਬਰਾਂ ਵਿੱਚ ਜਾਂ ਮੜ੍ਹੀਆਂ ਵਿੱਚੋਂ ਲੱਭਣ ਦਾ ਯਤਨ ਨ ਕਰਨਾ :—

ਬਾਬਾ ਮੜ੍ਹੀ ਨ ਗੋਰ ਗੁਰੂ ਅੰਗਦ ਕੇ ਹੀਏ ਮੇ
ਪੁਨ ਸਤ-ਸੰਗਤ ਬੀਚ ਨਿਸਦਿਨ ਬਸਯੋ ਮੈ ਕਰੋ॥

ਗੁਰਬਾਣੀ ਵਿੱਚ ਵੀ ਸਤੇ ਅਤੇ ਬਲਵੰਡ ਨੇ ਗਵਾਹੀ ਭਰੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਜੀ ਨੇ ਬਾਬਾ ਲਹਿਣਾ ਜੀ ਨੂੰ ਆਪਣਾ ਰੂਪ ਬਣਾ ਲਿਆ। ਜਿਸ ਗੁਰੂ ਅੰਗਦ ਦੇਵ ਜੀ ਨੇ, ਗੁਰੂ ਦੀ ਮੱਤ ਦੀ ਖੜਗ ਨਾਲ, ਆਪਣੀ ਮੱਤ ਨੂੰ ਨਾਸ਼ ਕਰ ਦਿੱਤਾ, ਉਸ ਗੁਰੂ ਅੰਗਦ ਦੇਵ ਜੀ ਨੂੰ ਜੀਂਵਦੇ ਜੀਅ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਗੁਰਤਾ ਗੱਦੀ ਦਾ ਤਿਲਕ ਲਵਾ ਕੇ ਆਪਣੀ ਜੋਤ ਗੁਰੂ ਅੰਗਦ ਦੇਵ ਜੀ ਵਿੱਚ ਰੱਖ ਕੇ ਉਹਨਾਂ ਨੂੰ ਨਮਸ਼ਕਾਰ ਕਰ ਦਿੱਤੀ :—

ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥
ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ॥

ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥
ਸਹਿ ਟਿਕਾ ਦਿਤੋਸੁ ਜੀਵਦੈ॥ ੧॥
ਲਹਿਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥

ਵਾਰ ਰਾਮਕਲੀ ਸਤੈ ਬਲਵੰਡਿ (ਪੰਨਾ : ੯੬੬)

ਤਥਾ :—ਲਹਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ॥
ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥

ਵਾਰ ਰਾਮਕਲੀ ਸਤੈ ਬਲਵੰਡਿ (ਪੰਨਾ : ੯੬੭)

ਗੁਰੂ ਅੰਗਦ ਦੇਵ ਜੀ ਵਾਂਗ ਹੀ ਗੁਰੂ ਗੋਰ ਵਿੱਚ ਸਮਾਈ ਲੈਣ ਵਾਸਤੇ ਆਏ ਸਨ, ਬਾਬਾ ਅਮਰਦਾਸ ਜੀ ਮਹਾਰਾਜ। ਜਿੱਥੇ ਗੁਰੂ ਅੰਗਦ ਦੇਵ ਜੀ ਨੇ ਆਪਣੇ ਚਰਨਾਂ ਵਿੱਚ ਸਮਾਈ ਦਿੱਤੀ, ਉੱਥੇ ਬਾਰਾਂ ਸਾਲ ਬਾਅਦ ਆਪਣਾ ਹੀ ਰੂਪ ਦੇ ਦਿੱਤਾ ਆਪਣਾ ਹੀ ਰੂਪ ਨਹੀਂ, ਦਾਦੇ ਗੁਰੂ ਨਾਨਕ ਨਿਰੰਕਾਰੀ ਦਾ ਰੂਪ ਬਣਾ ਦਿੱਤਾ ਤੇ ਗੁਰੂ ਅਮਰਦਾਸ ਜੀ ਨਾਦੀ ਪੋਤਰੇ ਦੀ ਦਰਗਾਹ ਵਿੱਚ ਪ੍ਰਵਾਨਗੀ ਹੋ ਗਈ॥

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥
ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ॥

ਵਾਰ ਸਤੈ ਬਲਵੰਡਿ (ਪੰਨਾ : ੯੬੮)

ਕੈਸਾ ਹੈ, ਗੁਰੂ ਗੋਰ ਦਾ ਬਿਰਦ, ਜਿਹੜਾ ਗੁਰੂ ਗੋਰ ਵਿੱਚ ਆ ਸਮਾਇਆ, ਗੁਰੂ ਨੇ ਉਸਨੂੰ ਆਪਣਾ ਹੀ ਰੂਪ ਬਣਾ ਲਿਆ। ਸਾਰੇ ਸਤਿਗੁਰਾਂ ਦਾ ਇਤਿਹਾਸ ਸਾਡੇ ਸਾਹਮਣੇ ਹੈ। ਜਿਹੜਾ ਸਿੱਖ ਵੀ ਗੁਰੂ ਗੋਰ ਵਿੱਚ ਸਮਾਈ ਲੈਣ ਲਈ ਭੈ ਭਾਵਨੀ ਧਾਰ ਕੇ ਗੁਰੂ ਸ਼ਰਣ ਆ ਗਿਆ, ਗੁਰੂ ਨੇ ਉਸਨੂੰ ਆਪਣੇ ਸੀਨੇ ਵਿੱਚ ਥਾਂਉ ਦਿੱਤੀ। ਭਾਈ ਬਿਧੀ ਚੰਦ ਜੀ ਨੇ ਗੁਰੂ ਸ਼ਰਣ ਨੂੰ ਪ੍ਰਾਪਤ ਕੀਤਾ, ਭਾਈ ਬਿਧੀ ਚੰਦ ਜੀ ਨੇ ਗੁਰੂ ਅਗਵਾਈ ਵਿੱਚ ਜੀਵਨ ਬਿਤਾਇਆ। ਸਮਾਂ ਆਇਆ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਬਚਨ ਕਰਕੇ ਭਾਈ ਬਿਧੀ ਚੰਦ ਜੀ ਨੂੰ ਨਿਵਾਜਿਆ :—

ਬਿਧੀ ਚੰਦ ਛੀਨਾ॥
ਗੁਰੂ ਕਾ ਸੀਨਾ॥

ਭਾਈ ਬਿਧੀ ਚੰਦ ਜੀ ਵਾਂਗ ਭਾਈ ਮੰਝ ਜੀ ਨੇ ਗੁਰੂ ਗੋਰ ਵਿੱਚ ਸਮਾਈ ਪ੍ਰਾਪਤ ਕੀਤੀ। ਸਾਹਿਬਾਂ ਤਰੁਠ ਕੇ ਸੰਸਾਰ ਦੇ ਭਵਜਲ ਵਿੱਚੋਂ ਪਾਰ ਲੰਘਣ ਲਈ ਭਾਈ ਮੰਝ ਨੂੰ ਜਹਾਜ ਥਾਪ ਦਿੱਤਾ। ਕੈਸੀ ਹੈ, ਗੁਰੂ ਦੀ ਬਖਸ਼ਸ਼ :—

ਮੰਝ ਪਿਆਰਾ ਗੁਰੂ ਨੂੰ ਗੁਰ ਮੰਝ ਪਿਆਰਾ॥

ਮੰਝ ਗੁਰੂ ਕਾ ਬੋਹਿਥਾ ਜਗ ਲੰਘਣ ਹਾਰਾ॥

ਸਤਿਗੁਰੂ ਜੀ ਨੇ ਸਾਰਿਆਂ ਲਈ ਖੁੱਲੀਆਂ ਬਖਸ਼ਸ਼ਾਂ ਕਰ ਦਿੱਤੀਆਂ ਹਨ, ਪਰ ਕੋਈ ਇਹਨਾਂ ਬਖਸ਼ਸ਼ਾਂ ਨੂੰ ਪ੍ਰਾਪਤ ਤਾਂ ਕਰੇ। ਸਤਿਗੁਰੂ ਜੀ ਨੇ ਖਾਲਸੇ ਨੂੰ ਆਪਣਾ ਖਾਸ ਰੂਪ ਦੇਣ ਦਾ ਵਾਇਦਾ ਕੀਤਾ ਹੈ ਅਤੇ ਸਦੀਵੀਂ ਖਾਲਸੇ ਵਿੱਚ ਨਿਵਾਸ ਕਰਨ ਲਈ ਬਚਨ ਦਿੱਤਾ ਹੈ। ਪਰ ਕੋਈ ਖਾਲਸਾ ਗੁਰੂ ਸ਼ਰਣ ਵਿੱਚ ਨਿਵਾਸ ਕਰਕੇ ਤਾਂ ਵੇਖੇ:—

ਖਾਲਸਾ ਮੇਰੋ ਰੂਪ ਹੈ ਖਾਸ॥

ਖਾਲਸੇ ਮਹਿ ਹੌ ਕਰੋ ਨਿਵਾਸ॥

ਤਥਾ :—**ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥**

ਪ੍ਰਭ ਮਹਿ, ਮੈ ਮਹਿ, ਤਾਸ ਮਹਿ ਰੰਚਕ ਨਾਹਿਨ ਭੇਵ॥

ਸਰਬ ਲੋਹ

ਗੁਰਬਾਣੀ ਦੀ ਤਰਤੀਬ - ਦੁੱਖ ਸੁੱਖ ਏਕ ਸਮਾਨ

ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਤਰਤੀਬ ਹੀ ਬਹੁਤ ਕਮਾਲ ਦੀ ਬਣਾਈ ਹੈ। ਖੁਸ਼ੀ ਦੇ ਸਮੇਂ, ਵਿਆਹ ਸ਼ਾਦੀ ਦੇ ਮੌਕੇ ਬੀਬੀਆਂ ਖੁਸ਼ੀ ਦਾ ਪ੍ਰਗਟਾਵਾ ਕਰਨ ਵਾਸਤੇ ਇਕੱਠੀਆਂ ਹੋ ਕੇ ਖੁਸ਼ੀ ਦੇ ਗੀਤ (ਛੰਤ) ਗਾਉਂਦੀਆਂ ਹਨ,

ਲਾੜੇ ਦੇ ਘੋੜੀ ਚੜ੍ਹ ਕੇ ਵਿਵਾਹ ਵਾਲੀ ਜੰਞ ਦੀ ਅਗਵਾਈ ਕਰਨ ਸਮੇਂ ਬੜਾ ਖੁਸ਼ੀ ਦਾ ਮਹੌਲ ਹੁੰਦਾ ਹੈ। ਉਸ ਖੁਸ਼ੀ ਦੇ ਪ੍ਰਗਟਾਉ ਨੂੰ ਵੀ ਬੀਬੀਆਂ ਘੋੜੀਆਂ ਗਾ-ਗਾ ਆਪਣੇ ਅੰਦਰ ਦੀ ਖੁਸ਼ੀ ਦਾ ਇਜ਼ਹਾਰ ਘੋੜੀਆਂ ਦੀ ਤਰਜ਼ ਤੇ ਗੀਤ ਗਾ ਕੇ ਕਰਦੀਆਂ ਹਨ। ਸਤਿਗੁਰੂ ਜੀ ਨੇ ਵੀ ਵਡਹੰਸ ਰਾਗ ਵਿੱਚ, ਪਹਿਲੇ, ਤੀਜੇ, ਚੌਥੇ ਪਾਤਸ਼ਾਹ ਜੀ ਦੀ ਛੰਤਾਂ ਦੀ ਤਰਜ਼ ਤੇ ਰਚੀ ਬਾਣੀ ਦਰਜ ਕੀਤੀ ਹੈ। ਉਸ ਤੋਂ ਪਿੱਛੋਂ ਘੋੜੀਆਂ ਦੇ ਸਿਰਲੇਖ ਹੇਠ, ਜੋ ਸ੍ਰੀ ਗੁਰੂ ਰਾਮ ਦਾਸ ਜੀ ਦੀ ਬਾਣੀ ਹੈ, ਉਸਨੂੰ ਦਰਜ ਕੀਤਾ ਹੈ। "**ਜਨ ਨਾਨਕ ਹਰਿ ਵਰੁ ਪਾਇਆ ਮੰਗਲੁ ਮਿਲਿ ਸੰਤ ਜਨਾ ਵਾਧਾਈ॥**" ਅਤੇ ਛੰਤਾਂ ਤੋਂ ਪਿੱਛੋਂ ਫਿਰ ਖੁਸ਼ੀ ਦੇ ਗੀਤ ਚੌਥੇ ਪਾਤਸ਼ਾਹ ਜੀ ਦੇ ਛੰਤ "**ਬਿਨਵੰਤਿ ਨਾਨਕ ਸੁਖੁ ਨਾਮਿ ਭਗਤੀ ਦਰਿ ਵਜਹਿ ਅਨਹਦ ਵਾਜੇ॥**" ਨਾਲ ਸਮਾਪਤੀ ਕੀਤੀ ਹੈ। ਖੁਸ਼ੀ ਦੇ ਪ੍ਰਗਟਾਉ ਲਈ ਵਾਜੇ ਵੱਜ ਰਹੇ ਸਨ। ਹਰ ਪਾਸੇ ਤੋਂ ਵਧਾਈਆਂ ਮਿਲ

ਰਹੀਆਂ ਹਨ, ਅਨਹਦ ਤੂਰੇ ਦੀ ਸੱਦ ਕੰਨਾਂ ਵਿੱਚ ਪੈ ਰਹੀ ਹੈ। ਕਿਤੇ ਗੁਰਸਿੱਖ ਜਗਿਆਸੂ ਖੁਸ਼ੀ ਦੇ ਗੀਤ ਗਾਉਂਦਾ, ਘੋੜੀਆਂ ਦੇ ਅਲਾਪ ਵਿੱਚ, ਮਸਤ ਹੋ ਕੇ ਵਾਜਿਆਂ ਦੀ ਘਨਘੋਰ ਰਾਹੀਂ, ਆਪੇ ਤੋਂ ਬਾਹਰ ਨਾ ਹੋ ਜਾਵੇ, ਸਮ-ਬ੍ਰਿਤੀ ਵਿੱਚ ਰੱਖਣ ਲਈ ਸਤਿਗੁਰੂ ਜੀ ਨੇ "ਦਰਿ ਵਜਹਿ ਅਨਹਦ ਵਾਜੇ' ਦੀ ਸਮਾਪਤੀ ਦੇ ਨਾਲ ਹੀ ਅਲਾਹਣੀਆਂ[੧] ਦੀ ਬਾਣੀ ਜੋ ਸ੍ਰੀ ਗੁਰੂ ਨਾਨਕ ਪਾਤਸ਼ਾਹ, ਜਗਤ ਬਾਬੇ ਜੀ ਦੀ ਰਚਨਾ ਹੈ, ਉਸਨੂੰ ਦਰਜ ਕੀਤਾ ਹੈ ਤਾਂ ਜੋ ਗੁਰਸਿੱਖ ਨੂੰ ਖੁਸ਼ੀ ਦੇ ਸਮੇਂ ਵਿੱਚ ਵੀ ਆਪਣੇ ਅੰਤ ਦੀ ਯਾਦ ਨ ਭੁੱਲੇ ਕਿਉਂਕਿ ਸਦਾ ਵਧਾਈਆਂ ਨਹੀਂ ਮਿਲਦੀਆਂ ਰਹਿਣੀਆਂ, ਸਦਾ ਖੁਸ਼ੀ ਦੇ ਵਾਜੇ ਨਹੀਂ ਵੱਜਦੇ ਰਹਿਣੇ, ਇੱਕ ਦਿਨ "**ਦਿਨ ਤੇ ਸਰਪਰ ਪਉਸੀ ਰਾਤਿ**" ਦੀ ਸਚਾਈ ਜ਼ਰੂਰ ਵਰਤਣੀ ਹੈ। ਉਸ ਵੇਲੇ :—

ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ॥

ਕਾਂਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ॥

ਵਡਹੰਸ ਮ: ੧ (ਪੰਨਾ : ੫੭੯)

ਦੀ ਖੇਡ ਜੋ ਹਰ ਇਕ ਨਾਲ ਵਰਤਣੀ ਹੈ, ਉਸਨੂੰ ਵੀ ਯਾਦ ਰੱਖਣਾ ਹੈ।

ਉਸ ਸਮੇਂ ਦੁੱਖ ਵਿੱਚ ਕਿਹੜੀ ਚੀਜ ਸਹਾਇਕ ਹੋ ਸਕਦੀ ਹੈ। ਉਸ ਵੇਲੇ ਕੀ ਕਰਨਾ ਹੈ। ਉਸ ਵੇਲੇ "**ਸਾਹਿਬੁ ਸਿਮਰਹੁ ਮੇਰੇ ਭਾਈ ਹੋ**" ਦੀ ਕਾਰ ਕਰਨੀ ਹੈ। ਕਿਉਂਕਿ "**ਸਭਨਾ ਏਹੋ ਪਇਆਣਾ**" ਸਭਨਾਂ ਨੇ ਇੱਥੋਂ ਕੂਚ ਕਰਨਾ ਹੈ। ਅਸਲੀਅਤ ਤਾਂ ਇਹ ਹੈ, ਕਿ "**ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ**", ਇਸ ਲਈ ਖੁਸ਼ੀ ਆਈ ਤੇ ਹੰਕਾਰ ਨਹੀਂ ਕਰਨਾ, ਇਹ ਸੰਸਾਰ ਤਾਂ, ਚਾਰ ਦਿਨਾਂ ਦੀ ਪ੍ਰਾਹੁਣਚਾਰੀ ਹੈ। "**ਆਗੈ ਸਰਪਰ ਜਾਣਾ ਜਿਉ ਮਿਹਮਾਣਾ ਕਾਹੇ ਗਾਰਬੁ ਕੀਜੈ॥ ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ॥**" ਦੀ ਕਾਰ ਕਰਨੀ ਚਾਹੀਦੀ ਹੈ। ਇਸ ਕਾਰ ਦੁਆਰਾ ਹੀ ਦੁੱਖ ਦੇ ਸਮੇਂ ਮਨ ਨੂੰ ਧੀਰਜ ਮਿਲਦਾ ਹੈ।

ਇਸੇ ਤਰ੍ਹਾਂ ਹੀ ਰਾਮਕਲੀ ਰਾਗ ਵਿੱਚ ਸਤਿਗੁਰੂ ਅਮਰਦਾਸ ਜੀ ਮਹਾਰਾਜ ਜੀ ਦੀ ਬਾਣੀ ਅਨੰਦ ਦੇ ਸਿਰਲੇਖ ਹੇਠ ਸਾਹਿਬਾਂ ਨੇ ੯੧੭ ਪੰਨੇ ਤੇ ਦਰਜ ਕੀਤੀ ਹੈ। ਜਿਸਨੂੰ ਹਰ ਗੁਰਸਿੱਖ ਨਿਤਨੇਮ ਨਾਲ ਬੜੇ ਉਤਸ਼ਾਹ ਤੇ ਪਿਆਰ ਨਾਲ ਪੜ੍ਹਦਾ ਹੈ।

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥

ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥

ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥

੧. ਪ੍ਰਾਣੀ ਦੀ ਮੌਤ ਤੋਂ ਪਿਛੋਂ ਸੋਗ ਮਈ, ਕੀਰਨਿਆ ਦੀ ਲੈਅ ਵਿੱਚ ਗਾਉਣ ਵਾਲੇ ਵੈਰਾਗਮਈ ਗੀਤ।

ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥ ੧ ॥

ਰਾਮਕਲੀ ਮ: ੩ (ਪੰਨਾ : ੯੧੭)

ਅਨੰਦ ਭਇਆ ਮੇਰੀ ਮਾਇ ਕਹਿੰਦਾ, ਵਧਾਈਆਂ ਦੀਆਂ ਗੱਲਾਂ ਕਰਦਾ ਰਾਗ ਰਤਨ ਪਰਵਾਰ ਪਰੀਆਂ ਨਾਲ ਖੇਲਦਾ ਮੱਲਦਾ, ਪੂਰਨ ਅਨੰਦ ਨੂੰ ਮਾਣਦਾ "**ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ** ਦੀ ਅਵਸਥਾ ਵਿੱਚ ਵਿਚਰਦਾ, ਜਦੋਂ ਪੂਰਨ ਖਿੜਾਉ ਵਿੱਚ ਜਾ ਕੇ "**ਵਾਜੇ ਅਨਹਦ ਤੂਰੇ**" ਦੀ ਧੁਨੀ ਸਮਾਪਤ ਕਰਦਾ ਹੈ ਤੇ ਅਗਲੇ ੯੨੩ ਵੇਂ ਪੰਨੇ ਤੇ ਨਿਗਾਹ ਪੈਂਦੀ ਹੈ। ਉਸ ਬਾਣੀ ਦਾ ਸਿਰਲੇਖ ਬਾਬਾ ਸੁੰਦਰ ਜੀ ਦਾ ਲਿਖਿਆ "ਰਾਮਕਲੀ ਸੱਦ ਨਦਰੀ ਪੈਂਦਾ ਹੈ, ਜਿਸ ਵਿੱਚ, ਸੰਸਾਰਕ ਦ੍ਰਿਸ਼ਟੀ ਅਨੁਸਾਰ ਸਾਰਾ ਕੁਝ ਹੀ ਮਨੁੱਖ ਦੀ ਖੁਸ਼ੀ ਦੇ ਉਲਟ ਹੈ। ਇਸ ਬਾਣੀ ਵਿੱਚ ਧੁਰ ਦਰਗਾਹ ਦੇ ਸੱਦੇ ਦੀ ਗੱਲ ਕੀਤੀ ਹੈ ਤੇ ਫੁਰਮਾਨ ਕੀਤਾ ਹੈ ਕਿ ਇਹ ਸੱਦਾ ਜੋ ਧੁਰ ਤੋਂ ਆਉਂਦਾ ਹੈ ਉਸਨੂੰ ਕੋਈ ਮੋੜ ਨਹੀਂ ਸਕਦਾ :—

ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ ॥

ਰਾਮਕਲੀ ਸਦੁ (ਪੰਨਾ : ੯੨੩)

ਕਿਉਂਕਿ, **ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥** ਦਾ ਸਿਲਸਿਲਾ ਲਗਾਤਾਰ ਜਾਰੀ ਹੈ ਇਥੇ ਕਿਸੇ ਦਾ ਜ਼ੋਰ ਨਹੀਂ। ਨਾ ਮਨੁੱਖ ਆਪਣੀ ਮਰਜੀ ਨਾਲ ਸੰਸਾਰ ਵਿੱਚ ਆਉਂਦਾ ਹੈ, ਨਾ ਆਪਣੀ ਮਰਜੀ ਨਾਲ ਏਥੋਂ ਜਾਂਦਾ ਹੈ। ਜੀਵ ਨੂੰ ਤਾਂ ਜਦੋਂ ਪ੍ਰਮੇਸ਼ਰ ਸੰਸਾਰ ਵਿੱਚ ਭੇਜ ਦਿੰਦਾ ਹੈ, ਸੰਸਾਰ ਵਿੱਚ ਆ ਜਾਂਦਾ ਹੈ। ਜਦੋਂ ਹੁਕਮ ਭੇਜ ਕੇ ਆਪਣੇ ਪਾਸ ਸੱਦ ਲੈਂਦਾ ਹੈ ਏਥੋਂ ਉੱਠ ਕੇ ਵਾਪਸ ਚਲਾ ਜਾਂਦਾ ਹੈ।

ਜੀਵ ਤਾਂ "**ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥**" ਦੀ ਕਾਰ ਹੀ ਕਮਾਉਂਦਾ ਹੈ।

ਫਿਰ ਇਸ ਸੰਸਾਰਕ ਦੁੱਖ ਦੇ ਸਮੇਂ ਕਰਨਾ ਕੀ ਹੈ ?

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥

ਰਾਮਕਲੀ ਸਦੁ (ਪੰਨਾ : ੯੨੩)

ਉਸ ਮਾਲਕ ਦੇ ਭਾਣੇ ਦੀ ਰਜ਼ਾ ਨੂੰ ਸਿਰ ਮੱਥੇ ਮੰਨ ਕੇ ਉਸ ਦੀ ਕੀਰਤੀ ਕਰਨੀ ਹੈ।

ਇਹਨਾਂ ਬਾਣੀਆਂ ਦੀ ਤਰਤੀਬ ਸਾਨੂੰ ਸੰਕੇਤ ਦਿੰਦੀ ਹੈ ਕਿ ਗੁਰੂ ਕੇ ਸਿੱਖ ਨੇ ਖੁਸ਼ੀ ਆਈ ਤੇ ਖੁਸ਼ੀ ਨੂੰ ਮਾਣਦੇ ਹੋਏ ਆਪੇ ਤੋਂ ਬਾਹਰ ਨਹੀਂ ਹੋਣਾ, ਹਰ ਖੁਸ਼ੀ ਵਿੱਚ

ਗਮੀਂ ਦਾ, ਹਰ ਸੁੱਖ ਵਿਚ ਦੁੱਖ ਦਾ ਕੁੰਡਾ ਸਿਰ ਤੇ ਰੱਖ ਕੇ ਗੁਰੂ ਹੁਕਮ ਵਿੱਚ ਦੁੱਖ ਸੁੱਖ ਏਕ ਸਮਾਨ ਦੀ ਕਾਰ ਕਰਦੇ ਹੋਏ ਸਮ ਬ੍ਰਿਤੀ ਵਿੱਚ ਰਹਿ ਕੇ ਜੀਵਨ ਨੂੰ ਸੰਤੁਲਨ ਵਿੱਚ ਰੱਖ ਕੇ, ਜ਼ਿੰਦਗੀ ਬਤੀਤ ਕਰਨੀ ਹੈ ਅਤੇ ਗੁਰੂ ਖੁਸ਼ੀ ਨੂੰ ਪ੍ਰਾਪਤ ਕਰਨਾ ਹੈ।

ਕੈਸੇ ਸਨ ਭਾਈ ਭਿਖਾਰੀ ਜੀ ਵਰਗੇ ਗੁਰਸਿੱਖ, ਇੱਕ ਪਾਸੇ ਆਪਣੇ ਪੁੱਤਰ ਦੇ ਵਿਆਹ ਦਾ ਕਾਰਜ ਅਰੰਭਿਆ ਹੋਇਆ ਹੈ, ਘਰ ਵਿੱਚ ਛੰਤ ਤੇ ਘੋੜੀਆਂ ਗਾਈਆਂ ਜਾ ਰਹੀਆਂ ਹਨ। ਹਲਵਾਈ ਮਠਿਆਈਆਂ ਤਿਆਰ ਕਰ ਰਹੇ ਹਨ, ਦਰਜੀ ਵਰੀ ਦੇ ਸੂਟ ਬਣਾ ਰਿਹਾ ਹੈ, ਸਾਰਾ ਕੋੜਮਾ, ਰਿਸ਼ਤੇਦਾਰ, ਪੁੱਤਰ ਦੇ ਵਿਆਹ ਦੀਆਂ ਵਧਾਈਆਂ ਦੇ ਰਹੇ ਹਨ। ਭਾਈ ਭਿਖਾਰੀ ਜੀ, ਸਮ ਬ੍ਰਿਤੀ ਵਿੱਚ ਸਭ ਦਾ ਆਦਰ ਮਾਣ ਕਰਕੇ ਵਧਾਈਆਂ ਵੀ ਕਬੂਲ ਰਹੇ ਹਨ, ਲੋੜੀਂਦੀਆਂ ਸਾਰੀਆਂ ਵਸਤੂਆਂ ਵੀ ਖ੍ਰੀਦ ਕੇ ਲਿਆ ਰਹੇ ਹਨ, ਨਾਲ-ਨਾਲ ਸਮਾਂ ਮਿਲੇ ਤੇ ਤੱਪੜ ਵੀ ਗੰਢੀ ਜਾਂਦੇ ਹਨ ਤੇ ਮਿਰਤਕ ਦੀ ਸਮੱਗਰੀ ਵੀ ਤਿਆਰ ਕਰੀ ਜਾ ਰਹੇ ਹਨ। ਪੁੱਛਣ ਵਾਲੇ ਦੀ ਪੁੱਛ ਕਰਨ ਤੇ ਉੱਤਰ ਦਿੱਤਾ, ਇਹਨਾਂ ਦੀ ਵੀ ਲੋੜ ਪੈ ਸਕਦੀ ਹੈ।

ਸਾਰਾ ਕਾਰਜ ਵਿਆਹ ਦਾ ਆਪ ਮੂਹਰੇ ਹੋ ਕੇ ਸਮ ਬ੍ਰਿਤੀ ਵਿੱਚ ਰਹਿ ਕੇ ਸਾਰੀਆਂ ਜ਼ਿੰਮੇਵਾਰੀਆਂ ਨਿਭਾਈਆਂ। ਵਿਆਹ ਤੋਂ ਦੂਸਰੇ ਦਿਨ ਬਾਅਦ ਹੀ ਭਾਈ ਭਿਖਾਰੀ ਜੀ ਦਾ ਪੁੱਤਰ ਚਲਾਣਾ ਕਰ ਗਿਆ। ਘਰ ਦੀ ਸਾਰੀ ਖੁਸ਼ੀ ਅੱਤ ਗਮੀਂ ਵਿੱਚ ਬਦਲ ਗਈ ਪਰ ਭਾਈ ਭਿਖਾਰੀ ਜੀ ਨੇ ਉਸੇ ਸਮ ਬਿਰਤੀ ਨਾਲ ਹਰਖ ਸ਼ੋਕ ਤੋਂ ਉੱਪਰ ਉੱਠ ਕੇ ਪਹਿਲੋਂ ਤਿਆਰ ਕੀਤੀ ਮ੍ਰਿਤਕ ਦੀ ਸਾਰੀ ਸਮੱਗਰੀ ਵਰਤ ਕੇ, ਪੁੱਤਰ ਦਾ ਆਪਣੇ ਹੱਥੀ ਸੰਸਕਾਰ ਕੀਤਾ ਤੇ ਪਹਿਲੋਂ ਗੰਢ-ਤੁੱਪ ਕੇ ਤਿਆਰ ਕੀਤੇ ਤੱਪੜ ਦਰੀਆਂ ਪਰਚਾਉਣੀ ਕਰਨ ਆਏ, ਸਬੰਧੀਆਂ ਹੇਠ ਵਿਛਾ ਕੇ ਪਰਚਾਉਣੀ ਕਰਨ ਲੱਗ ਪਏ, ਜੋ ਵੀ ਅਫ਼ਸੋਸ ਕਰਨ ਆਉਂਦਾ, ਉਸਨੂੰ ਧੀਰਜ ਦਿੰਦੇ। ਭਾਈ ਗੁਰਮੁਖ ਨੇ ਹਿੰਮਤ ਕਰਕੇ ਭਾਈ ਭਿਖਾਰੀ ਜੀ ਨੂੰ ਪੁੱਛ ਹੀ ਲਿਆ, ਜੇ ਤੁਹਾਨੂੰ ਪਤਾ ਸੀ ਕਿ ਪੁੱਤਰ ਨੇ ਚੜ੍ਹਾਈ ਕਰ ਜਾਣੀ ਹੈ, ਫਿਰ ਇਸ ਦਾ ਵਿਆਹ ਕਿਉਂ ਕੀਤਾ ? ਭਾ: ਭਿਖਾਰੀ ਜੀ ਨੇ ਉੱਤਰ ਦਿੱਤਾ। ਭਾਈ ਗੁਰਮੁਖ ਜੀ, ਸਭ ਕੁਝ ਪਤਾ ਹੁੰਦੇ ਵੀ ਉਸ ਮਾਲਕ ਦੇ ਭਾਣੇ ਵਿੱਚ ਰਾਜ਼ੀ ਰਹਿਣਾ, ਉਸ ਮਾਲਕ ਦੇ ਹੁਕਮ ਨੂੰ ਸੱਤ ਕਰਕੇ ਮੰਨਣਾ ਇਹ ਹੀ ਗੁਰਮੁਖਤਾਈ ਹੈ। ਜੇ ਮਾਲਕ ਦੇ ਦਰ ਵਿੱਚ ਪ੍ਰਵਾਨਗੀ ਲੈਣੀ ਹੈ, ਫਿਰ ਤਾਂ:—

ਹੁਕਮੁ ਮੰਨੇ ਸੋ ਜਨੁ ਪਰਵਾਣੁ ॥ ਗੁਰ ਕੈ ਸਬਦਿ ਨਾਮਿ ਨੀਸਾਣੁ ॥

ਬਸੰਤ ਮ: ੩ (ਪੰਨਾ : ੧੧੭੫)

ਤਥਾ :—ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥
ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ॥
ਤਾ ਦਰਗਹ ਪੈਧਾ ਜਾਇਸੀ॥ ੧੫॥

ਆਸਾ ਦੀ ਵਾਰ (ਪੰਨਾ : ੪੭੧)

ਤਵਾਰੀਖ ਗੁਰੂ ਖਾਲਸਾ, ਕ੍ਰਿਤ ਗਿਆਨੀ ਗਿਆਨ ਸਿੰਘ ਜੀ ਅਨੁਸਾਰ ਇੱਕ ਦਿਨ ਭਾਈ ਕਪੂਰ ਦੇਵ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਪਾਤਸ਼ਾਹ, ਜਿਹੜੇ ਗੁਰਸਿੱਖ ਤੁਹਾਨੂੰ ਬਹੁਤ ਪਿਆਰੇ ਹਨ, ਕ੍ਰਿਪਾ ਕਰਕੇ ਐਸੇ ਗੁਰਸਿੱਖ ਦੇ ਦਰਸ਼ਨ ਕਰਾਵੋ।

ਸਾਹਿਬ ਪੰਚਮ ਪਾਤਸ਼ਾਹ ਜੀ ਨੇ ਬਚਨ ਕੀਤਾ ਕਪੂਰਦੇਵ! ਭਾਈ ਸੰਮਨ, ਪਿੰਡ ਸ਼ਹਿਬਾਜਪੁਰ (ਅੰਮ੍ਰਿਤਸਰ) ਵਿੱਚ ਰਹਿੰਦਾ ਹੈ। ਉਸਦੇ ਦਰਸ਼ਨ ਕਰ ਆਉਣਾ। ਭਾਈ ਕਪੂਰ ਦੇਵ ਸਤਿਗੁਰਾਂ ਦਾ ਹੁਕਮ ਮੰਨ ਕੇ ਸੰਮਨ ਜੀ ਦੇ ਘਰ ਪੁੱਜ ਗਿਆ। ਭਾਈ ਸੰਮਨ ਨੇ ਗੁਰੂ ਕਾ ਸਿੱਖ ਜਾਣ ਕੇ ਬੜੇ ਪਿਆਰ ਨਾਲ ਸੇਵਾ ਕੀਤੀ। ਸੰਮਨ ਨੇ ਭਾਈ ਕਪੂਰ ਦੇਵ ਜੀ ਨਾਲ ਗੁਰਮਤ ਵਿਚਾਰਾਂ ਕਰਨੀਆਂ ਅਰੰਭ ਕਰ ਦਿੱਤੀਆਂ। ਵੀਚਾਰਾਂ ਕਰਦਿਆਂ-ਕਰਦਿਆਂ ਭਾਈ ਸੰਮਨ ਨੇ ਪਾਟੇ ਹੋਏ ਤੱਪੜ ਤੇ ਦਰੀਆਂ ਗੰਢਣੇ ਅਰੰਭ ਕਰ ਦਿੱਤੇ।

ਭਾਈ ਕਪੂਰ ਦੇਵ ਨੇ, ਭਾਈ ਸੰਮਨ ਨੂੰ ਸੰਬੋਧਨ ਕਰਕੇ ਕਿਹਾ, ਭਾਈ ਸੰਮਨ ਜੀ! ਤੁਸੀਂ ਕਿਹੜੇ ਫਜੂਲ ਨਿਕੰਮੇ ਕੰਮਾਂ ਵਿੱਚ ਪਰਚ ਰਹੇ ਹੋ। ਸੰਮਨ ਜੀ ਕਹਿਣ ਲੱਗੇ, ਇਹ ਵੀ ਕੰਮ ਆਉਣੇ ਹਨ, ਇਹਨਾਂ ਦੀ ਵੀ ਲੋੜ ਪੈਣੀ ਹੈ। ਲੋੜ ਪੈਣ ਤੋਂ ਪਹਿਲਾਂ ਇਹਨਾਂ ਦੀ ਮੁਰੰਮਤ ਕਰ ਲਈਏ।

ਕਾਫੀ ਰਾਤ ਗਈ, ਕਪੂਰ ਦੇਵ ਭਾਈ ਸੰਮਨ ਤੇ ਸਾਰਾ ਪਰਿਵਾਰ ਗੁਰੂ ਕੀਰਤੀ ਕਰਨ ਉਪ੍ਰੰਤ ਅਰਾਮ ਕਰਨ ਲੱਗ ਪਏ। ਤੜਕ ਸਾਰ ਪਿੰਡ ਵਿੱਚ ਡਾਕਾ ਪੈ ਗਿਆ, ਪਿੰਡ ਵਾਲਿਆਂ ਵਲੋਂ, ਮਦਦ ਲਈ [1]ਗੁਹਾਰ ਪੈਣ ਤੇ ਸੰਮਨ ਦਾ ਪੁੱਤਰ ਵੀ ਮਦਦ ਲਈ ਡਾਕੂਆਂ ਪਿੱਛੇ ਗਿਆ।

ਧਾੜਵੀਆਂ ਨੇ ਗੋਲੀ ਚਲਾ ਦਿੱਤੀ, ਸੰਮਨ ਦਾ ਪੁੱਤਰ ਥਾਵੇਂ ਹੀ ਪੂਰਾ ਹੋ ਗਿਆ। ਸੰਮਨ ਨੇ ਪੁੱਤਰ ਦੀ ਲਾਸ਼ ਘਰ ਲਿਆਂਦੀ, ਕੀਰਤਨ ਕਰਦੇ ਬਿਨਾਂ ਸ਼ੋਕ ਕੀਤੇ ਪ੍ਰਭੂ ਦੀ ਰਜ਼ਾ ਵਿੱਚ ਰਹਿੰਦੇ, ਸੰਸਕਾਰ ਕੀਤਾ। ਉਹੋ ਹੀ ਗੰਢ-ਤੁੱਪ ਕੀਤੀ ਵਾਲਾ ਤੱਪੜ, ਪਰਚਾਉਣੀ ਕਰਨ ਵਾਲਿਆ ਹੇਠ ਵਿਛਾ ਕੇ ਪਰਚਾਉਣੀ ਕੀਤੀ।

੧. ਪੁਕਾਰ, ਅਵਾਜ਼

ਭਾਈ ਕਪੂਰ ਦੇਵ ਪਾਸੋਂ ਰਿਹਾ ਨਾ ਗਿਆ। ਭਾਈ ਸੰਮਨ ਨੂੰ ਉਸਨੇ ਪੁੱਛ ਹੀ ਲਿਆ, ਜੇ ਤੁਹਾਨੂੰ ਪਤਾ ਸੀ, ਤੁਸੀਂ ਸ੍ਰੀ ਗੁਰੂ ਅਰਜਨ ਜੇਵ ਜੀ ਨੂੰ ਬੇਨਤੀ ਕਰਕੇ, ਆਪਣੇ ਬੇਟੇ ਦੀ ਜ਼ਿੰਦ ਬਖਸ਼ੀ ਕਰਵਾ ਲੈਂਦੇ। ਭਾਈ ਸੰਮਨ ਨੇ ਉੱਤਰ ਦਿੱਤਾ, ਭਾਈ ਕਪੂਰ ਦੇਵ, ਸਰੀਰ ਅਸੱਤ ਹਨ। ਇੱਕ ਦਿਨ ਇਹਨਾਂ ਨੇ ਬਿਨਸਣਾ ਹੀ ਹੈ। ਸੋ ਬਿਨਸਨਹਾਰ ਲਈ ਗੁਰੂ ਜੀ ਪਾਸੋਂ ਕੀ ਮੰਗੀਏ ?

ਗੁਰੂ ਜੀ ਪਾਸੋਂ ਜੇ ਮੰਗੀਏ ਤਾਂ ਨਾਮ ਮੰਗੀਏ ਜੋ ਸਦਾ ਸਤਿ ਰਹਿਣ ਵਾਲੀ ਵਸਤੂ ਹੈ, ਜੋ ਸਦਾ ਆਤਮਾਂ ਦੇ ਨਾਲ ਨਿੱਭਦੀ ਹੈ। ਅਸਲ ਗੱਲ ਤਾਂ ਇਹ ਹੈ, ਨਾ ਕੋਈ ਕਿਸੇ ਦਾ ਪਿਤਾ, ਨਾ ਕੋਈ ਕਿਸੇ ਦਾ ਪੁੱਤਰ, ਇਹ ਤਾਂ "**ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥**" ਵਾਲੀ ਗੱਲ ਹੈ। ਚਾਰ ਦਿਨਾਂ ਦੀ ਖੇਡ ਹੈ। ਖੁਸ਼ੀ ਗਮੀਂ ਉਸ ਮਾਲਕ ਦੀ ਖੇਡ ਹੈ। ਧੰਨ ਹਨ ਐਸੇ ਗੁਰੂ ਪਿਆਰੇ ਜੋ ਗੁਰੂ ਹੁਕਮ ਵਿੱਚ,

ਤੈਸਾ ਹਰਖੁ ਤੈਸਾ ਉਸੁ ਸੋਗੁ॥
ਸਦਾ ਅਨੰਦੁ ਤਹ ਨਹੀ ਬਿਓਗੁ॥

ਦੀ ਬਿਰਤੀ ਵਿੱਚ ਵਿਚਰਦੇ,

ਸੁਖਮਨੀ ਮ: ੫ (ਪੰਨਾ : ੨੭੫)

ਜੇ ਭੁਖ ਦੇਹਿ ਤ ਇਤ ਹੀ ਰਾਜਾ
ਦੁਖ ਵਿਚਿ ਸੂਖ ਮਨਾਈ॥

ਸੂਹੀ ਮ: ੪ (ਪੰਨਾ : ੭੫੭)

ਦੇ ਬਚਨਾਂ ਨੂੰ ਸਿਰ ਨਿਵਾ ਕੇ ਮੰਨਦੇ ਹੋਏ, ਪ੍ਰਭੂ ਮਾਲਕ ਦੀ ਰਜ਼ਾ ਵਿੱਚ ਆਪਣੀ ਰਜ਼ਾ ਨੂੰ ਲੀਨ ਕਰਕੇ ਗੁਰੂ ਖੁਸ਼ੀ ਪ੍ਰਾਪਤ ਕਰ ਲੈਂਦੇ ਹਨ ਕਿਉਂਕਿ ਪ੍ਰਭੂ ਮਾਲਕ ਨੂੰ ਉਹ ਗੁਰੂ ਪਿਆਰਾ ਹੀ ਚੰਗਾ ਲੱਗਦਾ ਹੈ ਜੋ ਉਸ ਮਾਲਕ ਦੇ ਭਾਣੇ ਵਿੱਚ ਰਾਜ਼ੀ ਰਹਿੰਦਾ ਹੈ। ਜਿਵੇਂ ਭਾਈ ਗੁਰਦਾਸ ਜੀ ਨੇ ਪ੍ਰੋੜਤਾ ਕੀਤੀ ਹੈ :—

ਖਸਮੈ ਸੋਈ ਭਾਂਵਦਾ ਖਸਮੈ ਦਾ ਜਿਸੁ ਭਾਣਾ ਭਾਵੈ॥

(ਵਾਰ : ੨੯ ਪਉੜੀ : ੧੩)

ਪ੍ਰਭੂ ਜੀ ਨੂੰ ਭਾਅ ਜਾਣ ਵਾਲੇ ਗੁਰਮੁਖ ਜਿਹੜੇ ਆਪਣੇ ਮਾਲਕ ਦੀ ਰਜ਼ਾ ਵਿੱਚ ਸਦਾ ਅਨੰਦਤ ਰਹਿੰਦੇ ਹਨ, ਸੁੱਖ ਅਤੇ ਦੁੱਖ ਵਿੱਚ ਸਮ ਬਿਰਤੀ ਦੇ ਧਾਰਨੀ ਬਣ ਕੇ, ਮਾਲਕ ਦੀ ਪ੍ਰਸੰਨਤਾ ਪ੍ਰਾਪਤ ਕਰ ਲੈਂਦੇ ਹਨ। ਐਸੇ ਗੁਰਮੁਖ ਜਨ ਸੰਸਾਰ ਵਿੱਚ ਆਪਣਾ ਜੀਵਨ ਕਿਸ ਤਰ੍ਹਾਂ ਦਾ ਬਤੀਤ ਕਰਦੇ ਹਨ। ਭਾਈ ਗੁਰਦਾਸ ਜੀ ਨੇ ਅਠਾਰਵੀਂ ਵਾਰ ਦੀ ਇਕਹੀਵੀਂ ਪਉੜੀ ਵਿੱਚ ਵਰਨਣ ਕੀਤਾ ਹੈ।

ਰਜ਼ਾ ਵਿੱਚ ਰਾਜ਼ੀ ਰਹਿਣ ਵਾਲੇ ਗੁਰਮੁਖ ਆਪਣੇ ਮਨ ਵਿੱਚੋਂ ਹਉਮੈਂ ਨੂੰ ਦੂਰ ਕਰ ਦਿੰਦੇ ਹਨ ਅਤੇ ਉਹਨਾਂ ਨੂੰ ਹਮੇਸ਼ਾ ਆਪਣੇ ਮਾਲਕ ਦਾ ਭਾਣਾ ਹੀ ਚੰਗਾ ਲੱਗਦਾ ਹੈ।

ਹੁਕਮ ਰਜਾਈ ਬੰਦੇ, ਗੁਰੂ ਦਾ ਹੁਕਮ ਮੰਨ ਕੇ, ਹਮੇਸ਼ਾ ਗੁਰੂ ਦੀ ਸ਼ਰਨ ਵਿੱਚ ਆਪਾ ਸਮਰਪਿਤ ਕਰੀ ਰੱਖਦੇ ਹਨ। ਇਸ ਸੰਸਾਰ ਵਿੱਚ ਮਾਣ ਹੁੰਦਿਆ ਨਿਮਾਣੇ ਬਣ ਕੇ, ਦਰਗਾਹ ਵਿੱਚ ਸਤਿਕਾਰਤ ਪਦਵੀ ਨੂੰ ਪ੍ਰਾਪਤ ਕਰ ਲੈਂਦੇ ਹਨ।

ਹੁਕਮੀ ਬੰਦੇ ਨਾ ਬੀਤ ਗਏ ਸਮੇਂ ਨੂੰ ਯਾਦ ਕਰਦੇ ਹਨ, ਨਾ ਆਉਣ ਵਾਲੇ ਸਮੇਂ ਦੀਆਂ ਸੋਚਾਂ ਸੋਚ ਕੇ ਸਮੇਂ ਨੂੰ ਅਜਾਈ ਗਵਾਉਂਦੇ ਹਨ, ਸਗੋਂ ਵਰਤਮਾਨ ਸਮੇਂ ਵਿੱਚ ਜੋ ਮਾਲਕ ਕਰਦਾ ਹੈ, ਉਸਨੂੰ ਮਾਲਕ ਦਾ ਹੁਕਮ ਜਾਣ ਕੇ, ਉਸਨੂੰ ਸਿਰ ਮੱਥੇ ਪ੍ਰਵਾਨ ਕਰਦੇ ਹਨ।

ਪ੍ਰਭੂ ਭਾਣੇ ਵਿੱਚ ਰਾਜੀ ਰਹਿਣ ਵਾਲੇ ਗੁਰਮੁਖ ਇਹ ਸਮਝਦੇ ਹਨ ਕਿ ਜੋ ਵੀ ਦੁੱਖ ਦਾ ਜਾਂ ਸੁੱਖ ਦਾ ਕਾਰਨ ਬਣਿਆ ਹੈ ਇਹ ਕਰਤੇ ਨੇ ਹੀ ਬਣਾਇਆ ਹੈ। ਇਸ ਲਈ ਕਰਤੇ ਦੀ ਰਜ਼ਾ ਨੂੰ ਸਿਰ-ਮੱਥੇ ਪ੍ਰਵਾਨ ਕਰਕੇ, ਉਸ ਮਾਲਕ ਦਾ ਧੰਨਵਾਦ ਤੇ ਸ਼ੁਕਰਾਨਾ ਹੀ ਹਰ ਸਮੇਂ ਕਰਦੇ ਰਹਿੰਦੇ ਹਨ।

ਆਪਾ ਨਿਵਾਰੀ ਗੁਰਮੁਖ ਹਮੇਸ਼ਾ ਆਪਣੇ ਮਾਲਕ ਦੀ ਰਜ਼ਾ ਵਿੱਚ ਆਪਣੀ ਮਰਜੀ ਨੂੰ ਲੀਨ ਕਰ ਕੇ ਸੰਸਾਰ ਵਿੱਚ ਇਸ ਤਰ੍ਹਾਂ ਨਿਰਲੇਪ ਵਿਚਰਦੇ ਹਨ, ਜਿਸ ਤਰ੍ਹਾਂ, ਸੰਸਾਰ ਵਿੱਚ, ਮੁਸਾਫਰ ਅਤੇ ਪ੍ਰਾਹੁਣਾ ਆਪਣਾ ਜੀਵਨ ਬਤੀਤ ਕਰਦਾ ਹੈ। ਉਹਨਾਂ ਨੂੰ ਸੰਸਾਰ ਨਾਲ ਕੋਈ ਪਕੜ ਨਹੀਂ ਹੁੰਦੀ।

ਉਹ ਗੁਰਮੁਖ ਹਮੇਸ਼ਾ ਵਿਸਮਾਦ ਦੀ ਦਸ਼ਾ ਵਿੱਚ ਰਹਿੰਦੇ ਹੋਏ ਕਾਦਰ ਦੀ ਕੁਦਰਤ ਤੋਂ ਸਦਾ ਕੁਰਬਾਨ ਜਾਂਦੇ ਹਨ।

ਐਸੇ ਭਾਈ ਭਿਖਾਰੀ, ਭਾਈ ਸੰਮਨ ਵਰਗੇ ਗੁਰਸਿੱਖ ਸੰਸਾਰ ਦੇ ਮੋਹ ਮਾਇਆ ਦੀ ਪਕੜ ਤੋਂ ਨਿਰਲੇਪ ਰਹਿੰਦੇ ਹੋਏ, ਸੁਤੰਤਰ ਆਤਮਕ ਜੀਵਨ ਬਤੀਤ ਕਰਦੇ ਹਨ। ਐਸੇ ਗੁਰਮੁਖਾਂ ਪ੍ਰਥਾਇ ਭਾਈ ਗੁਰਦਾਸ ਜੀ ਦਾ ਫੁਰਮਾਨ ਹੈ :—

੧. ਗੁਰਮੁਖਿ ਹਉਮੈ ਪਰਹਰੈ, ਮਨਿ ਭਾਵੈ ਖਸਮੈ ਦਾ ਭਾਣਾ॥
੨. ਪੈਰੀ ਪੈ ਪਾ ਖਾਕ ਹੋਇ, ਦਰਗਹ ਪਾਵੈ ਮਾਣੁ ਨਿਮਾਣਾ॥
੩. ਵਰਤਮਾਨ ਵਿਚਿ ਵਰਤਦਾ, ਹੋਵਣਹਾਰ ਸੋਈ ਪਰਵਾਣਾ॥
੪. ਕਾਰਣੁ ਕਰਤਾ ਜੋ ਕਰੈ, ਸਿਰਿ ਧਰਿ ਮੰਨਿ ਕਰੈ ਸੁਕਰਾਣਾ॥
੫. ਰਾਜੀ ਹੋਇ ਰਜਾਇ ਵਿਚਿ, ਦੁਨੀਆਂ ਅੰਦਰਿ ਜਿਉ ਮਿਹਮਾਣਾ॥

੬. ਵਿਸਮਾਦੀ ਵਿਸਮਾਦ ਵਿਚਿ, ਕੁਦਰਤਿ ਕਾਦਰ ਨੋ ਕੁਰਬਾਣਾ॥
੭. ਲੇਪ ਅਲੇਪ ਸਦਾ ਨਿਰਬਾਣਾ॥ ੩੧,

(ਵਾਰ ੧੮ ਪਉੜੀ : ੨੧)

ਅਤੇ **ਵਾਟ[1] ਵਟਾਊ[2] ਰਾਤਿ, [3]ਸਰਾਈਂ ਵਸਿਆ॥**
ਉਠ ਚਲਿਆ ਪਰਭਾਤਿ[4], ਮਾਰਗਿ ਦੱਸਿਆ[5]॥
ਨਾਹਿ ਪਰਾਈ ਤਾਤਿ[6], ਨ ਚਿਤਿ ਰਹੱਸਿਆ[7]॥
ਮੁਏ ਨ ਪੁਛੈ ਜਾਤਿ, ਵਿਵਾਹਿ ਨ ਹਸਿਆ॥
ਦਾਤਾ ਕਰੇ ਜੁ ਦਾਤਿ, ਨ ਭੁਖਾ ਤਸਿਆ[8]॥
ਗੁਰਮੁਖਿ ਸਿਮਰਣੁ ਵਾਤਿ[9] ਕਵਲੁ ਵਿਗਸਿਆ[10]॥ ੫॥

ਵਾਰ : ੧੯, ਪਉੜੀ : ੫

ਧੰਨ ਹਨ ਐਸੇ ਗੁਰੂ ਪਿਆਰੇ, ਜਿਹਨਾਂ ਨੂੰ ਗੁਰੂ ਮਾਰਗ ਤੇ ਚੱਲ ਕੇ ਸਤਿਗੁਰੂ ਜੀ ਨੂੰ ਰੀਝਾਵਣ ਦਾ ਵੱਲ ਆ ਗਿਆ ਹੈ। ਉਹਨਾਂ ਨੂੰ ਸੰਸਾਰ ਵਿੱਚ ਰਹਿੰਦੇ ਹੋਏ ਕਿਵੇਂ ਖੁਸ਼ੀ ਗਮੀਂ ਤੋਂ ਨਿਰਲੇਪ ਰਹਿਣਾ ਹੈ, ਸਤਿਗੁਰੂ ਨਾਨਕ ਪਾਤਸ਼ਾਹ ਜੀ ਦੀ ਗੁਰਬਾਣੀ ਤੋਂ ਉਹਨਾਂ ਨੂੰ ਸੇਧ ਪ੍ਰਾਪਤ ਹੋ ਗਈ ਹੈ, ਜਿਸ ਤਰ੍ਹਾਂ ਕਉਲ ਫੁੱਲ ਪਾਣੀ ਵਿੱਚੋਂ ਪੈਦਾ ਹੁੰਦਾ ਹੈ, ਪਾਣੀ ਹੀ ਉਸ ਦਾ ਜੀਵਨ ਅਧਾਰ ਹੈ, ਪਰ ਕਉਲ ਫੁੱਲ ਪਾਣੀ ਦਾ ਅਸਰ ਨਹੀਂ ਕਬੂਲਦਾ, ਪਾਣੀ ਵਿੱਚ ਰਹਿੰਦੇ ਹੋਏ ਪਾਣੀ ਤੋਂ ਅਭਿੱਜ ਰਹਿੰਦਾ ਹੈ। ਉਹਨਾਂ ਨੇ ਆਪਣਾ ਜੀਵਨ ਪਾਣੀ ਵਿੱਚ ਰਹਿਣ ਵਾਲੀ ਮੁਰਗਾਬੀ ਵਰਗਾ ਬਣਾ ਲਿਆ ਹੁੰਦਾ ਹੈ। ਸਤਿਗੁਰੂ ਜੀ ਦੀ ਬਾਣੀ ਉਹਨਾਂ ਦੇ ਜੀਵਨ ਦਾ ਧੁਰਾ ਬਣ ਚੁੱਕੀ ਹੁੰਦੀ ਹੈ।

ਉਹਨਾਂ ਦਾ ਜੀਵਨ:—

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥

ਮ: ੧, ਸਿਧ ਗੋਸਟਿ (ਪੰਨਾ : ੯੩੮)

ਸਰੀਰ ਕਰਕੇ ਸੰਸਾਰ ਵਿੱਚ ਵਿਚਰਦੇ ਆਪਣੀਆਂ ਜਿੰਮੇਵਾਰੀਆਂ ਨੂੰ ਸੰਸਾਰੀ

---

੧. ਰਸਤਾ, ੨. ਮੁਸਾਫਰ, ੩. ਸਰਾਂ ਵਿੱਚ ਠਹਿਰਿਆ, ੪. ਸਵੇਰ ਵੇਲੇ, ੫. ਜਿਸ ਵੇਲੇ ਰਸਤਾ ਦਿੱਸਣ ਲੱਗਾ, ੬. ਦ੍ਵੈਤ, ੭. ਖ਼ੁਸ਼ ਅਨੰਦ, ੮. ਤਿਹਾਇਆ, ੯. ਮੁੱਖ, ੧੦. ਖਿੜਿਆ ਰਹਿੰਦਾ ਹੈ।

ਲੋਕਾਂ ਵਾਂਗ ਨਿਭਾਉਂਦੇ ਹਨ, ਉਹਨਾਂ ਵਿੱਚ ਕੁਤਾਹੀ ਨਹੀਂ ਕਰਦੇ, ਪਰ ਸੁਰਤ ਕਰਕੇ, ਮਨ ਕਰਕੇ ਪ੍ਰਭੂ ਚਰਨਾਂ ਨਾਲ ਜੁੜੇ ਰਹਿੰਦੇ ਹਨ। ਸੰਸਾਰ ਵਿੱਚ ਰਹਿੰਦਿਆਂ ਸੁਰਤ ਨਾਲ ਦੋ ਕੰਮ ਕਿਵੇਂ ਕਰੀ ਜਾਂਦੇ ਹਨ?, ਕਿਉਂਕਿ ਸੁਰਤ ਨੇ ਹੀ ਸੰਸਾਰ ਦੇ ਕੰਮ ਕਰਨੇ ਹਨ। ਸਰੀਰ ਤਾਂ ਇੱਕ ਵਸੀਲਾ ਹੈ। ਜੇ ਵਸੀਲੇ ਦੇ ਨਾਲ ਸੁਰਤ ਨ ਹੋਵੇ, ਉਸ ਕਾਰਜ ਵਿੱਚ ਸਫਲਤਾ ਪ੍ਰਾਪਤ ਨਹੀਂ ਹੋ ਸਕਦੀ। ਜੇ ਵਸੀਲੇ (ਸਰੀਰ) ਦੇ ਨਾਲ ਸੁਰਤ ਸੰਸਾਰੀ ਕਾਰਾਂ ਵਿਹਾਰਾਂ ਵਿੱਚ ਖਚਤ ਹੋ ਗਈ, ਫਿਰ ਨਿਰੰਕਾਰ ਪ੍ਰਭੂ ਦਾ ਸਿਮਰਨ ਕਰਕੇ ਉਸ ਮਾਲਕ ਨਾਲ ਕਿਵੇਂ ਜੁੜੇਗੀ ? ਇੱਕੋ ਸਮੇਂ ਸੁਰਤ ਦੋ ਕਰਮ ਕਿਵੇਂ ਕਰੇਗੀ ? ਬਾਬਾ ਨਾਮਦੇਵ ਜੀ ਨੇ ਰਾਮਕਲੀ ਰਾਗ ਵਿੱਚ ਜਗਿਆਸੂਆਂ ਨੂੰ ਅਗਵਾਈ ਦਿੱਤੀ ਹੈ ਕਿ ਜਿਸ ਤਰ੍ਹਾਂ ਬੱਚੇ ਬਜ਼ਾਰ ਵਿੱਚੋਂ ਕਾਗਜ ਲਿਆ ਕੇ ਉਸਦੀ ਪਤੰਗ ਬਣਾਉਂਦੇ ਹਨ ਤੇ ਇੱਕਠੇ ਹੋ ਕੇ ਅਸਮਾਨ ਵਿੱਚ ਗੁੱਡੀਆਂ ਉਡਾਉਂਦੇ ਹਨ। ਗੁੱਡੀ ਉਡਾਣ ਵਾਲਾ ਲੜਕਾ ਆਪਣੇ ਸਾਥੀਆਂ ਨਾਲ ਵੀ ਗੱਲਾਂ-ਬਾਤਾਂ ਕਰਦਾ ਹੈ ਤੇ ਅਕਾਸ਼ ਵਿੱਚ ਪਤੰਗ ਵੀ ਉਡਾਉਂਦਾ ਹੈ। ਜੇ ਉਸ ਦੀ ਸੁਰਤ ਗੱਲਾਂ ਵਿੱਚ ਨਾ ਹੋਵੇ ਉਹ ਸਾਥੀਆਂ ਦੀਆਂ ਗੱਲਾਂ ਸੁਣ ਕੇ ਉਸ ਦਾ ਸਹੀ ਉੱਤਰ ਨਹੀਂ ਦੇ ਸਕਦਾ। ਜੇ ਉਸ ਦਾ ਧਿਆਨ ਪਤੰਗ ਵਿੱਚ ਨਾ ਹੋਵੇ, ਉਹ ਪਤੰਗ ਨਹੀਂ ਉਡਾ ਸਕਦਾ, ਉਸਦੀ ਪਤੰਗ ਹੇਠਾਂ ਡਿੱਗ ਸਕਦੀ ਹੈ, ਪਰ ਇਕੋ ਸਮੇਂ ਬੱਚੇ ਦੋਵੇਂ ਕੰਮ ਕਰੀ ਜਾਂਦੇ ਹਨ।

ਮਨ ਨੂੰ ਹਰ ਸਮੇਂ ਪ੍ਰਮੇਸ਼ਰ ਦੇ ਨਾਮ ਨਾਲ ਜੋੜੀ ਰੱਖੋ, ਜਿਸ ਤਰ੍ਹਾਂ ਸੁਨਿਆਰਾ ਆਏ ਗਾਹਕਾਂ ਨਾਲ ਲੈਣ ਦੇਣ ਦੀਆਂ ਗੱਲਾਂ ਵੀ ਕਰਦਾ ਹੈ, ਮੁੱਲ ਵੀ ਤੈਅ ਕਰਦਾ ਹੈ, ਪਰ ਅਸਲੀ ਧਿਆਨ ਉਸਦਾ ਕੁਠਾਲੀ ਵਿੱਚ ਪਏ ਸੋਨੇ ਵਿੱਚ ਹੁੰਦਾ ਹੈ।

ਬਾਬਾ ਨਾਮਦੇਵ ਜੀ ਨੇ ਹੋਰ ਦ੍ਰਿਸਟਾਂਤ ਦਿੱਤਾ ਹੈ ਕਿ ਜਿਸ ਤਰ੍ਹਾਂ ਜੁਆਨ ਲੜਕੀਆਂ ਸਿਰਾਂ ਤੇ ਘੜੇ ਰੱਖ ਕੇ ਸ਼ਹਿਰ ਤੋਂ ਦੂਰ ਖੂਹਾਂ ਵਿੱਚੋਂ ਪਾਣੀ ਲਿਆਉਣ ਲਈ ਜਾਂਦੀਆਂ ਹਨ। ਆਪੋ ਆਪਣੇ ਘੜੇ ਸਿਰਾਂ ਤੇ ਰੱਖ ਕੇ ਵਾਪਸ ਮੁੜਦੀਆਂ ਹਨ। ਆਉਂਦੀਆਂ ਜਾਂਦੀਆਂ, ਹਾਸੇ ਮਖੌਲ ਦੀਆਂ ਗੱਲਾਂ ਵੀ ਕਰਦੀਆਂ ਹਨ ਤੇ ਧਿਆਨ ਆਪੋ ਆਪਣੇ ਘੜਿਆਂ ਵਿੱਚ ਵੀ ਰੱਖਦੀਆਂ ਹਨ। ਜੇ ਉਹਨਾਂ ਦਾ ਧਿਆਨ, ਘੜੇ ਵਿੱਚ ਨ ਹੋਵੇ ਸਿਰ ਤੋਂ ਘੜੇ ਡਿੱਗ ਸਕਦੇ ਹਨ। ਜੇ ਉਹਨਾਂ ਦਾ ਧਿਆਨ ਗੱਲਾਂ ਵਿੱਚ ਨਾ ਹੋਵੇ ਉਹ ਇੱਕ ਦੂਜੇ ਦੀ ਗੱਲ ਸੁਣਕੇ ਸਹੀ ਉੱਤਰ ਨਹੀਂ ਦੇ ਸਕਦੀਆਂ।

ਹੋਰ ਸੁਣੋ ਜਿਸ ਤਰ੍ਹਾਂ ਗਊਆਂ ਦਾ ਮਾਲਕ ਆਪਣੇ ਘਰ ਵਿੱਚੋਂ ਗਊਆਂ ਨੂੰ ਚਾਰਨ ਵਾਸਤੇ ਚਾਰ-ਪੰਜ ਕੋਹਾਂ ਤੇ ਲੈ ਜਾਂਦਾ ਹੈ, ਉੱਥੇ ਗਊਆਂ ਚੱਰ ਕੇ ਆਪਣਾ ਪੇਟ ਵੀ ਭਰਦੀਆਂ ਹਨ, ਪਰ ਉਹਨਾਂ ਗਊਆਂ ਦਾ ਧਿਆਨ ਆਪਣੇ ਵੱਛਿਆਂ ਵਿੱਚ ਵੀ ਹੁੰਦਾ ਹੈ।

ਜਿਵੇਂ ਘਰ ਦੇ ਵਿੱਚ ਮਾਤਾ ਆਪਣੇ ਬੱਚੇ ਨੂੰ ਪੰਘੂੜੇ ਵਿੱਚ ਪਾ ਕੇ, ਆਪ ਘਰ ਦਾ ਕਾਰ ਵਿਹਾਰ ਕਰਨ ਲੱਗ ਜਾਂਦੀ ਹੈ। ਉਸ ਦਾ ਬੱਚਾ ਥੋੜਾ ਜਿਨਾ ਵੀ ਰੋਵੇ ਮਾਤਾ ਝੱਟ ਉਸ ਪਾਸ ਪੁੱਜ ਕੇ ਉਸ ਦੀ ਲੋੜ ਪੂਰੀ ਕਰਦੀ ਹੈ। ਇੱਕ ਧਿਆਨ ਨਾਲ ਘਰ ਦਾ ਕਾਰ ਵਿਹਾਰ ਕਰਦੀ ਹੈ, ਦੂਸਰਾ ਧਿਆਨ ਬੱਚੇ ਵੱਲ ਰੱਖਦੀ ਹੈ। ਇਸੇ ਤਰ੍ਹਾਂ ਹੇ ਮੇਰੇ ਮਨ, ਤੂੰ ਵੀ ਇੱਕ ਧਿਆਨ ਨਾਲ ਸੰਸਾਰ ਦੀਆਂ ਜ਼ਿੰਮੇਵਾਰੀਆਂ ਪੂਰੀਆਂ ਕਰ, ਕਾਰ ਵਿਹਾਰ ਕਰ ਤੇ ਦੂਸਰੇ ਧਿਆਨ ਨਾਲ :—

ਊਠਤ ਬੈਠਤ ਸੋਵਤ ਧਿਆਈਐ॥ ਮਾਰਗਿ ਚਲਤ ਹਰੇ ਹਰਿ ਗਾਈਐ॥

ਆਸਾ ਮ: ੫, (ਪੰਨਾ : ੩੮੬)

ਦੀ ਕਾਰ ਕਰ। ਜੇ ਅਗਵਾਈ ਦੀ ਲੋੜ ਹੈ ਬਾਬਾ ਨਾਮਦੇਵ ਜੀ ਪਾਸੋਂ ਪ੍ਰਾਪਤ ਕਰ, ਜਿਹਨਾਂ ਨੇ ਆਪ ਖੁਦ ਇਸ ਵਿਧੀ ਨੂੰ ਆਪਣੇ ਜੀਵਨ ਵਿੱਚ ਅਪਨਾਇਆ ਸੀ। ਤਦ ਹੀ ਤ੍ਰਿਲੋਚਨ ਜੀ ਨੂੰ ਨਿਸੰਗ ਕਹਿ ਦਿੱਤਾ ਸੀ :—

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ ੨੧੩॥

ਮ: ੫ (ਪੰਨਾ : ੧੩੭੬)

ਕਿਵੇਂ ਸਿਮਰਨਾ ਹੈ ਬਾਬਾ ਨਾਮਦੇਵ ਜੀ ਅਗਵਾਈ ਕਰ ਰਹੇ ਹਨ।

ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ॥
ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ॥ ੧॥
ਮਨੁ ਰਾਮ ਨਾਮਾ ਬੇਧੀਅਲੇ॥ ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ॥ ਰਹਾਉ॥
ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ॥
ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ॥ ੨॥
ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ॥
ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ॥ ੩॥
ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ॥
ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ॥ ੪॥

ਰਾਮਕਲੀ ਬਾਣੀ ਨਾਮਦੇਉ ਜੀ ਕੀ (ਪੰਨਾ : ੯੭੨)

ਕੈਸਾ ਹੈ, ਗੁਰਬਾਣੀ ਗੁਰੂ ਦਾ ਉਪਦੇਸ਼ ਜੋ, ਸੰਸਾਰ ਵਿੱਚ ਰਹਿੰਦਿਆ, ਆਪਣੇ

ਨਿਰੰਕਾਰ ਨਾਲ ਜੁੜਨ ਦੀ ਸੁਖੈਨ ਜਾਚ ਦੱਸਦਾ ਹੈ। ਲੋੜ ਹੈ ਗੁਰੂ ਉਪਦੇਸ਼ ਦੇ ਧਾਰਨੀ ਬਣਨ ਦੀ, ਗੁਰੂ ਹੁਕਮ ਹੈ :—

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ ੨ ॥

ਮ: ੫ (ਪੰਨਾ : ੫੨੨)

ਦੀਆਂ ਦਾਤਾਂ ਗੁਰੂ ਅਗਵਾਈ ਵਿੱਚ ਸਤਿ, ਸੰਤੋਖ, ਸ਼ੁਭ ਵੀਚਾਰ ਅਤੇ ਅੰਮ੍ਰਿਤ ਨਾਮ ਦੇ ਧਾਰਣੀ ਬਣ ਕੇ ਅਤੇ ਨਫਰਤ (ਵਿਤਕਰਾ) ਹਉਮੈਂ, ਕ੍ਰਿਤ ਦੀ ਉਪਾਸਨਾ ਅਤੇ ਐਸ਼ ਤੇ ਤੈਸ਼ ਦੇ ਤਿਆਗੀ ਬਣ ਕੇ ਹੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

✲ ✲ ✲

ਸਬਦੁ ਗੁਰ ਪੀਰਾ

— ਸੇਵਾ ਸਿੰਘ (ਸੰਤ)

ਗੁਰਦੁਆਰਾ ਰਾਮਪੁਰ ਖੇੜਾ
ਡਾਕ. ਗੜ੍ਹਦੀਵਾਲਾ, ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ)
ਪਿੰਨ ਕੋਡ-144207
ਫੋਨ : 01886-260334